ਡਾ. ਪਰਮਜੀਤ ਢੀਂਗਰਾ

ਕਿਤਾਬ ਜੋ ਅਜੇ ਬਾਕੀ ਹੈ

ਕਿਤਾਬ ਜੋ ਅਜੇ ਬਾਕੀ ਹੈ

ਡਾਇਰੀ

ਪਰਮਜੀਤ ਢੀਂਗਰਾ

ਲੇਖਕ ਦੀਆਂ ਹੋਰ ਰਚਨਾਵਾਂ

ਇਸ਼ਕ ਦਾ ਰਾਹ ਅਵੱਲੜਾ (2023)

ਸ਼ਬਦੋ ਵਣਜਾਰਿਓ (2023)

ਗ਼ੁਲਾਮੀ ਦੀ ਦਾਸਤਾਨ 2022)

ਚੁੱਪ ਮਹਾਂਭਾਰਤ (2018)

ਸਾਹਿਤਕੀ (2013)

ਭਾਸ਼ਕੀ (2013)

ਗੀਤਾਂ ਦਾ ਵਣਜਾਰਾ (2011)

ਭਾਸ਼ਾ ਪ੍ਰਬੰਧ ਤੇ ਵਿਹਾਰ (2010)

ਭਾਸ਼ਾ : ਸਿਧਾਂਤ ਤੇ ਸਰੋਕਾਰ (2006)

ਨਾਵਲੀ ਭਾਸ਼ਾ : ਸੰਚਾਰ ਤੇ ਵਿਹਾਰ (2006)

ਭਾਸ਼ਾ-ਇਤਿਹਾਸ ਤੋਂ ਵਰਤਮਾਨ ਤੱਕ (ਪ੍ਰੈੱਸ ਵਿਚ)

ਤਨਖ਼ਾਹੀਏ : ਸੰਵਾਦ ਤੇ ਸਮੀਖਿਆ (2023)

ਪਾਸ਼ ਕਾਵਿ : ਪਾਠ ਤੇ ਪ੍ਰਵਚਨ (1007)

ਪਰਸਾ : ਚਿੰਤਨ ਤੇ ਚੇਤਨਾ (2005)

ਅਨੁਵਾਦ

ਕਰਮਯੋਗੀ – ਕੇ.ਐੱਲ. ਕਮਲ (2005)

1857 ਦਾ ਗ਼ਦਰ ਤੇ ਸਿੱਖ (ਸ਼ਮਸੁਲ ਇਸਲਾਮ 2011)

ਗ਼ਦਰ ਦਾ ਦਲਾਲ ਮੁਨਸ਼ੀ ਜੀਵਨ ਲਾਲ (2011)

1857 ਦੀਆਂ ਹੈਰਤ ਅੰਗੇਜ਼ ਦਾਸਤਾਨਾਂ (2023)

ਲਵਰਜ਼ ਕਾਟੇਜ – ਮੋ ਯਾਨ (2022)

ਤਰਨਤਾਰਨ : ਇਤਿਹਾਸਕ ਤੇ ਸਾਹਿਤਕ ਸਰਵੇਖਣ (1980)

ਇਸ਼ਕ ਦਾ ਜੋਗੀ (ਪ੍ਰੈੱਸ ਵਿਚ)

ਅੰਬਰ ਚਾਨਣੇ (ਪ੍ਰੈੱਸ ਵਿਚ)

ਅੰਬਰਾਂ ਦੇ ਚੰਨ ਸੂਰਜ (ਪ੍ਰੈੱਸ ਵਿਚ)

KITAB JO AJE ADHOORI HAI (Diary)

By Parmjit dhingra

Published By

RETHINK BOOKS

Vill. Fatehgarh Chhanna

P.O. Deh-Kalan

Teh./Distt. Sangrur-148034

Email: rethinkbooks24@gmail.com

Sub-Office: 28A, Nilothi Ext.,

Vikaspuri Ext., Chandar Vihar,

New Delhi-110041

© Publisher

YEAR: 2024

ISBN: 978-93-94737-

Printed in India

ਇਸ ਕਿਤਾਬ ਦੇ ਸਾਰੇ ਹੱਕ ਰਾਖਵੇਂ ਹਨ. ਇਸ ਲਈ ਇਸ ਨੂੰ ਬ਼ਗ਼ੈਰ ਪ੍ਰਕਾਸ਼ਕ ਦੀ ਲਿਖ਼ਤੀ ਆਗਿਆ ਦੇ ਕਿਸੇ ਵੀ ਤਰੀਕੇ ਨਾਲ (ਫੋਟੋਕਾਪੀ ਜਾਂ ਪੀ.ਡੀ.ਐਫ ਬਣਾਉਣਾ, ਆਦਿ) ਆਪਣੇ ਕੋਲ ਸੰਭਾਲ ਕੇ ਰੱਖਣ ਵਾਲੇ ਵਿਅਕਤੀ ਖ਼ਿਲਾਫ਼ ਬਾਕਾਇਦਾ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ.

ਸਮਰਪਣ

ਦੋਸਤੀ ਦੀ ਮਹਿਕ, ਜੋਬਨ ਰੁੱਤੇ ਵਿਛੜ ਗਈ

ਸ਼ਾਲਾਨਾਜ਼ਮਾਰਾ, ਸ਼ਹਿਰੂਦ (ਇਰਾਨ) ਲਈ

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥

ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥

ਭੂਮਿਕਾ

ਅਣ-ਲਿਖਿਆ ਵਰਕਾ

ਕੋਵਿਡ ਮਹਾਮਾਰੀ ਦੌਰਾਨ ਡਰ, ਖ਼ੌਫ਼ ਤੇ ਦਹਿਸ਼ਤ-ਭਰੀ ਹਵਾ ਵਿਚ ਸਾਹ ਲੈਣ ਦੀ ਮਜਬੂਰੀ ਸੀ। ਦੂਜੇ ਪਾਸੇ ਜ਼ਿੰਦਗੀ ਵਿਚ ਆਸ ਦਾ ਪੱਲਾ ਘੁੱਟ ਕੇ ਫੜਨ ਤੇ ਉਜਲੇ ਭਵਿੱਖ ਲਈ ਸੋਚਣ ਦੀ ਸਾਰੀ ਤਾਕਤ ਨੂੰ ਸਕਾਰਾਤਮਿਕ ਰੂਪ ਵਿਚ ਸੰਭਾਲਣ ਲਈ ਪੂਰਾ ਜ਼ੋਰ ਲਾਉਣਾ ਪੈ ਰਿਹਾ ਸੀ। ਦਮ-ਘੋਟੂ ਵਾਤਾਵਰਨ ਵਿਚ ਪਲ ਦਾ ਵਿਸਾਹ ਨਹੀਂ ਸੀ ਰਿਹਾ। ਜ਼ਿੰਦਗੀ ਦੀ ਤੋਰ ਆਪਣੇ ਧੁਰੇ ਤੋਂ ਲਹਿ ਕੇ ਹਨੇਰੀ ਸੁਰੰਗ ਵੱਲ ਵਧਦੀ ਜਾ ਰਹੀ ਸੀ। ਥਾਲ਼ੀਆਂ, ਚਮਚਿਆਂ ਤੇ ਕੜਛੀਆਂ ਦੀ ਕੜਛਾਗਿਰੀ ਦਾ ਅਲਾਪ ਤੇ ਜ਼ਿੰਦਗੀ ਵਾਂਗ ਖੁਰਦੀਆਂ ਜਾ ਰਹੀਆਂ ਮੋਮਬੱਤੀਆਂ ਦਾ ਜ਼ਹਿਰੀਲਾ ਚਾਨਣ ਵੰਗਾਰ ਬਣਦਾ ਜਾ ਰਿਹਾ ਸੀ। ਲੋਕਾਂ ਨੂੰ ਮੂਰਖ ਬਣਾਉਣ ਤੇ

ਚਵਲ਼ਪੁਣਾ ਖਿਲਾਰਨ ਲਈ ਇਕ ਅਜਿਹੇ ਨੈਰੇਟਿਵ ਦੀ ਲੋੜ ਸੀ ਜੋ ਲੋਕਾਂ ਦੀਆਂ ਮੌਤਾਂ ਨੂੰ ਇਕ ਜਸ਼ਨ ਵਾਂਗ ਮਨਾ ਸਕੇ ਤੇ ਅਸਲ ਸੱਚ ਨੂੰ ਬਣਾਉਟੀ ਯਥਾਰਥ ਨਾਲ ਕੱਜ ਸਕੇ। ਇਸ ਸਾਰੇ ਕੁਝ ਨੇ ਭਾਵੇਂ ਨਿਕਟ ਵਿਚ ਇਤਿਹਾਸ ਬਣ ਜਾਣਾ ਸੀ ਪਰ ਇਸ ਨੂੰ ਵਕਤੀ ਤੌਰ ਉੱਤੇ ਇਸ ਰੂਪ ਵਿਚ ਕੈਸ਼ ਕਰਾਉਣ ਨਾਲ ਯੁੱਗ ਪੁਰਸ਼ ਬਣਨਾ ਆਸਾਨ ਸੀ। ਭਾਰਤੀ ਸਮਾਜ, ਸਭਿਆਚਾਰ, ਰਾਜਨੀਤੀ ਤੇ ਅਰਥਚਾਰੇ ਵਿਚ ਇਸ ਦੌਰ ਦੀਆਂ ਲੁਕੀਆਂ ਪਰਤਾਂ ਸ਼ਾਇਦ ਕਦੇ ਭਵਿੱਖ ਵਿਚ ਖੁੱਲ੍ਹ ਸਕਣ। ਤਦ ਤੱਕ ਪਾਣੀ ਪੁਲਾਂ ਹੇਠੋਂ ਲੰਘ ਗਿਆ ਹੋਵੇਗਾ ਤੇ ਇਸ ਦੌਰ ਨੂੰ ਗਲੋਰੀਫਾਈ ਰੂਪ ਵਿਚ ਗ੍ਰਹਿਣ ਕਰਨ ਲਈ ਹੋ ਸਕਦੈ ਫੇਰ ਕੋਈ ਨਵਾਂ ਨੈਰੇਟਿਵ ਸਿਰਜਿਆ ਜਾਵੇ।

ਕੋਵਿਡ ਦੇ ਦਿਨਾਂ ਵਿਚ ਪੜ੍ਹਨ ਲਿਖਣ ਤੇ ਖ਼ੌਫ਼ ਹੰਢਾਉਣ ਤੋਂ ਸਿਵਾ ਹੋਰ ਕੋਈ ਕੰਮ ਨਹੀਂ ਸੀ। ਹਰ ਰੋਜ਼ ਮਾੜੀਆਂ ਖ਼ਬਰਾਂ ਆ

ਰਹੀਆਂ ਸਨ ਤੇ ਲਗਦਾ ਸੀ ਜਿਵੇਂ ਦੁਨੀਆ ਤਿਲਕ ਕੇ ਕਿਆਮਤ ਦੇ ਕੰਢੇ ਪਹੁੰਚ ਗਈ ਹੈ। ਨਕਾਰਾਤਮਿਕਤਾ ਨਾਲ ਆਲਾ ਦੁਆਲਾ ਬੇ- ਵਿਸਾਹੀ ਨਾਲ ਭਰਦਾ ਜਾ ਰਿਹਾ ਸੀ। ਕਈ ਮਿੱਤਰ ਪਿਆਰੇ ਤੇ ਨੇੜਲੇ ਇਸ ਕੋਵਿਡ ਦਾ ਖਾਜਾ ਬਣ ਗਏ ਸਨ। ਘੋਰ ਉਦਾਸੀ ਵਿਚ ਨਾ ਕੁਝ ਕਰਨ ਨੂੰ ਦਿਲ ਕਰਦਾ ਸੀ ਨਾ ਕੋਈ ਸ਼ੈ ਚੰਗੀ ਲੱਗਦੀ ਸੀ। ਸਾਰਾ ਕੁਝ ਸਿਰੇ ਤੋਂ ਬੇਕਾਰ ਲੱਗ ਰਿਹਾ ਸੀ। ਪੈਸਾ, ਧੰਨ, ਦੌਲਤ, ਕੋਠੇ, ਮੰਡਪ, ਮਾੜੀਆਂ ਸਭ ਅਰਥਹੀਣ ਹੋ ਗਏ ਸਨ। ਹਸਪਤਾਲ ਮਰੀਜ਼ਾਂ ਨਾਲ ਭਰੇ ਪਏ ਸਨ। ਦਵਾਈਆਂ, ਆਕਸੀਜਨ, ਡਾਕਟਰ ਪੈਸੇ ਨਾਲ ਵੀ ਨਹੀਂ ਸਨ ਲੱਭ ਰਹੇ ।ਲੋਕ ਧੜਾਧੜ ਚੂਹਿਆਂ ਵਾਂਗ ਮਰ ਰਹੇ ਸਨ।

ਤੰਤਰ ਛੁਣਛੁਣੇ ਵਜਾ ਕੇ ਲੋਕਾਂ ਨੂੰ ਜਸ਼ਨ ਮਨਾਉਣ ਲਈ ਹੁਕਮ ਚਾੜ੍ਹ ਰਿਹਾ ਸੀ। ਜੋਤਸ਼ੀ ਬੇਹੂਦਾ ਭਵਿਖ ਬਾਣੀਆਂ ਕਰ ਕਰ ਕੇ ਲੋਕਾਂ ਨੂੰ ਡਰਾ ਰਹੇ ਸਨ। ਮਰਿਆਂ ਨੂੰ ਉਨ੍ਹਾਂ ਦੇ ਸਕੇ ਤਿਆਗ

ਰਹੇ ਸਨ। ਅੰਤਿਮ ਸੰਸਕਾਰ ਲਈ ਥਾਵਾਂ ਨਹੀਂ ਸਨ ਲੱਭ ਰਹੀਆਂ। ਰਾਗ ਰਤਨ ਇਕ ਉੱਘੇ ਰਾਗੀ ਦੀ ਦੇਹ ਨਾਲ ਜੋ ਕੁਝ ਕੀਤਾ ਗਿਆ ਉਹ ਮਨੁੱਖਤਾ ਲਈ ਸ਼ਰਮਨਾਕ ਸੀ। ਦਰਿਆਵਾਂ ਵਿਚ ਲਾਵਾਰਸ ਲਾਸ਼ਾਂ ਰੋੜ੍ਹ ਰੋੜ੍ਹ ਕੇ ਉਨ੍ਹਾਂ ਦੀ ਬੇਹੁਰਮਤੀ ਕੀਤੀ ਜਾ ਰਹੀ ਸੀ। ਪੂਰੀ ਦੁਨੀਆ ਉਸ ਸਮੇਂ ਨਰਕ ਬਣੀ ਹੋਈ ਸੀ। ਸਰਮਾਏਦਾਰ ਗਿਰਝਾਂ ਵਾਂਗ ਇਸ ਸੰਕਟ ਨੂੰ ਮੁਨਾਫ਼ੇ ਵਿਚ ਢਾਲਣ ਲਈ ਤਰਲੋਮੱਛੀ ਹੋ ਰਹੇ ਸਨ।

ਲੋਕ ਰੱਬ ਨੂੰ ਲੱਭ ਰਹੇ ਸਨ, ਨਵੇਂ ਨਵੇਂ ਈਸ਼ਵਰੀ ਨੈਰੇਟਿਵ ਸਿਰਜ ਰਹੇ ਸਨ। ਡੇਰੇਦਾਰ, ਪਖੰਡੀ ਬਾਬੇ, ਸਾਧੂ, ਸੰਨਿਆਸੀ, ਯੋਗੀ ਸਭ ਕਿਸੇ ਨਾ ਕਿਸੇ ਰੂਪ ਵਿਚ ਪੀੜਤ ਲੋਕਾਈ ਨੂੰ ਠੱਗਣ ਦੇ ਆਹਰ ਵਿਚ ਸਨ। ਸਾਰਾ ਮਾਹੌਲ ਬੇਆਸ ਸੀ। ਆਸ ਦੀ ਝੂਠੀ ਸੱਚੀ ਕੋਈ ਵੀ ਕਿਰਨ ਕਿਧਰੇ ਨਜ਼ਰ ਆਉਂਦੀ ਤਾਂ ਲੋਕ ਉਸ ਵੱਲ ਲਲਚਾਈਆਂ ਨਜ਼ਰਾਂ ਨਾਲ ਦੇਖਣ ਲਗਦੇ। ਸੋਸ਼ਲ ਮੀਡੀਆ

ਟੋਟਕਿਆਂ, ਕਾੜ੍ਹਿਆਂ, ਦੇਸੀ ਨੁਸਖ਼ਿਆਂ ਤੇ ਘਰੇਲੂ ਇਲਾਜਾਂ ਨਾਲ ਨੱਕੋਂ ਨੱਕ ਭਰ ਗਿਆ। ਜਿਸ 'ਤੇ ਅੱਜ ਵਿਸ਼ਵਾਸ ਕਰਦੇ ਭਲਕੇ ਉਹ ਆਊਟ ਡੇਟਡ ਹੋ ਜਾਂਦਾ। ਜਿਹੜੇ ਕੋਵਿਡ ਤੋਂ ਬਚ ਜਾਂਦੇ, ਉਹ ਆਪਣੇ ਅਨੁਭਵ ਨਾਲ ਲੋਕਾਂ ਨੂੰ ਨਵੇਂ ਵਹਾ ਵਿਚ ਵਹਾ ਕੇ ਲੈ ਜਾਂਦੇ। ਕਹਿਣ ਦਾ ਭਾਵ ਹੈ ਕਿ ਜਿੰਨੇ ਮੂੰਹ ਓਨੀਆਂ ਗੱਲਾਂ, ਸਗੋਂ ਕਹਿਣਾ ਤਾਂ ਇਹ ਚਾਹੀਦਾ ਹੈ ਕਿ ਜਿੰਨੇ ਮੂੰਹ ਅਨੇਕ ਬਾਤਾਂ।

ਅਜਿਹੇ ਸੰਕਟ ਪਹਿਲਾਂ ਵੀ ਆਏ ਹਨ ਪਰ ਉਨ੍ਹਾਂ ਵੇਲਿਆਂ ਵਿਚ ਮਨੁੱਖਤਾ ਮਰੀ ਨਹੀਂ ਸੀ। ਮਨੁੱਖਾਂ ਨੇ ਇਕੱਠਿਆਂ ਹੋ ਕੇ ਆਫ਼ਤਾਂ ਝੱਲੀਆਂ ਵੀ ਸਨ ਤੇ ਉਨ੍ਹਾਂ ਨੂੰ ਮਾਤ ਵੀ ਦਿੱਤੀ ਸੀ। ਇਸ ਵਾਰ ਜਿਵੇਂ ਮਨੁੱਖ ਦਾ ਖ਼ੂਨ ਸਫ਼ੈਦ ਹੋਇਆ ਉਸ ਨੇ ਬਹੁਤ ਸਾਰੇ ਪ੍ਰਸ਼ਨ ਚਿੰਨ੍ਹ ਲਾ ਦਿੱਤੇ। ਉਤਰ-ਕੋਵਿਡ ਵਿਚ ਸੰਕਟ ਹੋਰ ਗਹਿਰੇ ਹੋ ਰਹੇ ਨੇ, ਸਥਿਤੀਆਂ ਹੋਰ ਵਿਕਟ ਰੂਪ ਧਾਰਨ ਕਰ ਰਹੀਆਂ ਹਨ, ਪਰ ਆਸ ਅਜੇ ਮਰੀ ਨਹੀਂ। ਵਸਤਾਂ, ਵਰਤਾਰਿਆਂ, ਵਿਚਾਰਾਂ ਨੂੰ

ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰਨ ਦੇ ਉਪਰਾਲੇ ਹੋ ਰਹੇ ਹਨ। ਨਵੇਂ ਧਰੁਵੀਕਰਨ ਵਿਸ਼ਵ ਰਾਜਨੀਤੀ ਨੂੰ ਮੁੜ ਤਾਨਾਸ਼ਾਹੀ ਵੱਲ ਮੋੜਾ ਦੇ ਰਹੇ ਹਨ। ਅਜਿਹੀਆਂ ਸਥਿਤੀਆਂ ਵਿਚ ਜੇ ਕੋਈ ਆਸ ਬਚਦੀ ਹੈ ਤਾਂ ਉਹ ਸ਼ਬਦ ਹੈ। ਇਸ ਤੋਂ ਬਿਨਾ ਮਨੁੱਖ ਦੀ ਗਤੀ ਨਹੀਂ ਹੋ ਸਕਦੀ।

ਏਸੇ ਕਰਕੇ ਕੋਵਿਡ ਮਹਾਮਾਰੀ ਵਿਚ ਕਿਤਾਬਾਂ, ਵਿਚਾਰਾਂ ਤੇ ਸ਼ਬਦ ਨੂੰ ਢਾਲ ਬਣਾ ਕੇ ਉਦਾਸ ਫ਼ਿਜ਼ਾ ਵਿਚ ਰੰਗ ਭਰਨ ਦੀ ਕੋਸ਼ਿਸ਼ ਕੀਤੀ ਜੋ ਇਸ ਡਾਇਰੀ ਦੇ ਰੂਪ ਵਿਚ ਸਾਕਾਰ ਹੋਈ। ਹਰ ਜ਼ੁੰਮੇ ਰਾਤ ਡਾਇਰੀ ਦਾ ਇਕ ਪੰਨਾ ਉਲੀਕ ਕੇ ਫੇਸਬੁਕ 'ਤੇ ਪੋਸਟ ਕਰ ਦੇਂਦਾ ਸਾਂ। ਬਹੁਤ ਸਾਰੇ ਦੋਸਤਾਂ, ਲੇਖਕਾਂ, ਜਾਣਕਾਰਾਂ, ਪਾਠਕਾਂ ਨੇ ਇਸ ਨੂੰ ਸਲਾਹਿਆ ਤੇ ਇਸ ਨੂੰ ਜਾਰੀ ਰੱਖਣ ਲਈ ਕਿਹਾ। ਕਈ ਬੜੀਆਂ ਸਾਰਥਕ ਤੇ ਯੂਨੀਕ ਟਿੱਪਣੀਆਂ ਨੇ ਹੌਸਲਾ ਵਧਾਇਆ ਤੇ ਲਗਾਤਾਰ ਸਫ਼ਰ ਕਰਦਿਆਂ ਇਹ 108 ਤੱਕ ਜਾ

ਪਹੁੰਚਿਆ। ਇਸ ਲਈ ਲਗਾਤਾਰ ਕਿਤਾਬਾਂ, ਵਿਚਾਰਾਂ, ਲੇਖਕਾਂ, ਸਮਕਾਲੀ ਸਰੋਕਾਰਾਂ, ਚਿੰਤਨ ਨੂੰ ਆਪਣੀ ਸੋਚ ਦਾ ਹਿੱਸਾ ਬਣਾਇਆ।

ਹੁਣ ਸੋਚਿਆ ਇਸ ਨੂੰ ਵਧੀਆ ਤਰੀਕੇ ਨਾਲ ਪਾਠਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ ਜਾਵੇ। ਬਹੁਤ ਸਾਰੇ ਦੋਸਤਾਂ, ਮਿੱਤਰਾਂ ਦੀ ਰਾਏ ਸੀ ਕਿ ਇਹ ਵਧੀਆ ਤਰੀਕੇ ਨਾਲ ਛਪਣੀ ਚਾਹੀਦੀ ਹੈ। ਇਸ ਲਈ ਸਬੱਬ ਬਣ ਗਿਆ। ਮੇਰੇ ਅਜ਼ੀਜ਼ ਡਾਕਟਰ ਪਰਮਿੰਦਰ ਸਿੰਘ ਸ਼ੌਂਕੀ ਨੇ ਇਸ ਨੂੰ ਡਾਇਰੀ ਰੂਪ ਵਿਚ ਛਾਪਣ ਦਾ ਜ਼ਿੰਮਾ ਲੈ ਲਿਆ। ਮੈਂ ਸੁਰਖ਼ਰੂ ਹੋ ਗਿਆ। ਸ਼ੌਂਕੀ ਦਾ ਧੰਨਵਾਦ ਕਰਨ ਲਈ ਸ਼ਬਦ ਥੋੜ੍ਹੇ ਹਨ, ਕਿਉਂਕਿ ਉਹਨੇ ਹੁਣ ਤੱਕ ਜਿੰਨੀਆਂ ਵੀ ਕਿਤਾਬਾਂ ਛਾਪੀਆਂ ਹਨ ਉਹ ਵਿਸ਼ੇ ਤੇ ਦਿੱਖ ਪੱਖੋਂ ਲਾਜਵਾਬ ਹਨ। ਉਹ ਵੱਡੇ-ਵੱਡੇ ਪਬਲਿਸ਼ਿੰਗ ਹਾਊਸ ਦਾ ਮੁਕਾਬਲਾ ਕਰਦੀਆਂ ਹਨ।

ਇਸ ਨੂੰ ਟਾਈਪ ਕਰਨ ਤੇ ਤਰਤੀਬ ਦੇਣ ਲਈ ਖੇਮ ਸਿੰਘ ਦਾ ਵੀ ਸ਼ੁਕਰੀਆ। ਇਹ ਕਿਤਾਬ ਹੁਣ ਪਾਠਕਾਂ ਦੀ ਕਚਹਿਰੀ ਵਿਚ ਹੈ, ਇਹ ਹੁਣ ਉਨ੍ਹਾਂ ਦੀ ਹੈ।ਆਮੀਨ!

ਪਰਮਜੀਤ ਢੀਂਗਰਾ

ਵੈਸਾਖ ਰੁੱਤ

1

ਪੁਰਸ਼ ਬੋਲਦਾ ਹੈ ਔਰਤ ਸੁਣਦੀ ਹੈ – ਐਟਵੁੱਡ

ਔਰਤ ਕੁਦਰਤ ਦੀ ਅਦਭੁਤ ਸ਼ਾਹਕਾਰ ਰਚਨਾ ਹੈ। ਕੋਈ ਸਮਾਂ ਸੀ ਜਦੋਂ ਉਹਦੀ ਸਰਦਾਰੀ ਚੱਲਦੀ ਸੀ, ਪਰ ਪਿਤਰੀ ਸੱਤਾ ਨੇ ਮੌਕਾ ਮਿਲਦਿਆਂ ਉਹਨੂੰ ਦੇਵੀ ਵਿਚ ਪ੍ਰਗਟ ਕਰਕੇ ਕੁਲ ਆਲਮ ਨੂੰ ਉਹਦਾ ਪੂਜਕ ਬਣਾ ਕੇ ਸੱਤਾ ਤੇ ਪਛਾਣ ਨੂੰ ਆਪਣੇ ਕੰਟਰੋਲ ਵਿਚ ਕਰ ਲਿਆ। ਉਹਦੇ ਜਿਸਮ ਦੀ ਜੈਵਿਕਤਾ ਨੂੰ ਉਭਾਰ ਕੇ ਉਹਨੂੰ ਵਸਤ ਵਿਚ ਬਦਲ ਦਿੱਤਾ। ਚਿਰਾਂ ਦੀ ਕੀਤੀ ਇਹ ਸਾਜ਼ਸ਼ ਅੱਜ ਵੀ ਬਾਦਸਤੂਰ ਜਾਰੀ ਹੈ ਇਕ ਇਨਸਾਨ ਦੇ ਰੂਪ ਵਿਚ ਔਰਤ ਦੀ ਪਛਾਣ ਨੂੰ ਹਮੇਸ਼ਾ ਹਾਸ਼ੀਏ ਉੱਤੇ ਧੱਕਣ ਦਾ ਜਤਨ ਕੀਤਾ ਜਾਂਦਾ ਹੈ। ਭਾਵੇਂ ਅੱਜ ਔਰਤ ਆਪਣੇ ਹੱਕਾਂ ਲਈ ਜਾਗਰੂਕ ਹੋ ਕੇ ਲੜਾਈ ਲੜ ਰਹੀ ਹੈ ਪਰ ਇਹ ਲੜਾਈ ਬੜੀ ਲੰਮੀ ਤੇ ਅੰਤਹੀਣ

ਹੈ। ਪਿਤਰੀ ਸੱਤਾ ਉਹਦੀ ਪਛਾਣ ਉੱਤੇ ਸਵਾਲ ਖੜੇ ਕਰਨ ਤੇ ਵਸਤ ਵਿਚ ਢਾਲਣ ਲਈ ਕੁਦਰਤ ਤੋਂ ਲੈ ਕੇ ਉਹਦੀ ਯੋਗਤਾ ਤੇ ਤਾਕਤ ਤੱਕ ਨੂੰ ਨਿਸ਼ਾਨੇ 'ਤੇ ਰੱਖਦੀ ਹੈ। ਐਟਵੁਡ ਉੱਘੀ ਲੇਖਕਾ ਤੇ ਔਰਤ ਦੇ ਮਨ ਤੇ ਜਿਸਮ ਨੂੰ ਸੂਖਮਤਾ ਨਾਲ ਖੰਘਾਲਨ ਵਾਲੀ ਕਾਰਕੁਨ ਹੈ। ਉਹਦੇ ਵਿਚਾਰ ਔਰਤ ਨੂੰ ਸਮਝਣ ਤੇ ਪਿਤਰੀ ਸੱਤਾ 'ਤੇ ਡੈਂਟ ਪਾਉਣ ਵਾਲੇ ਹਨ। ਉਹ ਲਿਖਦੀ ਹੈ: ਔਰਤ ਦਾ ਜਿਸਮ ਪਾਰਦਰਸ਼ੀ ਪਲਾਸਟਿਕ ਦਾ ਬਣਿਆ ਹੁੰਦਾ ਤੇ ਸਵਿੱਚ ਦਬਾਉਣ ਨਾਲ ਇਹ ਚਮਕਣ ਲੱਗਦਾ ਹੈ। ਔਰਤ ਦੇ ਜਿਸਮ ਦੇ ਵੱਖ ਵੱਖ ਹਿੱਸਿਆਂ ਨੂੰ ਬਿਹਤਰ ਤਰੀਕੇ ਨਾਲ ਦੇਖਣ ਲਈ ਸਿਰਫ਼ ਇਕ ਬਟਨ ਦਬਾਉਣ ਦੀ ਲੋੜ ਹੈ ਤੇ ਇਹ ਵੱਖ ਵੱਖ ਰੰਗਾਂ ਵਿਚ ਜਗਮਗਾਉਣ ਲੱਗਦਾ ਹੈ, ਜਿਵੇਂ ਕਿ ਔਰਤ ਦਾ ਦਿਲ ਲਾਲ ਤੇ ਸਾਹ-ਤੰਤਰ ਦਾ ਰੰਗ ਨੀਲਾ ਹੁੰਦਾ ਹੈ, ਪਾਚਨ ਤੰਤਰ ਹਰੇ ਰੰਗ ਦਾ, ਨਾੜੀ- ਤੰਤਰ ਸੰਤਰੀ ਰੰਗ ਦਾ ਤੇ ਮਸਤਕ ਗੁਲਾਬੀ ਰੰਗ ਦਾ ਹੁੰਦਾ

ਹੈ। ਔਰਤ ਦਾ ਕੰਕਾਲ ਜਿਵੇਂ ਕਿ ਕਿਆਸ ਕੀਤਾ ਜਾਂਦਾ ਹੈ ਸਫ਼ੈਦ ਰੰਗ ਦਾ ਹੁੰਦਾ ਹੈ। ਔਰਤ ਦਾ ਪ੍ਰਜਣਨ ਤੰਤਰ ਇੱਛੁਕ ਹੁੰਦਾ ਹੈ, ਜਿਸ ਨੂੰ ਉਹਦੇ ਜਿਸਮ ਵਿਚੋਂ ਕੱਢਿਆ ਜਾ ਸਕਦਾ ਹੈ। ਔਰਤ ਦੇ ਜਿਸਮ ਦੀ ਵਰਤੋਂ ਕਈ ਤਰ੍ਹਾਂ ਨਾਲ ਕੀਤੀ ਜਾ ਸਕਦੀ ਹੈ। ਇਹਦੀ ਵਰਤੋਂ ਦਰਵਾਜ਼ਾ ਖੜਕਾਉਣ ਤੋਂ ਲੈ ਕੇ ਬੋਤਲ ਖੋਲ੍ਹਣ ਦੇ ਔਜ਼ਾਰ ਤੱਕ ਕੀਤੀ ਜਾ ਸਕਦੀ ਹੈ। ਔਰਤ ਦੇ ਜਿਸਮ ਦੀ ਵਰਤੋਂ ਕਾਰ, ਬੀਅਰ, ਸ਼ੇਵਿੰਗ ਲੋਸ਼ਨ, ਸਿਗਰਟ, ਸ਼ਰਾਬ ਵੇਚਣ ਲਈ ਕੀਤੀ ਜਾ ਸਕਦੀ ਹੈ। ਔਰਤ ਦਾ ਜਿਸਮ ਡਾਈਟ ਪਲਾਨ ਤੋਂ ਲੈ ਕੇ ਹੀਰੇ ਤੱਕ ਵੇਚਣ ਦੇ ਕੰਮ ਆਉਂਦਾ ਹੈ। ਔਰਤ ਦਾ ਚਿਹਰਾ ਸੈਂਕੜੇ ਉਤਪਾਦਾਂ ਦੀ ਲਾਂਚਿੰਗ ਦੇ ਕੰਮ ਆਉਂਦਾ ਹੈ। ਔਰਤ ਦਾ ਜਿਸਮ ਸਿਰਫ਼ ਵੇਚਦਾ ਹੀ ਨਹੀਂ ਸਗੋਂ ਵਿਕਦਾ ਵੀ ਹੈ। ਖ਼ਰੀਦੋ ਫ਼ਰੋਖ਼ਤ ਦੇ ਇਸ ਵਿਹਾਰ ਵਿਚ ਪੈਸਾ ਇਕ ਦੇਸ਼ ਤੋਂ ਦੂਜੇ ਦੇਸ਼ ਵਿਚ ਆਉਂਦਾ ਜਾਂਦਾ ਹੈ। ਸੋਹਣੀ ਔਰਤ ਦਾ ਜਿਸਮ ਖ਼ਰੀਦਣ ਲਈ ਲੋਕ ਪੈਸੇ

ਟਕੇ ਦੀ ਪਰਵਾਹ ਨਹੀਂ ਕਰਦੇ। ਆਪਣੀ ਇੱਛਾ ਪੂਰਤੀ ਲਈ ਨਾ ਤਾਂ ਉਨ੍ਹਾਂ ਨੂੰ ਦੇਸ਼ ਭਗਤੀ ਦੀ ਪਰਵਾਹ ਹੁੰਦੀ ਹੈ ਨਾ ਦੇਸ਼ 'ਤੇ ਵੱਧ ਰਹੇ ਕਰਜ਼ੇ ਦੀ। ਔਰਤ ਉਨ੍ਹਾਂ ਲਈ ਪ੍ਰਕਿਰਤਿਕ ਸੋਮਾ ਹੈ। ਇਹਦੀ ਵਿਸ਼ੇਸ਼ਤਾ ਇਹ ਹੈ ਕਿ ਇਹਦੇ ਖ਼ਤਮ ਹੋਣ 'ਤੇ ਜ਼ਿਆਦਾ ਸਮਾਂ ਨਹੀਂ ਲੱਗਦਾ। ਔਰਤ ਦੇ ਜਿਸਮ ਵਿਚੋਂ ਖ਼ੁਸ਼ੀ ਢੂੰਡਣ ਦੀ ਵੀ ਮਜਬੂਰੀ ਨਹੀਂ। ਜਦੋਂ ਅਸੀਂ ਔਰਤ ਤੇ ਉਹਦੇ ਜਿਸਮ ਦੀ ਗੱਲ ਕਰਦੇ ਹਾਂ, ਤਦੋਂ ਪਿਆਰ ਦੀ ਗੱਲ ਨਹੀਂ ਕਰਦੇ, ਸਗੋਂ ਜੀਵ ਵਿਗਿਆਨ ਦੀ ਗੱਲ ਕਰਦੇ ਹਾਂ। ਸੱਚ ਤਾਂ ਇਹ ਹੈ ਕਿ ਜੀਵ ਵਿਗਿਆਨ ਕਰਕੇ ਹੀ ਅੱਜ ਅਸੀਂ ਏਥੇ ਹਾਂ। ਹਰ ਔਰਤ ਦੇ ਮਨ ਮਸਤਕ ਵਿਚ ਇਕ ਅਜਿਹੀ ਸ਼ਕਤੀ ਹੁੰਦੀ ਹੈ ਜੋ ਉਹਨੂੰ ਵਿਭਿੰਨ ਕੰਮ ਕਰਨ ਦੇ ਕਾਬਲ ਬਣਾਉਂਦੀ ਹੈ। ਇਹ ਮਨ ਮਸਤਕ ਕਿਉਂਕਿ ਔਰਤ ਦਾ ਹੁੰਦਾ ਹੈ ਇਸ ਲਈ ਉਹਦੀ ਤਾਕਤ ਵਿਚ ਫ਼ਰਕ ਹੋ ਸਕਦਾ ਹੈ। ਤੁਸੀਂ ਉਸ ਵਿਚ ਸੂਈ ਚੁਬੋਵੋ ਤਾਂ, ਉਹਦਾ

ਸਿੱਟਾ ਸਪਸ਼ਟ ਤੁਹਾਡੇ ਸਾਹਮਣੇ ਹੋਵੇਗਾ। ਹਰੇਕ ਔਰਤ ਦੇ ਮਨ ਮਸਤਕ ਦੇ ਦੋ ਹਿੱਸੇ ਹੁੰਦੇ ਹਨ। ਦੋਵੇਂ ਹਿੱਸੇ ਇਕ ਮੋਟੇ ਤੰਤੂ ਨਾਲ ਜੁੜੇ ਹੁੰਦੇ ਨੇ। ਇਸ ਤੰਤੂ ਰਾਹੀਂ ਤਰੰਗਾਂ ਇਕ ਹਿੱਸੇ ਵਿਚੋਂ ਦੂਸਰੇ ਵੱਲ ਪ੍ਰਵਾਹਿਤ ਹੁੰਦੀਆਂ ਰਹਿੰਦੀਆਂ ਹਨ। ਸਾਰੀਆਂ ਚੀਜ਼ਾਂ ਬਾਰੇ ਔਰਤ ਨੂੰ ਕਿਵੇਂ ਪਤਾ ਹੁੰਦਾ ਹੈ? ਇਹਦਾ ਕਾਰਨ ਹੈ ਕਿ ਉਹ ਲਗਾਤਾਰ ਸੁਣਦੀ ਰਹਿੰਦੀ ਹੈ। ਸੁਣਨ ਦੀ ਇਸ ਆਦਤ ਤੋਂ ਹੀ ਉਹਦੇ ਅੰਦਰ ਸਾਰੀਆਂ ਚੀਜ਼ਾਂ ਨੂੰ ਸਮਝਣ ਦੀ ਸਮਰੱਥਾ ਪੈਦਾ ਹੁੰਦੀ ਹੈ। ਪੁਰਸ਼ ਦਾ ਮਨ ਮਸਤਕ ਇਸ ਤੋਂ ਬਿਲਕੁਲ ਵੱਖਰਾ ਹੁੰਦਾ ਹੈ। ਉਹਦੇ ਮਨ ਮਸਤਕ ਦੇ ਦੋਹਾਂ ਹਿੱਸਿਆਂ ਵਿਚ ਸ਼ਾਇਦ ਹੀ ਕੋਈ ਸੰਬੰਧ ਜੁੜਦਾ ਹੋਵੇ। ਮਸਲਨ ਪੁਰਸ਼ ਦੇ ਖੱਬੇ ਪਾਸੇ ਨੂੰ ਪਤਾ ਨਹੀਂ ਹੁੰਦਾ ਕਿ ਉਹਦਾ ਸੱਜਾ ਪਾਸਾ ਕੀ ਸੋਚ ਰਿਹਾ ਹੈ। ਏਸੇ ਕਰਕੇ ਉਹ ਆਪਣੇ ਤੇ ਦੂਸਰਿਆਂ ਬਾਰੇ ਪੁੱਠੀਆਂ ਸਿੱਧੀਆਂ ਧਾਰਨਾਵਾਂ ਬਣਾ ਲੈਂਦਾ ਹੈ। ਉਹ ਸਿਰਫ਼ ਆਪਣੇ ਬਾਰੇ ਸੋਚਦਾ ਹੈ, ਆਪਣੀ

ਗੱਲ ਕਰਦਾ ਹੈ। ਹਰ ਸਮੇਂ ਕੋਈ ਨਾ ਕੋਈ ਉਹਦੇ ਨਿਸ਼ਾਨੇ 'ਤੇ ਰਹਿੰਦਾ ਹੈ। ਹਰ ਸਮੇਂ ਉਹ ਕਿਸੇ ਨਾ ਕਿਸੇ ਨਾਲ ਨਰਾਜ਼ ਰਹਿੰਦਾ ਹੈ। ਜਿਸਮ ਅਤੇ ਮਨ ਮਸਤਕ ਦਾ ਇਹ ਫ਼ਰਕ ਹੀ ਔਰਤ ਤੇ ਪੁਰਸ਼ ਦੀ ਮਾਨਸਿਕ ਬਨਾਵਟ ਵਿਚ ਫ਼ਰਕ ਪੈਦਾ ਕਰਦਾ ਹੈ। ਇਸ ਫ਼ਰਕ ਕਾਰਨ ਹੀ ਘੱਟ ਸਮਝ ਦੇ ਬਾਵਜੂਦ ਪੁਰਸ਼ ਸਭ ਕੁਝ ਜਾਣਨ ਦਾ ਦਾਅਵਾ ਕਰਦਾ ਹੈ, ਜਦੋਂ ਕਿ ਸੁਣਦਿਆਂ ਸਾਰੀਆਂ ਚੀਜ਼ਾਂ ਬਾਰੇ ਡੂੰਘੀ ਸਮਝ ਹੋਣ ਦੇ ਬਾਵਜੂਦ ਔਰਤ ਨੂੰ ਗਿਆਨ ਤੇ ਸਮਝਦਾਰੀ ਪੱਖੋਂ ਹਾਸ਼ੀਏ 'ਤੇ ਰੱਖਿਆ ਜਾਂਦਾ ਹੈ। ਗਿਆਨ ਸੁਣਨ ਨਾਲ ਆਉਂਦਾ ਹੈ, ਜਦ ਕਿ ਬੋਲਦੇ ਰਹਿਣਾ ਸਾਡੀ ਸਮਝਦਾਰੀ ਨੂੰ ਘੱਟ ਕਰਦਾ ਹੈ। ਦਰਅਸਲ ਪੁਰਸ਼ ਦੁਨੀਆ ਭਰ ਦੀਆਂ ਗੱਲਾਂ ਕਰਦਾ ਰਹਿੰਦਾ ਹੈ, ਪਰ ਆਲ਼ੇ ਦੁਆਲੇ ਬਾਰੇ ਉਹਦੀ ਸਮਝ ਬੜੀ ਪੇਤਲੀ ਹੁੰਦੀ ਹੈ। ਇਸ ਦੇ ਬਾਵਜੂਦ ਔਰਤ ਦੇ ਮਨ ਮਸਤਕ ਨੂੰ ਉਹਦੇ ਜਿਸਮ ਵਾਂਗ ਹੀ ਪੁਰਸ਼ ਤੋਂ ਘੱਟ ਸਮਝਿਆ ਜਾਂਦਾ ਹੈ।

ਪੋਸਟ ਸਕਰਿਪਟ

ਔਰਤ ਨੂੰ ਔਰਤ ਹੋਣਾ ਸਿਖਾਇਆ ਜਾਂਦਾ ਹੈ। ਉਹਨੂੰ ਔਰਤ ਹੀ ਬਣੀ ਰਹਿਣ ਦੇ ਅਨੁਕੂਲ ਢਾਲਿਆ ਜਾਂਦਾ ਹੈ। ਉਹਦੀ ਜੀਵ ਵਿਗਿਆਨਕ ਬਣਤਰ ਨੂੰ ਵੀ ਆਦਮੀ ਨੇ ਆਪਣੇ ਹਿਤ 'ਚ ਰੱਖ ਕੇ ਔਰਤ ਨੂੰ ਗ਼ੁਲਾਮ ਬਣਾਇਆ ਹੈ। ਸਭਿਅਤਾ ਦੇ ਦੌਰ ਵਿਚ ਵੀ ਮਰਦ ਹੀ ਔਰਤ ਦੀ ਅਜ਼ਾਦੀ ਨਿਰਧਾਰਿਤ ਕਰਦਾ ਹੈ।

ਸਿਮੋਨ ਬੂਵਰ

2

ਜਦੋਂ ਕਿਤਾਬ ਦੀ ਥਾਂ ਬੰਦੂਕ ਲੈ ਲਵੇ...

ਯੂਕਰੇਨ ਦੀ ਜੰਗ ਲੱਗਿਆਂ ਲਗਪਗ ਇਕ ਵਰ੍ਹਾ ਹੋ ਚੱਲਿਆ। ਲੰਮੀ ਹੋ ਰਹੀ ਜੰਗ 'ਤੇ ਸਾਰਿਆਂ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ। ਰੂਸ ਦੇ ਰਾਸ਼ਟਰਪਤੀ ਪੂਤਿਨ ਦਾ ਕਹਿਣਾ ਹੈ ਕਿ ਉਹ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ। ਕਈ ਲੋਕਾਂ ਦਾ ਕਹਿਣਾ ਹੈ ਕਿ ਰੂਸ ਵਰਗੀ ਮਹਾਂ ਸ਼ਕਤੀ ਲਈ ਹੋਂਦ ਦਾ ਮਸਲਾ ਕਿਵੇਂ ਹੋ ਸਕਦਾ ਹੈ। ਰੂਸ ਦਾ ਤਰਕ ਹੈ ਕਿ ਭਵਿੱਖ ਵਿਚ ਵਿਸ਼ਵ ਯੁੱਧ ਦੇ ਖ਼ਤਰੇ ਨੂੰ ਰੋਕਣ ਲਈ ਉਹ ਅਗਾਊਂ ਇਹ ਲੜਾਈ ਲੜ ਰਿਹਾ ਹੈ ਜਦ ਕਿ ਯੂਕਰੇਨ ਦਾ ਰਾਸ਼ਟਰਪਤੀ ਜੈਲਿੰਸਕੀ ਨਾਟੋ ਦਾ ਮੈਂਬਰ ਬਣਨ ਲਈ ਬਜ਼ਿਦ ਹੈ। ਰੂਸ ਨੂੰ ਇਹ ਪ੍ਰਵਾਨ ਨਹੀਂ ਕਿ ਨਾਟੋ ਦੇ ਦੇਸ਼ ਉਹਦੀਆਂ ਬਰੂੰਹਾਂ ਕੋਲ ਆ ਕੇ ਯੂਕਰੇਨ ਨੂੰ ਐਟਮੀ

ਹਥਿਆਰਾਂ ਦਾ ਅੱਡਾ ਬਣਾ ਕੇ ਉਹਦੇ ਖ਼ਿੱਤੇ ਦੀ ਸ਼ਾਂਤੀ ਭੰਗ ਕਰਨ। ਅਜਿਹੇ ਸਮਿਆਂ ਵਿਚ ਅੱਜ ਫਰਾਂਸ ਤੇ ਜਰਮਨੀ ਵਿਚ ਇਸ ਜੰਗ ਖ਼ਿਲਾਫ਼ ਵੱਡੇ ਮੁਜ਼ਾਹਰੇ ਹੋਏ ਹਨ। ਕੁਝ ਚਿਰ ਪਹਿਲਾਂ ਲੰਡਨ ਵਿਚ ਵੀ ਅਜਿਹੇ ਮੁਜ਼ਾਹਰੇ ਹੋ ਚੁੱਕੇ ਹਨ। ਲੋਕ ਆਪਣੀਆਂ ਸਰਕਾਰਾਂ 'ਤੇ ਦਬਾਅ ਪਾ ਰਹੇ ਹਨ ਕਿ ਉਹ ਇਸ ਲੜਾਈ ਵਿਚ ਦਿੱਤੀ ਜਾ ਰਹੀ ਮਦਦ ਫ਼ੌਰੀ ਬੰਦ ਕਰਨ। ਇਹਦੇ ਨਾਲ ਉਨ੍ਹਾਂ ਦਾ ਨੁਕਸਾਨ ਹੋ ਰਿਹਾ ਹੈ ਪਰ ਨਾਟੋ ਦੇਸ਼ ਆਪਣੀ ਹਿੰਡ ਪੁਗਾਉਣ ਤੇ ਰੂਸ ਨੂੰ ਨੀਵਾਂ ਦਿਖਾਉਣ ਲਈ ਇਸ ਯੁੱਧ ਨੂੰ ਹਵਾ ਦੇ ਰਹੇ ਹਨ। ਇਸ ਨਾਲ ਵਿਸ਼ਵ ਯੁੱਧ ਦਾ ਖ਼ਤਰਾ ਮੰਡਰਾਅ ਰਿਹਾ ਨਜ਼ਰ ਆਉਂਦਾ ਹੈ। ਦੂਸਰੇ ਵਿਸ਼ਵ ਯੁੱਧ ਦੀਆਂ ਭਿਆਨਕ ਯਾਦਾਂ ਅੱਜ ਵੀ ਇਤਿਹਾਸ ਵਿਚ ਤਾਜ਼ੀਆਂ ਹਨ। ਹਿਟਲਰ ਨੇ ਬਾਰਾਂ ਦਿਨਾਂ ਵਿਚ ਫਰਾਂਸ ਵਰਗੇ ਮੁਲਕ 'ਤੇ ਕਬਜ਼ਾ ਕਰ ਲਿਆ ਸੀ। ਓਦੋਂ ਰੂਸ ਦੇਸ਼ ਭਗਤਕ ਜੰਗ ਲੜ ਰਿਹਾ ਸੀ ਪਰ ਅੱਜ ਉਹ ਭਵਿੱਖ ਵਿਚਲੀ

ਆਪਣੀ ਮੁਸੀਬਤ ਨੂੰ ਧਿਆਨ ਵਿਚ ਰੱਖ ਕੇ ਹੋਂਦ ਦੀ ਲੜਾਈ ਵਜੋਂ ਡਟਿਆ ਹੋਇਆ ਹੈ। ਯੂਕਰੇਨ ਆਪਣੇ ਗੁਆਂਢੀ ਤੇ ਇਕੋ ਤਲੇ ਮੂਲ ਵਾਲੀ ਸਾਂਝ ਛੱਡ ਕੇ ਨਾਟੋ ਮੁਲਕਾਂ ਦੇ ਹੱਥਾਂ ਵਿਚ ਖੇਡ ਕੇ ਆਪਣੇ ਮੁਲਕ ਨੂੰ ਬਲਦੀ ਦੇ ਬੁੱਥੇ ਧੱਕ ਕੇ ਲੁਕਿਆ ਬੈਠਾ ਹੈ। ਦੁਨੀਆ ਵਿਚ ਜੰਗਾਂ ਨੇ ਹਮੇਸ਼ਾ ਅਮਨ ਦਾ ਘਾਣ ਕੀਤਾ ਹੈ ਤੇ ਲੋਕਾਂ ਲਈ ਸਦੀਵੀ ਕਬਰਾਂ ਖੋਦੀਆਂ ਹਨ। ਵਿਸ਼ਵ ਅਮਨ ਸ਼ਾਂਤੀ ਲਈ ਸ਼ਬਦ ਤੇ ਕਲਾ ਨਾਲ ਜੁੜੇ ਜਿਊੜਿਆਂ ਨੂੰ ਫਿਰ ਆਸ ਤੇ ਰੌਸ਼ਨੀ ਦੀ ਕਿਰਨ ਬਣਨਾ ਚਾਹੀਦਾ ਹੈ ਤੇ ਜਿਹੜੇ ਜੰਗਬਾਜ਼ ਹੱਥਾਂ 'ਚੋਂ ਕਿਤਾਬਾਂ ਖੋਹ ਕੇ ਕਲਾਸ਼ਿਨਕੋਵ ਫੜਾ ਰਹੇ ਨੇ ਉਨ੍ਹਾਂ ਦਾ ਵਿਰੋਧ ਕਰਨਾ ਚਾਹੀਦਾ। ਸਿਰਫ਼ ਇਕ ਵਰ੍ਹਾ ਪਹਿਲਾਂ ਯੂਲੀਆ ਬੋਂਡਾਰੇਂਕੋ ਦੀ ਰੋਜ਼ਾਨਾ ਜ਼ਿੰਦਗੀ ਸਕੂਲ ਵਿਚਲੀ ਸੱਤਵੀਂ ਜਮਾਤ ਨੂੰ ਸਬਕ ਪੜ੍ਹਾਉਣ ਤੇ ਵਿਦਿਆਰਥੀਆਂ ਦੀ ਗਰੇਡਿੰਗ ਕਰਨ ਨਾਲ ਸ਼ੁਰੂ ਹੁੰਦੀ ਸੀ। ਪਰ ਜਦੋਂ ਰੂਸੀ ਮਿਜ਼ਾਈਲਾਂ ਨੇ ਰੋਜ਼ਾਨਾ ਦੀ ਚਾਲ ਵਿਚ

ਵਿਘਨ ਪਾਉਣਾ ਸ਼ੁਰੂ ਕਰ ਦਿੱਤਾ ਤੇ ਦੁਸ਼ਮਣ ਫ਼ੌਜਾਂ ਨੇ ਯੂਕਰੇਨ ਦੀ ਰਾਜਧਾਨੀ ਕੀਵ ਵਿਚ ਉਹਦੇ ਘਰ ਨੂੰ ਨੁਕਸਾਨ ਪਹੁੰਚਾਇਆ ਤਾਂ ਤੀਹ ਵਰ੍ਹਿਆਂ ਦੀ ਬੋਂਡਾਰੇਂਕੋ ਨੇ ਫ਼ੈਸਲਾ ਕਰ ਲਿਆ ਕਿ ਹੁਣ ਜ਼ਿੰਦਗੀ ਪਹਿਲਾਂ ਵਰਗੀ ਨਹੀਂ ਰਹੀ ਤੇ ਖ਼ਤਰਾ ਪੈਰੋ ਪੈਰ ਵਧਦਾ ਜਾ ਰਿਹਾ ਹੈ। ਯੂਕਰੇਨੀ ਫ਼ੌਜ ਦੀਆਂ ਸਖ਼ਤ ਰੋਕਾਂ ਤੇ ਨਿਯਮਾਂ ਦੇ ਬਾਵਜੂਦ ਉਹਨੇ ਲੜਾਈ ਦੇ ਮੈਦਾਨ ਵਿਚ ਉੱਤਰਨ ਦਾ ਫ਼ੈਸਲਾ ਕਰ ਲਿਆ। ਰਾਈਫ਼ਲ ਚਲਾਉਣੀ ਤਾਂ ਦੂਰ ਦੀ ਗੱਲ, ਉਹਨੇ ਤਾਂ ਕਦੇ ਉਹਨੂੰ ਨੇੜਿਓਂ ਦੇਖਿਆ ਤੱਕ ਨਹੀਂ ਸੀ। ਹੁਣ ਜਦੋਂ ਉਹਨੇ ਉਹਨੂੰ ਚੁੱਕ ਕੇ ਦੇਖਿਆ ਤਾਂ ਉਹਨੂੰ ਅਜੀਬ ਜਿਹਾ ਅਹਿਸਾਸ ਹੋਇਆ ਕਿ ਜੰਗ ਇਸ ਬੰਦੂਕ ਦੀ ਨਾਲੀ ਵਿਚੋਂ ਲੰਘਦੀ ਵਰਤਮਾਨ ਨੂੰ ਛੇਕੋ ਛੇਕ ਹੀ ਨਹੀਂ ਕਰਦੀ ਸਗੋਂ ਭਵਿੱਖ ਨੂੰ ਵੀ ਲੰਗਾਰ ਦੇਂਦੀ ਹੈ। ਪਰ ਮਾਤ ਭੂਮੀ ਦੀ ਰੱਖਿਆ ਲਈ ਇਸ ਨੂੰ ਗਲ ਨਾਲ ਲਾਉਣਾ ਪੈਂਦਾ ਹੈ। ਆਪਣੀ ਮੌਤ ਇਸ ਨਾਲ ਬੰਨ੍ਹਣੀ ਪੈਂਦੀ ਹੈ।

ਹਰ ਰੋਜ਼ ਭਾਰੀ ਵਿਸਫੋਟਾਂ ਨਾਲ ਕੀਵ ਕੰਬ ਰਿਹਾ ਸੀ। ਏਸੇ ਦੌਰਾਨ ਉਹਦੇ ਅੰਦਰ ਦੇਸ਼ ਪਿਆਰ ਨੇ ਹਿਲੋਰਾ ਮਾਰਿਆ ਤੇ ਉਹਨੇ ਸਕੂਲ ਛੱਡ ਕੇ ਫ਼ੌਜੀ ਡਿਊਟੀ ਜੁਆਇਨ ਕਰਨ ਦਾ ਫ਼ੈਸਲਾ ਕਰ ਲਿਆ। ਉਹਨੂੰ ਇਹ ਵੀ ਪੱਕ ਨਹੀਂ ਸੀ ਕਿ ਫ਼ੌਜੀ ਅਫ਼ਸਰ ਬਿਨਾ ਕਿਸੇ ਕਾਗ਼ਜ਼ ਪੱਤਰ ਦੇ ਉਹਨੂੰ ਫ਼ੌਜ ਜੁਆਇਨ ਕਰਨ ਦਏਗਾ ਕਿ ਨਹੀਂ? ਪਰ ਸਵੈ-ਇੱਛੁਕ ਲੋਕਾਂ ਦੀ ਫ਼ੌਜੀ ਭਰਤੀ ਲਈ ਲੱਗੀ ਲੰਮੀ ਲਾਈਨ ਦੇਖ ਕੇ ਉਹਨੂੰ ਹੌਸਲਾ ਹੋ ਗਿਆ। ਫ਼ੌਜੀ ਅਫ਼ਸਰ ਨੇ ਬਿਨਾ ਕੋਈ ਸੁਆਲ ਪੁੱਛਿਆਂ, ਉਹਨੂੰ ਰਾਈਫ਼ਲ ਤੇ 120 ਗੋਲੀਆਂ ਫੜਾ ਦਿੱਤੀਆਂ ਤੇ ਸ਼ਹਿਰੀ ਯੂਨਿਟ ਦੇ ਹਵਾਲੇ ਕਰ ਦਿੱਤਾ। ਹੌਲੀ ਹੌਲੀ ਉਹਨੇ ਫ਼ੌਜ ਦੇ ਤੌਰ ਤਰੀਕੇ ਸਿੱਖ ਲਏ। ਸਵੈ- ਇੱਛੁਕ ਫ਼ੌਜੀ ਬਣੇ ਲੋਕਾਂ ਨੇ ਉਹਨੂੰ ਕਲਾਸ਼ਿਨਕੋਵ ਲੋਡ ਕਰਨੀ ਤੇ ਸ਼ਿਸਤ ਲਾ ਕੇ ਫਾਇਰ ਕਰਨੇ ਸਿਖਾ ਦਿੱਤੇ। ਕੀਵ 'ਤੇ ਕਬਜ਼ੇ ਲਈ ਕਈ ਹਫ਼ਤਿਆਂ ਤੱਕ ਚੱਲੀ ਲੜਾਈ ਦੌਰਾਨ ਬੋਂਡਾਰੇਂਕੋ ਤੇ 150 ਦੇ

ਲਗਪਗ ਸਵੈ-ਇੱਛੁਕ ਫ਼ੌਜੀ ਇਕ ਸ਼ਾਪਿੰਗ ਮਾਲ ਵਿਚ ਇਕੱਠੇ ਰਹੇ। ਉਨ੍ਹਾਂ ਸਾਰੇ ਪੁਰਸ਼ਾਂ ਵਿਚ ਇਕੱਲਿਆਂ ਰਹਿਣ ਦਾ ਇਹ ਉਹਦਾ ਪਹਿਲਾਂ ਮੌਕਾ ਸੀ। ਰਾਤ ਨੂੰ ਜਮਾ ਦੇਣ ਵਾਲੀ ਠੰਢ ਵਿਚ ਉਹ ਇਕ ਹੋਰ ਔਰਤ ਫ਼ੌਜੀ ਨਾਲ ਜੁੜ ਕੇ ਰਾਤ ਕੱਟ ਲੈਂਦੀ। ਹੌਲੀ ਹੌਲੀ ਸਲੀਪਿੰਗ ਬੈਗ, ਚਟਾਈ ਤੇ ਗਰਮ ਵਰਦੀ ਉਨ੍ਹਾਂ ਨੂੰ ਮਿਲੀ ਤੇ ਸਾਰੀ ਯੂਨਿਟ ਨੂੰ ਬੈਰਕਾਂ ਵਿਚ ਭੇਜ ਦਿੱਤਾ ਗਿਆ। ਯੂਕਰੇਨ ਦੁਆਰਾ ਰੂਸੀ ਫ਼ੌਜਾਂ ਨੂੰ ਰਾਜਧਾਨੀ ਕੀਵ ਤੋਂ ਦੂਰ ਤੱਕ ਖਦੇੜਨ ਤੋਂ ਬਾਅਦ ਲੜਾਈ ਪੂਰਬੀ ਮੁਹਾਜ਼ ਵੱਲ ਖਿਸਕ ਗਈ। ਹੁਣ ਬੋਂਡਾਰੇਂਕੋ ਨੂੰ ਅਸਤੀਫ਼ਾ ਦੇ ਕੇ ਘਰ ਚਲੇ ਜਾਣ ਜਾਂ ਡੈਸਕ ਜੌਬ ਕਰਨ ਜਾਂ ਫਿਰ ਰਸੋਈਆ ਬਣਨ ਦੇ ਵਿਕਲਪ ਦਿੱਤੇ ਗਏ। ਪਰ ਉਹਨੇ ਪੈਦਲ ਫ਼ੌਜ ਨਾਲ ਬੈਰਕਾਂ ਵਿਚ ਰਹਿਣ ਤੇ ਅਗਲੀਆਂ ਮੁਹਿੰਮਾਂ ਲਈ ਸਖ਼ਤ ਟ੍ਰੇਨਿੰਗ ਲੈਣ ਦਾ ਜੋਖ਼ਮ ਭਰਿਆ ਕੰਮ ਚੁਣਿਆ। ਇਕ ਇੰਟਰਵਿਊ ਵਿਚ ਉਹਨੇ ਦੱਸਿਆ ਕਿ ਦੇਸ਼

ਭਗਤੀ ਅਤੇ ਮਾਸਕੋ ਦੁਆਰਾ ਯੂਕਰੇਨੀਆਂ ਦੇ ਦਮਨ ਤੋਂ ਬਾਅਦ ਹੀ ਉਹਨੇ ਫ਼ੌਜ ਵਿਚ ਭਰਤੀ ਹੋਣ ਦਾ ਫ਼ੈਸਲਾ ਲਿਆ ਸੀ। ਨਵੇਂ ਵਰ੍ਹੇ ਦੀਆਂ ਛੁੱਟੀਆਂ ਦੌਰਾਨ ਉਹਨੂੰ ਕੁਝ ਰਾਹਤ ਦਿੱਤੀ ਗਈ। ਉਹ ਕੀਵ ਵਾਪਸ ਆ ਗਈ, ਜਿੱਥੇ ਉਹਨੂੰ ਯੁੱਧ ਤੋਂ ਪਹਿਲਾਂ ਵਾਲੀਆਂ ਖ਼ੁਸ਼ੀਆਂ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਇਨ੍ਹਾਂ ਛੁੱਟੀਆਂ ਦੌਰਾਨ ਉਹਨੇ ਆਪਣੀ ਬਜ਼ੁਰਗ ਮਾਂ ਕੋਲ ਮੱਧ ਯੂਕਰੇਨ ਵਿਚ ਆਪਣੇ ਪਿੰਡ ਜਾਣ ਦਾ ਫ਼ੈਸਲਾ ਕੀਤਾ। ਕੀਵ ਵਿਚ ਆਪਣੇ ਪ੍ਰੇਮੀ ਨਾਲ ਪਾਰਟੀ ਕਰਦਿਆਂ ਉਹਨੇ ਦੱਸਿਆ ਕਿ- ‘ਲੜਾਈ ਦੇ ਮੋਰਚੇ ’ਤੇ ਉਹ ਹਮੇਸ਼ਾ ਆਪਣੇ ਪ੍ਰੇਮੀ ਬਾਰੇ ਤੇ ਭਵਿੱਖ ਵਿਚ ਉਨ੍ਹਾਂ ਦੇ ਆਪਸੀ ਸੰਬੰਧਾਂ ਬਾਰੇ ਸੋਚਦੀ ਕਦੇ ਕਦੇ ਬਹੁਤ ਡਰ ਜਾਂਦੀ ਸੀ। ਪਰ ਇਸ ਰਿਸ਼ਤੇ ਦੀ ਮਜ਼ਬੂਤੀ ’ਤੇ ਉਹਦੇ ਵਿਸ਼ਵਾਸ ਨੇ ਉਹਨੂੰ ਇਹ ਸੋਝੀ ਦਿੱਤੀ ਕਿ ਹਨੇਰੇ ਵਿਚ ਵੀ ਰੌਸ਼ਨੀ ਹੋ ਸਕਦੀ ਹੈ।’

ਪੋਸਟ ਸਕਰਿਪਟ

ਯੁੱਧ-੧ / ਰੇਖਾ

ਮੈਂ ਆਪਣੇ ਸੁਪਨਿਆਂ ਵਿਚ

ਮੋਰਚੇ ਤੇ ਖਾਈਆਂ ਨਹੀਂ ਦਿਆਂਗੀ ਖੋਦਣ

ਨਾ ਸੁਣਾਂਗੀ

ਮਿਜ਼ਾਈਲਾਂ ਤੇ ਬੰਬਾਂ ਦੇ ਵਿਸਫੋਟ

ਮੈਂ ਨਹੀਂ ਚਾਹੁੰਦੀ ਮੇਰੇ ਬੂਹੇ ‘ਤੇ

ਉਤਰੇ ਘੁਟਾਲਿਆਂ ਨਾਲ ਲਿੱਬੜਿਆ

ਕੋਈ ਅੰਨ੍ਹਾ ਤਾਬੂਤ

ਮੈਂ ਨਹੀਂ ਬਣਨਾ ਚਾਹੁੰਦੀ ਅਜਿਹੇ ਬਦਕਿਸਮਤ

ਬਹਾਦਰ ਜਵਾਨ ਦੀ ਮਾਂ

ਮੈਨੂੰ ਚਾਹੀਦੀ ਆਪਣੇ ਅਜਨਮੇ ਬੱਚੇ ਲਈ

ਆਪਣੀ ਕੁੱਖ ਵਰਗੀ ਸੁਰੱਖਿਅਤ

ਥੋੜ੍ਹੀ ਜਿਹੀ ਸਬੂਤੀ ਜ਼ਮੀਨ

ਭੋਰਾ ਭਰ ਹਰਿਆਲੀ

ਮੁੱਠੀ ਭਰ ਹਵਾ

ਤੇ ਇਕ ਟੋਟਾ ਨੀਲੇ ਆਕਾਸ਼ ਦਾ

ਜਿਸ ਵਿਚ ਉਹ ਸੁਪਨੇ ਦੇਖ ਸਕੇ...

3

ਵਿਰਾਸਤੀ ਬੀਜ

ਹਰ ਸਮਾਜ ਦੀ ਆਪਣੀ ਵਿਰਾਸਤ ਹੁੰਦੀ ਹੈ। ਇਸ ਵਿਚ ਸਦੀਆਂ ਦਾ ਅਨੁਭਵ ਸਮੋਇਆ ਹੁੰਦਾ ਹੈ। ਇਸ ਵਿਚ ਸਾਡੇ ਵੱਡਿਆਂ ਵਡੇਰਿਆਂ ਦੀ ਸੋਚ ਤੋਂ ਲੈ ਕੇ ਜੀਣ ਥੀਣ, ਜ਼ਿੰਦਗੀ ਦੇ ਸੰਘਰਸ਼ਾਂ ਤੇ ਉਨ੍ਹਾਂ ਦੀ ਹੋਂਦ ਦੇ ਕਿੱਸੇ ਪਏ ਹੁੰਦੇ ਹਨ। ਕਈ ਵਾਰ ਬੜੀ ਹੈਰਾਨੀ ਹੁੰਦੀ ਹੈ ਸਾਡੇ ਪੜ੍ਹੇ ਲਿਖੇ ਸਿਆਣੇ ਬੰਦੇ ਪੰਜਾਬੀ ਗਿੱਧਿਆਂ, ਭੰਗੜਿਆਂ, ਝੁੰਮਰਾਂ ਤੱਕ ਪੰਜਾਬੀ ਵਿਰਾਸਤ ਨੂੰ ਸੀਮਤ ਕਰ ਦੇਂਦੇ ਹਨ। ਜਦ ਕਿ ਸਾਡੇ ਕੋਲ ਬੜੀ ਅਮੀਰ ਵਿਰਾਸਤ ਹੈ। ਦੁਨੀਆ ਭਰ ਵਿਚ ਲੋਕਾਂ ਨੇ ਆਪਣੀ ਵਿਰਾਸਤ ਨੂੰ ਬੜੇ ਸਲੀਕੇ ਨਾਲ ਸਾਂਭ ਕੇ ਪ੍ਰਦਰਸ਼ਿਤ ਕੀਤਾ ਹੋਇਆ। ਪਰ ਅਸੀਂ ਜੇ ਕਿਤੇ ਅਜਿਹਾ ਉੱਦਮ ਕਰਦੇ ਵੀ ਹਾਂ ਤਾਂ ਸਭ ਤੋਂ ਪਹਿਲਾਂ ਉਹਦੇ ਤੋਂ ਨਫ਼ੇ ਬਾਰੇ

ਸੋਚਦੇ ਹਾਂ। ਵਿਰਾਸਤੀ ਪਿੰਡ ਅਸਾਂ ਬਜ਼ਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਉਸਾਰਿਆ ਹੈ। ਵੱਡੀ ਗੱਲ ਤਾਂ ਵਿਰਾਸਤ ਦੀ ਪਛਾਣ ਹੈ। ਪਿਛਲੇ ਦਿਨੀਂ ਮੱਧ ਪ੍ਰਦੇਸ਼ ਦੇ ਕਬਾਇਲੀਆਂ ਦੀ ਵਿਰਾਸਤੀ ਸਾਂਭ ਸੰਭਾਲ ਬਾਰੇ ਪੜ੍ਹਨ ਦਾ ਮੌਕਾ ਮਿਲਿਆ। ਮੱਧ ਪ੍ਰਦੇਸ਼ ਦੇ ਛਿੰਦਵਾੜਾ ਜ਼ਿਲ੍ਹੇ ਦੀ ਤਾਮੀਆ ਤਹਿਸੀਲ ਦੀਆਂ ਸਤਪੁੜਾ ਪਹਾੜੀਆਂ ਵਿਚ ਇਕ ਛੋਟਾ ਜਿਹਾ ਇਲਾਕਾ ਹੈ ਜਿਸ ਨੂੰ ਪਾਤਾਲਕੋਟ ਕਹਿੰਦੇ ਹਨ। ਪਹਾੜਾਂ ਨਾਲ ਘਿਰੇ ਇਸ ਇਲਾਕੇ ਵਿਚ ਬਾਰਾਂ ਪਿੰਡ ਵਸੇ ਹੋਏ ਹਨ, ਜਿਨ੍ਹਾਂ ਵਿਚ ਗੌਂਡ ਤੇ ਭਾਰੀਆ ਆਦਿ-ਵਾਸੀ ਰਹਿੰਦੇ ਹਨ। ਉਹ ਕਈ ਪੀੜ੍ਹੀਆਂ ਤੋਂ ਦੇਸੀ ਬੀਜਾਂ ਨਾਲ ਪਰੰਪਰਾਗਤ ਖੇਤੀ ਕਰਦੇ ਆ ਹਨ। ਓਥੇ ਵੀ ਜਿਵੇਂ ਜਿਵੇਂ ਬੀਜ ਕੰਪਨੀਆਂ ਦੇ ਪੈਰ ਪਸਰਨ ਲੱਗੇ ਤਾਂ ਹੌਲੀ ਹੌਲੀ ਦੇਸੀ ਬੀਜ ਅਲੋਪ ਹੋਣ ਲੱਗੇ। ਲਗਪਗ ਤਿੰਨ ਸਾਲ ਪਹਿਲਾਂ ਓਥੇ 'ਨਿਰਮਾਣ' ਨਾਂ ਦੀ ਸੰਸਥਾ ਨੇ ਦੇਸੀ ਬੀਜਾਂ ਨੂੰ ਬਚਾਉਣ ਲਈ ਬੀੜਾ ਚੁੱਕਿਆ।

ਉਨ੍ਹਾਂ ਦੀ ਮਿਹਨਤ ਤੇ ਕੋਸ਼ਿਸ਼ ਰੰਗ ਲਿਆਉਣ ਲੱਗੀ। ਇਸ ਨਾਲ ਆਦਿ-ਵਾਸੀਆਂ ਦੀ ਸਵੈ ਸ਼ਾਸਨ ਪ੍ਰਣਾਲੀ ਮਜ਼ਬੂਤ ਹੋਈ। ਕੁਝ ਸਮਾਂ ਪਹਿਲਾਂ ਓਥੇ ਫ਼ਸਲੀ ਵਿਭਿੰਨਤਾ ਦੀ ਪ੍ਰਦਰਸ਼ਨੀ ਲਾਈ ਗਈ ਸੀ, ਜਿਸ ਵਿਚ ਆਦਿ-ਵਾਸੀਆਂ ਦੇ ਪਰੰਪਰਾਗਤ ਅਨਾਜ, ਉਨ੍ਹਾਂ ਦੀ ਸਾਂਭ ਸੰਭਾਲ, ਉਨ੍ਹਾਂ ਤੋਂ ਬਣੇ ਖਾਣੇ, ਜੰਗਲਾਂ ਵਿਚ ਮਿਲਦੇ ਕੰਦ ਮੂਲ ਤੇ ਜੜ੍ਹੀ ਬੂਟੀਆਂ ਦੀ ਪ੍ਰਦਰਸ਼ਨੀ ਅਹਿਮ ਸੀ। ਇਸ ਪ੍ਰਦਰਸ਼ਨੀ ਵਿਚ ਆਏ ਰਾਤੋੜ ਪਿੰਡ ਦੇ ਵਸਨੀਕ ਮੁੰਨਾ ਲਾਲ ਡਾਡੋਲੀਆ ਨੇ ਦੱਸਿਆ ਕਿ ਉਹ ਮਿਸ਼ਰਤ ਫ਼ਸਲਾਂ ਦੀ ਕਾਸ਼ਤ ਕਰਦੇ ਹਨ। ਮਸਲਨ ਮੱਕੀ, ਬੱਲਰ, ਕੁਟਕੀ, ਕੋਦੋ, ਤੁਅਰ, ਜਵਾਰ, ਬਾਜਰਾ, ਕੁਸਮੁਸੀ ਤੇ ਮਾਂਹ ਆਦਿ ਦੀ। ਗੈਲਡੁੱਬਾ ਪਿੰਡ ਤੋਂ ਆਏ ਭਗਲੂ ਚੌਲਥੀਆ ਨੇ ਦੱਸਿਆ ਕਿ ਆਦਿ-ਵਾਸੀਆਂ ਦੀ ਨਿਰਭਰਤਾ ਜੰਗਲ ਤੇ ਖੇਤੀ ’ਤੇ ਹੈ। ਉਹ ਪਰੰਪਰਿਕ ਜੰਗਲਾਂ ਵਿਚਲੇ ਰੁੱਖਾਂ, ਪੌਦਿਆਂ, ਜੜ੍ਹੀ ਬੂਟੀਆਂ ਤੇ ਜਾਨਵਰਾਂ ਦੀ ਦੇਖ ਭਾਲ

ਆਪਣੇ ਬੱਚਿਆਂ ਵਾਂਗ ਕਰਦੇ ਹਨ ਤੇ ਸਮੇਂ ਸਮੇਂ ਜਲ ਸ੍ਰੋਤਾਂ ਤੇ ਨਦੀਆਂ ਦੀ ਸਾਫ਼ ਸਫ਼ਾਈ ਸਮੂਹਕ ਰੂਪ ਵਿਚ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਲ ਸੋਮੇ ਬਚਾਉਣੇ ਸਮੇਂ ਦੀ ਵੱਡੀ ਲੋੜ ਹੈ। ਆਉਣ ਵਾਲੇ ਕੱਲ੍ਹ ਲਈ ਪਾਣੀ ਬਚਾਉਣਾ ਹੀ ਕਾਫ਼ੀ ਨਹੀਂ ਸਗੋਂ ਪਾਣੀ ਦੀ ਸ਼ੁੱਧਤਾ ਨੂੰ ਬਚਾਉਣਾ ਵੀ ਜ਼ਰੂਰੀ ਹੈ। ਡੋਂਗਰ (ਪਹਾੜ) ਵਿਚੋਂ ਦੁਧੀ ਤੇ ਗਾਇਨੀ ਨਦੀਆਂ ਨਿਕਲਦੀਆਂ ਹਨ। ਦੁਧੀ ਨਰਬਦਾ ਦੀ ਸਹਾਇਕ ਨਦੀ ਹੈ। ਜੰਗਲ ਰਹੇਗਾ ਤਾਂ ਹੀ ਆਦਿ-ਵਾਸੀ ਬਚਣਗੇ। ਇਸ ਲਈ ਜੰਗਲ ਨੂੰ ਬਚਾਉਣਾ ਤੇ ਉਹਨੂੰ ਸੁਰੱਖਿਅਤ ਰੱਖਣਾ ਉਨ੍ਹਾਂ ਦਾ ਪਹਿਲਾਂ ਤੇ ਆਖ਼ਰੀ ਟੀਚਾ ਹੈ। ਨਿਰਮਾਣ ਸੰਸਥਾ ਨਾਲ ਜੁੜੇ ਕਾਰਕੁਨ ਨਰੇਸ਼ ਵਿਸ਼ਵਾਸ ਨੇ ਦੱਸਿਆ ਕਿ ਜਲਵਾਯੂ ਪਰਿਵਰਤਨ ਦੇ ਦੌਰ ਵਿਚ ਦੇਸੀ ਬੀਜ ਬੜੇ ਲਾਹੇਵੰਦ ਸਾਬਤ ਹੋ ਰਹੇ ਨੇ। ਇਨ੍ਹਾਂ ਨੂੰ ਘੱਟ ਪਾਣੀ ਦੀ ਲੋੜ ਪੈਂਦੀ ਹੈ ਤੇ ਮੌਸਮੀ ਤਬਦੀਲੀ ਵਿਚ ਇਹ ਪੱਕਣ ਲਈ ਆਪਣੇ ਆਪ ਨੂੰ

ਢਾਲ ਲੈਂਦੇ ਹਨ। ਦੇਸੀ ਬੀਜਾਂ ਦੀ ਖੇਤੀ ਕੁਦਰਤੀ ਰੂਪ ਵਿਚ ਹੁੰਦੀ ਹੈ। ਇਸ ਨੂੰ ਰਸਾਇਣਿਕ ਖਾਦਾਂ ਤੇ ਕੀਟ ਨਾਸ਼ਕਾਂ ਦੀ ਲੋੜ ਨਹੀਂ ਪੈਂਦੀ। ਇਸ ਦੇ ਨਾਲ ਇਹ ਗੱਲ ਵੀ ਮਹੱਤਵਪੂਰਨ ਹੈ ਕਿ ਦੇਸੀ ਬੀਜਾਂ ਨਾਲ ਕੀਤੀ ਜਾ ਰਹੀ ਪਰੰਪਰਾਗਤ ਖੇਤੀ ਨੇ ਆਦਿ-ਵਾਸੀਆਂ ਦੇ ਪਰੰਪਰਾਗਤ ਗਿਆਨ ਨੂੰ ਵੀ ਸੰਭਾਲਿਆ ਹੋਇਐ। ਉਨ੍ਹਾਂ ਨੇ ਆਪਣੀ ਪਰੰਪਰਾਗਤ ਸੰਰਚਨਾ ਤੇ ਵਿਵਸਥਾ ਨੂੰ ਕਾਇਮ ਰੱਖਿਆ ਹੈ। ਉਨ੍ਹਾਂ ਦੀ ਕੁਦਰਤ ਨਾਲ ਸਾਂਝ ਇਸ਼ਟ ਨੂੰ ਧਿਆਉਣ ਵਰਗੀ ਹੈ। ਇਹਦੇ ਬਚਾਅ ਲਈ ਉਨ੍ਹਾਂ ਦੇ ਆਪਣੇ ਤੌਰ ਤਰੀਕੇ ਹਨ। ਅੰਦਰੂਨੀ ਪੰਚਾਇਤੀ ਪ੍ਰਣਾਲੀ ਉਨ੍ਹਾਂ ਅੰਦਰ ਵਿਸ਼ੇਸ਼ ਹੈ। ਅੱਜ ਜਦੋਂ ਆਧੁਨਿਕਤਾ ਨੇ ਮਨੁੱਖ ਨੂੰ ਮਨੁੱਖ ਕੋਲੋਂ ਹੀ ਨਹੀਂ ਸਗੋਂ ਆਪਣੇ ਆਪ ਕੋਲੋਂ ਵੀ ਦੂਰ ਕਰ ਦਿੱਤਾ ਹੈ ਅਜਿਹੇ ਸਮੇਂ ਵਿੱਚ ਆਦਿ-ਵਾਸੀਆਂ ਦੀ ਇਕ ਦੂਜੇ ਨਾਲ ਸਾਂਝ, ਇਕ ਦੂਜੇ ਦੀ ਮਦਦ, ਇੱਕਜੁੱਟਤਾ, ਔਰਤ ਮਰਦ ਦੀ ਬਰਾਬਰੀ ਤੇ ਸਮੂਹਕ ਰੂਪ ਵਿਚ

ਕੰਮ ਕਰਨ ਦੀ ਪਰੰਪਰਾ ਇਕ ਆਦਰਸ਼ ਸਥਾਪਤ ਕਰਦੀ ਹੈ। ਜਲਵਾਯੂ ਪਰਿਵਰਤਨ ਨੇ ਜਿਹੜੀਆਂ ਚਿੰਤਾਵਾਂ ਪੈਦਾ ਕੀਤੀਆਂ ਹਨ ਉਨ੍ਹਾਂ ਨਾਲ ਨਜਿੱਠਣ ਲਈ ਦੇਸੀ ਗਿਆਨ ਤੇ ਆਦਰਸ਼ ਲਾਹੇਵੰਦੇ ਹਨ।

ਪੋਸਟ ਸਕਰਿਪਟ

ਜੇ ਇਸ ਪ੍ਰਸੰਗ ਵਿਚ ਪੰਜਾਬ ਦੀ ਗੱਲ ਕਰੀਏ ਤਾਂ ਨਿਰਾਸ਼ਾ ਹੁੰਦੀ ਹੈ। ਕਣਕ, ਝੋਨੇ ਦੀ ਦੋ ਫ਼ਸਲੀ ਪ੍ਰਣਾਲੀ ਵਿਚ ਅਸੀਂ ਪਰੰਪਰਿਕ ਫ਼ਸਲੀ ਵਿਭਿੰਨਤਾ ਗੁਆ ਲਈ ਹੈ। ਧਰਤੀ ਤੇ ਪਾਣੀ ਜ਼ਹਿਰੀਲੇ ਕਰ ਲਏ ਹਨ। ਰਹਿੰਦ ਖੂੰਹਦ ਦੇ ਬਾਲਣ ਨਾਲ ਸਾਰਾ ਅਕਾਸ਼ ਪਲੀਤ ਕਰ ਲਿਆ ਹੈ। ਵੱਟਾਂ ਤੋਂ ਰੁੱਖ ਵੱਢ ਵੱਢ ਕੇ ਹਵਾ ਦੇ ਵਹਿਣ ਗੁਆ ਲਏ ਹਨ। ਅਸੀਂ ਆਧੁਨਿਕਤਾ ਤੇ ਮਸ਼ੀਨੀ ਦੌੜ ਵਿਚ ਨਾ ਸਿਰਫ਼ ਵਿਰਾਸਤ ਗੁਆ ਲਈ ਸਗੋਂ ਆਪਣੇ ਜੰਗਲ, ਜਲ, ਦੇਸੀ

ਗਿਆਨ, ਜੀਣ ਥੀਣ ਦੇ ਸਿਹਤਮੰਦ ਢੰਗ ਤਰੀਕੇ ਸਭ ਕੁਝ ਗੁਆ ਲਿਐ। ਏਸੇ ਕਰਕੇ ਪੰਜਾਬੀ ਬਿਮਾਰੀਆਂ ਦੀ ਖਾਣ ਬਣ ਗਏ ਹਨ। ਹਰ ਕੋਈ ਏਨੀਆਂ ਦਵਾਈਆਂ ਖਾ ਰਿਹਾ ਕਿ ਉਹ ਛੋਟਾ ਮੋਟਾ ਡਾਕਟਰ ਬਣ ਗਿਆ। ਅੰਨ੍ਹੀ ਦੌੜ ਵਿਚ ਉਹਦੀ ਸਹਿਣਸ਼ੀਲਤਾ, ਸਹਿਜਤਾ ਤੇ ਇਕ ਦੂਜੇ ਦੇ ਕੰਮ ਆਉਣ ਵਾਲਾ ਗੁਣ ਨਵੀਂ ਪੀੜ੍ਹੀ ਵਿਚੋਂ ਤਾਂ ਮੂਲੋਂ ਗੁਆਚ ਗਿਆ।ਅਸੀਂ ਪਹਿਲਾਂ ਇਕੱਠੇ ਬਹਿ ਕੇ ਦੁਖ ਸੁਖ ਸਾਂਝੇ ਕਰਦੇ, ਵਿਚਾਰਦੇ ਤੇ ਫ਼ਿਕਰਮੰਦ ਹੁੰਦੇ ਸਾਂ। ਹੁਣ ਕਿਸੇ ਕੋਲ ਸਮਾਂ ਨਹੀਂ। ਰਿਸ਼ਤੇ ਟੁੱਟ ਰਹੇ ਨੇ, ਦੁਖ ਸੁਖ ਮਾਇਆ ਦੀ ਭੇਟ ਚੜ੍ਹ ਰਹੇ ਨੇ, ਰੀਸੋ ਰੀਸੀ ਅਸੀਂ ਤਬਾਹ ਹੁੰਦੇ ਜਾ ਰਹੇ ਹਾਂ। ਸਭ ਤੋਂ ਵੱਡੀ ਗੱਲ ਕਿ ਅਸੀਂ ਆਪਣੇ ਆਪ ਕੋਲ ਵੀ ਬਹਿਣਾ ਛੱਡ ਦਿੱਤਾ ਹੈ ਤੇ ਮੋਬਾਇਲ ਮਹਾਰਾਜ ਸਾਡਾ ਜੁਗੋ ਜੁਗ ਪਰਛਾਵਾਂ ਬਣ ਗਿਐ। ਸੋਚੋ/ਵਿਚਾਰੋ/ਸਮਝੋ ਕਿ ਅਸੀਂ ਕੀ ਸਾਂ ਤੇ ਕੀ ਬਣ ਗਏ ਹਾਂ।

4

ਗਾਂਧੀ ਤੇ ਜਿਨਾਹ : ਰਾਜਨੀਤੀ ਤੇ ਦੋਸਤੀ ਦੇ ਥੰਮ੍ਹ

ਭਾਰਤ ਦੀ ਅਜ਼ਾਦੀ ਤੋਂ ਪਹਿਲਾਂ ਮਹਾਤਮਾ ਗਾਂਧੀ ਤੇ ਮੁਹੰਮਦ ਅਲੀ ਜਿਨਾਹ ਰਾਜਨੀਤੀ ਦੇ ਦੋ ਥੰਮ੍ਹ ਮੰਨੇ ਜਾਂਦੇ ਸਨ। ਇਹ ਵੀ ਇਤਫ਼ਾਕ ਹੀ ਹੈ ਕਿ ਦੋਵੇਂ ਗੁਜਰਾਤੀ ਸਨ, ਦੋਵਾਂ ਦੀ ਮਾਂ ਬੋਲੀ ਗੁਜਰਾਤੀ ਸੀ, ਦੋਵੇਂ ਗੁਜਰਾਤੀ ਸਭਿਆਚਾਰ ਨੂੰ ਪਰਨਾਏ ਹੋਏ ਸਨ ਪਰ ਧਰਮ ਤੇ ਰਾਜਨੀਤੀ ਵਿਚ ਦੋਵਾਂ ਦੇ ਵਖਰੇਵਿਆਂ ਨੇ ਦੋਹਾਂ ਨੂੰ ਇਤਿਹਾਸਕ ਵਿਅਕਤੀਆਂ ਵਜੋਂ ਮਾਨਤਾ ਦਿੱਤੀ। ਇਨ੍ਹਾਂ ਵਖਰੇਵਿਆਂ ਦੇ ਬਾਵਜੂਦ ਦੋਹਾਂ ਵਿਚ ਦੋਸਤੀ ਤੇ ਸਤਿਕਾਰ ਦੀਆਂ ਭਾਵਨਾਵਾਂ ਦੇ ਕਿੱਸੇ ਮਿਲਦੇ ਹਨ। ਕਾਨਜੀ ਦੁਆਰਕਾ ਦਾਸ ਨੇ 'ਗਾਂਧੀ ਥਰੂ ਮਾਈ ਡਾਇਰੀ ਲੀਵਸ' ਵਿਚ ਗਾਂਧੀ ਤੇ ਜਿਨਾਹ ਦੀਆਂ ਮੁਲਾਕਾਤਾਂ ਦਾ ਜ਼ਿਕਰ ਕੀਤਾ ਹੈ। ਅਜਿਹੀ ਇਕ ਮੁਲਾਕਾਤ

ਦੌਰਾਨ ਬੜਾ ਸੁਖਦਾਈ ਕਿੱਸਾ ਮਿਲਦਾ ਹੈ। ਆਪਣੇ ਵਿਚਾਰਧਾਰਕ ਵਿਰੋਧ ਦੇ ਬਾਵਜੂਦ ਇਕ ਵਾਰ ਗਾਂਧੀ ਜਿਨਾਹ ਨੂੰ ਮਿਲਣ ਗਏ ਤਾਂ ਦੇਸ਼ ਦੇ ਹਾਲਾਤ ਬਾਰੇ ਗੱਲਬਾਤ ਤੋਂ ਬਾਅਦ ਕੁਝ ਨਿੱਜੀ ਗੱਲਾਂ ਵੀ ਹੋਈਆਂ। ਲਗਦਾ ਸੀ ਜਿਵੇਂ ਦੋਵੇਂ ਰਾਜਨੀਤਕ ਮੁੱਦਿਆਂ ਬਾਰੇ ਗੱਲਾਂ ਕਰਦੇ ਅੱਕ ਗਏ ਹਨ। ਉਨ੍ਹਾਂ ਦੀ ਹਾਲਤ ਉਨ੍ਹਾਂ ਮੁੱਕੇਬਾਜ਼ਾਂ ਵਰਗੀ ਸੀ ਜਿਹੜੇ ਮੁਕਾਬਲੇ ਤੋਂ ਬਾਅਦ ਵੱਖ ਹੋਣ ਵੇਲੇ ਦੋਸਤਾਨਾ ਤਰੀਕੇ ਨਾਲ ਹੱਥ ਮਿਲਾ ਕੇ ਸਕੂਨ ਮਹਿਸੂਸ ਕਰਦੇ ਹਨ। ਇਸ ਨਿੱਜੀ ਗੱਲਬਾਤ ਦੌਰਾਨ ਜਿਨਾਹ ਨੇ ਆਪਣੀ ਸਿਹਤ ਤੇ ਬਿਮਾਰੀ ਦੀ ਵੀ ਚਰਚਾ ਕੀਤੀ। ਉਨ੍ਹਾਂ ਨੇ ਗਾਂਧੀ ਨਾਲ ਆਪਣੇ ਪੈਰ ਦੀ ਬਿਮਾਰੀ ਬਾਰੇ ਗੱਲ ਕੀਤੀ ਕਿ ਉਨ੍ਹਾਂ ਦੇ ਪੈਰ 'ਤੇ ਵੱਡੇ ਵੱਡੇ ਚਕਤੇ ਹੋ ਗਏ ਹਨ ਜਿਨ੍ਹਾਂ ਦਾ ਸੰਬੰਧ ਅੰਦਰੂਨੀ ਨਾੜਾਂ ਨਾਲ ਹੈ ਤੇ ਇਹ ਬੜੇ ਤਕਲੀਫ਼ਦੇਹ ਹਨ। ਇਹ ਸੁਣ ਕੇ ਗਾਂਧੀ ਕੁਰਸੀ ਤੋਂ ਉੱਠੇ ਤੇ ਹੇਠਾਂ ਫ਼ਰਸ਼ 'ਤੇ ਬਹਿ ਗਏ। ਉਨ੍ਹਾਂ ਨੇ ਜਿਨਾਹ

ਨੂੰ ਜੁੱਤੀ ਤੇ ਜੁਰਾਬਾਂ ਉਤਾਰਨ ਲਈ ਕਿਹਾ। ਜਿਨਾਹ ਦੇ ਬਾਰ ਬਾਰ ਮਨ੍ਹਾ ਕਰਨ 'ਤੇ ਜਦੋਂ ਗਾਂਧੀ ਖ਼ੁਦ ਉਨ੍ਹਾਂ ਦੀ ਜੁੱਤੀ ਤੇ ਜੁਰਾਬਾਂ ਉਤਾਰਨ ਲੱਗੇ ਤਾਂ ਜਿਨਾਹ ਨੇ ਬੜੇ ਸੰਕੋਚ ਨਾਲ ਜੁੱਤੀ ਤੇ ਜੁਰਾਬ ਉਤਾਰ ਕੇ ਪੈਰ ਗਾਂਧੀ ਅੱਗੇ ਕਰ ਦਿੱਤਾ। ਬੜਾ ਅਦਭੁਤ ਦ੍ਰਿਸ਼ ਸੀ। ਪੂਰੇ ਪੱਛਮੀ ਲਿਬਾਸ ਵਿਚ ਕੁਰਸੀ 'ਤੇ ਬੈਠੇ ਸੰਕੋਚ ਤੇ ਸੰਗ ਨਾਲ ਲਾਲ ਹੋਏ ਜਿਨਾਹ ਤੇ ਫ਼ਰਸ਼ 'ਤੇ ਬੜੇ ਸ਼ਾਂਤ ਚਿੱਤ ਤੇ ਅੱਧ ਨੰਗੇ ਜਿਸਮ 'ਤੇ ਖੱਦਰ ਦੀ ਧੋਤੀ ਤੇ ਚਾਦਰ ਲਪੇਟੀ ਗਾਂਧੀ ਵਿਚ ਕੋਈ ਦੈਵੀ ਦਇਆਵਾਨ ਰੂਹ ਆ ਗਈ ਸੀ। ਸੇਵਾ ਗ੍ਰਾਮ ਵਿਚ ਕੋੜ੍ਹ ਨਾਲ ਪੀੜਤ ਪਰਚੁਰੇ ਸ਼ਾਸਤਰੀ ਦੀ ਮਲ੍ਹਮ ਪੱਟੀ ਤੇ ਸੇਵਾ ਜਿਵੇਂ ਉਹ ਹਰ ਰੋਜ਼ ਕਰਦੇ ਸਨ, ਇਹ ਸ਼ਾਇਦ ਇਹਦੀ ਇਕ ਜਿਉਂਦੀ ਜਾਗਦੀ ਮਿਸਾਲ ਸੀ। ਜਿਨਾਹ ਦੇ ਇਸ ਤਕਲੀਫ਼ਦੇਹ ਪੈਰ ਨੂੰ ਆਪਣੇ ਹੱਥਾਂ ਵਿਚ ਲੈ ਕੇ ਉਹਨੂੰ ਧਿਆਨ ਨਾਲ ਦੇਖਦਿਆਂ ਗਾਂਧੀ ਨੇ ਕਿਹਾ ਕਿ ਬਿਮਾਰੀ ਉਨ੍ਹਾਂ ਦੀ ਸਮਝ ਵਿਚ ਆ ਗਈ ਹੈ। ਇਹ

ਕਿਵੇਂ ਠੀਕ ਹੋ ਸਕਦੀ ਹੈ ਇਹਦੇ ਲਈ ਉਨ੍ਹਾਂ ਕੋਲ ਇਕ ਨੁਸਖ਼ਾ ਹੈ। ਉਨ੍ਹਾਂ ਕਿਹਾ ਕਿ ਉਹ ਕੱਲ੍ਹ ਇਸ ਦੀ ਦਵਾਈ ਭੇਜ ਦੇਣਗੇ ਤੇ ਅਲਵਿਦਾ ਕਹਿ ਕੇ ਰੁਖ਼ਸਤ ਹੋ ਗਏ। ਅਗਲੇ ਦਿਨ ਗੱਤੇ ਦੇ ਇਕ ਛੋਟੇ ਜਿਹੇ ਡੱਬੇ ਵਿਚ ਪੀਸੀ ਹੋਈ ਮਿੱਟੀ ਦਾ ਇਕ ਲੇਪ ਦਵਾਈਆਂ ਪਾ ਕੇ ਉਨ੍ਹਾਂ ਨੇ ਤਿਆਰ ਕੀਤਾ ਤੇ ਜਿਨਾਹ ਕੋਲ ਭੇਜ ਦਿੱਤਾ। ਇਕ ਛੋਟਾ ਜਿਹੇ ਰੁੱਕੇ 'ਤੇ ਇਸ ਨੂੰ ਵਰਤਣ ਦੀ ਵਿਧੀ ਵੀ ਲਿਖੀ ਹੋਈ ਸੀ। ਗਾਂਧੀ ਕੁਦਰਤੀ ਇਲਾਜ ਦੇ ਮਾਹਿਰ ਸਨ। ਉਸ ਤੋਂ ਅਗਲੇ ਦਿਨ ਜਦੋਂ ਗੱਲਬਾਤ ਹੋਈ ਤਾਂ ਉਹ ਫਿਰ ਜਿਨਾਹ ਦੇ ਘਰ ਗਏ ਤਾਂ ਉਨ੍ਹਾਂ ਅੱਗੋਂ ਧੰਨਵਾਦ ਕਰਦਿਆਂ ਦੱਸਿਆ ਕਿ ਜਿਹੜਾ ਉਨ੍ਹਾਂ ਦਾ ਪਹਿਲਾਂ ਡਾਕਟਰੀ ਇਲਾਜ ਚੱਲ ਰਿਹਾ ਹੈ ਉਹਦੇ ਨਾਲ ਆਰਾਮ ਹੈ। ਜੇ ਲੋੜ ਪਈ ਤਾਂ ਉਹ ਇਸ ਦਵਾਈ ਨੂੰ ਵਰਤ ਲੈਣਗੇ। ਜਿਨਾਹ ਗਾਂਧੀ ਦੇ ਇਸ ਸਨੇਹ ਤੋਂ ਬੜੇ ਪ੍ਰਭਾਵਿਤ ਹੋਏ। ਇਸ ਘਟਨਾ ਦੇ ਉਲਟ ਇਕ ਹੋਰ ਘਟਨਾ ਹੈ। ਸੰਨ 1929 ਵਿਚ ਗਾਂਧੀ

ਦੀ ਦੇ ਜਨਮ ਦਿਨ ਮੌਕੇ ਉਨ੍ਹਾਂ ਦੇ ਪ੍ਰਸੰਸਕਾਂ ਨੇ ਸਿੰਧ ਹਾਈਕੋਰਟ ਸਾਹਮਣੇ ਗੋਲ ਪਾਰਕ ਵਿਚ ਉਨ੍ਹਾਂ ਦੀ ਮੂਰਤੀ ਸਥਾਪਤ ਕਰਨ ਦਾ ਫ਼ੈਸਲਾ ਕੀਤਾ। 02 ਅਕਤੂਬਰ, 1931 ਨੂੰ ਓਥੇ ਕਾਂਸੇ ਦੀ ਇਕ ਖ਼ੂਬਸੂਰਤ ਮੂਰਤੀ ਸਥਾਪਤ ਕਰ ਦਿੱਤੀ ਗਈ। ਜਨਵਰੀ, 1948 ਵਿਚ ਦੇਸ਼ ਵੰਡ ਤੋਂ ਬਾਅਦ ਜਦੋਂ ਉੱਤਰੀ ਭਾਰਤ ਤੋਂ ਵੱਡੀ ਗਿਣਤੀ ਵਿਚ ਸ਼ਰਨਾਰਥੀ ਓਥੇ ਪਹੁੰਚਣ ਲੱਗੇ ਤਾਂ ਕਰਾਚੀ ਸਮੇਤ ਸਿੰਧ ਦੇ ਬਹੁਤ ਸਾਰੇ ਹਿੱਸਿਆਂ ਵਿਚ ਹਿੰਦੂਆਂ ਖ਼ਿਲਾਫ਼ ਦੰਗੇ ਭੜਕ ਉੱਠੇ। ਨਤੀਜੇ ਵਜੋਂ ਵੱਡੀ ਤਾਦਾਦ ਵਿਚ ਹਿੰਦੂ, ਸਿੱਖ ਸਿੰਧ ਵਿਚੋਂ ਤੇ ਖਾਸ ਕਰਕੇ ਕਰਾਚੀ ਵਿਚੋਂ ਹਿੰਦੁਸਤਾਨ ਵੱਲ ਕੂਚ ਕਰਨ ਲੱਗੇ। ਸਿੰਧ ਹਾਈਕੋਰਟ ਦੇ ਦੁਆਲੇ ਦੇ ਮੁਹੱਲਿਆਂ ਵਿਚ ਦੰਗਿਆਂ ਦੀ ਅੱਗ ਭਿਆਨਕ ਰੂਪ ਵਿਚ ਭੜਕ ਉੱਠੀ। ਅਜਿਹੇ ਹੀ ਇਕ ਦੰਗੇ ਦੌਰਾਨ ਜਿਨਾਹ ਜਦੋਂ ਆਪਣੇ ਸੈਕਟਰੀ ਐੱਸ ਐਮ ਯੂਸਫ਼ ਨਾਲ ਕਾਰ ਵਿਚ ਜਾਂਦਿਆਂ ਗਾਂਧੀ ਦੀ ਮੂਰਤੀ ਕੋਲੋਂ ਲੰਘੇ ਤਾਂ ਉਨ੍ਹਾਂ ਨੂੰ ਲੱਗਿਆ

ਕਿ ਮੁਸਲਮਾਨ ਦੰਗਈ, ਜਿਨ੍ਹਾਂ ਵਿਚ ਸ਼ਰਨਾਰਥੀ ਵੀ ਸ਼ਾਮਲ ਹਨ, ਗਾਂਧੀ ਦੀ ਮੂਰਤੀ ਨੂੰ ਆਪਣੇ ਗ਼ੁੱਸੇ ਦਾ ਨਿਸ਼ਾਨਾ ਬਣਾ ਸਕਦੇ ਹਨ। ਉਨ੍ਹਾਂ ਨੇ ਤੁਰੰਤ ਯੂਸਫ਼ ਨੂੰ ਹੁਕਮ ਦਿੱਤਾ ਕਿ ਗਾਂਧੀ ਦੀ ਮੂਰਤੀ ਇੱਥੋਂ ਲਿਜਾ ਕੇ ਕਿਸੇ ਸੁਰੱਖਿਅਤ ਥਾਂ ਪਹੁੰਚਾਈ ਜਾਵੇ ਜਦ ਤੱਕ ਮਾਹੌਲ ਸ਼ਾਂਤ ਨਹੀਂ ਹੋ ਜਾਂਦਾ। ਵੰਡ ਤੋਂ ਪਹਿਲਾਂ ਢਾਈ ਦਹਾਕਿਆਂ ਤੱਕ ਉਹ ਗਾਂਧੀ ਦੇ ਕੱਟੜ ਵਿਰੋਧੀ ਰਹੇ ਸਨ। ਪਰ ਜਦੋਂ ਉਨ੍ਹਾਂ ਨੂੰ ਪਾਕਿਸਤਾਨ ਮਿਲ ਗਿਆ ਤਾਂ ਇਹ ਕੁੜੱਤਣ ਸਾਫ਼ ਹੋ ਗਈ। ਹੁਣ ਉਹ ਨਿੱਜੀ ਤੌਰ 'ਤੇ ਤੇ ਪਬਲਿਕ ਵਿਚ ਵੀ ਇਹ ਮੰਨਣ ਤੋਂ ਸੰਕੋਚ ਨਹੀਂ ਸਨ ਕਰਦੇ ਕਿ ਗਾਂਧੀ ਤੋਂ ਵੱਡਾ ਹਿੰਦੁਸਤਾਨ ਵਿਚ ਮੁਸਲਮਾਨਾਂ ਦਾ ਹੋਰ ਕੋਈ ਹਿਤੈਸ਼ੀ ਨਹੀਂ। ਜਿਨਾਹ ਦੇ ਹੁਕਮ 'ਤੇ ਯੂਸਫ਼ ਨੇ ਸਿੰਧ ਹਾਈਕੋਰਟ ਸਾਹਮਣਿਓਂ ਗਾਂਧੀ ਦੀ ਮੂਰਤੀ ਹਟਵਾ ਕੇ ਪਾਰਸੀ ਉਦਯੋਗਪਤੀ ਜਮਸ਼ੇਦ ਨੌਸ਼ੇਰਵਾਂ ਨਾਲ ਮਿਲ ਕੇ ਉਨ੍ਹਾਂ ਦੇ ਗਰਾਜ ਵਿਚ ਰਖਵਾ ਦਿੱਤੀ। ਜਮਸ਼ੇਦ ਜੀ ਨੇ ਮੂਰਤੀ ਪੁੱਟਣ

ਲਈ ਲੋੜੀਂਦੇ ਸੰਦ ਤੇ ਪਾਰਸੀ ਸਕੂਲ ਦੇ ਪੁਰਾਣੇ ਵਿਦਿਆਰਥੀਆਂ ਨੂੰ ਇਕੱਠਿਆਂ ਕਰਕੇ ਇਹ ਮਿਸ਼ਨ ਮੁਕੰਮਲ ਕੀਤਾ। ਬਾਅਦ ਵਿਚ ਪਾਰਸੀ ਸਕੂਲ ਦੇ ਵਿਦਿਆਰਥੀਆਂ ਨੇ ਟ੍ਰੇਨਿੰਗ ਵਰਕਸ਼ਾਪ ਵਿਚ ਰੱਖੇ ਲੱਕੜ ਦੇ ਵੱਡੇ ਵੱਡੇ ਫੱਟਿਆਂ ਤੇ ਬਾਲਿਆਂ ਪਿਛੇ ਇਹਨੂੰ ਛੁਪਾ ਦਿੱਤਾ। ਇਕ ਲੰਮੇ ਅਰਸੇ ਬਾਅਦ ਅਮਨੋ ਅਮਾਨ ਹੋ ਜਾਣ ਤੋਂ ਬਾਅਦ ਉਸ ਮੂਰਤੀ ਨੂੰ ਕਰਾਚੀ ਵਿਚ ਭਾਰਤੀ ਸਫ਼ਾਰਤਖ਼ਾਨੇ ਦੇ ਵਿਹੜੇ ਵਿਚ ਲਾ ਦਿੱਤਾ ਗਿਆ। ਹੁਣ ਇਹ ਮੂਰਤੀ ਇਸਲਾਮਾਬਾਦ ਵਿਚ ਭਾਰਤੀ ਦੂਤਘਰ ਦੇ ਵਿਹੜੇ ਵਿਚ ਲੱਗੀ ਹੋਈ ਹੈ। ਜੇ ਜਿਨਾਹ ਨੇ ਨਿੱਜੀ ਦਿਲਚਸਪੀ ਨਾ ਲਈ ਹੁੰਦੀ ਤਾਂ ਇਸ ਮੂਰਤੀ ਦਾ ਕੀ ਹਸ਼ਰ ਹੁੰਦਾ ਉਹਦੇ ਬਾਰੇ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ। ਜਿਨਾਹ ਦੇ ਮਨ ਵਿਚ ਗਾਂਧੀ ਲਈ ਪਿਆਰ ਤੇ ਸਤਿਕਾਰ ਛੁਪਿਆ ਹੋਇਆ ਸੀ ਨਹੀਂ ਤਾਂ ਉਹ ਨਿੱਜੀ ਤੌਰ 'ਤੇ ਮੂਰਤੀ ਵਿਚ ਏਨੀ ਦਿਲਚਸਪੀ ਨਾ ਲੈਂਦੇ।

ਪੋਸਟ ਸਕਰਿਪਟ

ਇਨ੍ਹਾਂ ਘਟਨਾਵਾਂ ਤੋਂ ਸਿੱਖਣ ਦੀ ਲੋੜ ਹੈ ਕਿ ਰਾਜਨੀਤਕ ਤੇ ਵਿਚਾਰਧਾਰਕ ਵਖਰੇਵਿਆਂ ਦੇ ਬਾਵਜੂਦ ਅਸੀਂ ਪਹਿਲਾਂ ਇਕ ਮਨੁੱਖ ਹਾਂ। ਸਾਡੇ ਵਿਚ ਦਿਆ, ਹਮਦਰਦੀ ਤੇ ਸੰਵੇਦਨਾਵਾਂ ਹੋਣੀਆਂ ਜ਼ਰੂਰੀ ਹਨ। ਅੱਜ ਦੇ ਸਾਡੇ ਰਹਿਬਰ ਇਨ੍ਹਾਂ ਤੋਂ ਕੋਰੇ ਹਨ। ਅੱਜ ਸਟੇਟਸਮੈਨਸ਼ਿਪ ਦੀ ਵੱਡੀ ਲੋੜ ਹੈ। ਤਰੱਕੀ, ਭਾਈਚਾਰੇ ਨੂੰ ਕਾਇਮ ਰੱਖਣਾ ਤੇ ਇਕ ਦੂਜੇ ਦਾ ਸਤਿਕਾਰ ਤੇ ਹਮਦਰਦੀ ਹਾਰਮਨੀ ਲਈ ਬੜੀ ਜ਼ਰੂਰੀ ਹੈ। ਮਹਾਤਮਾ ਗਾਂਧੀ ਨੇ ਸਾਰੀ ਉਮਰ ਇਸ ਹਾਰਮਨੀ ਦੀ ਦੁਹਾਈ ਦਿੰਦਿਆਂ ਲੰਘਾ ਦਿੱਤੀ।

5

ਵਹੀਦਾ ਰਹਿਮਾਨ ਦਾ ਬਚਪਨ ਤੇ ਸਿਨੇਮਾ

ਬਚਪਨ ਹਰ ਵਿਅਕਤੀ ਦੀ ਜ਼ਿੰਦਗੀ ਵਿਚ ਅਹਿਮ ਸਥਾਨ ਰੱਖਦਾ ਹੈ। ਕਿਸੇ ਵਿਦਵਾਨ ਨੇ ਠੀਕ ਕਿਹਾ ਹੈ ਕਿ ਬਾਲ ਮਨ ਬਹੁਤ ਸਿਆਣਾ ਤੇ ਸੂਝਵਾਨ ਹੁੰਦਾ ਹੈ ਜੇ ਉਸ ਨੂੰ ਉਹਦੀ ਮਰਜ਼ੀ ਦਾ ਵਹਾ ਮਿਲ ਜਾਵੇ ਤਾਂ ਉਹ ਇਕ ਦਿਨ ਭਰ ਵਹਿੰਦਾ ਦਰਿਆ ਬਣ ਜਾਂਦਾ ਹੈ। ਕਲਾਕਾਰਾਂ ਦੇ ਬਚਪਨ ਵਿਚ ਉਨ੍ਹਾਂ ਦੀ ਕਲਾ ਦੇ ਨਖਸ਼ਿਖ ਨਜ਼ਰ ਆਉਣ ਲੱਗ ਜਾਂਦੇ ਨੇ ਬੱਸ ਥੋੜ੍ਹੀ ਜਿਹੀ ਸੇਧ ਮਿਲਣ ਦੀ ਲੋੜ ਹੁੰਦੀ ਹੈ। ਅਨੇਕਾਂ ਕਲਾਕਾਰਾਂ ਨੂੰ ਜ਼ਿੰਦਗੀ ਨੇ ਮੌਕਾ ਦੇ ਦਿੱਤਾ ਤੇ ਅਨੇਕਾਂ ਅਜਿਹੇ ਵੀ ਹਨ ਜੋ ਕਿਸਮਤ ਦੇ ਠੁਕਰਾਏ ਕਿਸੇ ਤਨ ਪੱਤਣ ਨਹੀਂ ਲੱਗ ਸਕੇ। ਜਿਨ੍ਹਾਂ ਨੂੰ ਮੌਕਾ ਮਿਲ ਗਿਆ ਉਨ੍ਹਾਂ ਵਿਚ ਫ਼ਿਲਮੀ ਅਭਿਨੇਤਰੀ ਵਹੀਦਾ ਰਹਿਮਾਨ ਦਾ ਖਾਸ ਸਥਾਨ ਹੈ।

ਉਹਨੂੰ ਵੱਡੀ ਉਮਰ ਵਿਚ ਜਾ ਕੇ ਦਾਦਾ ਸਾਹਿਬ ਫਾਲਕੇ ਸਨਮਾਨ ਦਿੱਤਾ ਗਿਆ ਤੇ ਐਲਾਨ ਵੀ ਉਸ ਦਿਨ ਹੋਇਆ ਜਿਸ ਦਿਨ ਵੱਡੇ ਫ਼ਿਲਮ ਅਭਿਨੇਤਾ ਦੇਵ ਆਨੰਦ ਦਾ ਜਨਮ ਦਿਨ ਸੀ। ਦੇਵ ਆਨੰਦ ਵਹੀਦਾ ਰਹਿਮਾਨ ਦਾ ਆਦਰਸ਼ ਰਿਹਾ ਹੈ। ਭਾਵੇਂ ਇਹ ਇਨਾਮ ਉਹਨੂੰ ਬਹੁਤ ਪਹਿਲਾਂ ਮਿਲ ਜਾਣਾ ਚਾਹੀਦਾ ਸੀ ਕਿਉਂਕਿ ਉਹਦੀ ਅਭਿਨੈ ਕਲਾ ਦਾ ਜਾਦੂ ਅੱਜ ਵੀ ਸਿਰ ਚੜ੍ਹ ਕੇ ਬੋਲਦਾ ਹੈ। ਅੱਜ ਵੀ ਉਹਦੇ ਵਿਚ ਜਵਾਨੀ ਵਾਲੀ ਲਚਕ ਤੇ ਊਰਜਾ ਹੈ ਜਿਹਾ ਕਿ ਉਹਦੇ ਡਾਂਸ ਦੀ ਇਕ ਵੀਡੀਓ ਸੋਸ਼ਲ ਮੀਡੀਏ 'ਤੇ ਵਾਇਰਲ ਹੋ ਰਹੀ ਹੈ।

ਆਪਣੇ ਬਚਪਨ ਤੇ ਅਭਿਨੈ ਬਾਰੇ ਉਹ ਲਿਖਦੀ ਹੈ –

ਡਾਂਸ, ਅਭਿਨੈ ਤੇ ਪੇਂਟਿੰਗ ਦਾ ਸ਼ੌਕ ਮੈਨੂੰ ਆਪਣੇ ਮਾਤਾ ਪਿਤਾ ਤੋਂ ਮਿਲਿਆ। ਚੇਨਈ ਵਿਚ ਅਕਸਰ ਡਾਂਸ ਸ਼ੋ, ਨਾਟਕ ਤੇ ਸੰਗੀਤ

ਸਮਾਰੋਹ ਹੁੰਦੇ ਰਹਿੰਦੇ ਸਨ ਜਿਨ੍ਹਾਂ ਵਿਚ ਮੇਰੇ ਮਾਤਾ ਪਿਤਾ ਜਾਂਦੇ ਸਨ। ਜਦੋਂ ਤੁਸੀਂ ਬਚਪਨ ਵਿਚ ਅਨੇਕਾਂ ਕਲਾਵਾਂ ਨਾਲ ਵਾਬਸਤਾ ਹੁੰਦੇ ਹੋ ਤਾਂ ਕੁਦਰਤੀ ਤੁਹਾਡੇ ਬਾਲ ਮਨ ਵਿਚ ਕਲਾ ਦੇ ਬੀਜ ਬੀਜੇ ਜਾਂਦੇ ਹਨ। ਮੇਰੇ ਨਾਲ ਵੀ ਅਜਿਹਾ ਹੀ ਹੋਇਆ। ਬਚਪਨ ਵਿਚ ਡਾਂਸ, ਸੰਗੀਤ ਤੇ ਅਭਿਨੈ ਮੇਰੀ ਰੂਹ ਵਿਚ, ਮੇਰੇ ਰੋਮ ਰੋਮ ਵਿਚ ਵੱਸ ਗਏ। ਕਮਲਾ ਲਛਮਣ ਦੇ ਭਰਤ ਨਾਟਿਅਮ ਨੇ ਮੇਰੇ 'ਤੇ ਗੂੜ੍ਹੀ ਛਾਪ ਛੱਡੀ। ਮੈਂ ਆਪਣੇ ਮਾਤਾ ਪਿਤਾ ਨੂੰ ਕਿਹਾ ਕਿ ਮੈਂ ਡਾਂਸ ਸਿੱਖਣਾ ਚਾਹੁੰਦੀ ਹਾਂ ਤਾਂ ਉਨ੍ਹਾਂ ਨੇ ਖ਼ੁਸ਼ੀ ਖ਼ੁਸ਼ੀ ਮੈਨੂੰ ਇਹਦੀ ਆਗਿਆ ਦੇ ਦਿੱਤੀ। ਕਲਾਵਾਂ ਸਿੱਖਣ ਦੇ ਮਾਮਲੇ ਵਿਚ ਮੇਰੇ ਮਾਤਾ ਪਿਤਾ ਬੜੇ ਉਦਾਰ ਸਨ। ਡਾਂਸ ਤੇ ਸੰਗੀਤ ਸਾਡੀ ਸਥਾਨਕ ਸੰਸਕ੍ਰਿਤੀ ਦਾ ਅਟੁੱਟ ਅੰਗ ਹਨ। ਇਹੀ ਕਾਰਨ ਹੈ ਕਿ ਅੱਜ ਵੀ ਡਾਂਸ ਤੇ ਸੰਗੀਤ ਮੇਰੇ ਪੋਰ ਪੋਰ ਵਿਚ ਓਵੇਂ ਹੀ ਊਰਜਾਵਾਨ ਹਨ ਜਿਵੇਂ ਬਚਪਨ ਵਿਚ ਹੁੰਦੇ ਸਨ। ਆਪਣੇ ਫ਼ਿਲਮੀ ਕੈਰੀਅਰ ਦੀ

ਸ਼ੁਰੂਆਤ ਮੈਂ ਇਕ ਤੇਲਗੂ ਫ਼ਿਲਮ ‘ਰੋਜੁਲੂ ਮਾਰਾਈ’ ਤੋਂ ਇਕ ਬਾਲ ਡਾਂਸਰ ਦੇ ਰੂਪ ਵਿਚ ਕੀਤੀ ਸੀ। ਫ਼ਿਲਮ ਨਿਰਮਾਤਾ ਮੇਰੇ ਪਿਤਾ ਦੇ ਦੋਸਤ ਸਨ। ਮੈਂ ਬੜੀ ਖ਼ੁਸ਼ ਤੇ ਜੋਸ਼ ਵਿਚ ਸਾਂ ਕਿਉਂਕਿ ਫ਼ਿਲਮ ਦਾ ਇਹ ਨਿਓਤਾ ਅਚਾਨਕ ਮਿਲਿਆ ਸੀ। ਮੈਂ ਪੂਰੀ ਲਗਨ ਤੇ ਮਿਹਨਤ ਨਾਲ ਉਸ ਫ਼ਿਲਮ ਵਿਚ ਕੰਮ ਕੀਤਾ ਤੇ ਇਹ ਫ਼ਿਲਮ ਬੜੀ ਸਫਲ ਰਹੀ ਤੇ ਕਾਫ਼ੀ ਸਲਾਹੀ ਗਈ। ਉਰਦੂ ਭਾਸ਼ੀ ਪਰਿਵਾਰ ਵਿਚੋਂ ਹੋਣ ਕਰਕੇ ਹਿੰਦੀ ਸਿਨੇਮੇ ਵਿਚ ਮੇਰਾ ਦਾਖਲਾ ਅਰਾਮ ਨਾਲ ਹੋ ਗਿਆ। ਗੁਰੂ ਦੱਤ ਨਾਲ ਮੁਲਾਕਾਤ ਸ਼ਾਇਦ ਵਡਭਾਗੀ ਸੀ। ਉਸ ਸਮੇਂ ਮੈਂ ਹੈਦਰਾਬਾਦ ਵਿਚ ਸਾਂ ਤੇ ਸੰਜੋਗ ਹੀ ਸੀ ਕਿ ਅਸੀਂ ਇਕ ਡਿਸਟ੍ਰੀਬਿਊਟਰ ਦੇ ਦਫ਼ਤਰ ਵਿਚ ਮਿਲੇ। ਉਸ ਡਿਸਟ੍ਰੀਬਿਊਟਰ ਨੇ ਮੇਰੀ ਜਾਣ ਪਛਾਣ ਉਨ੍ਹਾਂ ਨਾਲ ਕਰਵਾਈ। ਉਨ੍ਹਾਂ ਨੇ ਮੈਨੂੰ ਪੁੱਛਿਆ ਕਿ ਮੈਂ ਹਿੰਦੀ ਬੋਲ ਸਕਦੀ ਹਾਂ। ਮੈਂ ਬੜੇ ਪ੍ਰਵਾਹ ਵਿਚ ਹਿੰਦੀ-ਉਰਦੂ ਵਿਚ ਗੱਲਾਂ ਕਰਨ ਲੱਗੀ, ਤਾਂ

ਉਨ੍ਹਾਂ ਨੇ ਮੈਨੂੰ ਬੰਬਈ ਆਉਣ ਦਾ ਸੱਦਾ ਦੇ ਦਿੱਤਾ। ਮੇਰੀ ਜ਼ਿੰਦਗੀ ’ਤੇ ਗੁਰੂ ਦੱਤ ਦਾ ਬਹੁਤ ਪ੍ਰਭਾਵ ਹੈ। ਮੇਰੇ ਕੈਰੀਅਰ ਨੂੰ ਸਿਖਰ ’ਤੇ ਲਿਜਾਉਣ ਦਾ ਸੇਹਰਾ ਵੀ ਉਨ੍ਹਾਂ ਸਿਰ ਬੱਝਦਾ ਹੈ। ਉਨ੍ਹਾਂ ਨਾਲ ਮੈਂ ਕਈ ਯਾਦਗਾਰੀ ਫ਼ਿਲਮਾਂ ਕੀਤੀਆਂ ਜਿਨ੍ਹਾਂ ਵਿਚ ਪਿਆਸਾ, ਕਾ਼ਗਜ਼ ਕੇ ਫੂਲ, ਚੌਦ੍ਹਵੀਂ ਕਾ ਚਾਂਦ ਵਰਗੀਆਂ ਬਿਹਤਰੀਨ ਫ਼ਿਲਮਾਂ ਸ਼ਾਮਲ ਹਨ। ਬਾਲੀਵੁੱਡ ਵਿਚ ਪਹਿਲੀ ਵਾਰ ਮੈਨੂੰ ਦੋ ਚੋਟੀ ਦੇ ਕਲਾਕਾਰਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਇਹ ਸਨ- ਗੁਰੂ ਦੱਤ ਤੇ ਦੇਵ ਆਨੰਦ। ਮੈਂ ਸ਼ੁਰੂ ਤੋਂ ਹੀ ਦੇਵ ਆਨੰਦ ਸਾਹਿਬ ਦੀ ਮੁਰੀਦ ਸਾਂ ਤੇ ਜਦੋਂ ਮੈਨੂੰ ਉਨ੍ਹਾਂ ਨਾਲ ਕੰਮ ਕਰਨ ਲਈ ਕਿਹਾ ਗਿਆ ਤਾਂ ਮੈਨੂੰ ਇਕ ਵਾਰ ਲੱਗਿਆ ਸ਼ਾਇਦ ਮੈਂ ਸੁਪਨਾ ਦੇਖ ਰਹੀ ਹਾਂ ਜਾਂ ਮੇਰੇ ਕੰਨਾਂ ਨੇ ਹੀ ਇਹ ਠੀਕ ਸੁਣਿਐ। ਬੰਬਈ ਵਿਚ ਮੈਂ ਤੇ ਮੇਰੀ ਮਾਂ ਅਸੀਂ ਦੋਵੇਂ ਬੜੀਆਂ ਡਰੀਆਂ ਤੇ ਘਬਰਾਈਆਂ ਹੋਈਆਂ ਸਾਂ ਕਿਉਂਕਿ ਓਦੋਂ ਬੰਬਈ ਸਾਡੇ ਲਈ ਵਿਦੇਸ਼ ਵਰਗਾ ਹੀ ਸੀ।

ਅਸੀਂ ਏਥੇ ਕਿਸੇ ਨੂੰ ਨਹੀਂ ਸਾਂ ਜਾਣਦੀਆਂ। ਲਗਪਗ ਇਕ ਵਰ੍ਹਾ ਅਸੀਂ ਹੋਟਲ ਵਿਚ ਰਹੀਆਂ ਕਿਉਂਕਿ ਉਨ੍ਹਾਂ ਦਿਨਾਂ ਵਿਚ ਬੰਬਈ ਵਿਚ ਇਕੱਲੀ ਮਾਂ-ਬੇਟੀ ਲਈ ਅਪਾਰਟਮੈਂਟ ਲੱਭਣਾ ਖਾਲਾ ਜੀ ਦਾ ਵਾੜਾ ਨਹੀਂ ਸੀ।'ਮੁਝੇ ਜੀਨੇ ਦੋ' ਫ਼ਿਲਮ ਦੀ ਸ਼ੂਟਿੰਗ ਮੇਰੇ ਲਈ ਕਦੇ ਨਾ ਭੁੱਲਣ ਵਾਲੀ ਯਾਦ ਹੈ ਕਿਉਂਕਿ ਇਸ ਫ਼ਿਲਮ ਦੀ ਸਾਰੀ ਸ਼ੂਟਿੰਗ ਚੰਬਲ ਘਾਟੀ ਵਿਚ ਹੋਈ ਸੀ, ਜਿੱਥੇ ਅਸੀਂ ਟੈਂਟ ਵਿਚ ਰਹਿੰਦੇ ਸਾਂ ਤੇ ਸਾਡੇ ਚਾਰੇ ਪਾਸੇ ਬੀ ਐੱਸ ਐਫ ਦਾ ਪਹਿਰਾ ਹੁੰਦਾ ਸੀ ਕਿਉਂਕਿ ਇਹ ਘਾਟੀ ਖ਼ਤਰਨਾਕ ਡਾਕੂਆਂ ਨਾਲ ਭਰੀ ਪਈ ਸੀ। 'ਖ਼ਾਮੋਸ਼ੀ' ਫ਼ਿਲਮ ਦੀ ਸ਼ੂਟਿੰਗ ਦੇ ਅਖੀਰ ਵਿਚ ਮੈਨੂੰ ਡਿਪਰੈੱਸ਼ਨ ਹੋ ਗਿਆ। ਉਨ੍ਹਾਂ ਦਿਨਾਂ ਵਿਚ ਡਾਕਟਰਾਂ ਨੂੰ ਨਹੀਂ ਸੀ ਪਤਾ ਹੁੰਦਾ ਕਿ ਜੇ ਕੋਈ ਡਿਪਰੈਸ਼ਨ ਵਿਚੋਂ ਲੰਘ ਰਿਹਾ ਹੋਵੇ ਤਾਂ ਕੀ ਕੀਤਾ ਜਾ ਸਕਦਾ ਹੈ। ਬੱਸ ਉਹ ਇਕ ਹੀ ਸਲਾਹ ਦੇਂਦੇ ਸਨ ਕਿ ਛੁੱਟੀ ਕਰੋ ਤੇ ਅਰਾਮ ਕਰੋ। ਇਸ ਦੇ ਬਾਵਜੂਦ ਮੈਂ ਚੰਗੀਆਂ

ਫ਼ਿਲਮਾਂ ਵਿਚ ਚੰਗੇ ਰੋਲ ਕੀਤੇ ਤੇ ਦਰਸ਼ਕਾਂ ਦੀ ਰਿਣੀ ਹਾਂ ਜਿਨ੍ਹਾਂ ਨੇ ਏਨਾ ਪਿਆਰ ਤੇ ਸਤਿਕਾਰ ਦਿੱਤਾ ਜਿਸ ਨਾਲ ਇਕ ਕਲਾਕਾਰ ਦੀ ਝੋਲੀ ਭਰ ਜਾਂਦੀ ਹੈ। ਕਲਾਕਾਰ ਨੂੰ ਹੋਰ ਕੀ ਚਾਹੀਦਾ। ਦਾਦਾ ਸਾਹਿਬ ਫਾਲਕੇ ਵਰਗਾ ਸਨਮਾਨ ਮਿਲਣਾ ਮੇਰੀ ਜ਼ਿੰਦਗੀ ਦਾ ਸਭ ਤੋਂ ਖ਼ੁਸ਼ਨਸੀਬ ਪਲ ਹੈ।

6

ਵਿਕਟਰ ਹਿਊਗੋ ਦੀ ਮੂਰਤੀ ਤੇ ਨਸਲੀ ਸੋਚ

ਦੱਖਣ ਪੰਥੀ ਕੱਟੜਵਾਦ ਭਾਰਤ ਵਿਚ ਹੀ ਨਹੀਂ ਸਗੋਂ ਦੁਨੀਆ ਦੇ ਉੱਨਤ ਦੇਸ਼ਾਂ ਵਿਚ ਵੀ ਸਿਉਂਕ ਵਾਂਗ ਫੈਲਿਆ ਹੋਇਆ ਹੈ। ਅਸੀਂ ਰੋਜ਼ ਦੇਖਦੇ ਹਾਂ ਕਿ ਕਦੇ ਮਹਾਤਮਾ ਗਾਂਧੀ ਦੇ ਬੁੱਤ 'ਤੇ ਕਾਲਖ ਮਲ ਦਿੱਤੀ ਜਾਂਦੀ ਹੈ, ਕਦੇ ਬਾਬਾ ਸਾਹਿਬ ਦੇ ਬੁੱਤ ਦੀ ਬੇਹੁਰਮਤੀ ਕੀਤੀ ਜਾਂਦੀ ਹੈ, ਕਦੇ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਤੋੜ ਦਿੱਤਾ ਜਾਂਦਾ ਹੈ। ਅਸਲ ਵਿਚ ਮਹਾਂਪੁਰਖਾਂ ਦੇ ਬੁੱਤ ਲਾਉਣ ਦਾ ਮਕਸਦ ਸਿਰਫ਼ ਇਹੀ ਹੁੰਦਾ ਹੈ ਕਿ ਉਨ੍ਹਾਂ ਦੀ ਯਾਦ ਤੇ ਉਨ੍ਹਾਂ ਦੇ ਕੀਤੇ ਕੰਮ ਸਾਡੀ ਸਿਮਰਤੀ ਦਾ ਹਿੱਸਾ ਬਣੇ ਰਹਿਣ। ਪਰ ਜਦੋਂ ਅਸੀਂ ਆਪਣੇ ਅੰਦਰ ਕਿਸੇ ਪ੍ਰਤੀ ਨਫ਼ਰਤ ਦਾ ਹਿੰਸਕ ਪੰਛੀ ਪਾਲ ਲੈਂਦੇ ਹਾਂ ਤਾਂ ਫਿਰ ਉਹਦਾ ਬੁੱਤ ਸਾਡੀ ਨਫ਼ਰਤ ਦਾ ਪਾਤਰ ਬਣ ਜਾਂਦਾ ਹੈ।

ਅਸੀਂ ਉਹਨੂੰ ਨੁਕਸਾਨ ਪਹੁੰਚਾ ਕੇ ਆਪਣੀ ਜਿੱਤ ਦਾ ਜਸ਼ਨ ਮਨਾ ਲੈਂਦੇ ਹਾਂ ਪਰ ਅਸਲ ਵਿਚ ਅਸੀਂ ਆਪਣੀ ਬਿਮਾਰ ਮਾਨਸਿਕਤਾ ਦਾ ਇਜ਼ਹਾਰ ਹੀ ਕਰ ਰਹੇ ਹੁੰਦੇ ਹਾਂ। ਬੁੱਤ ਨੇ ਨਾ ਤਾਂ ਬੋਲਣਾ ਹੁੰਦਾ ਹੈ ਨਾ ਕੋਈ ਪ੍ਰਤੀਕਿਰਿਆ ਜ਼ਾਹਰ ਕਰਨੀ ਹੁੰਦੀ ਹੈ। ਉਲਟਾ ਅਜਿਹਾ ਕਾਰਾ ਬੁੱਤ ਦੇ ਪੈਰੋਕਾਰਾਂ ਲਈ ਭੜਕਾਹਟ ਪੈਦਾ ਕਰਦਾ ਹੈ। ਫਿਰ ਦੰਗੇ, ਹਿੰਸਾ, ਨਫ਼ਰਤ, ਮਾਰ-ਧਾੜ ਤੇ ਅਖੀਰ ਰਾਜਨੀਤੀ ਦੀਆਂ ਰੋਟੀਆਂ ਹਿੰਸਾ ਦਾ ਸ਼ਿਕਾਰ ਹੋਈਆਂ ਲਾਸ਼ਾਂ 'ਤੇ ਸੇਕੀਆਂ ਜਾਂਦੀਆਂ ਹਨ। ਪਿਛੇ ਜਿਹੇ ਅਜਿਹਾ ਵਰਤਾਰਾ ਪ੍ਰਸਿੱਧ ਲੇਖਕ ਵਿਕਟਰ ਹਿਊਗੋ ਦੇ ਬੁੱਤ ਨਾਲ ਵਾਪਰਿਆ। ਜਨਰਲ ਜੋਸਫ਼ ਹਿਊਗੋ ਦੇ ਘਰ ਬੈਨਿਸਕਨ ਸ਼ਹਿਰ ਵਿਚ 26 ਫਰਵਰੀ, 1802 ਨੂੰ ਇਕ ਕਮਜ਼ੋਰ ਜਿਹੇ ਬੱਚੇ ਦਾ ਜਨਮ ਹੋਇਆ। ਨਾਂ ਰੱਖਣ ਦੀ ਰਸਮ ਪਿੱਛੋਂ ਇਸ ਕਮਜ਼ੋਰ ਜਿਹੇ ਬੱਚੇ ਦਾ ਨਾਂ ਵਿਕਟਰ ਭਾਵ ਜੇਤੂ ਰੱਖਿਆ ਗਿਆ। ਆਪਣੇ ਬਾਰੇ ਉਹ ਖ਼ੁਦ ਲਿਖਦਾ ਹੈ-

ਉੱਨ੍ਹੀਵੀਂ ਸਦੀ ਦੀ ਉਮਰ ਓਦੋਂ ਕੇਵਲ ਦੋ ਵਰ੍ਹਿਆਂ ਦੀ ਸੀ, ਜਦੋਂ ਪਹਿਲਾ ਨਪੋਲੀਅਨ ਆਪਣੀਆਂ ਜਿੱਤਾਂ ਕਰਕੇ ਸ਼ਹਿਨਸ਼ਾਹ ਨਪੋਲੀਅਨ ਦਾ ਰੂਪ ਧਾਰ ਰਿਹਾ ਸੀ। ਬੈਸਿਨਕਨ ਸ਼ਹਿਰ ਵਿਚ ਇਕ ਬੱਚੇ ਦਾ ਜਨਮ ਹੋਇਆ, ਜਿਸ ਦੇ ਖ਼ੂਨ ਵਿਚ ਦੋ ਵੱਖ ਵੱਖ ਸੂਬਿਆਂ ਦਾ ਅਸਰ ਸੀ। ਉਹਦੇ ਮੂੰਹ 'ਤੇ ਨਾ ਗੁਲਾਬੀ ਰੰਗ ਸੀ, ਨਾ ਉਹਦੇ ਨੈਣ ਨਕਸ਼ ਮਨ ਮੋਹਣੇ ਸਨ। ਉਹ ਬੱਚਾ ਅੰਨ੍ਹਾ ਤੇ ਗੁੰਗਾ ਸੀ। ਉਹਦੀ ਮਾਂ ਤੋਂ ਬਿਨਾਂ ਕਿਸੇ ਡਾਕਟਰ ਤੱਕ ਨੂੰ ਵੀ ਇਹ ਯਕੀਨ ਨਹੀਂ ਸੀ ਕਿ ਇਹ ਬੱਚਾ ਬਚ ਸਕੇਗਾ। ਬੱਚੇ ਨੂੰ ਆਪਣੀ ਛਾਤੀ ਨਾਲ ਲਾਈ, ਮਾਂ ਨੇ ਡਾਕਟਰ ਨੂੰ ਕਿਹਾ ਸੀ ਕਿ- ਇਹ ਬੱਚਾ ਬਚਣਾ ਚਾਹੀਦਾ, ਮੈਂ ਇਸ ਨੂੰ ਮਰਨ ਨਹੀਂ ਦਿਆਂਗੀ, ਹਰ ਹਾਲ ਵਿਚ ਇਹ ਜਿਉਂਦਾ ਰਹੇਗਾ।'' ਜ਼ਿੰਦਗੀ ਦੇ ਹੱਥ ਵਿਚ ਅਕਾਸ਼ ਦੇ ਸਫ਼ਿਆਂ

ਵਾਲੀ ਕਿਤਾਬ ਸੀ ਤੇ ਉਹ ਫਰਾਂਸ ਦੇ ਹਜ਼ਾਰਾਂ ਵਸਨੀਕਾਂ ਦੇ ਨਾਂ ਮਿਟਾਉਂਦੀ ਹੋਈ ਇਸ ਬੱਚੇ ਦਾ ਨਾਂ ਵੀ ਉਸ ਸਫ਼ੇ ਤੋਂ ਮਿਟਾਉਣ ਲਈ ਕਾਹਲੀ ਜਾਪ ਰਹੀ ਸੀ। ਪਰ ਇਸ ਦੀ ਸਿਆਹੀ ਕੁਝ ਪੱਕੀ ਸੀ। ਉਸ ਦੀ ਜ਼ਿੰਦਗੀ ਦਾ ਨਿੱਕਾ ਜਿਹਾ ਪਰਛਾਵਿਆਂ ਭਰਿਆ ਦਿਨ, ਕਾਲੀ ਬੋਲੀ ਰਾਤ ਆਪਣੀ ਬੁੱਕਲ ਵਿਚ ਉਹਨੂੰ ਲੈਣ ਲਈ ਅੱਗੇ ਵੱਧ ਰਹੀ ਸੀ ਤੇ ਚਾਹੁੰਦੀ ਸੀ ਕਿ ਇਸ ਰਾਤ ਤੋਂ ਬਾਅਦ ਕਦੇ ਸਵੇਰ ਨਾ ਆਏ। ਪਰ ਮਾਂ ਦੇ ਫ਼ੌਲਾਦੀ ਹੱਥਾਂ ਵਿਚੋਂ ਹੋਣੀ ਵੀ ਇਸ ਬੱਚੇ ਨੂੰ ਨਾ ਖੋਹ ਸਕੀ।”

ਇਹ ਸੀ ਉਸ ਜੇਤੂ ਦੀ ਹੋਣੀ ਜਿਸ ਨੇ ਸੰਸਾਰ ਨੂੰ ਸਾਹਿਤ ਵਿਚ ਇਕ ਨਿਵੇਕਲਾ ਪੈਗ਼ਾਮ ਦਿੱਤਾ ਤੇ ਉਹਦੀਆਂ ਲਿਖਤਾਂ ਪੜ੍ਹ ਕੇ ਅੱਜ ਵੀ ਸਿਰ ਉਹਦੀ ਸਿਮਰਤੀ ਵਿਚ ਝੁਕ ਜਾਂਦਾ ਹੈ। ਪਰ ਅਫ਼ਸੋਸ ਮਰਨ ਤੋਂ ਬਾਅਦ ਵੀ ਉਹਦੇ ਬੁੱਤ ਨੂੰ ਨਸਲੀ ਹਿੰਸਾ ਦਾ

ਸ਼ਿਕਾਰ ਹੋਣਾ ਪਿਆ, ਜਿਹੜਾ ਜਿਊਂਦੇ ਜੀਅ ਮਨੁੱਖਤਾ ਤੇ ਪਿਆਰ ਦੇ ਅਹਿਸਾਸਾਂ ਦੀਆਂ ਬਾਤਾਂ ਪਾਉਂਦਾ ਰਿਹਾ। 2003 ਵਿਚ ਉਹਦਾ ਬੁੱਤ ਉਹਦੇ ਸ਼ਹਿਰ ਦੇ ਸਿਟੀ ਹਾਲ ਦੇ ਬਾਹਰ ਲਾਇਆ ਗਿਆ ਸੀ। ਕਈ ਵਰ੍ਹਿਆਂ ਤੱਕ ਮੌਸਮਾਂ ਦੀ ਮਾਰ ਝੱਲਦਾ ਕਾਂਸੇ ਦਾ ਇਹ ਬੁੱਤ ਆਪਣੀ ਆਭਾ ਗੁਆ ਚੁੱਕਾ ਸੀ। ਮੇਅਰ ਦੀ ਨਿਗ੍ਹਾ ਬਦਰੰਗ ਹੋ ਗਏ ਇਸ ਬੁੱਤ ’ਤੇ ਜਦੋਂ ਇਕ ਦਿਨ ਪਈ ਤਾਂ ਉਹਨੇ ਇਹਨੂੰ ਪੁਰਾਣੀ ਨੁਹਾਰ ਦੇਣ ਦੀ ਠਾਣ ਲਈ। ਇਹਦੇ ਲਈ ਉਹਨੇ ਕੁਝ ਮਾਹਿਰਾਂ ਦੀ ਰਾਏ ਵੀ ਲਈ ਤੇ ਇਕ ਦਿਨ ਇਹਦੀ ਹਲਕੇ ਭੂਰੇ ਰੰਗ ਵਾਲੀ ਚਮਕ ਵਾਪਸ ਆ ਗਈ। ਪਰ ਇਸ ਚਮਕ ਨਾਲ ਨਸਲੀ ਵਿਵਾਦ ਜੋੜਨ ਲਈ ਇਕ ਟਿੱਪਣੀ ਹੀ ਕਾਫ਼ੀ ਸੀ, ਜਦੋਂ ਸਿਟੀ ਹਾਲ ਦੇ ਫੇਸਬੁੱਕ ਪੰਨੇ ’ਤੇ ਟਿੱਪਣੀ ਆਈ ਕਿ ਬੁੱਤ ਦੇ ਨਵੀਨੀਕਰਨ ਤੋਂ ਬਾਅਦ ਇਹਦੇ ’ਤੇ ਸੈਨੇਗਲ ਦੇ ਪ੍ਰਸਿੱਧ ਮੂਰਤੀਕਾਰ ਓਸਮਾਨ ਸਾਂ ਦੀ ਛਾਪ ਵਧੇਰੇ ਨਜ਼ਰ ਆ ਰਹੀ ਹੈ,

ਜਿਸ ਨੇ ਕਾਂਸੇ ਦੇ ਬੁੱਤ ਦੀ ਚਮਕ ਵਾਪਸ ਲਿਆਉਣ ਦੀ ਬਜਾਏ ਵਿਕਟਰ ਹਿਊਗੋ ਨੂੰ ਕਾਲੇ ਰੰਗ ਵਿਚ ਰੰਗਣ 'ਤੇ ਜ਼ਿਆਦਾ ਜ਼ੋਰ ਲਾਇਆ ਲੱਗਦਾ ਹੈ। ਹੁਣ ਇਹ ਮੂਰਤੀ ਵਿਕਟਰ ਹਿਊਗੋ ਦੀ ਬਜਾਏ ਮਾਰਗਨ ਫ੍ਰੀਮੈਨ ਦੀ ਜ਼ਿਆਦਾ ਲੱਗ ਰਹੀ ਹੈ।" ਨੈਸ਼ਨਲ ਰੇਡੀਓ ਤੇ ਨੈਸ਼ਨਲ ਮੀਡੀਏ ਨੇ ਇਹਦੀਆਂ ਕਵਰ ਸਟੋਰੀਆਂ ਬਣਾ ਕੇ ਪੇਸ਼ ਕੀਤੀਆਂ। ਟਾਊਨ ਹਾਲ ਦੇ ਸਵਿੱਚ ਬੋਰਡ 'ਤੇ ਅਣਜਾਣ ਕਾਲਾਂ ਦਾ ਹੜ੍ਹ ਆ ਗਿਆ ਤੇ ਅਖੀਰ ਇਹਨੂੰ ਬੰਦ ਕਰਨਾ ਪਿਆ। ਓਸਮਾਨ ਸਾਂ ਦੀ 2016 ਵਿਚ ਮੌਤ ਹੋ ਗਈ। ਇਸ ਲਈ ਉਹਦੀ ਪਤਨੀ ਕੋਲੋਂ ਇਸ ਬੁੱਤ ਬਾਰੇ ਰਾਏ ਮੰਗੀ ਗਈ। ਉਹਦਾ ਕਹਿਣਾ ਸੀ ਹੈ ਕਿ- ਓਸਮਾਨ ਨੇ ਜਾਣ ਬੁੱਝ ਕੇ ਅਜਿਹੀ ਕੋਈ ਕੋਸ਼ਿਸ਼ ਨਹੀਂ ਕੀਤੀ ਕਿ ਵਿਕਟਰ ਹਿਊਗੋ ਦਾ ਬੁੱਤ ਕਾਲਾ ਜਾਪੇ। ਉਹਦੀ ਇਮਾਨਦਾਰੀ 'ਤੇ ਸ਼ੱਕ ਕਰਨਾ ਬੇਵਕੂਫ਼ੀ ਹੈ।" ਵਿਕਟਰ ਹਿਊਗੋ ਦੇ ਬੁੱਤ ਨੂੰ ਦੁਬਾਰਾ ਕਾਲੇ ਤੋਂ ਗੋਰਾ ਬਣਾਉਣ ਦੀ ਯੋਜਨਾ ਬਣਾਈ

ਗਈ। ਹੁਣ ਉਹਦਾ ਅਸਲੀ ਗੋਰਾ ਰੰਗ ਵਾਪਸ ਲਿਆਉਣ ਦੀ ਕੋਸ਼ਿਸ਼ ਕੀਤੀ ਗਈ। ਪਰ ਇਹਦੇ ਨਾਲ ਸੋਸ਼ਲ ਮੀਡੀਏ 'ਤੇ ਨਸਲਵਾਦੀ ਰਾਜਨੀਤਕ ਬਹਿਸ ਸ਼ੁਰੂ ਹੋ ਗਈ। ਦੱਖਣਪੰਥੀਆਂ ਨੇ ਗਰੀਨ ਪਾਰਟੀ ਦੀ ਮੇਅਰ 'ਤੇ ਦੋਸ਼ ਲਾਇਆ ਕਿ ਉਹ ਵਿਕਟਰ ਹਿਊਗੋ ਵਰਗੇ ਫਰੈਂਚ ਨਾਇਕ ਨੂੰ ਆਪਣੀ ਰਾਜਨੀਤਕ ਸੋਚ ਅਨੁਸਾਰ ਦਿਖਾ ਰਹੀ ਹੈ। ਦੱਖਣ ਪੰਥੀ ਸੈਨੇਟਰ ਮੈਕਸ ਬ੍ਰਿਜਨ ਨੇ ਟਵਿਟਰ 'ਤੇ ਟਿੱਪਣੀ ਕਰਦਿਆਂ ਲਿਖਿਆ– "ਬੇਵਕੂਫ਼ੀ ਤੇ ਨਸਲਵਾਦੀ ਵਿਚਾਰਧਾਰਾ ਕਦੋਂ ਤੱਕ ਇਕੱਠੇ ਚਲਦੇ ਰਹਿਣਗੇ।" ਫੇਸਬੁੱਕ 'ਤੇ ਦੋਸ਼ ਪ੍ਰਤੀ ਦੋਸ਼ਾਂ ਦੇ ਸਿਲਸਿਲੇ ਤੇ ਨਫ਼ਰਤੀ ਟਿੱਪਣੀਆਂ ਦਾ ਨਤੀਜਾ ਸੀ ਕਿ ਇਕ ਰਾਤ ਮੂੰਹ ਬੰਨ੍ਹੀ ਆਏ ਕੁਝ ਲੋਕਾਂ ਨੇ ਹਿਊਗੋ ਦੇ ਬੁੱਤ 'ਤੇ ਸਫ਼ੈਦ ਰੰਗ ਮਲ ਦਿੱਤਾ। ਇਸ ਤੋਂ ਦੋ ਦਿਨ ਬਾਅਦ ਵਾਰ ਮੈਮੋਰੀਅਲ ਕੋਲ ਓਸਮਾਨ ਸਾਂ ਦੁਆਰਾ ਬਣਾਈ ਗਈ ਇਕ ਹੋਰ ਮੂਰਤੀ 'ਹੋਪ' ਨੂੰ ਵੀ ਸਫ਼ੈਦ ਰੰਗ ਵਿਚ

ਰੰਗ ਦਿੱਤਾ। ਇਸ ਵਾਰ ਮੇਅਰ ਐਨੀ ਵਿਗਨਾਟ ਨੇ ਟਿੱਪਣੀ ਕਰਦਿਆਂ ਲਿਖਿਆ- “ਇਹ ਸਾਰਾ ਨੈਰੇਟਿਵ ਸਾਡੇ ਸਮਾਜ ਵਿਚਲੇ ਨਸਲੀ ਸੰਕਟ ਤੇ ਲੋਕਾਂ ਦੀ ਬਿਮਾਰ ਮਾਨਸਿਕਤਾ ਨੂੰ ਪ੍ਰਗਟਾ ਰਿਹਾ ਹੈ। ਮੈਂ ਸਮਾਜ ਵਿਚਲੀ ਇਸ ਨਸਲੀ ਸੋਚ ਖ਼ਿਲਾਫ਼ ਹਮੇਸ਼ਾ ਲੜਦੀ ਰਹਾਂਗੀ।” ਦੂਸਰੇ ਪਾਸੇ ਪੈਰਿਸ ਦੇ ਇਕ ਪ੍ਰੋਫੈਸਰ ਐਕਸਐਲ ਸਲਵਾਡੋਰ ਦਾ ਕਥਨ ਹੈ ਕਿ-ਮੇਅਰ ਤੇ ਬੁੱਤ ਦਾ ਨਵੀਨੀਕਰਨ ਕਰਨ ਵਾਲੇ ਦੋਵੇਂ ਸਮਾਜ ’ਤੇ ਆਪਣੀ ਵਿਚਾਰਧਾਰਾ ਥੋਪਣ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਚਿੰਤਾਜਨਕ ਹੈ। ਉਹਦੇ ਅਨੁਸਾਰ ਦੱਖਣ ਪੰਥੀ ਟੋਲਾ ਓਨਾ ਖ਼ਤਰਨਾਕ ਨਹੀਂ ਜਿੰਨੀਆਂ ਸਰਕਾਰ ਤੇ ਪ੍ਰਸ਼ਾਸਨ ਵਿਚ ਬੈਠੇ ਲੋਕਾਂ ਵੱਲੋਂ ਆਪਣੀ ਚਮੜੀ ਬਚਾਉਣ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਹਨ।

ਪੋਸਟ ਸਕਰਿਪਟ

ਹਰ ਵਾਰ ਹੀ ਅਜਿਹਾ ਕਿਉਂ ਹੁੰਦਾ ਹੈ

ਕਿ ਸੱਚ ਦਾ ਕਤਲੇਆਮ ਕਰ

ਭਿੜ ਜਾਂਦੀਆਂ ਨੇ ਗਲੀਆਂ ਸੜੀਆਂ ਸੋਚਾਂ

ਬੇਸਿਰੇ ਧੜਾਂ ’ਤੇ ਉੱਗ ਆਉਂਦੀਆਂ ਨੇ

ਖ਼ੂਨੀ ਦਰਿਆਵਾਂ ਦੀਆਂ ਇਬਾਰਤਾਂ

ਹਰ ਵਾਰ ਹੀ ਅਜਿਹਾ ਕਿਉਂ ਹੁੰਦਾ ਹੈ

ਕਿ ਇਕ ਅਗਨ ਟਿੱਪਣੀ ਲੂਹ ਦੇਂਦੀ ਹੈ

ਹੱਸਦੇ, ਵੱਸਦੇ, ਸਾਹ ਲੈਂਦੇ ਸੰਸਾਰ ਨੂੰ

ਤੇ ਬਚੀ ਰਹਿ ਜਾਂਦੀ ਹੈ ਸਵਾਲਾਂ ਦੀ ਰਾਖ

ਜਿਸ ਦੇ ਉੱਤਰ ਲੱਭਣ ਲਈ ਫਿਰ ਬਾਲੀ ਜਾਂਦੀ ਹੈ

ਨਫ਼ਰਤਾਂ ਦੀ ਅੱਗ

ਤਾਂ ਕਿ ਰੰਗਾਂ, ਜਾਤਾਂ, ਨਸਲਾਂ ਦੀ

ਚਮਕ ਦਮਕ ਕਾਇਮ ਰੱਖੀ ਜਾ ਸਕੇ...

7

ਗੋਲੀ ਵਿੰਨ੍ਹੀ ਕਿਤਾਬ

ਪੰਜਾਬੀ ਦੇ ਆਦਿ ਕਵੀ ਬਾਬਾ ਫ਼ਰੀਦ ਦੇ ਆਗਮਨ ਪੁਰਬ ਨਾਲ ਸੰਬੰਧਿਤ ਪੁਸਤਕ ਮੇਲੇ ਵਿਚ ਦੋ ਦਿਨ ਜਾਣ ਦਾ ਸਬੱਬ ਬਣਿਆ। ਕਈ ਨਵੇਂ ਪੁਰਾਣੇ ਮਿੱਤਰਾਂ ਤੇ ਬਹੁਤ ਸਾਰੇ ਵਿਦਿਆਰਥੀਆਂ ਨਾਲ ਮੇਲ ਮੁਲਾਕਾਤ ਹੋਈ। ਸਾਹਿਤ, ਸਮਾਜ ਤੇ ਅਕਾਦਮਿਕ ਗੱਲਾਂ ਹੋਈਆਂ। ਵੱਡੀ ਗਿਣਤੀ ਵਿਚ ਕਿਤਾਬਾਂ ਗਰਮ ਗਰਮ ਪਕੌੜਿਆਂ ਤੇ ਜਲੇਬੀਆਂ ਵਾਂਗ ਮੇਜ਼ਾਂ ’ਤੇ ਸਜਾਈਆਂ ਹੋਈਆਂ ਸਨ। ਪਾਠਕ, ਲੇਖਕ, ਅਧਿਆਪਕ, ਵਿਦਿਆਰਥੀ ਮਨ ਮਰਜ਼ੀ ਦੀਆਂ ਕਿਤਾਬਾਂ ਦੇਖਦੇ, ਟਿੱਪਣੀਆਂ ਕਰਦੇ ਬੱਦਲਾਂ ਵਾਂਗ ਅੱਗੇ ਲੰਘ ਜਾਂਦੇ। ਮੈਂ ਜਦੋਂ ਵੀ ਕਿਸੇ ਪੁਸਤਕ ਮੇਲੇ ਵਿਚ ਜਾਂਦਾ ਹਾਂ ਤਾਂ ਕੋਸ਼ਿਸ਼ ਹੁੰਦੀ ਹੈ ਆਪਣੇ ਸੁਹਜ ਸੁਆਦ ਦੀ ਕੋਈ ਕਿਤਾਬ ਲੱਭ ਜਾਵੇ। ਬਕੌਲ

ਕਾਫਕਾ ਦੇ ਅਜਿਹੀ ਕਿਤਾਬ ਜੋ ਟਿੰਡ ਵਿਚ ਚਿੱਬ ਪਾ ਦੇਵੇ, ਸੋਚਣ ਲਈ ਮਜਬੂਰ ਕਰ ਦੇਵੇ ਲੱਗੇ ਕਿ ਕੁਝ ਵਾਪਰ ਗਿਆ ਹੈ, ਕਿਸੇ ਨਵੀਂ ਦਿਸ਼ਾ ਨੇ ਮੂੰਹ ਵਿਖਾਲੀ ਦਿੱਤੀ ਹੈ। ਪਰ ਕਿਤਾਬਾਂ ਫੋਲ ਫੋਲ ਕੇ ਇਕ ਵੀ ਕਿਤਾਬ ਅਜਿਹੀ ਨਹੀਂ ਲੱਭੀ ਜੋ ਰੂਹ ਨੂੰ ਝੰਜੋੜ ਦੇਵੇ, ਮੱਥੇ ਵਿਚ ਬਲਦੀ ਲੀਕ ਵਾਂਗ ਸੁਲਗ ਉੱਠੇ। ਖ਼ੈਰ! ਕੁਝ ਕਿਤਾਬਾਂ ਲੈ ਕੇ ਸ਼ਗਨ ਜ਼ਰੂਰ ਕੀਤਾ ਕਿਉਂਕਿ ਬਾਬਾ ਜੀ ਦੇ ਦਰਬਾਰ ਵਿਚੋਂ ਖ਼ਾਲੀ ਮੁੜਨਾ ਚੰਗਾ ਨਹੀਂ ਹੁੰਦਾ। ਇਹ ਜ਼ਰੂਰ ਹੈ ਕਿ ਚੰਗੀ, ਮਨ ਮਰਜ਼ੀ ਦੀ ਕਿਤਾਬ ਮਿਲ ਜਾਵੇ ਤਾਂ ਮਨ ਖਿੜ ਜਾਂਦਾ ਹੈ, ਬੁੱਕਲ ਵਿਚ ਉਹਦਾ ਅਨੋਖਾ ਨਿੱਘ ਮਨ ਨੂੰ ਹੁਲਾਰਾ ਦੇਂਦਾ ਹੈ। ਜੇ ਚੰਗੀ ਮਨ ਮਰਜ਼ੀ ਦੀ ਕਿਤਾਬ ਨਾ ਮਿਲੇ ਤਾਂ ਮਨ ਉਦਾਸ ਹੋ ਜਾਂਦਾ ਹੈ। ਕੱਲ੍ਹ ਮੈਂ ਉਦਾਸੀ ਵਿਚ ਬੈਠਾ ਸੋਚ ਰਿਹਾ ਸਾਂ ਕਿ ਮੇਰੇ ਮਨ ਪਸੰਦ ਲੇਖਕ ਐਦੂਆਰਦੋ ਗਲੇਨੀਓ ਦੀ ਕਿਤਾਬ ਬਾਰੇ ਇਕ ਕਥਾ ਯਾਦ ਆ ਗਈ। ਉਹ ਲਿਖਦੇ ਹਨ ਕਿ-ਜੇਮਜ਼ ਕਾਂਤੇਰੋ ਨੇ ਸੰਨ 2009

ਵਿਚ ਮੈਨੂੰ ਇਕ ਖ਼ਤ ਲਿਖਿਆ। ਉਹ ਮੇਰੇ ਵਾਂਗ ਹੀ ਉਰੂਗਾਈ ਹੈ ਤੇ ਫੁੱਟਬਾਲ ਦਾ ਚੰਗਾ ਖਿਡਾਰੀ, ਜੋ ਬਣਨ ਬਾਰੇ ਮੈਂ ਵੀ ਕਦੇ ਸੁਪਨਾ ਸੰਜੋਇਆ ਸੀ। ਮੈਂ ਕਦੇ ਵੀ ਉਹਨੂੰ ਨਹੀਂ ਮਿਲਿਆ। ਉਹਨੇ ਖ਼ਤ ਵਿਚ ਮੈਨੂੰ ਲਿਖਿਆ ਕਿ ਉਹਦੇ ਕੋਲ ਮੇਰੀ ਕੋਈ ਅਮਾਨਤ ਪਈ ਹੈ। ਤੇ ਉਹਨੇ ਉਹ ਮੈਨੂੰ ਸੌਂਪ ਦਿੱਤੀ। ਉਹ ਮੇਰੀ ਹੀ ਕਿਤਾਬ ‘ਓਪਨ ਵੇਨਜ਼ ਆਫ਼ ਲੈਟਿਨ ਅਮਰੀਕਾ’ ਦਾ ਇਕ ਪੁਰਾਣਾ ਸੰਸਕਰਨ ਸੀ ਜੋ ਅਲ ਸਲਵਾਡੋਰ ਦੀ ਫ਼ੌਜ ਦੇ ਇਕ ਕੈਪਟਨ ਨੇ ਕੁਝ ਵਰ੍ਹੇ ਪਹਿਲਾਂ ਉਹਨੂੰ ਦਿੱਤਾ ਸੀ। ਉਦੋਂ ਤੋਂ ਇਸ ਕਿਤਾਬ ਨੇ ਅੱਧੀ ਦੁਨੀਆ ਦਾ ਸਫ਼ਰ ਕਰ ਲਿਆ ਤੇ ਜੇਮਜ਼ ਦੀ ਫੁੱਟਬਾਲ ਘੁਮੱਕੜੀ ਵਿਚ ਇਹ ਕਿਤਾਬ ਉਹਦੇ ਨਾਲ ਨਾਲ ਰਹੀ। “ਇਹਨੂੰ ਤੇਰੀ ਤਲਾਸ਼ ਸੀ।” ਕਿਤਾਬ ਮੈਨੂੰ ਦਿੰਦਿਆਂ ਉਹਨੇ ਕਿਹਾ। “ਇਹਨੂੰ ਉਮੀਦ ਸੀ ਕਿ ਇਹ ਤੈਨੂੰ ਇਕ ਦਿਨ ਲੱਭ ਲਵੇਗੀ।” ਕਿਤਾਬ ਜਾਨਲੇਵਾ ਤਰੀਕੇ ਨਾਲ ਜ਼ਖ਼ਮੀ ਸੀ – ਗੋਲੀ ਲੱਗਣ ਨਾਲ

ਹੋਇਆ ਛੇਕ ਸਾਹਮਣੇ ਵਾਲੀ ਜਿਲਦ ਵਿਚੋਂ ਆਰ ਪਾਰ ਹੋ ਗਿਆ ਸੀ। ਕੈਪਟਨ ਨੂੰ ਇਹ ਕਿਤਾਬ ਮਾਰੇ ਗਏ ਇਕ ਗੁਰੀਲੇ ਦੇ ਥੈਲੇ ਵਿਚੋਂ ਮਿਲੀ ਸੀ। ਇਹ ਗੁਰੀਲਾ 1984 ਦੇ ਅਖੀਰ ਵਿਚ ਚਲਾਤੇਨਾਂਗੋ ਦੀ ਲੜਾਈ ਵਿਚ ਮਾਰੇ ਗਏ ਛਾਪਾਮਾਰਾਂ ਵਿਚੋਂ ਇਕ ਸੀ। ਸਿਵਾਏ ਕਿਤਾਬ ਦੇ ਉਹਦੇ ਝੋਲੇ ਵਿਚ ਹੋਰ ਕੁਝ ਵੀ ਨਹੀਂ ਸੀ। ਕੈਪਟਨ ਇਹ ਨਹੀਂ ਦਸ ਸਕਿਆ ਕਿ ਉਹ ਕਿਤਾਬ ਉਹਨੇ ਉਹਦੇ ਝੋਲੇ ਵਿਚੋਂ ਕਿਉਂ ਕੱਢੀ ਜਾਂ ਉਹਨੂੰ ਸੰਭਾਲ ਕੇ ਕਿਉਂ ਰੱਖਿਆ ਤੇ ਜੇਮਜ਼ ਇਹ ਵੀ ਨਹੀਂ ਦਸ ਸਕਿਆ ਕਿ ਦੇਸ਼ ਬਦੇਸ਼ ਦੀਆਂ ਯਾਤਰਾਵਾਂ ਵਿਚ ਫਿਰਦਿਆਂ ਉਹ ਇਸ ਕਿਤਾਬ ਨੂੰ ਆਪਣੇ ਨਾਲ ਕਿਉਂ ਲੈ ਗਿਆ। ਮੂਲ ਤੱਥ ਇਹ ਹੈ ਕਿ ਚੌਥਾਈ ਸਦੀ ਤੱਕ ਘੁੰਮਦੀ ਇਹ ਕਿਤਾਬ ਮੇਰੇ ਹੱਥਾਂ ਵਿਚ ਪਹੁੰਚੀ। ਤੇ ਹੁਣ ਇਹ ਮੇਰੇ ਹੱਥਾਂ ਵਿਚ ਜ਼ਖ਼ਮੀ ਤਿਤਲੀ ਵਾਂਗ ਬੈਠੀ ਹੋਈ ਹੈ। ਉਸ ਗੁਮਨਾਮ ਗੁਰੀਲੇ ਦਾ ਹੋਰ ਕੁਝ ਵੀ ਬਾਕੀ ਨਹੀਂ ਬਚਿਆ। ਮੈਨੂੰ ਲੱਗ ਰਿਹਾ

ਗੋਲੀ ਨਾਲ ਵਿੰਨ੍ਹੀ ਇਹ ਕਿਤਾਬ ਜਿਵੇਂ ਉਹਦੀ ਦੇਹ ਹੋਵੇ। ਜਾਂ ਸਿਕੰਦਰ ਦੀ ਦੇਹ ਕੋਲ ਪਈ ਇਲਿਆਦ ਹੋਵੇ ਜਿਸ ਨੂੰ ਉਹਨੇ ਸਾਰੀ ਉਮਰ ਆਪਣੇ ਅੰਗ ਸੰਗ ਰੱਖਿਆ। ਉਹਦੇ ਲਈ ਇਹ ਜਾਨ ਤੋਂ ਵੀ ਪਿਆਰੀ ਸੀ।

ਪੋਸਟ ਸਕਰਿਪਟ

ਕੀ ਮੈਂ ਵੀ ਕਿਤੇ ਕੋਈ ਛਲਨੀ ਹੋਈ ਕਿਤਾਬ ਤਾਂ ਨਹੀਂ ਸੀ ਲੱਭ ਰਿਹਾ? ਭਾਵੇਂ ਉਹ ਮੇਰੀ ਨਾ ਸਹੀ ਕਿਸੇ ਹੋਰ ਦੀ ਹੋਵੇ।ਉਹ ਚਿੱਬ ਤਾਂ ਪਾਏਗੀ, ਸੋਚਣ ਲਈ ਅੱਧੀ ਅੱਧੀ ਰਾਤ ਤੱਕ ਜਾਗਣ ਦਾ ਹੋਕਾ ਦੇਵੇਗੀ। ਤਲਾਸ਼ ਹੈ ਉਸ ਕਿਤਾਬ ਦੀ। ਇਸ ਮੇਲੇ ’ਚੋਂ ਨਾ ਸਹੀ ਕਿਸੇ ਹੋਰ ਮੇਲੇ ’ਚੋਂ ਸਹੀ। ਅਜਿਹੀਆਂ ਕਿਤਾਬਾਂ ਉਡੀਕ ਰਹੀਆਂ ਹੁੰਦੀਆਂ ਹਨ ਕਿਉਂਕਿ ਕਿਤਾਬਾਂ ਖ਼ੁਦਕੁਸ਼ੀ ਨਹੀਂ ਕਰਦੀਆਂ ਨਾ ਹਾਰਾਕਿਰੀ ਕਰਦੀਆਂ ਹਨ। ਇਨ੍ਹਾਂ ਦੀ ਉਮਰ ਲੋਕ ਗੀਤ ਜਿੰਨੀ

ਲੰਮੀ ਹੁੰਦੀ ਹੈ। ਸਿਰਫ਼ ਅੱਖ ਅਰਜਨ ਦੀ ਹੋਣੀ ਚਾਹੀਦੀ ਹੈ ਜੋ ਮੱਛੀ ਦੀ ਅੱਖ ਵਿਚ ਅੱਖ ਪਾ ਸਕੇ।

8

ਬੱਚਿਆਂ ਦਾ ਸ਼ਬਦ-ਕੋਸ਼

ਬੱਚੇ ਮਨੁੱਖ ਲਈ ਕੁਦਰਤ ਦਾ ਵਰਦਾਨ ਹਨ। ਜਦੋਂ ਦੀ ਪ੍ਰਕਿਰਤੀ ਹੋਂਦ ਵਿਚ ਆਈ ਹੈ ਅਨੇਕਾਂ ਸੰਸਾਰ ਵਿਕਸਤ ਹੋ ਗਏ। ਮਸਲਨ ਪੰਛੀਆਂ ਦਾ ਸੰਸਾਰ, ਮੱਛੀਆਂ ਦਾ ਸੰਸਾਰ, ਪੌਦਿਆਂ-ਜੰਗਲਾਂ ਦਾ ਸੰਸਾਰ, ਤਾਰਿਆਂ ਦਾ ਸੰਸਾਰ, ਮਨੁੱਖਾਂ ਦਾ ਸੰਸਾਰ, ਨਦੀਆਂ, ਨਾਲਿਆਂ ਦਾ ਸੰਸਾਰ ਭਾਵ ਏਨੇ ਸੰਸਾਰ ਹਨ ਜਿਨ੍ਹਾਂ ਦੀ ਗਿਣਤੀ ਕਰਨੀ ਮੁਸ਼ਕਲ ਹੈ। ਹਰ ਸੰਸਾਰ ਆਪਣਾ ਵਾਧਾ ਕਰਕੇ ਪ੍ਰਕਿਰਤੀ ਨੂੰ ਚਲਾਇਮਾਨ ਰੱਖਦਾ ਹੈ। ਬੱਚਿਆਂ ਦਾ ਸੰਸਾਰ ਵੱਖਰੀ ਭਾਂਤ ਦਾ ਹੈ। ਜਦੋਂ ਕੋਈ ਬੱਚਾ ਸੰਸਾਰ 'ਤੇ ਜਨਮ ਲੈਂਦਾ ਹੈ ਤਾਂ ਉਹ ਇਕ ਨਵੀਂ ਸੋਚ ਲੈ ਕੇ ਆਉਂਦਾ ਹੈ। ਏਸੇ ਕਰਕੇ ਵਿਗਿਆਨੀ ਕਹਿੰਦੇ ਹਨ ਕਿ ਜੰਮਦੇ ਬੱਚੇ ਕੋਲ ਦਿਮਾਗ਼ੀ ਤੌਰ 'ਤੇ ਗਿਆਨ ਦਾ ਅਖੁੱਟ

ਭੰਡਾਰ ਹੁੰਦਾ ਹੈ। ਜਿਵੇਂ ਜਿਵੇਂ ਬੱਚਾ ਵਿਕਸਤ ਹੁੰਦਾ ਉਹਦੀ ਗਿਆਨ ਪ੍ਰਗਟਾਉਣ ਦੀ ਸਮਰੱਥਾ ਵਧਦੀ ਜਾਂਦੀ ਹੈ। ਬੱਚਾ ਇਸ ਸੰਸਾਰ ਨੂੰ ਆਪਣੀ ਦ੍ਰਿਸ਼ਟੀ ਨਾਲ ਵੇਖਦਾ ਤੇ ਫ਼ੈਸਲੇ ਕਰਦਾ ਹੈ। ਪਰ ਅਫ਼ਸੋਸ ਵੱਡਿਆਂ ਦੀ ਦੁਨੀਆ ਬੱਚੇ ਦੇ ਸੰਸਾਰ ਨੂੰ ਸਮਝਣ ਤੋਂ ਅਸਮਰਥ ਹੈ। ਵੱਡਿਆਂ ਦੀ ਦੁਨੀਆ ਬੱਚੇ 'ਤੇ ਆਪਣੀ ਧੌਂਸ ਠੋਸਦੀ ਹੈ ਜਿਸ ਕਰਕੇ ਬਹੁਤੀ ਵਾਰੀ ਬੱਚੇ ਆਪਣੇ ਗਿਆਨ ਤੋਂ ਪਰਾਹੇ ਜਾਂਦੇ ਹਨ। ਜਿਨ੍ਹਾਂ ਨੇ ਬੱਚਿਆਂ ਦੇ ਸੰਸਾਰ ਦੀ ਘੋਖ ਕੀਤੀ ਹੈ ਉਨ੍ਹਾਂ ਨੇ ਬੜੇ ਸੁਨਹਿਰੀ ਕਿਣਕੇ ਲੱਭੇ ਹਨ ਜੋ ਉਸ ਸੰਸਾਰ ਬਾਰੇ ਸਾਨੂੰ ਦੱਸਦੇ ਹਨ। ਕੋਲੰਬੀਆ ਦੇ ਆਂਤੀਓਕੀਆ ਦੇ ਸਕੂਲਾਂ ਵਿਚੋਂ ਖਾਵੀਐਰ ਤੇ ਦੂਸਰੇ ਅਧਿਆਪਕਾਂ ਨੇ ਬੱਚਿਆਂ ਦੇ ਸ਼ਬਦ ਗਿਆਨ ਦੀਆਂ ਵੱਖਰੀਆਂ ਪਰਿਭਾਸ਼ਾਵਾਂ ਖ਼ੋਜੀਆਂ ਹਨ ਜੋ ਬੜੀਆਂ ਦਿਲਚਸਪ ਹਨ, ਮਸਲਨ – ਮੂੰਹ-ਖ਼ੁਦਾ ਨੇ ਭੋਜਨ ਚਬਾਉਣ ਲਈ ਇਹ ਸਾਨੂੰ ਦਿੱਤਾ ਪਰ ਅਸੀਂ ਇਸ ਦਾ ਇਸਤੇਮਾਲ ਗੱਲਾਂ ਕਰਨ

ਤੇ ਬਣਾਉਣ ਲਈ ਕਰਦੇ ਹਾਂ। ਬਾਰਸ਼- ਇਹ ਮਸੀਹ ਹੈ, ਜਦੋਂ ਉਹ ਪਿਸ਼ਾਬ ਕਰਦੇ ਹਨ। ਸ਼ੈਤਾਨ – ਇਹ ਸਭ ਤੋਂ ਵੱਡਾ ਦੁਮੂੰਹਾ ਹੈ। ਦੂਰੀ- ਇਹ ਤਦੋਂ ਆਉਂਦੀ ਹੈ ਜਦੋਂ ਕੋਈ ਕਿਸੇ ਨੂੰ ਛੱਡ ਜਾਂਦਾ ਹੈ। ਰੂਹ- ਇਹ ਦੂਸਰੀ ਦੇਹ ਹੈ, ਜੋ ਮੌਤ ਤੋਂ ਬਾਅਦ ਜਿੰਦਾ ਰਹਿੰਦੀ ਹੈ। ਜੰਗ- ਜਦੋਂ ਲੋਕ ਧਰਤੀ ਦੇ ਇਕ ਟੋਟੇ ਜਾਂ ਅਮਨ ਦੇ ਇਕ ਟੋਟੇ ਲਈ ਇਕ ਦੂਜੇ ਦੀਆਂ ਜਾਨਾਂ ਲੈਂਦੇ ਹਨ। ਚਰਚ- ਜਿੱਥੇ ਲੋਕ ਖ਼ੁਦਾ ਨੂੰ ਮੁਆਫ਼ ਕਰਨ ਜਾਂਦੇ ਹਨ। ਚੰਨ- ਇਹ ਉਹੀ ਹੈ ਜੋ ਸਾਨੂੰ ਸੌਣ ਲਈ ਰਾਤਾਂ ਦੇਂਦਾ ਹੈ। ਬ੍ਰਹਿਮੰਡ – ਸਿਤਾਰਿਆਂ ਦਾ ਘਰ।

ਪੋਸਟ ਸਕਰਿਪਟ

ਸਾਨੂੰ ਬੱਚਿਆਂ ਕੋਲ ਬਹਿ ਕੇ ਉਨ੍ਹਾਂ ਨੂੰ ਸੁਣਨਾ ਚਾਹੀਦਾ ਹੈ। ਉਨ੍ਹਾਂ ਦੇ ਨਵੇਂ ਗਿਆਨ ਨੂੰ ਫੜਨਾ ਚਾਹੀਦਾ ਹੈ। ਬੱਚਾ ਬਣਨ ਨਾਲ ਅਸੀਂ ਹਉਮੈ ਮੁਕਤ ਹੋ ਜਾਂਦੇ ਹਾਂ ਤੇ ਬਕੌਲ ਬਾਬਾ ਜੀ ਸਾਰੀ ਦੁਨੀਆ

ਏਸੇ ਇਕ ਬਿਮਾਰੀ ਵਿਚ ਹੀ ਗ੍ਰਸੀ ਹੋਈ ਹੈ।”

“ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ।।”

9

ਚੰਦਰਮਾ ਦੇ ਦਰਸ਼ਨ ਦੀਦਾਰੇ

ਚਾਰੇ ਪਾਸੇ ਚੰਦਰਯਾਨ ਦਾ ਹੋ-ਹੱਲਾ ਮੱਚਿਆ ਹੋਇਐ, ਇੰਜ ਲਗਦੈ ਜਿਵੇਂ ’24 ਦੀਆਂ ਚੋਣਾਂ ਅਗੇਤੀਆਂ ਆ ਗਈਆਂ ਹੋਣ ਤੇ ਚੰਦਰਮਾ ’ਤੇ ਚੜ੍ਹ ਕੇ ਬਿਗਲ ਵਜਾਇਆ ਜਾ ਰਿਹਾ ਹੋਵੇ। ਜਿਨ੍ਹਾਂ ਨੇ ਇਸ ਧਰਤੀ ਨੂੰ ਬਰਬਾਦ ਕੀਤਾ ਕਿਸੇ ਦਿਨ ਉਹ ਵਿਚਾਰੇ ਚੰਦਰਮਾ ਦੀ ਵੀ ਸ਼ਾਮਤ ਲਿਆ ਦੇਣਗੇ। ਚੰਦਰਮਾ ਇਕ ਖ਼ੂਬਸੂਰਤ ਠੰਢਾ ਗ੍ਰਹਿ ਹੈ। ਸਦੀਆਂ ਤੋਂ ਇਹ ਮਨੁੱਖ ਦੇ ਸੁਹਜ ਸੁਆਦ ਨੂੰ ਤ੍ਰਿਪਤ ਕਰਦਾ ਆ ਰਿਹਾ ਹੈ। ਲੇਖਕਾਂ, ਕਵੀਆਂ, ਪੇਂਟਰਾਂ, ਗੁਣੀ ਗਿਆਨੀਆਂ, ਲੋਕ-ਧਾਰਾ ਦੇ ਸਿਰਜਣਹਾਰਿਆਂ ਨੇ ਇਸ ਨੂੰ ਆਪਣੀ ਆਪਣੀ ਅੱਖ ਨਾਲ ਵੇਖ ਕੇ ਇਹਦੀ ਸੁੰਦਰਤਾ ਨੂੰ ਮਨਮੋਹਨੇ ਰੂਪ ਵਿਚ ਪੇਸ਼ ਕੀਤਾ ਹੈ। ਮਿੱਥਾਂ ਨੇ ਇਸ ਨੂੰ ਦੇਵ ਦਾ

ਰੁਤਬਾ ਦਿੱਤਾ ਹੈ। ਕਿਹਾ ਜਾਂਦਾ ਹੈ ਕਿ ਜਦੋਂ ਰੱਬ ਨੇ ਕਾਇਨਾਤ ਸਿਰਜੀ ਤਾਂ ਏਥੇ ਰੰਗ-ਰਸ-ਗੰਧ-ਕਾਮਨਾ ਬਿਲਕੁਲ ਨਹੀਂ ਸੀ। ਰੱਬ ਨੇ ਇਹ ਸ਼ੈਆਂ ਸਿਰਜਣ ਲਈ ਚੰਦਰਮਾ ਨੂੰ ਘੜਿਆ। ਤਦੋਂ ਹੀ ਕਾਇਨਾਤ ਵਿਚ ਵਾਧਾ ਹੋਣ ਲੱਗਾ। ਏਸੇ ਕਰਕੇ ਚੰਦਰਮਾ ਨੂੰ ਉਤਪਾਦਕਤਾ ਦਾ ਸ੍ਰੋਤ ਮੰਨਿਆ ਜਾਂਦਾ ਹੈ। ਚੰਦਰਮਾ ਦੇ ਇਸ ਗੁਣ ਕਰਕੇ ਹੀ ਸ਼ਾਇਦ ਪੰਜਾਬੀ ਅਵਾਮ ਨੇ ਬੋਲੀ ਘੜੀ- 'ਚੰਨ ਗੋਰੀਆਂ ਰੰਨਾਂ ਦੇ ਪੱਟ ਦੇਖੇ, ਸੂਰਜ ਤਪ ਕਰਦਾ।'ਚੰਦਰਮਾ ਨੂੰ ਹੀ ਧਰਤੀ 'ਤੇ ਰਸ, ਰੰਗ, ਕਾਮਨਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਜਰਮਨੀ ਦੇ ਉੱਘੇ ਫ਼ਿਲਾਸਫ਼ਰ ਇਮੈਨੂਅਲ ਕਾਂਤ ਨਾਲ ਵੀ ਚੰਦਰਮਾ ਦਾ ਇਕ ਕਿੱਸਾ ਜੁੜਿਆ ਹੋਇਆ ਹੈ। ਉਹ ਇਕ ਘਰ ਵਿਚ ਲੰਮੇ ਸਮੇਂ ਤੋਂ ਰਹਿ ਰਿਹਾ ਸੀ। ਜਿਵੇਂ ਪੁਰਾਣੇ ਘਰਾਂ ਵਿਚ ਹੁੰਦਾ ਸੀ ਕਿ ਇਕ ਖਿੜਕੀ ਅਕਾਸ਼ ਵੱਲ ਖੁੱਲ੍ਹੀ ਰੱਖੀ ਜਾਂਦੀ ਸੀ ਜਿਸ ਵਿਚੋਂ ਅਕਸਰ ਵਧਦਾ ਘਟਦਾ ਚੰਨ ਝਾਤੀਆਂ ਮਾਰਦਾ ਰਹਿੰਦਾ

ਸੀ, ਕਦੇ ਸ਼ਾਮਾਂ ਨੂੰ, ਕਦੇ ਰਾਤਾਂ ਨੂੰ, ਕਦੇ ਤੜਕੇ। ਕਾਂਤ ਦੀ ਇਹ ਆਦਤ ਸੀ ਕਿ ਉਹ ਘੰਟਿਆਂ ਬੱਧੀ ਖਿੜਕੀ ਵਿਚ ਬੈਠਾ ਚੰਨ ਨੂੰ ਨਿਹਾਰਦਾ ਰਹਿੰਦਾ। ਉਹ ਅਕਾਸ਼ ਦੀਆਂ ਵਿਸ਼ਾਲ ਇਕਾਈਆਂ ਵਿਚ ਗੁਆਚ ਜਾਂਦਾ। ਉਹਨੂੰ ਲੱਗਦਾ ਜਿਵੇਂ ਉਹ ਆਪ ਫੈਲ ਗਿਆ ਹੈ। ਉਹ ਪੂਰੇ ਦੇ ਪੂਰੇ ਅਕਾਸ਼ ਨੂੰ ਆਪਣੇ ਅੰਦਰ ਸਮੋ ਲੈਣਾ ਚਾਹੁੰਦਾ। ਜਿਹੜਾ ਵੀ ਉਹਨੂੰ ਇਸ ਅਵਸਥਾ ਵਿਚ ਦੇਖਦਾ ਹੈਰਾਨ ਰਹਿ ਜਾਂਦਾ। ਲੋਕ ਸੋਚਦੇ ਕਾਂਤ ਬਓਰਾ ਹੋ ਗਿਆ, ਉਹਦੀਆਂ ਅੱਖਾਂ ਸੁੰਗੜ ਗਈਆਂ, ਪਰ ਹੋ ਸਕਦੈ ਕਿਸੇ ਹੋਸ਼ਮੰਦ ਨੂੰ ਉਹਦੀਆਂ ਅੱਖਾਂ ਵਿਚ ਤੈਰ ਰਹੇ ਚੰਨ ਵੀ ਨਜ਼ਰ ਆਉਂਦੇ ਹੋਣ। ਚੰਨ ਨੂੰ ਦੇਖਦਿਆਂ ਉਹਦਾ ਕੋਈ ਪ੍ਰਤੀਬਿੰਬ ਨਜ਼ਰ ਨਹੀਂ ਆਉਂਦਾ। ਬ੍ਰਹਿਮੰਡ ਤਾਂ ਸ਼ੂਨਯ ਹੈ। ਦੂਰ ਤੱਕ ਪਸਰਿਆ ਹਨੇਰ। ਅਜਿਹੀ ਸੁੰਨ ਵਿਚ ਕਾਂਤ ਦੀਆਂ ਅੱਖਾਂ ਸੁੰਗੜ ਜਾਂਦੀਆਂ, ਚਿਹਰਾ ਭਾਵ ਹੀਣ ਹੋ ਜਾਂਦਾ, ਉਹ ਨਿਰਵਿਕਾਰ ਕਾਇਆ ਦਾ ਰੂਪ ਧਾਰ ਲੈਂਦਾ।

ਇਕ ਵਿਰਾਟ ਖ਼ਾਮੋਸ਼ੀ ਜਿਸ ਨੂੰ ਕੋਈ ਗੁਣੀ ਗਿਆਨੀ ਹੀ ਪਛਾਣ ਸਕਦਾ ਹੈ। ਲੋਕਾਂ ਨੂੰ ਭਾਵੇਂ ਕਾਂਤ ਪਥਰਾ ਗਿਆ ਲਗਦਾ ਪਰ ਪਾਰਖੂ ਅੱਖ ਨੂੰ ਪਤਾ ਹੁੰਦਾ ਕਿ ਇਹ ਵਿਸਮਾਦੀ ਅਵਸਥਾ ਹੈ, ਜਿੱਥੇ ਪਹੁੰਚ ਕੇ ਕਾਂਤ ਅਕਾਸ਼ ਬਣ ਗਿਆ ਹੈ, ਚੰਨ ਚਾਨਣੀਆਂ ਉਹਦੀ ਧੜਕਣ ਬਣ ਗਈਆਂ ਨੇ। ਵਰ੍ਹਿਆਂ ਬਾਅਦ ਸਮਾਂ ਬਦਲ ਗਿਆ। ਕਾਂਤ ਦੇ ਗੁਆਂਢ ਹੋਰ ਲੋਕ ਆ ਕੇ ਵੱਸਣ ਲੱਗ ਪਏ। ਅਕਾਸ਼ ਵੱਲ ਖਿੜਕੀਆਂ ਰੱਖਣ ਦਾ ਰਿਵਾਜ ਖ਼ਤਮ ਹੋ ਗਿਆ। ਲੋਕ ਡੱਬਾਬੰਦ ਘਰਾਂ ਵਿਚ ਰਹਿਣ ਲੱਗੇ। ਕਾਂਤ ਦੀ ਖਿੜਕੀ ਅੱਗੇ ਉੱਚੀਆਂ ਉੱਚੀਆਂ ਕੰਧਾਂ ਉੱਸਰ ਗਈਆਂ। ਚੰਦਰਮਾ ਦੇ ਦਰਸ਼ਨ ਦੀਦਾਰੇ ਦੁਰਲੱਭ ਹੋ ਗਏ। ਨਤੀਜਾ ਕਾਂਤ ਬਿਮਾਰ ਰਹਿਣ ਲੱਗਾ। ਉਹਨੂੰ ਹਰ ਵੇਲੇ ਬੇਚੈਨੀ ਮਹਿਸੂਸ ਹੁੰਦੀ। ਕਈ ਡਾਕਟਰਾਂ ਨੇ ਉਹਦਾ ਇਲਾਜ ਕੀਤਾ ਪਰ ਕਿਸੇ ਨੂੰ ਸਮਝ ਨਹੀਂ ਸੀ ਪੈ ਰਹੀ ਕਿ ਕਿਸੇ ਬਿਮਾਰੀ ਦਾ ਕੋਈ ਲੱਛਣ ਸਪਸ਼ਟ ਨਹੀਂ, ਫਿਰ ਵੀ ਕਾਂਤ ਦੀ

ਸਿਹਤ ਕਿਉਂ ਢਹਿੰਦੀ ਜਾ ਰਹੀ ਹੈ। ਜਦੋਂ ਸਾਰੇ ਇਲਾਜ ਕਰਕੇ ਥੱਕ ਗਏ ਤਾਂ ਉਹਦੇ ਨਾਲ ਰਹਿੰਦੇ ਇਕ ਨੌਕਰ ਨੂੰ ਗੱਲ ਸਮਝ ਆ ਗਈ ਕਿ ਕਾਂਤ ਦੀ ਬਿਮਾਰੀ ਦਾ ਭੇਦ ਕੀ ਹੈ। ਉਹਨੇ ਡਾਕਟਰਾਂ ਨੂੰ ਦੱਸਿਆ ਕਿ ਕਾਂਤ ਹਰ ਰੋਜ਼ ਘੰਟਿਆਂ ਬੱਧੀ ਖਿੜਕੀ ਵਿਚ ਬਹਿ ਕੇ ਅਕਾਸ਼ ਤੇ ਚੰਨ ਨੂੰ ਨਿਹਾਰਿਆ ਕਰਦਾ ਸੀ ਪਰ ਜਦੋਂ ਦੀਆਂ ਖਿੜਕੀ ਅੱਗੇ ਕੰਧਾਂ ਉੱਸਰ ਗਈਆਂ ਹਨ ਓਦੋਂ ਦਾ ਹੀ ਉਹ ਬਿਮਾਰ ਪਿਆ। ਉਹਦੀ ਬਿਮਾਰੀ ਸਰੀਰਕ ਨਹੀਂ ਮਾਨਸਿਕ ਹੈ। ਚੰਨ ਦਾ ਵਿਛੋੜਾ ਉਹਦੇ ਕੋਲੋਂ ਸਹਿਆ ਨਹੀਂ ਜਾ ਰਿਹਾ। ਫਿਰ ਗੁਆਂਢੀਆਂ ਨੂੰ ਮਿੰਨਤ ਕੀਤੀ ਗਈ ਕਿ ਉਹ ਉਹਦੀ ਖਿੜਕੀ ਨੂੰ ਕੰਧਾਂ ਵਿਚੋਂ ਝਰੋਖੇ ਦੇ ਦੇਣ ਤਾਂ ਜੋ ਕਾਂਤ ਵਰਗੇ ਫ਼ਿਲਾਸਫ਼ਰ ਨੂੰ ਤੰਦਰੁਸਤੀ ਦਿੱਤੀ ਜਾ ਸਕੇ। ਗੁਆਂਢੀਆਂ ਨੇ ਉਨ੍ਹਾਂ ਦੀ ਗੱਲ ਮੰਨ ਕੇ ਕੰਧ ਤੋੜ ਦਿੱਤੀ। ਅਕਾਸ਼ ਓਵੇਂ ਦਾ ਓਵੇਂ ਸਾਲਮ ਸਬੂਤਾ ਖਿੜਕੀ ਵਿਚ ਆ ਬਿਰਾਜਿਆ। ਉਹਨੂੰ ਦੇਖਦਿਆਂ ਹੀ ਕਾਂਤ ਦੇ ਚਿਹਰੇ ਦਾ

ਰੰਗ ਬਦਲ ਗਿਆ, ਰੌਣਕ ਮੁੜ ਪਰਤ ਆਈ। ਜਿਵੇਂ ਜਿਵੇਂ ਚੰਨ ਵਧਣ ਲੱਗਾ ਕਾਂਤ ਹੋਰ ਸਿਹਤਯਾਬ ਹੋਣ ਲੱਗਾ ਤੇ ਪੰਦਰਾਂ ਦਿਨਾਂ ਵਿਚ ਨੌਂ-ਬਰ-ਨੌਂ ਹੋ ਗਿਆ। ਕਿਸੇ ਨੇ ਉਹਨੂੰ ਪੁੱਛਿਆ ਕਿ ਹੋਇਆ ਕੀ? ਤਾਂ ਕਾਂਤ ਕਹਿਣ ਲੱਗਾ ਅਕਾਸ਼ ਦੀ ਵਿਸ਼ਾਲਤਾ ਨੇ ਮੇਰੇ ਅੰਦਰ ਵਿਰਾਟਤਾ ਦਾ ਬੋਧ ਪੈਦਾ ਕੀਤਾ। ਮੈਨੂੰ ਲੱਗਿਆ ਮੈਂ ਜਿਵੇਂ ਪੂਰੇ ਦਾ ਪੂਰਾ ਅਕਾਸ਼ ਬਣ ਗਿਆ ਹੋਵਾਂ ਪਰ ਇਨ੍ਹਾਂ ਕੰਧਾਂ ਨੇ ਮੈਨੂੰ ਸੁੰਗੇੜ ਦਿੱਤਾ। ਮੈਂ ਬੌਣਾ ਬੌਣਾ ਮਹਿਸੂਸ ਕਰਨ ਲੱਗਾ। ਮੈਨੂੰ ਲੱਗਣ ਲੱਗ ਪਿਆ ਜਿਵੇਂ ਮੈਨੂੰ ਕਿਸੇ ਨੇ ਡੱਬੇ ਵਿਚ ਬੰਦ ਕਰ ਦਿੱਤਾ ਹੋਵੇ। ਮੇਰਾ ਅਕਾਸ਼, ਚੰਦਰਮਾ, ਤਾਰੇ ਕਿਤੇ ਗੁਆਚ ਗਏ ਹੋਣ। ਮੈਨੂੰ ਆਪ ਨੂੰ ਸਮਝ ਨਹੀਂ ਸੀ ਆ ਰਹੀ ਕਿ ਮੇਰਾ ਕੀ ਗੁਆਚ ਗਿਆ ਹੈ। ਇਹ ਤਾਂ ਖਿੜਕੀ ਵਿਚੋਂ ਮੁੜ ਅਕਾਸ਼ ਦੇਖ ਕੇ ਮੈਨੂੰ ਗਿਆਨ ਹੋਇਆ ਕਿ ਮੈਂ ਕੀ ਕੁਝ ਗੁਆ ਲਿਆ ਸੀ।

ਪੋਸਟ ਸਕਰਿਪਟ

ਕਾਂਤ ਨੇ ਲਿਖਿਆ ਹੈ ਕਿ ਜਦੋਂ ਗਰਮੀਆਂ ਵਿਚ ਰਾਤ ਦੀ ਹਨੇਰੀ ਚਾਦਰ ਦੇ ਓਹਲੇ ਚੰਦਰਮਾ ਤੇ ਟਿਮਟਿਮਾਉਂਦੇ ਤਾਰਿਆਂ ਨਾਲ ਜੜਿਆ ਅਕਾਸ਼ ਰੌਸ਼ਨੀਆਂ ਦੇ ਚਸ਼ਮੇ ਉਛਾਲ ਰਿਹਾ ਹੁੰਦਾ ਹੈ ਤਾਂ ਵਿਸ਼ਾਲਤਾ ਪ੍ਰਤੀ ਮੇਰੀਆਂ ਸੰਵੇਦਨਾਵਾਂ ਤੇਜ਼ ਹੋ ਜਾਂਦੀਆਂ ਹਨ। ਰਾਤ ਦੀ ਖ਼ਾਮੋਸ਼ੀ ਵਿਚ ਪਸਰੀ ਇਸ ਚੁੱਪ ਵਿਚ ਜਦੋਂ ਸਾਡੀਆਂ ਇੰਦਰੀਆਂ ਸੁੰਨ ਹੋ ਜਾਂਦੀਆਂ ਹਨ ਤਾਂ ਆਤਮਾ ਜਾਗਦੀ ਹੈ ਤੇ ਅਕਾਸ਼, ਚੰਨ, ਤਾਰਿਆਂ ਨਾਲ ਅਗਿਆਤ ਭਾਸ਼ਾ ਵਿਚ ਗੱਲਾਂ ਕਰਦੀ ਹੈ ਜਿਸ ਨੂੰ ਸਮਝਿਆ ਤਾਂ ਜਾ ਸਕਦਾ ਹੈ ਪਰ ਦੱਸਿਆ ਨਹੀਂ। ਜਦੋਂ ਗੁਰੂ ਨਾਨਕ ਸਾਹਿਬ ਨੇ ਗਗਨ ਨੂੰ ਥਾਲ਼ ਕਹਿਕੇ ਚੰਦ, ਸੂਰਜ ਨੂੰ ਦੀਵੇ ਕਹਿਕੇ, ਤਾਰਿਆਂ ਨੂੰ ਜਨਕ ਮੋਤੀ ਕਹਿਕੇ ਇਨ੍ਹਾਂ ਨੂੰ ਹੋਰ ਵਿਸ਼ਾਲਤਾ ਦਿੱਤੀ ਸੀ ਤਾਂ ਉਹ ਅਸਲ ਵਿਚ ਬ੍ਰਹਿਮੰਡੀ ਭਾਸ਼ਾ ਵਿਚ ਇਨ੍ਹਾਂ ਦਾ ਬਖਾਨ ਕਰ ਰਹੇ ਸਨ। ਇਹ ਮਨੁੱਖੀ ਸੁਹਜ

ਸਵਾਦ ਦੇ ਕੁਦਰਤੀ ਸੋਮੇ ਨੇ। ਆਓ ਇਨ੍ਹਾਂ ਦੇ ਹੁਸਨ ਨੂੰ ਮਾਣੀਏ ਨਾ ਕੇ ਇਹਦੀ ਬੇਜਾਨ ਮਿੱਟੀ ਤੇ ਸ਼ੁਨਯ ਤਾਪਮਾਨ ਦੇਖ ਕੇ ਝੂਰੀ ਜਾਈਏ।

10

ਬਜ਼ਾਰ ਦੇ ਚੁੰਗਲ ਵਿਚ ਫਸਿਆ ਦੁਨੀਆ ਦਾ ਨਕਸ਼ਾ

ਅੱਜ ਦੁਨੀਆ ਬਜ਼ਾਰ ਦੇ ਚੁੰਗਲ ਵਿਚ ਫਸੀ ਹੋਈ ਹੈ। ਅਸੀਂ ਭਰਮ ਭੁਲੇਖਿਆਂ ਦੇ ਸ਼ਿਕਾਰ ਹਾਂ। ਜਿਵੇਂ ਅਸੀਂ ਸੋਚਦੇ/ਸਮਝਦੇ ਤੇ ਵਿਹਾਰ ਕਰਨ ਦੀ ਕੋਸ਼ਿਸ਼ ਕਰਦੇ ਹਾਂ ਅਸਲ ਵਿਚ ਅਸੀਂ ਇਕ ਅਦਿੱਖ ਜਾਲ ਵਿਚ ਫਸੇ ਹੋਏ ਹਾਂ। ਅਸੀਂ ਸਮਝਦੇ ਹਾਂ ਅਸੀਂ ਬਹੁਤ ਵੱਡੇ ਲੋਕਤੰਤਰ ਵਿਚ ਜਿਉਂ ਰਹੇ ਹਾਂ, ਅਸੀਂ ਇਸ ਦੇ ਘਾੜੇ ਹਾਂ, ਵੋਟਾਂ ਪਾ ਕੇ ਅਸੀਂ ਲੋਕ ਤੰਤਰੀ ਸੰਸਥਾਵਾਂ ਨੂੰ ਬਚਾਇਆ ਹੈ ਪਰ ਅਸਲ ਵਿਚ ਪਰਦੇ ਪਿੱਛੇ ਜੋ ਸੱਚ ਲੁਕਿਆ ਹੋਇਆ ਹੈ ਉਸ ਤੋਂ ਅਸੀਂ ਅਨਜਾਣ ਹਾਂ। ਇਹੀ ਕਾਰਨ ਹੈ ਕਿ ਆਪਣੇ ਵੱਲੋਂ ਅਸੀਂ ਚੀਜ਼ਾਂ, ਵਿਹਾਰਾਂ ਤੇ ਸਰੋਕਾਰਾਂ ਨੂੰ ਬਦਲਣ ਦੇ ਆਹਰ ਵਿਚ ਰਹਿੰਦੇ ਹਾਂ ਪਰ ਜਲਦੀ ਸਮਝ ਆਉਣ ਲੱਗ ਜਾਂਦੀ ਹੈ ਕਿ ਅਸੀਂ ਤਾਂ ਛਲ਼ੇ

ਗਏ ਹਾਂ। ਇਹ ਖੇਡ ਬਜ਼ਾਰ ਦੀ ਹੈ ਜਿਸ ਨੇ ਸਾਨੂੰ ਸਰੀਰਕ, ਮਾਨਸਿਕ, ਰਾਜਨੀਤਕ, ਧਾਰਮਿਕ, ਆਰਥਕ, ਸਭਿਆਚਾਰਕ, ਭਾਸ਼ਾਈ ਤੇ ਅਚੇਤਨ ਤੌਰ 'ਤੇ ਕਾਬੂ ਕਰ ਲਿਆ ਹੈ। ਇਹ ਸਾਡੇ ਘਰ-ਘਾਟ ਤੇ ਮਨ ਮਸਤਕ ਤੱਕ ਵਿਚ ਵੜ ਕੇ ਸਾਥੋਂ ਕੁਝ ਵੀ ਮੰਨਵਾਉਣ ਦੀ ਤਾਕਤ ਰੱਖਦਾ ਹੈ। ਇਹੀ ਕਾਰਨ ਹੈ ਕਿ ਉੱਪਰੋਂ ਭਾਵੇਂ ਨਾ ਲੱਗੇ ਪਰ ਅੰਦਰੋਂ ਅਸੀਂ ਪੂਰੀ ਤਰ੍ਹਾਂ ਬਜ਼ਾਰ ਦੇ ਗ਼ੁਲਾਮ ਹਾਂ। ਅਜਿਹੇ ਬਜਾਰਵਾਦ ਬਾਰੇ ਐਦੂਆਰਦੋ ਗਲੇਨੀਓ ਲਿਖਦਾ ਹੈ- ਦੱਖਣ ਲਈ ਦਮਨ,ਉੱਤਰ ਲਈ ਮੰਦੀ। ਉੱਤਰ ਦੇ ਕਈ ਬੁੱਧੀਜੀਵੀ ਦੱਖਣੀ ਇਨਕਲਾਬਾਂ ਦਾ ਹੱਥ ਫੜਦੇ ਹਨ, ਸਿਰਫ਼ ਇਸ ਲਈ ਕਿ ਉਨ੍ਹਾਂ ਦੀ ਮੌਤ ਦੇ ਮਾਤਮ ਦਾ ਮਜ਼ਾ ਲੈ ਸਕਣ। ਬੜੇ ਠਾਠ ਨਾਲ ਉਹ ਹੰਝੂ ਵੀ ਕੇਰਦੇ ਹਨ, ਉੱਚੀ ਉੱਚੀ ਰੋਂਦੇ ਹਨ, ਹਰ ਭਰਮ ਦੀ ਮੌਤ 'ਤੇ ਤੇ ਕਿਤੇ ਵੀ ਏਨੀ ਦੇਰ ਤੱਕ ਨਹੀਂ ਰੁਕਦੇ ਕਿ ਇਹ ਜਾਣ ਸਕਣ ਪੂੰਜੀਵਾਦ ਤੋਂ ਚੱਲ ਕੇ ਪੂੰਜੀਵਾਦ ਤੱਕ ਪਹੁੰਚਣ ਲਈ

ਸਮਾਜਵਾਦ ਸਭ ਤੋਂ ਲੰਮਾ ਰਾਹ ਹੈ। ਦੁਨੀਆ ਭਰ ਵਿਚ ਉੱਤਰ ਵਿਚ ਇਹ ਫ਼ੈਸ਼ਨ ਹੈ ਕਿ ਤੱਟਸਥ ਕਲਾ ਦਾ ਜਸ਼ਨ ਮਨਾਇਆ ਜਾਵੇ, ਕਿ ਉਹ ਉਸ ਸੱਪ ਦੀ ਤਾਰੀਫ਼ ਕਰਦੇ ਨਹੀਂ ਥੱਕਦੇ ਜੋ ਆਪਣੀ ਹੀ ਪੂਛ ਨੂੰ ਖਾ ਰਿਹੈ ਤੇ ਸੋਚਦੈ ਕਿ ਇਹ ਕੋਈ ਜ਼ਾਇਕੇਦਾਰ ਸਵਾਦੀ ਚੀਜ਼ ਹੈ। ਸਭਿਆਚਾਰ ਤੇ ਸਿਆਸਤ ਖ਼ਰੀਦ-ਵਿੱਕਰੀ ਦਾ ਮਾਲ ਹੈ। ਜਿਸ ਕੋਲ ਮੋਟਾ ਪੈਸਾ ਹੈ ਉਹ ਖ਼ਰੀਦ ਸਕਦਾ ਹੈ। ਤੇ ਅਸੀਂ ਜਾਣਦੇ ਹਾਂ ਕਿ ਖ਼ਰੀਦਣ ਵਾਲੇ ਸਰਕਾਰਾਂ ਖ਼ਰੀਦ ਲੈਂਦੇ ਹਨ, ਵੇਚਣ ਵਾਲੇ ਇਮਾਨ,ਧਰਮ, ਜ਼ਮੀਰ, ਜਮਹੂਰੀਅਤ, ਚਮੜੀ ਸਭ ਕੁਝ ਵੇਚ ਦੇਂਦੇ ਹਨ। ਟੀ.ਵੀ. 'ਤੇ ਰਾਸ਼ਟਰਪਤੀਆਂ ਨੂੰ ਇੰਝ ਹੀ ਚੁਣਿਆ ਜਾਂਦਾ ਹੈ ਜਿਵੇਂ ਉਹ ਕੋਈ ਸਾਬਣ ਹੋਣ, ਕਵੀ ਓਥੇ ਸਜਾਵਟੀ ਕਿਰਦਾਰ ਨਿਭਾਉਂਦੇ ਹਨ। ਬਜ਼ਾਰ ਸਭ ਤੋਂ ਵੱਡਾ ਇਕੱਲਾ ਜਾਦੂ ਹੈ, ਬੈਂਕਰ ਇਕੱਲੇ ਨਾਇਕ ਹਨ। ਬਜ਼ਾਰ ਦੇ ਵੱਡੇ ਜਾਦੂਗਰ ਅੱਖਾਂ ਤੋਂ ਓਹਲੇ ਹਨ, ਉਨ੍ਹਾਂ ਦੇ

ਜਾਦੂ ਦੀ ਕਰਾਮਾਤੀ ਤਾਕਤ ਸਾਨੂੰ ਜਕੜਬੰਦ ਕਰਨ ਲਈ ਕਾਫ਼ੀ ਹੈ। ਕਦੇ ਮਨੀਪੁਰ ਕਦੇ ਨੂਹ ਤੇ ਪਤਾ ਨਹੀਂ ਜਾਦੂਗਰ ਕਿਹੜੇ ਕਿਹੜੇ ਖੇਡ ਤਮਾਸ਼ੇ ਲੈ ਕੇ ਆ ਰਿਹਾ ਹੈ। ਪੂਰੀ ਸੰਸਦ ਲੋਕਾਂ ਦੇ ਮਸਲਿਆਂ ਬਾਰੇ ਚਰਚਾ ਕਰਨ ਦੀ ਥਾਂ ਮਿਹਨੋ ਮਿਹਨੀ ਹੋ ਰਹੀ ਹੈ ਜਿਵੇਂ ਗੁਆਂਢਣਾਂ ਸੌਂਕਣਾਂ/ਸ਼ਰੀਕਣਾਂ ਵਾਂਗ ਵਾਰ ਕਰਦੀਆਂ ਹਨ। ਬਜ਼ਾਰ ਖ਼ੁਸ਼ ਹੈ। ਉਹ ਸਾਨੂੰ ਥੋੜ੍ਹੀ ਥੋੜ੍ਹੀ ਦੇਰ ਬਾਅਦ ਸੰਸਦ ਦੀ ਬਹਿਸ ਬਾਜ਼ੀ ਤੋਂ ਰੋਕ ਕੇ ਖੱਸੀ ਕਰਨ ਲਈ ਟੀਵੀ 'ਤੇ ਕੱਪੜੇ, ਕੰਡੋਮ, ਸ਼ਾਦੀ ਵਿਆਹ, ਪੀਜੇ, ਬਰਗਰ, ਚਾਹ, ਕੌਫ਼ੀ, ਟਮਾਟਰਾਂ ਦੇ ਕੂਪਨਾਂ ਲਈ ਲੱਗੀਆਂ ਲੰਮੀਆਂ ਕਤਾਰਾਂ ਦਿਖਾ ਕੇ ਮੁੜ ਸੰਸਦ ਵੱਲ ਮੋੜ ਦੇਂਦਾ ਹੈ। ਇਸ ਤੋਂ ਵੱਡਾ ਜਾਦੂਗਰ ਕਿਹੜਾ ਹੈ ਜਿਹੜਾ ਇਕੋ ਹੱਲੇ ਵਿਚ ਨਵਜੰਮੇ ਬਾਲ ਤੋਂ ਲੈ ਕੇ ਬੱਚੇ, ਬੁੱਢੇ, ਔਰਤਾਂ, ਮਰਦ, ਕਿਸ਼ੋਰੀਆਂ, ਕਿਸ਼ੋਰਾਂ ਸਭ ਨੂੰ ਵਹਾ ਕੇ ਲੈ ਜਾਂਦਾ ਹੈ ਪਰ ਪਤਾ ਕਿਸੇ ਨੂੰ ਨਹੀਂ ਲੱਗਦਾ। ਲੋਕਤੰਤਰ ਉਤਰ ਦੀ ਵਿਲਾਸਤਾ ਹੈ।

ਦੱਖਣ ਨੂੰ ਇਜਾਜ਼ਤ ਹੈ ਕਿ ਓਥੇ ਉਹਦਾ ਨਾਟਕ ਹੋ ਸਕਦਾ ਹੈ, ਜਿਸ ਨੂੰ ਦੇਖਣ ਤੋਂ ਕਿਸੇ ਨੂੰ ਰੋਕਿਆ ਨਹੀਂ ਜਾਂਦਾ। ਤੇ ਆਪਣੇ ਅੰਤਿਮ ਵਿਸ਼ਲੇਸ਼ਣ ਵਿਚ, ਕਿਸੇ ਨੂੰ ਇਸ 'ਤੇ ਇਤਰਾਜ਼ ਨਹੀਂ ਕਿ ਸਿਆਸਤ ਲੋਕਤੰਤਰੀ ਬਣੀ ਰਹੇ, ਜਦੋਂ ਤੱਕ ਕਿ ਅਰਥ ਵਿਵਸਥਾ ਲੋਕ ਤੰਤਰ ਤੋਂ ਮੁਕਤ ਬਣੀ ਰਹੇ। ਜਦੋਂ ਨਾਟਕ ਦਾ ਪਰਦਾ ਡਿੱਗਦਾ ਹੈ, ਤੇ ਵੋਟਾਂ ਨੂੰ ਬਕਸਿਆਂ ਵਿਚ ਭਰ ਦਿੱਤਾ ਜਾਂਦਾ ਹੈ, ਤਦ ਹਕੀਕਤ ਆਪਣਾ ਕਾਨੂੰਨ ਲਾਗੂ ਕਰਦੀ ਹੈ, ਜਿਸ ਦੇ ਤਹਿਤ ਤਾਕਤਵਰ ਹੀ ਸਹੀ ਹੁੰਦਾ ਹੈ। ਇਹ ਕਾਨੂੰਨ ਪੈਸੇ ਦਾ ਹੈ ਤੇ ਦੁਨੀਆ ਵਿਚ ਚੀਜ਼ਾਂ ਏਸੇ ਕਾਇਦੇ ਅਨੁਸਾਰ ਚਲਦੀਆਂ ਹਨ। ਦੁਨੀਆ ਦੇ ਦੱਖਣੀ ਅੱਧੇ ਹਿੱਸੇ ਵਿਚ ਨਿਜ਼ਾਮ ਸਿਖਾਉਂਦਾ ਹੈ ਕਿ ਹਿੰਸਾ ਤੇ ਭੁੱਖ ਇਤਿਹਾਸ ਦੀ ਨਹੀਂ ਕੁਦਰਤ ਦੀ ਦੇਣ ਹੈ। ਤਦੋਂ ਇਹ ਪੱਕਾ ਕੀਤਾ ਜਾਂਦਾ ਹੈ ਕਿ ਇਨਸਾਫ਼ ਅਤੇ ਆਜ਼ਾਦੀ ਹਮੇਸ਼ਾ ਹਮੇਸ਼ਾ ਲਈ ਇਕ ਦੂਸਰੇ ਨਾਲ ਨਫ਼ਰਤ ਕਰਦੇ ਰਹਿਣ। ਅਸਲ

ਵਿਚ ਦੁਨੀਆ ਵਿਚ ਲੋਕ ਤੰਤਰ ਦੇ ਲਬਾਦੇ ਹੇਠ ਲੋਕਾਂ ਨੂੰ ਕੁਚਲਨ ਦੀਆਂ ਚਾਲਾਂ ਬਜ਼ਾਰ ਦੀ ਦੇਣ ਹਨ। ਬਜ਼ਾਰ ਦਾ ਧਰਮ ਮੁਨਾਫ਼ੇ ਤੇ ਸਿਰਫ਼ ਮੁਨਾਫ਼ੇ 'ਤੇ ਟਿਕਿਆ ਹੋਇਆ ਹੈ। ਕੋਵਿਡ ਵਰਗੀ ਮਹਾਮਾਰੀ ਨੇ ਬਜ਼ਾਰ ਨੂੰ ਅਥਾਹ ਬਲ ਬਖ਼ਸ਼ਿਆ ਹੈ ਤੇ ਭਵਿੱਖ ਵਿਚ ਇਹ ਫਿਰ ਆਪਣੀ ਇਸ ਜਾਦੂਮਈ ਚਾਲ ਨਾਲ ਕੋਈ ਨਵਾਂ ਸੱਪ ਕੱਢ ਸਕਦਾ ਹੈ। ਹੌਲੀ ਹੌਲੀ ਦੁਨੀਆ ਇਕ ਅਜਿਹੇ ਧਰੁਵੀਕਰਨ ਵੱਲ ਵੱਧ ਰਹੀ ਹੈ ਜਿੱਥੇ ਵੋਟ ਪ੍ਰਣਾਲੀ ਨੂੰ ਖ਼ਤਮ ਕਰਕੇ ਬੱਸ ਬੀਤੇ ਦੀ ਰਾਜਾਸ਼ਾਹੀ ਨੂੰ ਨਵੀਂ ਪਾਦਸ਼ਾਹੀ ਦੀ ਮੋਹਰ ਹੇਠ ਲਾਗੂ ਕਰ ਦਿੱਤਾ ਜਾਵੇ। ਬਜ਼ਾਰ ਸਰਬ ਸਮਰੱਥ ਈਸ਼ਵਰ ਦਾ ਪਰਿਆਇ ਬਣ ਰਿਹਾ ਹੈ, ਉਡੀਕ ਕਰੋ...

11

ਡੈਡਲੀ ਕੁਆਇਟ ਸਿਟੀ

ਕੋਵਿਡ-19 ਮਹਾਮਾਰੀ ਨੇ ਮਨੁੱਖਾਂ ਨੂੰ ਹੀ ਤਬਾਹ ਨਹੀਂ ਕੀਤਾ ਸਗੋਂ ਮਨੁੱਖਤਾ ਨੂੰ ਵੀ ਘੋਰ ਕਾਲੀ ਸੁਰੰਗ ਵਿਚ ਧੱਕਿਆ ਹੈ।ਭਾਵੇਂ ਦੁਨੀਆ ’ਤੇ ਪਹਿਲਾਂ ਵੀ ਮਹਾਂਮਾਰੀਆਂ ਆਈਆਂ ਹਨ ਪਰ ਉਹ ਕੁਦਰਤੀ ਸਨ ਜਦ ਕਿ ਕੋਵਿਡ-19 ਮਨੁੱਖ ਦੀ ਮਨੁੱਖਤਾ ਪ੍ਰਤੀ ਘੋਰ ਲਾਪਰਵਾਹੀ ਜਾਂ ਫਿਰ ਸਾਜ਼ਸ਼ ਦਾ ਹਿੱਸਾ ਹੈ।ਇਸ ਨੂੰ ਪੂਰੀ ਤਰ੍ਹਾਂ ਲੁਕਾਉਣ ਲਈ ਹਰ ਹੀਲਾ ਵਰਤਿਆ ਗਿਆ ਹੈ ਤੇ ਹੋ ਸਕਦਾ ਸੱਚ ਕਦੇ ਵੀ ਸਾਹਮਣੇ ਨਾ ਆਵੇ। ਸੱਚ ਸਾਹਮਣੇ ਆਉਣ ਨਾਲ ਉਹ ਸਾਰੀਆਂ ਮਨੁੱਖ ਦੋਖੀ ਸਾਮਰਾਜਵਾਦੀ ਧਿਰਾਂ ਕਟਹਿਰੇ ਵਿਚ ਖੜੀਆਂ ਹੋ ਜਾਣਗੀਆਂ। ਇਸ ਲਈ ਪਰਦਾਪੋਸ਼ੀ ਲਈ ਅੰਦਰਲੀ ਖ਼ਾਮੋਸ਼ੀ ਨੂੰ ਧੁਰ ਅੰਦਰ ਦਫ਼ਨ ਕਰ ਦਿੱਤਾ ਗਿਆ ਹੈ। ਇਸ ਦੇ

ਮੁਢਲੇ ਦੌਰ ਵਿਚ ਜਦੋਂ ਇਹ ਵਿਸਫੋਟ ਵੁਹਾਨ ਵਿਚ ਹੋਇਆ ਸੀ ਉੱਘੇ ਚੀਨੀ ਲੇਖਕ ਹਾਓ ਕਵਾਨ ਨੇ ਉਸ ਵੇਲੇ ਕੁਝ ਲੋਕਾਂ ਤੋਂ ਜਾਣਕਾਰੀ ਇਕੱਤਰ ਕਰਕੇ ਇਹ ਕਿਤਾਬ ਲਿਖੀ ਹੈ- 'ਡੈਡਲੀ ਕੁਆਇਟ ਸਿਟੀ' ਉਸ ਵੇਲੇ ਸੋਸ਼ਲ ਮੀਡੀਏ ਵਿੱਚ ਕੁਝ ਇਹੋ ਜਿਹੇ ਕਲਿੱਪ ਚੱਲ ਰਹੇ ਸਨ ਜਿਨ੍ਹਾਂ ਵਿਚੋਂ ਚੀਨੀ ਪੁਲਿਸ ਦੀ ਕਰੂਰਤਾ ਝਲਕਦੀ ਨਜ਼ਰ ਆਉਂਦੀ ਸੀ। ਲੋਕਾਂ ਨੂੰ ਘਰਾਂ ਵਿਚ ਜ਼ਬਰਦਸਤੀ ਤਾੜ ਕੇ ਦਰਵਾਜ਼ੇ ਸੀਲ ਕੀਤੇ ਜਾ ਰਹੇ ਸਨ। ਪੂਰਾ ਸ਼ਹਿਰ ਕਬਰਸਤਾਨ ਦੀ ਚੁੱਪ ਵਿਚ ਗੁਆਚਿਆ ਜਾਪ ਰਿਹਾ ਸੀ। ਲੋਕ ਚੀਕ ਰਹੇ ਸਨ, ਦਹਾੜ ਰਹੇ ਸਨ ਪਰ ਕੋਈ ਸੁਣਵਾਈ ਨਹੀਂ ਸੀ। ਲਗਦਾ ਸੀ ਜਿਵੇਂ ਸਰਕਾਰ ਬੋਲੀ ਹੋ ਗਈ ਹੋਵੇ। ਸਰਕਾਰਾਂ ਇਸ ਵਬਾ ਤੋਂ ਮੁਨਕਰ ਹੋ ਰਹੀਆਂ ਸਨ। ਵੁਹਾਨ ਵਿਚ ਗਿਆਰਾਂ ਮਿਲੀਅਨ ਲੋਕ ਵੱਸਦੇ ਸਨ। ਦੇਖਦੇ ਦੇਖਦੇ ਹਸਪਤਾਲ ਮਰੀਜ਼ਾਂ ਨਾਲ ਭਰ ਗਏ। ਅਫ਼ਵਾਹਾਂ ਦਾ ਬਜ਼ਾਰ ਗਰਮ ਸੀ। ਬਹੁਤੀਆਂ

ਅਫ਼ਵਾਹਾਂ ਡਾਕਟਰਾਂ ਵੱਲੋਂ ਫੈਲਾਈਆਂ ਜਾ ਰਹੀਆਂ ਸਨ। ਪ੍ਰਸ਼ਾਸਨ ਸਖ਼ਤੀ ਵਰਤ ਰਿਹਾ ਸੀ। ਕੋਈ ਖ਼ਬਰ-ਸਾਰ ਬਾਹਰ ਨਹੀਂ ਸੀ ਜਾ ਰਹੀ। ਪਰ ਇਹ ਪ੍ਰਸ਼ਨ ਹਵਾ ਵਿਚ ਲਟਕੇ ਹੋਏ ਸਨ ਕਿ ਕਿਤੇ ਕੁਝ ਕਿਆਮਤ ਵਾਪਰ ਗਈ ਹੈ ਤੇ ਹੌਲੀ ਹੌਲੀ ਇਹ ਪੂਰੀ ਦੁਨੀਆ ਵਿਚ ਵਾਪਰਨ ਵਾਲੀ ਹੈ। ਅਗਸਤ, 2021 ਦੀ ਸ਼ਾਮ, ਚੀਨ ਦੇ ਉੱਘੇ ਨਾਵਲਕਾਰ ਹਾਓ ਕਵਾਨ, ਜੋ ਕਲਮੀ ਨਾਂ ਮੁਰੋਂਗ ਜਿਓਕੁਨ ਹੇਠ ਲਿਖਦੇ ਹਨ, ਆਪਣੇ ਅਪਾਰਟਮੈਂਟ ਵਿਚ ਅਰਾਮ ਕਰ ਰਹੇ ਸਨ। ਲੰਡਨ ਜਾਣ ਲਈ ਉਨ੍ਹਾਂ ਨੇ ਅਗਲੀ ਸਵੇਰ ਛੇ ਵਜੇ ਬੀਜਿੰਗ ਕੈਪੀਟਲ ਇੰਟਰਨੈਸ਼ਨਲ ਏਅਰਪੋਰਟ 'ਤੇ ਪਹੁੰਚਣਾ ਸੀ। ਹਾਲਾਂਕਿ ਉਹਦੇ ਕੋਲ ਬ੍ਰਿਟੇਨ ਦਾ ਵੀਜ਼ਾ ਸੀ, ਪਰ ਸਰਕਾਰ ਦੀਆਂ ਖ਼ੁਫ਼ੀਆ ਏਜੰਸੀਆਂ ਕਈ ਵਰ੍ਹਿਆਂ ਤੋਂ ਉਹਦੇ 'ਤੇ ਨਜ਼ਰ ਰੱਖ ਰਹੀਆਂ ਸਨ। ਅਜਿਹੇ ਹਾਲਾਤ ਵਿਚ ਲਗਦਾ ਸੀ ਕਿ ਹੋ ਸਕਦਾ ਹਾਓ ਕਵਾਨ ਨੂੰ ਐਨ ਮੌਕੇ ਉੱਤੇ ਜਾਣ ਤੋਂ ਰੋਕ ਦਿੱਤਾ

ਜਾਵੇ, ਬਹਾਨਾ ਕੋਈ ਵੀ ਹੋ ਸਕਦਾ। ਸਾਰੀਆਂ ਸਰਕਾਰਾਂ ਦਾ ਇਹ ਗਿਣਿਆ ਮਿਥਿਆ ਪੈਂਤੜਾ ਹੁੰਦਾ ਹੈ। ਉਹਦੀ ਕਿਤਾਬ 'ਡੈਡਲੀ ਕੁਆਇਟ ਸਿਟੀ' ਜਲਦੀ ਪ੍ਰਕਾਸ਼ਿਤ ਹੋਣ ਵਾਲੀ ਸੀ ਤੇ ਇਹਦੀ ਚਰਚਾ ਸ਼ੁਰੂ ਹੋ ਚੁੱਕੀ ਸੀ। ਉਹਦੀ ਸੁਰੱਖਿਆ ਨੂੰ ਲੈ ਕੇ ਉਹਦਾ ਸੰਪਾਦਕ ਚਿੰਤਤਸੀ। ਗਲਪੀ ਗੱਦ ਵਾਲਾ ਇਹ ਸੰਗ੍ਰਹਿ ਵੁਹਾਨ ਵਿਚ ਕੋਵਿਡ-19 ਦੇ ਪ੍ਰਕੋਪ ਦੇ ਸ਼ੁਰੂਆਤੀ ਭਿਆਨਕ ਦਿਨਾਂ ਬਾਰੇ ਹੈ, ਜਦੋਂ ਲੋਕਾਂ ਨੂੰ ਸਰਕਾਰੀ ਤੌਰ ਉੱਤੇ ਸੂਚਨਾ ਦਮਨ ਦਾ ਸਾਹਮਣਾ ਕਰਨਾ ਪਿਆ। ਮਹਾਮਾਰੀ ਦੇ ਪੈਦਾ ਹੋਣ ਵਾਲੇ ਸਥਾਨ ਵੁਹਾਨ ਵਿਚ ਸਰਕਾਰ ਨੇ ਰਿਪੋਰਟਿੰਗ ਬੰਦ ਕਰਵਾ ਦਿੱਤੀ। ਪਰ ਆਮ ਚੀਨੀਆਂ ਵਾਂਗ ਨਜ਼ਰ ਆਉਣ ਵਾਲੇ ਹਾਓ ਨੂੰ ਰੋਕਿਆ ਨਹੀਂ ਗਿਆ। ਉਹਨੇ ਦਫ਼ਤਰੀ ਕਰਮਚਾਰੀਆਂ, ਦੁਕਾਨਦਾਰਾਂ, ਟੈਕਸੀ ਡਰਾਈਵਰਾਂ, ਪ੍ਰਵਾਸੀ ਮਜ਼ਦੂਰਾਂ ਤੇ ਸਿਟੀਜ਼ਨ ਜਰਨਲਿਸਟਾਂ ਨਾਲ ਇਕੱਲ ਵਿਚ ਘੰਟਿਆਂ ਬੱਧੀ ਗੱਲਾਂ ਕੀਤੀਆਂ।

ਹਾਓ ਨੇ ਉਸ ਸਮੇਂ ਨੂੰ ਯਾਦ ਕਰਦਿਆਂ ਦੱਸਿਆ ਕਿ ‘ਉਸ ਸਮੇਂ ਲੋਕਾਂ ਨਾਲ ਵੱਧ ਤੋਂ ਵੱਧ ਗੱਲਾਂ ਕਰਨ ਦੀ ਅਜੀਬ ਜਿਹੀ ਭੁੱਖ ਵੀ ਸੀ ਤੇ ਜਨੂਨ ਵੀ।’ ਆਪਣੇ ਹੋਟਲ ਦੇ ਕਮਰੇ ਵਿਚ ਗੁਪਤ ਤੌਰ ’ਤੇ ਪੱਕ ਕਰਨ ਤੋਂ ਬਾਅਦ ਉਹ ਕੰਬਲ ਹੇਠਾਂ ਲੁੱਕ ਕੇ ਗੱਲਾਂ ਕਰਦੇ ਸਨ ਤਾਂ ਜੋ ਕਿਸੇ ਨੂੰ ਭਿਣਕ ਤੱਕ ਨਾ ਪਵੇ। ਅਮਰੀਕਾ ਵਿਚ ਪ੍ਰਕਾਸ਼ਿਤ ਹੋਏ ਇਸ ਨਾਵਲੀ ਗੱਦ ਰੂਪ ਵਿਚ ਇਹ ਦੱਸਣ ਦਾ ਜਤਨ ਕੀਤਾ ਗਿਆ ਹੈ ਕਿਵੇਂ ਸਰਕਾਰ ਦੁਆਰਾ ਥੋਪੀ ਗਈ ਖ਼ਾਮੋਸ਼ੀ, ਸੰਕਟ ਵਿਚ ਘਿਰੇ ਆਮ ਲੋਕਾਂ ਵਿਚ ਨਿਰਾਸ਼ਾ ਤੇ ਭੈਅ ਪੈਦਾ ਕਰ ਦੇਂਦੀ ਹੈ। ਸੰਪਾਦਕ ਦੇ ਲਗਾਤਾਰ ਜ਼ੋਰ ਦੇਣ ’ਤੇ ਹੀ ਹਾਓ ਨੇ ਚੀਨ ਛੱਡਣ ਦਾ ਫ਼ੈਸਲਾ ਕੀਤਾ ਸੀ। ਉਹ ਚੁੱਪ-ਚੁਪੀਤੇ ਲੰਡਨ ਜਾਣ ਵਾਲੀ ਫਲਾਈਟ ’ਤੇ ਸਵਾਰ ਹੋਇਆ ਤੇ ਕੁਝ ਸਮੇਂ ਬਾਅਦ ਮੈਲਬਾਰਨ ਚਲਾ ਗਿਆ। ਪਿਛਲੀ ਸਦੀ ਦੇ ਅੰਤ ’ਤੇ ਚੀਨ ਨੇ ਕੌਮਾਂਤਰੀ ਪੱਧਰ ’ਤੇ ਵੱਡੀ ਭੂਮਿਕਾ ਨਿਭਾਉਣ ਲਈ

ਪਹਿਲਕਦਮੀ ਕੀਤੀ। ਪੂਰੀ ਦੁਨੀਆ ਵਿਚ ਉਹ ਸੁਪਰ ਪਾਵਰ ਦੇ ਰੂਪ ਵਿਚ ਉੱਭਰਿਆ ਪਰ ਵੁਹਾਨ ਵਾਲੀ ਘਟਨਾ ਨੇ ਸਾਰੀ ਦੁਨੀਆ ਨੂੰ ਵਾਹਣੀਂ ਪਾ ਦਿੱਤਾ। ਜਿਸ ਤਰੀਕੇ ਨਾਲ ਸਾਰੀ ਸੂਚਨਾ ਨੂੰ ਬਲੈਕ ਆਊਟ ਕੀਤਾ ਗਿਆ ਇਸ ਨੇ ਕਈ ਸ਼ੱਕ ਖੜੇ ਕੀਤੇ। ਹਾਓ ਦੀ ਪੀੜ੍ਹੀ ਦੇ ਕਈ ਲੇਖਕਾਂ ਨੇ ਸਰਕਾਰ ਦੀ ਹਾਂ ਨਾਲ ਹਾਂ ਮਿਲਾਉਂਦੇ ਵਿਸ਼ਿਆਂ 'ਤੇ ਕਲਮ ਚਲਾਈ, ਪਰ ਕਈ ਲੇਖਕਾਂ ਨੇ ਹੋਰ ਵਿਸ਼ਿਆਂ 'ਤੇ ਵੀ ਕਲਮ ਚਲਾਈ ਜੋ ਪ੍ਰਕਾਸ਼ਿਤ ਕਰਨ ਲਈ ਵਰਜਿਤ ਸਨ ਜਿਵੇਂ- ਭ੍ਰਿਸ਼ਟਾਚਾਰ, ਸੈਕਸ ਸੰਬੰਧ, ਵਿਕਸਤ ਹੋ ਰਹੀ ਲਿੰਗਕ ਭੂਮਿਕਾ ਤੇ ਪਰੰਪਰਾਵਾਂ ਨੂੰ ਤੋੜਨ ਵਾਲੇ ਵਿਸ਼ੇ। ਚੀਨ ਵਿਚ ਅੱਜ ਵੀ ਲਿਖਣ ਵਾਲੀ ਹਰ ਚੀਜ਼ ਨੂੰ ਸੈਂਸਰ ਕੀਤਾ ਜਾਂਦਾ ਹੈ। ਸਰਕਾਰ ਖ਼ਿਲਾਫ਼ ਲਿਖਣ ਦੀ ਮਨਾਹੀ ਹੈ। ਇਕ ਤਰ੍ਹਾਂ ਨਾਲ ਓਥੇ ਆਜ਼ਾਦ ਖ਼ਿਆਲਾਂ ਦੇ ਅਮਲ 'ਤੇ ਰੋਕ ਹੈ। ਲੇਖਕ ਆਪਣੀ ਅਜ਼ਾਦ ਲੇਖਣੀ ਲਈ ਦੂਸਰੇ ਮੁਲਕਾਂ ਵਲ ਚਲੇ ਜਾਂਦੇ ਹਨ ਤੇ ਓਥੇ

ਹੀ ਉਨ੍ਹਾਂ ਦੀਆਂ ਕਿਤਾਬਾਂ ਛਪਦੀਆਂ ਤੇ ਪ੍ਰਵਾਨ ਚੜ੍ਹਦੀਆਂ ਹਨ। ‘ਡੈਡਲੀ ਕੁਆਇਟ ਸਿਟੀ’ ਦੀ ਵੀ ਇਹੀ ਹੋਣੀ ਹੈ ਜਿਸ ਵਿਚ ਲੇਖਕ ਨੇ ਸਰਕਾਰੀ ਤੰਤਰ ਦੇ ਭੈਅ ਤੇ ਦਮਨਕਾਰੀ ਨੀਤੀਆਂ ਦੀ ਪੋਲ ਖੋਲ੍ਹੀ ਹੈ।

12

ਵਿਠਲ ਰਾਵ ਉਰਫ਼ ਗ਼ਦਰ ਦਾ ਵਿਛੋੜਾ

ਲੋਕ ਕਲਾਕਾਰ ਲੁਕਾਈ ਦੀ ਰੀੜ੍ਹ ਹੁੰਦੇ ਹਨ।ਉਹ ਹਮੇਸ਼ਾ ਅਵਾਮ ਨੂੰ ਜਾਗਣ ਦਾ ਹੋਕਾ ਦੇਣ ਦੇ ਨਾਲ ਨਾਲ ਨਿਆਂ, ਹੱਕ ਤੇ ਸਮਾਜਕ ਨਾ ਬਰਾਬਰੀ ਖ਼ਿਲਾਫ਼ ਜੂਝਦੇ ਰਹਿੰਦੇ ਹਨ। ਹਿੰਦੁਸਤਾਨ ਵਿਚ ਹੀ ਨਹੀਂ ਸਗੋਂ ਦੁਨੀਆ ਭਰ ਵਿਚ ਲੋਕ ਕਲਾਕਾਰਾਂ ਨੇ ਅਜ਼ਾਦੀ, ਮਨੁੱਖੀ ਹੱਕਾਂ, ਸਮਾਜਕ ਅਨਿਆਂ ਤੇ ਜਬਰ ਜ਼ੁਲਮ ਖ਼ਿਲਾਫ਼ ਹਮੇਸ਼ਾ ਮੋਰਚੇਬੰਦੀ ਕੀਤੀ ਰੱਖੀ ਹੈ। ਲੋਕ ਕਲਾਕਾਰੀ ਵਿਚ ਆਪਣਾ ਸਿੱਕਾ ਜਮਾਉਣ ਵਾਲਾ ਉੱਘਾ ਲੋਕ ਕਾਰਕੁਨ ਸੀ- ਵਿਠਲ ਰਾਵ ਉਰਫ਼ ਗ਼ਦਰ ਜੋ ਪਿਛਲੇ ਦਿਨੀਂ ਵਿਛੋੜਾ ਦੇ ਗਿਆ। ਉਹਦਾ ਵਿਛੋੜਾ ਲੋਕ ਸਫ਼ਾਂ ਲਈ ਕਿਸੇ ਸਦਮੇ ਤੋਂ ਘੱਟ ਨਹੀਂ। ਨੰਗੇ ਪਿੰਡੇ 'ਤੇ ਊਨੀ ਕੰਬਲ ਲਪੇਟੀ, ਹੱਥ ਵਿਚ ਸੋਟੀ ਫੜੀ, ਆਪਣੇ ਲੰਮੇ ਘੁੰਗਰਾਲੇ

ਵਾਲਾਂ ਨੂੰ ਹਵਾ ਵਿਚ ਲਹਿਰਾਈ, ਜਦੋਂ ਉਹ ਮੌਜੂਦਾ ਨਿਘਾਰ ਵੱਲ ਜਾ ਰਹੀ ਸਮਾਜਕ ਤੇ ਰਾਜਨੀਤਕ ਵਿਵਸਥਾ ਖ਼ਿਲਾਫ਼ ਇਨਕਲਾਬੀ ਗੀਤ ਗਾਉਂਦਾ ਨੌਜਵਾਨ ਜੋਸ਼ ਨਾਲ ਠਾਠਾਂ ਮਾਰਨ ਲੱਗ ਜਾਂਦੇ। ਗ਼ਰੀਬਾਂ, ਸ਼ੋਸ਼ਿਤਾਂ ਅਤੇ ਦੱਬਿਆਂ ਕੁਚਲਿਆਂ ਦੀ ਆਵਾਜ਼ ਨੂੰ ਉਹ ਆਪਣੇ ਗੀਤਾਂ ਵਿਚ ਇਨਕਲਾਬੀ ਪੁੱਠ ਦੇ ਦੇਂਦਾ। ਉਹਦਾ ਵਿਛੋੜਾ ਇਕ ਇਨਕਲਾਬੀ ਸੁਰ ਦਾ ਸਦਾ ਲਈ ਖ਼ਾਮੋਸ਼ ਹੋ ਜਾਣਾ ਹੈ। 74 ਵਰ੍ਹਿਆਂ ਦੀ ਉਮਰ ਭੋਗ ਕੇ ਇਸ ਇਨਕਲਾਬੀ ਗੀਤਕਾਰ ਨੇ ਹੈਦਰਾਬਾਦ ਦੇ ਅਪੋਲੋ ਹਸਪਤਾਲ ਵਿਚ ਫੇਫੜਿਆਂ ਦੀ ਬਿਮਾਰੀ ਨਾਲ ਜੂਝਦਿਆਂ ਆਖ਼ਰੀ ਸਾਹ ਲਏ। 1949 ਵਿਚ ਅਣਵੰਡੇ ਆਂਧਰਾ ਪ੍ਰਦੇਸ਼ ਤੇ ਮੌਜੂਦਾ ਤੇਲੰਗਾਨਾ ਦੇ ਮੇਡਕ ਜ਼ਿਲ੍ਹੇ ਵਿਚ ਇਕ ਦਲਿਤ ਪਰਿਵਾਰ ਵਿਚ ਜੰਮੇ ਗ਼ਦਰ ਨੂੰ ਸ਼ੁਰੂ ਤੋਂ ਹੀ ਗ਼ਰੀਬੀ ਨਾਲ ਜੂਝਣਾ ਪਿਆ ਤੇ ਬਾਅਦ ਵਿਚ ਸਿਹਤ ਦੀਆਂ ਸਮੱਸਿਆਵਾਂ ਨਾਲ। ਪਰ ਇਸ ਕਸ਼ਮਕਸ਼ ਤੇ ਔਕੜਾਂ ਨੇ ਇਕ ਸਮਾਜਕ

ਕਾਰਕੁਨ ਵਜੋਂ ਉਹਦੇ ਜਨੂਨ ਨੂੰ ਹੋਰ ਤਿੱਖਿਆਂ ਕੀਤਾ। ਏਸੇ ਕਰਕੇ ਉਹ ਮੁੱਢੋਂ ਸਮਾਜਕ ਨਾ ਬਰਾਬਰੀ ਤੇ ਅਨਿਆਂ ਦੇ ਖ਼ਿਲਾਫ਼ ਜੂਝਣ ਵਾਲੇ ਗੀਤਕਾਰ ਤੇ ਗਾਇਕ ਵਜੋਂ ਪ੍ਰਸਿੱਧ ਹੋ ਗਿਆ। ਜਦੋਂ ਉਹਦਾ ਪਹਿਲਾ ਗੀਤ ਪ੍ਰਸਿੱਧ ਹੋਇਆ ਤਾਂ ਉਹਨੇ ਦੇਸ਼ ਦੀ ਅਜ਼ਾਦੀ ਲਈ ਲੜ ਰਹੀ ਗ਼ਦਰ ਪਾਰਟੀ ਤੋਂ ਪ੍ਰਭਾਵਿਤ ਹੋ ਕੇ ਗਾਇਕ ਵਜੋਂ ਆਪਣਾ ਨਾਂ ਗ਼ਦਰ ਰੱਖ ਲਿਆ। ਗ਼ਰੀਬੀ ਨਾਲ ਜੂਝਦੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਉਹਨੇ ਇੰਜੀਨੀਅਰਿੰਗ ਦੀ ਪੜ੍ਹਾਈ ਵਿੱਚੇ ਛੱਡ ਕੇ ਕੁਝ ਸਮੇਂ ਲਈ ਕੇਨਰਾ ਬੈਂਕ ਵਿਚ ਨੌਕਰੀ ਕਰ ਲਈ। ਫਿਰ ਫ਼ਿਲਮ ਨਿਰਦੇਸ਼ਕ ਬੀ ਨਰਸਿੰਘ ਰਾਵ ਦੀ ਆਰਟ ਲਵਰਜ਼ ਐਸੋਸੀਏਸ਼ਨ ਨਾਲ ਜੁੜ ਕੇ ਨੁੱਕਰ ਨਾਟਕ ਖੇਡਣੇ ਸ਼ੁਰੂ ਕੀਤੇ ਤੇ ਇਨ੍ਹਾਂ ਰਾਹੀਂ ਜਨ ਜਾਗ੍ਰਿਤੀ ਫੈਲਾਉਣ ਨੂੰ ਆਪਣਾ ਮੁੱਖ ਪੇਸ਼ਾ ਹੀ ਬਣਾ ਲਿਆ। ਬਾਅਦ ਵਿਚ ਉਹ ਨਕਸਲਬਾੜੀ ਲਹਿਰ ਨਾਲ ਵੀ ਜੁੜ ਗਿਆ ਤੇ ਜਨ ਨਾਟਕ ਮੰਡਲੀ ਦੇ ਮੋਢੀਆਂ

ਵਿਚ ਸ਼ਾਮਲ ਹੋ ਗਿਆ। ਨਕਸਲਬਾੜੀ ਅੰਦੋਲਨ ਦੌਰਾਨ ਉਹਨੂੰ ਰੂਪੋਸ਼ ਵੀ ਹੋਣਾ ਪਿਆ। ਕਿਹਾ ਜਾਂਦਾ ਹੈ ਕਿ ਉਸ ਦੌਰ ਵਿਚ ਗ਼ਦਰ ਦੇ ਗੀਤਾਂ ਤੋਂ ਪ੍ਰੇਰਤ ਹੋ ਕੇ ਬਹੁਤ ਸਾਰੇ ਨੌਜਵਾਨ ਨਕਸਲਬਾੜੀ ਲਹਿਰ ਵਿਚ ਕੁੱਦ ਪਏ। ਇਹੀ ਕਾਰਨ ਹੈ ਕਿ ਉਹਨੂੰ ਲੋਕ ਯੁੱਧ ਦਾ ਨਾਇਕ ਮੰਨਿਆ ਜਾਣ ਲੱਗਾ। 1990 ਦੇ ਦਹਾਕੇ ਵਿਚ ਰੂਪੋਸ਼ੀ ਛੱਡ ਕੇ ਉਹ ਨਾਗਰਿਕ ਅਧਿਕਾਰਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨਾਲ ਜੁੜ ਗਿਆ। ਏਸੇ ਦੌਰਾਨ ਉਹਦੇ 'ਤੇ ਜਾਨਲੇਵਾ ਹਮਲਾ ਵੀ ਹੋਇਆ। ਹਮਲਾਵਰਾਂ ਨੇ ਉਹਦੇ 'ਤੇ ਪੰਜ ਗੋਲੀਆਂ ਚਲਾਈਆਂ ਪਰ ਖ਼ੁਸ਼ ਕਿਸਮਤੀ ਨਾਲ ਉਹ ਬਚ ਗਿਆ। ਇਕ ਗੋਲੀ ਉਹਦੇ ਜਿਸਮ ਵਿਚ ਹੀ ਅਟਕੀ ਰਹਿ ਗਈ ਜੋ ਮਰਦੇ ਦਮ ਤੱਕ ਉਹਦੇ ਨਾਲ ਹੀ ਰਹੀ। ਜਦੋਂ ਉਹਨੇ ਪਹਿਲਾ ਗੀਤ "ਅਪੂਰੋ ਰਿਕਸ਼ਾਡਾ" ਗਾਇਆ ਤਾਂ ਉਹਦੇ ਵਾਲ ਕਾਲੇ ਸ਼ਾਹ ਘੁੰਗਰਾਲੇ ਸਨ ਤੇ ਜਦੋਂ ਪੰਜ ਦਹਾਕੇ ਬਾਅਦ ਉਹਨੇ ਤੇਲੰਗਾਨਾ

ਪ੍ਰਦੇਸ਼ ਦੇ ਅੰਦੋਲਨ ਦੌਰਾਨ “ਪੋਦੁਸਤੁਨਾ ਪੋਦਦੂ ਮੀਦਾ ਨਾਦਸਤੁਨਾ ਕਾਲਮਾ, ਪੋਰੂ ਤੇਲੰਗਨਾਮਾ” ਗੀਤ ਗਾਇਆ ਤਾਂ ਉਹਦੇ ਵਾਲ ਪੱਕ ਕੇ ਸਫ਼ੈਦ ਦੂਧੀਆ ਹੋ ਗਏ ਸਨ। ਤੇ ਇਹ ਤਬਦੀਲੀ ਵਾਲਾਂ ਵਿਚ ਹੀ ਨਹੀਂ ਸਗੋਂ ਉਹਦੀ ਵਿਚਾਰਧਾਰਾ ਵਿਚ ਵੀ ਆਈ। ਨਕਸਲਬਾੜੀ, ਮਾਉਵਾਦੀ ਸੋਚ ਤਿਆਗ ਕੇ ਹੁਣ ਉਹ ਅੰਬੇਡਕਰਵਾਦੀ ਬਣ ਗਿਆ ਤੇ ਫਿਰ ਅੰਬੇਡਕਰਵਾਦ ਤੇ ਮਾਰਕਸਵਾਦ ਨੂੰ ਜੋੜਨ ਦੀਆਂ ਗੱਲਾਂ ਕਰਨ ਲੱਗਾ ਜੋ ਸ਼ਾਇਦ ਉਹਦੀ ਵਿਚਾਰਧਾਰਕ ਲਾਈਨ ਵਿਚ ਪੈ ਗਈ ਤਰੇੜ ਦਾ ਸਿੱਟਾ ਸੀ। ਆਪਣੀ ਮੌਤ ਤੋਂ ਪਹਿਲਾਂ ਉਹਨੇ ਇਕ ਨਵੀਂ ਪਾਰਟੀ ਖੜੀ ਕਰਨ ਦਾ ਅਮਲ ਵੀ ਸ਼ੁਰੂ ਕਰ ਦਿੱਤਾ ਸੀ ਜੋ ਅਧੂਰਾ ਰਹਿ ਗਿਆ। ਪਰ ਸਮਾਜਕ ਅਨਿਆਂ ਤੇ ਨਾ ਬਰਾਬਰੀ ਖ਼ਿਲਾਫ਼ ਉਹਦਾ ਜਜ਼ਬਾ ਅੰਤਿਮ ਸਾਹ ਤੱਕ ਬਰਕਰਾਰ ਰਿਹਾ। ਆਪਣੇ ਸੰਘਰਸ਼ ਤੇ ਸੰਗੀਤ ਦੀ ਇਕ ਅਜਿਹੀ ਵਿਰਾਸਤ ਉਹ ਛੱਡ ਗਿਆ ਹੈ ਜਿਸ ਤੋਂ

ਆਉਣ ਵਾਲੀਆਂ ਪੀੜ੍ਹੀਆਂ ਪ੍ਰੇਰਨਾ ਲੈਂਦੀਆਂ ਰਹਿਣਗੀਆਂ।

13

ਪਿਰਾਮਿਡਾਂ ਦੀ ਦੁਨੀਆ

ਪਿਛਲੇ ਸਾਲ ਦੁਬਈ ਜਾਣ ਦਾ ਮੌਕਾ ਮਿਲਿਆ। ਜਦੋਂ ਸਵੇਰ ਵੇਲੇ ਅੰਮ੍ਰਿਤਸਰ ਦੇ ਗੁਰੂ ਰਾਮ ਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਜਹਾਜ਼ ਉੱਡਿਆ ਤਾਂ ਦੇਖਦੇ ਦੇਖਦੇ ਇਕ ਦਮ ਥੱਲੇ ਦੀ ਹਰਿਆਲੀ ਤੇ ਸੜਕਾਂ, ਨਦੀਆਂ, ਨਾਲੇ ਗ਼ਾਇਬ ਹੋ ਗਏ। ਥੋੜ੍ਹਾ ਸਮਾਂ ਹੀ ਅਜੇ ਬੀਤਿਆ ਸੀ ਕਿ ਥੱਲੇ ਵਿਸ਼ਾਲ ਰੇਗਿਸਤਾਨ ਨਜ਼ਰ ਆਉਣ ਲੱਗਾ। ਭਾਵੇਂ ਉਡਾਣ ਬਹੁਤ ਉੱਚੀ ਸੀ ਫਿਰ ਵੀ ਹੇਠਲਾ ਰੇਗਿਸਤਾਨ ਤੇ ਰੇਤਲੀਆਂ ਝਾੜੀਆਂ ਰਾਜਸਥਾਨ ਦਾ ਝੌਲਾ ਪਾ ਰਹੀਆਂ ਸਨ। ਇਹ ਅਸਲ ਵਿਚ ਸਹਾਰਾ ਰੇਗਿਸਤਾਨ ਦਾ ਵਿਸਥਾਰ ਹੈ। ਦੁਬਈ ਜਾ ਕੇ ਰੇਗਿਸਤਾਨ ਵਿਚ ਕੀਤੀ ਸਫ਼ਾਰੀ ਬੜੀ ਰੋਮਾਂਚਕ ਹੁੰਦੀ ਹੈ। ਬਿਲਕੁਲ ਮਾਰੂਥਲ ਦੇ ਵਿਚ ਜਾ ਕੇ ਕਿਸੇ ਰੇਤਲੇ ਟਿੱਲੇ 'ਤੇ ਖਲੋ

ਜਾਓ ਤਾਂ ਦੂਰ ਤੱਕ ਸਿਰਫ਼ ਰੇਤ ਤੇ ਸਿਰ ਉਪਰ ਤਪਦਾ ਸੂਰਜ ਹੀ ਤੁਹਾਡੇ ਸਾਥੀ ਹੁੰਦੇ ਹਨ। ਕੋਈ ਪੌਦਾ, ਜੀਅ, ਪਰਿੰਦਾ ਏਥੇ ਨਜ਼ਰ ਨਹੀਂ ਆਉਂਦੇ ਫਿਰ ਵੀ ਇਹ ਦ੍ਰਿਸ਼ ਕੁਦਰਤ ਦਾ ਕਮਾਲ ਨਜ਼ਰ ਆਉਂਦਾ ਹੈ। ਰੇਤ ਵਿਚ ਪੈਰ ਧਸ ਜਾਂਦੇ ਹਨ ਤੇ ਰੇਤੇ ਦੀ ਖ਼ੁਸ਼ਬੋ ਅੰਦਰ ਆਲ੍ਹਣਾ ਪਾ ਕੇ ਬਹਿ ਜਾਂਦੀ ਹੈ। ਆਪਣੇ ਪਰਛਾਵੇਂ ਲੰਮੇ ਲੰਮੇ ਰੁੱਖਾਂ ਵਾਂਗ ਰੇਤ 'ਤੇ ਵਿਛੇ ਨਜ਼ਰ ਆਉਂਦੇ ਹਨ। ਇਸ ਮਹਾ ਚੁੱਪ ਵਿਚ ਸਿਰਫ਼ ਆਪਣੇ ਸਾਹਾਂ ਦੀ ਗੂੰਜ ਹੁੰਦੀ ਹੈ। ਇਹ ਘੜੀ ਬੜੀ ਵਿਸਮਾਦੀ ਹੁੰਦੀ ਹੈ। ਯਾਦ ਆਉਂਦਾ ਸੱਸੀ ਇਨ੍ਹਾਂ ਥਲਾਂ ਵਿਚ ਪੁੰਨੂ ਨੂੰ ਲੱਭਦੀ ਮੋਈ ਸੀ, ਅਸਲ ਵਿਚ ਪੁੰਨੂ ਉਹਦੇ ਅੰਦਰ ਸੀ ਏਸੇ ਕਰਕੇ ਉਹਦੀ ਬਾਹਰੀ ਹੋਣੀ ਅਟੱਲ ਸੀ। ਦੁਨੀਆ ਵਿਚਲੇ ਰੇਤ ਥਲਾਂ ਦਾ ਇਤਿਹਾਸ ਬੜਾ ਦਿਲਚਸਪ ਹੈ। ਕਦੇ ਜਿੱਥੇ ਪਹਾੜਾਂ ਤੋਂ ਅਠਖੇਲੀਆਂ ਕਰਦੇ ਤਿਲ੍ਹਕਦੇ ਦਰਿਆ ਵਹਿੰਦੇ ਸਨ ਉਨ੍ਹਾਂ ਨੇ ਮਤਵਾਲੇ ਵਣਜਾਰਿਆਂ ਵਾਂਗ ਆਪਣੇ ਰਾਹ ਬਦਲ ਲਏ। ਉੱਥੋਂ ਦੀ

ਨਮ ਧਰਤੀ ਨੇ ਹੌਲੀ ਹੌਲੀ ਰੇਤਲੇ ਮੈਦਾਨਾਂ ਦਾ ਰੂਪ ਧਾਰ ਲਿਆ। ਮਿਸਰ ਦੇ ਗ਼ਿਜ਼ਾ ਪਿਰਾਮਿਡਾਂ ਦਾ ਇਤਿਹਾਸ ਵੀ ਕੁਝ ਇਹੋ ਜਿਹਾ ਹੈ। ਪਿਛਲੇ ਲਗਪਗ 4500 ਵਰ੍ਹਿਆਂ ਤੋਂ ਨੀਲ ਦਰਿਆ ਦੇ ਪੱਛਮੀ ਤਟ 'ਤੇ ਗ਼ਿਜ਼ਾ ਦੇ ਪਿਰਾਮਿਡ ਪਹਾੜੀ ਲੜੀਆਂ ਦੇ ਰੂਪ ਵਿਚ ਖੜੇ ਹਨ। ਮਿਸਰ ਦੇ ਚੌਥੇ ਖ਼ਾਨਦਾਨ ਦੇ ਦੂਸਰੇ ਰਾਜੇ ਫਰਾਊਨ ਖੁਫੂ ਦੀ ਯਾਦ ਵਿਚ ਈਸਾ ਪੂਰਵ 2560 ਵਿਚ ਉਸਾਰੇ ਗਏ ਇਹ ਪਿਰਾਮਿਡ 13 ਏਕੜ ਵਿਚ ਫੈਲੇ ਹੋਏ ਹਨ ਜਦ ਕਿ ਇਨ੍ਹਾਂ ਦੀ ਉਚਾਈ 480 ਫੁੱਟ ਹੈ। ਇਹਦੀ ਕਲਪਨਾ ਕਰਨੀ ਵੀ ਮੁਸ਼ਕਲ ਹੈ ਕਿ ਪਿਰਾਮਿਡ ਤਿਆਰ ਕਰਨ ਲਈ ਚੂਨੇ ਪੱਥਰ ਤੇ ਗ੍ਰੇਨਾਈਟ ਦੀਆਂ ਤੇਈ ਲੱਖ ਸਲੈਬਾਂ, ਜਿਨ੍ਹਾਂ ਵਿਚੋਂ ਹਰ ਇਕ ਦਾ ਵਜ਼ਨ ਦੋ ਟਨ ਤੋਂ ਜ਼ਿਆਦਾ ਸੀ, ਮੀਲਾਂ ਦੂਰੀ 'ਤੇ ਰੇਗਿਸਤਾਨ ਤੋਂ ਨੀਲ ਦਰਿਆ ਦੇ ਤਟ ਤੱਕ ਲੈ ਕੇ ਆਉਣਾ ਵੱਡਾ ਤੇ ਕਠਨ ਕਾਰਜ ਸੀ। ਜ਼ਮੀਨੀ ਰਸਤੇ ਏਨੀਆਂ ਭਾਰੀਆਂ ਸਲੈਬਾਂ ਨੂੰ ਢੋ ਕੇ ਲਿਆਉਣਾ

ਖਾਲਾ ਜੀ ਦਾ ਵਾੜਾ ਨਹੀਂ ਸੀ। ਵਿਗਿਆਨੀ ਲੰਮੇ ਸਮੇਂ ਤੋਂ ਇਹ ਮੰਨਦੇ ਆਏ ਹਨ ਕਿ ਦਰਿਆਵਾਂ ਦੇ ਵਹਿਣਾਂ ਵਿਚ ਹੀ ਏਨੇ ਭਾਰੇ ਸਮਾਨ ਨੂੰ ਸੌਖਿਆਂ ਲਿਆਇਆ ਜਾ ਸਕਦਾ ਹੈ। ਅੱਜ ਨੀਲ ਦਰਿਆ ਨੇ ਆਪਣਾ ਵਹਿਣ ਬਦਲ ਲਿਆ ਹੈ ਤੇ ਇਹ ਪਿਰਾਮਿਡਾਂ ਤੋਂ ਕਈ ਮੀਲ ਦੂਰ ਜਾ ਵਸਿਆ ਹੈ। ਖ਼ੋਜੀਆਂ ਨੂੰ ਪਿਛੇ ਜਿਹੇ ਹੀ ਇਹਦੇ ਸਬੂਤ ਮਿਲੇ ਕਿ ਨੀਲ ਦਰਿਆ ਦਾ ਇਕ ਵਹਿਣ ਸੁੱਕ ਚੁੱਕਾ ਹੈ ਜੋ ਕਦੇ ਇਨ੍ਹਾਂ ਪਿਰਾਮਿਡਾਂ ਦੇ ਕੋਲ ਰੇਗਿਸਤਾਨ ਵਿਚੋਂ ਹੋ ਕੇ ਵਹਿੰਦਾ ਸੀ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਚੂਨੇ ਤੇ ਗ੍ਰੇਨਾਈਟ ਦੀਆਂ ਭਾਰੀਆਂ ਸਲੈਬਾਂ ਨੂੰ ਪਾਣੀ ਰਾਹੀਂ ਹੀ ਟਿਕਾਣੇ ’ਤੇ ਪਹੁੰਚਾਇਆ ਗਿਆ ਹੋਵੇਗਾ। ਰੇਗਿਸਤਾਨ ਦੀ ਮਿੱਟੀ ਵਿਚ ਸੁਰੱਖਿਅਤ ਪਏ ਤੱਥਾਂ ਤੋਂ ਹੀ ਵਿਗਿਆਨੀਆਂ ਨੇ ਖੁਫੂ ਵਹਿਣ ਜੋ ਨੀਲ ਦੀ ਹੀ ਇਕ ਸਹਾਇਕ ਧਾਰਾ ਸੀ ਉਹਦੇ ਬਾਰੇ ਖੋਜ ਕੀਤੀ। 600 ਈ.ਪੂ. ਵਿਚ ਸੁੱਕ ਗਏ ਖੁਫੂ ਵਹਿਣ ਨੇ ਇਨ੍ਹਾਂ ਪਿਰਾਮਿਡਾਂ ਦੀ

ਉਸਾਰੀ ਵਿਚ ਵੱਡਾ ਯੋਗਦਾਨ ਪਾਇਆ। ਭੌਤਿਕ ਵਿਗਿਆਨੀ ਹੈਦਰ ਸ਼ੇਸਾ ਅਨੁਸਾਰ ਨੀਲ ਦੇ ਉਸ ਵਹਿਣ ਤੋਂ ਬਿਨਾ ਇਨ੍ਹਾਂ ਪਿਰਾਮਿਡਾਂ ਦਾ ਨਿਰਮਾਣ ਸੰਭਵ ਹੀ ਨਹੀਂ ਸੀ। ਯੇਲ ਯੂਨੀਵਰਸਿਟੀ ਦੇ ਪ੍ਰੋ. ਜੋਸਫ ਮੈਨਿੰਗ ਦਾ ਕਥਨ ਹੈ ਕਿ ਹੁਣ ਇਹ ਸਪਸ਼ਟ ਹੋ ਚੁੱਕਾ ਹੈ ਕਿ ਕਿਸੇ ਸਮੇਂ ਗ਼ਿਜ਼ਾ ਦੇ ਪਿਰਾਮਿਡਾਂ ਨੇੜੇ ਪਾਣੀ ਦੇ ਵਹਿਣ ਸਨ ਜਿਨ੍ਹਾਂ ਰਾਹੀਂ ਵੱਡੀਆਂ ਵੱਡੀਆਂ ਚਟਾਨਾਂ ਨੂੰ ਸੌਖਿਆਂ ਢੋਇਆ ਜਾ ਸਕਦਾ ਸੀ। ਵਿਗਿਆਨੀਆਂ ਨੇ ਪਿਰਾਮਿਡਾਂ ਦੇ ਆਲ਼ੇ ਦੁਆਲੇ ਤੀਹ ਫੁੱਟ ਤੱਕ ਖ਼ੁਦਾਈ ਕਰਕੇ ਓਥੇ ਕਿਸੇ ਸਮੇਂ ਪਾਣੀ ਹੋਣ ਦੇ ਸਬੂਤ ਲੱਭ ਲਏ ਹਨ। ਖੋਜਾਂ ਤੋਂ ਪਤਾ ਲਗਦਾ ਹੈ ਕਿ 8000 ਸਾਲ ਪਹਿਲਾਂ ਜਦੋਂ ਸਹਾਰਾ ਰੇਗਿਸਤਾਨ ਦਾ ਵੱਡਾ ਹਿੱਸਾ ਝੀਲਾਂ ਤੇ ਘਾਹ ਦੀਆਂ ਚਰਾਂਦਾਂ ਨਾਲ ਭਰਿਆ ਪਿਆ ਸੀ ਤਦੋਂ ਗ਼ਿਜ਼ਾ ਦੇ ਆਲ਼ੇ ਦੁਆਲੇ ਪਾਣੀ ਦੇ ਸ੍ਰੋਤ ਸਨ।ਉਸ ਤੋਂ ਕੁਝ ਹਜ਼ਾਰ ਸਾਲ ਬਾਅਦ ਜਦੋਂ ਉੱਤਰੀ ਅਫ਼ਰੀਕਾ ਵਿਚ ਸੋਕਾ ਪੈ ਗਿਆ ਤਦ

ਵੀ ਖੁਫ਼ੂ ਵਹਿਣ ਵਿਚ 40 ਫ਼ੀਸਦੀ ਪਾਣੀ ਸੀ। 1350 ਈ.ਪੂ. ਵਿਚ ਜਦੋਂ ਤੂਤਨਖਾਮਨ ਨੇ ਰਾਜ ਭਾਗ ਸਾਂਭਿਆ ਤਦ ਖੁਫ਼ੂ ਵਹਿਣ ਭਿਆਨਕ ਸੋਕੇ ਦਾ ਸਾਹਮਣਾ ਕਰ ਰਿਹਾ ਸੀ।

ਪੋਸਟ ਸਕਰਿਪਟ

ਕੁਦਰਤ ਦਾ ਇਹ ਵਰਤਾਰਾ ਅੱਜ ਵੀ ਕਾਰਜਸ਼ੀਲ ਹੈ। ਅੱਜ ਜਿਵੇਂ ਜਿਵੇਂ ਦਰਿਆਵਾਂ ਦੇ ਵਹਿਣ ਰੋਕੇ ਜਾ ਰਹੇ ਹਨ, ਤਿਵੇਂ ਤਿਵੇਂ ਅਸੀਂ ਬਰਬਾਦੀ ਵੱਲ ਵੱਧ ਰਹੇ ਹਾਂ। ਹੁਣੇ ਜਿਹੇ ਪੰਜਾਬ ਦੇ ਉਹ ਹਿੱਸੇ ਜੋ ਹੜ੍ਹਾਂ ਦੀ ਮਾਰ ਹੇਠ ਆਏ ਹੋਏ ਹਨ, ਉਹ ਕੁਦਰਤੀ ਆਫ਼ਤ ਨਹੀਂ ਸਗੋਂ ਮਨੁੱਖੀ ਗ਼ਲਤੀਆਂ ਤੇ ਲਾਲਸਾਵਾਂ ਦਾ ਨਤੀਜਾ ਹਨ। ਨਾ ਤਾਂ ਅਸੀਂ ਪਾਣੀ ਦੀ ਮੈਨੇਜਮੈਂਟ ਕਰ ਸਕੇ ਹਾਂ ਤੇ ਨਾ ਇਸ ਵਾਫਰ ਪਾਣੀ ਨੂੰ ਰੋਕਣ ਲਈ ਸਾਡੇ ਕੋਲ ਕੋਈ ਯੋਜਨਾਬੰਦੀ ਹੈ। ਸਰਕਾਰਾਂ ਕੋਲ ਲੌਲੀ ਪੌਪ ਦੇ ਜੁਮਲੇ ਹਨ, ਅਫ਼ਸਰ ਦਫ਼ਤਰਾਂ ਵਿਚ ਬੈਠੇ

ਕਾ਼ਗਜ਼ ਕਾਲੇ ਕਰ ਰਹੇ ਹਨ। ਲੋਕ ਮਰ ਰਹੇ ਹਨ ਪਰ ਲੋਕਾਂ ਨੇ ਆਪਣੀ ਸਵੈ ਮਦਦ ਦੀ ਪਰੰਪਰਾ ਨੂੰ ਮਜ਼ਬੂਤੀ ਨਾਲ ਫੜਿਆ ਹੋਇਆ ਹੈ। ਇਹੀ ਇਕ ਚੰਗਾ ਸੁਨੇਹਾ ਹੈ ਕਿ ਮਨੁੱਖ ਹੀ ਮਨੁੱਖ ਦਾ ਦਾਰੂ ਹੈ। ਸੱਤਾ ਤਾਂ ਹਮੇਸ਼ਾ ਨਿਰੰਕੁਸ਼ ਰਹੀ ਹੈ। ਉਹਦੇ ਕੋਲੋਂ ਆਸ ਰੱਖਣ ਦੀ ਬਜਾਏ ਇਕ ਦੂਜੇ ਨਾਲ ਜੁੜਨ ਵਿਚ ਹੀ ਫ਼ਾਇਦਾ ਹੈ। ਇਕ ਪਾਸੇ ਪੰਜਾਬ ਬੰਜਰ ਬਣ ਰਿਹਾ ਹੈ ਦੂਜੇ ਪਾਸੇ ਹੜ੍ਹ। ਇਸ ਤੋਂ ਵੱਡੀ ਤ੍ਰਾਸਦੀ ਹੋਰ ਕੀ ਹੋ ਸਕਦੀ ਹੈ ਕਿ ਲੀਡਰ ਚੁੰਝਾਂ ਭਿੜਾ ਰਹੇ ਹਨ, ਇਕ ਦੂਜੇ ’ਤੇ ਦੋਸ਼ ਲਾ ਰਹੇ ਹਨ ਤੇ ਏਨੀ ਦੇਰ ਨੂੰ ਪਾਣੀ ਨੇ ਅੱਗੇ ਲੰਘ ਜਾਣਾ ਹੈ। ਉਹਨੇ ਅਗਲੇ ਵਰ੍ਹੇ ਵੀ ਤਾਂ ਫੇਰੀ ਪਾਉਣੀ ਹੈ। ਆਮੀਨ!

14

ਪੌਦੇ ਵੀ ਬੋਲਦੇ ਹਨ

ਪ੍ਰੋਫੈਸਰ ਪੂਰਨ ਸਿੰਘ ਹੋਰਾਂ ਇਕ ਥਾਂ ਲਿਖਿਆ ਸੀ ਕਿ ਜਾਪਾਨੀ ਲੋਕ ਫੁੱਲਾਂ, ਪੌਦਿਆਂ ਕੋਲ ਉੱਚਾ ਨਹੀਂ ਬੋਲਦੇ ਕਿਉਂਕਿ ਮਨੁੱਖਾਂ ਦੀਆਂ ਆਵਾਜ਼ਾਂ ਉਨ੍ਹਾਂ ਨੂੰ ਡਿਸਟਰਬ ਕਰਦੀਆਂ ਹਨ। ਪ੍ਰੋਫੈਸਰ ਸਾਹਿਬ ਵਿਗਿਆਨੀ ਸਨ। ਇਹ ਉਨ੍ਹਾਂ ਦੀ ਸੋਚ ਵਿਚੋਂ ਨਿਕਲਿਆ ਤੱਥ ਸੀ। ਅੱਜ ਪੌਦਿਆਂ ਬਾਰੇ ਇਕ ਹੋਰ ਵਿਗਿਆਨਕ ਖੋਜ ਪੜ੍ਹਨ ਦਾ ਮੌਕਾ ਮਿਲਿਆ। ਇਸ ਵਿਚ ਦੱਸਿਆ ਗਿਆ ਹੈ ਕਿ ਜਦੋਂ ਪੌਦਿਆਂ ਨੂੰ ਪਿਆਸ ਲਗਦੀ ਹੈ ਤਾਂ ਉਹ ਪਾਣੀ ਲਈ ਮਨੁੱਖਾਂ ਵਾਂਗ ਬੋਲਦੇ ਹਨ ਹਾਲਾਂਕਿ ਮਨੁੱਖ ਉਨ੍ਹਾਂ ਦੀਆਂ ਆਵਾਜ਼ਾਂ ਨਹੀਂ ਸੁਣ ਸਕਦੇ। ਪਰ ਉਹਦੇ ਆਲ਼ੇ ਦੁਆਲੇ ਦੇ ਪੌਦੇ ਉਨ੍ਹਾਂ ਨੂੰ ਸੁਣ ਕੇ ਆਪਣੀ ਪ੍ਰਤੀਕਿਰਿਆ ਦੇ ਸਕਦੇ ਹਨ। ਪੌਦਿਆਂ ਦੀਆਂ ਜੜ੍ਹਾਂ ਤਾਂ

ਪਾਣੀ ਲਈ ਅਕਸਰ ਭਟਕਦੀਆਂ ਹਨ। ਇਜ਼ਰਾਈਲ ਦੇ ਵਿਗਿਆਨੀਆਂ ਨੇ ਇਕ ਨਰਸਰੀ ਵਿਚ ਤੰਬਾਕੂ ਤੇ ਟਮਾਟਰਾਂ ਦੇ ਪੌਦਿਆਂ ਵਿਚੋਂ ਨਿਕਲਣ ਵਾਲੀਆਂ ਅਜਿਹੀਆਂ ਸੂਖਮ ਧੁਨੀਆਂ ਰਿਕਾਰਡ ਕੀਤੀਆਂ ਹਨ। ਉਨ੍ਹਾਂ ਵਿਗਿਆਨੀਆਂ ਨੇ ਇਹ ਵੀ ਨੋਟ ਕੀਤਾ ਕਿ ਪੌਦਿਆਂ ਵਿਚੋਂ ਇਹ ਧੁਨੀਆਂ ਓਦੋਂ ਜ਼ਿਆਦਾ ਨਿਕਲਦੀਆਂ ਹਨ, ਜਦੋਂ ਉਨ੍ਹਾਂ ਨੂੰ ਕਈ ਦਿਨਾਂ ਤੱਕ ਪਾਣੀ ਨਾ ਦਿੱਤਾ ਜਾਵੇ ਜਾਂ ਉਨ੍ਹਾਂ ਦੀਆਂ ਪੱਤੀਆਂ ਵਿਚੋਂ ਜ਼ਿਆਦਾ ਮਾਤਰਾ ਵਿਚ ਪਾਣੀ ਦਾ ਰਿਸਾਓ ਹੋ ਰਿਹਾ ਹੋਵੇ। ਪੌਦਿਆਂ ਵਿਚੋਂ ਨਿਕਲਣ ਵਾਲੀਆਂ ਇਨ੍ਹਾਂ ਧੁਨੀਆਂ ਦੀ ਫਰੀਕੁਐਂਸੀ 40 ਹਜ਼ਾਰ ਹਰਟਜ਼ ਤੋਂ ਲੈ ਕੇ 60 ਹਜ਼ਾਰ ਹਰਟਜ਼ ਤੱਕ ਰਿਕਾਰਡ ਕੀਤੀ ਗਈ, ਜੋ ਇਨਸਾਨ ਲਈ ਸੁਣੀਆਂ ਜਾਣ ਵਾਲੀਆਂ ਧੁਨੀਆਂ ਦੀ ਫਰੀਕੁਐਂਸੀ ਨਾਲੋਂ ਕਿਤੇ ਜ਼ਿਆਦਾ ਹੈ। ਮਨੁੱਖ ਆਮ ਤੌਰ ’ਤੇ 20 ਹਜ਼ਾਰ ਹਰਟਜ਼ ਤੱਕ ਦੀਆਂ ਧੁਨੀਆਂ ਹੀ ਸੁਣ ਸਕਦੇ ਹਨ। ਜਦ

ਕਿ ਉਨ੍ਹਾਂ ਦੇ ਮੁਕਾਬਲੇ ਕੁੱਤੇ 45 ਹਜ਼ਾਰ ਤੇ ਬਿੱਲੀਆਂ 64 ਹਜ਼ਾਰ ਹਰਟਜ਼ ਤੱਕ ਦੀ ਫਰੀਕੁਐਂਸੀ ਵਾਲੀਆਂ ਧੁਨੀਆਂ ਸੁਣ ਸਕਦੀਆਂ ਹਨ। ਵਿਗਿਆਨੀਆਂ ਨੇ ਆਪਣੀ ਖੋਜਾਂ ਵਿਚ ਇਹ ਵੀ ਦੇਖਿਆ ਕਿ ਪੌਦਿਆਂ ਦੀ ਦੁਨੀਆ ਬੜੀ ਜਟਿਲ ਤੇ ਰਹੱਸਮਈ ਹੈ। ਉਨ੍ਹਾਂ ਬਾਰੇ ਅਸੀਂ ਜਿੰਨੀ ਵੀ ਕਲਪਨਾ ਕਰ ਸਕਦੇ ਹਾਂ ਉਹ ਉਸ ਤੋਂ ਕਿਤੇ ਵੱਧ ਜਟਿਲ ਹਨ। ਕੁਝ ਵਿਗਿਆਨੀ ਪੌਦਿਆਂ ਨੂੰ ਨਿਰਜਿੰਦ ਮੰਨਦੇ ਹਨ, ਪਰ ਹੁਣ ਹੋਈਆਂ ਖੋਜਾਂ ਨੇ ਸਾਬਤ ਕਰ ਦਿੱਤਾ ਹੈ ਕਿ ਪੌਦੇ ਨਿਰਜਿੰਦ ਨਹੀਂ ਸਗੋਂ ਪ੍ਰਾਣਵੰਤਾਂ ਵਾਂਗ ਵਿਹਾਰ ਕਰਦੇ ਹਨ। ਉਹ ਦੂਸਰੇ ਪੌਦਿਆਂ ਨਾਲ ਹੀ ਨਹੀਂ ਸਗੋਂ ਕਈ ਕੀਟ-ਪਤੰਗਾਂ ਨਾਲ ਵੀ ਸੂਚਨਾਵਾਂ ਸਾਂਝੀਆਂ ਕਰਦੇ ਹਨ। ਪੌਦਿਆਂ ਦੀ ਭਾਸ਼ਾ ’ਤੇ ਵਿਗਿਆਨੀਆਂ ਦੁਆਰਾ ਕੀਤੀਆਂ ਗਈਆਂ ਆਧੁਨਿਕ ਖੋਜਾਂ ਸਾਬਤ ਕਰਦੀਆਂ ਹਨ ਕਿ ਉਹ ਖਾਸ ਕਰਕੇ ਆਪਣੀ ਵਿਸ਼ੇਸ਼ ਗੰਧ ਕਰਕੇ ਸੰਵਾਦ ਰਚਾਉਂਦੇ ਹਨ। ਪਰਾਗ ਕਣਾਂ ਲਈ ਫੁੱਲ ਗੰਧ

ਰਾਹੀਂ ਹੀ ਕੀਟਾਂ ਨੂੰ ਆਪਣੇ ਵੱਲ ਖਿੱਚਦੇ ਹਨ। ਬਹੁਤ ਸਾਰੇ ਪੌਦੇ ਕਿਸੇ ਬਿਮਾਰੀ ਜਾਂ ਕੀਟਾਂ ਦੇ ਮਾਰੂ ਹਮਲੇ ਸਮੇਂ ਹਵਾ ਵਿਚ ਖਾਸ ਤਰ੍ਹਾਂ ਦੀ ਰਸਾਇਣ ਛੱਡ ਦੇਂਦੇ ਹਨ ਤਾਂ ਕਿ ਦੂਸਰੇ ਪੌਦਿਆਂ ਨੂੰ ਇਸ ਬਾਰੇ ਸੁਚੇਤ ਕਰ ਸਕਣ। ਇਹਦੇ ਜਵਾਬ ਵਿਚ ਦੂਸਰੇ ਪੌਦੇ ਆਪਣੇ ਰੱਖਿਆ ਤੰਤਰ ਨੂੰ ਮਜ਼ਬੂਤ ਕਰ ਲੈਂਦੇ ਹਨ। ਪੌਦਿਆਂ ਬਾਰੇ ਨਵੀਂਆਂ ਖੋਜਾਂ ਰਾਹੀਂ ਇਹ ਸਬੂਤ ਵੀ ਮਿਲੇ ਹਨ ਕਿ ਉਹ ਵੀ ਦੂਸਰੇ ਪੌਦਿਆਂ ਦੁਆਰਾ ਆਈਆਂ ਧੁਨੀਆਂ ਨੂੰ ਸੁਣ ਕੇ ਉਨ੍ਹਾਂ ਦੇ ਜਵਾਬ ਦੇਂਦੇ ਹਨ। ਕੁਝ ਫੁੱਲਾਂ ਵਿਚੋਂ ਪਰਾਗ ਕਣ ਮਧੂ ਮੱਖੀਆਂ ਦੀ ਭਿਣਭਿਣਾਹਟ ਤੋਂ ਪੈਦਾ ਹੋਣ ਵਾਲੀ ਕੰਬਣੀ ਸੁਣ ਕੇ ਹੀ ਨਿਕਲਦੇ ਹਨ। ਖੋਜਾਂ ਇਹ ਵੀ ਦੱਸਦੀਆਂ ਹਨ ਕਿ ਮਨੁੱਖਾਂ ਦੇ ਸੁਣਨ ਦੇ ਦਾਇਰੇ ਵਾਲੀਆਂ ਧੁਨੀਆਂ ਦੀ ਫਰੀਕੁਐਂਸੀ ਟਮਾਟਰਾਂ ਦੇ ਪੱਕਣ ਦੀ ਰਫ਼ਤਾਰ ਨੂੰ ਹੌਲਾ ਕਰਦੀ ਹੈ ਜਦ ਕਿ ਮੂੰਗੀ ਦੇ ਅੰਕੁਰਾਂ ਨੂੰ ਤੇਜ਼ੀ ਨਾਲ ਨਿਕਲਣ ਵਿਚ ਮਦਦ ਕਰਦੀ ਹੈ। ਭਾਰਤ ਵਿਚ ਪਾਨ ਤੇ

ਕੇਲਿਆਂ ਬਾਰੇ ਅਜਿਹੇ ਤਜਰਬੇ ਕੀਤੇ ਗਏ ਹਨ ਕਿ ਇਹ ਖਾਸ ਤਰ੍ਹਾਂ ਦੇ ਮਨੁੱਖੀ ਸੰਗੀਤ ਨੂੰ ਗ੍ਰਹਿਣ ਕਰਦੇ ਹਨ ਜੋ ਇਨ੍ਹਾਂ ਦੇ ਤੇਜ਼ੀ ਨਾਲ ਵਾਧੇ ਦਾ ਕਾਰਨ ਬਣਦਾ ਹੈ। ਇਸ ਨਾਲ ਵਿਗਿਆਨੀ ਇਹ ਵੀ ਕਲਪਨਾ ਕਰਨ ਲੱਗ ਪਏ ਹਨ ਕਿ ਪੌਦਿਆਂ ਤੇ ਕੀਟਾਂ ਦਾ ਇਕ ਪਛਾਣ ਤੰਤਰ ਸਥਾਪਤ ਕੀਤਾ ਜਾ ਸਕਦਾ ਹੈ।

ਪੋਸਟ ਸਕਰਿਪਟ:

ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਪੌਦਿਆਂ ਨਾਲ ਸੰਵਾਦੀ ਸਾਂਝ ਪਾਈਏ। ਅੱਜ ਕੱਲ੍ਹ ਬਰਸਾਤ ਦਾ ਮੌਸਮ ਹੈ। ਇਸ ਵਿਚ ਵੱਧ ਤੋਂ ਵੱਧ ਪੌਦੇ ਲਾ ਕੇ ਜਿੱਥੇ ਅਸੀਂ ਆਲਾ ਦੁਆਲਾ ਸਵੱਛ ਬਣਾ ਸਕਦੇ ਹਾਂ ਓਥੇ ਇਨ੍ਹਾਂ ਨਾਲ ਸਾਂਝ ਭਿਆਲੀ ਤੁਹਾਨੂੰ ਏਨੀ ਐਨਰਜੀ ਦੇਵੇਗੀ ਕਿ ਤੁਸੀਂ ਝੂਮ ਝੂਮ ਕੇ ਗਾ ਉੱਠੋਗੇ –

ਪੱਤਾ ਪੱਤਾ ਬੂਟਾ ਬੂਟਾ ਹਾਲ ਹਮਾਰਾ ਜਾਣੇ ਹੈ

ਜਾਣੇ ਨਾ ਜਾਣੇ ਗੁੱਲ ਹੀ ਨਾ ਜਾਣੇ

ਬਾਗ਼ ਤੋਂ ਸਾਰਾ ਜਾਣੇ ਹੈ...”

15

ਪ੍ਰਮਾਣੂ ਹਮਲੇ ਦੇ ਚਸ਼ਮਦੀਦ ‘ਹਿਬਾਕੂ ਜਿਮਾਕੂ’

ਦੂਜੀ ਸੰਸਾਰ ਜੰਗ ਵਿਚ ਸਾਮਰਾਜੀਆਂ ਨੇ ਜਿਹੜੇ ਮਨੁੱਖ ਮਾਰੂ ਫ਼ੈਸਲੇ ਲਏ ਉਨ੍ਹਾਂ ਵਿਚ ਸਭ ਤੋਂ ਭਿਆਨਕ ਸੀ ਹੀਰੋਸ਼ੀਮਾ ਤੇ ਨਾਗਾਸਾਕੀ ’ਤੇ ਕੀਤਾ ਗਿਆ ਪ੍ਰਮਾਣੂ ਹਮਲਾ। ਅੱਖ ਝਮਕਦਿਆਂ ਲੱਖਾਂ ਲੋਕ ਕਾਲੇ ਧੂੰਏਂ ਵਿਚ ਬਦਲ ਕੇ ਮੌਤ ਦੇ ਮੂੰਹ ਵਿਚ ਜਾ ਪਏ। ਸਿਤਮਜ਼ਰੀਫੀ ਤਾਂ ਇਹ ਕਿ ਅੱਜ ਤੱਕ ਕਿਸੇ ਸਾਮਰਾਜੀ ਨੇ ਇਸ ਕਰਤੂਤ ਦੀ ਮੁਆਫ਼ੀ ਨਹੀਂ ਮੰਗੀ, ਉਲਟਾ ਦੁਨੀਆ ਨੂੰ ਪ੍ਰਮਾਣੂ ਹਥਿਆਰਾਂ ਦੀ ਛਾਵੇਂ ਲਿਆ ਬਿਠਾਇਆ। ਅੱਜ ਤੱਕ ਹੀਰੋਸ਼ੀਮਾ ਤੇ ਨਾਗਾਸਾਕੀ ਵਿਚ ਕੋਈ ਤੰਦਰੁਸਤ ਬੱਚਾ ਪੈਦਾ ਨਹੀਂ ਹੁੰਦਾ। ਹਰ ਬੱਚਾ ਕਿਸੇ ਨਾ ਕਿਸੇ ਬੱਜ ਦਾ ਸ਼ਿਕਾਰ ਹੁੰਦਾ ਹੈ। ਰੇਡੀਏਸ਼ਨ ਦੀ ਮਾਤਰਾ ਅੱਜ ਵੀ ਬਹੁਤ ਜ਼ਿਆਦਾ ਹੈ। ਵਿਲ ਮਸਤੁਦਾ ਨੇ ਇਹਦੇ

ਬਾਰੇ ਇਕ ਰਿਪੋਰਟ ਜਾਰੀ ਕਰਦਿਆਂ ਕੁਝ ਅਜਿਹੇ ਰੁੱਖਾਂ ਦਾ ਜ਼ਿਕਰ ਕੀਤਾ ਹੈ ਜੋ ਪ੍ਰਮਾਣੂ ਹਮਲੇ ਤੋਂ ਬਚੇ ਰਹਿ ਗਏ। ਅੱਜ ਇਨ੍ਹਾਂ ਰੁੱਖਾਂ ਨੂੰ ਸਲਾਮ ਕਹਿਣ ਨੂੰ ਜੀਅ ਕਰਦਾ ਹੈ, ਜਿਨ੍ਹਾਂ ਨੇ ਸਾਮਰਾਜੀ ਕਾਰਿਆਂ ਦਾ ਮੂੰਹ ਚਿੜਾ ਕੇ ਮਨੁੱਖਤਾ ਨੂੰ ਆਪਣੀ ਨੀਂਹ ਡੂੰਘੀ ਪੁੱਟਣ ਦਾ ਸੁਨੇਹਾ ਦਿੱਤਾ। ਮਸਤੁਦਾ ਲਿਖਦਾ ਹੈ- ਮੇਰੀ ਦਾਦੀ ਹੀਰੋਸ਼ੀਮਾ ਬਾਰੇ ਕੋਈ ਗੱਲ ਕਰਨ ਤੋਂ ਕੰਨੀ ਕਤਰਾਉਂਦੀ ਹੈ। ਮੈਂ ਜਦੋਂ ਵੀ ਪੁੱਛਦਾ ਹਾਂ ਤਾਂ ਉਹ ਇਹੀ ਕਹਿੰਦੀ ਹੈ ਕਿ ਹੀਰੋਸ਼ੀਮਾ ਵਿਚ ਬੰਬ ਡਿੱਗਣ ਤੋਂ ਬਾਅਦ ਉਹਦੇ ਪਰਿਵਾਰ ਨਾਲ ਕੀ ਵਾਪਰਿਆ, ਉਹਨੂੰ ਇਹਦੇ ਬਾਰੇ ਕੁਝ ਵੀ ਪਤਾ ਨਹੀਂ। 6 ਅਗਸਤ, 1945 ਦੀ ਸਵੇਰ ਉਸ ਭਿਆਨਕ ਹਾਦਸੇ ਦੀ ਗਵਾਹ ਹੈ ਜਦੋਂ ਅਮਰੀਕਾ ਨੇ ਹੀਰੋਸ਼ੀਮਾ 'ਤੇ ਐਟਮ ਬੰਬ ਸੁੱਟਿਆ ਸੀ। ਓਦੋਂ ਵੀਹਾਂ ਵਰ੍ਹਿਆਂ ਦੀ ਮੇਰੀ ਦਾਦੀ ਹੋਨੋਲੁਲੂ ਵਿਚ ਸੀ। ਹੀਰੋਸ਼ੀਮਾ ਵਿਚ ਜਿੱਥੇ ਐਟਮ ਬੰਬ ਸੁੱਟਿਆ ਗਿਆ, ਉਹ ਮੇਰੀ ਦਾਦੀ ਦੇ

ਗੁਆਂਢ ਵਿਚ ਸੀ। ਉਸ ਬੰਬ ਨਾਲ ਸਾਰਾ ਸ਼ਹਿਰ ਤਬਾਹ ਹੋ ਗਿਆ ਤੇ ਇਕ ਲੱਖ ਤੋਂ ਵਧੇਰੇ ਲੋਕ ਮਾਰੇ ਗਏ। ਜ਼ਖ਼ਮੀਆਂ ਦੀ ਕੋਈ ਗਿਣਤੀ ਨਹੀਂ। ਮੇਰੀ ਦਾਦੀ ਨੇ ਦੱਸਿਆ ਕਿ ਸਿਰਫ਼ ਉਹਦਾ ਇਕ ਚਾਚਾ ਹੀ ਬਚਿਆ। ਵਿਗਿਆਨੀਆਂ ਦਾ ਕਹਿਣਾ ਹੈ ਕਿ ਐਟਮ ਬੰਬ ਦੇ ਡਿੱਗਣ ਨਾਲ ਜ਼ਮੀਨ 'ਤੇ ਇਕ ਦਮ ਤਾਪਮਾਨ 3,000 ਤੋਂ 4,000 ਡਿਗਰੀ ਸੈਲਸੀਅਸ ਹੋ ਗਿਆ ਭਾਵ ਏਨੀ ਜ਼ਿਆਦਾ ਗਰਮੀ ਜਿਸ ਨਾਲ ਮਨੁੱਖੀ ਜਿਸਮ ਕਾਲੇ ਧੂੰਏਂ ਵਿਚ ਬਦਲ ਗਏ। ਮੈਂ ਉਸ ਦਿਨ ਦੀ ਕਲਪਨਾ ਹੀ ਕਰ ਸਕਦਾ ਹਾਂ ਕਿ ਮੇਰੇ ਵਡੇਰਿਆਂ ਦਾ ਪਰਿਵਾਰ ਨਾਸ਼ਤਾ ਕਰਨ ਬੈਠਾ ਅਚਾਨਕ ਕਾਲੇ ਧੂੰਏਂ ਵਿਚ ਬਦਲ ਗਿਆ ਹੋਵੇਗਾ। ਮੈਂ ਕਦੇ ਹੀਰੋਸ਼ੀਮਾ ਨਹੀਂ ਗਿਆ। ਪਰ ਵਡੇਰਿਆਂ ਦੀਆਂ ਚੀਜ਼ਾਂ ਨਾਲ ਜੁੜਨ ਦੀ ਮੇਰੀ ਹਮੇਸ਼ਾ ਇੱਛਾ ਰਹੀ ਹੈ। ਪਿਛਲੇ ਦਿਨੀਂ ਅਚਾਨਕ ਮੈਨੂੰ ਹੀਰੋਸ਼ੀਮਾ ਦੇ ਕੁਝ ਰੁੱਖਾਂ ਬਾਰੇ ਪਤਾ ਲੱਗਿਆ। ਮੈਂ ਗਿੰਗੋ ਦੇ ਰੁੱਖਾਂ ਦੀ ਗੱਲ

ਕਰ ਰਿਹਾ ਹਾਂ। ਮੂਲ ਰੂਪ ਵਿਚ ਇਹ ਚੀਨੀ ਪ੍ਰਜਾਤੀ ਦਾ ਹੈ ਤੇ ਦੁਨੀਆ ਦੇ ਸਭ ਤੋਂ ਪੁਰਾਣੇ ਰੁੱਖਾਂ ਵਿਚ ਇਹਨੂੰ ਸ਼ੁਮਾਰ ਕੀਤਾ ਜਾਂਦਾ ਹੈ। ਕਿਹਾ ਜਾਂਦਾ ਇਹ ਰੁੱਖ ਓਦੋਂ ਵੀ ਹਿੱਕ ਤਾਣ ਕੇ ਖੜੇ ਰਹੇ ਸਨ ਜਦੋਂ ਧਰਤੀ 'ਤੇ ਇਕ ਵੱਡੇ ਐਸਟ੍ਰੋਇਡ ਦੇ ਡਿੱਗਣ ਨਾਲ ਡਾਇਨਾਸੌਰ ਖ਼ਤਮ ਹੋ ਗਏ ਸਨ। ਇਨ੍ਹਾਂ ਰੁੱਖਾਂ ਦੇ ਬਚੇ ਰਹਿਣ ਦਾ ਰਾਜ਼ ਇਹ ਹੈ ਕਿ ਇਨ੍ਹਾਂ ਦੀਆਂ ਜੜ੍ਹਾਂ ਧਰਤੀ ਵਿਚ ਏਨੀਆਂ ਡੂੰਘੀਆਂ ਹੁੰਦੀਆਂ ਹਨ ਕਿ ਪ੍ਰਮਾਣੂ ਬੰਬ ਦਾ ਹਾਈ ਤਾਪਮਾਨ ਵੀ ਇਨ੍ਹਾਂ ਨੂੰ ਨਸ਼ਟ ਨਹੀਂ ਕਰ ਸਕਦਾ। ਐਟਮ ਬੰਬ ਦੇ ਹਮਲੇ ਤੋਂ ਬਚ ਗਏ ਲੋਕਾਂ ਨੂੰ ਜਾਪਾਨੀ ਭਾਸ਼ਾ ਵਿਚ ਹਿਬਾਕੁਸ਼ਾ ਕਹਿੰਦੇ ਹਨ। ਬੰਬ ਦੀ ਮਾਰ ਤੋਂ ਬਚੇ ਰਹਿ ਗਏ ਇਨ੍ਹਾਂ ਰੁੱਖਾਂ ਨੂੰ ਜਾਪਾਨ ਵਿਚ ਹਿਬਾਕੂ ਜਿਮਾਕੂ ਕਿਹਾ ਜਾਂਦਾ ਹੈ। ਇਹ ਰੁੱਖ ਅੱਜ ਵੀ ਜਿਉਂਦੇ ਬਚੇ ਹੋਏ ਹਨ, ਜਦ ਕਿ ਇਨ੍ਹਾਂ ਦੀਆਂ ਕਈ ਪ੍ਰਜਾਤੀਆਂ ਦੁਨੀਆ ਦੇ ਵੱਖ ਵੱਖ ਹਿੱਸਿਆਂ ਵਿਚ ਮਿਲਦੀਆਂ ਹਨ। ਹੀਰੋਸ਼ੀਮਾ ਦੀ ਇਕ

ਹਿਬਾਕੁਸ਼ਾ ਜੋ ਬੰਬ ਡਿੱਗਣ ਸਮੇਂ ਦਸਾਂ ਵਰ੍ਹਿਆਂ ਦੀ ਬਾਲੜੀ ਸੀ, 2003 ਵਿਚ ਓਰੇਗਾਨ ਆਈ ਤੇ 2017 ਵਿਚ ਉਹ 'ਗ੍ਰੀਨ ਲੀਗੇਸੀ ਹੀਰੋਸ਼ੀਮਾ' ਨਾਲ ਜੁੜ ਗਈ,ਜੋ ਹਿਬਾਕੂ ਜਿਮਾਕੂ ਦੀ ਦੇਖ ਭਾਲ ਕਰਨ ਵਾਲੀ ਸੰਸਥਾ ਹੈ। ਉਹਨੇ ਇਹਦੇ 51 ਬੀਜ ਅਮਰੀਕਾ ਵਿਚ ਬੀਜੇ, ਜਿਸ ਦੇ ਰੁੱਖਾਂ ਨੂੰ ਉਹਨੇ 'ਹੀਰੋਸ਼ੀਮਾ ਪੀਸ ਟ੍ਰੀਜ਼' ਦਾ ਨਾਂ ਦਿੱਤਾ।ਐਟਮ ਬੰਬ ਦੇ ਹਮਲੇ ਵਿਚ ਆਪਣੀ ਮਾਂ ਤੇ ਭੈਣ ਭਰਾਵਾਂ ਨੂੰ ਗੁਆ ਚੁੱਕੀ ਇਸ ਔਰਤ ਨੇ ਇਕ ਇੰਟਰਵਿਊ ਵਿਚ ਕਿਹਾ ਸੀ ਕਿ- 'ਮੈਂ ਆਪਣੀ ਮਾਂ ਨੂੰ ਤਾਂ ਜਨਮ ਨਹੀਂ ਦੇ ਸਕਦੀ, ਪਰ ਰੁੱਖਾਂ ਨੂੰ ਦੇ ਸਕਦੀ ਹਾਂ, ਪਾਲ ਸਕਦੀ ਹਾਂ।' ਪਿਛਲੇ ਕੁਝ ਵਰ੍ਹਿਆਂ ਤੋਂ ਮੈਂ ਇਨ੍ਹਾਂ ਰੁੱਖਾਂ ਕੋਲ ਜਾਂਦਾ ਹਾਂ, ਉਨ੍ਹਾਂ ਨੂੰ ਪਾਣੀ ਪਾਉਂਦਾ ਹਾਂ। ਉਨ੍ਹਾਂ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਉਹ ਮੇਰੇ ਵਡੇਰਿਆਂ ਦੀ ਧਰਤੀ ਦੇ ਨੇ ਤੇ ਏਥੇ ਮੇਰੇ ਕੋਲ ਉਨ੍ਹਾਂ ਦੀ ਨਿਸ਼ਾਨੀ ਹਨ।

ਪੋਸਟ ਸਕਰਿਪਟ

ਕੁਝ ਜਾਪਾਨੀ ਕਵਿਤਾਵਾਂ

1. ਪ੍ਰਸਤਾਵਨਾ/ਤੋਗੇ ਸਾਂਕਿਚਿ

ਮੈਨੂੰ ਮੇਰਾ ਪਿਤਾ ਵਾਪਸ ਕਰ ਦਿਓ

ਮੇਰੀ ਮਾਂ ਵਾਪਸ ਕਰ ਦਿਓ

ਦਾਦਾ-ਦਾਦੀ ਵਾਪਸ ਕਰ ਦਿਓ

ਮੇਰੇ ਬੱਚੇ ਵਾਪਸ ਕਰ ਦਿਓ

ਮੈਨੂੰ ਮੇਰੀ 'ਮੈਂ' ਵਾਪਸ ਕਰ ਦਿਓ

ਮਨੁੱਖਤਾ ਵਾਪਸ ਕਰ ਦਿਓ

ਜਦ ਤੱਕ ਹੈ ਧਰਤੀ 'ਤੇ ਜ਼ਿੰਦਗੀ

ਤਦ ਤੱਕ ਲਈ

ਅਮਰ-ਅਨੰਤ-ਅਖੰਡ ਸ਼ਾਂਤੀ ਵਾਪਸ ਕਰ ਦਿਓ...

2.ਇਹ ਹੈ ਮਨੁੱਖ/ਹਾਰਾ ਤਾਮਿਕਿ

ਇਹ ਹੈ ਮਨੁੱਖ

ਪ੍ਰਮਾਣੂ ਬੰਬ ਦੀ ਕਰਾਮਾਤ ਤਾਂ ਦੇਖੋ

ਮਨੁੱਖੀ ਦੇਹਾਂ ਫੁੱਲ ਕੇ ਹੋ ਗਈਆਂ ਕਰੂਪ

ਗੁਆ ਬੈਠੀਆਂ ਆਪਣੀ ਪਛਾਣ, ਮਰਦਾਨੀ ਕਿ ਜਨਾਨੀ

ਬਦਰੰਗ, ਝੁਲਸੇ, ਕਰੂਪ ਚਿਹਰਿਆਂ ‘ਤੇ

ਸੁੱਜੇ ਹੋਏ ਬੁੱਲ੍ਹਾਂ ਤੋਂ ਨਿਕਲ ਰਹੀ ਕਰਾਹੁੰਦੀ ਪੁਕਾਰ

‘ਬਚਾਓ, ਬਚਾਓ’

‘ਤ੍ਰਾਹ ਤ੍ਰਾਹ’ ਕਰ ਰਹੀ ਲੁਕਾਈ

ਦੁਰਬਲ ਟੁੱਟ ਰਹੇ ਬੋਲ

ਮਨੁੱਖੀ ਦਰਦ ਦੀ ਹੂਕ

ਇਹ ਹੈ ਮਨੁੱਖ,

ਮਨੁੱਖ ਦਾ ਚਿਹਰਾ...

3. ਵਿਰਲਾਪ/ਓਓਹਿਰਾ ਕਾਜ਼ੁਕੋ

ਜੋ ਜਾ ਚੁੱਕੇ ਨੇ, ਵਾਪਸ ਨਹੀਂ ਆ ਸਕਦੇ

ਜੋ ਜਾ ਚੁੱਕੇ ਨੇ, ਰੋ ਨਹੀਂ ਸਕਦੇ

ਜੋ ਜਾ ਚੁੱਕੇ ਨੇ, ਉਨ੍ਹਾਂ ਕੋਲ ਰੋਣ ਦਾ ਕੋਈ ਸਬੱਬ ਨਹੀਂ

ਜੋ ਜਿਊਂਦੇ ਬਚ ਗਏ ਨੇ, ਉਹ ਕੀ ਕਰਨ

ਜਿਊਂਦੇ ਬਚ ਗਏ ਲੋਕ ਕੀ ਸਮਝਣ

ਜਿਹੜੇ ਜਿਊਂਦੇ ਬਚ ਗਏ ਨੇ

ਉਹ ਦੁੱਖਾਂ ਨੂੰ ਤੋੜਦੇ ਜਾਣ

ਯਾਦਾਂ ਨੂੰ ਵਿਸਾਰ ਕੇ ਜਾਣ

ਜਿਹੜੇ ਜਿਊਂਦੇ ਬਚ ਗਏ ਨੇ

ਉਹ ਤੁਰੇ ਜਾਣ, ਭਾਵ ਹੀਣ ਮਖੌਟਿਆਂ ਨੂੰ ਸੰਭਾਲੀ...

4. ਟਿੱਲਾ/ਤਾਨਾਕਾ ਕਿਸ਼ਿਰੋ

ਨਿਨੋਸ਼ੀਆ ਟਾਪੂ ‘ਤੇ

ਹਜ਼ਾਰਾਂ ਮੋਇਆਂ ਦੀ ਯਾਦ ਵਿਚ ਬਣੀ ਯਾਦਗਾਰ ਹੇਠਾਂ

ਸੌਂ ਰਹੀ ਹੈ ਮੇਰੀ ਬੇਟੀ

ਉਹਦਾ ਨਾਂ ਅਜੇ ਤੱਕ ਹੈ ਉਨ੍ਹਾਂ ਦੀ ਸੂਚੀ ਵਿਚ

ਕਿੰਨਾ ਦੁਖਦਾਈ.. ਕਿੰਨੀ ਬਦਕਿਸਮਤੀ...

ਓ ਮੇਰੇ ਪ੍ਰਮਾਣੂ-ਲਤਾੜੇ ਹੀਰੋਸ਼ੀਮਾ!

5. ਡੁੱਬਦਾ ਸੂਰਜ

ਮੇਰੀ ਬੱਚੀ ਨਹੀਂ ਰਹੀ

ਪ੍ਰਾਇਮਰੀ ਸਕੂਲ ਦੀਆਂ ਕੰਧਾਂ ‘ਤੇ

ਠਹਿਰ ਗਈ ਹੈ ਡੁੱਬਦੇ ਸੂਰਜ ਦੀ ਲਾਲੀ

ਏਧਰ ਓਧਰ ਖਿੱਲਰੀਆਂ ਪਈਆਂ ਨੇ ਖੋਪੜੀਆਂ

ਓ ਮੇਰੇ ਪ੍ਰਮਾਣੂ-ਲਤਾੜੇ ਹੀਰੋਸ਼ੀਮਾ!

6. ਖ਼ੂਨ/ਤੋਕੁਨੋ ਕੋਆਇਚਿ

ਜਮਾਤ ਵਿਚ ਸਿਰ ਸੁੱਟੀ

ਇਕਾਗਰਚਿਤ ‘ਨੋਟਸ’ ਲੈਂਦਿਆਂ

ਅਚਾਨਕ ਖ਼ੂਨ ਦੀ ਇਕ ਬੂੰਦ ਮੇਰੀ ਪੈਨਸਿਲ ’ਤੇ ਡਿੱਗੀ

ਮੇਰੇ ਨੱਕ ’ਚੋਂ ਵਗਦਾ ਰਿਹਾ ਖ਼ੂਨ

ਸ਼ਬਦਾਂ ਨੂੰ ਲਗਾਤਾਰ ਆਪਣੀ ਲਾਲੀ ਨਾਲ ਰੰਗਦਾ

ਮੇਰੇ ਅੰਤਰਮਨ ਦੇ ਕੋਨੇ ’ਚੋਂ ਆਈ ਆਵਾਜ਼

ਇਕ ਸ਼ਬਦ ਗੂੰਜਿਆ-ਮੌਤ!

16

ਇਤਿਹਾਸ ਭੁੱਲ ਜਾਣ ਵਾਲਿਓ

ਪਹਿਲਾਂ ਇਤਿਹਾਸਕ ਥਾਵਾਂ, ਸ਼ਹਿਰਾਂ, ਸਟੇਸ਼ਨਾਂ, ਗਲੀਆਂ, ਮੁਹੱਲਿਆਂ ਦੇ ਨਾਂ ਬਦਲਣ ਦੀ ਮੁਹਿੰਮ ਚਲਾਈ ਗਈ। ਇਹ ਅਸਲ ਵਿਚ ਸਵੈ-ਧੋਖੇ ਦੀ ਸਥਿਤੀ ਹੁੰਦੀ ਹੈ, ਜਦੋਂ ਹਾਕਮ ਸੋਚਣ ਲੱਗ ਜਾਂਦੇ ਨੇ ਕਿ ਇੰਜ ਕਰਨ ਨਾਲ ਉਹ ਪੱਥਰਾਂ ਦੀਆਂ ਲਕੀਰਾਂ ਮਿਟਾ ਦੇਣਗੇ। ਇਤਿਹਾਸ ਕਦੇ ਵੀ ਮਰਦੇ ਨਹੀਂ, ਉਹ ਮੌਸਮਾਂ ਦੇ ਬਦਲਣ ਨਾਲ ਫਿਰ ਜੰਗਲੀ ਘਾਹ ਵਾਂਗ ਉੱਗ ਆਉਂਦੇ ਨੇ ਤੇ ਉਹਨੂੰ ਬਦਲਣ ਵਾਲੇ ਹਾਕਮ ਆਪਣੇ ਹੀ ਭਾਰ ਨਾਲ ਦੱਬੇ ਮਿਟ ਜਾਂਦੇ ਨੇ।ਵਕਤ ਦੀ ਖੇਡ ਸੱਪ ਸੀੜ੍ਹੀ ਵਾਲੀ ਹੁੰਦੀ ਹੈ। ਕਦੇ ਪੌੜੀ ਧੁਰ ਅਸਮਾਨਾਂ ਵਿਚ ਲੈ ਜਾਂਦੀ ਹੈ ਤੇ ਕਦੇ ਸੱਪ ਦਾ ਡੰਗ ਪਤਾਲ ਵਿਚ ਲਿਜਾ ਸੁੱਟਦਾ ਹੈ। ਦੁਨੀਆ ਭਰ ਵਿਚ ਇਤਿਹਾਸਾਂ ਨਾਲ

ਇੰਜ ਹੀ ਛੇੜ ਛਾੜ ਹੁੰਦੀ ਆਈ ਹੈ, ਪਰ ਤੱਥ ਹਮੇਸ਼ਾ ਕਾਇਮ ਰਹਿੰਦੇ ਹਨ। ਜਦੋਂ ਬੱਚਿਆਂ ਕੋਲੋਂ ਅਸੀਂ ਤੱਥ ਖੋਹ ਲੈਂਦੇ ਹਾਂ ਤਾਂ ਇਹ ਨਹੀਂ ਸੋਚਦੇ ਕਿ ਅਸੀਂ ਉਨ੍ਹਾਂ ਨੂੰ ਤੱਥਹੀਣ ਕਰਕੇ ਅਤਾਰਕਿਕ ਬਣਾ ਰਹੇ ਹਾਂ। “ਲਮਹੋਂ ਨੇ ਖ਼ਤਾ ਕੀ ਸਦੀਓਂ ਨੇ ਸਜਾ ਪਾਈ।” ਇਹ ਸਜਾ ਦੇ ਕੇ ਪਤਾ ਨਹੀਂ ਅਸੀਂ ਬੱਚਿਆਂ ਕੋਲੋਂ ਕੁਝ ਖੋਹ ਰਹੇ ਹਾਂ ਕਿ ਦੇ ਰਹੇ ਹਾਂ, ਕਿਉਂਕਿ ਅੱਜ ਤੱਕ ਉਨ੍ਹਾਂ ਨੂੰ ਕਦੇ ਪੁੱਛਿਆ ਹੀ ਨਹੀਂ ਗਿਆ ਕਿ ਉਹ ਕੀ ਪੜ੍ਹਨਾ ਚਾਹੁੰਦੇ ਹਨ ਤੇ ਕੀ ਨਹੀਂ। ਇਤਿਹਾਸ ਨੂੰ ਕਿਵੇਂ ਭੁਲਾ ਦਿੱਤਾ ਜਾਂਦਾ ਹੈ, ਇਹਦੇ ਬਾਰੇ ਇਕ ਕਿੱਸਾ ਸੁਣਾਉਂਦਿਆਂ ਐਦੂਆਰਦੋ ਗਲੇਆਨੋ ਨੇ ਲਿਖਿਆ ਹੈ- ਸ਼ਿਕਾਗੋ ਦੁਨੀਆ ਦਾ ਮਸ਼ਹੂਰ ਸ਼ਹਿਰ ਹੈ। ਸ਼ਹਿਰ ਦੇ ਵਿਚਕਾਰ ਦੁਨੀਆ ਦੀ ਸਭ ਤੋਂ ਉੱਚੀ ਇਮਾਰਤ ਦੇ ਆਲ਼ੇ ਦੁਆਲੇ ਕਾਰਖ਼ਾਨੇ ਹੀ ਕਾਰਖ਼ਾਨੇ ਹਨ। ਸ਼ਿਕਾਗੋ ਕਾਰਖ਼ਾਨਿਆਂ ਨਾਲ ਭਰਿਆ ਪਿਆ ਹੈ। ਸ਼ਿਕਾਗੋ ਮਜ਼ਦੂਰਾਂ ਨਾਲ ਭਰਿਆ ਪਿਆ ਹੈ।

ਹੇਮਾਕੇਰਟ ਜ਼ਿਲ੍ਹੇ ਵਿਚ ਪਹੁੰਚ ਕੇ ਮੈਂ ਆਪਣੇ ਦੋਸਤਾਂ ਨੂੰ ਪੁੱਛਿਆ ਕਿ ਉਹ ਮੈਨੂੰ ਉਸ ਥਾਂ 'ਤੇ ਲੈ ਕੇ ਜਾ ਸਕਦੇ ਨੇ ਜਿੱਥੇ 1886 ਵਿਚ ਹੱਕਾਂ ਲਈ ਜੂਝਦੇ ਮਜ਼ਦੂਰਾਂ ਨੂੰ ਫਾਂਸੀ ਦਿੱਤੀ ਗਈ ਸੀ ਤੇ ਜਿਨ੍ਹਾਂ ਦੀ ਸ਼ਹਾਦਤ ਨੂੰ ਦੁਨੀਆ ਹਰ ਸਾਲ ਪਹਿਲੀ ਮਈ ਨੂੰ ਸਲਾਮ ਕਰਦੀ ਹੈ। "ਏਥੇ ਕਿਤੇ ਹੀ ਹੋਵੇਗੀ", ਉਨ੍ਹਾਂ ਨੇ ਬਿਨਾ ਕਿਸੇ ਉਚੇਚ ਦੇ ਮੈਨੂੰ ਦੱਸਿਆ। ਪਰ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਉਹ ਕਿਥੇ ਹੈ।

ਸ਼ਿਕਾਗੋ ਸਿਟੀ ਵਿਚ ਉਹਦੇ ਸ਼ਹੀਦਾਂ ਦੀ ਯਾਦ ਵਿਚ ਕਿਤੇ ਕੋਈ ਬੁੱਤ ਨਹੀਂ ਲਾਇਆ ਗਿਆ, ਨਾ ਕੋਈ ਸ਼ਿਲਾਲੇਖ, ਨਾ ਕੋਈ ਕਾਂਸੀ ਦੀ ਪਲੇਟ। ਕਮਾਲ ਦੀ ਗੱਲ ਹੈ, ਉਨ੍ਹਾਂ ਦੇ ਨਾਂ ਦਾ ਕੁਝ ਵੀ ਨਹੀਂ, ਜਿਵੇਂ ਸ਼ਿਕਾਗੋ ਦੇ ਇਤਿਹਾਸ ਵਿਚੋਂ ਉਨ੍ਹਾਂ ਦਾ ਪੰਨਾ ਪਾੜ ਕੇ ਉਨ੍ਹਾਂ ਨੂੰ ਭੁਲਾ ਦਿੱਤਾ ਗਿਆ ਹੋਵੇ। ਪਹਿਲੀ ਮਈ ਸਾਰੀ ਇਨਸਾਨੀਅਤ ਦਾ ਇਕੋ ਇਕ ਅਜਿਹਾ ਦਿਹਾੜਾ ਹੈ ਜਿਹੜਾ ਹਰ

ਥਾਂ ਮਨਾਇਆ ਜਾਂਦਾ ਹੈ। ਇਕੋ ਇਕ ਅਜਿਹਾ ਦਿਹਾੜਾ ਜਦੋਂ ਦੁਨੀਆ ਦੇ ਸਾਰੇ ਇਤਿਹਾਸ, ਭੂਗੋਲ, ਜ਼ਬਾਨਾਂ, ਧਰਮ, ਕਿਰਤ ਤੇ ਕਿਰਤੀ ਇਕ ਨੁਕਤੇ 'ਤੇ ਆ ਮਿਲਦੇ ਹਨ। ਪਰ ਯੂਐਸਏ ਵਿਚ ਪਹਿਲੀ ਮਈ ਆਮ ਦਿਨਾਂ ਵਾਂਗ ਹੀ ਆ ਕੇ ਅਲੋਪ ਹੋ ਜਾਂਦੀ ਹੈ। ਉਸ ਦਿਨ ਲੋਕ ਰੋਜ਼ਮੱਰਾ ਵਾਂਗ ਕੰਮ ਧੰਦੇ ਕਰਦੇ ਹਨ ਤੇ ਕੋਈ ਵੀ, ਲਗਪਗ ਹਰ ਕੋਈ, ਇਹ ਯਾਦ ਕਰਨ ਦੀ ਕੋਸ਼ਿਸ਼ ਨਹੀਂ ਕਰਦਾ ਕਿ ਮਿਹਨਤਕਸ਼ ਤਬਕੇ ਦੇ ਹੱਕ ਬੱਕਰੀ ਦੇ ਕੰਨ ਵਿਚਲੇ ਛੇਕ ਵਿਚੋਂ ਨਹੀਂ ਨਿਕਲੇ, ਨਾ ਹੀ ਕਿਸੇ ਪੀਰ ਪੈਗ਼ੰਬਰ ਜਾਂ ਕਿਸੇ ਮਾਲਕ ਦੀ ਕਿਰਪਾ/ਦਿਆ ਨਾਲ ਮਿਲੇ ਨੇ। ਹੇਮਾਕੇਰਟ ਵਿਚ ਮੇਰੀਆਂ ਨਾਕਾਮ ਕੋਸ਼ਿਸ਼ਾਂ ਤੋਂ ਬਾਅਦ, ਮੇਰੇ ਦੋਸਤ ਮਿੱਤਰ ਮੈਨੂੰ ਸਿਟੀ ਦੇ ਸਭ ਤੋਂ ਵੱਡੇ ਕਿਤਾਬ ਘਰ ਵਿਚ ਲੈ ਗਏ। ਓਥੇ ਫੋਲਾ-ਫਾਲੀ ਕਰਦਿਆਂ, ਇਤਫ਼ਾਕ ਨਾਲ, ਮੈਨੂੰ ਇਕ ਪੁਰਾਣਾ ਪੋਸਟਰ ਲੱਭ ਗਿਆ, ਜੋ ਸ਼ਾਇਦ ਮੇਰੀ ਉਡੀਕ ਵਿਚ ਪਿਆ ਸੀ, ਫ਼ਿਲਮੀ ਤੇ ਰਾੱਕ ਪੋਸਟਰਾਂ

ਵਿਚ ਦੱਬਿਆ ਹੋਇਆ। ਉਸ ਪੋਸਟਰ 'ਤੇ ਇਕ ਅਫ਼ਰੀਕੀ ਉਕਤੀ ਲਿਖੀ ਹੋਈ ਸੀ- "ਜਦੋਂ ਤੱਕ ਸ਼ੇਰਾਂ ਕੋਲ ਆਪਣੇ ਇਤਿਹਾਸਕਾਰ ਹੋਣਗੇ, ਸ਼ਿਕਾਰਾਂ ਦੇ ਇਤਿਹਾਸਾਂ ਵਿਚ ਸ਼ਿਕਾਰੀਆਂ ਦੇ ਸੋਹਲੇ ਗਾਏ ਜਾਂਦੇ ਰਹਿਣਗੇ।"

ਪੋਸਟ ਸਕਰਿਪਟ:

ਸ਼ਿਕਾਗੋ ਦੇ ਸ਼ਹੀਦਾਂ ਨੂੰ ਲਾਲ ਸਲਾਮ

ਦੁਨੀਆ ਭਰ ਦੇ ਕਿਰਤੀਓ ਇਕ ਹੋ ਜਾਓ ਤੇ ਆਪਣੇ ਇਤਿਹਾਸ ਖ਼ੁਦ ਲਿਖਣ ਲਈ ਹੰਭਲੇ ਮਾਰੋ, ਸਰਮਾਏਦਾਰੀ ਆਪਣੇ ਭਾਰ ਨਾਲ ਸਿਰ ਪਰਨੇ ਡਿੱਗਣ ਵਾਲੀ ਹੈ, ਆਉਣ ਵਾਲਾ ਸੁਨਹਿਰਾ ਕੱਲ੍ਹ ਤੁਹਾਡਾ ਹੈ।

17

ਪੋਟੈਟੋ ਬਿਊਟੀ: ਈਵਾ ਏਕੇਬਲਾਡ

ਮਨੁੱਖ ਇੱਛਾਧਾਰੀ ਬਣ ਜਾਵੇ ਤਾਂ ਕੁਦਰਤ ਉਹਦੀ ਅਗਵਾਈ ਕਰਦੀ ਹੈ। ਉਹ ਉਹਨੂੰ ਜ਼ਿੰਦਗੀ ਦੇ ਕੀਮਤੀ ਤੋਹਫ਼ਿਆਂ ਨਾਲ ਸਰਸ਼ਾਰ ਕਰ ਦੇਂਦੀ ਹੈ। ਮਨੁੱਖ ਦੀ ਲਗਨ, ਸਿਰੜ, ਦ੍ਰਿੜ੍ਹਤਾ ਤੇ ਕੁਝ ਨਵਾਂ ਕਰਨ ਦੀ ਸੋਚ ਅੱਜ ਵੀ ਉਤਸ਼ਾਹ ਨਾਲ ਭਰ ਦੇਂਦੀ ਹੈ। ਇਤਿਹਾਸ ਵਿਚ ਕਈ ਅਜਿਹੀਆਂ ਔਰਤਾਂ ਮਿਲਦੀਆਂ ਹਨ ਜਿਨ੍ਹਾਂ ਨੇ ਆਪਣੇ ਇਰਾਦੇ ਤੇ ਸੋਚ ਦੇ ਬਲਬੂਤੇ ਅਜਿਹੀ ਨਵੀਂ ਸਿਰਜਣਾ ਕੀਤੀ ਜਿਸ ਨੂੰ ਪੜ੍ਹ/ਸੁਣ ਕੇ ਸਤਿਕਾਰ ਵਜੋਂ ਸਿਰ ਝੁਕ ਜਾਂਦਾ ਹੈ। ਜਿਹੜੇ ਸਿਰਾਂ ਦੀ ਵਰਤੋਂ ਕਰਨਾ ਜਾਣਦੇ ਨੇ ਉਹੀ ਇਤਿਹਾਸ ਵਿਚ ਆਪਣੇ ਨਾਂ ਦਾ ਸੁਨਹਿਰੀ ਸਿੱਕਾ ਛੱਡ ਜਾਂਦੇ ਨੇ ਜੋ ਸਦੀਆਂ ਬਾਅਦ ਵੀ ਕੋਹੇਨੂਰ ਵਾਂਗ ਚਮਕਦਾ ਰਹਿੰਦਾ ਹੈ। ਅਜਿਹੀ ਹੀ ਇਕ

ਦਮਦਾਰ ਔਰਤ ਸੀ -ਈਵਾ ਏਕੇਬਲਾਡ। ਉਹਦਾ ਜਨਮ 10 ਜੁਲਾਈ, 1724 ਨੂੰ ਸਵੀਡਨ ਦੇ ਇਕ ਬੜੇ ਅਮੀਰ ਘਰਾਣੇ ਵਿਚ ਹੋਇਆ। ਸੋਲ੍ਹਾਂ ਸਾਲ ਦੀ ਚੜ੍ਹਦੀ ਜਵਾਨੀ ਵੇਲੇ ਉਹਦਾ ਵਿਆਹ ਸਰਕਾਰੇ ਦਰਬਾਰੇ ਪਹੁੰਚ ਰੱਖਣ ਵਾਲੇ ਇਕ ਅਮੀਰ ਖ਼ਾਨਦਾਨ ਦੇ ਸ਼ਹਿਜ਼ਾਦੇ ਨਾਲ ਹੋ ਗਿਆ। ਉਹਦੇ ਪਤੀ ਦਾ ਕਾਰੋਬਾਰ ਅਜਿਹਾ ਸੀ ਕਿ ਉਹਨੂੰ ਅਕਸਰ ਦੇਸ਼ ਤੋਂ ਬਾਹਰ ਜਾਣਾ ਪੈਂਦਾ। ਅਠਾਰਾਂ ਵਰ੍ਹਿਆਂ ਦੀ ਹੋਣ 'ਤੇ ਆਪਣੇ ਪਤੀ ਦੀ ਜਾਇਦਾਦ ਤੇ ਆਪਣੇ ਪਿਤਾ ਦੇ ਫਾਰਮ ਹਾਊਸ ਸੰਭਾਲਣ ਦੀ ਜ਼ਿੰਮੇਵਾਰੀ ਉਹਨੂੰ ਦੇ ਦਿੱਤੀ ਗਈ। ਵੱਡੇ ਵੱਡੇ ਖੇਤ, ਪਸ਼ੂਆਂ ਦੇ ਵਾੜੇ, ਮੁਰਗੀਖ਼ਾਨੇ ਤੇ ਫ਼ਸਲ ਦੀ ਸਾਂਭ ਸੰਭਾਲ ਦੇ ਨਾਲ ਨਾਲ ਉਹਦੇ ਕੋਲ ਨੌਕਰਾਂ, ਚਾਕਰਾਂ ਤੇ ਕਾਮਿਆਂ ਦੀ ਵੱਡੀ ਫ਼ੌਜ ਵੀ ਸੀ। 1746 ਵਿਚ ਜਦੋਂ ਈਵਾ ਬਾਈ ਵਰ੍ਹਿਆਂ ਦੀ ਹੋਈ ਤਾਂ ਉਹਨੇ ਆਪਣੇ ਖੇਤਾਂ ਤੇ ਰਸੋਈ ਵਿਚ ਬਣਨ ਵਾਲੇ ਖਾਣੇ ਬਾਰੇ ਕੁਝ ਨਵੇਂ ਪ੍ਰਯੋਗ ਕਰਨੇ ਸ਼ੁਰੂ ਕਰ ਦਿੱਤੇ।

ਆਪਣੀ ਕੁਦਰਤੀ ਸਮਝ ਤੇ ਸਿਆਣਪ ਕਰਕੇ ਉਹ ਬੜੀ ਜਲਦੀ ਖੇਤੀ ਮਾਹਿਰ ਬਣ ਗਈ। ਇਹ ਸਮਾਂ ਯੂਰਪ ਵਿਚ ਬੜਾ ਖ਼ਤਰਨਾਕ ਸੀ। ਸਾਰਾ ਯੂਰਪ ਗ਼ਰੀਬੀ ਦੀ ਮਾਰ ਝੱਲ ਰਿਹਾ ਸੀ, ਉੱਪਰੋਂ ਕਾਲ ਪੈ ਜਾਣਾ ਆਮ ਗੱਲ ਸੀ। ਅੰਨ-ਦਾਣੇ ਦੀ ਹਰ ਵੇਲੇ ਘਾਟ ਰਹਿੰਦੀ। ਇਹੀ ਹਾਲ ਉਹਦੇ ਦੇਸ਼ ਸਵੀਡਨ ਦਾ ਸੀ। ਈਵਾ ਦੇ ਫਾਰਮ ਹਾਊਸਾਂ ਵਿਚ ਮੁਰਗ਼ੀਆਂ ਦੇ ਖਾਣ ਲਈ ਆਲੂ ਉਗਾਇਆ ਜਾਂਦਾ ਸੀ। ਆਲੂ ਉਗਾਉਣ ਦੀ ਸ਼ੁਰੂਆਤ ਹਾਲਾਂਕਿ ਦੱਖਣੀ ਅਮਰੀਕਾ ਦੇ ਪੀਰੂ ਵਿਚ ਈਸਾ ਪੂਰਵ 8000 ਤੋਂ 5000 ਵਿਚ ਹੋ ਚੁੱਕੀ ਸੀ ਪਰ ਯੂਰਪ ਵਿਚ ਇਹ ਬੜੀ ਦੇਰ ਬਾਅਦ ਪਹੁੰਚਿਆ। 1536 ਵਿਚ ਜਦੋਂ ਸਪੇਨੀ ਫ਼ੌਜਾਂ ਨੇ ਪੀਰੂ 'ਤੇ ਹੱਲਾ ਬੋਲਿਆ, ਉਸ ਸਮੇਂ ਉਹਦੇ ਫ਼ੌਜੀ ਆਲੂ ਦਾ ਸਵਾਦ ਚੱਖਣ ਵਾਲੇ ਪਹਿਲੇ ਯੂਰਪੀ ਬਣੇ। ਸਰ ਵਾਲਟਰ ਰੈਲੇ ਨੇ 1589 ਵਿਚ ਆਇਰਲੈਂਡ ਦੇ ਕਾਰਕ ਇਲਾਕੇ ਕੋਲਚਾਲੀ ਹਜ਼ਾਰ ਏਕੜ ਰਕਬੇ

ਵਿਚ ਆਲੂ ਬਿਜਵਾਇਆ। ਸਾਰੇ ਯੂਰਪ ਵਿਚ ਇਹਦੀ ਖੇਤੀ ਹੋਣ ਨੂੰ ਸੱਠ ਵਰ੍ਹੇ ਹੋਰ ਲੱਗ ਗਏ। ਸਵੀਡਨ ਵਿਚ ਆਲੂ ਦੀ ਆਮਦ 1655 ਦੇ ਨੇੜੇ ਤੇੜੇ ਹੋਈ ਮੰਨੀ ਜਾਂਦੀ ਹੈ। ਜਿਸ ਸਮੇਂ ਈਵਾ ਨੇ ਖੇਤੀ ਬਾੜੀ ਵਿਚ ਨਵੇਂ ਪ੍ਰਯੋਗ ਕਰਨੇ ਸ਼ੁਰੂ ਕੀਤੇ। ਉਸ ਸਮੇਂ ਆਲੂਆਂ ਨੂੰ ਮਨੁੱਖਾਂ ਦੇ ਖਾਣ ਦੀ ਵਸਤੂ ਨਹੀਂ ਸੀ ਮੰਨਿਆ ਜਾਂਦਾ। ਇਸ ਦੀ ਕਾਸ਼ਤ ਕੇਵਲ ਪਸ਼ੂਆਂ ਦੇ ਖਾਣ ਲਈ ਕੀਤੀ ਜਾਂਦੀ ਸੀ। ਈਵਾ ਨੇ ਗੁਦਾਮਾਂ ਵਿਚ ਭਰੇ ਰਹਿਣ ਵਾਲੇ ਆਲੂਆਂ 'ਤੇ ਗੰਭੀਰਤਾ ਨਾਲ ਪ੍ਰਯੋਗ ਕਰਨੇ ਸ਼ੁਰੂ ਕਰ ਦਿੱਤੇ। ਉਹਦੀ ਖੋਜ ਨੇ ਸਾਬਤ ਕਰ ਦਿੱਤਾ ਕਿ ਆਲੂਆਂ ਵਿਚਲੀ ਸਟਾਰਚ ਦੀ ਭਰਪੂਰ ਮਾਤਰਾ ਮਨੁੱਖ ਲਈ ਬਿਹਤਰੀਨ ਭੋਜਨ ਸਾਬਤ ਹੋ ਸਕਦੀ ਹੈ। ਅਗਲੇ ਕੁਝ ਵਰ੍ਹਿਆਂ ਵਿਚ ਹੀ ਸਾਰੇ ਯੂਰਪ ਵਿਚ ਆਲੂ ਨੇ ਭੋਜਨ ਵਿਚ ਵੱਡਾ ਰੁਤਬਾ ਹਾਸਲ ਕਰ ਲਿਆ। ਈਵਾ ਨੇ ਆਲੂ ਦੇ ਫੁੱਲਾਂ ਤੋਂ ਕਈ ਕਾਸਮੈਟਿਕਸ ਤਿਆਰ ਕੀਤੇ। ਲੋਕ ਉਹਨੂੰ ਆਲੂ ਸੁੰਦਰੀ ਕਹਿਣ

ਲੱਗ ਪਏ। ਆਪਣੀਆਂ ਇਨ੍ਹਾਂ ਖੋਜਾਂ ਬਾਰੇ ਰਾਏ ਜਾਣਨ ਲਈ ਉਹਨੇ ਇਨ੍ਹਾਂ ਨੂੰ ਰਾਇਲ ਸਵੀਡਿਸ਼ ਅਕਾਦਮੀ ਆਫ਼ ਸਾਇੰਸਿਜ਼ ਨੂੰ ਭੇਜਿਆ। ਅਕਾਦਮੀ ਨੇ ਇਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਉਹਨੂੰ ਅਕਾਦਮੀ ਦੀ ਮੈਂਬਰਸ਼ਿਪ ਦੇ ਦਿੱਤੀ। ਇਹ ਰੁਤਬਾ ਹਾਸਲ ਕਰਨ ਵਾਲੀ ਉਹ ਪਹਿਲੀ ਔਰਤ ਹੈ। 1751 ਵਿਚ ਉਹਨੇ ਸੂਤੀ ਧਾਗੇ ਤੇ ਕੱਪੜਿਆਂ ਨੂੰ ਸਾਬਣ ਨਾਲ ਬਲੀਚ ਕਰਨ ਦੀ ਵਿਧੀ ਖ਼ੋਜੀ। ਏਸੇ ਵਰ੍ਹੇ ਰਾਇਲ ਸਵੀਡਿਸ਼ ਅਕਾਦਮੀ ਆਫ਼ ਸਾਇੰਸਿਜ਼ ਨੇ ਇਕ ਨਵਾਂ ਫ਼ੈਸਲਾ ਉਹਦੇ ਖ਼ਿਲਾਫ਼ ਕਰ ਦਿੱਤਾ। ਉਹਨੂੰ ਪੂਰਨ ਰੂਪ ਵਿਚ ਦਿੱਤੀ ਗਈ ਮੈਂਬਰਸ਼ਿਪ ਨੂੰ ਖ਼ਤਮ ਕਰਕੇ ਆਨਰੇਰੀ ਵਿਚ ਬਦਲ ਦਿੱਤਾ। ਅਕਾਦਮੀ ਦਾ ਇਹ ਫ਼ੈਸਲਾ ਪਿਤਰੀ ਸੱਤਾ ਦੇ ਹੱਕ ਵਿਚ ਭੁਗਤਦਾ ਸੀ। ਇਸ ਵਿਚ ਕਿਹਾ ਗਿਆ ਕਿ ਅਕਾਦਮੀ ਦੇ ਨੇਮਾਂ ਅਨੁਸਾਰ ਸਿਰਫ਼ ਪੁਰਸ਼ ਹੀ ਇਹਦੇ ਮੈਂਬਰ ਬਣ ਸਕਦੇ ਹਨ। ਉਸ ਸਮੇਂ ਅਜਿਹੇ ਫ਼ੈਸਲੇ ਦਾ ਵਿਰੋਧ ਕਰਨ ਵਾਲਾ ਕੋਈ ਨਹੀਂ ਸੀ

ਕਿਉਂਕਿ ਅੱਜ ਤੋਂ ਢਾਈ ਸੌ ਸਾਲ ਪਹਿਲਾਂ ਪਿਤਰੀ ਸੱਤਾ ਬੜੀ ਡਾਢੀ ਤੇ ਮਜ਼ਬੂਤ ਸੀ। ਈਵਾ ਨੇ ਇਸ ਨੂੰ ਭਾਣਾ ਮੰਨ ਕੇ ਜਰ ਲਿਆ, ਪਰ ਆਪਣੀ ਖੋਜ ਬਿਰਤੀ ਨੂੰ ਨਿਰ-ਉਤਸ਼ਾਹੀ ਨਹੀਂ ਹੋਣ ਦਿੱਤਾ। ਆਪਣੇ ਸ਼ਹਿਰ ਸਟਾਕਹੋਮ ਵਿਚ ਉਹ ਇਕ ਸਭਿਆਚਾਰਕ ਸੈਲੂਨ ਵੀ ਚਲਾਉਂਦੀ ਸੀ, ਜਿਸ ਵਿਚ ਸਵੀਡਨ ਦੀਆਂ ਨਾਮੀ ਗਰਾਮੀ ਹਸਤੀਆਂ ਅਕਸਰ ਆਉਂਦੀਆਂ ਰਹਿੰਦੀਆਂ ਸਨ। ਮਸ਼ਹੂਰ ਸੰਗੀਤਕਾਰ ਯੋਹਾਨ ਹੇਲਮੀਖ ਰੋਮਾਨ ਦੇ ਮਾਸ ਮਿਊਜ਼ਿਕ ਦਾ ਪਹਿਲਾ ਕੰਸਰਟ ਏਸੇ ਸੈਲੂਨ ਵਿਚ ਹੋਇਆ ਸੀ। ਸਵੀਡਨ ਦੀ ਮਹਾਰਾਣੀ ਲੂਈਸਾ ਉਲਰੀਕਾ ਨਾਲ ਵੀ ਉਹਦੀ ਚੰਗੀ ਦੋਸਤੀ ਸੀ ਪਰ ਉਹਨੇ ਕਦੇ ਕਿਸੇ ਦਾ ਅਹਿਸਾਨ ਨਹੀਂ ਲਿਆ। ਉਨ੍ਹਾਂ ਦਿਨਾਂ ਵਿਚ ਯੂਰਪ ਵਿਚ ਵਹਿਮ ਭਰਮ ਤੇ ਅੰਧ ਵਿਸ਼ਵਾਸਾਂ ਦਾ ਬੋਲ ਬਾਲਾ ਸੀ। ਅਜ਼ਾਦ ਖ਼ਿਆਲਾਂ ਵਾਲੀਆਂ ਔਰਤਾਂ ਨੂੰ ਡੈਣਾਂ ਕਹਿਕੇ ਜਿਉਂਦੇ ਜੀਅ ਸਾੜ ਦਿੱਤਾ ਜਾਂਦਾ ਸੀ।

ਇਸ ਅਮਾਨਵੀ ਕਾਰੇ ਦਾ ਵਿਰੋਧ ਕਰਨ ਵਾਲੀ ਈਵਾ ਸਭ ਤੋਂ ਪਹਿਲੀ ਔਰਤ ਸੀ। ਉਹਨੇ ਇਹਦੇ ਲਈ ਵਿਰੋਧ ਦੇ ਨਾਲ ਨਾਲ ਜਾਗਰੂਕਤਾ ਵੀ ਪੈਦਾ ਕੀਤੀ। ਅਸਲ ਵਿਚ ਉਸ ਸਮੇਂ ਔਰਤਾਂ 'ਤੇ ਕੀਤੇ ਜਾਂਦੇ ਜ਼ੁਲਮ, ਉਨ੍ਹਾਂ ਦੀ ਹਸਤੀ ਨੂੰ ਨਪੀੜਨ ਵਾਲੇ ਸਨ। ਔਰਤ ਨੂੰ ਇਕ ਪ੍ਰਾਣੀ ਨਹੀਂ ਸੀ ਸਮਝਿਆ ਜਾਂਦਾ, ਸਗੋਂ ਪੁਰਸ਼ ਦੀ ਦਾਸੀ ਬਣ ਕੇ ਰਹਿਣ ਲਈ ਉਹਦੇ 'ਤੇ ਜ਼ੁਲਮ ਕੀਤੇ ਜਾਂਦੇ ਸਨ। ਸੱਤਾਂ ਧੀਆਂ ਪੁੱਤਰਾਂ ਦੀ ਮਾਂ ਈਵਾ ਨੇ ਆਲੂਆਂ ਤੋਂ ਅਲਕੋਹਲ ਬਣਾਉਣ ਦੀ ਵਿਧੀ ਵੀ ਈਜਾਦ ਕੀਤੀ। ਇਸ ਤਰੀਕੇ ਨਾਲ ਬਣਨ ਵਾਲੀ ਜਾਦੂਈ ਸ਼ਰਾਬ ਨੂੰ ਵੋਦਕਾ ਨਾਂ ਦਿੱਤਾ ਗਿਆ। ਪੁਰਸ਼ਾਂ ਦੇ ਉਸ ਸਮਾਜ ਵਿਚ ਔਰਤਾਂ ਸ਼ਰਾਬ ਪੀਣ ਦਾ ਸੁਪਨਾ ਵੀ ਨਹੀਂ ਸਨ ਲੈ ਸਕਦੀਆਂ। ਇਸ ਲਈ ਜਿਨ੍ਹਾਂ ਪੁਰਸ਼ਾਂ ਨੇ ਔਰਤ ਦੁਆਰਾ ਇਜਾਦ ਕੀਤੀ ਸਭ ਤੋਂ ਜ਼ਿਆਦਾ ਸ਼ਰਾਬ ਪੀਤੀ ਉਨ੍ਹਾਂ ਨੇ ਅਕਾਦਮੀ ਦੀ ਮੈਂਬਰਸ਼ਿਪ ਨੂੰ ਲੈ ਕੇ ਉਹਦੇ ਨਾਲ ਦੁਰਵਿਹਾਰ

ਕੀਤਾ। ਹੌਲੀ ਹੌਲੀ ਵੋਦਕਾ ਦਾ ਜਾਦੂ ਅਜਿਹਾ ਸਿਰ ਚੜ੍ਹ ਕੇ ਬੋਲਿਆ ਕਿ ਰੂਸ ਵਿਚ ਅੱਜ ਤੱਕ ਇਹ ਕੌਮੀ ਡਰਿੰਕ ਦਾ ਰੁਤਬਾ ਰੱਖਦੀ ਹੈ। ਦੁਨੀਆ ਇਸ ਦੇ ਜਲਵੇ ਦੀਵਾਨੀ ਹੈ।

ਪੋਸਟ ਸਕਰਿਪਟ:

ਈਵਾ ਵਰਗੀਆਂ ਔਰਤਾਂ ਨੇ ਆਪਣੀ ਸੂਝ ਬੂਝ ਤੇ ਅਕਲ ਨਾਲ ਸਾਬਤ ਕਰ ਦਿੱਤਾ ਕਿ ਉਹ ਕਿਸੇ ਨਾਲੋਂ ਘੱਟ ਨਹੀਂ। ਉਹਦੀਆਂ ਖੋਜਾਂ ਦਾ ਸੰਸਾਰ ਅੱਜ ਵੀ ਯਾਦਗਾਰੀ ਹੈ। ਅੱਜ ਔਰਤਾਂ ਦੁਨੀਆ ਦੇ ਹਰ ਖ਼ਿੱਤੇ ਵਿਚ ਅਗਵਾਈ ਕਰ ਰਹੀਆਂ ਹਨ ਤੇ ਇਸ ਪਿਛੇ ਸਦੀਆਂ ਦੀ ਉਹ ਸੋਚ ਪਈ ਹੈ ਕਿ ਮਨੁੱਖ ਵਜੋਂ ਔਰਤ ਨੂੰ ਇਕ ਨਾ ਇਕ ਦਿਨ ਉਹਦਾ ਬਣਦਾ ਰੁਤਬਾ ਦੇਣਾ ਪਏਗਾ। ਈਵਾ ਨੇ ਔਰਤਾਂ ਲਈ ਜਿਹੜੀ ਜਾਗਰੂਕਤਾ ਮੁਹਿੰਮ ਸਦੀਆਂ ਪਹਿਲਾਂ ਸ਼ੁਰੂ ਕੀਤੀ ਸੀ, ਉਸ ਨੂੰ ਫਿਰ ਜਿਉਂਦਿਆਂ ਕਰਨ ਦੀ ਲੋੜ ਹੈ ਤਾਂ ਕਿ

ਔਰਤਾਂ ਨਾਲ ਜਿੱਥੇ ਅਨਿਆਂ ਹੋ ਰਿਹਾ ਹੋਵੇ ਉਸ ਨੂੰ ਠੱਲ੍ਹ ਪਾਈ ਜਾ ਸਕੇ।

18

ਜਨਾਬ ਰਹਿਮਾਨ ਰਾਹੀ ਦਾ ਵਿਛੋੜਾ

ਸਾਹਿਤਿਕ ਤੌਰ ’ਤੇ ਕਸ਼ਮੀਰ ਦੀ ਪਰੰਪਰਾ ਬੜੀ ਪ੍ਰਾਚੀਨ ਹੈ। ਪੁਰਾਤਨ ਸਮਿਆਂ ਵਿਚ ਏਥੇ ਰਚੇ ਗਏ ਸਾਹਿਤ ਦੀ ਆਭਾ ਕਸ਼ਮੀਰੀਅਤ ਦੀ ਰੰਗਤ ਵਿਚ ਰੰਗੀ ਹੋਈ ਨਜ਼ਰ ਆਉਂਦੀ ਹੈ। ਆਧੁਨਿਕ ਕਸ਼ਮੀਰੀ ਸਾਹਿਤ ਦੀ ਕਾਵਿ ਪਰੰਪਰਾ ਵਿਚ ਜਨਾਬ ਰਹਿਮਾਨ ਰਾਹੀ ਦਾ ਨਾਂ ਬੜੇ ਅਦਬ ਨਾਲ ਲਿਆ ਜਾਂਦਾ ਹੈ। ਉਨ੍ਹਾਂ ਦਾ ਜਨਮ 06 ਮਈ, 1925 ਨੂੰ ਹੋਇਆ ਤੇ ਕੱਲ੍ਹ ਉਹ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ। ਇਸ ਸਮੇਂ ਉਨ੍ਹਾਂ ਦੀ ਉਮਰ 98 ਵਰ੍ਹੇ ਸੀ। ਅੱਜ ਕੱਲ੍ਹ ਉਹ ਆਪਣੇ ਸ਼ਹਿਰ ਦੇ ਨੌਸ਼ਹਿਰਾ ਇਲਾਕੇ ਵਿਚ ਰਹਿ ਰਹੇ ਸਨ। ਉਨ੍ਹਾਂ ਦੇ ਕਈ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋਏ ਜਿਨ੍ਹਾਂ ਵਿਚ ਧੜਕਦੀ ਕਸ਼ਮੀਰੀਅਤ ਦੇਖੀ ਜਾ

ਸਕਦੀ ਹੈ। ਉਨ੍ਹਾਂ ਨੇ ਬਹੁਤ ਸਾਰੀਆਂ ਪ੍ਰਸਿੱਧ ਰਚਨਾਵਾਂ ਕਸ਼ਮੀਰੀ ਵਿਚ ਅਨੁਵਾਦ ਵੀ ਕੀਤੀਆਂ। ਉਨ੍ਹਾਂ ਦਾ ਯਾਦਗਾਰੀ ਕੰਮ ਬਾਬਾ ਫ਼ਰੀਦ ਦਾ ਕਸ਼ਮੀਰੀ ਵਿਚ ਅਨੁਵਾਦ ਹੈ। ਉਨ੍ਹਾਂ ਦੇ ਪ੍ਰਸਿੱਧ ਕਾਵਿ ਸੰਗ੍ਰਹਿ 'ਨਵਰੋਜ਼-ਏ-ਸਬਾ' ਲਈ 1961 ਵਿਚ ਉਨ੍ਹਾਂ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ। 2007 ਵਿਚ ਉਨ੍ਹਾਂ ਦੇ ਕਾਵਿ ਸੰਗ੍ਰਹਿ 'ਸਿਆਹ ਰੂਦ ਜੇਰੇਨ ਮੰਜ਼' ਨੂੰ ਭਾਰਤੀ ਗਿਆਨ-ਪੀਠ ਐਵਾਰਡ ਦਿੱਤਾ ਗਿਆ। ਸੰਨ 2000 ਵਿਚ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮਸ਼੍ਰੀ ਨਾਲ ਨਿਵਾਜਿਆ। ਉਨ੍ਹਾਂ ਦੇ ਕਾਵਿ ਸੰਸਾਰ ਦੀ ਗੱਲ ਕਰਦਿਆਂ ਗ਼ੌਰੀ ਨਾਥ ਰੈਣਾ ਲਿਖਦੇ ਹਨ-ਅਬਦੁਲ ਰਹਿਮਾਨ ਰਾਹੀ ਨੇ ਆਪਣੀ ਕਵਿਤਾ ਉਸ ਦੌਰ ਵਿਚ ਲਿਖਣੀ ਸ਼ੁਰੂ ਕੀਤੀ, ਜਿਸ ਦੌਰ ਵਿਚ ਨਾਦਿਮ ਦੀਆਂ ਕਵਿਤਾਵਾਂ ਦੀ ਗੂੰਜ ਚਾਰੇ ਪਾਸੇ ਸੀ ਤੇ ਰਾਹੀ ਨੇ ਇਹਦਾ ਅਨੁਸਰਨ ਕੀਤਾ। ਕਸ਼ਮੀਰੀ ਕਵਿਤਾ ਲਿਖਣ ਤੋਂ ਪਹਿਲਾਂ ਰਾਹੀ ਉਰਦੂ ਵਿਚ ਕਲਮ ਚਲਾ ਚੁੱਕੇ

ਸਨ ਪਰ ਚਿਨਾਰ ਦੀ ਮਹਿਕ ਉਨ੍ਹਾਂ ਨੂੰ ਮਾਤ ਭਾਸ਼ਾ ਵੱਲ ਖਿੱਚਦੀ ਰਹੀ। 1960 ਛਪੇ ਕਾਵਿ ਸੰਗ੍ਰਹਿ 'ਨਵ ਰੋਜ਼ ਸਬਾ' ਅਥਵਾ ਨਵੀਂ ਸਵੇਰ ਦੀ ਹਵਾ ਨੇ ਉਨ੍ਹਾਂ ਦੀ ਸਿਰਜਣਾ ਨੂੰ ਨਵੀਂ ਪਛਾਣ ਦਿੱਤੀ। 'ਨਸਰੀ ਨਜ਼ਮ' ਵਿਚ ਉਨ੍ਹਾਂ ਨੇ ਡਰਾਮੈਟਿਕ ਮੋਨੋਲਾਗ ਦੇ ਰੂਪ ਵਿਚ ਕਵਿਤਾਵਾਂ ਲਿਖੀਆਂ। ਆਪਣੇ ਸਮਕਾਲੀਆਂ ਵਾਂਗ ਗ਼ਜ਼ਲ ਦੀ ਰੋਮਾਂਟਿਕ ਪ੍ਰਵਿਰਤੀ ਦੀ ਬਜਾਏ ਉਨ੍ਹਾਂ ਨੇ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨੂੰ ਪੇਸ਼ ਕਰਨ ਨੂੰ ਤਰਜੀਹ ਦਿੱਤੀ। ਇਨਸਾਨੀ ਲਚਾਰਗੀ ਨੂੰ ਉਨ੍ਹਾਂ ਨੇ ਨਵੇਂ ਬਿੰਬਾਂ ਤੇ ਪ੍ਰਤੀਕਾਂ ਵਿਚ ਢਾਲ ਕੇ ਪੇਸ਼ ਕੀਤਾ।

ਆਪਣੀ ਸਿਰਜਣਾ ਬਾਰੇ ਉਨ੍ਹਾਂ ਦਾ ਸਵੈ-ਕਥਨ ਹੈ-

> ਆਧੁਨਿਕਤਾ ਇਤਿਹਾਸਿਕਤਾ ਦੀ ਇਕ ਨਿਰੰਤਰ ਪ੍ਰਕਿਰਿਆ ਹੈ। ਇਹ ਜਟਿਲ ਵੀ ਹੈ ਤੇ ਇਹਦੇ ਲਈ ਨਵੀਂ ਕਾਵਿ ਭਾਸ਼ਾ ਦਰਕਾਰ ਹੈ।

ਰਹਿਮਾਨ ਰਾਹੀ ਹੋਰਾਂ ਨੇ ਟੀ ਐੱਸ ਈਲੀਅਟ, ਐਜ਼ਰਾ ਪਾਊਂਡ, ਗ਼ਾਲਿਬ ਦਾ ਪ੍ਰਭਾਵ ਕਬੂਲਿਆ ਤੇ ਉਨ੍ਹਾਂ ਰਾਹੀ ਇਕ ਨਵੀਂ ਕਾਵਿ ਭਾਸ਼ਾ ਸਿਰਜੀ। ਇਨ੍ਹਾਂ ਤੋਂ ਇਲਾਵਾ ਰਸੂਲ ਮੀਰ, ਰਹਿਮਾਨ ਡਾਰ,ਸ਼ਮਸ਼ ਫ਼ਕੀਰ, ਪਰਮਾਨੰਦ, ਅਹਿਦ ਜਰਗਰ, ਸਮਦ ਮੀਰ, ਜਿੰਦਾ ਕੌਲ, ਮਹਿਜੂਰ, ਨਾਦਿਮ ਆਦਿ ਤੋਂ ਕਾਵਿ ਪ੍ਰੇਰਨਾ ਲਈ। ਅੱਜ ਇਹ ਕਾਵਿ ਸਿਤਾਰਾ ਖ਼ਾਕ ਵਿਚ ਮਿਲ ਕੇ ਅਰਸ਼ਾਂ ਦਾ ਨੂਰ ਹੋ ਗਿਆ। ਕਸ਼ਮੀਰੀ ਸਾਹਿਤ ਵਿਚ ਉਨ੍ਹਾਂ ਦਾ ਰੁਤਬਾ ਹਮੇਸ਼ਾ ਬੁਲੰਦ ਰਹੇਗਾ ਤੇ ਆਉਣ ਵਾਲੇ ਸਮੇਂ ਦੀ ਨਵੀਂ ਪੀੜ੍ਹੀ ਨੂੰ ਚਿਨਾਰਾਂ ਦੀ ਮਹਿਕ ਵੰਡਦਾ ਰਹੇਗਾ। ਉਸ ਮਹਾਨ ਸ਼ਾਇਰ ਦੀ ਸ਼ਾਇਰੀ ਨੂੰ ਸਿੱਜਦਾ ਕਰਦਿਆਂ ਪੇਸ਼ ਹਨ ਉਨ੍ਹਾਂ ਦੀਆਂ ਨਜ਼ਮਾਂ:

1. ਘਾਹ ਫੁੱਲ/ਰਹਿਮਾਨ ਰਾਹੀ – ਅਨੁ. ਪਰਮਜੀਤ ਢੀਂਗਰਾ

ਮੈਨੂੰ ਫ਼ੂਕ ਨਾ ਮਾਰੋ

ਬਹੁਤ ਹੀ ਕੋਮਲ ਹਾਂ ਮੈਂ

ਸਫ਼ੈਦ ਰੂੰ 'ਤੇ ਪਿਆ ਹਲਕਾ ਜਿਹਾ ਰੰਗ ਮੇਰਾ

ਗੋਲਾਕਾਰ ਸੂਰਜ ਵਰਗਾ ਰੂਪ

ਰੇਸ਼ਮ ਦਾ ਫਫੂੰਦਾ ਹਾਂ ਬਾਹਰੋਂ ਮੈਂ

ਤਿਲਿੱਸਮ ਵਰਗੀ ਹੈਰਾਨੀ ਹਾਂ ਮੈਂ

ਅੰਦਰੋਂ ਕਲਾਤਮਕ

ਬ੍ਰਹਿਮੰਡ ਦਾ ਖ਼ਾਮੋਸ਼

ਵਾਰਿਸ ਹਾਂ ਮੈਂ

ਅੰਕੁਰ ਮੇਰੀ ਮਿੱਟੀ ਵਿਚੋਂ ਫੁੱਟਿਆ

ਵਰਖਾ ਰੁੱਤੇ ਮੌਲਿਆ

ਧੁੱਪ ਵਿਚੋਂ ਉਹਨੇ ਬਚਪਨ ਲੱਭਿਆ

ਚਹਿਕਦੇ ਨੇ ਸੁਣਿਆ ਝਰਨਿਆਂ ਦਾ ਸੰਗੀਤ

ਦੇਖੇ ਪਰਬਤ ਸਿਖ਼ਰਾਂ, ਨਾਲੇ ਦੇਖੇ ਅਕਾਸ਼

ਦਿਨੇ ਸੋਚਦਾ

ਇਕ ਇਕ ਕਰਕੇ ਜਾਣ ਲਵਾਂਗਾ ਸਾਰੇ ਭੇਤ

ਪਰ ਰਾਤ ਹਨੇਰੀ ਵਿਚ ਗੁੰਮ ਗਈ ਸੁੱਧ ਬੁੱਧ

ਕਿਥੇ ਹੈ ਜਾਣਾ ਤੇ ਕਿਧਰੋਂ ਹਾਂ ਮੈਂ ਆਇਆ

ਇਕ ਨਜ਼ਰ ਹੀ ਦੇਖ ਸਕਿਆ ਹਾਂ ਖ਼ੁਦ ਨੂੰ

ਮੈਨੂੰ ਫ਼ੂਕ ਨਾ ਮਾਰਨਾ

ਬਹੁਤ ਹੀ ਕੋਮਲ ਹਾਂ ਮੈਂ ...

2. ਨਜ਼ਮ

ਅਕਾਸ਼ੀਂ ਸਿਖ਼ਰਾਂ ਤੋਂ ਉਪਰ ਉੱਡਦੇ ਸਫ਼ੈਦ ਪੰਛੀ

ਗਹਿਰੀਆਂ ਹਰਿਆਵਲਾਂ ਵਿਚ ਅਨਾਰ-ਰੰਗੇ ਜੁਗਨੂੰ

ਪਤਾਲ ਦੀ ਮਾਦਕ ਪਾਗਲ ਖ਼ੁਸ਼ਬੋ

ਚੀੜ੍ਹ ਦੀ ਸਿਖਰਲੀ ਟਾਹਣੀ ਤੋਂ ਲੰਘਦਾ ਹਵਾ ਦਾ ਬੁੱਲ੍ਹਾ

ਪਾਰੇ ਦੀ ਲਹਿਰ ਬਣ ਅਕਾਸ਼ ਛੋਹ ਜਾਵੇ

ਲਹਿਰਾਉਣ ਹਰ ਪਾਸੇ ਬੇਰੰਗੇ ਝੰਡੇ

ਗ਼ੁਸੈਲ ਸਿਕੰਦਰ ਭੜਕ ਜਾਵੇ

ਹਮਲਾਵਰ ਹਲਾਕੂ ਪਾਗਲ ਹੋ ਜਾਣ

ਨਾ ਮੈਨਾ ਨਾ ਤੋਤੇ ਦੀ ਦੁਹਾਈ

ਸੰਸਾਰ ਇਕ ਜੰਗਲ

ਜ਼ਿੰਦਗੀ ਇਕ ਕੂ ਕੂ

ਥਈਆ ਥਈਆ

ਨੱਚ ਨੀ ਨੱਚ ਪਵਨ ਬਿਨ ਸਰੀਰੋਂ

ਗੂੰਜ ਨੀ ਗੂੰਜ

ਤੇਰੀ ਬੇਆਵਾਜ਼ ਗੂੰਜ ਮਹਿਕ ਉੱਠੀ ਹੈ...

3. ਉਹ ਸੁੱਕੀ ਨਦੀ ਵਿਚ ਡੁੱਬ ਮੋਏ

ਕਿਸੇ ਨੂੰ ਕੀ ਦੱਸੀਏ

ਅਸੀਂ ਭੁੱਖ ਦੇ ਮਾਰੇ

ਜ਼ਹਿਰੀਲਾ ਘਾਹ ਖਾ ਆਏ..

19

ਮਰ ਰਹੀ ਭਾਸ਼ਾ ਨੂੰ ਜੀਆਦਾਨ ਦਾ ਕਿੱਸਾ

ਭਾਸ਼ਾ ਦੇ ਮਹੱਤਵ ਤੋਂ ਅਸੀਂ ਅਵੇਸਲੇ ਰਹੇ ਹਾਂ। ਬਸਤੀਵਾਦੀ ਪ੍ਰਭਾਵ ਨੇ ਸਾਡੀ ਮਾਨਸਿਕਤਾ ਵਿਚ ਹੀਣ-ਭਾਵਨਾ ਦਾ ਅਜਿਹਾ ਜੀਨ ਭਰ ਦਿੱਤਾ ਕਿ ਅਸੀਂ ਅੱਜ ਤੱਕ ਅੰਗਰੇਜ਼ੀ ਨੂੰ ਚੰਗੀ ਤੇ ਵਧੀਆ ਭਾਸ਼ਾ ਸਮਝਦੇ ਆ ਰਹੇ ਹਾਂ। ਆਪਣੀ ਭਾਸ਼ਾ ਪ੍ਰਤੀ ਸਾਡੀ ਵਫ਼ਾਦਾਰੀ ਪੀਡੀ ਨਹੀਂ। ਜਿਵੇਂ ਜਿਵੇਂ ਭਾਸ਼ਾਵਾਂ ਵਿਚ ਮੁਕਾਬਲੇ ਦੀ ਰੁਚੀ ਵੱਧ ਰਹੀ ਹੈ, ਤਿਵੇਂ ਤਿਵੇਂ ਸਾਡੀ ਭਾਸ਼ਾ ਉਸ ਵਿਚ ਪਛੜੀ ਨਜ਼ਰ ਆਉਂਦੀ ਹੈ। ਤਕਨੀਕੀ ਤੌਰ ਉੱਤੇ ਵੱਡੇ ਹੰਭਲੇ ਮਾਰਨ ਤੇ ਯੋਜਨਾਬੰਦੀ ਦੇ ਨਾਲ ਨਾਲ ਭਰਵੇਂ ਬਜਟ ਦੀ ਵੀ ਲੋੜ ਹੈ। ਪਰ ਸਾਡੀਆਂ ਸਰਕਾਰਾਂ ਕੋਲ ਅਜਿਹਾ ਵਿਜ਼ਨ ਨਹੀਂ ਕਿ ਉਹ ਭਾਸ਼ਾ ਦੀ ਉੱਨਤੀ ਲਈ ਕੋਈ ਜਤਨ ਕਰ ਸਕਣ। ਮੁੱਖ ਮੰਤਰੀ ਮਾਨ ਨੇ

ਬੋਰਡਾਂ ’ਤੇ ਪੰਜਾਬੀ ਲਿਖਣ ਦਾ ਹੋਕਾ ਦਿੱਤਾ ਤੇ ਕਾਰਵਾਈ ਕਰਨ ਦੀ ਚਿਤਾਵਨੀ ਵੀ ਦਿੱਤੀ। ਪਰ ਇਸ ਬਾਰੇ ਸਥਿਤੀ ਬਿਲਕੁਲ ਸਪਸ਼ਟ ਹੈ ਕਿ ਸਰਕਾਰ ਕਿਸੇ ਨੂੰ ਧੱਕੇ ਨਾਲ ਪੰਜਾਬੀ ਵਿਚ ਬੋਰਡ ਲਿਖਣ ਲਈ ਨਹੀਂ ਕਹਿ ਸਕਦੀ। ਜੇ ਭਾਸ਼ਾ ਐਕਟ ਨੂੰ ਸੋਧ ਕੇ ਇਸ ਵਿਚ ਲੋੜੀਂਦੀ ਤਬਦੀਲੀ ਕਰ ਲਈ ਜਾਵੇ ਤਾਂ ਪਹਿਲਾਂ ਦਫ਼ਤਰਾਂ ਵਿਚ, ਪ੍ਰਾਈਵੇਟ ਸਕੂਲਾਂ, ਕਾਲਜਾਂ ਵਿਚ, ਤਕਨੀਕੀ ਸੰਸਥਾਵਾਂ ਵਿਚ ਪੰਜਾਬੀ ਲਾਗੂ ਕਰ ਦਿੱਤੀ ਜਾਵੇ ਤਾਂ ਲੋਕ ਖ਼ੁਦ ਖ਼ੁਸ਼ੀ ਖ਼ੁਸ਼ੀ ਬੋਰਡ ਪੰਜਾਬੀ ਵਿਚ ਲਿਖਣ ਲੱਗ ਪੈਣਗੇ, ਲੋੜ ਭਾਸ਼ਾ ਪ੍ਰਤੀ ਇਮਾਨਦਾਰਾਨਾ ਪਹੁੰਚ ਦੀ ਹੈ। ਬਜ਼ਾਰ ਦੀ ਭਾਸ਼ਾ ਲੋਕਾਂ ਦੀਆਂ ਲੋੜਾਂ ’ਤੇ ਨਿਰਭਰ ਕਰਦੀ ਹੈ ਤੇ ਲੋੜ ਭਾਸ਼ਾਈ ਵਫ਼ਾਦਾਰੀ ਵਿਚੋਂ ਪੈਦਾ ਹੁੰਦੀ ਹੈ। ਯੂਨੈਸਕੋ ਨੇ ਜਦੋਂ ਪੰਜਾਬੀ ਦੇ ਖ਼ਾਤਮੇ ਦੀ ਚਿਤਾਵਨੀ ਦਿੱਤੀ ਸੀ ਤਾਂ ਉਹਦਾ ਅਰਥ ਸੀ ਕਿ ਪੰਜਾਬੀ ’ਤੇ ਖ਼ਤਰਾ ਮੰਡਰਾਅ ਰਿਹਾ ਹੈ, ਇਸ ਨੂੰ ਬਚਾਉਣ ਤੇ ਵਿਕਾਸ ਕਰਨ

ਲਈ ਲੋੜੀਂਦੇ ਜਤਨ ਕੀਤੇ ਜਾਣ ਦੀ ਲੋੜ ਹੈ, ਪਰ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ। ਨਿਊਯਾਰਕ ਟਾਈਮਜ਼ ਵਿਚ ਮੇਗਨ ਸਪੇਸ਼ੀਆ ਦੀ ਮੈਂਕਸ ਭਾਸ਼ਾ, ਜੋ ਲਗਪਗ ਲੁਪਤ ਹੋ ਚੁੱਕੀ ਸੀ, ਨੂੰ ਬਚਾਉਣ ਦੇ ਜਤਨਾਂ ਦੀ ਰਿਪੋਰਟ ਬੜੀ ਸ਼ਲਾਘਾਯੋਗ ਹੈ। ਇਸ ਤੋਂ ਪਤਾ ਲਗਦਾ ਹੈ ਕਿ ਇਕ ਛੋਟੀ ਜਿਹੀ ਭਾਸ਼ਾ ਨੂੰ ਉਹਦੇ ਪਿਆਰ ਕਰਨ ਵਾਲੇ ਕਿਵੇਂ ਬਚਾਉਣ ਲਈ ਜਤਨਸ਼ੀਲ ਹਨ- ‘ਆਇਲ ਆਫ਼ ਮੈਨ’ (ਬਰਤਾਨੀਆ ਤੇ ਆਇਰਲੈਂਡ ਵਿਚ ਇਕ ਆਜ਼ਾਦ ਟਾਪੂ) ਦੇ ਸੇਂਟ ਜੋਨਸ ਪਿੰਡ ਦੀ ਗਰਾਊਂਡ ਵਿਚ ਗੂੰਜ ਰਹੇ ਹਾਸੇ ਠੱਠਿਆਂ ਦੀ ਫੁਹਾਰ ਬਿਲਕੁਲ ਏਵੇਂ ਸੀ ਜਿਵੇਂ ਛੁੱਟੀਆਂ ਤੋਂ ਬਾਅਦ ਹਰ ਸਕੂਲ ਵਿਚ ਪਹਿਲੇ ਦਿਨ ਹੁੰਦੀ ਹੈ। ਹਾਲਾਂਕਿ ਧਿਆਨ ਨਾਲ ਸੁਣਿਆਂ ਇਹ ਬੱਚਿਆਂ ਦੀ ਬਕਬਕ ਹੀ ਲੱਗ ਰਹੀ ਸੀ। ਪਰ ਮਹਿਸੂਸ ਜ਼ਰੂਰ ਹੁੰਦਾ ਸੀ ਕਿ ਇਸ ਬਕਬਕ ਦੇ ਕੁਝ ਵਿਸ਼ੇਸ਼ ਅਰਥ ਹਨ।ਉਹ ਆਪਸ ਵਿਚ ਮੈਂਕਸ ਭਾਸ਼ਾ

ਵਿਚ ਗੱਲਾਂ ਕਰ ਰਹੇ ਸਨ। ਇਹ ਇਕ ਪ੍ਰਾਚੀਨ ਜ਼ਬਾਨ ਹੈ, ਜਿਸ ਨੂੰ ਲਗਪਗ ਭੁਲਾ ਦਿੱਤਾ ਗਿਆ ਸੀ। ਇਹਦੇ ਲਈ ਤਾਂ ਆਇਲ ਆਫ਼ ਮੈਨ ਦੇ ਬਨਸਕੂਲ ਗਿਲਗੈਖ ਸਕੂਲ ਦਾ ਸ਼ੁਕਰੀਆ ਕਰਨਾ ਚਾਹੀਦਾ ਹੈ, ਜਿੱਥੇ ਇਹ ਬੱਚੇ ਇਸ ਭਾਸ਼ਾ ਨੂੰ ਬੋਲ ਰਹੇ ਨਜ਼ਰ ਆ ਰਹੇ ਸਨ। ਸਕੂਲ ਵੱਲੋਂ ਪਹਿਲ ਕੀਤੀ ਜਾਣ ਕਰਕੇ ਇਸ ਭਾਸ਼ਾ ਨੂੰ ਨਵੀਂ ਜ਼ਿੰਦਗੀ ਮਿਲੀ ਹੈ। ਇਹ ਭਾਸ਼ਾ ਇਸ ਇਲਾਕੇ ਦਾ ਸੈਂਕੜੇ ਵਰ੍ਹੇ ਪੁਰਾਣਾ ਇਤਿਹਾਸ ਸਾਂਭੀ ਬੈਠੀ ਹੈ ਤੇ ਇਸ ਟਾਪੂ ਦੇ ਭਵਿਖ ਨਾਲ ਜੁੜੀ ਹੋਈ ਹੈ। ਕੋਈ ਇਕ ਦਹਾਕੇ ਤੋਂ ਵੀ ਪਹਿਲਾਂ ਯੂਨੈਸਕੋ ਨੇ ਇਸ ਭਾਸ਼ਾ ਦੀ ਮੌਤ ਦਾ ਐਲਾਨ ਕਰ ਦਿੱਤਾ ਸੀ, ਜਿਸ ਦਾ ਇਸ ਸਕੂਲ ਦੇ ਪਾੜ੍ਹਿਆਂ ਨੇ ਸਖ਼ਤ ਵਿਰੋਧ ਕੀਤਾ। ਉਨ੍ਹਾਂ ਦੀ ਜ਼ਿਦ ਸੀ ਕਿ ਕੁਝ ਵੀ ਹੋ ਜਾਵੇ ਉਹ ਇਸ ਭਾਸ਼ਾ ਨੂੰ ਮਰਨ ਨਹੀਂ ਦੇਣਗੇ। ਉਨ੍ਹਾਂ ਨੇ ਇਸ ਦੀ ਸਲਾਮਤੀ ਲਈ ਸੰਯੁਕਤ ਰਾਸ਼ਟਰ ਨੂੰ ਮੈਂਕਸ ਭਾਸ਼ਾ ਵਿਚ ਇਕ ਖ਼ਤ ਵੀ ਲਿਖਿਆ। ਸਕੂਲ ਮੁਖੀ ਜੂਲੀ ਮੈਥਿਊ

ਦਾ ਕਹਿਣਾ ਸੀ ਕਿ -ਇਹ ਭਾਸ਼ਾ ਮਰ ਰਹੀ ਹੈ ਪਰ ਅਸੀਂ ਇਸ ਨੂੰ ਮਰਨ ਨਹੀਂ ਦਿਆਂਗੇ। ਇਸ ਨੂੰ ਜ਼ਿੰਦਗੀ ਦੇਣ ਲਈ ਅਸੀਂ ਜੋ ਕੁਝ ਸੰਭਵ ਹੋਇਆ ਕਰਾਂਗੇ।' ਉਹਨੇ ਇਹ ਵੀ ਦੱਸਿਆ ਕਿ ਕਿਵੇਂ ਵਿਦਿਆਰਥੀਆਂ ਨੇ ਸਮਰਪਿਤ ਭਾਵਨਾ ਨਾਲ ਇੱਕਜੁੱਟਤਾ ਦਿਖਾਉਂਦੇ ਹੋਏ ਇਸ ਨੂੰ ਪੁਨਰ ਜੀਵਤ ਕਰਕੇ ਇਹਦਾ ਵਰਗੀਕਰਨ ਕੀਤਾ ਹੈ। ਬਨਸਕੂਲ ਗਿਲਗੈਖ ਦੇ ਪਿਛੇ ਜਿਹੇ ਕੀਤੇ ਗਏ ਦੌਰੇ ਦੌਰਾਨ ਮੈਂ ਦੇਖਿਆ ਕਿ ਹਰ ਥਾਂ ਮੈਂਕਸ ਭਾਸ਼ਾ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮਸਲਨ ਸਕੂਲ ਦੇ ਫੁੱਟ-ਪਾਥ 'ਤੇ ਚਾਕ ਨਾਲ ਘੜੀ ਦਾ ਆਕਾਰ ਬਣਾ ਰਹੀਆਂ ਦੋ ਕੁੜੀਆਂ ਮੈਂਕਸ ਵਿਚ ਗਿਣਤੀ ਕਰ ਰਹੀਆਂ ਸਨ- ਨਾਨੇ, ਜੀਸ, ਟ੍ਰੀਸ... (ਇਕ, ਦੋ, ਤਿੰਨ) ਲੰਚ ਬਾਕਸ ਦੀ ਲਾਈਨ ਉਪਰ ਲਟਕ ਰਿਹਾ ਚਿੰਨ੍ਹ ਮੈਂਕਸ ਵਿਚ ਹਫ਼ਤੇ ਦੇ ਦਿਨਾਂ ਬਾਰੇ ਦਸ ਰਿਹਾ ਸੀ। 53 ਵਿਦਿਆਰਥੀਆਂ ਵਾਲੇ ਇਸ ਸਕੂਲ ਵਿਚ ਕੀਤੇ ਜਾ ਰਹੇ ਇਹ

ਜਤਨ, ਉੱਤਰੀ ਇੰਗਲੈਂਡ ਅਤੇ ਆਇਰਲੈਂਡ ਵਿਚ ਆਇਰਿਸ਼ ਸਾਗਰ ਵਿਚ ਸਥਿਤ ਇਸ ਟਾਪੂ ਦੀ ਭਾਸ਼ਾ ਨੂੰ ਬਚਾਉਣ ਲਈ ਕੀਤੇ ਜਾ ਰਹੇ ਜਤਨਾਂ ਦਾ ਹਿੱਸਾ ਹਨ।ਸਦੀਆਂ ਤੋਂ ਆਇਰਿਸ਼ ਅਤੇ ਸਟਾਕਿਸ਼ ਗੇਲਿਕ ਵਰਗੀਆਂ ਸੈਲਟਿਕ ਭਾਸ਼ਾ ਪਰਿਵਾਰ ਨਾਲ ਸੰਬੰਧਿਤ ਮੈਂਕਸ ਭਾਸ਼ਾ ਟਾਪੂ ਦੇ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦੇ ਸੰਚਾਰ ਦਾ ਹਿੱਸਾ ਰਹੀ ਹੈ। ਪਰ 19ਵੀਂ ਸਦੀ ਵਿਚ ਅੰਗਰੇਜ਼ੀ ਭਾਸ਼ਾ ਨੇ ਇਹਨੂੰ ਪਛਾੜ ਕੇ ਹਾਸ਼ੀਏ 'ਤੇ ਧੱਕ ਦਿੱਤਾ ਤੇ ਆਇਲ ਆਫ਼ ਮੈਨ ਦੇ ਬੱਚਿਆਂ ਨੂੰ ਸਿਰਫ਼ ਅੰਗਰੇਜ਼ੀ ਬੋਲਣ ਲਈ ਪ੍ਰੇਰਿਆ। 1899 ਵਿਚ 'ਮੈਂਕਸ ਲੈਂਗੂਏਜ ਸੋਸਾਇਟੀ' ਦੀ ਸਥਾਪਨਾ ਕੀਤੀ ਗਈ ਤੇ 1940 ਦੇ ਅੰਤ ਤੱਕ ਮੈਂਕਸ ਬੋਲਣ ਵਾਲੇ ਮੂਲ ਨਿਵਾਸੀਆਂ ਦੀ ਸੂਚੀ ਤਿਆਰ ਕਰਨ ਦਾ ਜਤਨ ਵੀ ਕੀਤਾ ਗਿਆ। 21ਵੀਂ ਸਦੀ ਵਿਚ ਮੈਂਕਸ ਦੇ ਜਿਉਂਦੇ ਰਹਿਣ ਦਾ ਇਕ ਪ੍ਰਮਾਣ ਇਹ ਹੈ ਕਿ ਇਸ ਟਾਪੂ ਦੇ ਬਾਸ਼ਿੰਦੇ ਇਸ ਨੂੰ ਜਿਉਂਦਾ

ਰੱਖਣ ਲਈ ਲਗਾਤਾਰ ਜਤਨਸ਼ੀਲ ਹਨ। ਇਸ ਨੂੰ ਆਪਣੀ ਵੱਖਰੀ ਪਛਾਣ ਤੇ ਰਾਜਨੀਤਕ ਆਜ਼ਾਦੀ ਦੀ ਲੋੜ ਹੈ ਤਾਂ ਜੋ ਇਹ ਆਪਣੀ ਵੱਖਰੀ ਹੋਂਦ ਬਰਕਰਾਰ ਰੱਖ ਸਕੇ।

ਪੋਸਟ ਸਕਰਿਪਟ

ਸਾਨੂੰ ਵੀ ਲੋੜ ਹੈ ਅਜਿਹੇ ਭਾਸ਼ਾਈ ਜਜ਼ਬੇ ਦੀ ਤਾਂ ਜੋ ਅਸੀਂ ਵੀ ਆਪਣੀ ਭਾਸ਼ਾ ਨੂੰ ਉਹ ਰੁਤਬਾ ਦਿਵਾ ਸਕੀਏ ਜਿਸ ਦੀ ਉਹ ਹੱਕਦਾਰ ਹੈ।ਜਿਹੜੇ ਪ੍ਰਾਈਵੇਟ ਸਕੂਲ ਪੰਜਾਬੀ ਬੋਲਣ 'ਤੇ ਜੁਰਮਾਨੇ ਕਰਦੇ ਹਨ, ਕੀ ਮਾਪੇ ਅਜਿਹੇ ਸਕੂਲਾਂ ਦਾ ਵਿਰੋਧ ਕਰ ਸਕਦੇ ਹਨ? ਜੇ ਨਹੀਂ ਤਾਂ ਉਨ੍ਹਾਂ ਨੂੰ ਵਿਰੋਧ ਕਰਨ ਲਈ ਜਜ਼ਬਾ ਪੈਦਾ ਕਰਨਾ ਚਾਹੀਦਾ ਹੈ।ਸਰਕਾਰ ਨੂੰ ਚਾਹੀਦਾ ਹੈ ਅਜਿਹੀਆਂ ਸਿੱਖਿਆ ਵੇਚਣ ਵਾਲੀਆਂ ਦੁਕਾਨਾਂ ਨੂੰ ਪੱਕੇ ਤਾਲੇ ਲਾ ਦੇਵੇ।ਜਿਹੜੇ ਅਧਿਕਾਰੀ ਤੇ ਕਰਮਚਾਰੀ ਪੰਜਾਬੀ ਭਾਸ਼ਾ ਵਿਚ ਕੰਮ ਨਹੀਂ ਕਰਦੇ,

ਪਟਿਆਲੇ ਦੇ ਰਿਆਸਤੀ ਕਾਨੂੰਨ ਵਾਂਗ ਉਨ੍ਹਾਂ ਦੀ ਤਲਬ ਰੋਕ ਕੇ ਸਜਾ ਤੇ ਜੁਰਮਾਨੇ ਦੀ ਵਿਵਸਥਾ ਕਰਨੀ ਚਾਹੀਦੀ ਹੈ।ਮੁੱਖ ਮੰਤਰੀ ਸਾਹਿਬ ਨੇ 21 ਫਰਵਰੀ ਤੱਕ ਪੰਜਾਬੀ ਲਾਗੂ ਕਰਨ ਦੀ ਵਚਨਬੱਧਤਾ ਦੁਹਰਾਈ ਹੈ, ਇਹ ਸਵਾਗਤ ਯੋਗ ਕਦਮ ਹੈ।ਸਾਰੇ ਪੰਜਾਬੀਆਂ ਨੂੰ ਅਪੀਲ ਹੈ ਕਿ ਆਓ ਆਪਣੀ ਪਛਾਣ ਆਪਣੀ ਭਾਸ਼ਾ ਨਾਲ ਜੋੜ ਕੇ ਮਾਂ ਬੋਲੀ ਦਾ ਰਿਣ ਉਤਾਰਨ ਦਾ ਹੀਲਾ ਕਰੀਏ।

20

ਹੈਰੀਏਟ

ਗ਼ੁਲਾਮਾਂ ਨੇ ਅਮਰੀਕਾ ਦੀ ਧਰਤੀ ’ਤੇ ਜਿੰਨੇ ਦੁੱਖ ਸਹੇ ਉਹ ਡਿਸਟਰਬ ਕਰਨ ਵਾਲੇ ਨੇ। ਹੈਰੀਏਟ ਟਬਮੈਨ ਇਕ ਅਜਿਹੀ ਗ਼ੁਲਾਮ ਔਰਤ ਸੀ ਜਿਸ ਨੂੰ ‘ਲੋਕਾਂ ਦੀ ਮਸੀਹਾ’ ਦੀ ਉਪਾਧੀ ਦਿੱਤੀ ਗਈ ਸੀ। ਆਪਣੀ ਜ਼ਿੰਦਗੀ ਵਿਚ ਉਹਨੇ ਅਨੇਕਾਂ ਗ਼ੁਲਾਮਾਂ ਨੂੰ ਭੱਜਣ ਤੇ ਆਜ਼ਾਦ ਜ਼ਿੰਦਗੀ ਜਿਊਣ ਲਈ ਉਨ੍ਹਾਂ ਦੀ ਮਦਦ ਕੀਤੀ। ਪੇਸ਼ ਹੈ ਉਹਦੀ ਜ਼ਿੰਦਗੀ ਦਾ ਇਕ ਕਿੱਸਾ:

ਇਹ ਗੱਲ ਉੱਨ੍ਹੀਵੀਂ ਸਦੀ ਦੀ ਹੈ।

ਉਹ ਬਚ ਗਈ।ਹੈਰੀਏਟ ਟਬਮੈਨ ਦੀ ਪਿੱਠ ’ਤੇ ਜ਼ਖ਼ਮਾਂ ਦੀਆਂ ਯਾਦਾਂ ਉੱਕਰੀਆਂ ਹੋਈਆਂ ਸਨ ਤੇ ਸਿਰ ਵਿਚ ਸੱਟਾਂ ਦੀਆਂ ਦਰਾੜਾਂ ਦੇ ਨਿਸ਼ਾਨ ਸਨ।

ਉਹਦੇ ਪਤੀ ਕੋਲ ਬਚਾਅ ਲਈ ਅਜਿਹਾ ਕੁਝ ਵੀ ਨਹੀਂ ਸੀ, ਏਸੇ ਕਰਕੇ ਉਹਨੇ ਗ਼ੁਲਾਮ ਤੇ ਗ਼ੁਲਾਮਾਂ ਦਾ ਪਿਓ ਬਣੇ ਰਹਿਣ ਨੂੰ ਤਰਜੀਹ ਦਿੱਤੀ।

ਤੂੰ ਪਾਗਲ ਏਂ, ਉਹਨੇ ਕਿਹਾ, ਤੂੰ ਬਚ ਸਕਦੀ ਏਂ, ਪਰ ਤੂੰ ਇਸ ਬਾਰੇ ਕਿਸੇ ਨੂੰ ਕੁਝ ਵੀ ਦਸ ਨਹੀਂ ਸਕਦੀ।

ਉਹ ਬਚ ਗਈ, ਵਾਪਸ ਆਈ, ਆਪਣੇ ਮਾਂ ਪਿਓ ਨੂੰ ਨਾਲ ਲਿਆ ਤੇ ਚਲੀ ਗਈ। ਉਹ ਫਿਰ ਵਾਪਸ ਆਈ ਤੇ ਆਪਣੇ ਭਰਾਵਾਂ ਨੂੰ ਲੈ ਗਈ। ਇਸ ਤਰ੍ਹਾਂ ਦੱਖਣੀ ਪਲਾਂਟੇਸ਼ਨਾਂ ਤੋਂ ਉਤਰ ਵੱਲ ਉਹਨੇ ਉੱਨੀ ਫੇਰੀਆਂ ਲਾਈਆਂ, ਰਾਤਾਂ ਦਾ ਸਫ਼ਰ ਬੜਾ ਡਰਾਉਣਾ ਹੁੰਦਾ ਸੀ, ਸਾਰੀ ਸਾਰੀ ਰਾਤ ਤੁਰਦੇ ਰਹਿਣਾ ਤਾਂ ਜਾ ਕੇ ਉਹਨੇ ਤਿੰਨ ਸੌ ਦੇ ਲਗਪਗ ਗ਼ੁਲਾਮਾਂ ਨੂੰ ਆਜ਼ਾਦ ਕਰਾਇਆ। ਭਗੌੜੇ ਹੋਏ ਇਨ੍ਹਾਂ ਗ਼ੁਲਾਮਾਂ ਵਿਚੋਂ ਇਕ ਵੀ ਦੁਬਾਰਾ ਮਾਲਕਾਂ ਦੇ ਕਾਬੂ ਨਹੀਂ ਆਇਆ। ਕਿਹਾ ਜਾਂਦਾ ਹੈ ਕਿ ਹੈਰੀਏਟ ਨੂੰ ਅੱਧੇ ਰਾਹ

ਵਿਚ ਥਕਾਵਟ ਘੇਰ ਲੈਂਦੀ ਸੀ ਤੇ ਉਹ ਪਛਤਾਉਣ ਲੱਗਦੀ ਕਿ ਇਹ ਪੰਗਾ ਕਿਉਂ ਲਿਆ। ਫਿਰ ਸਾਰੇ ਉਹਦੀ ਗੱਲ ਯਾਦ ਕਰਦੇ ਜੋ ਉਹ ਇਸ ਵੇਲੇ ਕਿਹਾ ਕਰਦੀ ਸੀ- ਮੈਂ ਆਪਣੀ ਇਕ ਵੀ ਸਵਾਰੀ ਨੂੰ ਗੁਆਉਣ ਦਾ ਜੋਖ਼ਮ ਨਹੀਂ ਉਠਾ ਸਕਦੀ। ਮੇਰੇ ਕੋਲੋਂ ਕੋਈ ਵੀ ਮੇਰੀ ਸਵਾਰੀ ਨਹੀਂ ਖੋਹ ਸਕਦਾ।' ਇਹ ਉਹਦਾ ਸਭ ਤੋਂ ਕੀਮਤੀ ਵਕਤ ਹੁੰਦਾ ਸੀ। ਉਹਨੂੰ ਆਪਣੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖਣ ਲਈ ਕਈ ਪਾਪੜ ਵੇਲਣੇ ਪੈਂਦੇ ਸਨ। ਉਹਦੇ ਸਿਰ 'ਤੇ ਚਾਲੀ ਹਜ਼ਾਰ ਡਾਲਰਾਂ ਦਾ ਇਨਾਮ ਸੀ। ਪਰ ਕਿਸੇ ਨੇ ਇਹ ਇਨਾਮ ਨਹੀਂ ਲਿਆ ਨਾ ਹੀ ਉਹਦੀ ਮੁਖ਼ਬਰੀ ਕਰਨ ਦੀ ਹਿੰਮਤ ਕੀਤੀ। ਨਾਟਕਾਂ ਦੇ ਕਾਸਟਿਊਮਜ਼ ਨੇ ਉਹਦੀ ਪਛਾਣ ਲੁਕਾਈ ਰੱਖੀ ਨਹੀਂ ਤਾਂ ਕੋਈ ਵੀ ਸ਼ਿਕਾਰੀ ਇਨਾਮ ਖ਼ਾਤਰ ਉਹਦੀ ਪੈੜ ਨੱਪ ਕੇ ਉਹਨੂੰ ਫੜਵਾ ਸਕਦਾ ਸੀ। ਕਿਹਾ ਜਾਂਦਾ ਹੈ ਕਿ ਉਹਨੇ ਆਪਣੀ ਜ਼ਿੰਦਗੀ ਖ਼ਤਰੇ ਵਿਚ ਪਾ ਕੇ ਸਭ ਤੋਂ ਵੱਧ ਗ਼ੁਲਾਮਾਂ ਨੂੰ ਆਜ਼ਾਦ ਕਰਾਇਆ।

ਪੋਸਟ ਸਕਰਿਪਟ

ਗ਼ੁਲਾਮਾਂ ਦੀ ਨਿਲਾਮੀ/ਫਰਾਂਸਿਸ ਹਾਰਪਰ

ਨਿਲਾਮੀ ਸ਼ੁਰੂ ਹੋ ਗਈਜਵਾਨ ਜਹਾਨ ਕੁੜੀਆਂ ਖੜੀਆਂ ਸਨ ਓਥੇ ਆਪਣੀ ਲਾਚਾਰੀ ਵਿਚ ਡੁੱਬੀਆਂ, ਅਸੁਰੱਖਿਅਤ ਉਨ੍ਹਾਂ ਦਾ ਦੁੱਖ ਤੇ ਗ਼ੁੱਸਾ ਜਵਾਲਾ ਬਣ ਰਿਹਾ ਸੀ ਉਨ੍ਹਾਂ ਦੇ ਗੱਚ ਭਰੇ ਹੋਏ ਸਨ... ਮਾਵਾਂ ਵੀ ਖੜੀਆਂ ਸਨ, ਜਿਨ੍ਹਾਂ ਦੀਆਂ ਅੱਖਾਂ ’ਚੋਂ ਵਹਿ ਰਹੇ ਸਨ ਹੰਝੂਆਂ ਦੇ ਦੁੱਖ-ਦਰਿਆ ਆਪਣੇ ਦੁਲਾਰਿਆਂ ਨੂੰ ਵਿਕਦਿਆਂ ਦੇਖਦਿਆਂ...ਪਰ ਪੈਸੇ ਦੇ ਪੁੱਤ ਵਪਾਰੀਆਂ ਨੂੰ ਕਿਥੇ ਸੁਣਦੇ ਨੇ ਉਨ੍ਹਾਂ ਦੇ ਦਰਦੀਲੇ ਹੌਕੇ, ਹਾਵੇ ਤੇ ਦੁੱਖਾਂ ਦਰਦਾਂ ਦੇ ਗੀਤ...ਤੇ ਉਹ ਔਰਤਾਂ ਜਿੰਨਾ ਵੀ ਪਿਆਰ ਕਰ ਸਕਦੀਆਂ ਨੇ ਆਪਣੇ ਪਤੀਆਂ ਨੂੰ ਸਾਰਾ ਪਿਆਰ ਅੱਖਾਂ ’ਚ ਭਰ ਦੇਖ ਰਹੀਆਂ ਨੇ ਬੇਬਸੀ ਤੇ ਲਾਚਾਰੀ ਨਾਲ ਜਿਸ ਨੂੰ ਨਾ ਸਿਹਾ ਜਾ ਸਕਦਾ, ਨਾ ਕਿਹਾ ਜਾ ਸਕਦਾ...

ਉਨ੍ਹਾਂ ਦਾ ਜੁਰਮ ਉਨ੍ਹਾਂ ਦਾ ਸਿਆਹਫਾਮ ਰੰਗ ਹੈ ਪੀਲੇ, ਸੁੰਗੜੇ ਹੋਏ ਬੱਚੇ ਵੀ ਸਨ ਓਥੇ ਉਸ ਮਾਤਮੀ ਭੀੜ ਵਿਚ ਵਿਕਣ ਲਈ ਤਿਆਰ... ਜਿਨ੍ਹਾਂ ਨੇ ਆਪਣੇ ਪਿਆਰਿਆਂ ਦੀ ਬੇਜਾਨ ਮਿੱਟੀ 'ਤੇ ਕਦੇ ਹੰਝੂ ਸਨ ਵਹਾਏ ਉਹ ਵੀ ਛਾਤੀਆਂ ਨਾਲੋਂ ਤੋੜ ਕੇ ਵੱਖ ਕਰ ਦਿੱਤੇ ਗਏ...ਇਨ੍ਹਾਂ ਬੱਚਿਆਂ ਦਾ ਵਿਛੋੜਾ ਨਹੀਂ ਸਮਝ ਸਕਦੇ ਕਿੰਨੇ ਬੇਜਾਨ ਤੇ ਉੱਜੜੇ ਹੋਏ ਨੇ ਉਹ ਸੀਨੇ ਜ਼ਿੰਦਗੀ ਦਾ ਸਾਰਾ ਰਸ ਲਗਦੈ ਉਨ੍ਹਾਂ 'ਚੋਂ ਬਾਹਰ ਡੁੱਲ੍ਹ ਗਿਐ... (1854)

21

ਤਾਨਾਸ਼ਾਹੀ ਨੂੰ ਵੰਗਾਰਦੀ ਨਾਚੀ

ਸਵੈਮਾਣ ਨਾਲ ਸਾਧੀ ਹੋਈ ਕਲਾ ਕਿਸੇ ਦੀ ਟੈਂ ਨਹੀਂ ਮੰਨਦੀ ਫਿਰ ਭਾਵੇਂ ਉਹ ਦੇਸ਼ ਦਾ ਬਾਦਸ਼ਾਹ ਹੋਵੇ ਜਾਂ ਕੋਈ ਸਿਰ-ਫਿਰਿਆ ਤਾਨਾਸ਼ਾਹ। ਸੱਚਾ ਕਲਾਕਾਰ ਹਮੇਸ਼ਾ ਆਪਣੀ ਕਲਾ ਤੇ ਕਸਬ ਨਾਲ ਵਫ਼ਾਦਾਰੀ ਰੱਖਦਾ ਆਇਆ ਹੈ। ਉਹਨੇ ਕਲਾ ਦੀ ਸਾਧਨਾ ਨਾਲ ਆਪਣੇ ਹੁਨਰ ਨੂੰ ਅਮਰਤਾ ਬਖ਼ਸ਼ਣੀ ਹੁੰਦੀ ਹੈ। ਪਰ ਸਮੇਂ ਦੇ ਹਾਕਮ ਕਈ ਵਾਰ ਕਲਾ ਨੂੰ ਬੇਇੱਜ਼ਤ ਕਰਕੇ ਕਲਾਕਾਰ ਨੂੰ ਜ਼ਲੀਲ ਕਰਨ ਦੇ ਰਾਹ ਪੈ ਜਾਂਦੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਇਲਮ ਨਹੀਂ ਹੁੰਦਾ ਕਿ ਕਲਾਕਾਰ ਕਲਾ ਦੀ ਸਲਾਮਤੀ ਲਈ ਸ਼ਹੀਦ ਤਾਂ ਹੋ ਸਕਦਾ ਹੈ ਪਰ ਉਹਨੂੰ ਦਾ਼ਗਦਾਰ ਹਰਗਿਜ਼ ਨਹੀਂ ਹੋਣ ਦੇ ਸਕਦਾ। ਅਜਿਹੇ ਅਨੇਕਾਂ ਕਲਾਕਾਰ, ਲੇਖਕ, ਸੰਗੀਤਕਾਰ, ਪੇਂਟਰ, ਮਿਲਦੇ

ਨੇ ਜਿਨ੍ਹਾਂ ਨੇ ਸਮੇਂ ਦੇ ਹਾਕਮਾਂ ਦੇ ਰੋਹਬ ਤੇ ਦਾਬੇ ਖ਼ਿਲਾਫ਼ ਨਾਬਰੀ ਪ੍ਰਗਟਾ ਕੇ ਆਪਣੀ ਕਲਾ ਨੂੰ ਮਾਣ ਤੇ ਇੱਜ਼ਤ ਬਖ਼ਸ਼ੀ ਹੈ। ਅਜਿਹੀ ਹੀ ਇਕ ਮਾਣਮੱਤੀ ਕਲਾਕਾਰ ਸੀ- ਨੀਲੋ ਬੇਗ਼ਮ, ਜਿਸ ਨੇ ਹਾਕਮ ਦੀ ਮਹਿਫ਼ਲ ਵਿਚ ਨੱਚਣ ਤੋਂ ਇਨਕਾਰ ਕਰ ਦਿੱਤਾ, ਭਾਵੇਂ ਉਹਨੂੰ ਇਹਦੀ ਵੱਡੀ ਕੀਮਤ ਤਾਰਨੀ ਪਈ। ਨੀਲੋ ਬੇਗ਼ਮ ਦਾ ਜਨਮ 30 ਜੂਨ, 1940 ਨੂੰ ਪੰਜਾਬ ਦੇ ਪ੍ਰਸਿੱਧ ਸ਼ਹਿਰ ਸਰਗੋਧਾ ਦੇ ਭੇੜਾ ਕਸਬੇ ਵਿਚ ਹੋਇਆ। ਪੰਦਰਾਂ ਵਰ੍ਹਿਆਂ ਦੀ ਅੱਲ੍ਹੜ ਉਮਰੇ ਉਹਨੇ ਫ਼ਿਲਮੀ ਜਗਤ ਵਿਚ ਪੈਰ ਰੱਖਿਆ। ਜਾਨ ਮਾਸਟਰ ਦੇ ਹਰਮਨ ਪਿਆਰੇ ਨਾਵਲ ‘ਭਵਾਨੀ ਜੰਕਸ਼ਨ’ ’ਤੇ ਏਸੇ ਨਾਂ ਦੀ ਬਣੀ ਫ਼ਿਲਮ ਨੂੰ ਜਾਜ ਕੱਕਰ ਨੇ ਡਾਇਰੈਕਸ਼ਨ ਦਿੱਤੀ। ਨੀਲੋ ਬੇਗ਼ਮ ਨੂੰ ਐਵਾ ਗਾਰਡਨਰ ਅਤੇ ਸਟੀਵਰਟ ਗ੍ਰੈਂਗਰ ਵਰਗੇ ਵੱਡੇ ਸਟਾਰਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਉਹਨੇ ਇਕ ਸਥਾਨਕ ਅੱਲ੍ਹੜ ਮੁਟਿਆਰ ਦਾ ਇਸ ਵਿਚ ਰੋਲ ਕੀਤਾ। 1965 ਤੱਕ ਉਹ ਫ਼ਿਲਮ ਜਗਤ ਦੀਆਂ

ਬੁਲੰਦੀਆਂ ’ਤੇ ਪਹੁੰਚ ਕੇ ਸੁਪਰ ਸਟਾਰ ਬਣ ਚੁੱਕੀ ਸੀ। ਫਰਵਰੀ 1965 ਵਿਚ ਉਹਦੇ ਨਾਲ ਉਹ ਮਾੜੀ ਘਟਨਾ ਵਾਪਰੀ ਜਿਸ ਨੇ ਉਹਨੂੰ ਰੋਹਲਾ ਬਾਣ ਬਣਾ ਦਿੱਤਾ। ਇਸ ਸਮੇਂ ਇਰਾਨ ਦਾ ਸ਼ਾਹ ਮੁਹੰਮਦ ਰਜ਼ਾ ਪਹਿਲਵੀ ਪਾਕਿਸਤਾਨ ਦੇ ਦੌਰੇ ’ਤੇ ਆਇਆ। ਸ਼ਾਹ ਨੇ ਸਰਕਾਰੀ ਨਿਵਾਸ ਵਿਚ ਰਹਿਣ ਦੀ ਬਜਾਏ, ਦਸ ਹਜ਼ਾਰ ਏਕੜ ਦੇ ਮਾਲਕ ਨਵਾਬ ਕਾਲਾਬਾਗ ਉਰਫ਼ ਮਲਿਕ ਅਮੀਰ ਮੁਹੰਮਦ ਖ਼ਾਨ ਦੇ ਮਹੱਲ ਵਿਚ ਰਹਿਣ ਨੂੰ ਤਰਜੀਹ ਦਿੱਤੀ, ਜੋ ਉਸ ਸਮੇਂ ਪਾਕਿਸਤਾਨ ਦਾ ਗਵਰਨਰ ਵੀ ਸੀ। 11 ਫਰਵਰੀ ਦੀ ਸਵੇਰ ਨੂੰ ਰਾਸ਼ਟਰਪਤੀ ਅਯੂਬ ਖ਼ਾਨ ਦੇ ਚਹੇਤੇ ਤੇ ਹੱਦ ਦਰਜੇ ਦੇ ਅੱਖੜ ਤੇ ਜਾਗੀਰੂ ਮਾਨਸਿਕਤਾ ਰੱਖਣ ਵਾਲੇ ਗਵਰਨਰ ਦਾ ਹੁਕਮ ਨੀਲੋ ਬੇਗ਼ਮ ਨੂੰ ਮਿਲਿਆ ਕਿ ਅੱਜ ਦੀ ਸ਼ਾਮ ਰੰਗੀਨ ਕਰਨ ਲਈ ਉਹ ਉਹਦੇ ਮਹਿਲੀਂ ਪਹੁੰਚੇ। ਉਹਨੇ ਨਵਾਬੀ ਠਾਠ ਵਾਲੇ ਸ਼ਾਹੀ ਡਿਨਰ ਦਾ ਪ੍ਰਬੰਧ ਕੀਤਾ ਹੋਇਆ ਸੀ ਤੇ ਉਹ ਚਾਹੁੰਦਾ ਸੀ ਕਿ ਵਿਦੇਸ਼ੀ

ਮਹਿਮਾਨਾਂ ਦੀ ਖ਼ਾਤਰਦਾਰੀ ਲਈ ਨੀਲੋ ਬੇਗ਼ਮ ਆਪਣਾ ਡਾਂਸ ਪੇਸ਼ ਕਰੇ। ਅਗਾਂਹਵਧੂ ਸੋਚ ਦੀ ਮਾਲਕ ਨੀਲੋ ਬੇਗ਼ਮ ਨੂੰ ਇਹ ਆਪਣੀ ਤੇ ਕਲਾ ਦੀ ਤੌਹੀਨ ਲੱਗੀ। ਉਹ ਸੋਚਣ ਲੱਗੀ ਕਿ ਇਹ ਉਹਦੀ ਸੋਚ ਦੇ ਉਲਟ ਹੈ। ਉਹਨੇ ਫ਼ੈਸਲੇ ਕੀਤਾ ਕਿ ਉਹ ਇਹ ਮੁਜਰਾ ਨਹੀਂ ਕਰੇਗੀ। ਉਹਨੇ ਤਾਨਾਸ਼ਾਹ ਦੀ ਮਹਿਫ਼ਲ ਵਿਚ ਨੱਚਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਜਿਵੇਂ ਕਿ ਉਮੀਦ ਕੀਤੀ ਜਾ ਰਹੀ ਸੀ, ਪੁਲਿਸ ਉਹਨੂੰ ਗ੍ਰਿਫ਼ਤਾਰ ਕਰਕੇ ਨਵਾਬ ਦੇ ਦਰਬਾਰ ਵਿਚ ਲੈ ਆਈ। ਉਹਨੂੰ ਜ਼ਬਰਦਸਤੀ ਨੱਚਣ ਲਈ ਮਜਬੂਰ ਕੀਤਾ ਗਿਆ। ਇਸ ਬੇਇੱਜ਼ਤੀ ਤੇ ਜ਼ਲਾਲਤ ਲਈ ਉਹਨੇ ਨੀਂਦ ਦੀਆਂ ਗੋਲੀਆਂ ਦੀ ਓਵਰਡੋਜ਼ ਲੈ ਕੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਜਿਉਂ ਹੀ ਪੁਲਿਸ ਉਹਨੂੰ ਧੱਕੇ ਨਾਲ ਡਾਂਸ ਫਲੋਰ 'ਤੇ ਲੈ ਕੇ ਆਈ, ਉਹ ਬੇਹੋਸ਼ ਹੋ ਕੇ ਧੜੰਮ ਕਰਦੀ ਡਿੱਗ ਪਈ। ਕਾਹਲੀ ਵਿਚ ਉਹਨੂੰ ਹਸਪਤਾਲ ਲਿਜਾ ਕੇ ਦਾਖਲ ਕਰਵਾ ਦਿੱਤਾ ਗਿਆ। ਜਦੋਂ ਲੋਕਾਂ ਨੂੰ

ਨਵਾਬ ਦੀ ਇਸ ਕਰਤੂਤ ਦਾ ਪਤਾ ਲੱਗਿਆ ਤਾਂ ਸਾਰੇ ਪਾਕਿਸਤਾਨ ਵਿਚ ਤਰਥੱਲੀ ਮੱਚ ਗਈ। ਨੀਲੋ ਬੇਗ਼ਮ ਦੇ ਸਮਰਥਨ ਵਿਚ ਸਾਰੀ ਫ਼ਿਲਮ ਇੰਡਸਟਰੀ ਨੇ ਹੜਤਾਲ ਕਰ ਦਿੱਤੀ। ਜਦੋਂ ਪ੍ਰਸਿੱਧ ਸ਼ਾਇਰ ਜਨਾਬ ਹਬੀਬ ਜਾਲਬ ਨੂੰ ਇਸ ਘਟਨਾ ਦਾ ਪਤਾ ਲੱਗਿਆ ਤਾਂ ਉਹ ਨੀਲੋ ਬੇਗ਼ਮ ਦਾ ਪਤਾ ਲੈਣ ਲਈ ਹਸਪਤਾਲ ਗਿਆ ਤੇ ਤਾਨਾਸ਼ਾਹੀ ਨੂੰ ਵੰਗਾਰਦੀ ਇਕੱਲੀ ਔਰਤ ਦੇ ਹੱਕ ਤੇ ਉਹਦੀ ਆਨ-ਸ਼ਾਨ ਦੀ ਬਹਾਲੀ ਲਈ ਇਕ ਨਜ਼ਮ ਲਿਖੀ-

ਤੂ ਕਿ ਨਾਵਾਕਿ਼ਫ਼-ਏ-ਆਦਾਬ-ਏ-ਸ਼ਹਿਨਸ਼ਾਹੀ ਥੀ
ਰ਼ਕਸ ਜੰਜ਼ੀਰ ਪਹਨ ਕਰ ਭੀ ਕੀਆ ਜਾਤਾ ਹੈ
ਤੁਝ ਕੋ ਇੰਕਾਰ ਕੀ ਜੁਰਅਤ ਜੋ ਹੁਈ ਤੋ ਕਿਉਂ ਕਰ
ਸਾਇਆ-ਏ-ਸ਼ਾਹ ਮੇਂ ਇਸ ਤਰਹ ਜੀਆ ਜਾਤਾ ਹੈ
ਅਹਲ-ਏ-ਸਰਵਤ ਕੀ ਯੇ ਤਜਵੀਜ਼ ਹੈ ਸਰਕਸ਼ ਲੜਕੀ

ਤੁਝ ਕੋ ਦਰਬਾਰ ਮੇਂ ਕੋੜੋਂ ਸੇ ਨਚਾਇਆ ਜਾਏ

ਨਾਚਤੇ ਨਾਚਤੇ ਹੋ ਜਾਏ ਜੋ ਪਾਇਲ ਖ਼ਾਮੋਸ਼

ਫਿਰ ਨ ਤਾ-ਜ਼ੀਸਤ ਤੁਝੇ ਹੋਸ਼ ਮੇਂ ਲਾਇਆ ਜਾਏ

ਲੋਗ ਇਸ ਮੰਜ਼ਰ-ਏ-ਜਾਂਕਾਹ ਕੋ ਜਬ ਦੇਖੇਂਗੇ

ਔਰ ਬੜ ਜਾਏਗਾ ਕੁਛ ਸਤਵਤ-ਏ-ਸ਼ਾਹੀ ਕਾ ਜਲਾਲ

ਤੇਰੇ ਅੰਜਾਮ ਸੇ ਹਰ ਸ਼ਖ਼ਸ ਕੋ ਇਬਰਤ ਹੋਗੀ

ਸਰ ਉਠਾਨੇ ਕਾ ਰੇਆਇਆ ਕੋ ਨ ਆਏਗਾ ਖ਼ਿਆਲ

ਤਬ-ਏ-ਸ਼ਾਹਾਨਾ ਪੇ ਜੋ ਲੋਗ ਗਿਰਾਂ ਹੋਤੇ ਹੈਂ

ਹਾਂ ਉਨਹੇ ਜ਼ਹਰ ਭਰਾ ਜਾਮ ਦਿਆ ਜਾਤਾ ਹੈ

ਤੂ ਕਿ ਨਾ-ਵਾਕਫ਼-ਏ-ਆਦਾਬ-ਏ-ਸ਼ਹਿਨਸ਼ਾਹੀ ਥੀ

ਰਕਸ ਜੰਜ਼ੀਰ ਪਹਿਨ ਕਰ ਭੀ ਕੀਆ ਜਾਤਾ ਹੈ

ਬਾਅਦ ਵਿਚ ਜਾਲਿਬ ਦੀ ਇਹ ਨਜ਼ਮ ਸਾਰੇ ਪਾਕਿਸਤਾਨ ਵਿਚ ਧਰਨਿਆਂ, ਜਲੂਸਾਂ ਵਿਚ ਨਾਬਰੀ ਦਾ ਤਰਾਨਾ ਬਣ ਕੇ ਗੂੰਜਦੀ

ਰਹੀ। ਸਾਰੇ ਵੱਡੇ ਫ਼ਨਕਾਰਾਂ ਤੋਂ ਇਲਾਵਾ ਜਨਾਬ ਮਹਿੰਦੀ ਹਸਨ ਨੇ ਪੂਰੇ ਜਲਾਲ ਵਿਚ ਇਸ ਨੂੰ ਗਾਇਆ। ਨੀਲੋ ਬੇਗ਼ਮ ਦੇ ਸ਼ੌਹਰ ਪ੍ਰਸਿੱਧ ਫ਼ਿਲਮੀ ਡਾਇਰੈਕਟਰ ਮੀਆਂ ਰਿਆਜ਼ ਸ਼ਾਹਿਦ ਨੇ ਆਪਣੀ ਮਸ਼ਹੂਰ ਫ਼ਿਲਮ 'ਜ਼ਰਕਾ' ਵਿਚ, ਜੋ ਕਿ ਫ਼ਲਸਤੀਨ ਦੀ ਜਾਂਬਾਜ਼ ਨਾਚੀ ਦੀ ਜ਼ਿੰਦਗੀ 'ਤੇ ਆਧਾਰਤ ਹੈ, ਨੀਲੋ ਬੇਗ਼ਮ ਨਾਲ ਹੋਈ ਬਦਸਲੂਕੀ ਦੀ ਘਟਨਾ ਨੂੰ ਫ਼ਿਲਮ ਦੀ ਸਕਰਿਪਟ ਵਿਚ ਸ਼ਾਮਲ ਕੀਤਾ ਤੇ ਜ਼ਰਕਾ ਦਾ ਰੋਲ ਵੀ ਨੀਲੋ ਬੇਗ਼ਮ ਤੋਂ ਕਰਵਾਇਆ। 1969 ਵਿਚ ਰਿਆਜ਼ ਸ਼ਾਹਿਦ ਨੂੰ ਇਸ ਫ਼ਿਲਮ ਲਈ ਉੱਤਮ ਡਾਇਰੈਕਟਰ ਦਾ ਪੁਰਸਕਾਰ ਮਿਲਿਆ ਤੇ ਨੀਲੋ ਬੇਗ਼ਮ ਨੂੰ ਸਰਬ ਸ੍ਰੇਸ਼ਟ ਹੀਰੋਇਨ ਦਾ। ਇਸ ਫ਼ਿਲਮ ਨੇ ਸਾਰੇ ਪਾਕਿਸਤਾਨ ਵਿਚ ਡਾਇਮੰਡ ਜੁਬਲੀ ਮਨਾਈ। ਇਸ ਤਰ੍ਹਾਂ ਪੂਰੇ ਅਵਾਮ ਨੇ ਨੀਲੋ ਬੇਗ਼ਮ ਦੀ ਬੇਇੱਜ਼ਤੀ ਦਾ ਬਦਲਾ ਚੁਕਾਇਆ। ਕਹਿੰਦੇ ਨੇ ਨਾ-ਉਹ ਜ਼ਮਾਨਾ ਹੋਰ ਸੀ। ਉਹ ਲੋਕ ਹੋਰ ਸਨ। ਹੁਣ

ਵਕਤ ਬਦਲ ਗਏ ਹਨ। ਕਲਾ ਦੀ ਕਦਰ ਬਜ਼ਾਰ ਨੇ ਰੋਲ ਦਿੱਤੀ ਹੈ। ਕਲਾ ਨਾਲ ਪਿਆਰ ਤੇ ਇਹਦੀ ਇੱਜ਼ਤ ਲਈ ਮਰ ਮਿਟਣ ਵਾਲੇ ਲੋਕ ਬੀਤੇ ਦੀਆਂ ਬਾਤਾਂ ਹੋ ਗਏ ਨੇ।

22

ਜਿਊਂਦੇ ਜੀਅ ਦੰਦ ਕਥਾ ਬਣੀ – ਗੁਲਾਬ ਬਾਈ

ਲੋਕ ਪਰੰਪਰਾਵਾਂ ਕਿਸੇ ਵੀ ਸਭਿਆਚਾਰ ਦੀਆਂ ਜਿਊਂਦੀਆਂ ਜਾਗਦੀਆਂ ਮੂਰਤਾਂ ਹੁੰਦੀਆਂ ਹਨ। ਇਨ੍ਹਾਂ ਦੀ ਸਥਾਪਤੀ ਪਿਛੇ ਲੋਕ ਮਨ ਦੀ ਉਹ ਚੇਤਨਾ ਕੰਮ ਕਰ ਰਹੀ ਹੁੰਦੀ ਹੈ ਕਿ ਮਨੁੱਖ ਸਦਾ ਜਿਊਂਦਾ ਰਹਿਣਾ ਚਾਹੁੰਦਾ ਹੈ, ਜਿਸ ਕਰਕੇ ਇਹ ਪੀੜ੍ਹੀਓ ਪੀੜ੍ਹੀ ਚਲਦੀਆਂ ਉਸ ਅਵਾਮ ਦੀ ਸ਼ਨਾਖ਼ਤ ਬਣ ਜਾਂਦੀਆਂ ਹਨ। ਅਜਿਹੀਆਂ ਲੋਕ ਪਰੰਪਰਾਵਾਂ ਵਿਚ ਲੋਕ ਨਾਟਕ ਦਾ ਅਹਿਮ ਸਥਾਨ ਹੈ। ਲੋਕ ਨਾਟਕ ਦੀ ਪਰੰਪਰਾ ਦਾ ਜ਼ਿਕਰ ਕਰਦਿਆਂ ਬਲਵੰਤ ਗਾਰਗੀ ਲਿਖਦਾ ਹੈ- ਲੋਕ ਨਾਟਕ ਨਿਝੱਕ, ਆਪ-ਮੁਹਾਰਾ ਤੇ ਅੱਖੜ ਹੁੰਦਾ ਹੈ। ਭੱਦਰ ਪੁਰਸ਼ ਇਸ ਤੋਂ ਕਤਰਾਉਂਦੇ ਹਨ। ਲੋਕ ਨਾਟਕ ਵਿਚ ਭੋਲਾਪਣ ਹੁੰਦਾ ਹੈ, ਤੁਰੰਤ ਗੱਲ ਘੜ ਕੇ ਮੌਕੇ 'ਤੇ

ਘਟਾ ਦੇਣ ਦਾ ਰਸ ਹੁੰਦਾ ਹੈ ਤੇ ਇਸ ਦਾ ਖੇਡਣ ਢੰਗ ਖੁੱਲ੍ਹਾ ਡੁੱਲ੍ਹਾ ਹੁੰਦਾ ਹੈ। ਲੋਕ ਨਾਟਕ ਅਣਘੜ ਹੁੰਦਾ ਹੈ, ਸ਼ਾਸਤਰੀ ਕਲਾ ਦੀ ਛੈਣੀ ਨਾਲ ਤਰਾਸ਼ਿਆ ਹੋਇਆ। ਇਹ ਵਗਦੇ ਦਰਿਆ ਦੇ ਪਾਣੀ ਵਾਂਗ ਹੈ, ਪੇਂਡੂ ਰਹਿਤਲ ਨਾਲ ਜੁੜਿਆ ਜਿਊਂਦਾ ਜਾਗਦਾ ਪੁਤਲਾ। ਏਸੇ ਲੋਕ ਨਾਟਕ ਦੀ ਪਰੰਪਰਾ ਵਿਚ ਨੌਟੰਕੀ ਆਉਂਦੀ ਹੈ। ਇਹ ਮੱਧਕਾਲ ਦੇ ਭੱਟਾਂ ਤੇ ਢਾਡੀਆਂ ਦੀਆਂ ਵਾਰਾਂ ਦੀ ਵਾਰਸ ਹੈ, ਜਿਨ੍ਹਾਂ ਵਿਚ ਗਾਉਣ ਵਾਲੇ ਬਿਰਤਾਂਤਿਕ ਕਵਿਤਾ ਨੂੰ ਨਾਟਕੀ ਪੁੱਠ ਦੇ ਕੇ ਮਨੋਰੰਜਨ ਦੀ ਵਸਤ ਬਣਾ ਦੇਂਦੇ ਸਨ। ਇਸ ਵਿਚ ਗੀਤਾਂ ਦੀ ਲੜੀ ਜੋੜਨ ਲਈ ਰੰਗਾ-ਰੰਗ ਦਾ ਸੰਚਾਲਕ ਨਾਂ ਦਾ ਪਾਤਰ ਘੜ ਲਿਆ ਜਾਂਦਾ ਸੀ। ਕਈ ਪ੍ਰਸਿੱਧ ਗਾਥਾਵਾਂ ਤੇ ਗੀਤਾਂ ਭਰੇ ਕਿੱਸੇ, ਜੋ ਲੋਕਾਂ ਵਿਚ ਪ੍ਰਚਲਿਤ ਹੁੰਦੇ ਸਨ, ਉਨ੍ਹਾਂ ਨੂੰ ਨੌਟੰਕੀ ਸ਼ੈਲੀ ਵਿਚ ਢਾਲ ਲਿਆ ਜਾਂਦਾ ਸੀ। ਇਹ ਨਾਟਕ ਬਿਨਾ ਕਿਸੇ ਉਚੇਚ ਦੇ ਤਿੰਨ ਫੁੱਟ ਉੱਚੇ ਥੜ੍ਹੇ 'ਤੇ ਖੇਡਿਆ ਜਾਂਦਾ ਸੀ ਜਿਸ ਦੇ ਚੁਫੇਰੇ ਲੋਕ ਬੈਠੇ ਹੁੰਦੇ

ਸਨ। ਸ਼ੁਰੂ ਵਿਚ ਰੰਗਾ ਆਪਣੇ ਗੁਰੂ, ਰੰਗ ਭੂਮੀ ਤੇ ਕਿਸੇ ਦੇਵੀ ਦੇਵਤੇ ਦੀ ਉਸਤਤ ਵਿਚ ਭੇਟਾ ਗਾਉਂਦਾ। ਗਣੇਸ਼, ਕ੍ਰਿਸ਼ਨ, ਸ਼ਿਵ, ਸਰਸਵਤੀ ਦੀ ਪੂਜਾ ਕਰਦਾ। ਇਸ ਪਿੱਛੋਂ ਉਹ ਕਹਾਣੀ ਦੀ ਕਿਸੇ ਨਾਟਕੀ ਘਟਨਾ ਨੂੰ ਗਾ ਕੇ ਬਿਆਨ ਕਰਦਾ ਤੇ ਪਾਤਰ ਪ੍ਰਵੇਸ਼ ਕਰਦੇ। ਇਸ ਤਰ੍ਹਾਂ ਨੌਟੰਕੀ ਦੀ ਯਾਤਰਾ ਸ਼ੁਰੂ ਹੁੰਦੀ ਤੇ ਸਾਰੀ ਸਾਰੀ ਰਾਤ ਪਹੁ ਫੁਟਾਲੇ ਤੱਕ ਚਲਦੀ। ਭਾਰਤ ਵਿਚ ਨੌਟੰਕੀ ਦੀ ਪਰੰਪਰਾ ਨੂੰ ਜਿਉਂਦਿਆਂ ਰੱਖਣ ਲਈ ਗੁਲਾਬ ਬਾਈ ਨੇ ਸਾਰੀ ਜ਼ਿੰਦਗੀ ਅਰਪਣ ਕਰ ਦਿੱਤੀ ਤੇ ਨੌਟੰਕੀ ਦੀ ਦੰਦ ਕਥਾ ਬਣਨ ਦਾ ਸ਼ਰਫ ਉਹਨੂੰ ਹਾਸਲ ਹੈ। 1931 ਦੀਆਂ ਗਰਮੀਆਂ ਦਾ ਇਕ ਭਖਦਾ ਹੋਇਆ ਦਿਨ।ਉਸ ਦਿਨ ਹੁੰਮ੍ਹਸ ਭਰੀ ਗਰਮੀ ਤੋਂ ਬਾਅਦ ਸ਼ਾਮ ਢਲਦਿਆਂ ਹਲਕੀ ਜਿਹੀ ਠੰਢਕ ਮਹਿਸੂਸ ਹੋ ਰਹੀ ਸੀ ਜਦੋਂ ਅਚਾਨਕ ਨਗਾਰਾ ਵੱਜਿਆ ਤੇ ਲੋਕ ਮੇਲੇ ਵੱਲ ਜਾਣੇ ਸ਼ੁਰੂ ਹੋ ਗਏ। ਉਸ ਦਿਨ ਕੀ ਬੱਚੇ ਤੇ ਕੀ ਬੁੱਢੇ ਤੇ ਕੀ ਜਵਾਨ ਸਾਰੇ ਇਕ ਅਨੋਖੇ

ਜੋਸ਼ ਨਾਲ ਭਰੇ ਚੁੰਗੀਆਂ ਭਰ ਰਹੇ ਸਨ। ਹੌਲੀ ਹੌਲੀ ਸ਼ਾਮ ਸਲੇਟੀ ਤੋਂ ਸਿਆਹ ਹੋਣ ਲੱਗੀ। ਮੇਲੇ ਦੀ ਰੌਣਕ ਵਿਚ ਸ਼ਬਾਬ ਆ ਗਿਆ। ਰੌਸ਼ਨੀਆਂ ਬਲਣ ਲੱਗੀਆਂ। ਦੇਖਦਿਆਂ ਦੇਖਦਿਆਂ ਪੰਡਾਲ ਖਚਾ-ਖਚ ਭਰ ਗਿਆ। ਸਾਰੇ ਨੌਟੰਕੀ ਸ਼ੁਰੂ ਹੋਣ ਦੀ ਉਡੀਕ ਵਿਚ ਬੇਸਬਰੇ ਹੋ ਰਹੇ ਸਨ। ਉਨ੍ਹਾਂ ਦੀਆਂ ਨਜ਼ਰਾਂ ਉਸ ਥੜ੍ਹੇ-ਨੁਮਾ ਮੰਚ ਦੇ ਪਰਦੇ ਉੱਤੇ ਟਿੱਕੀਆਂ ਹੋਈਆਂ ਸਨ ਤੇ ਹਰ ਜ਼ਬਾਨ 'ਤੇ ਉਸ ਅਦਾਕਾਰਾ ਦਾ ਨਾਂ ਸੀ, ਜੋ ਨੌਟੰਕੀ ਦੀ ਨਵੀਂ ਤੇ ਇਕਲੌਤੀ ਸਨਸਨੀ ਸੀ ਜਿਸ ਦਾ ਨਾਂ ਸੀ-ਗੁਲਾਬ ਬਾਈ। ਹਰ ਕੋਈ ਉਹਦੀ ਇਕ ਝਲਕ ਦੇਖਣ ਲਈ ਬੇਤਾਬ ਸੀ। ਬਾਅਦ ਦੇ ਸਾਲਾਂ ਵਿਚ ਉਹਦੀ ਇਹ ਪੇਸ਼ਕਾਰੀ ਆਮ ਹੋ ਗਈ। ਇਸ ਨੌਟੰਕੀ ਨੇ ਡੰਕੇ ਦੀ ਚੋਟ ਨਾਲ ਉਹਦੀ ਸ਼ੁਹਰਤ ਸਾਰੇ ਮੁਲਕ ਵਿਚ ਫੈਲਾ ਦਿੱਤੀ। ਉਹਦੀ ਕਲਾ ਦੀ ਮਹਿਕ ਨਾਲ ਲੋਕ- ਵਿਹੜਾ ਸਰਸ਼ਾਰ ਹੋ ਗਿਆ ਤੇ ਉਹ ਗੁਲਾਬ ਬਾਈ ਤੋਂ ਗੁਲਾਬ ਜਾਨ ਬਣ ਗਈ, ਜਿਵੇਂ ਸਿਖਰ

ਦੁਪਹਿਰੇ ਧੁੱਪ ਵਿਚ ਖਿੜਿਆ ਸੂਰਜਮੁਖੀ ਚਮਕ ਰਿਹਾ ਹੋਵੇ ਜਾਂ ਰੇਤ ਥਲਾਂ ਵਿਚ ਮ੍ਰਿਗ ਤ੍ਰਿਸ਼ਨਾ ਚਕਮਾ ਦੇ ਰਹੀ ਹੋਵੇ। ਉਹਦੇ ਤੋਂ ਪਹਿਲਾਂ ਨੌਟੰਕੀ ਵਿਚ ਔਰਤਾਂ ਦੀ ਭੂਮਿਕਾ ਪੁਰਸ਼ ਅਦਾ ਕਰਦੇ ਸਨ ਪਰ ਫਰੂਖਾਬਾਦ ਦੀ ਗੁਲਾਬ ਬਾਈ ਨੇ ਤੇਰਾਂ ਵਰ੍ਹਿਆਂ ਦੀ ਚੜ੍ਹਦੀ ਉਮਰੇ ਇਹ ਮਿੱਥ ਤੋੜ ਦਿੱਤੀ ਕਿ ਔਰਤ ਹੀ ਔਰਤ ਦਾ ਕਿਰਦਾਰ ਵਧੀਆ ਤਰੀਕੇ ਨਾਲ ਨਿਭਾ ਸਕਦੀ ਹੈ ਨਾ ਕਿ ਪੁਰਸ਼। ਉਨ੍ਹਾਂ ਸਮਿਆਂ ਵਿਚ ਪਿਤਰੀ ਸਮਾਜ ਵਿਚ ਇਹ ਕਦਮ ਬੜਾ ਕ੍ਰਾਂਤੀਕਾਰੀ ਸੀ। ਇਸ ਉਮਰੇ ਗੁਲਾਬ ਬਾਈ ਨੇ ਕਾਨਪੁਰ ਦੀਆਂ ਨੌਟੰਕੀਆਂ ਵਿਚ ਕਈ ਸਵਾਂਗ ਕੀਤੇ। ਨੌਟੰਕੀ ਨੂੰ ਵਿਦਵਾਨ ਪੱਛਮੀ ਓਪੇਰੇ ਦੇ ਨੇੜੇ ਦੀ ਕਲਾ ਮੰਨਦੇ ਹਨ। ਗੁਲਾਬ ਬਾਈ ਨੇ 1931 ਵਿਚ ਕਾਨਪੁਰ ਘਰਾਣੇ ਦੇ ਉਸਤਾਦ ਤ੍ਰਿਮੋਹਨ ਲਾਲ ਅਤੇ ਹਾਥਰਸ ਘਰਾਣੇ ਦੇ ਉਸਤਾਦ ਮੁਹੰਮਦ ਖ਼ਾਨ ਕੋਲੋਂ ਬਾਕਾਇਦਾ ਗਾਉਣ ਦੀ ਤਾਲੀਮ ਹਾਸਲ ਕੀਤੀ। ਬਾਅਦ ਵਿਚ ਪੰਜਵੇਂ ਦਹਾਕੇ ਵਿਚ ਉਹਨੇ

ਤ੍ਰਿਮੋਹਨ ਲਾਲ ਤੋਂ ਵੱਖ ਹੋਕੇ ਆਪਣੀ ਨੌਟੰਕੀ ਮੰਡਲੀ 'ਗ੍ਰੇਟ ਗੁਲਾਬ ਥੀਏਟਰ ਕੰਪਨੀ'ਬਣਾਈ। ਉਹ ਨੌਟੰਕੀ ਦੀ ਪਹਿਲੀ ਅਜਿਹੀ ਅਦਾਕਾਰਾ ਸੀ ਜੋ ਜਿਉਂਦੇ ਜੀਅ ਦੰਦ ਕਥਾ ਬਣ ਗਈ। ਨੌਟੰਕੀ ਦੀ ਚੰਗੀ ਸਮਝ ਰੱਖਣ ਵਾਲੇ ਪ੍ਰਸਿੱਧ ਲੇਖਕ ਫਰਨੀਸ਼ਵਰ ਨਾਥ ਰੇਣੂੰ ਦੀ ਕਹਾਣੀ 'ਮਾਰੇ ਗਏ ਗੁਲਫਾਮ' 'ਤੇ ਬਣੀ ਫ਼ਿਲਮ 'ਤੀਸਰੀ ਕਸਮ' ਵਿਚ ਹਿਰਾਮਨ ਹੀਰਾਬਾਈ ਨੂੰ ਪੁੱਛਦਾ ਹੈ- ਤੂੰ ਕਿਹੜੇ ਜ਼ਿਲ੍ਹੇ ਤੋਂ ਆਈਂ ਹੈਂ ਤਾਂ ਉਹ ਜੁਆਬ ਦੇਂਦੀ ਹੈ-ਕਾਨਪੁਰ ਤੋਂ। ਕਿਹਾ ਜਾਂਦਾ ਹੈ ਕਿ ਹੀਰਾ ਬਾਈ ਦੇ ਕਿਰਦਾਰ ਵਿਚ ਅਸਲ ਵਿਚ ਗੁਲਾਬ ਬਾਈ ਹੀ ਹੈ। 1996 ਵਿਚ ਨੌਟੰਕੀ ਦੀ ਇਸ ਪਰੰਪਰਾ ਨੂੰ ਜੀਅ ਜਾਨ ਨਾਲ ਜਿਉਂਦਿਆਂ ਰੱਖਣ ਵਾਲੀ ਇਹ ਅਦਾਕਾਰਾ ਇਸ ਫ਼ਾਨੀ ਦੁਨੀਆ ਤੋਂ ਕੂਚ ਕਰ ਗਈ। ਇਹ ਨੌਟੰਕੀ ਦੀ ਚਮਕਦੀ ਆਭਾ ਦੇ ਸੁਨਹਿਰੀ ਯੁੱਗ ਦਾ ਅੰਤ ਸੀ। ਭਾਰਤ ਸਰਕਾਰ ਨੇ 1990 ਵਿਚ ਉਹਨੂੰ ਪਦਮਸ਼੍ਰੀ ਨਾਲ ਨਿਵਾਜਿਆ। ਉਹਦੇ 'ਤੇ ਕਈ ਕਿਤਾਬਾਂ ਤੇ

ਲੇਖ ਲਿਖੇ ਮਿਲਦੇ ਹਨ ਪਰ ਉਹਦੀ ਕਲਾ ਨੂੰ ਸਾਂਭਿਆ ਨਹੀਂ ਗਿਆ। ਚਮਕਦੇ ਸਿਤਾਰੇ ਵਰਗੀ ਉਹਦੀ ਆਭਾ ਦੇ ਸੁਰਾਂ ਦੇ ਮੀਡ, ਗਮਕ, ਖਟਕੇ ਉਹਦੇ ਨਾਲ ਹੀ ਗੁਆਚ ਗਏ। ਕੰਨਾਂ ਵਿਚ ਮਿਸ਼ਰੀ ਘੋਲਦੇ ਉਹਦੇ ਛੰਦ, ਦਾਦਰੇ, ਠੁਮਰੀਆਂ, ਢੋਲਕੀ ਦੀ ਥਾਪ, ਨਗਾਰੇ ਦੀ ਧਮਕ ਸਭ ਜਿਵੇਂ ਵਿਸਰਜਿਤ ਹੋ ਗਏ ਜਾਂ ਸਮੇਂ ਦੇ ਹਨੇਰੇ ਵਿਚ ਗੁਆਚ ਗਏ। ਮਹਿਫ਼ਲਾਂ ਵਿਚ ਗੂੰਜਦੇ ਉਹਦੇ ਨ਼ਗਮੇ 'ਪਾਨ ਖਾਏ ਸਈਆਂ ਹਮਾਰੇ, ਹੋਂਠ ਲਾਲ ਲਾਲ' ਜਾਂ 'ਨਦੀ ਨਾਰੇ ਨਾ ਜਾਇਓ ਸ਼ਿਆਮ ਪਈਆਂ ਪੜੂੰ' ਅੱਜ ਵੀ ਉਹਦੀ ਯਾਦ ਤਾਜ਼ਾ ਕਰਾ ਦੇਂਦੇ ਨੇ। ਇਹ ਗਾਣੇ ਉਹਨੇ ਨੌਟੰਕੀ ਵਿਚ ਗਾਏ ਸਨ ਜੋ ਫ਼ਿਲਮੀ ਜਗਤ ਨੇ ਫ਼ਿਲਮਾਂ ਵਿਚ ਫਿੱਟ ਕਰ ਲਏ। ਸਲਾਮ ਹੈ ਲੋਕ ਪਰੰਪਰਾ ਨੂੰ ਜਿਉਂਦਿਆਂ ਰੱਖਣ ਵਾਲੀ ਉਸ ਮਰਹੂਮ ਆਤਮਾ ਨੂੰ।

23

ਗਿਰਝਾਂ : ਦੁਰਲੱਭ ਤੇ ਮਿੱਤਰ ਪੰਛੀ

ਕਈਆਂ ਨੂੰ ਇਹ ਟਾਈਟਲ ਦੇਖ ਕੇ ਹੈਰਾਨੀ ਹੋਵੇਗੀ ਕਿਉਂਕਿ ਗਿਰਝ ਨੂੰ ਚੰਗਾ ਪੰਛੀ ਨਹੀਂ ਮੰਨਿਆ ਜਾਂਦਾ। ਸਾਹਿਤ ਵਿਚ ਇਸ ਨੂੰ ਮਾਸਖ਼ੋਰੇ ਜਾਨਵਰ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਸ ਨੂੰ ਗਲੀਜ਼ ਕਿਸਮ ਦਾ ਜਾਨਵਰ ਤਸੱਵਰ ਕੀਤਾ ਜਾਂਦਾ ਹੈ। ਇਹਨੂੰ ਮੌਤ ਤੇ ਆਫ਼ਤ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ। ਆਕਾਸ਼ 'ਤੇ ਗਿਰਝਾਂ ਭੌਣੀਆਂ ਤਬਾਹੀ ਆਉਣ ਦੀਆਂ ਸੂਚਕ ਮੰਨੀਆਂ ਜਾਂਦੀਆਂ ਹਨ। ਅੱਜ ਮਨੁੱਖ ਨੇ ਕੁਦਰਤ ਤੇ ਵਾਤਾਵਰਣ ਲਈ ਜੋ ਤਬਾਹੀ ਲਿਆਂਦੀ ਹੈ ਉਸ ਨੇ ਕਈ ਵਿਚਾਰਾਂ ਨੂੰ ਤੋੜ ਦਿੱਤਾ ਹੈ। ਗਿਰਝਾਂ ਨਾਲ ਜੁੜੀਆਂ ਭ੍ਰਾਂਤੀਆਂ ਵੀ ਇਨ੍ਹਾਂ ਵਿਚੋਂ ਇਕ ਹਨ। ਕੁਦਰਤ ਨੇ ਗਿਰਝਾਂ ਨੂੰ ਬੇਸ਼ੱਕ ਮਾਸਖ਼ੋਰੇ ਜਾਨਵਰ ਬਣਾਇਆ ਹੈ ਪਰ ਅੱਜ ਦੇ

ਸੰਦਰਭ ਵਿਚ ਇਹ ਮਨੁੱਖ ਦੇ ਸਭ ਤੋਂ ਵੱਡੇ ਮਿੱਤਰ ਪੰਛੀ ਹਨ। ਨਿਊਯਾਰਕ ਟਾਈਮਜ਼ ਵਿਚ ਇਸ ਬਾਰੇ ਇਕ ਰੌਚਿਕ ਰਿਪੋਰਟ ਛਪੀ ਹੈ, ਜਿਸ ਅਨੁਸਾਰ- ਗਿਰਝ ਇਕ ਅਜਿਹਾ ਵੱਡਾ ਪੰਛੀ ਹੈ, ਜਿਸ ਨੂੰ ਪਿਆਰ ਕਰਨਾ ਤਾਂ ਕੀ ਕੋਈ ਇਸ ਨੂੰ ਦੇਖਣਾ ਵੀ ਬਦਸਗਨੀ ਮੰਨਦਾ ਹੈ। ਇਹ ਮੂਲ ਰੂਪ ਵਿਚ ਮੁਰਦਾ-ਖੋਰ ਪੰਛੀਆਂ ਦੀ ਪ੍ਰਜਾਤੀ ਹੈ। ਇਸ ਲਈ ਪ੍ਰਾਚੀਨ ਕਾਲ ਤੋਂ ਇਸ ਨੂੰ ਮੌਤ ਦੇ ਹਰਕਾਰੇ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਪਰ ਅਸਲ ਵਿਚ ਇਹ ਕੁਦਰਤ ਦੇ ਅਸਮਾਨੀ ਸਫ਼ਾਈ ਸੇਵਕ ਹਨ। ਇਕ ਨਵੀਂ ਖੋਜ ਅਨੁਸਾਰ ਇਹ ਗਰੀਨ ਹਾਊਸ ਗੈਸਾਂ ਰੋਕਣ ਵਿਚ ਬਹੁਤ ਵੱਡੀ ਮਦਦ ਕਰਦੇ ਹਨ। ਆਪਣੀ ਦੂਰ ਦ੍ਰਿਸ਼ਟੀ ਤੇ ਧੁਰ ਆਕਾਸ਼ਾਂ ਵਿਚ ਉੱਡਣ ਦੀ ਸਮਰੱਥਾ ਕਰਕੇ 22 ਪ੍ਰਜਾਤੀਆਂ ਦੀਆਂ ਗਿਰਝਾਂ ਸਭ ਤੋਂ ਪਹਿਲਾਂ ਮਰੇ ਜਾਨਵਰਾਂ ਨੂੰ ਦੇਖਦੀਆਂ ਤੇ ਖਾਂਦੀਆਂ ਹਨ। ਉਨ੍ਹਾਂ ਦਾ ਇਹ ਕੰਮ ਵਾਤਾਵਰਣ ਤੇ ਮਨੁੱਖਾਂ ਦੋਹਾਂ ਲਈ ਬੜਾ

ਮਹੱਤਵਪੂਰਨ ਹੈ। ਇਸ ਨਾਲ ਪੌਸ਼ਟਿਕ ਤੱਤਾਂ ਦਾ ਚੱਕਰ ਚਲਦਾ ਹੈ ਤੇ ਕੀਟਾਣੂਆਂ 'ਤੇ ਰੋਕ ਲੱਗਦੀ ਹੈ ਜੋ ਅਕਸਰ ਮਰੇ ਜਾਨਵਰਾਂ ਤੋਂ ਪੈਦਾ ਹੁੰਦੇ ਹਨ ਤੇ ਜਿਨ੍ਹਾਂ ਦਾ ਜੀਵਾਂ ਵਿਚ ਫੈਲਣ ਦਾ ਖ਼ਦਸ਼ਾ ਹਮੇਸ਼ਾ ਬਣਿਆ ਰਹਿੰਦਾ ਹੈ। ਅਜਿਹੇ ਵਾਇਰਸ ਰੋਕਣ ਵਿਚ ਵੀ ਮਦਦ ਮਿਲਦੀ ਹੈ ਜੋ ਅਕਸਰ ਮਰੇ ਜਾਨਵਰਾਂ ਦੇ ਗਲਣ ਸੜਨ ਨਾਲ ਪੈਦਾ ਹੁੰਦੇ ਹਨ। ਜਦੋਂ ਜਾਨਵਰਾਂ ਦੇ ਮੁਰਦੇ ਸੜਨ ਲੱਗਦੇ ਹਨ ਤਾਂ ਉਨ੍ਹਾਂ ਵਿਚੋਂ ਕਾਰਬਨ ਡਾਈਆਕਸਾਈਡ ਅਤੇ ਮੀਥੇਨ ਵਰਗੀਆਂ ਘਾਤਕ ਗ੍ਰੀਨ ਹਾਊਸ ਗੈਸਾਂ ਨਿਕਲਦੀਆਂ ਹਨ। ਵਾਤਾਵਰਣ 'ਤੇ ਕੀਤੀਆਂ ਗਈਆਂ ਨਵੀਂਆਂ ਖੋਜਾਂ ਅਨੁਸਾਰ ਜਦੋਂ ਗਿਰਝਾਂ ਇਨ੍ਹਾਂ ਮਰੇ ਹੋਏ ਜਾਨਵਰਾਂ 'ਤੇ ਆ ਬਹਿੰਦੀਆਂ ਹਨ ਤਾਂ ਇਨ੍ਹਾਂ ਨਾਲ ਹਾਨੀਕਾਰਕ ਗੈਸਾਂ ਨੂੰ ਰੋਕਿਆ ਜਾ ਸਕਦਾ ਹੈ। ਇਸ ਖੋਜ ਤੋਂ ਇਹ ਵੀ ਪਤਾ ਲੱਗਿਆ ਕਿ ਇਕ ਗਿਰਝ ਰੋਜ਼ ਇਕ ਤੋਂ ਦੋ ਕਿੱਲੋ ਜਾਂ ਇਸ ਤੋਂ ਵੀ ਵਧੇਰੇ ਮਾਸ ਖਾ ਜਾਂਦੀ ਹੈ, ਜਦਕਿ ਬਚੇ ਹੋਏ

ਮਾਸ ਵਿਚੋਂ ਪ੍ਰਤੀ 0.86 ਕਿੱਲੋਗਰਾਮ ਦੇ ਬਰਾਬਰ ਕਾਰਬਨ ਡਾਈਆਕਸਾਈਡ ਪੈਦਾ ਹੁੰਦੀ ਹੈ। ਮਰੇ ਜਾਨਵਰਾਂ ਦੀ ਰਹਿੰਦ ਖੂੰਹਦ ਜੋ ਗਿਰਝਾਂ ਨਹੀਂ ਖਾਂਦੀਆਂ, ਉਹ ਗਲ ਸੜ ਜਾਂਦੀ ਹੈ। ਪਰ ਜਿਨ੍ਹਾਂ ਮਰੇ ਪਸ਼ੂਆਂ ਨੂੰ ਜ਼ਮੀਨ ਵਿਚ ਦਫ਼ਨ ਕਰ ਦਿੱਤਾ ਜਾਂਦਾ ਹੈ, ਉਨ੍ਹਾਂ ਵਿਚੋਂ ਇਸ ਤੋਂ ਵੀ ਵਧੇਰੇ ਗ੍ਰੀਨ ਹਾਊਸ ਗੈਸਾਂ ਪੈਦਾ ਹੁੰਦੀਆਂ ਹਨ। ਭਾਵ ਗਿਰਝਾਂ ਦੁਆਰਾ ਮਰੇ ਪਸ਼ੂਆਂ ਦਾ ਖਾਧਾ ਜਾਣਾ ਵਾਤਾਵਰਣ ਲਈ ਵਧੇਰੇ ਫ਼ਾਇਦੇਮੰਦ ਹੈ। ਹਾਲਾਂਕਿ ਇਸ ਖੋਜ ਮੁਤਾਬਕ ਦੁਨੀਆ ਭਰ ਵਿਚ ਸਿਰਫ਼ ਅਮਰੀਕਾ ਵਿਚ ਗਿਰਝਾਂ ਦੀਆਂ ਤਿੰਨ ਪ੍ਰਜਾਤੀਆਂ ਕਾਲੀਆਂ, ਟਰਕੀ ਤੇ ਪੀਲੇ ਸਿਰ ਵਾਲੀਆਂ ਹੀ ਵਾਤਾਵਰਣ ਨੂੰ ਤੰਦਰੁਸਤ ਬਣਾਉਣ ਵਿਚ ਵੱਡਾ ਰੋਲ ਅਦਾ ਕਰ ਰਹੀਆਂ ਹਨ। ਇਹ ਸਾਲਾਨਾ ਕੋਈ 12 ਕਰੋੜ ਮੀਟਰਿਕ ਟਨ ਦੇ ਬਰਾਬਰ ਕਾਰਬਨ ਡਾਈਆਕਸਾਈਡ ਵਰਗੀਆਂ ਗੈਸਾਂ ਨੂੰ ਰੋਕਦੀਆਂ ਹਨ। ਅਮਰੀਕਾ ਤੋਂ ਬਾਹਰ

ਸਥਿਤੀ ਕੋਈ ਬਹੁਤੀ ਚੰਗੀ ਨਹੀਂ। ਏਸ਼ੀਆ ਅਤੇ ਅਫ਼ਰੀਕਾ ਦੇ ਕਈ ਦੇਸ਼ਾਂ ਵਿਚ ਗਿਰਝਾਂ ਦੀ ਆਬਾਦੀ ਘਟਣ ਨਾਲ ਵਾਤਾਵਰਣ ਨੂੰ ਬਹੁਤ ਵੱਡਾ ਨੁਕਸਾਨ ਹੋਇਆ ਹੈ। ਭਾਰਤ ਵਿਚ ਸਫ਼ੈਦ ਪਿੱਠ ਵਾਲੀਆਂ ਗਿਰਝਾਂ ਦੀ ਪ੍ਰਾਚੀਨ ਪ੍ਰਜਾਤੀ ਪਿਛਲੇ ਕੁਝ ਦਹਾਕਿਆਂ ਵਿਚ ਅਲੋਪ ਹੋਣ ਦੇ ਕੰਢੇ ਪਹੁੰਚ ਗਈ ਹੈ। 1992 ਤੋਂ 2007 ਤੱਕ ਕੀਤੇ ਗਏ ਇਕ ਸਰਵੇਖਣ ਅਨੁਸਾਰ ਇਨ੍ਹਾਂ ਦੀ ਆਬਾਦੀ ਵਿਚ 99.9 ਫ਼ੀਸਦੀ ਦੀ ਗਿਰਾਵਟ ਆਈ ਹੈ। ਇਨ੍ਹਾਂ ਦੀ ਗਿਣਤੀ ਲੱਖਾਂ ਤੋਂ ਘੱਟ ਕੇ ਹਜ਼ਾਰਾਂ ਤੱਕ ਆ ਗਈ ਹੈ। ਭਾਰਤ ਵਿਚ ਸਾਲਾਨਾ 29 ਲੱਖ ਮੀਟਰਿਕ ਟਨ ਕਾਰਬਨ ਪੈਦਾ ਹੁੰਦੀ ਹੈ। ਸਪਸ਼ਟ ਹੈ ਕਿ ਜੇ ਗਿਰਝਾਂ ਦੀ ਆਬਾਦੀ ਨਾ ਘਟੀ ਹੁੰਦੀ ਤਾਂ ਨਿਸ਼ਚੇ ਹੀ ਕਾਰਬਨ ਨੂੰ ਕਾਬੂ ਵਿਚ ਕੀਤਾ ਜਾ ਸਕਦਾ ਸੀ।

ਪੋਸਟ ਸਕਰਿਪਟ

ਕਾਰਬਨ ਦੇ ਵਧਣ ਨਾਲ ਭਾਰਤ ਵਿਚ ਵਾਤਾਵਰਣ ਦੀਆਂ ਸਮੱਸਿਆਵਾਂ ਗੰਭੀਰ ਰੂਪ ਧਾਰਨ ਕਰ ਰਹੀਆਂ ਹਨ। ਇਕ ਪਾਸੇ ਗਿਰਝਾਂ ਦੀ ਆਬਾਦੀ ਵੱਡੀ ਤਾਦਾਦ ਵਿਚ ਘੱਟ ਗਈ ਹੈ ਦੂਜੇ ਪਾਸੇ ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਨੇ ਮਨੁੱਖ ਦੇ ਮਿੱਤਰ ਕੀੜੇ, ਸੱਪ ਤੇ ਹੋਰ ਕਈ ਪ੍ਰਜਾਤੀਆਂ ਦਾ ਖੁਰਾ ਖੋਜ ਮਿਟਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਆਵਾਰਾ ਪਸ਼ੂ ਵੱਡੀ ਸਿਰਦਰਦੀ ਬਣੇ ਹੋਏ ਹਨ। ਇਕ ਪਾਸੇ ਇਹ ਹਾਦਸਿਆਂ ਤੇ ਬਿਮਾਰੀਆਂ ਦਾ ਕਾਰਨ ਬਣ ਰਹੇ ਹਨ ਦੂਜੇ ਪਾਸੇ ਗਲੀਆਂ, ਬਜ਼ਾਰਾਂ, ਮੰਡੀਆਂ ਤੇ ਹੋਰ ਖੁੱਲ੍ਹੀਆਂ ਥਾਵਾਂ ਉੱਤੇ ਜਿਹੜਾ ਗੋਹਾ ਕਰਦੇ ਨੇ ਉਹਦੇ ਵਿਚੋਂ ਚੌਵੀ ਘੰਟਿਆਂ ਤੱਕ ਮੀਥੇਨ ਗੈੱਸ ਪੈਦਾ ਹੁੰਦੀ ਰਹਿੰਦੀ ਹੈ ਜੋ ਵਾਤਾਵਰਣ ਲਈ ਅਤਿਅੰਤ ਹਾਨੀਕਾਰਕ ਹੈ। ਕਿਸੇ ਨਗਰ ਪਾਲਿਕਾ ਜਾਂ ਨਗਰ ਨਿਗਮ ਕੋਲ ਇਹਨੂੰ ਟਿਕਾਣੇ ਲਾਉਣ ਦਾ ਕੋਈ

ਪ੍ਰਬੰਧ ਨਹੀਂ ਜਦ ਕਿ ‘ਕਾਊ ਸੈੱਸ’ ਦੇ ਨਾਂ ’ਤੇ ਸਰਕਾਰ ਕਰੋੜਾਂ ਰੁਪਏ ਟੈਕਸ ਇਕੱਠਾ ਕਰਦੀ ਹੈ। ਗਿਰਝਾਂ ਦੀ ਘੱਟ ਰਹੀ ਆਬਾਦੀ ਨੂੰ ਵਧਾਉਣ ਜਾਂ ਇਸ ਬਾਰੇ ਖੋਜ ਕਰਨ ਲਈ ਕੋਈ ਕੇਂਦਰੀ ਜਾਂ ਸੂਬਾ ਸਰਕਾਰ ਚਿੰਤਤ ਨਜ਼ਰ ਨਹੀਂ ਆਉਂਦੀ। ਇਹੀ ਕਾਰਨ ਹੈ ਕਿ ਹੱਡਾ ਰੋੜ੍ਹੀ ’ਤੇ ਮਰੇ ਪਸ਼ੂਆਂ ਦੇ ਲੱਗੇ ਅੰਬਾਰ ਗਲਦੇ ਸੜਦੇ ਰਹਿੰਦੇ ਹਨ ਤੇ ਰਾਹਗੀਰਾਂ ਦਾ ਲੰਘਣਾ ਮੁਸ਼ਕਲ ਹੋ ਜਾਂਦਾ ਹੈ। ਸੜ ਰਹੇ ਮਾਸ ਦੀ ਦੁਰਗੰਧ ਕਈ ਮੀਲਾਂ ਤੱਕ ਉਨ੍ਹਾਂ ਦਾ ਪਿੱਛਾ ਨਹੀਂ ਛੱਡਦੀ। ਪਸ਼ੂਆਂ ਨੂੰ ਲੱਗੀ ਲੰਪੀ ਸਕਿਨ ਦੀ ਬਿਮਾਰੀ ਤੋਂ ਬਾਅਦ ਹਜ਼ਾਰਾਂ ਲੱਖਾਂ ਪਸ਼ੂ ਮਰ ਗਏ ਪਰ ਉਨ੍ਹਾਂ ਦੇ ਮੁਰਦੇ ਸਾਂਭਣ ਲਈ ਸਰਕਾਰਾਂ ਨੇ ਕੋਈ ਵਾਜਬ ਕਦਮ ਨਹੀਂ ਚੁੱਕਿਆ। ਕਿਸੇ ਸਰਕਾਰ ਕੋਲ ਵਾਤਾਵਰਣ ਨੂੰ ਬਚਾਉਣ ਲਈ ਕੋਈ ਪ੍ਰੋਗਰਾਮ ਨਹੀਂ ਸਿਵਾਏ ਦੂਸ਼ਣਬਾਜ਼ੀ ਦੇ। ਅਵਾਮ ਨੂੰ ਜਾਗਰਿਤ ਹੋ ਕੇ ਇਸ ਪਾਸੇ ਹੰਭਲਾ ਮਾਰਨਾ ਪਏਗਾ, ਜੇ ਅਸੀਂ ਚਾਹੁੰਦੇ ਹਾਂ ਕਿ ਸਾਡੀ

ਧਰਤੀ ਰਹਿਣ ਜੋਗੀ ਬਣੀ ਰਹੇ।ਗਿਰਝਾਂ ਨਾਲ ਜੋੜੀਆਂ ਮਿੱਥਾਂ ਤੇ ਭ੍ਰਾਂਤੀਆਂ ਨੂੰ ਤਿਆਗ ਕੇ ਸਾਨੂੰ ਇਸ ਮਿੱਤਰ ਪੰਛੀ ਤੇ ਕੁਦਰਤ ਦੇ ਅਸਮਾਨੀ ਸਫ਼ਾਈ ਸੇਵਕਾਂ ਨੂੰ ਫ਼ਰਿਸ਼ਤਿਆਂ ਦੇ ਰੂਪ ਵਿਚ ਦੇਖਣ ਦੀ ਆਦਤ ਪਾਉਣੀ ਚਾਹੀਦੀ ਹੈ।

24

ਮਨੁੱਖੀ ਆਵਾਜ਼ ਦਾ ਜਸ਼ਨ

ਮਨੁੱਖਾਂ ਨੇ ਜਦੋਂ ਭਾਸ਼ਾ ਦੀ ਕਾਢ ਕੱਢੀ ਤਾਂ ਉਹ ਇਕ ਦੂਜੇ ਨਾਲ ਗੱਲਾਂ ਕਰਨ ਲੱਗੇ। ਗੱਲਾਂ ਕਰਦੇ ਕਰਦੇ ਲੜਨ ਲੱਗੇ। ਲੜਦੇ ਲੜਦੇ ਪਿਆਰ ਕਰਨ ਲੱਗੇ। ਭਾਸ਼ਾ ਵਹਿਣ ਬਣ ਕੇ ਕਈ ਦਿਸ਼ਾਵਾਂ ਵਿਚ ਤੁਰਨ ਲੱਗੀ। ਹੌਲੀ ਹੌਲੀ ਬਾਦਸ਼ਾਹਾਂ, ਤਾਨਾਸ਼ਾਹਾਂ, ਅਮੀਰਾਂ, ਵਜ਼ੀਰਾਂ ਨੇ ਇਹਨੂੰ ਦਾਸੀ ਬਣਾ ਲਿਆ। ਉਨ੍ਹਾਂ ਨੇ ਭਾਸ਼ਾ ਦੀ ਅਮੀਰੀ 'ਤੇ ਕਬਜ਼ਾ ਕਰ ਲਿਆ ਤੇ ਉਨ੍ਹਾਂ ਦੀ ਭਾਸ਼ਾ ਆਮ ਲੋਕਾਂ, ਔਰਤਾਂ ਤੇ ਪਛੜਿਆਂ ਨੂੰ ਬੋਲਣ ਦੀ ਮਨਾਹੀ ਕਰ ਦਿੱਤੀ ਗਈ। ਫਿਰ ਉਨ੍ਹਾਂ ਭਾਸ਼ਾ ਦੇ ਸੰਗਲ਼ ਤਿਆਰ ਕੀਤੇ ਤੇ ਇਨ੍ਹਾਂ ਨਾਲ ਮਨੁੱਖੀ ਤਨ ਤੇ ਮਨ ਦੋਵੇਂ ਕੈਦ ਕੀਤੇ ਜਾਣ ਲੱਗੇ। ਬੋਲਣ ਦੀ ਆਜ਼ਾਦੀ ਹੌਲੀ ਹੌਲੀ ਲੋਕਾਂ ਕੋਲੋਂ ਖੋਹਣ ਲਈ ਕਾਨੂੰਨ ਬਣਾਏ ਗਏ, ਵਿਧਾਨ

ਘੜੇ ਗਏ। ਤਾਨਾਸ਼ਾਹ ਲੋਕਾਂ ਦੀ ਨਾਬਰੀ ਭਾਸ਼ਾ ਤੇ ਸਿੱਧੀ ਸਾਦੀ ਸਪਸ਼ਟ ਬਿਆਨੀ ਤੋਂ ਡਰਨ ਲੱਗੇ। ਸ਼ਾਇਦ ਅੱਜ ਏਸੇ ਕਰਕੇ ਇਸ ਮੁੱਦੇ ਉੱਤੇ ਦੁਨੀਆ ਭਰ ਵਿਚ ਬਹਿਸ ਹੋ ਰਹੀ ਹੈ। ਕੀ ਇੰਜ ਜ਼ਬਾਨਬੰਦੀ ਕੀਤੀ ਜਾ ਸਕਦੀ ਹੈ? ਇਹ ਮੁੱਖ ਸਵਾਲ ਹੈ।ਭਾਸ਼ਾ ਬੋਲਣ ਤੇ ਸਵੈ ਦੇ ਪ੍ਰਗਟਾਵੇ ਦਾ ਅਧਿਕਾਰ ਹੁਣ ਕੁਦਰਤੀ ਰੂਪ ਵਿਚ ਮੰਨ ਲਿਆ ਗਿਆ ਹੈ।ਪਰ ਦੁਨੀਆ ਨੂੰ ਦਿਨੇ ਤਾਰੇ ਦਿਖਾਉਣ ਵਾਲੀਆਂ ਤਾਨਾਸ਼ਾਹੀਆਂ ਹਮੇਸ਼ਾ ਆਪਣੀ ਭਾਸ਼ਾ ਬੋਲਣ ਤੇ ਸਵੈ ਦੇ ਪ੍ਰਗਟਾਵੇ ਨੂੰ ਕੁਚਲਨ ਲਈ ਹਰ ਹਰਬਾ ਵਰਤਦੀਆਂ ਹਨ। ਮਨੁੱਖ ਕੋਲ ਵੀ ਭਾਸ਼ਾ ਦੇ ਪ੍ਰਗਟਾਵੇ ਦੇ ਕਈ ਰੂਪ ਹਨ ਜਿਨ੍ਹਾਂ ਦੀ ਬਾਖ਼ੂਬੀ ਗੱਲ ਕਰਦਿਆਂ ਉੱਘਾ ਲਾਤੀਨੀ ਲੇਖਕ ਐਦੂਆਰਦੋ ਗੈਲੀਨੀਓ ਲਿਖਦਾ ਹੈ-ਉਨ੍ਹਾਂ ਦੇ ਹੱਥ ਬੰਨ੍ਹ ਕੇ, ਹੱਥਕੜੀਆਂ ਲਾਈਆਂ ਹੋਈਆਂ ਸਨ ਫਿਰ ਵੀ ਉਨ੍ਹਾਂ ਦੀਆਂ ਉਂਗਲਾਂ ਨੱਚ ਰਹੀਆਂ ਸਨ, ਉੱਡ ਰਹੀਆਂ ਸਨ, ਅੱਖਰ ਉਕੇਰ ਰਹੀਆਂ ਸਨ।

ਕੈਦੀਆਂ ਦੇ ਚਿਹਰੇ ਅਤੇ ਸਿਰ ਢਕੇ ਹੋਏ ਸਨ ਪਰ ਪਿੱਠ ਦੇ ਸਹਾਰੇ ਟੇਕ ਲਾ ਕੇ ਉਹ ਮਾਸਾ ਭੋਰਾ ਜ਼ਮੀਨ ਦੇਖ ਰਹੇ ਸਨ। ਹੇਠਾਂ, ਬਿਲਕੁਲ ਅੱਖ ਜਿੰਨੀ ਜ਼ਮੀਨ। ਉਨ੍ਹਾਂ ਨੂੰ ਬੋਲਣ ਦੀ ਸਖ਼ਤ ਮਨਾਹੀ ਸੀ, ਪਰ ਉਹ ਆਪਣੇ ਹੱਥਾਂ ਨਾਲ ਬੋਲ ਰਹੇ ਸਨ। ਪਿਨੀਓ ਉਂਗੇਰਫੀਲਡ ਨੇ ਮੈਨੂੰ ਉਂਗਲਾਂ ਨਾਲ ਹਰਫ਼ ਉਕੇਰਨੇ ਸਿਖਾਏ ਸਨ ਜਿਨ੍ਹਾਂ ਨੂੰ ਉਹਨੇ ਜੇਲ੍ਹ ਵਿਚ ਬਿਨਾ ਕਿਸੇ ਉਸਤਾਦ ਦੇ ਸਿੱਖਿਆ ਸੀ: “ਸਾਡੇ ਵਿਚੋਂ ਕਈਆਂ ਦੀ ਲਿਖਾਈ ਬੜੀ ਮਾੜੀ ਹੈ”, ਉਹਨੇ ਮੈਨੂੰ ਦੱਸਿਆ, “ਪਰ ਕਈ ਲਿਖਾਈ ਦੇ ਮਾਹਰ ਉਸਤਾਦ ਵੀ ਹਨ।” ਊਰੂਗਵੇ ਦੀ ਤਾਨਾਸ਼ਾਹੀ ਚਾਹੁੰਦੀ ਸੀ ਕਿ ਹਰ ਕੋਈ ਇਕੱਲਾ ਤਨਹਾ ਰਹਿ ਜਾਏ, ਹਰ ਇਕ ਬਿਨਾ ਵਜੂਦ ਦੇ ਰਹਿ ਜਾਏ: ਜੇਲ੍ਹਾਂ ਅਤੇ ਬੈਰਕਾਂ ਵਿਚ, ਪੂਰੇ ਮੁਲਕ ਵਿਚ, ਆਪਣੀ ਗੱਲ ਕਹਿਣੀ ਜੁਰਮ ਐਲਾਨ ਦਿੱਤਾ ਗਿਆ। ਕੁਝ ਕੈਦੀਆਂ ਨੂੰ ਤਾਬੂਤਾਂ ਵਰਗੀਆਂ ਛੋਟੀਆਂ ਛੋਟੀਆਂ ਕਾਲ ਕੋਠੜੀਆਂ ਵਿਚ ਰਹਿੰਦਿਆਂ

ਦਸ ਦਸ ਵਰ੍ਹੇ ਬੀਤ ਗਏ ਸਨ। ਉਨ੍ਹਾਂ ਦੇ ਕੰਨਾਂ ਵਿਚ ਪੈਣ ਵਾਲੀਆਂ ਆਵਾਜ਼ਾਂ ਬੱਸ ਗਲਿਆਰਿਆਂ ਵਿਚਲੇ ਕਦਮਾਂ ਦੀਆਂ ਆਹਟਾਂ ਜਾਂ ਸਲਾਖ਼ਾਂ ਦੀ ਖਨਕ ਹੁੰਦੀ ਸੀ। ਅਜਿਹੀ ਹੀ ਕੈਦ ਵਿਚ ਸੁੱਟ ਦਿੱਤੇ ਗਏ ਫਰਨੈਂਦੋਸ ਊਈਦੋਬਰੋ ਅਤੇ ਮਾਓਰਿਸੀਓ ਰੋਸੇਨਕੌਫ ਜਿਊਂਦੇ ਬਚ ਗਏ ਕਿਉਂਕਿ ਉਨ੍ਹਾਂ ਨੇ ਕੰਧਾਂ ਉੱਤੇ ਥਪਕੀਆਂ ਮਾਰ ਕੇ ਆਪਣੀ ਗੱਲ ਦੂਜੇ ਨੂੰ ਸਮਝਾਉਣ ਦਾ ਤਰੀਕਾ ਖੋਜ ਲਿਆ ਸੀ। ਇਸ ਤਰ੍ਹਾਂ ਉਹ ਆਪਣੇ ਸੁਪਨਿਆਂ ਤੇ ਯਾਦਾਂ ਨੂੰ ਇਕ ਦੂਜੇ ਨਾਲ ਸਾਂਝਿਆਂ ਕਰਦੇ, ਆਪਣੀ ਮੁਹੱਬਤ ਦੇ ਕਿੱਸੇ ਇਕ ਦੂਜੇ ਨੂੰ ਸੁਣਾਉਂਦੇ, ਬਹਿਸਾਂ ਕਰਦੇ, ਗਲੇ ਮਿਲਦੇ, ਲੜਦੇ ਝਗੜਦੇ, ਪਿਆਰ ਕਰਦੇ ਤੇ ਜਿਊਣ ਦੀ ਆਸ ਨੂੰ ਜਗਾਈ ਰੱਖਦੇ, ਕਦੇ ਨਾ ਬੁਝਣ ਦੇਣ ਦੇ ਵਾਅਦੇ ਕਰਦੇ। ਉਨ੍ਹਾਂ ਨੇ ਯਕੀਨਾਂ ਤੇ ਖ਼ੂਬਸੂਰਤੀਆਂ, ਸ਼ੱਕਾਂ ਤੇ ਪਛਤਾਵਿਆਂ ਨੂੰ ਇਕ ਦੂਸਰੇ ਨਾਲ ਮਿਲ ਕੇ ਵੰਡ ਲਿਆ, ਉਹ ਸੁਆਲ ਵੀ ਇਕ ਦੂਜੇ ਕੋਲੋਂ ਪੁੱਛੇ ਜਿਨ੍ਹਾਂ ਦੇ

ਜੁਆਬ ਉਨ੍ਹਾਂ ਕੋਲ ਨਹੀਂ ਸਨ। ਜਦੋਂ ਭਾਸ਼ਾ ਦਿਲੋਂ ਨਿਕਲ ਰਹੀ ਹੋਵੇ ਤਾਂ ਬੋਲਣ ਦੀ ਲੋੜ ਹੀ ਨਹੀਂ ਪੈਂਦੀ, ਤਦੋਂ ਮਨੁੱਖੀ ਆਵਾਜ਼ ਨੂੰ ਕੋਈ ਨਹੀਂ ਦਬਾ ਸਕਦਾ। ਜਦੋਂ ਉਸ ਕੋਲੋਂ ਜ਼ਬਾਨ ਖੋਹ ਲਈ ਜਾਂਦੀ ਹੈ ਤਾਂ ਇਹ ਹੱਥਾਂ, ਅੱਖਾਂ ਜਾਂ ਫਿਰ ਉਗਲਾਂ ਦੇ ਪੋਰਾਂ ਵਿਚੋਂ ਫੁੱਟ ਨਿਕਲਦੀ ਹੈ। ਇਹਨੂੰ ਜੋ ਕੁਝ ਵੀ ਮਿਲ ਜਾਵੇ ਇਹ ਉਹਨੂੰ ਮਾਧਿਅਮ ਬਣਾ ਲੈਂਦੀ ਹੈ। ਸਾਡੇ ਸਾਰਿਆਂ ਕੋਲ ਇਕ ਦੂਜੇ ਨੂੰ ਕਹਿਣ ਲਈ ਕੁਝ ਨਾ ਕੁਝ ਹੁੰਦਾ ਹੈ, ਕੁਝ ਅਜਿਹੀਆਂ ਗੱਲਾਂ ਜੋ ਇਸ ਲਾਇਕ ਹੁੰਦੀਆਂ ਹਨ ਕਿ ਦੂਸਰੇ ਉਨ੍ਹਾਂ ਦਾ ਜਸ਼ਨ ਮਨਾਉਣ ਜਾਂ ਉਨ੍ਹਾਂ ਨੂੰ ਮੁਆਫ਼ ਕਰ ਦੇਣ।

ਪੋਸਟ ਸਕਰਿਪਟ:

ਟੋਕਾ/ਪਰਮਜੀਤ ਢੀਂਗਰਾ

ਉਨ੍ਹਾਂ ਨੇ ਟੋਕਾ ਲਾਇਆ

ਤੇ ਕੁਤਰ ਦਿੱਤਾ ਉਹ ਸਭ ਕੁਝ

ਜੋ ਅੱਗ ਦੀ ਜ਼ਬਾਨ ਤੋਂ ਤਾਜ਼ਾ ਰੋਟੀ ਵਾਂਗ

ਲੱਥਿਆ ਸੀ ਭਾਫ਼ ਦਾ ਭਰਿਆ ਫੁਲਕਾ...

ਉਹ ਜਾਣਦੇ ਸਨ ਇਹ ਭਾਫ਼, ਭਾਫ਼ ਨਹੀਂ

ਉਨ੍ਹਾਂ ਦਾ ਨਾਸ਼ ਕਰਨ ਲਈ

ਇਕ ਸ਼ੜਯੰਤਰ ਹੈ

ਇਸ ਨਾਲ ਉਨ੍ਹਾਂ ਦਾ ਤੰਤਰ, ਮੰਤਰ, ਜੰਤਰ

ਸਭ ਤਬਾਹ ਹੋ ਸਕਦਾ ਹੈ...

ਉਨ੍ਹਾਂ ਨੇ ਜ਼ਬਾਨਬੰਦੀ ਦਾ ਕਾਨੂੰਨ ਬਣਾ

ਸਭ ਪਾਸੇ ਸ਼ਾਂਤੀ ਵਰਤਾ ਦਿੱਤੀ

ਵਾਦਨ, ਵੀਣਾ, ਵੰਝਲੀ ਦੀਆਂ ਧੁਨਾਂ ਗੂੰਜਦੀਆਂ

ਬਾਦਸ਼ਾਹ ਖ਼ੁਸ਼ ਸੀ ਕਿ ਹੁਣ ਉਹਦੇ ਰਾਜ ਵਿਚ

ਨਹੀਂ ਆਏਗੀ ਅੱਗ ਦੀ ਆਵਾਜ਼

ਤੇ ਉਹਦਾ ਤਾਜ ਹੁਣ ਚੁੱਪ 'ਤੇ ਵੀ ਕਰੇਗਾ ਰਾਜ...

ਹਵਾ ਵਿਚ ਗੂੰਜਦੀਆਂ ਗੁੰਗੀਆਂ ਆਵਾਜ਼ਾਂ

ਹਿਲਾ ਰਹੀਆਂ ਸਨ ਉਂਗਲਾਂ, ਅੱਖਾਂ, ਸਿਰ

ਉਡਾ ਰਹੀਆਂ ਸਨ ਤਾਜਾਂ ਦੇ ਤਾਜ

ਰਾਤ ਰਾਤ ਭਰ ਗੂੰਜਦੀਆਂ ਗੂੰਜਾਂ

ਕਰ ਰਹੀਆਂ ਸਨ ਮੋਰੀਆਂ

ਜਿਨ੍ਹਾਂ ਵਿਚੋਂ ਲੰਘਦੀਆਂ ਚੁੱਪ ਆਵਾਜ਼ਾਂ

ਭਰਦੀਆਂ ਜਾ ਰਹੀਆਂ ਸਨ

ਤੇ ਬਾਦਸ਼ਾਹ ਲੁਕਣ ਲਈ ਲੱਭ ਰਿਹਾ ਸੀ

ਕੋਈ ਬੇਆਵਾਜ਼ੀ ਮੋਰੀ...

25

ਨਹਿਰੂ ਜੁਗ ਦੀ ਇਕ ਗਾਥਾ

ਭਾਰਤ ਦੀ ਆਜ਼ਾਦੀ ਤੇ ਰਾਜਨੀਤੀ ਵਿਚ ਨਹਿਰੂ ਨੂੰ ਇਕ ਯੁੱਗ ਦੇ ਤੌਰ ਉੱਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ। ਇਸ ਦਾ ਵੱਡਾ ਕਾਰਨ ਉਹਦੀ ਦੂਰ ਦ੍ਰਿਸ਼ਟੀ ਸੀ। ਭਾਵੇਂ ਉਸ ਵਿਚ ਵੀ ਕਈ ਖ਼ਾਮੀਆਂ ਸਨ ਤੇ ਕਿਤੇ ਕਿਤੇ ਉਹ ਇਤਿਹਾਸਕ ਗ਼ਲਤੀਆਂ ਕਰਕੇ ਭੰਡਿਆ ਵੀ ਜਾਂਦਾ ਹੈ। ਪਰ ਇਕ ਸਟੇਟਸਮੈਨ ਦੇ ਤੌਰ ਉੱਤੇ ਉਹਦਾ ਕੱਦ-ਬੁੱਤ ਵੱਡਾ ਨਜ਼ਰ ਆਉਂਦਾ ਹੈ। ਅੱਜ ਕੱਲ੍ਹ ਉਹਨੂੰ ਇਕ ਖਲਨਾਇਕ ਦੇ ਤੌਰ ਉੱਤੇ ਪੇਸ਼ ਕਰਨ ਦਾ ਨਵਾਂ ਢੰਗ ਲੱਭ ਲਿਆ ਗਿਆ ਹੈ। ਖਾਸ ਕਰਕੇ 2014 ਤੋਂ ਬਾਅਦ ਦੀ ਰਾਜਨੀਤੀ ਵਿਚ ਆਏ ਮੋੜ ਨੇ ਸਮੇਤ ਉਹਦੇ ਬਹੁਤ ਸਾਰੀਆਂ ਵੱਡੀਆਂ ਹਸਤੀਆਂ ਨੂੰ ਨਿੰਦਕ ਤਰੀਕੇ ਨਾਲ ਛੁਟਿਆਉਣਾ ਸ਼ੁਰੂ ਕੀਤਾ ਹੋਇਆ ਹੈ।

ਨਹਿਰੂ ਨੇ ਦੇਸ਼ ਦੀ ਆਜ਼ਾਦੀ ਲਈ ਤੀਹ ਵਰ੍ਹੇ ਸੰਘਰਸ਼ ਕੀਤਾ। ਭਾਰਤ ਨੂੰ ਦਿਲੋਂ ਪਿਆਰ ਕਰਨ ਵਾਲੇ ਨਹਿਰੂ ਨੂੰ ਅੱਜ ਭਾਰਤ ਦੇ ਦੁਸ਼ਮਣ ਵਜੋਂ ਦਰਸਾਇਆ ਜਾ ਰਿਹਾ ਹੈ। ਅਜਿਹੇ ਤੱਥ ਤੇ ਤਰਕ ਦਿੱਤੇ ਜਾ ਰਹੇ ਹਨ ਕਿ ਉਹੀ ਲੋਕ ਜੋ ਨਹਿਰੂ ਨੂੰ ਦਿਲੋਂ ਪਿਆਰ ਕਰਦੇ ਹਨ, ਉਸ ਨਾਲ ਨਫ਼ਰਤ ਕਰਨ ਲੱਗਣ। ਬੱਚਿਆਂ ਦਾ ਚਾਚਾ ਨਹਿਰੂ ਹੁਣ ਬੀਤੇ ਦੀ ਬਾਤ ਹੈ। ਲੋਕਾਂ ਦੇ ਭਲੇ ਲਈ ਦੇਸ਼ ਨੂੰ ਇਕ ਵਿਰਾਟ ਇਕਾਈ ਦੇ ਰੂਪ ਵਿਚ ਦੇਖਣ ਵਾਲੇ ਨਹਿਰੂ ਨੂੰ ਸੰਪਰਦਾਇਕ ਰਾਜਨੀਤੀ ਦਾ ਧੁਰਾ ਤੇ ਮੁਸਲਿਮ ਪ੍ਰਸਤ ਦਸ ਕੇ ਉਹਦਾ ਕੱਦ ਛਾਂਗਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਜਿਹਾ ਵਿਹਾਰ ਕਰਨ ਵਾਲੇ ਨਹੀਂ ਜਾਣਦੇ ਕਿ ਸੰਪਰਦਾਇਕਤਾ ਨੂੰ ਲੈ ਕੇ ਸੰਘਰਸ਼ ਕਰਨ ਦੀ ਪ੍ਰੇਰਨਾ ਦੇਣ ਵਾਲਾ ਉਹ ਭਾਰਤ ਦਾ ਵਾਹਦ ਨੇਤਾ ਹੈ। ਉਹਦਾ ਨਾਂ ਹੀ ਸੰਪਰਦਾਇਕ ਰਾਜਨੀਤੀ ਨੂੰ ਚੈਲੰਜ ਹੈ। ਉਹਦੇ ਨਾਲ ਅਨੇਕਾਂ ਗਾਥਾਵਾਂ ਜੁੜੀਆਂ ਹੋਈਆਂ ਹਨ। ਪੇਸ਼ ਹੈ

ਜੋਸ਼ ਮਲੀਹਾਬਾਦੀ ਨਾਲ ਉਨ੍ਹਾਂ ਦੀ ਦੋਸਤੀ ਦੀ ਮਿਸਾਲ ਪੇਸ਼ ਕਰਦੀ ਇਕ ਗਾਥਾ-ਗਰਮੀਆਂ ਦੀਆਂ ਛੁੱਟੀਆਂ ਮਨਾਉਣ ਲਈ ਇਕ ਵਾਰ ਮੈਂ ਸ਼ਿਮਲੇ ਗਿਆ ਹੋਇਆ ਸਾਂ। ਤਿੰਨਾਂ ਚਾਰਾਂ ਦਿਨਾਂ ਬਾਅਦ ਮੈਨੂੰ ਪਤਾ ਲੱਗਿਆ ਕਿ ਪੰਡਿਤ ਜਵਾਹਰ ਲਾਲ ਨਹਿਰੂ ਵੀ ਸ਼ਿਮਲੇ ਆਏ ਹੋਏ ਹਨ। ਉਹ ਜਿੱਥੇ ਠਹਿਰੇ ਹੋਏ ਸਨ ਮੈਂ ਓਥੇ ਫ਼ੋਨ ਕੀਤਾ। ਬਦਕਿਸਮਤੀ ਨਾਲ ਉਨ੍ਹਾਂ ਦੇ ਨਵੇਂ ਸੈਕਟਰੀ ਨੇ ਰਸੀਵਰ ਚੁੱਕਿਆ, ਜੋ ਲਹਿਜ਼ੇ ਤੋਂ ਮਦਰਾਸੀ ਲੱਗ ਰਿਹਾ ਸੀ। ਮੈਂ ਉਹਨੂੰ ਆਪਣਾ ਨਾਂ ਦਸ ਕੇ ਕਿਹਾ ਕਿ ਮੈਂ ਪੰਡਿਤ ਜੀ ਨੂੰ ਮਿਲਣਾ ਚਾਹੁੰਦਾ ਹਾਂ ਤੇ ਤੂੰ ਵਕਤ ਲੈ ਕੇ ਮੈਨੂੰ ਦਸ ਦੇਈਂ। ਉਸ ਮੂਰਖ ਨੇ ਮੇਰਾ ਨਾਂ ਚੰਗੀ ਤਰ੍ਹਾਂ ਸੁਣਿਆ ਹੀ ਨਹੀਂ ਤੇ ਬਾਰ ਬਾਰ ਮੈਨੂੰ ਮੇਰਾ ਨਾਂ ਪੁੱਛੀ ਗਿਆ, ਮੈਂ ਉਹਨੂੰ ਕਿਹਾ ਕਿ ਮੈਂ ਜੋਸ਼ ਮਲੀਹਾਬਾਦੀ ਬੋਲ ਰਿਹਾਂ, ਪਰ ਉਹਦੀ ਸਮਝ ਜਿਵੇਂ ਜੁਆਬ ਦੇ ਗਈ ਸੀ, ਉਹਨੂੰ ਮੇਰਾ ਨਾਂ ਸਮਝ ਨਹੀਂ ਸੀ ਆ ਰਿਹਾ। ਅਖੀਰ ਮੈਂ ਝੁੰਜਲਾ ਕੇ ਕਿਹਾ-ਜੇ ਓ

ਐੱਸ ਐੱਚ। ਉਹਨੇ ਕਿਹਾ ਮਿਸਟਰ ਜੋਸ਼, ਤੁਹਾਡੀ ਪਛਾਣ ਕੀ ਹੈ। ਮੈਂ ਕਿਹਾ ਕਿ ਜਿਹੜਾ ਵਿਅਕਤੀ ਮੇਰੇ ਬਾਰੇ ਜਾਣਦਾ ਹੀ ਨਹੀਂ, ਉਹਨੂੰ ਹਿੰਦੁਸਤਾਨ ਵਿਚ ਰਹਿਣ ਦਾ ਕੋਈ ਹੱਕ ਨਹੀਂ। 'ਉਹ ਅੱਗੋਂ ਕਹਿਣ ਲੱਗਾ- ਤੁਸੀਂ ਮੈਨੂੰ ਇੰਜ ਬੋਲੋਗੇ?' ਮੈਂ ਕਿਹਾ ਆਹੋ ਇਸ ਤੋਂ ਵੀ ਜ਼ਿਆਦਾ ਬੋਲਾਂਗਾ। 'ਦੋ ਮਿੰਟ ਬਾਅਦ ਉਹ ਕਹਿਣ ਲੱਗਾ- ਪੰਡਿਤ ਜੀ ਨੇ ਕਿਹਾ ਤੁਸੀਂ ਦਿੱਲੀ ਆ ਕੇ ਮਿਲੋ।' ਉਹਦਾ ਇਹ ਜੁਆਬ ਸੁਣ ਕੇ ਮੈਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ। ਮੈਂ ਬੀਵੀ ਨੂੰ ਕਿਹਾ ਕਿ ਵਜ਼ੀਰੇ-ਆਜ਼ਮ ਬਣਨ ਤੋਂ ਬਾਅਦ ਪੰਡਿਤ ਜੀ ਦਾ ਦਿਮਾਗ਼ ਖ਼ਰਾਬ ਹੋ ਗਿਐ। ਮੈਂ ਹੁਣੇ ਉਨ੍ਹਾਂ ਨੂੰ ਖ਼ਤ ਲਿਖਦਾਂ ਕਿ ਉਹ ਤਿਗਨੀ ਦਾ ਨਾਚ ਨੱਚਣ ਲੱਗੇ ਨੇ। ਬੀਵੀ ਨੇ ਕਿਹਾ ਤੁਹਾਨੂੰ ਮੇਰੀ ਕਸਮ, ਜੇ ਤੁਸੀਂ ਹੁਣੇ ਖ਼ਤ ਲਿਖਿਆ ਤਾਂ। ਇਸ ਵਕਤ ਗ਼ੁੱਸੇ ਵਿਚ ਪਤਾ ਨਹੀਂ ਤੁਸੀਂ ਕੀ ਕੁਝ ਲਿਖ ਦਿਓ ਤੇ ਫਿਰ ਪਛਤਾਓ। ਪਾਣੀ ਪੀ ਕੇ ਥੋੜ੍ਹੀ ਦੇਰ ਲੇਟ ਜਾਓ ਤੇ ਗ਼ੁੱਸਾ ਠੰਢਾ ਹੋਣ ਦਿਓ। ਮਰਦਾ ਕੀ

ਨਾ ਕਰਦਾ। ਪਾਣੀ ਪੀ ਕੇ ਲੇਟ ਤਾਂ ਗਿਆ, ਪਰ ਦਿਲ ਦੀ ਅੱਗ ਓਵੇਂ ਹੀ ਭੜਕ ਰਹੀ ਸੀ। ਅੱਧੇ ਘੰਟੇ ਤੋਂ ਜ਼ਿਆਦਾ ਨਹੀਂ ਲੇਟ ਸਕਿਆ। ਬਿਸਤਰਾ ਮੈਨੂੰ ਭਖਦੇ ਕੋਲਿਆਂ ਵਰਗਾ ਲੱਗ ਰਿਹਾ ਸੀ। ਮੈਂ ਉੱਠ ਕੇ ਬਹਿ ਗਿਆ ਤੇ ਅਜਿਹਾ ਖ਼ਤ ਲਿਖਿਆ ਕਿ ਜੇ ਉਸ ਤਰ੍ਹਾਂ ਦਾ ਖ਼ਤ ਕਿਸੇ ਥਾਣੇਦਾਰ ਨੂੰ ਲਿਖ ਦੇਂਦਾ ਤਾਂ ਉਹ ਸਾਰੀ ਉਮਰ ਮੈਨੂੰ ਜੇਲ੍ਹ ਵਿਚ ਤਾੜੀ ਰੱਖਦਾ। ਖ਼ਤ ਭੇਜਣ ਦੇ ਦੂਸਰੇ ਦਿਨ ਇੰਦਰਾ ਗਾਂਧੀ ਦਾ ਫ਼ੋਨ ਆਇਆ ਕਿ ਅੱਜ ਦੁਪਹਿਰ ਤਿੰਨ ਵਜੇ ਚਾਹ ਇਕੱਠੇ ਪੀਵਾਂਗੇ। ਮੈਂ ਕਿਹਾ ਬੇਟੀ ਓਥੇ ਤੇਰਾ ਬਾਪ ਵੀ ਹੋਵੇਗਾ। ਮੈਂ ਉਹਦੇ ਮੱਥੇ ਨਹੀਂ ਲੱਗਣਾ ਚਾਹੁੰਦਾ। ਉਹ ਕਹਿਣ ਲੱਗੀ ਮੈਂ ਆਪਣੇ ਪਿਤਾ ਨੂੰ ਓਥੇ ਨਹੀਂ ਬੁਲਾਵਾਂਗੀ। ਮੈਂ ਜਾਣ ਲਈ ਤਿਆਰ ਹੋ ਗਿਆ। ਸ਼ਾਮ ਨੂੰ ਜਦੋਂ ਮੈਂ ਓਥੇ ਪਹੁੰਚਿਆ ਤਾਂ ਇਕ ਚਪੜਾਸੀ ਨੇ ਅੰਦਰ ਦੇ ਕਮਰੇ ਵੱਲ ਇਸ਼ਾਰਾ ਕੀਤਾ। ਜਦੋਂ ਮੈਂ ਉਸ ਕਮਰੇ ਵੱਲ ਗਿਆ ਤਾਂ, ਤਾਂ ਪੰਡਿਤ ਜੀ ਨੇ ਮੇਰਾ ਹੱਥ ਫੜਦਿਆਂ

ਕਿਹਾ, ਆਓ ਮੇਰੇ ਕਮਰੇ ਵਿਚ ਚਲਦੇ ਹਾਂ। ਮੈਂ ਇਕ ਦਮ ਠਠੰਬਰ ਗਿਆ। ਉਨ੍ਹਾਂ ਮੇਰਾ ਹੱਥ ਖਿੱਚਿਆ ਤੇ ਅਪਣੱਤ ਦੇ ਦਬਾਅ ਹੇਠ ਮੈਂ ਉਨ੍ਹਾਂ ਨਾਲ ਚੱਲ ਪਿਆ। ਉਨ੍ਹਾਂ ਦੇ ਕਮਰੇ ਵਿਚ ਜਾ ਕੇ ਮੈਂ ਦੇਖਿਆ ਕਿ ਓਥੇ ਮੇਰੇ ਬਜ਼ੁਰਗਾਂ ਦੇ ਸਾਥੀ ਮਹਾਰਾਜ ਸਿੰਘ ਬੈਠੇ ਹੋਏ ਸਨ। ਪੰਡਿਤ ਜੀ ਕਹਿਣ ਲੱਗੇ- ਮਹਾਰਾਜ ਸਿੰਘ ਇਹ ਉਹੀ ਜੋਸ਼ ਸਾਹਿਬ ਨੇ, ਜਿਨ੍ਹਾਂ ਨੇ ਮੈਨੂੰ ਅਜਿਹਾ ਗਰਮ ਖ਼ਤ ਲਿਖਿਆ ਕਿ ਸ਼ਿਮਲੇ ਦੀ ਠੰਢ ਵਿਚ ਵੀ ਮੇਰੇ ਪਸੀਨੇ ਛੁੱਟ ਗਏ। ਮਹਾਰਾਜ ਸਿੰਘ ਕਹਿਣ ਲੱਗੇ ਗ਼ਨੀਮਤ ਸਮਝੋ ਕਿ ਨੌਬਤ ਏਥੋਂ ਤਕ ਹੀ ਆਈ ਹੈ ਨਹੀਂ ਤਾਂ ਤੁਸੀਂ ਇਨ੍ਹਾਂ ਦੇ ਬਜ਼ੁਰਗਾਂ ਨੂੰ ਨਹੀਂ ਜਾਣਦੇ। ਉਹ ਜਿਸ ’ਤੇ ਗਰਮ ਹੁੰਦੇ ਸਨ ਉਹਨੂੰ ਠੰਢਾ ਕਰ ਦੇਂਦੇ ਸਨ। ਪੰਡਤ ਜੀ ਹੱਸਣ ਲੱਗੇ। ਘੰਟੀ ਵਜਾਈ ਤੇ ਉਸ ਮਦਰਾਸੀ ਸੈਕਟਰੀ ਨੂੰ ਬੁਲਾਇਆ। ਜਿਉਂ ਹੀ ਉਹਨੇ ਕਮਰੇ ਵਿਚ ਪੈਰ ਰੱਖਿਆ, ਉਸ ਉੱਤੇ ਵਰ੍ਹ ਪਏ, ਤੂੰ ਮੈਨੂੰ ਪੁੱਛੇ ਬਿਨਾ ਜੋਸ਼ ਸਾਹਿਬ ਨੂੰ ਅਜਿਹਾ ਬੇਹੂਦਾ ਜੁਆਬ ਕਿਉਂ

ਦਿੱਤਾ? ਮੈਂ ਹੁਣੇ ਤੇਰੀ ਟਰਾਂਸਫ਼ਰ ਕਰਦਾਂ। ਕੱਲ੍ਹ ਤੂੰ ਮਨਿਸਟਰੀ ਆਫ਼ ਕਾਮਰਸ ਵਿਚ ਚਲਾ ਜਾਈਂ। ਉਨ੍ਹਾਂ ਦਾ ਇਹ ਵਿਹਾਰ ਦੇਖ ਕੇ ਮੈਂ ਪਾਣੀ ਪਾਣੀ ਹੋ ਗਿਆ। ਉਨ੍ਹਾਂ ਦੇ ਇੰਤਕਾਲ ਤੋਂ ਕੁਝ ਮਹੀਨੇ ਪਹਿਲਾਂ ਮੈਂ ਹਿੰਦੁਸਤਾਨ ਗਿਆ ਤੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਮੈਂ ਜਿੱਥੇ ਠਹਿਰਿਆ ਹੋਇਆਂ, ਤੁਸੀਂ ਕਿਸੇ ਦਿਨ ਆ ਕੇ ਮੇਰੇ ਨਾਲ ਖਾਣਾ ਖਾਓ। ਹਾਲਾਂਕਿ ਮੈਂ ਉਨ੍ਹਾਂ ਦਾ ਦਿਲ ਤੋੜ ਕੇ ਪਾਕਿਸਤਾਨ ਆ ਗਿਆ ਸਾਂ, ਪਰ ਇਹਦੇ ਬਾਵਜੂਦ ਉਨ੍ਹਾਂ ਮੇਰੀ ਦਾਅਵਤ ਕਬੂਲ ਕੀਤੀ, ਤੇ ਮੇਰੀ ਠਾਹਰ 'ਤੇ ਆ ਕੇ ਖਾਣਾ ਹੀ ਨਹੀਂ ਖਾਧਾ ਸਗੋਂ ਦੋ ਘੰਟਿਆਂ ਤੋਂ ਜ਼ਿਆਦਾ ਬਹਿ ਕੇ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ।

26

ਸੁੱਕ ਰਹੇ ਤੇ ਗੰਧਲੇ ਦਰਿਆਵਾਂ ਦੀ ਪੁਕਾਰ

ਮਨੁੱਖ ਦੀ ਲਾਲਚੀ ਹਵਸ ਨੇ ਕੁਦਰਤੀ ਨੇਮਾਂ ਵਿਚ ਵਿਘਨ ਹੀ ਨਹੀਂ ਪਾਇਆ ਸਗੋਂ ਕੁਦਰਤ ਦੇ ਅਨਮੋਲ ਸ੍ਰੋਤਾਂ ਨੂੰ ਪਾਗਲਪਣ ਦੀ ਹੱਦ ਤਕ ਚੂੰਡ ਕੇ ਬਰਬਾਦ ਕਰ ਦਿੱਤਾ ਹੈ। ਇਹ ਇਕ ਚੰਗੀ ਖ਼ਬਰ ਹੈ ਕਿ ਯੂਰਪ ਦੇ ਕਈ ਦੇਸ਼ਾਂ ਨੇ ਦਰਿਆਵਾਂ 'ਤੇ ਬਣੇ ਬੰਨ੍ਹ ਤੋੜਨ ਦਾ ਐਲਾਨ ਕਰ ਦਿੱਤਾ ਹੈ ਤਾਂ ਜੋ ਧਰਤੀ ਨੂੰ ਲੋੜ ਮੁਤਾਬਕ ਪਾਣੀ ਪ੍ਰਾਪਤ ਹੋ ਸਕੇ ਤੇ ਜਿਹੜੇ ਦਰਿਆ ਸੋਕੇ ਦੀ ਮਾਰ ਹੇਠ ਆ ਗਏ ਹਨ ਉਨ੍ਹਾਂ ਦੇ ਕੁਦਰਤੀ ਵਹਾਅ ਨੂੰ ਜ਼ਿੰਦਗੀ ਮਿਲ ਸਕੇ। ਪੰਜਾਬ ਦੇ ਹਾਕਮਾਂ ਦੀ ਸੋਚ ਪੁੱਠੀ ਹੈ। ਇਹ ਨਹਿਰਾਂ ਪੱਕੀਆਂ ਕਰ ਕਰ ਕੇ ਧਰਤੀ ਦੀ ਪਿਆਸ ਵਿਚ ਅਸੀਮ ਵਾਧਾ ਕਰ ਰਹੇ ਨੇ। ਦੂਸਰੇ ਪਾਸੇ ਮੁਫ਼ਤ ਦੀ ਬਿਜਲੀ ਆਸਰੇ ਪੰਦਰਾਂ ਸੋਲ੍ਹਾਂ ਲੱਖ

ਟਿਊਬਵੈੱਲ ਧਰਤੀ ਦੀ ਸਾਰੀ ਤਾਕਤ ਖਿੱਚ ਕੇ ਇਸ ਨੂੰ ਬੰਜਰ ਬਣਾਉਣ ’ਤੇ ਤੁਲੇ ਹੋਏ ਹਨ। ਅੱਜ ਲੋੜ ਹੈ ਉਨ੍ਹਾਂ ਕੁਦਰਤੀ ਸਰੋਤਾਂ ਨੂੰ ਸੰਜਮ ਨਾਲ ਬਚਾਉਣ ਦੀ ਤਾਂ ਕਿ ਭਵਿੱਖ ਸੁਰੱਖਿਅਤ ਰਹਿ ਸਕੇ ਪਰ ਏਥੇ ਹਰੇ ਇਨਕਲਾਬ ਨੇ ਵੱਡੇ ਪਤਝੜੀ ਮੌਸਮ ਤੇ ਮਾਰੂਥਲ ਨੂੰ ਜਨਮ ਦਿੱਤਾ ਹੈ। ਅੱਜ ਪੰਜਾਬ ਦੇ ਬਚੇ ਢਾਈ ਦਰਿਆ ਪੂਰੀ ਤਰ੍ਹਾਂ ਪਲੀਤ ਹੋ ਚੁੱਕੇ ਹਨ। ਲੁਧਿਆਣੇ, ਜਲੰਧਰ ਤੇ ਇਨ੍ਹਾਂ ਦੇ ਲਾਗਲੇ ਸ਼ਹਿਰਾਂ ਦੇ ਚਮੜੇ ਤੇ ਰੰਗਾਈ ਫ਼ੈਕਟਰੀਆਂ ਦੇ ਬੇਸ਼ਰਮ ਮਾਲਕ ਬੇਧੜਕ ਹੋ ਕੇ ਦਰਿਆਵਾਂ ਵਿਚ ਗੰਧਲਾ ਪਾਣੀ ਸੁੱਟ ਰਹੇ ਹਨ। ਰਾਵੀ ਦਰਿਆ ਵਿਚ ਸ਼ੀਰੇ ਦਾ ਦਰਿਆ ਵਗਾ ਕੇ ਇਕ ਫ਼ੈਕਟਰੀ ਨੇ ਲੱਖਾਂ ਜਲ ਜੀਵਾਂ ਦੀ ਹੱਤਿਆ ਕਰ ਦਿੱਤੀ ਪਰ ਉਹਦਾ ਵਾਲ ਤਕ ਵੀ ਵਿੰਗਾ ਨਹੀਂ ਹੋਇਆ। ਹਰੀਕੇ ਪੱਤਣ ’ਤੇ ਜਿੱਥੇ ਦਰਿਆ ਬਿਆਸ ਤੇ ਸਤਲੁਜ ਮਿਲਦੇ ਹਨ ਤੇ ਅੱਗੋਂ ਨਹਿਰਾਂ ਰਾਹੀਂ ਇਨ੍ਹਾਂ ਦਾ ਪਾਣੀ ਸਾਰੇ ਮਾਲਵੇ ਖੇਤਰ ਤੇ ਰਾਜਸਥਾਨ ਵਿਚ

ਪੀਣ ਲਈ ਵਰਤਿਆ ਜਾਂਦਾ ਹੈ, ਉਹ ਸੀਵਰੇਜ ਦੇ ਗੰਧਲੇ ਪਾਣੀ ਤੋਂ ਵੀ ਮਾੜਾ ਤੇ ਖ਼ਤਰਨਾਕ ਹੈ। ਮਾਲਵੇ ਵਿਚ ਕੈਂਸਰ, ਚਮੜੀ ਤੇ ਪੇਟ ਦੇ ਭਿਆਨਕ ਰੋਗਾਂ ਦਾ ਇਕ ਕਾਰਨ ਇਹ ਗੰਧਲਾ ਪਾਣੀ ਹੈ ਕਿਉਂਕਿ ਇਸ ਖੇਤਰ ਵਿਚ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ। ਜ਼ੀਰੇ ਵਿਚ ਚੱਲ ਰਹੀ ਸ਼ਰਾਬ ਫ਼ੈਕਟਰੀ ਨੇ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਕਰ ਦਿੱਤਾ ਹੈ, ਇਹੀ ਹਾਲ ਸੰਗਰੂਰ ਜ਼ਿਲ੍ਹੇ ਦਾ ਹੈ। ਲੋਕਾਂ ਦੀ ਸਰਕਾਰ ਸਿਰ ਹੇਠ ਬਾਂਹ ਦੇ ਕੇ ਸੁੱਤੀ ਪਈ ਹੈ। ਹਰ ਰੋਜ਼ 'ਪਾਣੀ ਪਿਤਾ' ਦਾ ਰਾਗ ਅਲਾਪਣ ਵਾਲੇ ਵੀ ਛੋਟੇ ਛੋਟੇ ਮੁਫਾਦਾਂ ਕਰਕੇ ਉੱਚੀ ਬੋਲਣ ਤੋਂ ਡਰਦੇ ਹਨ। ਕਿਸੇ ਵੀ ਪਾਰਟੀ ਦੇ ਮੈਨੀਫੈਸਟੋ ਵਿਚ ਦਰਿਆਵਾਂ ਦੇ ਗੰਧਲ਼ੇਪਣ ਨੂੰ ਰੋਕਣ ਤੇ ਪਾਣੀ ਦੀ ਮੈਨੇਜਮੈਂਟ ਲਈ ਕੋਈ ਪ੍ਰੋਗਰਾਮ ਨਹੀਂ। ਅਜਿਹੀ ਸਥਿਤੀ ਨੇ ਮਨੁੱਖਾਂ ਲਈ ਹੀ ਨਹੀਂ ਸਗੋਂ ਹਾਈਡਰੋ ਜੀਵਾਂ ਤੇ ਇਕਾਲੌਜੀ ਲਈ ਵੱਡਾ ਖ਼ਤਰਾ ਪੈਦਾ ਕਰ ਦਿੱਤਾ ਹੈ। ਜੇ ਯੂਰਪ ਦੀ ਗੱਲ ਕਰੀਏ ਤਾਂ

‘ਡੈਨਿਯੂਬ’ ਦਰਿਆ, ਜੋ ਯੂਰਪ ਦਾ ਦੂਸਰਾ ਵੱਡਾ ਦਰਿਆ ਹੈ, ਉਹਦੀ ਸਤਹ ਵਿਚ ਧਸੇ ਦੂਸਰੀ ਸੰਸਾਰ ਜੰਗ ਦੇ ਦਰਜਨ ਦੇ ਲਗਪਗ ਜਹਾਜ਼ ਫਿਰ ਨਜ਼ਰ ਆਉਣ ਲੱਗ ਪਏ ਹਨ। ਭਿਅੰਕਰ ਸੋਕੇ ਕਰਕੇ ਯੂਰਪ ਦੇ ਦਰਿਆਵਾਂ ਵਿਚ ਪਾਣੀ ਦਾ ਕਾਲ ਪੈ ਗਿਆ ਹੈ। ਦੂਸਰਾ ਇਸ ਵਾਰ ਯੂਰਪ ਵਿਚ ਪਈ ਗਰਮੀ ਤੇ ਉਸ ਤੋਂ ਹੋਈਆਂ ਮੌਤਾਂ ਨੇ ਲੋਕਾਂ ਨੂੰ ਡਰਾ ਦਿੱਤਾ ਹੈ ਕਿ ਆਉਣ ਵਾਲਾ ਭਵਿੱਖ ਕਿਹੋ ਜਿਹਾ ਹੋਵੇਗਾ। ਸੋਕੇ ਦਾ ਅਸਰ ਫ਼ਸਲੀ ਉਤਪਾਦਨ ’ਤੇ ਵੀ ਪਿਆ ਹੈ ਤੇ ਇਸ ਨਾਲ ਯੂਰਪ ਵਿਚ ਪੈਦਾ ਕੀਤੀ ਜਾਣ ਵਾਲੀ ਊਰਜਾ ਦੀ ਵੰਡ ਵੀ ਪ੍ਰਭਾਵਿਤ ਹੋਈ ਹੈ। ਰੂਸ ਯੂਕਰੇਨ ਯੁੱਧ ਵਿਚ ਯੂਰਪ ਨੇ ਜਿਵੇਂ ਬੜ੍ਹਕ ਮਾਰੀ ਸੀ, ਉਹ ਹੁਣ ਮਹਿੰਗੀ ਪੈਂਦੀ ਨਜ਼ਰ ਆ ਰਹੀ ਹੈ। ਆਉਣ ਵਾਲੇ ਸਰਦੀ ਦੇ ਮੌਸਮ ਵਿਚ ਯੂਰਪ ਵਿਚ ਗੈਸ ਊਰਜਾ ਦਾ ਵੱਡਾ ਸੰਕਟ ਪੈਦਾ ਹੋ ਸਕਦਾ ਹੈ, ਜਿਸ ਨਾਲ ਘਰਾਂ ਨੂੰ ਬਰਫ਼ੀਲੇ ਮੌਸਮ ਵਿਚ ਗਰਮ ਰੱਖਿਆ ਜਾਂਦਾ ਹੈ।

ਪਾਣੀ ਦੀ ਕਿੱਲਤ ਕਰਕੇ ਨਾਰਵੇ ਵਿਚ ਬਿਜਲੀ ਉਤਪਾਦਨ ਘਟਿਆ ਹੈ ਤੇ ਫਰਾਂਸ ਦੇ ਪ੍ਰਮਾਣੂ ਰੀਐਕਟਰਾਂ ਦੇ ਚਲਣ ਵਿਚ ਰੁਕਾਵਟ ਪੈਦਾ ਹੋ ਗਈ ਹੈ। ਬ੍ਰਿਟੇਨ ਵਿਚ 1935 ਤੋਂ ਬਾਅਦ ਸਭ ਤੋਂ ਭਿਆਨਕ ਸੋਕਾ ਦੇਖਣ ਨੂੰ ਮਿਲ ਰਿਹਾ ਹੈ ਜਿਸ ਕਰਕੇ ਘਰੇਲੂ ਬਗ਼ੀਚਿਆਂ ਤੱਕ ਨੂੰ ਪਾਣੀ ਦੇਣ 'ਤੇ ਰੋਕ ਲਾ ਦਿੱਤੀ ਗਈ ਹੈ ਤੇ ਓਧਰ ਸਪੇਨ ਦੇ ਐਂਡਾਲੂਸੀਆ ਸ਼ਹਿਰ ਵਿਚ ਰੋਜ਼ਾਨਾ ਪਾਣੀ ਦੀ ਖਪਤ ਵਿਚ ਵੱਡੀ ਕਟੌਤੀ ਕੀਤੀ ਗਈ ਹੈ। ਭਾਰਤ ਵਿਚ ਬੰਗਲੂਰੂ ਵਰਗੇ ਮਹਾਂਨਗਰ ਵਿਚ ਪਾਣੀ ਦੀ ਕਿੱਲਤ ਕਰਕੇ ਸਕੂਲ, ਕਾਲਜ ਬੰਦ ਕਰ ਦਿੱਤੇ ਗਏ ਹਨ। ਅਫ਼ਰੀਕਾ ਦੇ ਕਈ ਮੁਲਕਾਂ ਵਿਚ ਪਾਣੀ ਦੀ ਰਾਸ਼ਨਬੰਦੀ ਕਰ ਦਿੱਤੀ ਗਈ ਹੈ। ਪੰਜਾਬ ਦੇ ਬਹੁਤੇ ਬਲਾਕ ਡਾਰਕ ਜ਼ੋਨ ਵਿਚ ਚਲੇ ਗਏ ਹਨ। ਆਉਂਦੀਆਂ ਗਰਮੀਆਂ ਵਿਚ ਭਾਰਤ ਵਿਚ ਪਾਣੀ ਦੀ ਤੇ ਖਾਸ ਕਰਕੇ ਪੀਣ ਵਾਲੇ ਪਾਣੀ ਦੀ ਵੱਡੀ ਥੁੜ੍ਹ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਯੂਰਪ ਵਿਚ ਪਏ ਇਸ

ਭਿਆਨਕ ਸੋਕੇ ਦੀ ਵਜ੍ਹਾ ਕਰਕੇ ਦਰਿਆਵਾਂ ਦੇ ਸੁੱਕ ਜਾਣ ਤੋਂ ਬਾਅਦ ਉਨ੍ਹਾਂ ਹੇਠ ਦੱਬੀਆਂ ਹਜ਼ਾਰਾਂ ਵਰ੍ਹਿਆਂ ਦੀਆਂ ਪੁਰਾਣੀਆਂ ਇਮਾਰਤਾਂ ਦੇ ਢਾਂਚੇ ਨਜ਼ਰ ਆਉਣ ਲੱਗ ਪਏ ਹਨ। ਜਿਵੇਂ ਰੋਮ ਦੇ ‘ਟਿੱਬਰ’ ਦਰਿਆ ਦੇ ਸੁੱਕ ਜਾਣ ਤੋਂ ਬਾਅਦ ਤਕਰੀਬਨ ਦੋ ਹਜ਼ਾਰ ਵਰ੍ਹੇ ਪੁਰਾਣੇ ਇਕ ਪੁਲ਼ ਦੀ ਨੀਂਹ ਨਜ਼ਰ ਆਉਣ ਲੱਗ ਪਈ ਹੈ, ਜਦ ਕਿ ਸਪੇਨ ਵਿਚ ਚਾਰ ਪੰਜ ਹਜ਼ਾਰ ਸਾਲ ਪੁਰਾਣੀ ਇਮਾਰਤ ‘ਦ ਡੋਲਮੈਨ ਆਫ਼ ਗਵਾਡਾਪਰਲ’ ਪਾਣੀ ਘਟਣ ਨਾਲ ਬਾਹਰ ਨਿਕਲ ਆਈ ਹੈ। ਸਪੇਨ ਦਾ ਹੀ ਇਕ ਪਿੰਡ ਪਾਣੀ ਘਟਣ ਨਾਲ ਬਾਹਰ ਨਿਕਲ ਆਇਆ ਹੈ, ਜੋ 1960 ਵਿਚ ਡੈਮ ਬਣਾਉਣ ਵੇਲੇ ਜਲ ਸਮਾਧੀ ਵਿਚ ਚਲਾ ਗਿਆ ਸੀ। ਪਿਛਲੇ ਮਹੀਨੇ ਇਟਲੀ ਦੇ ਸੁੱਕ ਚੁੱਕੇ ਦਰਿਆ ‘ਪੋ’ ਵਿਚੋਂ ਮਛੇਰਿਆਂ ਨੂੰ 992 ਪੌਂਡ ਦਾ ਇਕ ਬੰਬ ਮਿਲਿਆ। ਡੈਨਿਯੂਬ ਦਰਿਆ ਦੀ ਸਤਹ ’ਤੇ ਜਿਹੜੇ ਜਹਾਜ਼ ਨਜ਼ਰ ਆ ਰਹੇ ਹਨ, ਉਹ ਦਰਅਸਲ ਨਾਜ਼ੀ ਜਰਮਨੀ ਦੇ ਬਲੈਕ-

ਸ਼ਿਪ ਬੇੜੇ ਦਾ ਹਿੱਸਾ ਹਨ। 1944 ਵਿਚ ਅੱਗੇ ਵੱਧ ਰਹੀ ਰੂਸੀ ਫ਼ੌਜ ਤੋਂ ਡਰ ਕੇ ਪਿੱਛੇ ਹਟ ਰਹੇ ਨਾਜ਼ੀ ਜਰਮਨੀ ਨੇ ਇਨ੍ਹਾਂ ਜਹਾਜ਼ਾਂ ਨੂੰ ਪਾਣੀ ਵਿਚ ਡੁੱਬੋ ਦਿੱਤਾ, ਤਾਂ ਕਿ ਇਹ ਦੁਸ਼ਮਣ ਸੋਵੀਅਤ ਫ਼ੌਜਾਂ ਦੇ ਹੱਥ ਨਾ ਲੱਗ ਸਕਣ। ਸਰਬੀਆਈ ਅਫ਼ਸਰਾਂ ਅਨੁਸਾਰ ਇਨ੍ਹਾਂ ਜਹਾਜ਼ਾਂ ਵਿਚ 10’000 ਬੰਬ ਸਨ, ਜਿਹੜੇ ਅਣਵਰਤੇ ਰਹਿ ਗਏ। ‘ਡੁੱਬੇ ਹੋਏ ਇਹ ਜਰਮਨੀ ਜਹਾਜ਼ ਵਾਤਾਵਰਣ ਲਈ ਵੱਡੀ ਚੁਨੌਤੀ ਹਨ, ਜਿਨ੍ਹਾਂ ਬਾਰੇ ਸੋਚ ਕੇ ਕੰਬਣੀ ਆਉਣ ਲੱਗਦੀ ਹੈ।’ ਇਹ ਸ਼ਬਦ ਚੁਹੱਤਰ ਸਾਲਾ ਵੈਲੀਮੀਰ ਟ੍ਰੈਜਲੌਵਿਕ ਦੇ ਹਨ, ਜਿਸ ਨੇ ਇਨ੍ਹਾਂ ਜਹਾਜ਼ਾਂ ’ਤੇ ਇਕ ਕਿਤਾਬ ਲਿਖੀ ਹੈ। ਦਰਿਆਵਾਂ ਦੇ ਸੁੱਕਣ ਨਾਲ ਉਹ ‘ਹੰਗਰ ਸਟੋਨ’ ਵੀ ਨਜ਼ਰ ਆਉਣ ਲੱਗੇ ਹਨ, ਜਿਹੜੇ ਸੋਕਿਆਂ ਦਰਮਿਆਨ ਸਮੇਂ ਸਮੇਂ ਲਾਏ ਗਏ ਸਨ।ਪਾਣੀ ਘੱਟ ਹੋਣ ’ਤੇ ਜਦੋਂ ਵੀ ਇਹ ਪੱਥਰ ਨਜ਼ਰ ਆਉਂਦੇ ਹਨ ਤਾਂ ਲੋਕ ਫ਼ਸਲਾਂ ਦੀ ਮਹਾਮਾਰੀ ਤੇ ਭੁੱਖ ਦੀ ਸਮੱਸਿਆ ਕਰਕੇ ਡਰੇ ਹੋਏ, ਖੌਫ਼ਜ਼ਦਾ

ਮਹਿਸੂਸ ਕਰਨ ਲੱਗ ਜਾਂਦੇ ਨੇ।ਚੈੱਕ ਰਿਪਬਲਿਕ ਦੇ ਸ਼ਹਿਰ ਡੈਸਿਨ ਕੋਲ ਵਹਿੰਦੇ ਦਰਿਆ 'ਐਲਬਰ' ਦੇ ਸੁੱਕ ਜਾਣ ਕਰਕੇ ਇਕ ਹੰਗਰ ਸਟੋਨ ਸਾਫ਼ ਨਜ਼ਰ ਆ ਰਿਹਾ ਹੈ। 1616 ਦੇ ਇਸ ਹੰਗਰ ਸਟੋਨ 'ਤੇ ਖੁਦਿਆ ਹੋਇਆ ਹੈ- "ਜੇ ਇਹ ਤੁਹਾਨੂੰ ਨਜ਼ਰ ਆਉਣ ਲੱਗ ਪਵੇ ਤਾਂ, ਉੱਚੀ ਉੱਚੀ ਰੋਵੋ।" ਮਨੁੱਖੀ ਤ੍ਰਾਸਦੀ ਦਾ ਇਹ ਉਹ ਫ਼ਿਕਰਾ ਹੈ ਜੋ ਹਰ ਕਾਲ ਵਿਚ ਸਾਨੂੰ ਡਰਾਉਂਦਾ ਤੇ ਜਗਾਉਂਦਾ ਰਹੇਗਾ।

ਪੋਸਟ ਸਕਰਿਪਟ:

ਸੁੱਕ ਚੁੱਕੇ ਦਰਿਆ ਵਿਚੋਂ ਹੰਗਰ ਸਟੋਨ ਨਜ਼ਰ ਆਉਣਾ ਯੂਰਪ ਵਿਚ ਬਦਕਿਸਮਤੀ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਯੂਰਪੀ ਕੌਮਾਂ ਸਿਆਣੀਆਂ ਹਨ। ਉਨ੍ਹਾਂ ਨੇ ਲੰਮਾ ਸਮਾਂ ਦੁਨੀਆ 'ਤੇ ਰਾਜ ਕੀਤਾ ਹੈ ਤੇ ਫ਼ੈਸਲੇ ਲੈਣ ਵਿਚ ਉਹ ਮਾਹਰ ਹਨ। ਪਰ ਉਨ੍ਹਾਂ ਦੀਆਂ

ਬਸਤੀਆਂ ਰਹਿ ਚੁੱਕੇ ਮੁਲਕਾਂ ਦੇ ਹਾਕਮ ਸਰਮਾਏਦਾਰਾਂ ਦੇ ਜਬਾੜੇ ਹੇਠ ਆਏ, ਉਨ੍ਹਾਂ ਨੂੰ ਹਰ ਕੁਦਰਤੀ ਸਰੋਤ 'ਤੇ ਕਬਜ਼ਾ ਕਰਾਉਣ ਵਿਚ ਸਹਾਈ ਹੀ ਨਹੀਂ ਹੋ ਰਹੇ ਸਗੋਂ ਕਾਹਲੇ ਵੀ ਨਜ਼ਰ ਆ ਰਹੇ ਹਨ। ਨਹਿਰਾਂ, ਜੰਗਲ, ਪਹਾੜ, ਖਾਣਾਂ ਸਭ ਦਾਅ 'ਤੇ ਲੱਗੀਆਂ ਹੋਈਆਂ ਹਨ। ਪੰਜਾਬ ਵਿਚ ਰੇਤ ਮਾਫ਼ੀਏ ਦੀ ਅੱਤ ਨੇ ਇਸ ਨੂੰ ਬਰਬਾਦ ਕਰ ਦਿੱਤਾ ਹੈ। ਮੰਤਰੀ ਸੰਤਰੀ ਰਲ ਕੇ ਜੰਗਲਾਂ ਦੇ ਜੰਗਲ ਉਜਾੜ ਕੇ ਲੁੱਟ ਕੇ ਲੈ ਗਏ। ਕੋਰਟਾਂ ਵੀ ਉਨ੍ਹਾਂ ਦਾ ਕੁਝ ਕਰਨ ਤੋਂ ਅਸਮਰਥ ਹਨ ਕਿਉਂਕਿ ਉਨ੍ਹਾਂ ਦੀ ਪਹੁੰਚ ਵਿਚ ਸਾਰਾ ਤੰਤਰ ਹੈ ਜੋ ਖਿੱਲਰ ਜਾਣ ਤੋਂ ਡਰਦਾ ਹੈ। ਉਨ੍ਹਾਂ ਦੀ ਮਦਦ ਲਈ ਉਹ ਕਿਸੇ ਨਾ ਕਿਸੇ ਰੂਪ ਵਿਚ ਤਤਪਰ ਰਹਿੰਦਾ ਹੈ। ਵਿਕਾਸ ਦੇ ਨਾਂ 'ਤੇ ਸੜਕਾਂ ਦੇ ਕੰਢੇ ਰੋਡੇ ਕਰ ਦਿੱਤੇ ਗਏ ਹਨ ਤੇ ਅੱਖਾਂ ਪੂੰਝਣ ਲਈ ਵਿਚਕਾਰ ਕਨੇਰਾਂ ਬੀਜ ਕੇ ਖਾਨਾਪੂਰਤੀ ਕਰ ਦਿੱਤੀ ਗਈ ਹੈ। ਨਾਨਕ ਬਗੀਚੀਆਂ ਕਾਗ਼ਜ਼ਾਂ ਵਿਚ ਰੋ ਰਹੀਆਂ ਹਨ। ਸਰਕਾਰਾਂ ਦਮਗਜੇ

ਬਹੁਤ ਮਾਰਦੀਆਂ ਨੇ, ਪਰ ਜ਼ਮੀਨੀ ਪੱਧਰ 'ਤੇ ਮਾਫ਼ੀਆ ਓਵੇਂ ਹੀ ਕੰਮ ਕਰਦਾ ਹੈ ਜਿਵੇਂ ਉਹ ਲੰਮੇ ਸਮੇਂ ਤੋਂ ਕਰਦਾ ਆ ਰਿਹਾ ਹੈ। ਸਾਨੂੰ ਜਾਗਣਾ ਪਏਗਾ ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਅਸੀਂ ਪਿਆਸ ਦੀ ਮੌਤੇ ਮਰ ਕੇ ਇਤਿਹਾਸ ਵਿਚੋਂ ਪੁੰਝੇ ਜਾਵਾਂਗੇ।

27

ਭਾਸ਼ਾ ਤੋਂ ਡਰਦੀ ਤਾਨਾਸ਼ਾਹੀ

ਭਾਸ਼ਾ ਸੰਚਾਰ ਦਾ ਸਾਧਨ ਹੀ ਨਹੀਂ, ਮਨੁੱਖੀ ਹੋਂਦ ਵੀ ਇਸ ’ਤੇ ਟਿਕੀ ਹੋਈ ਹੈ। ਮਨੁੱਖੀ ਪਛਾਣ ਦਾ ਮਸਲਾ ਦੁਨੀਆ ’ਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਹੁਣ ਮਨੁੱਖ ਨੂੰ ਇਕ ਮਨੁੱਖ ਵਜੋਂ ਨਹੀਂ ਸਗੋਂ ਇਕ ਭਾਸ਼ਾ ਪ੍ਰਾਣੀ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ। ਦੁਨੀਆ ’ਤੇ ਬੋਲੀਆਂ ਜਾਣ ਵਾਲੀਆਂ ਅਨੇਕਾਂ ਭਾਸ਼ਾਵਾਂ ਦਾਬੇ ਜਾਂ ਦੋਸਤੀ ਨਾਲ ਮਨੁੱਖ ਦੇ ਸਭਿਆਚਾਰਕ ਘੇਰੇ ਵਿਚ ਘੁਸਪੈਠ ਕਰ ਰਹੀਆਂ ਹਨ। ਇਸ ਨਾਲ ਅਨੇਕਾਂ ਵਾਦ ਵਿਵਾਦ ਖੜੇ ਹੋ ਰਹੇ ਹਨ। ਹਰ ਮਨੁੱਖ ਆਪਣੀ ਭਾਸ਼ਾ ਨੂੰ ਉੱਚਤਮ ਪੱਧਰ ’ਤੇ ਦੇਖਣ ਦਾ ਇੱਛੁਕ ਹੁੰਦਾ ਹੈ। ਏਸੇ ਪ੍ਰਸੰਗ ਵਿਚ ਜੈਮਨੌਫ਼ ਨੇ ਇਕ ਅਨੋਖਾ ਤਜਰਬਾ ਕੀਤਾ ਤੇ ਯੂਰਪੀ ਭਾਸ਼ਾਵਾਂ ਵਿਚੋਂ ਇਕ ਨਵੀਂ ਭਾਸ਼ਾ

ਐਸਪੇਰੈਂਟੋ ਸਿਰਜ ਦਿੱਤੀ। ਯਹੂਦੀ ਹੋਣ ਕਰਕੇ ਉਸ ਦੀ ਇਸ ਕਾਢ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਦਿਆਂ ਇਸ ਭਾਸ਼ਾ ਦੀ ਪਛਾਣ ਮਿਟਾਉਣ ਲਈ ਇਸ ਦੇ ਸਿਰਜਣਹਾਰੇ ਨੂੰ ਤਾਨਾਸ਼ਾਹ ਹਿਟਲਰ ਨੇ ਖ਼ਤਮ ਕਰ ਦਿੱਤਾ। ਭਾਸ਼ਾ ਦੇ ਇਤਿਹਾਸ ਵਿਚ ਇਹ ਇਕ ਇਨਕਲਾਬੀ ਕਦਮ ਸੀ ਜਿਸ ਨੇ ਨਵਾਂ ਮਨੁੱਖੀ ਇਤਿਹਾਸ ਸਿਰਜਿਆ। ਪੇਸ਼ ਹੈ ਇਸ ਦੇ ਸਫ਼ਰ ਦੀ ਇਕ ਝਲਕ :

ਬਿਆਊਸਟਾਕ ਸ਼ਹਿਰ, ਜੋ ਪਹਿਲਾਂ ਪੋਲੈਂਡ, ਫਿਰ ਪਰਸ਼ੀਆ, ਫਿਰ ਰੂਸ ਤੇ ਅਖੀਰ ਦੁਬਾਰਾ ਪੋਲੈਂਡ ਦਾ ਹਿੱਸਾ ਬਣਿਆ। 18ਵੀਂ ਸਦੀ ਦੇ ਉਤਰਾਰਧ ਵਿਚ ਇਹ ਸਭਿਆਚਾਰਕ ਵਿਭਿੰਨਤਾ ਦਾ ਕੇਂਦਰ ਸੀ, ਜਿੱਥੇ ਪੋਲਿਸ਼, ਜਰਮਨ, ਰੂਸੀ ਅਤੇ ਅਸ਼ਕੰਜੀ ਭਾਸ਼ਾ ਬੋਲਣ ਵਾਲੇ ਯਹੂਦੀ ਰਹਿੰਦੇ ਸਨ। ਇਕ ਭਾਸ਼ਾ-ਭਾਸ਼ੀ ਦੂਸਰੀਆਂ ਭਾਸ਼ਾਵਾਂ ਬੋਲਣ ਵਾਲਿਆਂ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਦੇ ਸਨ। ਅਜਿਹੀ ਸਥਿਤੀ ਵਿਚ ਇਕ ਯਹੂਦੀ ਐੱਲ ਐੱਲ ਜੈਮਨੌਫ਼ ਨੇ ਇਕ

ਅਜਿਹੀ ਭਾਸ਼ਾ ਦਾ ਸੁਪਨਾ ਦੇਖਿਆ, ਜਿਸ ਨੂੰ ਸਾਰੇ ਸਮਝ ਸਕਦੇ ਹੋਣ। ਸ਼ੱਕ ਤੇ ਨਫ਼ਰਤ ਦੀ ਥਾਂ ਪ੍ਰੇਮ ਅਤੇ ਸ਼ਾਂਤੀ ਦੇ ਪ੍ਰਸਾਰ ਲਈ ਉਹਨੇ ਇਕ ਸਾਂਝੀ ਭਾਸ਼ਾ ਦੀ ਕਲਪਨਾ ਕੀਤੀ। ਉਹ ਚਾਹੁੰਦਾ ਸੀ ਕਿ ਇਹ ਭਾਸ਼ਾ ਵੱਖ ਵੱਖ ਕੌਮਾਂ, ਭਾਈਚਾਰਿਆਂ ਦੇ ਨਾਗਰਿਕਾਂ ਵਿਚ ਹਾਰਮਨੀ ਵਾਂਗ ਕੰਮ ਕਰੇ। 26 ਜੁਲਾਈ, 1887 ਨੂੰ ਉਹਦੀ ਕਿਤਾਬ 'ਫ਼ਸਟ ਬੁੱਕ' ਨਾਂ ਹੇਠ ਛਪੀ, ਜਿਸ ਵਿਚ ਉਹਨੇ ਇਕ ਨਵੀਂ ਤੇ ਵੱਖਰੀ ਭਾਸ਼ਾ 'ਐਸਪੇਰੈਂਟੋ' ਦਾ ਜ਼ਿਕਰ ਕੀਤਾ। ਇਸ ਭਾਸ਼ਾ ਦਾ ਸ਼ਬਦ ਕੋਸ਼ ਅੰਗਰੇਜ਼ੀ, ਫਰੈਂਚ, ਜਰਮਨ, ਗ੍ਰੀਕ, ਇਟੈਲੀਅਨ, ਲੈਟਿਨ, ਪੋਲਿਸ਼, ਰੂਸੀ ਅਤੇ ਅਸ਼ਕੰਜੀ ਭਾਸ਼ਾਵਾਂ ਤੋਂ ਸ਼ਬਦ ਲੈ ਕੇ ਤਿਆਰ ਕੀਤਾ ਗਿਆ। ਵਿਆਕਰਨ ਪੱਖੋਂ ਇਹ ਯੂਰਪੀ ਭਾਸ਼ਾਵਾਂ ਦੇ ਨੇੜੇ ਹੈ ਪਰ ਇਹਦਾ ਵਧੇਰੇ ਕੁਝ ਚੀਨੀ ਭਾਸ਼ਾ ਨਾਲ ਮਿਲਦਾ ਜੁਲਦਾ ਹੈ। ਬੜੀ ਜਲਦੀ ਐਸਪਰੈਂਟੋ ਏਸ਼ੀਆ, ਉੱਤਰੀ ਤੇ ਦੱਖਣੀ ਅਮਰੀਕਾ, ਪੱਛਮੀ ਏਸ਼ੀਆ ਅਤੇ ਅਫ਼ਰੀਕਾ

ਤੱਕ ਫੈਲ ਗਈ। ਸੰਨ 1905 ਤੋਂ ਹਰ ਵਰ੍ਹੇ ਐਸਪੇਰੈਂਟੋ ਬੋਲਣ ਵਾਲੇ ਸਾਲ ਵਿਚ ਇਕ ਵਾਰ ਇਕੱਠੇ ਹੋ ਕੇ ਵਿਚਾਰ ਚਰਚਾ ਕਰਦੇ ਹਨ। 1907 ਤੋਂ 1917 ਤੱਕ ਜੈਮਨੌਫ਼ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਘੱਟੋ ਘੱਟ ਤਿੰਨ ਵਾਰ ਵਿਚਾਰਿਆ ਗਿਆ ਪਰ ਨੋਬਲ ਇਨਾਮ ਉਹਨੂੰ ਨਹੀਂ ਮਿਲਿਆ। ਪਹਿਲੀ ਸੰਸਾਰ ਜੰਗ ਤੋਂ ਬਾਅਦ ਇਰਾਨ ਨੇ ਸੰਯੁਕਤ ਰਾਸ਼ਟਰ ਸੰਘ ਵਿਚ ਐਸਪੇਰੈਂਟੋ ਭਾਸ਼ਾ ਨੂੰ ਕੌਮਾਂਤਰੀ ਭਾਸ਼ਾ ਦਾ ਦਰਜਾ ਦੇਣ ਲਈ ਇਕ ਮਤਾ ਪੇਸ਼ ਕੀਤਾ, ਪਰ ਫਰਾਂਸ ਨੇ ਇਹਦਾ ਵਿਰੋਧ ਕੀਤਾ। ਉਹਨੂੰ ਡਰ ਸੀ ਕਿ ਅਜਿਹਾ ਕਰਨ ਨਾਲ ਫਰੈਂਚ ਦਾ ਮਹੱਤਵ ਘੱਟ ਜਾਏਗਾ। 1922 ਵਿਚ ਤਾਂ ਫਰਾਂਸ ਨੇ ਇਹਦੇ ਵਿਚ ਸਿੱਖਿਆ ਦੇਣ 'ਤੇ ਪਾਬੰਦੀ ਲਾ ਦਿੱਤੀ। ਹਿਟਲਰ ਦਾ ਮੱਤ ਸੀ ਕਿ ਐਸਪੇਰੈਂਟੋ ਰਾਹੀਂ ਯਹੂਦੀ ਪੂਰੀ ਦੁਨੀਆ 'ਤੇ ਕਬਜ਼ਾ ਕਰਨਾ ਚਾਹੁੰਦੇ ਨੇ ਤੇ ਉਹ ਅਜਿਹਾ ਹੋਣ ਨਹੀਂ ਦਏਗਾ। ਹੋਲੋਕਾਸਟ ਵਿਚ ਜੈਮਨੌਫ਼ ਨੂੰ ਉਹਦੇ ਤਿੰਨਾਂ ਬੱਚਿਆਂ ਸਮੇਤ ਤੇ

ਵੱਡੀ ਗਿਣਤੀ ਵਿਚ ਐਸਪੇਰੈਂਟੋ ਬੋਲਣ ਵਾਲਿਆਂ ਨੂੰ ਮਾਰ ਮੁਕਾਇਆ। ਅਜਿਹੀਆਂ ਸਥਿਤੀਆਂ ਵਿਚ ਘਿਰੀ ਐਸਪੇਰੈਂਟੋ ਨੂੰ 1954 ਵਿਚ ਯੂਨੈਸਕੋ ਨੇ 'ਯੂਨੀਵਰਸਲ ਐਸਪੇਰੈਂਟੋ ਐਸੋਸੀਏਸ਼ਨ' ਨਾਲ ਸੰਬੰਧ ਜੋੜਨ ਲਈ ਇਕ ਮਤਾ ਪਾਸ ਕਰ ਦਿੱਤਾ ਤੇ 1985 ਵਿਚ ਉਸ ਨੇ ਆਪਣੇ ਸਕੂਲੀ-ਸਿਲੇਬਸਾਂ ਵਿਚ ਐਸਪੇਰੈਂਟੋ ਨੂੰ ਸ਼ਾਮਲ ਕਰਨ ਵਾਲੇ ਦੇਸ਼ਾਂ ਦੀ ਸਲਾਹੁਤਾ ਕੀਤੀ। ਚੀਨ ਦੀਆਂ ਕੁਝ ਯੂਨੀਵਰਸਿਟੀਆਂ ਵਿਚ ਪਿਛਲੇ ਕਈ ਵਰ੍ਹਿਆਂ ਤੋਂ ਵਿਦੇਸ਼ੀ ਭਾਸ਼ਾ ਦੇ ਤੌਰ 'ਤੇ ਐਸਪੇਰੈਂਟੋ ਪੜ੍ਹਾਈ ਜਾ ਰਹੀ ਹੈ। 2017 ਦੇ ਸਾਲ ਨੂੰ ਯੂਨੈਸਕੋ ਨੇ 'ਯੀਅਰ ਆਫ਼ ਜੈਮਨੌਫ਼' ਐਲਾਨਿਆ ਸੀ। ਉਦੋਂ ਤੋਂ ਯੂਨੈਸਕੋ ਦਾ ਰਸਾਲਾ 'ਯੂਨੈਸਕੋ ਕੋਰੀਅਰ' ਐਸਪੇਰੈਂਟੋ ਵਿਚ ਵੀ ਪ੍ਰਕਾਸ਼ਿਤ ਹੋ ਰਿਹਾ ਹੈ। ਸੰਸਾਰ ਭਰ ਵਿਚ ਐਸਪੇਰੈਂਟੋ ਬੋਲਣ ਵਾਲਿਆਂ ਦੀ ਗਿਣਤੀ ਅੱਜ 20 ਲੱਖ ਤੋਂ ਵਧੇਰੇ ਹੈ।

ਪੋਸਟ ਸਕਰਿਪਟ:

ਹਰ ਭਾਸ਼ਾ ਵਿਚ ਨਫ਼ਰਤ, ਹਿੰਸਾ ਤੇ ਮਾਰ ਕਾਟ ਦੀ ਥਾਂ ਪ੍ਰੇਮ, ਪਿਆਰ, ਭਾਈਚਾਰਾ, ਸੁਹਜ, ਸੁੰਦਰਤਾ, ਨਿਮਰਤਾ ਤੇ ਹਮਦਰਦੀ ਵਰਗੇ ਸ਼ਬਦ ਵਧੇਰੇ ਮਿਲਣਗੇ। ਜਿਹੜੇ ਤਾਨਾਸ਼ਾਹ ਇਨ੍ਹਾਂ ਸ਼ਬਦਾਂ ਤੋਂ ਤ੍ਰਹਿੰਦੇ ਨੇ ਉਹ ਹਮੇਸ਼ਾ ਨਫ਼ਰਤ, ਹਿੰਸਾ ਤੇ ਮਾਰ ਕਾਟ ਦੇ ਸ਼ਬਦਾਂ ਨੂੰ ਕਾਨੂੰਨਾਂ ਵਿਚ ਢਾਲ ਕੇ ਭਾਸ਼ਾ ਨੂੰ ਲੋਕਾਂ, ਧਰਮਾਂ, ਜਾਤਾਂ, ਗੋਤਾਂ, ਫ਼ਿਰਕਿਆਂ ਵਿਚ ਵੰਡ ਕੇ ਸਮਾਜ ਦੀ ਹਾਰਮਨੀ ਨੂੰ ਤੋੜ ਦੇਂਦੇ ਨੇ। ਦੇਸ਼ ਵੰਡ ਸਮੇਂ ਜੋ ਕੁਝ ਹੋਇਆ ਉਹ ਕਿਸੇ ਤੋਂ ਲੁਕਿਆ ਹੋਇਆ ਨਹੀਂ। ਹਿਟਲਰੀ ਸੋਚ ਹਰ ਜੁਗ ਵਿਚ ਭਾਸ਼ਾ ਦੀ ਦੁਰਵਰਤੋਂ ਕਰਦੀ ਆਈ ਹੈ। ਨਫ਼ਰਤ, ਹਿੰਸਾ ਦੀ ਥਾਂ ਪਿਆਰ, ਭਾਈਚਾਰਾ ਤੇ ਹਾਰਮਨੀ ਲਈ ਜੈਮਨੌਫ਼ ਨੇ ਜਾਨ ਵਾਰ ਦਿੱਤੀ। ਸਾਨੂੰ ਉਹਦੀ ਸੋਚ ਨੂੰ ਮਨੁੱਖ ਦੇ ਭਵਿੱਖ ਲਈ ਬਚਾ ਕੇ ਰੱਖਣਾ ਚਾਹੀਦਾ ਤਾਂ ਕਿ ਮਨੁੱਖਤਾ ਜਿਉਂਦੀ ਰਹੇ।"

28

ਜਾਪਾਨ ਦਾ ਈਦੋ ਕਾਲ ਤੇ ਵਰਤਮਾਨ

ਆਪਣੇ ਸਭਿਆਚਾਰ ਤੇ ਪਰੰਪਰਾਵਾਂ ਨੂੰ ਜਿਉਂਦਿਆਂ ਰੱਖਣ ਲਈ ਹਰ ਸਮੇਂ ਮਨੁੱਖ ਜਤਨਸ਼ੀਲ ਰਹਿੰਦਾ ਹੈ। ਉਹਨੂੰ ਹਮੇਸ਼ਾ ਬਾਹਰੀ ਸਭਿਆਚਾਰਕ ਹਮਲੇ ਪ੍ਰਤੀ ਸਚੇਤ ਰਹਿਣਾ ਪੈਂਦਾ ਹੈ। ਪੰਜਾਬ ਵਿਚ ਸਿੰਘ ਸਭਾ ਲਹਿਰ ਦੇ ਚੱਲਣ ਦਾ ਸਭ ਤੋਂ ਵੱਡਾ ਕਾਰਨ ਇਸਾਈ ਮਿਸ਼ਨਰੀਆਂ ਦਾ ਦਬਾਅ ਸੀ। ਇਸ ਦਬਾਅ ਜਾਂ ਲੁਭਾਉਣੇ ਲਾਲਚਾਂ ਕਰਕੇ ਜਦੋਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਚਾਰ ਵਿਦਿਆਰਥੀਆਂ ਨੇ ਇਸਾਈ ਮੱਤ ਗ੍ਰਹਿਣ ਕਰਨ ਦਾ ਐਲਾਨ ਕਰ ਦਿੱਤਾ ਤਾਂ ਸਾਰੇ ਸਮਾਜ ਵਿਚ ਹਿਲਜੁਲ ਹੋ ਗਈ ਤੇ ਇਸ ਨੂੰ ਪਛਾਣਗਤ ਹਮਲੇ ਵਜੋਂ ਲੈ ਕੇ ਇਸ ਲਹਿਰ ਨੇ ਨਵੀਂ ਜਾਗ੍ਰਿਤੀ ਪੈਦਾ ਕੀਤੀ। ਪਿਛੇ ਜਿਹੇ ਦੁਬਈ ਜਾਣ ਦਾ ਮੌਕਾ

ਮਿਲਿਆ ਤਾਂ ਓਥੇ ਇਸ ਪ੍ਰਸੰਗ ਵਿਚ ਦੋ ਵਿਲੱਖਣ ਅਨੁਭਵ ਹੋਏ। ਉਨ੍ਹਾਂ ਦਾ ਇਕ ਪੁਰਾਤਨ ਪਿੰਡ ਵੇਖਣ ਦਾ ਮੌਕਾ ਮਿਲਿਆ ਜਿੱਥੇ ਸਦੀਆਂ ਪਹਿਲਾਂ ਦੇ ਸਭਿਆਚਾਰ ਤੇ ਪਰੰਪਰਾਵਾਂ ਨੂੰ ਜਿਉਂਦਿਆਂ ਰੱਖਿਆ ਗਿਆ ਹੈ। ਉਹੋ ਜਿਹੇ ਮਿੱਟੀ ਦੇ ਘਰ, ਰਹਿਣ ਸਹਿਣ, ਅਨਾਜ ਦੀ ਸਾਂਭ ਸੰਭਾਲ, ਜਿਉਣ ਦਾ ਸਲੀਕਾ ਤੇ ਕਲਾ ਨੂੰ ਪ੍ਰਣਵੰਤ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਇਕ ਹੋਰ ਥਾਂ ਸੁੰਨੀ ਆਬਾਦੀ ਵੇਖਣ ਦਾ ਮੌਕਾ ਮਿਲਿਆ ਤਾਂ ਗਾਈਡ ਨੇ ਦਿਲਚਸਪ ਜਾਣਕਾਰੀ ਦਿੱਤੀ ਕਿ ਬੱਦੂ ਲੋਕ ਏਥੇ ਰਹਿੰਦੇ ਹਨ। ਪਹਿਲਾਂ ਇਨ੍ਹਾਂ ਦਾ ਵਸੇਬਾ ਸ਼ਹਿਰ ਦੇ ਨੇੜੇ ਸੀ ਪਰ ਜਦੋਂ ਓਥੇ ਆਧੁਨਿਕ ਘਰ ਬਣਨ ਲੱਗੇ ਤਾਂ ਇਹ ਲੋਕ ਦੂਰ ਦੁਰੇਡੇ ਰੇਤ ਦੇ ਨੇੜੇ ਜਾ ਕੇ ਰਹਿਣ ਲੱਗ ਪਏ। ਇਹ ਸ਼ਾਂਤੀ ਪਸੰਦ ਹਨ ਤੇ ਰੇਤ, ਪਰੰਪਰਿਕ ਪਹਿਰਾਵੇ, ਖਾਣ ਪੀਣ, ਰਹਿਣ ਸਹਿਣ ਵਿਚ ਹੀ ਜਿਉਣਾ ਚਾਹੁੰਦੇ ਹਨ। ਅਜੇ ਵੀ ਉਨ੍ਹਾਂ ਵਿਚ ਕਬਾਇਲੀ ਰਵਾਇਤਾਂ ਦਾ ਪਾਲਣ ਕੀਤਾ ਜਾਂਦਾ ਹੈ।

ਭਾਵੇਂ ਨਵੀਂ ਪੀੜ੍ਹੀ ਇਸ ਤੋਂ ਕੁਝ ਵਿੱਥ ਥਾਪਣ ਦੇ ਆਹਰ ਵਿਚ ਹੈ ਪਰ ਅਲਪ ਰੂਪ ਵਿਚ। ਏਸੇ ਪ੍ਰਸੰਗ ਵਿਚ ਅੱਜ ਜਾਪਾਨ ਦੇ ਈਦੋ ਕਾਲ ਬਾਰੇ ਦਿਲਚਸਪ ਜਾਣਕਾਰੀ ਪੜ੍ਹਨ ਨੂੰ ਮਿਲੀ। ਸਤਾਰ੍ਹਵੀਂ ਸਦੀ ਦੇ ਅਰੰਭ ਵਿਚ ਦੇਸ਼ ਦੇ ਦੱਖਣੀ ਹਿੱਸੇ ਵਿਚ ਇਸਾਈ ਮਿਸ਼ਨਰੀਆਂ ਨੇ ਧਰਮ ਦੇ ਪ੍ਰਚਾਰ ਲਈ ਆਪਣਾ ਤੰਤੂ ਜਾਲ ਫੈਲਾ ਦਿੱਤਾ। ਰਾਜੇ ਨੂੰ ਡਰ ਸੀ ਕਿ ਇਸ ਨਾਲ ਸਾਰਾ ਮੁਲਕ ਇਸਾਈ ਧਰਮ ਗ੍ਰਹਿਣ ਕਰਕੇ ਆਪਣੇ ਸਭਿਆਚਾਰ ਤੇ ਪਰੰਪਰਾਵਾਂ ਤੋਂ ਮੂੰਹ ਮੋੜ ਸਕਦਾ ਹੈ। ਇਸ ਮਿਸ਼ਨਰੀ ਹਮਲੇ ਤੋਂ ਬਚਣ ਲਈ ਉਹਨੇ 1603 ਵਿਚ ਬਾਹਰੀ ਲੋਕਾਂ ਦਾ ਦੇਸ਼ ਵਿਚ ਦਾਖਲਾ ਪ੍ਰਭਾਵੀ ਢੰਗ ਨਾਲ਼ ਬੰਦ ਕਰ ਦਿੱਤਾ ਤੇ ਬਹੁਤ ਘੱਟ ਵਿਦੇਸ਼ੀਆਂ ਨੂੰ ਆਉਣ ਲਈ ਆਗਿਆ ਦਿੱਤੀ। ਇਸ ਤੋਂ ਬਾਅਦ ਤਿੰਨ ਸਦੀਆਂ ਤੱਕ ਲਗਪਗ 1868 ਤੱਕ ਦੇਸ਼ ਵਿਚ ਇਸ ਵਿਦੇਸ਼ੀ ਦਾਖ਼ਲੇ ਉੱਤੇ ਪਾਬੰਦੀ ਕਾਇਮ ਰਹੀ। ਇਸ ਕਾਲ ਨੂੰ ਇਤਿਹਾਸ ਵਿਚ ਈਦੋ

ਕਾਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਕਾਲ ਵਿਚ ਜਾਪਾਨੀ ਸਭਿਆਚਾਰ, ਰੀਤੀ ਰਿਵਾਜ਼ਾਂ ਰਹਿਣ ਸਹਿਣ ਦੇ ਸਲੀਕੇ ਨੇ ਸਿਖ਼ਰਾਂ ਛੋਹੀਆਂ। ਇਕਾਂਤ ਵਿਚ ਵਧ ਫੁੱਲ ਰਹੇ ਇਸ ਸਭਿਆਚਾਰ ਵਿਚ ਕਲਾ ਰੂਪਾਂ ਨੇ ਨਵਾਂ ਰੂਪ ਧਾਰਿਆ ਜਿਵੇਂ ਕਿ ਹਾਇਕੂ ਕਵਿਤਾ ਤੇ ਕਾਬੂਕੀ ਥੀਏਟਰ ਦਾ ਵਿਕਾਸ ਇਸ ਸਮੇਂ ਹੋਇਆ। ਇਸ ਨਾਲ ਆਰਥਕ ਰੂਪ ਵਿਚ ਇਹ ਫ਼ਾਇਦਾ ਹੋਇਆ ਕਿ ਪਰੰਪਰਿਕ ਸੋਮਿਆਂ 'ਤੇ ਨਿਰਭਰਤਾ ਵਧੀ ਤੇ ਉਨ੍ਹਾਂ ਦੇ ਵਿਕਾਸ ਨੂੰ ਵੀ ਬਲ ਮਿਲਿਆ। ਊਰਜਾ, ਭੋਜਨ ਪਕਾਉਣ ਦੇ ਤਰੀਕੇ, ਬਾਲਣ ਦੀ ਸਾਂਭ ਸੰਭਾਲ ਰਾਹੀਂ ਤਿੰਨ ਕਰੋੜ ਦੀ ਆਬਾਦੀ ਨੂੰ ਆਪਣੇ ਸਰੋਤਾਂ ਰਾਹੀਂ ਨਵੀਂ ਜਿਊਣ ਸ਼ੈਲੀ ਵਿਕਸਤ ਕਰਨ ਦਾ ਮੌਕਾ ਮਿਲਿਆ। ਈਦੋ ਕਾਲ ਵਿਚ ਲੋਕ ਜਿਸ ਤਰ੍ਹਾਂ ਦੀ ਜ਼ਿੰਦਗੀ ਬਸਰ ਕਰ ਰਹੇ ਸਨ ਉਸ ਨੂੰ 'ਸਲੋ ਲਾਇਫ' ਕਿਹਾ ਜਾਂਦਾ ਹੈ। ਭਾਵ ਜਿੱਥੋਂ ਤੱਕ ਸੰਭਵ ਹੋ ਸਕੇ ਘੱਟ ਤੋਂ ਘੱਟ ਸਾਧਨਾਂ ਦੀ ਵਰਤੋਂ

ਰਾਹੀਂ ਵੱਧ ਤੋਂ ਵੱਧ ਬੱਚਤ ਕੀਤੀ ਜਾਵੇ ਤੇ ਏਸੇ ਦੇ ਆਧਾਰ ਉੱਤੇ ਜੀਵਨ ਸ਼ੈਲੀ ਨੂੰ ਕੁਦਰਤੀ ਰੂਪ ਵਿਚ ਸਮਤਲ ਬਣਾਇਆ ਜਾਵੇ। ਏਥੋਂ ਤੱਕ ਕਿ ਬਿਜਲੀ ਤੇ ਊਰਜਾ ਦੀ ਵਰਤੋਂ ਸੀਮਤ ਕੀਤੀ ਜਾਵੇ। ਦਿਨੇ ਸੂਰਜ ਦੀ ਰੌਸ਼ਨੀ ਵਿਚ ਵੱਧ ਤੋਂ ਵੱਧ ਕੰਮ ਕਰਨ ਨੂੰ ਤਰਜੀਹ ਦਿੱਤੀ ਜਾਵੇ। ਰਾਖ ਤੇ ਹੋਰ ਫ਼ਾਲਤੂ ਅਣਲੋੜੀਂਦੀਆਂ ਵਸਤਾਂ ਨੂੰ ਰੀਸਾਈਕਲ ਕਰਕੇ ਦੁਬਾਰਾ ਵਰਤੋਂ ਵਿਚ ਲਿਆਉਣ ਦਾ ਉਪਰਾਲਾ ਕੀਤਾ ਜਾਵੇ। ਇਨ੍ਹਾਂ ਸਾਧਨਾਂ ਰਾਹੀਂ ਤਕਨੀਕ ਵਿਕਸਤ ਕਰਨ ਦੇ ਮੌਕਿਆਂ ਨੇ ਆਰਥਿਕਤਾ ਨੂੰ ਹੁਲਾਰਾ ਦਿੱਤਾ। ਜਿਨ੍ਹਾਂ ਲੋਕਾਂ ਕੋਲ ਘੜੀਆਂ ਨਹੀਂ ਸਨ ਹੁੰਦੀਆਂ ਉਹ ਕਿਲ੍ਹਿਆਂ ਤੇ ਮੰਦਰਾਂ ਦੇ ਘੰਟਿਆਂ ਦੀਆਂ ਆਵਾਜ਼ਾਂ ਤੋਂ ਸਮੇਂ ਦਾ ਅੰਦਾਜ਼ਾ ਲਾ ਲੈਂਦੇ ਸਨ। ਅਜਿਹੀ ਜ਼ਿੰਦਗੀ ਨੇ ਕੁਦਰਤ ਪ੍ਰਤੀ ਦੋਸਤਾਨਾ ਤੇ ਸੰਵੇਦਨਸ਼ੀਲ ਸਮਝ ਵਿਕਸਤ ਕੀਤੀ। ਸ਼ਾਇਦ ਏਸੇ ਕਰਕੇ ਜਾਪਾਨੀ ਅੱਜ ਵੀ ਕੁਦਰਤ ਨੂੰ ਸਭ ਤੋਂ ਵੱਧ ਪਿਆਰ ਕਰਦੇ ਹਨ ਤੇ ਫੁੱਲਾਂ ਕੋਲ ਉੱਚੀ

ਤੱਕ ਨਹੀਂ ਬੋਲਦੇ। ਉਨ੍ਹਾਂ ਦਾ ਮੱਤ ਹੈ ਕਿ ਉੱਚੀ ਬੋਲਣ ਨਾਲ ਫੁੱਲ ਡਿਸਟਰਬ ਹੋ ਜਾਂਦੇ ਹਨ ਤੇ ਉਨ੍ਹਾਂ ਦੀ ਜ਼ਿੰਦਗੀ ਛੋਟੀ ਹੋ ਜਾਂਦੀ ਹੈ। ਅਜਿਹੀ ਸੂਖਮ ਸੋਚ ਜਪਾਨੀਆਂ ਦੇ ਹਿੱਸੇ ਆਈ ਹੈ। ਪ੍ਰਕਿਰਤੀ ਨਾਲ ਨੇੜਤਾ ਨੇ ਉਨ੍ਹਾਂ ਦੀਆਂ ਸਭਿਆਚਾਰਕ ਰਵਾਇਤਾਂ ਨੂੰ ਕਾਇਮ ਰੱਖਣ ਵਿਚ ਵੱਡੀ ਮਦਦ ਕੀਤੀ। ਇਸ ਨੇ ਉਨ੍ਹਾਂ ਨੂੰ ਵਾਤਾਵਰਣ ਬਚਾਉਣ ਤੇ ਲੰਮੇ ਸਮੇਂ ਦੇ ਦੂਸ਼ਿਤ ਪ੍ਰਭਾਵਾਂ ਤੋਂ ਮੁਕਤੀ ਦਿਵਾਈ। ਮੱਧ ਈਦੋ ਕਾਲ ਤੋਂ ਬਾਅਦ ਸੂਤੀ ਕੱਪੜੇ,ਤੇਲ ਉਤਪਾਦਨ, ਰੇਸ਼ਮ ਦੇ ਕੀੜੇ ਪਾਲਣ ਦਾ ਧੰਦਾ, ਕਾ਼ਗ਼ਜ਼ ਬਣਾਉਣ ਦਾ ਉਦਯੋਗ ਇਸ ਸਮੇਂ ਹੀ ਪ੍ਰਫੁੱਲਿਤ ਹੋਏ। ਅਜਿਹੇ ਸਭਿਆਚਾਰ ਤੇ ਪਰੰਪਰਾਵਾਂ ਨੂੰ ਜਿਊਂਦਿਆਂ ਰੱਖਣ ਲਈ ਅੱਜ ਵੀ ਜਤਨ ਕੀਤੇ ਜਾ ਰਹੇ ਹਨ।

ਪੋਸਟ ਸਕਰਿਪਟ

ਸੰਸਾਰ ਵਿਚ ਤਕਨਾਲੋਜੀ ਦੇ ਪਾਸਾਰ ਤੇ ਮਾਨਸਿਕ ਦਬਾਵਾਂ ਕਰਕੇ ਮਨੁੱਖ ਮਾਨਸਿਕ ਰੋਗੀ ਬਣ ਰਹੇ ਹਨ। ਇਸ ਤੋਂ ਬਚਣ ਲਈ ਮੂਲ ਸਲੋ ਲਾਈਫ਼ ਵਾਲੀ ਜ਼ਿੰਦਗੀ ਰਾਮ ਬਾਣ ਹੈ। ਏਸੇ ਕਰਕੇ ਇਹ ਮੁੱਦਾ ਅੱਜ ਕੱਲ੍ਹ ਵਿਸ਼ਵ ਪੱਧਰ 'ਤੇ ਬਹਿਸ ਦਾ ਬਾਇਸ ਬਣਿਆ ਹੋਇਆ ਹੈ। ਵਾਤਾਵਰਣ ਦੀ ਸਾਂਭ ਸੰਭਾਲ, ਕੁਦਰਤ ਨਾਲ ਨੇੜਤਾ, ਸਾਧਨਾਂ ਦੀ ਬੱਚਤ ਤੇ ਭਵਿੱਖ ਲਈ ਸਾਰਥਕ ਤੇ ਲਾਹੇਵੰਦੀ ਯੋਜਨਾਬੰਦੀ ਲਈ ਲੋਕ ਤੇ ਵਿਜ਼ਨਰੀ ਸਰਕਾਰਾਂ ਸਿਰਜੋੜ ਕੇ ਸੋਚ ਰਹੀਆਂ ਹਨ। ਈਦੋ ਕਾਲ ਦੇ ਲੋਕਾਂ ਨੂੰ ਸਨਮਾਨ ਦੇ ਕੇ ਉਨ੍ਹਾਂ ਦੇ ਮਾਡਲ ਨੂੰ ਅਪਣਾਉਣ ਨਾਲ ਅਸੀਂ ਚੰਗੀ ਜ਼ਿੰਦਗੀ ਦੀ ਸ਼ੁਰੂਆਤ ਕਰ ਸਕਦੇ ਹਾਂ। ਬਦਲਦੀ ਦੁਨੀਆ ਨਾਲ ਬਦਲਣਾ ਭਾਵੇਂ ਸਮੇਂ ਦੀ ਲੋੜ ਬਣ ਗਈ ਹੈ ਪਰ ਕੋਵਿਡ ਮਹਾਮਾਰੀ ਨੇ ਸਾਡੇ ਸਾਹਮਣੇ ਜਿਹੜੇ ਪ੍ਰਸ਼ਨ ਖੜ੍ਹੇ ਕੀਤੇ ਹਨ ਉਨ੍ਹਾਂ ਨੇ ਇਸ ਗੱਲ ਨੂੰ ਦ੍ਰਿੜ੍ਹ ਕਰਵਾ

ਦਿੱਤਾ ਹੈ ਕਿ ਸਾਡੀਆਂ ਪਰੰਪਰਾਵਾਂ, ਆਦਤਾਂ, ਜਿਊਣ ਦਾ ਸਲੀਕਾ ਤੇ ਜ਼ਿੰਦਗੀ ਬਾਰੇ ਨਜ਼ਰੀਏ ਨੂੰ ਆਧੁਨਿਕਤਾ ਵਿਚ ਢਾਲਣ ਦੇ ਕੀ ਨੁਕਸਾਨ ਹੋ ਸਕਦੇ ਹਨ। ਆਪਣੀ ਰਹਿਤਲ ਤੇ ਤਲੇਮੂਲ ਨਾਲ ਜੁੜੇ ਰਹਿਣ ਵਿਚ ਹੀ ਮਨੁੱਖਤਾ ਦਾ ਭਲਾ ਤੇ ਉੱਜਲ ਭਵਿੱਖ ਦਾ ਸੁਨੇਹਾ ਹੈ।

29

ਪਿਆਰ ਤੇ ਦੋਸਤ ਜ਼ਿੰਦਗੀ ਦਾ

ਸਰਮਾਇਆ ਹੁੰਦੇ ਹਨ/ਮੁਕਰਜੀ

ਫ਼ਿਲਮੀ ਦੁਨੀਆ ਗਲੈਮਰ ਦੀ ਦੁਨੀਆ ਹੈ। ਇਸ ਵਿਚ ਯਥਾਰਥ ਨੂੰ ਵੀ ਗਲੈਮਰ ਵਿਚ ਲਪੇਟ ਕੇ ਪੇਸ਼ ਕੀਤਾ ਜਾਂਦਾ ਹੈ। ਬੰਗਾਲੀ ਸਿਨੇਮੇ ਨੇ ਬਾਲੀਵੁੱਡ ਨੂੰ ਨਾਮੀ ਫ਼ਿਲਮਕਾਰ ਦਿੱਤੇ ਹਨ। ਸਤਿਆਜੀਤ ਰੇਅ, ਬਿਮਲ ਰਾਏ ਤੋਂ ਲੈ ਕੇ ਰਿਸ਼ੀਕੇਸ਼ ਮੁਖਰਜੀ ਤੱਕ ਅਨੇਕਾਂ ਨਾਂ ਗਿਣੇ ਜਾ ਸਕਦੇ ਹਨ। ਰਿਸ਼ੀਕੇਸ਼ ਮੁਕਰਜੀ ਦਾ ਨਾਂ ਵਿਸ਼ੇਸ਼ ਤੌਰ ਉੱਤੇ ਲਿਆ ਜਾ ਸਕਦਾ ਹੈ। ਉਹਦਾ ਜਨਮ 30 ਸਤੰਬਰ, 1922 ਨੂੰ ਕਲਕੱਤੇ ਵਿਚ ਹੋਇਆ ਤੇ 27 ਅਗਸਤ, 2006 ਨੂੰ ਫ਼ਿਲਮ ਨਗਰੀ ਬੰਬਈ ਵਿਚ ਉਹਦਾ ਇੰਤਕਾਲ ਹੋਇਆ। 40ਵਿਆਂ ਵਿਚ ਉਹਨੇ ਬੰਗਾਲੀ ਸਿਨੇਮੇ ਤੋਂ ਆਪਣਾ

ਫ਼ਿਲਮੀ ਕੈਰੀਅਰ ਅਰੰਭਿਆ ਤੇ 1951 ਵਿਚ ਉਹ ਬੰਬਈ ਆ ਗਿਆ। ਏਥੇ ਆ ਕੇ ਉਹਨੇ ਆਪਣੀ ਸ਼ੁਰੂਆਤ ਬਿਮਲ ਰਾਏ ਦੇ ਅਸਿਸਟੈਂਟ ਦੇ ਰੂਪ ਵਿਚ ਕੀਤੀ। ਬਿਮਲ ਰਾਏ ਫ਼ਿਲਮ ਜਗਤ ਦਾ ਵੱਡਾ ਨਾਂ ਸੀ ਤੇ ਬਤੌਰ ਸਹਾਇਕ ਦੇ ਮੁਕਰਜੀ ਨੂੰ ਡਾਇਰੈਕਸ਼ਨ ਦੀਆਂ ਬਰੀਕੀਆਂ ਸਮਝਣ ਦਾ ਮੌਕਾ ਮਿਲਿਆ। ਉਹਦੀਆਂ ਪ੍ਰਸਿੱਧ ਫ਼ਿਲਮਾਂ ਵਿਚ ਅਨਾੜੀ, ਅਨੁਰਾਧਾ, ਅਨੰਦ, ਗੁੱਡੀ, ਬਾਵਰਚੀ, ਅਭਿਮਾਨ, ਚੁਪਕੇ ਚੁਪਕੇ, ਗੋਲਮਾਲ, ਖ਼ੂਬਸੂਰਤ, ਤਲਾਸ਼, ਝੂਠ ਬੋਲੇ ਕਊਆ ਕਾਟੇ ਤੇ ਹੋਰ ਕਈ ਸ਼ਾਮਲ ਹਨ। ਉਹਦੀਆਂ ਫ਼ਿਲਮਾਂ ਨੂੰ 14 ਫ਼ਿਲਮ ਫੇਅਰ ਐਵਾਰਡ ਮਿਲੇ। ਇਸ ਤੋਂ ਇਲਾਵਾ ਨੈਸ਼ਨਲ ਫ਼ਿਲਮ ਐਵਾਰਡ, ਜੀ ਸਿਨੇ ਐਵਾਰਡ, ਦਾਦਾ ਸਾਹਿਬ ਫਾਲਕੇ ਐਵਾਰਡ ਤੇ ਪਦਮ ਵਿਭੂਸ਼ਨ ਸਨਮਾਨ ਮਿਲੇ। ਆਪਣੇ ਫ਼ਿਲਮੀ ਸਫ਼ਰ ਤੇ ਫ਼ਿਲਮਾਂ ਪ੍ਰਤੀ ਪਹੁੰਚ ਬਾਰੇ ਉਹ ਲਿਖਦੇ ਹਨ- ਮੈਂ ਕਦੇ ਵੀ ਫ਼ਿਲਮ ਡਾਇਰੈਕਟਰ ਨਹੀਂ ਸਾਂ ਬਣਨਾ

ਚਾਹੁੰਦਾ। ਮੇਰੀ ਇੱਛਾ ਬਾਇਓਕੈਮਿਸਟ ਬਣਨ ਦੀ ਸੀ। ਪਰ ਜ਼ਿੰਦਗੀ ਵਿਚ ਹਰ ਇੱਛਾ ਪੂਰੀ ਨਹੀਂ ਹੁੰਦੀ। ਸਮੇਂ ਨੂੰ ਕੁਝ ਹੋਰ ਮਨਜ਼ੂਰ ਹੁੰਦਾ। ਸਮਾਂ ਸਾਡੀ ਹੋਣੀ ਦਾ ਸਿਰਜਣਹਾਰ ਹੈ। ਜੇ ਤੁਸੀਂ ਭੀੜ ਵਿਚ ਫਸੇ ਹੋਵੋ ਤਾਂ ਕੋਈ ਨਾ ਕੋਈ ਤੁਹਾਨੂੰ ਧੱਕਾ ਮਾਰਦਾ ਰਹਿੰਦਾ ਹੈ। ਤੁਸੀਂ ਕਿਥੇ ਹੁੰਦੇ ਹੋ ਤੇ ਕਿਥੇ ਪਹੁੰਚ ਜਾਂਦੇ ਹੋ, ਇਸ 'ਤੇ ਤੁਹਾਡਾ ਕੰਟਰੋਲ ਨਹੀਂ ਹੁੰਦਾ। ਫ਼ਿਲਮੀ ਦੁਨੀਆ ਵਿਚ ਕੁਝ ਵੀ ਨਿਸ਼ਚਿਤ ਨਹੀਂ ਹੁੰਦਾ। ਹਰ ਵੇਲੇ ਅਨਿਸਚਿਤਤਾ ਦਾ ਭੈਅ ਬਣਿਆ ਰਹਿੰਦਾ ਹੈ। ਪਰ ਮੈਂ ਖ਼ੁਸ਼ਕਿਸਮਤ ਹਾਂ ਕਿ ਮੇਰੀਆਂ ਜ਼ਿਆਦਾਤਰ ਫ਼ਿਲਮਾਂ ਨੇ ਚੰਗੀ ਕਮਾਈ ਕੀਤੀ। ਇਸ ਲਈ ਮੈਂ ਪੰਜਾਹ ਫ਼ਿਲਮਾਂ ਬਣਾ ਸਕਿਆ। ਅੱਜ ਦੇ ਦੌਰ ਵਿਚ ਏਨੀਆਂ ਫ਼ਿਲਮਾਂ ਬਣਾਉਣੀਆਂ ਸੰਭਵ ਨਹੀਂ। ਜ਼ਿੰਦਗੀ ਦੇ ਕਈ ਮਰਹਲੇ ਹਨ। ਮੇਰੀਆਂ ਸਾਰੀਆਂ ਫ਼ਿਲਮਾਂ ਜ਼ਿੰਦਗੀ ਪ੍ਰਤੀ ਮੇਰੇ ਦ੍ਰਿਸ਼ਟੀਕੋਣ ਦੀ ਉਪਜ ਹਨ। ਮੇਰੇ ਕੰਮਾਂ ਵਿਚੋਂ ਵੀ ਇਹੀ ਕੁਝ ਝਲਕਦਾ ਹੈ। ਮੈਂ

ਇਹ ਦਿਖਾਉਣਾ ਚਾਹੁੰਦਾ ਸਾਂ ਕਿ ਸੁੰਦਰਤਾ ਕੀ ਸ਼ੈਅ ਹੈ। ਤੁਸੀਂ ਕਹਿ ਸਕਦੇ ਹੋ ਕਿ ਮੈਂ ਪਲਾਇਨਵਾਦੀ ਹਾਂ। ਮੈਨੂੰ ਪਤਾ ਹੈ ਕਿ ਦੁਨੀਆ ਦਾ ਬਹੁਤ ਵੱਡਾ ਹਿੱਸਾ ਬਦਸੂਰਤ ਹੈ। ਪਰ ਮੈਂ ਕਿਤੇ ਪੜ੍ਹਿਆ ਸੀ ਕਿ ਇਕ ਵਾਰ ਇਕ ਬੰਦਾ ਬਾਲਕੋਨੀ ਵਿਚ ਖੜ੍ਹਾ ਸੀ। ਉਹਨੇ ਹੇਠਾਂ ਦੇਖਿਆ, ਤਾਂ ਉਹਦੀ ਨਿਗ੍ਹਾ ਗਟਰ 'ਤੇ ਜਾ ਪਈ, ਉਹਨੇ ਉਪਰ ਦੇਖਿਆ ਤਾਂ ਨਿਗ੍ਹਾ ਤਾਰਿਆਂ ਦੇ ਜਾਲ ਵਿਚ ਅਟਕ ਗਈ। ਸਿਰਫ਼ ਗਟਰ ਦੇਖਣਾ ਹੀ ਗ਼ਲਤ ਨਹੀਂ ਸਗੋਂ ਇਕੱਲੇ ਤਾਰੇ ਦੇਖਣੇ ਵੀ ਗ਼ਲਤ ਹੈ। ਆਪਣੀਆਂ ਫ਼ਿਲਮਾਂ ਵਿਚ ਮੈਂ ਸਕਾਰਾਤਮਿਕ ਪੱਖ ਦਿਖਾਉਣਾ ਚਾਹੁੰਦਾ ਸਾਂ। ਜ਼ਿੰਦਗੀ ਬਹੁਤ ਛੋਟੀ ਹੈ- ਪਿਆਰ ਕਰਨ ਲਈ, ਚੰਗੇ ਦੋਸਤ ਬਣਾਉਣ ਲਈ। ਮੈਨੂੰ ਕਈ ਵਾਰ ਲਗਦਾ ਹੈ ਕਿ ਅਜਿਹੀ ਫ਼ਿਲਮ ਬਣਾਉਣ ਦਾ ਕੋਈ ਫ਼ਾਇਦਾ ਨਹੀਂ ਜਿਸ ਵਿਚ ਤੁਸੀਂ ਸਿਰਫ਼ ਇਹ ਦਿਖਾਓ ਕਿ ਪਿਆਰ ਖ਼ਤਮ ਹੋ ਰਿਹਾ ਹੈ, ਜਾਂ ਯਾਰੀ ਦੋਸਤੀ ਟੁੱਟ ਰਹੀ ਹੈ। ਅਜਿਹੀਆਂ ਫ਼ਿਲਮਾਂ

ਵਿਚ ਮੇਰੀ ਕੋਈ ਦਿਲਚਸਪੀ ਨਹੀਂ। ਜ਼ਿੰਦਗੀ ਪ੍ਰਤੀ ਮੇਰਾ ਦ੍ਰਿਸ਼ਟੀਕੋਣ ਉਹੀ ਹੈ, ਜਿਹੜਾ ਮੈਂ ਲੋਕਾਂ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ। ਇਹ ਸੱਚ ਹੈ ਕਿ ਭਾਰਤ ਇਕ ਗ਼ਰੀਬ ਦੇਸ਼ ਹੈ। ਅੱਜ ਅੱਸੀ ਕਰੋੜ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਪਰ ਇਨ੍ਹਾਂ ਗ਼ਰੀਬ ਲੋਕਾਂ ਵਿਚ ਵੀ ਚੇਤਨਾ ਤੇ ਅਥਾਹ ਪਿਆਰ ਦਾ ਸੰਚਾਰ ਹੁੰਦਾ ਹੈ। ਇਹੀ ਜ਼ਿੰਦਗੀ ਦਾ ਸੁਹੱਪਣ ਹੈ। ਮੈਂ ਬੜਾ ਸਾਧਾਰਨ ਤੇ ਔਸਤ ਦਰਜੇ ਦਾ ਬੰਦਾ ਹਾਂ। ਪਰ ਮੈਂ ਹਰ ਕੰਮ ਮਿਹਨਤ, ਇਮਾਨਦਾਰੀ ਤੇ ਲਗਨ ਨਾਲ ਕਰਦਾ ਹਾਂ। ਜੋ ਕੁਝ ਵੀ ਮੈਂ ਹਾਸਲ ਕੀਤਾ ਹੈ, ਉਹ ਸਖ਼ਤ ਮਿਹਨਤ ਤੇ ਇਮਾਨਦਾਰੀ ਨਾਲ ਕੀਤਾ ਹੈ। ਮੈਂ ਬਹੁਤਾ ਪ੍ਰਤਿਭਾਸ਼ਾਲੀ ਬੰਦਾ ਨਹੀਂ ਹਾਂ। ਸੈਂਕੜੇ ਲੋਕ ਬੜੇ ਪ੍ਰਤਿਭਾਸ਼ਾਲੀ ਹਨ। ਜ਼ਿੰਦਗੀ ਹੀ ਮੇਰੀ ਸਭ ਤੋਂ ਵੱਡੀ ਗੁਰੂ ਹੈ ਜੋ ਮੈਨੂੰ ਹਮੇਸ਼ਾ ਕਹਿੰਦੀ ਰਹਿੰਦੀ ਹੈ ਕਿ ਮੈਂ ਆਪਣੀਆਂ ਅੱਖਾਂ ਤੇ ਕੰਨ ਖੁੱਲ੍ਹੇ ਰੱਖਾਂ ਤਾਂ ਕਿ ਲੋਕਾਂ ਨੂੰ ਚੰਗੀ ਤਰ੍ਹਾਂ ਦੇਖ ਤੇ ਸੁਣ ਸਕਾਂ।

ਮੇਰੇ ਪਿਤਾ ਜੀ ਕਹਿੰਦੇ ਹੁੰਦੇ ਸਨ, ਕਦੇ ਵੀ ਆਪਣੇ ਆਪ ਨੂੰ ਦੂਸਰਿਆਂ ਨਾਲੋਂ ਉੱਤਮ ਨਾ ਸਮਝੋ। ਜਦੋਂ ਤੁਸੀਂ ਉਪਰ ਵੱਲ ਜਾ ਰਹੇ ਹੋਵੋ, ਤਾਂ ਜ਼ਿਆਦਾ ਸ਼ੇਖ਼ੀਖ਼ੋਰ ਨਾ ਬਣੋ, ਕਿਉਂਕਿ ਇਕ ਦਿਨ ਤੁਹਾਨੂੰ ਹੇਠਾਂ ਆਉਣਾ ਪੈਣਾ ਹੈ। ਆਪਣੇ ਪੈਰਾਂ ਨੂੰ ਹਮੇਸ਼ਾ ਮਜ਼ਬੂਤੀ ਨਾਲ ਜ਼ਮੀਨ 'ਤੇ ਟਿਕਾ ਕੇ ਰੱਖੋ ਤੇ ਆਪਣੀਆਂ ਅੱਖਾਂ-ਕੰਨ ਖੁੱਲ੍ਹੇ ਰੱਖੋ, ਫਿਰ ਜ਼ਿੰਦਗੀ ਵਿਚ ਅਨੰਦ ਹੀ ਅਨੰਦ ਹੈ।

ਪੋਸਟ ਸਕਰਿਪਟ:

ਹਰੀ ਚਾਹ ਦੇ ਪਿਆਲੇ 'ਚੋਂ ਉੱਠ ਰਹੀ

ਜੰਗਲੀ ਮੱਖੀ ਦੇ ਸ਼ਹਿਦ ਦੀ

ਮਿੱਠੀ ਮਿੱਠੀ ਮਹਿਕ 'ਚੋਂ

ਮਹਿਬੂਬ ਦੇ ਹੋਠਾਂ ਦੀ ਤਾਜ਼ਗੀ

ਅੱਖਾਂ ਵਿਚ ਤੈਰ ਆਈ ਹੈ

ਲਗਦੈ ਅੱਜ ਬਾਰਸ਼ ਆਏਗੀ...

30

ਕਿਤਾਬ ਮਨੁੱਖ ਦੇ ਅੰਦਰ ਦੀ ਇਕ ਵਿਧਾ ਹੈ

ਬੜੀ ਮੁੱਦਤ ਹੋਈ ਜਦੋਂ ਡਾਕਟਰ ਗੋਪੀ ਚੰਦ ਨਾਰੰਗ ਹੋਰਾਂ ਨੂੰ ਸਰਸਰੀ ਤੌਰ 'ਤੇ ਮਿਲਣ ਦਾ ਮੌਕਾ ਮਿਲਿਆ। ਉਨ੍ਹਾਂ 'ਤੇ ਕਈ ਕਿੰਤੂ ਪਰੰਤੂ ਵੀ ਉਨ੍ਹਾਂ ਦਿਨਾਂ ਵਿਚ ਕੀਤੇ ਜਾ ਰਹੇ ਸਨ ਪਰ ਉਹ ਚੁੱਪ ਚੁਪੀਤੇ ਆਪਣੀ ਚਿੰਤਨ ਸਾਧਨਾ ਵਿਚ ਲੀਨ ਰਹੇ। ਉਮਰ ਦੇ ਅੰਤਿਮ ਪੜਾਅ 'ਤੇ ਜਾ ਕੇ ਮਨੁੱਖ ਕਈ ਵਾਰ ਆਪਣੀ ਜ਼ਿੰਦਗੀ ਦੇ ਪੜਾਵਾਂ ਬਾਰੇ ਸੋਚਦਾ/ਵਿਚਾਰਦਾ/ਚਿੰਤਨ ਕਰਦਾ ਹੈ ਕਿ ਉਹਦੀਆਂ ਪ੍ਰਾਪਤੀਆਂ/ਆਪ੍ਰਾਪਤੀਆਂ ਕੀ ਹਨ। ਉਹਨੇ ਜ਼ਿੰਦਗੀ ਵਿਚ ਕੀ ਖੱਟਿਆ ਤੇ ਕੀ ਗੁਆਇਆ ਹੈ। ਇਸ ਗੱਲੋਂ ਨਾਰੰਗ ਸਾਹਿਬ ਸਾਰੀ ਉਮਰ ਪ੍ਰਾਪਤੀਆਂ ਵੱਲ ਵਧਦੇ ਗਏ। ਜਦੋਂ ਉਨ੍ਹਾਂ ਦੀ ਕਿਤਾਬ 'ਸੰਰਚਨਾਵਾਦ, ਉੱਤਰ-ਸੰਰਚਨਾਵਾਦ ਔਰ ਪੂਰਬੀ ਕਾਵਿ

ਸ਼ਾਸਤਰ’ ਆਈ ਤਾਂ ਇਸ ਦੀ ਕਾਫ਼ੀ ਚਰਚਾ ਹੋਈ। ਇਹ ਪੰਜਾਬੀ ਵਿਚ ਵੀ ਅਨੁਵਾਦ ਹੋ ਕੇ ਚਰਚਾ ਵਿਚ ਰਹੀ। ਉਹ ਉਰਦੂ ਦੇ ਪ੍ਰਬੁੱਧ ਚਿੰਤਕਾਂ ਵਿਚ ਸ਼ੁਮਾਰ ਕੀਤੇ ਜਾਂਦੇ ਹਨ। ਭਾਰਤੀ ਤੇ ਪੱਛਮੀ ਚਿੰਤਨ ਨਾਲ ਉਨ੍ਹਾਂ ਨੇ ਸੰਵਾਦ ਰਚਾਇਆ ਤੇ ਇਕ ਸਹਿ-ਸੰਬੰਧ ਸਥਾਪਤ ਕਰਕੇ ਚਿੰਤਨ ਦੇ ਘੇਰੇ ਨੂੰ ਵਿਸ਼ਾਲ ਕੀਤਾ। ਉਨ੍ਹਾਂ ਦੀਆਂ ਹੋਰ ਪ੍ਰਸਿੱਧ ਕਿਤਾਬਾਂ ਵਿਚ ‘ਉਰਦੂ ਗ਼ਜ਼ਲ ਏਵਮ ਭਾਰਤੀ ਮਾਨਸ ਸੰਸਕ੍ਰਿਤੀ, ਸਾਹਿਤਕ ਉਰਦੂ ਗਧ ਸੰਚਾਇਨ, ਸਫ਼ਰ ਆਸ਼ਨਾ ਸ਼ਾਮਲ ਹਨ। ਪਿਛੇ ਜਿਹੇ ਉਨ੍ਹਾਂ ਦੀ ਇਕ ਹੋਰ ਕਿਤਾਬ ਵੀ ਚਰਚਾ ਵਿਚ ਰਹੀ- ‘ਅਮੀਰ ਖੁਸਰੋ ਕਾ ਹਿੰਦਵੀ ਕਾਵਿ’। ਉਨ੍ਹਾਂ ਦਾ ਇਸ ਦੁਨੀਆ ਤੋਂ ਚਲੇ ਜਾਣਾ ਅਦਬ ਲਈ ਇਕ ਵੱਡਾ ਘਾਟਾ ਹੈ। ਉਰਦੂ ਸਾਹਿਤ ਨੂੰ ਉਨ੍ਹਾਂ ਦੀ ਦੇਣ ਸਦਾ ਯਾਦ ਕੀਤੇ ਜਾਣ ਵਾਲੇ ਇਤਿਹਾਸ ਵਿਚ ਦਰਜ ਹੈ। ਆਪਣੀ ਸੋਚ ਤੇ ਅਦਬ ਬਾਰੇ ਉਹ ਲਿਖਦੇ ਹਨ- ਜ਼ਿੰਦਗੀ ਦੀ ਜਿਸ ਸਿਖਰਲੀ ਪੌੜੀ ’ਤੇ ਮੈਂ ਪਹੁੰਚਿਆਂ, ਇਹਦਾ

ਸੇਹਰਾ ਮੇਰੇ ਮਾਂ ਪਿਓ ਸਿਰ ਬੱਝਦਾ ਹੈ। ਪਿਤਾ ਜੀ ਕੋਲੋਂ ਮੈਂ ਕੀ ਕੁਝ ਸਿੱਖਿਆ, ਇਹਦੀ ਸੂਚੀ ਬੜੀ ਲੰਮੀ ਹੈ। ਭਾਵੇਂ ਉਹ ਜੇਬ ਤੋਂ ਗ਼ਰੀਬ ਸਨ, ਪਰ ਦਿਲੋਂ ਬੜੇ ਅਮੀਰ ਤੇ ਅਨੁਭਵੀ ਵਿਅਕਤੀ ਸਨ। ਉਸ ਜ਼ਮਾਨੇ ਵਿਚ ਤਨਖ਼ਾਹਾਂ ਬੜੀਆਂ ਨਿਗੂਣੀਆਂ ਹੁੰਦੀਆਂ ਸਨ। ਉਨ੍ਹਾਂ ਦੀ ਤਨਖ਼ਾਹ ਸੀ ਡੇਢ ਸੌ ਰੁਪਏ ਤੇ ਉੱਤੋਂ ਦਸਾਂ ਬੱਚਿਆਂ ਦਾ ਕੁਨਬਾ। ਫਿਰ ਵੀ ਉਹ ਦਰ 'ਤੇ ਆਏ ਕਿਸੇ ਸੁਆਲੀ ਨੂੰ ਖ਼ਾਲੀ ਨਹੀਂ ਸਨ ਮੋੜਦੇ। ਉਨ੍ਹਾਂ ਦਾ ਰਹਿਣ ਸਹਿਣ, ਖਾਣ ਪੀਣ ਸਾਦਾ ਤੇ ਸੰਜਮੀ ਸੀ। ਕਦੇ ਕਦੇ ਉਹ ਫ਼ਜ਼ੂਲ-ਖ਼ਰਚੀ ਵੀ ਕਰਦੇ ਸਨ। ਖਾਸ ਕਰਕੇ ਜਦੋਂ ਕੋਇਟੇ (ਪਾਕਿਸਤਾਨ) ਜਾਂਦੇ ਤਾਂ ਸਾਡੇ ਲਈ ਅੰਗੂਰਾਂ ਦੀ ਟੋਕਰੀ, ਫਲੈਕਸ ਦੀਆਂ ਜੁੱਤੀਆਂ ਤੇ ਪਾਰਕਰ ਦੇ ਛੋਟੇ ਪੈੱਨ ਲੈ ਕੇ ਆਂਦੇ। ਪਿਤਾ ਜੀ ਨਾਲ ਮੇਰੀ ਸਭ ਤੋਂ ਜ਼ਿਆਦਾ ਬਣਦੀ ਸੀ। ਉਂਜ ਬਾਕੀ ਭੈਣ ਭਰਾਵਾਂ ਲਈ ਉਨ੍ਹਾਂ ਦੇ ਮਨ ਵਿਚ ਊਚ ਨੀਚ ਜਾਂ ਛੋਟੇ ਵੱਡੇ ਦਾ ਭਿੰਨ ਭੇਦ ਨਹੀਂ ਸੀ। ਸਵਾਮੀ ਰਾਮ

ਤੀਰਥ ਦਾ ਕਲਾਮ ਸੁਣਾਉਂਦੇ ਹੋਏ ਵੀ ਮੈਂ ਉਨ੍ਹਾਂ ਨੂੰ ਦੇਖਿਆ ਹੈ। ਦੇਸ਼ ਵੰਡ ਤੋਂ ਬਾਅਦ ਵੀ ਇਹ ਸਿਲਸਿਲਾ ਜਾਰੀ ਰਿਹਾ। ਓਦੋਂ ਰਜਿੰਦਰ ਨਗਰ ਵਿਚ ਸਾਡਾ ਛੋਟਾ ਜਿਹਾ ਘਰ ਹੁੰਦਾ ਸੀ। ਕੁਝ ਮਾਲੀ ਪੂਸਾ ਇੰਸਟੀਚਿਊਟ ਵਿਚ ਨਵੇਂ ਨਵੇਂ ਆਏ ਸਨ। ਪਿਤਾ ਜੀ ਦੀਆਂ ਸ਼ਾਮਾਂ ਉਨ੍ਹਾਂ ਨਾਲ ਬੀਤਦੀਆਂ। ਉਨ੍ਹਾਂ ਦੀ ਮੌਤ ਤੱਕ ਇਹ ਮੰਜ਼ਰ ਮੈਂ ਆਪਣੀਆਂ ਅੱਖਾਂ ਨਾਲ ਦੇਖੇ ਹਨ ਕਿ ਮਾਲੀ ਪੂਰਬੀ ਬੋਲੀ ਬੋਲੀ ਜਾਂਦੇ ਸਨ ਤੇ ਪਿਤਾ ਜੀ ਪੋਸਟ ਕਾਰਡਾਂ 'ਤੇ ਉਨ੍ਹਾਂ ਦੇ ਜਜ਼ਬਾਤ ਤੇ ਸੂਚਨਾਵਾਂ ਲਿਖਦੇ ਜਾਂਦੇ। ਇਹੀ ਆਦਤ ਮੇਰੀ ਮਾਂ ਦੀ ਸੀ। ਦਸ ਬੱਚੇ ਜੰਮ ਕੇ ਭਾਵੇਂ ਉਹਦੇ ਸਰੀਰ ਵਿਚ ਤਾਕਤ ਨਹੀਂ ਸੀ ਰਹੀ ਪਰ ਉਹ ਸਦਾ ਘਰ ਦੇ ਕੰਮਾਂ ਵਿਚ ਜੁੱਟੀ ਰਹਿੰਦੀ। ਦਿਨ ਰਾਤ ਚੁੱਲ੍ਹੇ ਚੌਂਕੇ ਵਿਚ ਰੋਟੀਆਂ ਥੱਪਣੀਆਂ, ਕੱਪੜੇ ਧੋਣੇ, ਘਰ ਦੀ ਸਾਫ਼ ਸਫ਼ਾਈ, ਚੱਕੀ ਪੀਹਣੀ, ਸਾਬਣ ਬਣਾਉਣਾ ਫਿਰ ਚੱਕੀਆਂ ਕੱਟਣੀਆਂ, ਅਚਾਰ ਪਾਉਣਾ, ਬੱਚੇ ਸਾਂਭਣੇ ਤੇ ਘਰ ਦੇ ਹੋਰ ਕੰਮਾਂ

ਕਾਰਾਂ ਵਿਚ ਉਹਨੂੰ ਸਿਰ ਖੁਰਕਣ ਦੀ ਵਿਹਲ ਨਹੀਂ ਸੀ ਮਿਲਦੀ। ਫਿਰ ਵੀ ਸਾਰੇ ਮੁਹੱਲੇ ਦੇ ਦੁੱਖਾਂ ਸੁੱਖਾਂ ਵਿਚ ਉਹ ਸ਼ਰੀਕ ਹੁੰਦੀ, ਹਰ ਇਕ ਦਾ ਦੁੱਖ ਦਰਦ ਵੰਡਾਉਂਦੀ ਉਹ ਨੇਕੀ, ਸ਼ਰਾਫ਼ਤ, ਇਨਸਾਨੀਅਤ, ਸੇਵਾ, ਕੁਰਬਾਨੀ ਦੀ ਜਿਊਂਦੀ ਜਾਗਦੀ ਮੂਰਤ ਸੀ। ਉਹਦੇ ਇਹ ਗੁਣ ਮੈਂ ਘਰ ਵਿਚ ਰਹਿ ਕੇ ਉਹਦੇ ਕੋਲੋਂ ਗ੍ਰਹਿਣ ਕੀਤੇ। ਮਾਂ-ਬਾਪ ਦੇ ਇਹ ਅਹਿਸਾਨ ਤਾਂ ਸਾਡੇ ਸਾਰਿਆਂ ਉਪਰ ਹੁੰਦੇ ਨੇ ਪਰ ਉਨ੍ਹਾਂ ਦੀਆਂ ਤੇ ਆਪਣੀਆਂ ਮੁਹੱਬਤਾਂ ਤੋਂ ਵੀ ਅਸੀਂ ਬਹੁਤ ਕੁਝ ਸਿੱਖਦੇ ਹਾਂ। ਮੇਰੇ ਇੱਥੋਂ ਤੱਕ ਪਹੁੰਚਣ ਦਾ ਸਿਹਰਾ ਇਕ ਹੋਰ ਵਿਅਕਤੀ ਸਿਰ ਵੀ ਬੱਝਦਾ ਹੈ। ਉਹ ਦਰਵੇਸ਼ ਵਿਅਕਤੀ ਹੈ- ਮੌਲਵੀ ਮੁਰੀਦ ਹੁਸੈਨ। ਉਹ ਬੜੀ ਨੇਕ ਤੇ ਪਾਕ ਰੂਹ ਸੀ। ਕਦੇ ਕਦੇ ਅੱਜ ਵੀ ਉਹ ਸੁਪਨ ਅਵਸਥਾ ਵਿਚ ਆ ਕੇ ਮੇਰੀ ਪਿੱਠ ਥਪਥਪਾਂਦੇ ਨੇ। ਪੜ੍ਹਾਉਂਦੇ ਪੜ੍ਹਾਉਂਦੇ ਥੱਕ ਜਾਂਦੇ ਨੇ ਤੇ ਅੱਠਵੀਂ ਦੀ ਕਲਾਸ ਮੇਰੇ ਹਵਾਲੇ ਕਰਕੇ ਗ਼ਾਇਬ ਹੋ ਜਾਂਦੇ ਨੇ। ਮੇਰੇ ਅੰਦਰ ਦੇ

ਬੱਚੇ ਨੂੰ ਕਹਿੰਦੇ ਨੇ, ਤੂੰ ਚੰਗਾ ਪੜ੍ਹਾਉਂਦਾ ਏਂ, ਕਲਾਸ ਸੰਭਾਲ ਲਈਂ। 'ਪ੍ਰੇਮ ਚਲੀਸੀ' ਜੋ ਮੈਨੂੰ ਲਾਇਬਰੇਰੀ ਵਿਚੋਂ ਨਹੀਂ ਲੱਭਦੀ ਜਾਂ ਰਤਨ ਨਾਥ ਸਰਸ਼ਾਰ ਦੀ 'ਫਸਾਨਾ-ਏ-ਅਜ਼ਾਦ' ਦੀ ਤੀਸਰੀ ਜਿਲਦ ਤਾਂ ਉਹ ਮੈਨੂੰ ਲਿਆ ਕੇ ਦੇ ਜਾਂਦੇ ਨੇ। 'ਦਾਸਤਾਨੇ-ਅਮੀਰ-ਹਮਜਾ' ਵੀ ਮੈਨੂੰ ਸਮਝਾਉਂਦੇ ਨੇ ਤੇ ਮੀਰ ਤਕੀ ਮੀਰ ਤੇ ਮਿਰਜ਼ਾ ਗ਼ਾਲਿਬ ਦੇ ਸ਼ੇਅਰ ਤੱਕ ਯਾਦ ਕਰਾ ਜਾਂਦੇ ਨੇ। ਕਾਲੀਦਾਸ ਦਾ 'ਮੇਘਦੂਤ' ਤੇ ਤੁਲਸੀਦਾਸ ਵੀ ਮੈਨੂੰ ਉਨ੍ਹਾਂ ਨੇ ਇੰਜ ਹੀ ਪੜ੍ਹਾਇਆ ਹੈ। ਅੱਜ ਕੱਲ੍ਹ ਕਿਤਾਬ ਦੇ ਭਵਿੱਖ ਤੇ ਟੀਵੀ, ਮੋਬਾਇਲ, ਇੰਟਰਨੈੱਟ ਦੇ ਖ਼ੌਫ਼ ਨੇ ਕਈ ਸੁਆਲ ਖੜੇ ਕੀਤੇ ਹਨ। ਦਰ ਅਸਲ ਜਦੋਂ ਕੋਈ ਨਵੀਂ ਟੈਕਨਾਲੋਜੀ ਆਉਂਦੀ ਹੈ ਤਾਂ ਉਹ ਆਪਣਾ ਡਰ ਖ਼ੌਫ਼ ਨਾਲ ਲੈ ਕੇ ਆਉਂਦੀ ਹੈ। ਮੌਖਿਕ ਪਰੰਪਰਾ ਸਾਹਮਣੇ ਪ੍ਰਿੰਟਿੰਗ ਟੈਕਨਾਲੋਜੀ ਇਕ ਨਵਾਂ ਆਤੰਕ ਲੈ ਕੇ ਆਈ ਸੀ। ਏਸੇ ਤਰ੍ਹਾਂ ਛਪੀ ਕਿਤਾਬ ਸਾਹਮਣੇ ਫ਼ਿਲਮ, ਟੀਵੀ ਇਕ ਨਵਾਂ ਖ਼ੌਫ਼ ਲੈ ਕੇ ਆਏ ਸਨ ਤੇ ਹੁਣ

ਕੰਪਿਊਟਰ, ਇੰਟਰਨੈੱਟ, ਮੋਬਾਇਲ ਤੇ ਸੂਚਨਾ ਕ੍ਰਾਂਤੀ ਦਾ ਭੈਅ ਚਾਰੇ ਪਾਸੇ ਪਸਰਿਆ ਨਜ਼ਰ ਆਉਂਦਾ ਹੈ ਜੋ ਪਹਿਲੀਆਂ ਚੁਨੌਤੀਆਂ ਨਾਲੋਂ ਕਿਤੇ ਜ਼ਿਆਦਾ ਭਿਆਨਕ ਤੇ ਮਨੁੱਖ ਨੂੰ ਮਾਨਸਿਕ ਤੌਰ 'ਤੇ ਝੁਚਲਾਉਂਦਾ ਨਜ਼ਰ ਆ ਰਿਹਾ ਹੈ। ਪਰ ਮੇਰਾ ਵਿਸ਼ਵਾਸ ਹੈ ਕਿ ਕਿਤਾਬ ਮਨੁੱਖ ਦੇ ਅੰਦਰ ਦੀ ਇਕ ਵਿਧਾ ਹੈ। ਸਾਡੀ ਜਿਸ ਲੋੜ ਨੂੰ ਉਹ ਪੂਰਿਆਂ ਕਰਦੀ ਹੈ ਉਹਦਾ ਹੋਰ ਕੋਈ ਬਦਲ ਨਹੀਂ। ਕਿਤਾਬ ਲੱਖ ਬਦਲ ਜਾਏ ਪਰ ਰਹੇਗੀ ਉਹ ਕਿਤਾਬ ਹੀ, ਜੋ ਲੇਟ ਕੇ ਪੜ੍ਹੀ ਜਾ ਸਕਦੀ ਹੈ, ਜਿਸ ਨੂੰ ਸਿਰਹਾਣੇ ਰੱਖ ਕੇ ਸੁੱਤਾ ਜਾ ਸਕਦਾ ਹੈ ਤੇ ਜਿਸ ਨੂੰ ਛਾਤੀ 'ਤੇ ਰੱਖ ਕੇ ਸੋਚਿਆ ਜਾ ਸਕਦਾ ਹੈ ਜਾਂ ਕੱਛ ਵਿਚ ਦਬਾ ਕੇ ਚਿੰਤਨ ਕੀਤਾ ਜਾ ਸਕਦਾ ਹੈ, ਅੱਖਾਂ ਸਾਹਮਣੇ ਰੱਖ ਕੇ ਉਹਦੇ ਨਾਲ ਸੰਵਾਦੀ ਬਿਰਤੀ ਜੋੜੀ ਜਾ ਸਕਦੀ ਹੈ। ਜਦੋਂ ਤੱਕ ਮੇਰੇ ਵਿਚ ਹਿੰਮਤ ਸੀ ਕੰਮ ਕਰਨ ਲਈ ਕਿਸੇ ਮੂਡ ਦੀ ਲੋੜ ਨਹੀਂ ਸੀ ਹੁੰਦੀ ਨਾ ਕਿਸੇ ਨਸ਼ੇ ਦੀ। ਕੰਮ ਕਰਨ

ਦਾ ਆਪਣਾ ਇਕ ਨਸ਼ਾ ਹੁੰਦਾ ਹੈ। ਅੱਜ ਕੱਲ੍ਹ ਮੈਂ ਬੜਾ ਬੇਤਰਤੀਬਾ ਹੋ ਗਿਆ ਹਾਂ ਅੰਦਰੋਂ ਵੀ ਤੇ ਬਾਹਰੋਂ ਵੀ। ਮਹੀਨਿਆਂ ਤੱਕ ਮੂਡ ਨਹੀਂ ਬਣਦਾ ਤੇ ਨਾ ਕੋਈ ਕੰਮ ਹੁੰਦਾ ਹੈ। ਕਈ ਕੰਮ ਅਜਿਹੇ ਹਨ ਜੋ ਪਿਛਲੇ ਵੀਹਾਂ ਵੀਹਾਂ, ਤੀਹਾਂ ਤੀਹਾਂ ਵਰ੍ਹਿਆਂ ਤੋਂ ਲਟਕੇ ਹੋਏ ਨੇ ਪਰ ਜੇ ਵਿਚੋਂ ਕਿਸੇ ਆਈਡੀਏ ਨੇ ਘੇਰ ਲਿਆ ਤਾਂ ਉਹ ਕੰਮ ਜ਼ਰੂਰ ਨਿੱਬੜ ਕੇ ਸਾਹ ਲੈਂਦਾ ਹੈ।

ਪੋਸਟ ਸਕਰਿਪਟ:

ਹਰ ਜਿਊੜਾ ਜੋ ਸ਼ਬਦ ਦੀ ਜੂਨ ਹੰਢਾਉਂਦਾ ਹੈ ਉਹਦੇ ਲਈ ਕਿਤਾਬ ਉਹਦਾ ਰੱਬ ਹੈ। ਕਿਤਾਬ ਦਾ ਕੋਈ ਬਦਲ ਨਹੀਂ ਸ਼ਾਇਦ ਭਵਿਖ ਵਿਚ ਵੀ ਨਹੀਂ ਹੋਵੇਗਾ। ਕਿਤਾਬ ਤੇ ਸ਼ਬਦ ਦਾ ਰਿਸ਼ਤਾ ਨਹੁੰ ਮਾਸ ਵਾਲਾ ਹੈ ਦੋਹਾਂ ਵਿਚੋਂ ਕਿਸੇ ਨੂੰ ਵੀ ਵੱਖ ਨਹੀਂ ਕੀਤਾ ਜਾ ਸਕਦਾ। ਕਿਤਾਬਾਂ ਹੀ ਕਿਤਾਬਾਂ ਦੀਆਂ ਜਨਮ ਦਾਤੀਆਂ ਹਨ।

ਸੈਂਕੜੇ ਵਰ੍ਹਿਆਂ ਤੋਂ ਕਿਤਾਬ ਮਨੁੱਖ ਦੇ ਅੰਦਰ ਪਈ ਹੈ ਜਿਸ ਨੂੰ ਪੜ੍ਹਨ ਦੀ ਜਾਚ ਆ ਜਾਂਦੀ ਹੈ ਉਹ ਤਰ ਜਾਂਦਾ ਹੈ। ਸ਼ਬਦ ਦੀ ਜੂਨ ਉਹਨੂੰ ਜ਼ਿੰਦਗੀ ਜਿਊਣ ਦਾ ਵਲ ਦੱਸਦੀ ਹੈ।ਉਹ ਸ਼ਬਦਾਂ ਦੀਆਂ ਜੋਤਾਂ ਜਗਾਉਂਦਾ ਚਾਨਣ ਮੁਨਾਰਾ ਬਣ ਜਾਂਦਾ ਹੈ। ਜਿਹੜਾ ਮਨੁੱਖ ਇਸ ਕਿਤਾਬ ਤੋਂ ਕੋਰਾ ਰਹਿ ਜਾਂਦਾ ਹੈ ਉਹ ਹਨੇਰਿਆਂ ਦਾ ਭਾਰ ਢੋਂਦਾ ਅਨੇਕਾਂ ਬੇਤਰਤੀਬੀਆਂ ਜੂਨਾਂ ਵਿਚ ਭਟਕਦਾ ਰਹਿੰਦਾ ਹੈ। ਆਓ ਆਪਣੀ ਅੰਦਰ ਸੁੱਤੀ ਕਿਤਾਬ ਨੂੰ ਜਗਾਈਏ ਤੇ ਹਨੇਰੇ ਤੋਂ ਚਾਨਣੀ ਜੂਹ ਵੱਲ ਜਾਈਏ।

31

ਪੇਟ ਦੀ ਭੁੱਖ ਬਨਾਮ ਪੜ੍ਹਨ ਦੀ ਭੁੱਖ

ਮਨੁੱਖ ਨੂੰ ਪੰਜ ਭੂਤਕ ਮੰਨਿਆ ਗਿਆ ਹੈ। ਇਨ੍ਹਾਂ ਵਿਚੋਂ ਇਕ ਅਗਨੀ ਹੈ। ਅਗਨੀ ਚਾਰ ਤਰ੍ਹਾਂ ਦੀ ਮੰਨੀ ਗਈ ਹੈ- ਲੱਕੜ ਦੀ ਰਗੜ ਤੋਂ ਪੈਦਾ ਹੋਈ, ਜਠਾਰ ਅਗਨੀ, ਦਾਵਾਨਲ ਅਗਨੀ ਤੇ ਅਕਾਸ਼ ਵਿਚ ਬਿਜਲੀ ਦੀ ਕੜਕ ਤੋਂ ਪੈਦਾ ਹੋਈ। ਏਸੇ ਤਰ੍ਹਾਂ ਭੁੱਖ ਦੀਆਂ ਵੀ ਅਨੇਕਾਂ ਕਿਸਮਾਂ ਹਨ। ਕਾਮ ਭੁੱਖ, ਪੈਸੇ ਦੀ ਭੁੱਖ, ਸ਼ੁਹਰਤ ਦੀ ਭੁੱਖ, ਗੱਦੀ ਦੀ ਭੁੱਖ, ਪੇਟ ਦੀ ਭੁੱਖ, ਪੜ੍ਹਨ ਦੀ ਭੁੱਖ, ਗਿਆਨ ਦੀ ਭੁੱਖ ਤੇ ਹੋਰ ਅਨੇਕਾਂ ਭੁੱਖਾਂ ਹਨ ਜੋ ਮਨੁੱਖ ਨੂੰ ਚੰਬੜੀਆਂ ਹੋਈਆਂ ਹਨ। ਪਰ ਇਨ੍ਹਾਂ ਵਿਚੋਂ ਪੇਟ ਦੀ ਭੁੱਖ ਤੇ ਪੜ੍ਹਨ ਦੀ ਭੁੱਖ ਅਜਿਹੀਆਂ ਹਨ ਜੋ ਮਨੁੱਖ ਲਈ ਜ਼ਰੂਰੀ ਹਨ। ਪੇਟ ਦੀ ਭੁੱਖ ਜਿਉਂਦੇ ਰਹਿਣ ਲਈ ਜ਼ਰੂਰੀ ਹੈ ਤੇ ਪੜ੍ਹਨ ਦੀ ਭੁੱਖ ਜ਼ਿੰਦਗੀ ਦੇ

ਅਰਥ ਜਾਣਨ ਤੇ ਉਹਨੂੰ ਸਕਾਰਾਤਮਿਕ ਕਰਨ ਲਈ ਲਾਜ਼ਮੀ ਹੈ। ਦੁਨੀਆ ਦਾ ਹਰ ਪ੍ਰਾਣੀ ਅਥਵਾ ਮਨੁੱਖ, ਜਲਚਰ, ਕੀਟ- ਪਤੰਗੇ, ਪੰਖੀ, ਜਾਨਵਰ ਸਭ, ਜਿਨ੍ਹਾਂ ਨੂੰ ਢਿੱਡ ਲੱਗਿਆ ਹੋਇਆ ਹੈ ਭੁੱਖ ਨਾਲ ਜੂਝਦੇ ਤੇ ਪੇਟ ਦੀ ਅਗਨੀ ਠਾਰਨ ਲਈ ਹੀਲੇ ਵਸੀਲੇ ਕਰਦੇ ਹਨ। ਪਸ਼ੂ ਜਗਤ ਆਪਣੀ ਲੋੜ ਕੁਦਰਤ ਵਿਚੋਂ ਪੂਰੀ ਕਰਦੇ ਹਨ। ਕੁਦਰਤ ਨੇ ਉਨ੍ਹਾਂ ਦੀ ਭੁੱਖ ਲਈ ਕਈ ਹੀਲੇ ਵਸੀਲੇ ਪੈਦਾ ਕੀਤੇ ਹੋਏ ਹਨ, ਪਰ ਮਨੁੱਖ ਨੂੰ ਰੋਟੀ ਕਮਾਉਣੀ ਪੈਂਦੀ ਹੈ। ਇਸ ਬਿਨਾ ਉਹਦਾ ਗੁਜ਼ਾਰਾ ਨਹੀਂ ਹੁੰਦਾ। ਸਮਾਜਕ ਨਾ-ਬਰਾਬਰੀ ਕਰਕੇ ਮਨੁੱਖ ਦੀ ਰੋਟੀ ਅਮੀਰਾਂ ਦੇ ਕਬਜ਼ੇ ਵਿਚ ਹੈ। ਇਸ ਰੋਟੀ ਨੂੰ ਖੋਹਣ ਲਈ ਜਾਂ ਫਿਰ ਹੱਕ ਲੈਣ ਲਈ ਉਸ ਨੂੰ ਜੱਦੋ-ਜਹਿਦ ਵੀ ਕਰਨੀ ਪੈਂਦੀ ਹੈ ਤੇ ਸੰਘਰਸ਼ ਵੀ ਵਿੱਢਣੇ ਪੈਂਦੇ ਨੇ। ਜਾਤਾਂ ਪਾਤਾਂ ਦੇ ਕੋਹੜ ਨੇ ਮਨੁੱਖ ਨੂੰ ਮਨੁੱਖ ਨਾਲ ਨਫ਼ਰਤ ਕਰਨੀ ਸਿਖਾਈ ਹੈ। ਸਦੀਆਂ ਦਾ ਇਹ ਕੋਹੜ ਅੱਜ ਵੀ ਭਾਰਤ ਦੇ ਮੱਥੇ ਉੱਤੇ ਕਲੰਕ ਵਾਂਗ ਹੈ।

ਮਨੁੱਖ ਬੇਸ਼ੱਕ ਬਦਲ ਗਿਆ ਹੈ ਪਰ ਸੋਚ ਓਥੇ ਹੀ ਖੜੀ ਹੈ। ਇਨਸਾਨ ਨੂੰ ਇਨਸਾਨੀ ਦਰਜੇ ਤੋਂ ਹੀਣ ਸਮਝਣਾ ਸਭ ਤੋਂ ਵੱਡਾ ਪਾਪ ਹੈ ਤੇ ਇਹ ਪਾਪ ਅੱਜ ਵੀ ਬੜੇ ਫ਼ਖਰ ਨਾਲ ਕੀਤਾ ਜਾ ਰਿਹਾ ਹੈ। ਦਿਆ ਪਵਾਰ ਉੱਘੇ ਮਰਾਠੀ ਦਲਿਤ ਲੇਖਕ ਹਨ। ਉਨ੍ਹਾਂ ਦੀ ਕਿਤਾਬ 'ਅਛੂਤ' ਭਾਰਤੀ ਦਲਿਤ ਸਾਹਿਤ ਵਿਚ ਮਹੱਤਵਪੂਰਨ ਥਾਂ ਰੱਖਦੀ ਹੈ। ਉਨ੍ਹਾਂ ਦੀ ਜ਼ਿੰਦਗੀ ਬੜੇ ਔਖੇ ਹਾਲਤਾਂ ਵਿਚ ਬੀਤੀ। ਉਨ੍ਹਾਂ ਦੀ ਮਾਂ ਨੂੰ ਪੇਟ ਦੀ ਭੁੱਖ ਲਈ ਬੜੀ ਮੁਸ਼ੱਕਤ ਕਰਨੀ ਪਈ, ਪੜ੍ਹਨ ਦੀ ਭੁੱਖ ਸ਼ਾਂਤ ਕਰਨ ਲਈ ਲੇਖਕ ਨੂੰ ਖ਼ੁਦ ਹੀਲੇ ਵਸੀਲੇ ਲੱਭਣੇ ਪਏ। ਆਪਣੀਆਂ ਇਨ੍ਹਾਂ ਭੁੱਖਾਂ ਦਾ ਵਰਣਨ ਉਨ੍ਹਾਂ ਨੇ ਬੜੀ ਮਾਰਮਿਕ ਸ਼ੈਲੀ ਵਿਚ ਕੀਤਾ ਹੈ। ਉਹ ਲਿਖਦੇ ਹਨ- ਬੰਬਈ ਦੀ ਖਿੱਚ ਜਿਵੇਂ ਮੇਰੇ ਖ਼ੂਨ ਵਿਚ ਸਮਾਈ ਹੋਈ ਸੀ। ਅੱਜ ਏਨੇ ਵਰ੍ਹਿਆਂ ਬਾਅਦ ਸੋਚਦਾ ਹਾਂ ਕਿ ਇਸ ਸ਼ਹਿਰ ਨੇ ਮੈਨੂੰ ਦਿੱਤਾ ਕੀ? ਕਿਹਾ ਜਾਂਦਾ ਹੈ ਕਿ ਕ੍ਰਿਸ਼ਨ ਨੇ ਜਰਾਸੰਧ ਦੇ ਸਰੀਰ ਨੂੰ ਚੀਰ ਕੇ ਉਹਦੇ ਦੋ

ਟੋਟੇ ਕਰਕੇ ਦੋ ਵੱਖ ਵੱਖ ਦਿਸ਼ਾਵਾਂ ਵਿਚ ਸੁੱਟ ਦਿੱਤੇ। ਓਵੇਂ ਹੀ ਮੈਂ ਵੀ ਇਸ ਸ਼ਹਿਰ ਵਿਚ ਦੋ ਹਿੱਸਿਆਂ ਵਿਚ ਵੰਡਿਆ ਦੋ ਦਿਸ਼ਾਵਾਂ ਵਿਚ ਭਟਕਦਾ ਆਪਣੇ ਆਪ ਨੂੰ ਮਹਿਸੂਸ ਕਰ ਰਿਹਾ ਹਾਂ। ਰਾਤ ਨੂੰ ਸਿਰ ਛੁਪਾਉਣ ਲਈ ਜਿੱਥੇ ਜਾਂਦਾ ਹਾਂ, ਉਹ ਇਕ ਭਿਆਨਕ ਨਰਕ ਹੈ ਤੇ ਜਿਸ ਵਿਲਾਸੀ ਜ਼ਿੰਦਗੀ ਦੇ ਦੂਰੋਂ ਦਰਸ਼ਨ ਕਰਦਾ ਹਾਂ, ਉਹ ਇਕ ਵੱਖਰੀ ਤਰ੍ਹਾਂ ਦੀ ਮੋਹ ਨਗਰੀ ਹੈ। ਬੰਬਈ ਵਿਚ ਕਦਮ ਰੱਖਦਿਆਂ ਹੀ ਨੌਕਰੀ ਮਿਲ ਜਾਣੀ ਸੰਭਵ ਨਹੀਂ ਸੀ। ਮਾਂ ਲਈ ਫਿਰ ਤੋਂ ਕੰਮ ਵਿਚ ਜੁੱਟ ਜਾਣ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਸੀ ਬਚਿਆ। ਮਾਂ ਹੋਰ ਔਰਤਾਂ ਨਾਲ ਮਾਰਕੀਟ ਵਿਚ ਤੜਕਸਾਰ ਕਾ਼ਗਜ਼ ਚੁਗਣ ਜਾਂਦੀ। ਕਾ਼ਗਜ਼ਾਂ ਦਾ ਬੋਝਾ ਲੈ ਕੇ ਉਹ ਥੱਕੀ ਟੁੱਟੀ ਰਾਤ ਨੂੰ ਮੁੜਦੀ। ਆ ਕੇ ਵੱਖ ਵੱਖ ਤਰ੍ਹਾਂ ਦੇ ਕਾ਼ਗਜ਼ ਛਾਂਟਦੀ। ਖ਼ਾਕੀ ਕਾ਼ਗਜ਼ਾਂ ਦਾ ਦਾਮ ਜ਼ਿਆਦਾ ਮਿਲਦਾ ਸੀ। ਉਨ੍ਹਾਂ ਨੂੰ ਉਹ ਵੱਖ ਕਰਕੇ ਰੱਖ ਲੈਂਦੀ। ਵਾਪਸ ਆਉਂਦੀ ਹੋਈ ਉਹ ਬੜੀ

ਮਜ਼ੇਦਾਰ ਚੀਜ਼ ਲੈ ਕੇ ਆਉਂਦੀ। ਉਹਨੂੰ ਪਤਾ ਸੀ ਕਿ ਕੇਕ ਤੇ ਬਿਸਕੁਟਾਂ ਦੇ ਟੁਕੜੇ ਤੇ ਚੂਰਭੂਰ ਕਿਥੋਂ ਸਸਤੇ ਮਿਲਦੇ ਹਨ। ਹੋਟਲਾਂ ਵਿਚ ਬਣਾਈ ਗਈ ਚਾਹ ਦੀ ਪੱਤੀ ਦੁਬਾਰਾ ਸੁਕਾਈ ਜਾਂਦੀ। ਉਹ ਸਸਤੀ ਮਿਲ ਜਾਂਦੀ ਸੀ। ਇਹ ਸੈਕੰਡ ਹੈਂਡ ਚਾਹ ਹੀ ਸਾਡੇ ਘਰ ਬਣਦੀ ਸੀ। ਮਾਂ ਨੂੰ ਬਜ਼ਾਰਾਂ ਵਿਚ ਕਾ਼ਗਜ਼ ਚੁਗਣ ਜਾਂਦੀ ਦੇਖ ਕੇ ਮੈਨੂੰ ਬੜੀ ਸ਼ਰਮ ਆਉਂਦੀ। ਮੈਂ ਚੰਗਾ ਪੜ੍ਹ ਲਿਖ ਗਿਆ ਸਾਂ ਫਿਰ ਵੀ ਮਾਂ ਨੂੰ ਮਜ਼ਦੂਰੀ ਕਰਕੇ ਢਿੱਡ ਭਰਨਾ ਪੈ ਰਿਹਾ ਸੀ, ਤੇ ਮਜ਼ਦੂਰੀ ਵੀ ਕੀ ਸੀ? ਬਜ਼ਾਰਾਂ ਵਿਚ ਫਿਰ ਫਿਰ ਕੇ ਕਾ਼ਗਜ਼ ਚੁਗਣੇ। ਸਮਾਜ ਵਿਚ ਕਿਹੋ ਜਿਹੀ ਪ੍ਰਤਿਸ਼ਠਾ ਸੀ ਸਾਡੀ? ਇਹ ਸ਼ਾਇਦ ਪੜ੍ਹਨ ਲਿਖਣ ਕਰਕੇ ਮੇਰੇ ਵਿਚ ਪੈਦਾ ਹੋ ਗਈ ਸੀ। ਪਰ ਅੰਦਰੋਂ ਮੈਂ ਖੋਖਲਾ ਮਹਿਸੂਸ ਕਰ ਰਿਹਾ ਸਾਂ। ਨਿੱਤ ਦਿਨ ਰੋਜ਼ਗਾਰ ਦਫ਼ਤਰ ਦੀਆਂ ਪੌੜੀਆਂ ਚੜ੍ਹਦਾ ਉੱਤਰਦਾ ਸੋਚਦਾ ਸਾਂ ਪਤਾ ਨਹੀਂ ਕਦੋਂ ਮੈਂ ਸਿਰਫ਼ ਉੱਤਰਾਂਗਾ ਚੜ੍ਹਾਂਗਾ ਨਹੀਂ। ਨਿਰਾਸ਼ ਮਨ ਨਾਲ ਘਰ ਆ

ਜਾਂਦਾ। ਜ਼ਿੰਦਗੀ ਕਸ਼ਮਕਸ਼ ਵਿਚ ਡੁੱਬਦੀ ਜਾ ਰਹੀ ਸੀ। ਕਦੇ ਕਦੇ ਕਾਲ ਆ ਜਾਂਦੀ, ਪਰ ਇੰਟਰਵਿਊ ਵਿਚ ਮੈਂ ਧੂੰਏਂ ਵਾਂਗ ਉੱਡ ਜਾਂਦਾ। ਮੈਂ ਫਰਲ ਫਰਲ ਅੰਗਰੇਜ਼ੀ ਨਹੀਂ ਸਾਂ ਬੋਲ ਸਕਦਾ। ਸਵਾਲ ਪੁੱਛਣ 'ਤੇ ਸਿਰਫ਼ ਯੈਸ ਜਾਂ ਨੋ ਹੀ ਕਹਿ ਸਕਦਾ ਸਾਂ। ਇੰਟਰਵਿਊ ਵਿਚ ਪਸੀਨੋ ਪਸੀਨੀ ਹੋ ਕੇ ਬਾਹਰ ਆ ਜਾਂਦਾ ਤੇ ਅਗਲੀ ਕਾਲ ਦੀ ਉਡੀਕ ਵਿਚ ਫਿਰ ਰੋਜ਼ਗਾਰ ਦਫ਼ਤਰ ਦੀ ਖ਼ਾਕ ਛਾਣਨ ਤੁਰ ਪੈਂਦਾ। ਇਕ ਵਾਰ ਪੁਲਿਸ ਕਮਿਸ਼ਨਰ ਦੇ ਦਫ਼ਤਰ ਵਿਚ ਇੰਟਰਵਿਊ ਦੇਣ ਗਿਆ। ਵਾਤਾਵਰਣ ਸਰਲ ਪਰ ਫ਼ੌਲਾਦੀ ਅਨੁਸ਼ਾਸਨ ਵਾਲਾ ਸੀ। ਜਦੋਂ ਮੇਰੀ ਵਾਰੀ ਆਈ ਤਾਂ ਮੈਂ ਦੇਖਿਆ ਕਿ ਓਥੇ ਖੜੀਆਂ ਮੁੱਛਾਂ ਵਾਲਾ, ਫ਼ੌਜੀ ਰੋਹਬ ਦਾਬ ਵਿਚ ਆਕੜਿਆ ਇਕ ਅਫ਼ਸਰ ਬੈਠਾ ਸੀ। ਉਹ ਅੰਗਰੇਜ਼ੀ ਵਿਚ ਪੁੱਠੇ ਸਿੱਧੇ ਸਵਾਲ ਪੁੱਛਣ ਲੱਗਾ। ਮੈਂ ਬਹੁਤੇ ਚੰਗੇ ਉਤਰ ਨਹੀਂ ਸਾਂ ਦੇ ਰਿਹਾ। ਅਚਾਨਕ ਉਹਨੇ ਮੇਰੀ ਮਾਰਕਸ ਲਿਸਟ ਦੇਖੀ। ਅੰਗਰੇਜ਼ੀ

ਵਿਚ ਮੇਰੇ ਚੰਗੇ ਨੰਬਰ ਦੇਖ ਕੇ ਉਹਨੂੰ ਸ਼ੱਕ ਹੋਇਆ ਕਿ ਇਹ ਮਾਰਕਸ ਸ਼ੀਟ ਮੇਰੀ ਨਹੀਂ। ਮੈਂ ਬਾਰ ਬਾਰ ਕਹਿ ਰਿਹਾ ਸਾਂ ਕਿ ਸਰ ਇਹ ਮੇਰੀ ਹੀ ਹੈ। ਮੇਰੀ ਮਾਂ ਮਜ਼ਦੂਰੀ ਕਰਦੀ ਹੈ। ਮੈਨੂੰ ਨੌਕਰੀ ਦੀ ਸਖ਼ਤ ਲੋੜ ਹੈ। ਪਰ ਉਹ ਅਫ਼ਸਰ ਮੇਰਾ ਮਜ਼ਾਕ ਉਡਾਈ ਜਾ ਰਿਹਾ ਸੀ। ਅਖੀਰ ਉਹ ਕਹਿਣ ਲੱਗਾ ਕਿ ਮੈਂ ਤਾਂ ਕਲਰਕ ਦੀ ਨੌਕਰੀ ਦੇ ਵੀ ਲਾਇਕ ਨਹੀਂ ਸਾਂ। ਉਹਦੀ ਇਹ ਗੱਲ ਸੁਣਕੇ ਮੈਂ ਧੁਰ ਅੰਦਰ ਤੱਕ ਹਿੱਲ ਗਿਆ। ਮੈਨੂੰ ਲੱਗਿਆ ਜਿਵੇਂ ਮੇਰੇ ਅੰਦਰ ਕੋਈ ਚੀਜ਼ ਟੁੱਟ ਕੇ, ਚੀਣਾ ਚੀਣਾ ਹੋ ਕੇ ਖਿੱਲਰ ਗਈ ਹੋਵੇ। ਖ਼ਾਲੀ ਸਮਾਂ ਖਾਣ ਨੂੰ ਆਉਂਦਾ। ਸਮਝ ਨਹੀਂ ਸੀ ਆਉਂਦੀ ਕਿ ਮੈਂ ਕਿਥੇ, ਜਾਵਾਂ ਕੀ ਕਰਾਂ। ਪੜ੍ਹਨ ਦਾ ਸ਼ੌਕ ਤਾਂ ਬਚਪਨ ਵਿਚ ਹੀ ਸੀ। ਪਰ ਆਪਣੀ ਰੁਚੀ ਦੀਆਂ ਕਿਤਾਬਾਂ ਓਦੋਂ ਦੁਰਲੱਭ ਸਨ। ਬਚਪਨ ਵਿਚ ਜਿੰਨੀ ਭੁੱਖ ਪੇਟ ਦੀ ਸੀ ਓਨੀ ਹੀ ਭੁੱਖ ਪੜ੍ਹਨ ਦੀ ਵੀ ਸੀ। ਪੜ੍ਹਨ ਦੀ ਭੁੱਖ ਥੋੜ੍ਹੀ ਬਹੁਤੀ ਨੇਬਰਹੁੱਡ ਲਾਇਬਰੇਰੀ ਵਿਚੋਂ ਸ਼ਾਂਤ ਹੋ

ਜਾਂਦੀ ਸੀ। ਓਥੇ ਰਾਵ ਨਾਂ ਦਾ ਲਾਇਬਰੇਰੀਅਨ ਸੀ। ਉਹ ਚੰਗੇ ਸੁਭਾਅ ਦਾ ਸੀ। ਉਹਦੇ ਨਾਲ ਮੈਂ ਦੋਸਤੀ ਪਾ ਲਈ। ਦੋਸਤੀ ਦੇ ਤਕਾਜ਼ੇ ਕਰਕੇ ਉਹ ਮੇਰੇ ਕੋਲੋਂ ਫ਼ੀਸ ਨਹੀਂ ਸੀ ਲੈਂਦਾ। ਉਂਜ ਜੇ ਫ਼ੀਸ ਭਰਨੀ ਪੈਂਦੀ ਤਾਂ ਉਹ ਮੇਰੇ ਵੱਸ ਵਿਚ ਨਹੀਂ ਸੀ। ਪੰਜਾਂ ਛਿਆਂ ਮਹੀਨਿਆਂ ਵਿਚ ਮੈਂ ਕਿਤਾਬਾਂ ਦੀਆਂ ਧੂੜਾਂ ਪੱਟ ਦਿੱਤੀਆਂ। ਸਭ ਤੋਂ ਜ਼ਿਆਦਾ ਮੈਨੂੰ ਸ਼ਰਤਚੰਦਰ ਨੇ ਪਾਗਲ ਕੀਤਾ। ਉਹਦਾ 'ਸ਼੍ਰੀਕਾਂਤ' ਪੜ੍ਹ ਕੇ ਮੈਂ ਹੱਦੋਂ ਵੱਧ ਪ੍ਰਭਾਵਿਤ ਹੋਇਆ। ਸ਼੍ਰੀਕਾਂਤ ਦੀ ਮਾਨਸਿਕਤਾ ਪਤਾ ਨਹੀਂ ਕਿਉਂ ਮੈਨੂੰ ਜਾਣੀ ਪਛਾਣੀ ਲੱਗਦੀ। ਏਸੇ ਤਰ੍ਹਾਂ ਪੰਡਿਤ ਰਾਹੁਲ ਸੰਕਰਤਾਂਇਨ ਦੀ 'ਵੋਲਗਾ ਤੋਂ ਗੰਗਾ ਤੱਕ' ਲੰਮਾ ਸਮਾਂ ਮੇਰੇ ਦਿਲ ਦਿਮਾਗ਼ 'ਤੇ ਛਾਈ ਰਹੀ। ਬਰਟਰੰਡ ਰੱਸਲ ਦੀ 'ਨੀਤੀ ਸ਼ਾਸਤਰ'ਤੇ ਹੋਰ ਕਈ ਕਿਤਾਬਾਂ ਮੈਂ ਏਥੇ ਹੀ ਪੜ੍ਹੀਆਂ। ਮੇਰੇ ਸਿਵਾ ਏਥੇ ਕੋਈ ਵੀ ਹੋਰ ਮਰਾਠੀ ਕਵਿਤਾ ਦੇ ਸੰਗ੍ਰਹਿ ਨਹੀਂ ਸੀ ਪੜ੍ਹਦਾ। ਮਰਾਠੀ ਨਾਵਲਾਂ ਦੇ ਵੱਡੇ ਭੰਡਾਰ ਵਿਚੋਂ ਹੁਣ ਕੁਝ ਨਾਂ

ਹੀ ਯਾਦ ਰਹਿ ਗਏ ਹਨ, ਜਿਨ੍ਹਾਂ ਵੱਲ ਮਰਾਠੀ ਆਲੋਚਕਾਂ ਦਾ ਕਦੇ ਧਿਆਨ ਨਹੀਂ ਗਿਆ। ਡਾਕਟਰ ਦੇਸ਼ਨਾਥ ਰੰਗਪਾਂਡੇ ਦਾ 'ਆਗਿਆ ਮੋਹੋਲ' ਤੇ ਮਨੋਹਰ ਤਲਹਾਰ ਦਾ 'ਮਾਨਸ' ਸ਼ਾਇਦ ਏਸੇ ਲਈ ਸਿਮਰਤੀ ਵਿਚ ਟਿਕੇ ਰਹੇ ਕਿਉਂਕਿ ਇਨ੍ਹਾਂ ਵਿਚੋਂ ਮੈਨੂੰ ਆਪਣੀ ਜ਼ਿੰਦਗੀ ਦਾ ਅਕਸ ਨਜ਼ਰ ਆਉਂਦਾ ਸੀ।

ਪੋਸਟ ਸਕਰਿਪਟ

ਕੋਸ਼ਿਸ਼ੇਂ ਤੇਜ਼ ਕਰੋ ਔਰ ਅੰਧੇਰੋਂ ਸੇ ਲੜੋ,

ਤਾ ਕਿ ਦੁਨੀਆ ਕੋ ਉਜਾਲੋਂ ਸੇ ਸਜਾਇਆ ਜਾਏ।

ਵੋ ਮਸ਼ਾਲੋਂ ਕੋ ਬੁਝਾਨੇ ਮੇਂ ਬਹੁਤ ਮਾਹਿਰ ਹੈਂ,

ਹਰ ਉਜਾਲੇ ਕੋ ਦਰਿੰਦੋਂ ਸੇ ਬਚਾਇਆ ਜਾਏ।

32

ਫ਼ਿਲਮ ਅੰਦਰ ਫ਼ਿਲਮਾਂ /ਮਨੀ ਕੌਲ

ਚੜ੍ਹਦੀ ਉਮਰੇ ਹਰ ਕੋਈ ਫ਼ਿਲਮਾਂ ਦਾ ਸ਼ੌਕੀਨ ਹੁੰਦਾ ਹੈ। ਮੈਨੂੰ ਵੀ ਫ਼ਿਲਮਾਂ ਦੇਖਣ ਦਾ ਹੀ ਨਹੀਂ ਸਗੋਂ ਕਈਆਂ ਨੂੰ ਬਾਰ ਬਾਰ ਦੇਖਣ ਦਾ ਖ਼ਬਤ ਸੀ। ਅੰਮ੍ਰਿਤਸਰ ਦੀ ਚਿਤਰਾ, ਟਾਕੀ, ਨੰਦਨ ਟਾਕੀ, ਨੌਸ਼ਾਦ, ਪ੍ਰਕਾਸ਼, ਸੰਗਮ, ਐਨ ਐਮ, ਸੂਰਜ, ਚੰਦਾ, ਤਾਰਾ ਤੇ ਹੋਰ ਕਈ ਥੀਏਟਰਾਂ ਵਿਚ ਅਨੇਕਾਂ ਫ਼ਿਲਮਾਂ ਦੇਖੀਆਂ-ਹਿੰਦੀ, ਪੰਜਾਬੀ, ਅੰਗਰੇਜ਼ੀ। ਫਿਰ ਹੌਲੀ ਹੌਲੀ ਖ਼ਬਤ ਘੱਟ ਗਿਆ ਜਾਂ ਫ਼ਿਲਮਾਂ ਹੀ ਅਜਿਹੀਆਂ ਬਣਨ ਲੱਗ ਪਈਆਂ ਕਿ ਦੇਖੀਆਂ ਨਾ ਦੇਖੀਆਂ ਇਕ ਬਰਾਬਰ ਰਹੀਆਂ। ਪਰ ਫ਼ਿਲਮਾਂ ਨਾਲ ਕਿਸੇ ਨਾ ਕਿਸੇ ਰੂਪ ਵਿਚ ਜੋੜ ਮੇਲ ਜ਼ਰੂਰ ਰਿਹਾ। ਅੱਜ ਵੀ ਪੁਰਾਣੇ ਫ਼ਿਲਮੀ ਸੰਗੀਤ ਦਾ ਮੈਂ ਦੀਵਾਨਾ ਹਾਂ। ਇਨ੍ਹਾਂ ਦਿਨਾਂ ਵਿਚ ਫ਼ਿਲਮਾਂ ਬਾਰੇ ਹੋਏ ਇਕ ਖੋਜ

ਕਾਰਜ ਦਾ ਮੁਲਾਂਕਣ ਕਰਨ ਦਾ ਮੌਕਾ ਮਿਲਿਆ ਤਾਂ ਕਈ ਫ਼ਿਲਮੀ ਯਾਦਾਂ ਉੱਭਰ ਆਈਆਂ ਤੇ ਨਾਲ ਹੀ ਯਾਦ ਆਇਆ ਉੱਘਾ ਫ਼ਿਲਮਕਾਰ ਮਨੀ ਕੌਲ। ਮਨੀ ਕੌਲ ਕਸ਼ਮੀਰੀ ਪੰਡਿਤ ਸੀ, ਪੂਰੀ ਤਰ੍ਹਾਂ ਭਾਰਤੀ ਰੰਗ ਵਿਚ ਰੰਗਿਆ ਹੋਇਆ। ਉਹਦਾ ਜਨਮ 25ਦਸੰਬਰ, 1944 ਨੂੰ ਕ੍ਰਿਸਮਿਸ ਵਾਲੇ ਦਿਨ ਜੋਧਪੁਰ (ਰਾਜਸਥਾਨ) ਵਿਚ ਹੋਇਆ। ਉਹਦਾ ਅਸਲੀ ਨਾਂ ਰਵਿੰਦਰ ਨਾਥ ਕੌਲ ਸੀ, ਪਰ ਉਹ ਜ਼ਿੰਦਗੀ ਵਿਚ ਕੁਝ ਵੱਖਰਾ ਕਰਨਾ ਚਾਹੁੰਦਾ ਸੀ, ਇਸ ਲਈ ਉਹਨੇ ਨਿੱਕਾ ਵੱਖਰਾ ਨਾਂ ਰੱਖ ਲਿਆ। 45 ਸਾਲਾਂ ਦੇ ਫ਼ਿਲਮੀ ਕੈਰੀਅਰ ਵਿਚ ਉਹਨੇ ਕੁਲ 25 ਫ਼ਿਲਮਾਂ ਤੇ ਡਾਕੂਮੈਂਟਰੀਆਂ ਬਣਾਈਆਂ। ਉਹਦਾ ਖ਼ਿਆਲ ਸੀ ਕਿ ਉਹਦੀਆਂ ਫ਼ਿਲਮਾਂ ਤੇ ਡਾਕੂਮੈਂਟਰੀਆਂ ਵਿਚ ਬੜੀ ਮਹੀਨ ਰੇਖਾ ਹੈ। ਉਹਨੇ ਫ਼ਿਲਮਾਂ ਵਿਚ ਪ੍ਰਯੋਗਵਾਦੀ ਧਾਰਾ ਨੂੰ ਪਹਿਲ ਦਿੱਤੀ। ਉਹਦਾ ਕਥਨ ਹੈ ਕਿ ਫ਼ਿਲਮ ਵਿਚ ਦਰਸ਼ਕ ਨੂੰ ਬਰਾਬਰ ਦੀ ਹਿੱਸੇਦਾਰੀ ਨਾਲ

ਸ਼ਮੂਲੀਅਤ ਕਰਨੀ ਚਾਹੀਦੀ ਹੈ। ਪੂਨੇ ਦੇ ਫ਼ਿਲਮੀ ਇੰਸਟੀਚਿਊਟ ਤੋਂ ਉਹਨੇ ਡਿਗਰੀ ਕੀਤੀ ਸੀ, ਸ਼ਾਇਦ ਏਸੇ ਲਈ ਉਹਦੇ ਮਨ ਵਿਚ ਕੁਝ ਵੱਖਰਾ ਕਰਨ ਦੀ ਤਾਂਘ ਸੀ, ਪਰ ਇਹਦੇ ਲਈ ਉਹਦਾ ਫ਼ਿਲਮੀ ਗੁਰੂ ਰਿਤਵਿਕ ਘਟਕ ਵੀ ਜ਼ਿੰਮੇਵਾਰ ਹੈ ਜਿਸ ਨੇ ਉਹਨੂੰ ਕੁਝ ਵੱਖਰਾ ਕਰਨ ਦੀ ਦੀਖਿਆ ਦਿੱਤੀ। 1961 ਵਿਚ ਉਹਦੀ ਫ਼ਿਲਮ 'ਉਸਕੀ ਰੋਟੀ' ਨੂੰ ਫ਼ਿਲਮ ਫੇਅਰ ਐਵਾਰਡ ਮਿਲਿਆ, 1974 ਵਿਚ 'ਦੁਵਿਧਾ' ਲਈ ਬੈੱਸਟ ਨਿਰਦੇਸ਼ਕ ਦਾ ਐਵਾਰਡ ਮਿਲਿਆ। ਇਸ ਤੋਂ ਇਲਾਵਾ ਅਸ਼ਾੜ ਕਾ ਏਕ ਦਿਨ, ਈਡੀਅਟ ਤੇ ਕਈ ਹੋਰ ਫ਼ਿਲਮਾਂ ਨੂੰ ਵੀ ਐਵਾਰਡ ਮਿਲੇ। ਉਹਦੀਆਂ ਪ੍ਰਸਿੱਧ ਫ਼ਿਲਮਾਂ ਵਿਚ ਘਾਸੀਰਾਮ ਕੋਤਵਾਲ, ਮਾਟੀ ਮਾਨੁਸ, ਨਜ਼ਰ, ਨੌਕਰ ਕੀ ਕਮੀਜ਼, ਸਤਹ ਸੇ ਉਠਤਾ ਆਦਮੀ, ਬੋਝ, ਦ ਕਲਾਊਡ ਡੋਰ ਤੇ ਕਈ ਹੋਰ ਸ਼ਾਮਲ ਹਨ। 03 ਜੁਲਾਈ, 2011 ਨੂੰ ਲੰਮੀ ਬਿਮਾਰੀ ਤੋਂ ਬਾਅਦ ਉਹ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਕਹਿ ਗਿਆ।

ਫ਼ਿਲਮਾਂ ਬਾਰੇ ਆਪਣੇ ਨਜ਼ਰੀਏ ਦੀ ਗੱਲ ਕਰਦਾ ਉਹ ਲਿਖਦਾ ਹੈ - ਫ਼ਿਲਮ ਵਿਚ ਕੋਈ ਕੇਂਦਰੀ ਵਿਚਾਰ, ਭਾਵੇਂ ਉਹ ਵਿਚਾਰਾਤਮਿਕ ਹੋਵੇ ਜਾਂ ਕਿਸੇ ਅਨੁਸ਼ਾਸਨ ਨੂੰ ਲੈ ਕੇ, ਇਕ ਸੀਮਾ ਪੈਦਾ ਕਰ ਦੇਂਦਾ ਹੈ। ਜੇ ਦੇਖਿਆ ਜਾਵੇ ਤਾਂ ਜਿੱਥੇ ਵੀ ਪਰੰਪਰਾਸਹਿਣਸ਼ੀਲਤਾ ਦੇ ਆਸਰੇ ਸਭ ਨਾਲੋਂ ਜ਼ਿਆਦਾ ਅੱਗੇ ਵਧੀ ਹੈ ਤਾਂ ਉਹ ਅਨੇਕਤਾ ਕਰਕੇ ਨਾ ਕੇ ਏਕਤਾ ਕਰਕੇ। ਹਿੰਦੁਸਤਾਨ ਵਿਚ ਅਨੇਕਤਾ ਦਾ ਸਿਧਾਂਤ ਬੜਾ ਮਜ਼ਬੂਤ ਰਿਹਾ ਹੈ। ਏਥੇ ਏਕਤਾ ਦਾ ਸਿਧਾਂਤ ਭਾਵੇਂ ਦਰਸ਼ਨ ਵਿਚ ਹੋਵੇ ਪਰ ਜ਼ਿੰਦਗੀ ਵਿਚ ਅਨੇਕਤਾ ਦੇ ਸਿਧਾਂਤ ਦੀ ਚੜ੍ਹਤ ਰਹੀ ਹੈ। ਇਹ ਹਿੰਦੁਸਤਾਨ ਦੀ ਸਭ ਤੋਂ ਵੱਡੀ ਸਿਫ਼ਤ ਰਹੀ ਹੈ। ਏਥੇ ਦੂਰ ਦੂਰ ਭਾਂਤ ਭਾਂਤ ਦੀਆਂ ਚੀਜ਼ਾਂ ਨੂੰ ਇਕ ਥਾਂ ਇਕੱਠਾ ਕਰਨਾ ਜਾਂ ਸਮੋਣਾ ਸੰਭਵ ਨਹੀਂ, ਸਗੋਂ ਉਨ੍ਹਾਂ ਦਾ ਵੱਖ ਵੱਖ ਦਿਸ਼ਾਵਾਂ ਵਿਚ ਫੈਲਣਾ ਵਡਭਾਗਾ ਹੈ। ਹਰ ਥਾਂ ਵੱਖ ਵੱਖ ਕਿਸਮਾਂ ਦੇ ਲੋਕ ਵੱਸਦੇ ਹਨ। ਅਨੇਕਤਾ ਦਾ ਸਿਧਾਂਤ ਅਜਿਹਾ ਸਿਧਾਂਤ ਹੈ ਜਿਸ ਦੀ

ਅਸੀਂ ਅਸਾਨੀ ਨਾਲ ਵਰਤੋਂ ਕਰ ਸਕਦੇ ਹਾਂ। ਪਰ ਏਥੇ ਵੱਡਾ ਸੁਆਲ ਇਹ ਹੈ ਕਿ ਇਹਦੀ ਵਰਤੋਂ ਕੀਤੀ ਕਿਵੇਂ ਜਾਵੇ? ਬਹੁਤ ਘੱਟ ਅਜਿਹੀਆਂ ਫ਼ਿਲਮਾਂ ਹਨ ਜਿਨ੍ਹਾਂ ਵਿਚ ਇਸ ਦੀ ਵਰਤੋਂ ਕੀਤੀ ਗਈ ਹੈ। 'ਐਟ ਐਂਡ ਹਾਫ਼' ਮੇਰੇ ਹਿਸਾਬ ਨਾਲ ਅਜਿਹੀ ਫ਼ਿਲਮ ਹੈ, ਜਿਸ ਵਿਚ ਇਸ ਅਨੇਕਤਾ ਦੀ ਬਾਤ ਪਾਈ ਗਈ ਹੈ। ਮੈਨੂੰ ਲਗਦਾ ਹੈ ਕਿ ਹੁਣ ਅਜਿਹਾ ਸਮਾਂ ਆ ਗਿਆ ਹੈ ਕਿ ਸਾਨੂੰ ਅਜਿਹੀਆਂ ਫ਼ਿਲਮਾਂ ਬਣਾਉਣੀਆਂ ਚਾਹੀਦੀਆਂ ਹਨ, ਜਿਸ ਦੇ ਅੰਦਰ ਬਹੁਤ ਸਾਰੀਆਂ ਫ਼ਿਲਮਾਂ ਹੋਣ। ਮੇਰੇ ਹਿਸਾਬ ਨਾਲ ਤਾਂ ਸਕਰਿਪਟ ਵਿਚ ਇਹ ਲਿਖਣਾ ਜ਼ਰੂਰੀ ਨਹੀਂ ਕਿ ਆਦਮੀ ਅੰਦਰ ਆਇਆ ਦਰਵਾਜ਼ੇ ਵਿਚੋਂ ਲੰਘਿਆ ਤੇ ਬਹਿ ਗਿਆ। ਸਕਰਿਪਟ ਦੀ ਭੂਮਿਕਾ ਸਿਰਫ਼ ਏਨੀ ਹੈ ਕਿ ਉਹ ਕਹੇ ਕਿ ਜਦੋਂ ਅੰਦਰ ਆਇਆ ਤਾਂ ਬਾਹਰ ਦਰੱਖਤ ਹਵਾ ਨਾਲ ਬਹੁਤ ਤੇਜ਼ ਤੇਜ਼ ਹਿੱਲ ਰਹੇ ਸਨ। ਆਦਮੀ ਦਾ ਅੰਦਰ ਆਉਣਾ ਤੇ ਦਰੱਖਤਾਂ ਦਾ ਬਾਰੀ ਦੇ

ਬਾਹਰ ਹਿੱਲਣਾ, ਇਸ ਦਾ ਸੰਬੰਧ ਕਾਇਮ ਕਰਨਾ ਸਕਰਿਪਟ ਦਾ ਕੰਮ ਹੈ। ਪੂਰੀ ਫ਼ਿਲਮ ਨੂੰ ਤੈਹ ਕਰਨ ਲੱਗਣਾ ਸਕਰਿਪਟ ਦਾ ਕੰਮ ਨਹੀਂ। ਦੇਖਣ ਦਾ ਜੋ ਤਰੀਕਾ ਹੈ, ਘੱਟੋ ਘੱਟ ਫ਼ਿਲਮਾਂ ਵਿਚ, ਉਸ ਤੋਂ ਬਹੁਤ ਕੁਝ ਆਪੇ ਸਪਸ਼ਟ ਹੋ ਜਾਂਦਾ ਹੈ। ਹੁਣ ਉਸ ਵਿਚ ਕੀ ਹੈ,ਉਹ ਕੁਝ ਵਿਚਾਰਧਾਰਾ ਦੀਆਂ ਸਮੱਸਿਆਵਾਂ ਹਨ। ਜੇ ਤੁਸੀਂ ਵਿਗਿਆਪਨਾਂ ਦੀ ਦੁਨੀਆ ਵਿਚੋਂ ਆਏ ਹੋ ਤੇ ਮਾਰਕਸਵਾਦੀ ਫ਼ਿਲਮ ਬਣਾ ਰਹੇ ਹੋ ਤਾਂ ਤੁਹਾਡੀ ਵਿਸ਼ੇਸ਼ ਦ੍ਰਿਸ਼ਟੀ ਤਾਂ ਓਹੀ ਹੈ, ਵੇਚਣ ਵਾਲੀ।ਤੇ ਅਸਲ ਵਿਚ ਤੁਸੀਂ ਮਾਰਕਸ ਨੂੰ ਵੀ ਵੇਚ ਰਹੇ ਹੋ। ਆਪਣੀ ਵਿਸ਼ੇਸ਼ ਦ੍ਰਿਸ਼ਟੀ ਨੂੰ ਤੁਸੀਂ ਕਿੰਨਾ ਵੀ ਲੁਕਾਓ, ਕਿਉਂਕਿ ਉਹ ਵੇਚਣ ਵਾਲੀ ਹੈ, ਇਸ ਕਰਕੇ ਉਹ ਤੁਹਾਡੀ ਫ਼ਿਲਮ ਦਾ ਕੰਟੈਂਟ ਹੈ, ਥੀਮ ਨਹੀਂ। ਕਮਰਸ਼ੀਅਲ ਫ਼ਿਲਮਾਂ ਵਿਚ ਇਹੀ ਹੁੰਦਾ ਹੈ ਕਿ ਉਨ੍ਹਾਂ ਦੇ ਪਾਤਰ ਕਿਸੇ ਇਕ ਆਈਡੀਏ ਵਿਚ ਬੱਝੇ ਹੁੰਦੇ ਨੇ। ਕਈਆਂ ਨੂੰ ਲੱਗਦਾ ਹੈ ਕਿ ਕਮਰਸ਼ੀਅਲ ਫ਼ਿਲਮਾਂ ਵਿਚ ਵਧੇਰੇ

ਅਨੇਕਤਾ ਹੁੰਦੀ ਹੈ, ਉਨ੍ਹਾਂ ਵਿਚ ਕੁਝ ਵੀ ਕੰਟਰੋਲ ਵਿਚ ਨਹੀਂ ਹੁੰਦਾ, ਜਦਕਿ ਅਸਲੀਅਤ ਵਿਚ ਅਜਿਹਾ ਨਹੀਂ ਹੁੰਦਾ। ਉਹ ਤਾਂ ਬਹੁਤ ਜ਼ਿਆਦਾ ਬੱਝੇ ਹੁੰਦੇ ਹਨ। ਉਹ ਤਾਂ ਜੇ ਫ਼ੋਨ ਚੁੱਕਣਗੇ ਤਾਂ ਹੈਲੋ ਹੀ ਬੋਲਣਗੇ, ਤੇ ਉਸ ਤੋਂ ਵੀ ਅਜਿਹਾ ਲੱਗੇਗਾ ਕਿ ਉਨ੍ਹਾਂ ਦੀਆਂ ਇੱਛਾਵਾਂ ਦੱਬੀਆਂ ਹੋਈਆਂ ਹਨ। ਜਿਵੇਂ ਗੋਦਾਰ ਕਹਿੰਦੇ ਹੁੰਦੇ ਸਨ ਕਿਸੇ ਵੀ ਐਕਟਰ ਨੂੰ ਤੁਸੀਂ ਕਹੋ ਕਿ ਬੰਦੂਕ ਕੱਢ ਤਾਂ ਉਹ ਓਵੇਂ ਹੀ ਬੰਦੂਕ ਕੱਢੇਗਾ ਜਿਵੇਂ ਹਾਲੀਵੁੱਡ ਵਾਲੇ ਕੱਢਦੇ ਹਨ। ਉਹ ਬੰਦੂਕ ਕੱਢ ਕੇ ਉਂਜ ਖੜ੍ਹਾ ਹੋ ਜਾਏਗਾ ਜਿਵੇਂ ਹਾਲੀਵੁੱਡ ਵਾਲੇ ਕਰਦੇ ਨੇ। ਹਾਲੀਵੁੱਡ ਦਾ ਨਾਇਕ ਇਹ ਨਹੀਂ ਕਰ ਸਕਦਾ ਸਿੱਧੇ ਤਰੀਕੇ ਨਾਲ ਬੰਦੂਕ ਕੱਢੇ ਤੇ ਸਾਹਮਣੇ ਵਾਲੇ 'ਤੇ ਦਾਗ਼ ਦੇਵੇ। ਉਹ ਤਾਂ ਟੇਢਾ ਮੇਢਾ ਹੋ ਕੇ ਹੀ ਕੱਢੇਗਾ। ਗੋਦਾਰ ਤਾਂ ਸਾਰੀ ਉਮਰ ਹਾਲੀਵੁੱਡ ਦੇ ਇਸ ਇਮੇਜ ਖ਼ਿਲਾਫ਼ ਲੜਦੇ ਰਹੇ,ਕਿ ਉਸ ਵਿਚ ਕੋਈ ਦਮ ਨਹੀਂ। ਉਨ੍ਹਾਂ ਦੀ ਇਹ ਲੜਾਈ ਰਹੀ ਤੇ ਉਨ੍ਹਾਂ ਨੇ ਆਪਣੇ ਕੰਮ ਦੀ ਊਰਜਾ

ਤੇ ਤੇਜ ਨਾਲ ਇਸ ਮਿੱਥ ਨੂੰ ਤੋੜਿਆ। ਸ਼ੁਰੂ ਤੋਂ ਲੈ ਕੇ ਅੱਜ ਤੱਕ ਮੇਰੀਆਂ ਫ਼ਿਲਮਾਂ ਵਿਚ ਇਕ ਵੱਡਾ ਫ਼ਰਕ ਦੇਖਣ ਨੂੰ ਮਿਲੇਗਾ ਕਿ ਮੈਂ ਆਪਣੇ ਵੱਲੋਂ ਕਾਫ਼ੀ ਕੰਟਰੋਲ ਛੱਡ ਦਿੱਤਾ। ਜਿੰਨਾ ਕੰਟਰੋਲ ਮੈਂ ਪਹਿਲਾਂ ਕਰਦਾ ਸਾਂ, ਹੁਣ ਨਹੀਂ ਕਰਦਾ। ਪਰ ਹੈਰਾਨੀ ਇਸ ਗੱਲ ਦੀ ਹੁੰਦੀ ਹੈ ਕਿ ਕੰਟਰੋਲ ਨਾ ਕਰਨ ਦੇ ਬਾਵਜੂਦ ਵੀ ਕੋਈ ਨਾ ਕੋਈ ਚੀਜ਼ ਆ ਕੇ ਅਜਿਹੀ ਜੰਮ ਜਾਂਦੀ ਹੈ ਕਿ ਲੋਕਾਂ ਨੂੰ ਲੱਗਦਾ ਹੈ ਕਿ ਮੈਂ ਜ਼ਰੂਰ ਸੋਚ ਸਮਝ ਕੇ ਇਹਦੇ ਬਾਰੇ ਫ਼ੈਸਲਾ ਕੀਤਾ ਹੋਵੇਗਾ। ਜੇ ਸੈੱਟ 'ਤੇ ਜਾ ਕੇ ਖੜ੍ਹਾ ਹੋਣਾ ਹੀ ਕੰਟਰੋਲ ਹੈ ਤਾਂ ਤੇ ਇਸ ਤੋਂ ਵੱਡੀ ਕੋਈ ਮੁਸੀਬਤ ਨਹੀਂ।

ਪੋਸਟ ਸਕਰਿਪਟ

ਆਓ ਕਿ ਤੁਮਹੇ ਹਵਾਓਂ ਕੇ ਪਰੋਂ ਪੇ ਲੇਕਰ ਉਡਾਤਾ ਚਲੂੰ
ਲਗਾ ਹੈ ਬਾਦਲੋਂ ਕਾ ਮੇਲਾ ਬਾਰਸ਼ੋਂ ਮੇਂ ਭਿਗੋਤਾ ਚਲੂੰ।

ਦਰਖ਼ਤੋਂ ਕੀ ਉਦਾਸ ਸ਼ਾਖ਼ੋਂ ਪੇ ਰਾਤੋਂ ਕੋ ਗਾਏਂਗੇ ਜਬ ਪੰਛੀ

ਤੁਮਹੇ ਭੀ ਉਨਕਾ ਕੋਈ ਰਾਗ ਗ਼ਮਗੀਨ ਸੁਨਾਤਾ ਚਲੂੰ।

33

ਕਲਾ-ਕੁਸ਼ਲਤਾ ਦੇ ਖਜ਼ਾਨੇ

ਮਹਾਂਕਵੀ ਰਵਿੰਦਰ ਨਾਥ ਟੈਗੋਰ ਬੰਗਾਲੀ ਸਾਹਿਤ ਦੀ ਸਿਖਰ ਮੰਨੇ ਜਾਂਦੇ ਹਨ। ਉਨ੍ਹਾਂ ਨੇ ਬੰਗਾਲੀ ਸਾਹਿਤ ਤੇ ਭਾਸ਼ਾ ਦਾ ਦੁਨੀਆ ਨਾਲ ਤੁਆਰਫ਼ ਕਰਾਇਆ। ਓਸੇ ਕੜੀ ਵਿਚ ਸ਼ਰਤਚੰਦਰ, ਬੰਕਿਮ ਚੰਦਰ ਚੈਟਰਜੀ ਤੇ ਤਾਰਾਸ਼ੰਕਰ ਬੰਧੋਪਾਧਿਆਏ ਦਾ ਨਾਂ ਆਉਂਦਾ ਹੈ। ਤਾਰਾਸ਼ੰਕਰ ਹੋਰਾਂ ਦੇ 'ਕਵੀ', 'ਅਰੋਗ ਨਿਕੇਤਨ' ਨਾਵਲ ਪੰਜਾਬੀ ਵਿਚ ਅਨੁਵਾਦ ਹੋਕੇ ਕਾਫ਼ੀ ਪ੍ਰਸਿੱਧੀ ਖੱਟ ਚੁੱਕੇ ਹਨ। ਮੈਂ ਇਹ ਨਾਵਲ ਮੁੱਦਤ ਪਹਿਲਾਂ ਪੜ੍ਹੇ ਸਨ। ਤਾਰਾਸ਼ੰਕਰ ਹੋਰਾਂ ਕੋਲ ਕਹਾਣੀ ਕਹਿਣ ਦੀ ਵਿਸ਼ੇਸ਼ ਕੁਸ਼ਲਤਾ ਹੈ। ਹਰ ਵਿਅਕਤੀ ਦਾ ਬਚਪਨ ਬੜਾ ਲਾਜਵਾਬ ਹੁੰਦਾ ਹੈ, ਜਦੋਂ ਸਿੱਖਣ ਦੀ ਉਮਰ ਵਿਚ ਉਹ ਅਜਿਹਾ ਕੁਝ ਸਿੱਖ ਜਾਂਦਾ ਹੈ ਜੋ ਭਵਿਖ ਦੀ ਦੁਨੀਆ ਨੂੰ

ਸਵਾਰ ਦੇਂਦਾ ਹੈ। ਤਾਰਾਸ਼ੰਕਰ ਹੋਰਾਂ ਦੇ ਬਚਪਨ ਵਿਚ ਉਨ੍ਹਾਂ ਦੀ ਮਾਂ ਨੇ ਉਨ੍ਹਾਂ ਨੂੰ ਜੋ ਕਹਾਣੀਆਂ ਸੁਣਾਈਆਂ ਉਨ੍ਹਾਂ ਨੇ ਉਸ ਬੱਚੇ ਵਿਚ ਇਕ ਮਹਾਨ ਲੇਖਣੀ ਦੇ ਬੀਜ ਬੀਜ ਦਿੱਤੇ। ਆਪਣੇ ਬਚਪਨ ਬਾਰੇ ਉਹ ਲਿਖਦੇ ਹਨ- ਬਚਪਨ ਵਿਚ ਮੈਨੂੰ ਜਿੰਨੀਆਂ ਕਹਾਣੀਆਂ ਸੁਣਨ ਦਾ ਮੌਕਾ ਮਿਲਿਆ, ਓਨਾ ਸ਼ਾਇਦ ਹੀ ਕਿਸੇ ਨੂੰ ਮਿਲਿਆ ਹੋਵੇ। ਅੱਜ ਮੈਨੂੰ ਜਦੋਂ ਉਨ੍ਹਾਂ ਦੀ ਯਾਦ ਆਉਂਦੀ ਹੈ ਤਾਂ ਲੱਗਦਾ ਹੈ ਕਿ ਉਹ ਕਹਾਣੀਆਂ ਬੜੀਆਂ ਜੀਵੰਤ ਸਨ। ਉਨ੍ਹਾਂ ਵਿਚ ਜ਼ਿੰਦਗੀ ਦੀ ਧੜਕਣ ਮਹਿਸੂਸ ਹੁੰਦੀ ਸੀ। ਅੱਜ ਪੁਰਾਣੇ ਜ਼ਮਾਨੇ ਦੀਆਂ ਕਹਾਣੀਆਂ ਦੇ ਅਨੇਕਾਂ ਸੰਗ੍ਰਹਿ ਮਿਲ ਜਾਂਦੇ ਹਨ ਪਰ ਮੇਰੀਆਂ ਸੁਣੀਆਂ ਹੋਈਆਂ ਕਹਾਣੀਆਂ ਇਨ੍ਹਾਂ ਵਿਚ ਕਿਤੇ ਵੀ ਨਜ਼ਰ ਨਹੀਂ ਆਉਂਦੀਆਂ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਮੇਰੀਆਂ ਸੁਣੀਆਂ ਹੋਈਆਂ ਕਹਾਣੀਆਂ ਦਾ ਬੰਗਾਲ ਨਾਲ ਕੋਈ ਸੰਬੰਧ ਨਹੀਂ। ਮੈਂ ਸਭ ਤੋਂ ਪਹਿਲਾਂ ਆਪਣੀ ਮਾਂ ਕੋਲੋਂ ਕਹਾਣੀਆਂ

ਸੁਣੀਆਂ। ਉਹ ਪਟਨਾ ਸ਼ਹਿਰ ਦੀ ਜੰਮਪਲ ਤੇ ਪੜ੍ਹੀ ਲਿਖੀ ਸੀ। ਉਹਨੇ ਮੈਨੂੰ ਜੋ ਕਹਾਣੀਆਂ ਸੁਣਾਈਆਂ, ਉਹ ਉਹਨੇ ਆਪਣੀ ਮਾਂ ਦੀ ਪਰਿਚਾਰਿਕਾ ਕੋਲੋਂ ਸੁਣੀਆਂ ਸਨ,ਜਿਸ ਨੂੰ ਉਹ ਬੁੱਢੀ ਦਾਈ ਕਹਿੰਦੀ ਸੀ। ਬੁੱਢੀ ਦਾਈ ਪ੍ਰਤੀ ਮੇਰੀ ਮਾਂ ਦੇ ਮਨ ਵਿਚ ਬਹੁਤ ਜ਼ਿਆਦਾ ਸ਼ਰਧਾ ਸੀ। ਉਹਨੇ ਮੈਨੂੰ ਘਸੇੜਾਨੰਦਨ ਦੀ ਕਹਾਣੀ ਸੁਣਾਈ। ਇਸ ਸ਼ਬਦ ਵਿਚ ਹਿੰਦੀ ਦੀ ਖ਼ੁਸ਼ਬੋ ਹੈ। ਪਰ ਮੇਰੀ ਮਾਂ ਨੇ ਇਸ ਨੂੰ ਬੜੇ ਕਲਾਤਮਕ ਤਰੀਕੇ ਨਾਲ ਬੰਗਾਲੀ ਵਿਚ ਢਾਲ ਲਿਆ। ਤਿੰਨ ਮਹੀਨੇ ਪਹਿਲਾਂ ਇਹੀ ਕਹਾਣੀ ਉਹ ਮੇਰੇ ਪੋਤੇ ਨੂੰ ਸੁਣਾ ਰਹੀ ਸੀ। ਮੈਂ ਉਹਦੇ ਕੋਲ ਜਾ ਕੇ ਬਹਿ ਗਿਆ, ਤਾਂ ਉਹਨੇ ਮੇਰੀ ਪਿੱਠ ’ਤੇ ਹੱਥ ਰੱਖਿਆ ਜਿਵੇਂ ਉਹ ਮੈਨੂੰ ਕਹਾਣੀ ਸੁਣਾ ਰਹੀ ਹੋਵੇ। ਇਸ ਕਹਾਣੀ ਵਿਚ ਇਕ ਥਾਂ ਬਹੁਤ ਸਾਰੇ ਖਾਣਿਆਂ ਦਾ ਜ਼ਿਕਰ ਆਉਂਦਾ ਹੈ। ਮੈਂ ਸੁਣ ਰਿਹਾ ਸਾਂ ਮਾਂ ਇਕੋ ਸਾਹੇ ਬੰਗਾਲੀ ਖਾਣਿਆਂ ਦਾ ਜ਼ਿਕਰ ਕਰਦੀ ਜਾ ਰਹੀ ਸੀ। ਇਨ੍ਹਾਂ ਵਿਚ ਇਕ ਵੀ

ਖਾਣਾ ਬਿਹਾਰ ਦਾ ਨਹੀਂ ਸੀ। ਉਸ ਸਮੇਂ ਮੈਨੂੰ ਮਹਿਸੂਸ ਹੋਇਆ ਕਿ ਕਹਾਣੀ ਕਹਿਣ ਦੀ ਕਲਾ ਮੈਂ ਮਾਂ ਕੋਲੋਂ ਸਿੱਖੀ ਹੈ। ਇਸ ਕਹਾਣੀ ਵਿਚ ਇਕ ਰਾਜਕੁਮਾਰੀ ਵੀ ਹੈ ਤੇ ਇਕ ਡਾਕਿਣੀ- ਯੋਗਨੀ ਵੀ। ਪਰ ਇਹ ਉਹਨੂੰ ਯਾਦ ਨਹੀਂ ਰਹਿੰਦੀਆਂ। ਯਾਦ ਰਹਿੰਦਾ ਹੈ ਤਾਂ ਸਿਰਫ਼ ਸੱਚ ਬੋਲਣ ਦਾ ਮਹੱਤਵ। ਕੁਝ ਮੁੰਡਿਆਂ ਦੁਆਰਾ ਦੋਸਤ ਕੋਲੋਂ ਸੱਚ ਛੁਪਾਉਣ 'ਤੇ ਮਹਾਂਵੀਰ ਘਸੇੜਾਨੰਦਨ ਨੇ ਕਿਹਾ ਸੀ- ਤੁਸੀਂ ਸਾਰੇ ਮੇਰੇ ਦੋਸਤ ਹੋ, ਤੁਹਾਨੂੰ ਮੈਂ ਕਦੇ ਨਹੀਂ ਭੁੱਲ ਸਕਦਾ। ਤੁਸੀਂ ਸਾਰੇ ਮੈਨੂੰ ਬਹੁਤ ਚੰਗੇ ਲੱਗਦੇ ਹੋ। ਪਰ ਮੇਰੇ ਲਈ ਸੱਚ ਸਭ ਤੋਂ ਉਪਰ ਹੈ।' ਮੈਨੂੰ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਸਕੂਲੀ ਪੜ੍ਹਾਈ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਮਾਂ ਤੇ ਗੁਰੂਜਨਾਂ ਕੋਲੋਂ ਜੋ ਕਹਾਣੀਆਂ ਸੁਣੀਆਂ ਉਨ੍ਹਾਂ ਤੋਂ ਜ਼ਿੰਦਗੀ ਬਾਰੇ ਮੇਰੀ ਸਮਝ ਪੈਂਰ੍ਹ ਹੋਈ। ਇਸ ਮਾਮਲੇ ਵਿਚ ਮਾਂ ਤੋਂ ਬਾਅਦ ਗੋਸਾਈਂ ਬਾਬਾ ਰਾਮ ਜੀ ਸਾਧੂ ਦਾ ਨਾਂ ਆਉਂਦਾ ਹੈ। ਕਹਾਣੀਆਂ ਸਿਰਫ਼ ਮੈਂ ਹੀ ਨਹੀਂ ਸਾਂ

ਸੁਣਦਾ ਤੇ ਨਾ ਹੀ ਕਹਾਣੀਆਂ ਦੇ ਸਰੋਤੇ ਸਿਰਫ਼ ਬੱਚੇ ਹੀ ਹੁੰਦੇ ਸਨ, ਸਗੋਂ ਉਸ ਦੌਰ ਵਿਚ ਵੱਡਿਆਂ ਦੀਆਂ ਮਜਲਿਸਾਂ ਵਿਚ ਵੀ ਕਹਾਣੀਆਂ ਸੁਣੀਆਂ/ਸੁਣਾਈਆਂ ਜਾਂਦੀਆਂ ਸਨ। ਇਸ ਮਾਮਲੇ ਵਿਚ ਪਿਤਾ ਜੀ ਦਾ ਬੈਠਕ ਖਾਨਾ ਪਿੰਡ ਵਿਚ ਸਭ ਤੋਂ ਵੱਡਾ ਸੀ,ਜਿੱਥੇ ਸਵੇਰੇ ਸਵੇਰੇ ਹੀ ਲੋਕਾਂ ਦਾ ਤਾਂਤਾ ਲੱਗ ਜਾਂਦਾ ਸੀ। ਸਵੇਰੇ ਅੱਠ ਵੱਜਦੇ ਵੱਜਦੇ ਚਾਹ ਦੀ ਮਹਿਫ਼ਲ ਜੰਮ ਜਾਂਦੀ ਸੀ, ਜਿਸ ਵਿਚ ਤੀਹ ਚਾਲੀ ਲੋਕ ਹੁੰਦੇ ਸਨ। ਪਿੰਡ ਦੇ ਹੀ ਵੈਸ਼ਨਵ ਪਰਿਵਾਰ ਦੇ ਅਨੰਤ ਦਾਦਾ ਮੇਰੇ ਪਿਤਾ ਦੇ ਖਾਸ ਖ਼ਾਨਸਾਮੇ ਸਨ। ਬਚਪਨ ਤੋਂ ਹੀ ਉਹ ਸਾਡੇ ਘਰ ਵਿਚ ਰਹਿ ਰਹੇ ਸਨ ਤੇ ਪਿਤਾ ਜੀ ਨੇ ਉਨ੍ਹਾਂ ਨੂੰ ਸਾਰੇ ਕੰਮ ਸਮਝਾਏ ਹੋਏ ਸਨ। ਅਨੰਤ ਦਾਦਾ ਸਵੇਰੇ ਉੱਠਦਿਆਂ ਹੀ ਬੈਠਕ ਖ਼ਾਨੇ ਲਈ ਚਾਹ ਤੇ ਤੰਬਾਕੂ ਦਾ ਇੰਤਜ਼ਾਮ ਕਰਨ ਵਿਚ ਜੁੱਟ ਜਾਂਦੇ। ਦੁਪਹਿਰ ਇਕ ਵਜੇ ਤਕ ਮਜਲਸ ਜੁੜੀ ਰਹਿੰਦੀ ਸੀ। ਰਾਤ ਅੱਠ ਵਜੇ ਫਿਰ ਮਜਲਸ ਜੁੜਦੀ ਜੋ ਬਾਰਾਂ ਵਜੇ ਤਕ

ਚਲਦੀ। ਮਜਲਸ ਵਿਚ ਵਿਭਿੰਨ ਮੁੱਦਿਆਂ 'ਤੇ ਗੱਲਬਾਤ ਤੇ ਬਹਿਸ ਹੁੰਦੀ। ਕਦੇ ਕਦੇ ਹਾਸੇ ਠੱਠੇ ਵੀ ਹੁੰਦੇ ਤੇ ਦੇਰ ਰਾਤ ਤੱਕ ਠਹਾਕਿਆਂ ਦੀ ਗੂੰਜ ਗੂੰਜਦੀ ਰਹਿੰਦੀ। ਅੱਜ ਦੇ ਲੋਕਾਂ ਵਿਚ ਨਾ ਤਾਂ ਇਕ ਦੂਜੇ ਨਾਲ ਘੁਲ਼ਣ ਮਿਲਣ ਦਾ ਜਜ਼ਬਾ ਰਿਹਾ ਹੈ ਤੇ ਨਾ ਉਨ੍ਹਾਂ ਕੋਲ ਏਨੀਆਂ ਲੰਮੀਆਂ ਤੇ ਜ਼ਿੰਦਾ-ਦਿਲ ਮਜਲਸਾਂ ਲਈ ਸਮਾਂ ਬਚਿਆ ਹੈ। ਇਸ ਮਜਲਸ ਵਿਚ ਕਦੇ ਕਦੇ ਗੋਸਾਈਂ ਬਾਬਾ ਕਹਾਣੀ ਸੁਣਾਉਂਦੇ। ਪਿਤਾ ਜੀ ਨੂੰ ਵੀ ਮੈਂ ਕਈ ਵਾਰ ਕਹਾਣੀਆਂ ਸੁਣਾਉਂਦਿਆਂ ਸੁਣਿਆ। ਉਹ ਬੜੇ ਸਲੀਕੇ ਨਾਲ ਗੱਲਬਾਤ ਕਰਦੇ ਤੇ ਬੜੇ ਸ਼ਾਨਦਾਰ ਤੇ ਉੱਤਮ ਵਕਤੇ ਸਨ। ਪਰ ਕਹਾਣੀ ਸੁਣਾਉਣ ਲਈ ਜਿਸ ਕਲਾ-ਕੁਸ਼ਲਤਾ ਦੀ ਲੋੜ ਹੁੰਦੀ ਹੈ, ਉਹ ਉਨ੍ਹਾਂ ਵਿਚ ਨਹੀਂ ਸੀ। ਜ਼ਿਆਦਾਤਰ ਉਹ ਬੇਤਾਲ ਪਚੀਸੀ ਜਾਂ ਉਸ ਤਰ੍ਹਾਂ ਦੀਆਂ ਹੀ ਕਹਾਣੀਆਂ ਸੁਣਾਉਂਦੇ। ਇਨ੍ਹਾਂ ਕਹਾਣੀਆਂ ਦੇ ਅਖੀਰ ਵਿਚ ਇਕ ਪ੍ਰਸ਼ਨ ਜ਼ਰੂਰ ਹੁੰਦਾ ਸੀ, ਜਿਸ ਦਾ ਉਤਰ ਵੀ ਉਹ ਖ਼ੁਦ

ਹੀ ਦੇਂਦੇ ਸਨ।

ਪੋਸਟ ਸਕਰਿਪਟ

ਸਮਾਜਕ ਤਬਦੀਲੀਆਂ ਤੇ ਮਨੁੱਖ ਦੀ ਮਕਾਨਕੀ ਤਰਜ਼ੇ-ਜ਼ਿੰਦਗੀ ਨੇ ਉਸ ਕੋਲੋਂ ਉਹ ਸਮਾਂ ਖੋਹ ਲਿਆ ਹੈ, ਜਿੱਥੇ ਬਹਿ ਕੇ ਉਹ ਆਪਣੇ ਆਪ ਨਾਲ ਗੱਲਾਂ ਕਰ ਸਕਦਾ ਸੀ, ਮਨੁੱਖੀ ਅਨੁਭਵਾਂ ਤੋਂ ਕੁਝ ਸਿੱਖ ਕੇ ਆਪਣੀ ਸਮਝ ਨੂੰ ਅਕਾਸ਼ ਤੱਕ ਉੱਚੀ ਲਿਜਾ ਸਕਦਾ ਸੀ। ਦਾਦੀਆਂ ਨਾਨੀਆਂ ਦੇ ਉਹ ਕਥਾ ਖਜ਼ਾਨੇ ਬੀਤੇ ਦੀ ਗੱਲ ਬਣ ਕੇ ਰਹਿ ਗਏ ਹਨ। ਉਹ ਮਨੁੱਖੀ ਅਨੁਭਵ ਤੇ ਨੈਤਿਕਤਾ ਨਾਲ ਮਨੁੱਖ ਨੂੰ ਅਸਲੀ ਮਨੁੱਖ ਬਣਾਉਣ ਵਿਚ ਮਦਦ ਕਰਦੇ ਸਨ ਪਰ ਹੁਣ ਦਾ ਮਨੁੱਖ ਬਣਾਉਟੀ ਜਿਹਾ, ਤਕਨਾਲੋਜੀ ਦਾ ਗ਼ੁਲਾਮ ਹੀ ਨਹੀਂ ਸਗੋਂ ਅੰਨ੍ਹਾ ਭਗਤ ਬਣ ਕੇ ਰਹਿ ਗਿਆ ਹੈ। ਸ਼ਾਇਦ ਇਹੀ ਕਾਰਨ ਹੈ ਕਿ ਉਹਦੀਆਂ ਸੰਵੇਦਨਾਵਾਂ ਦਿਨੋਂ ਦਿਨ ਮਰਦੀਆਂ ਜਾ

ਰਹੀਆਂ ਹਨ ਤੇ ਉਹ ਸਵਾਰਥੀ, ਲਾਲਚੀ, ਹੋਂਦਹੀਣ ਤੇ ਅਦਨੇ ਮਨੁੱਖ ਵਿਚ ਵੱਟ ਰਿਹਾ ਹੈ, ਜੋ ਆਪਣੇ ਆਪ ਨੂੰ ਤਬਾਹ ਕਰਕੇ ਵੀ ਖ਼ੁਸ਼ ਹੁੰਦਾ ਹੈ।ਸਾਨੂੰ ਪਰੰਪਰਾਵਾਂ ਨੂੰ ਜਿਉਂਦਿਆਂ ਰੱਖਣ ਲਈ ਜਤਨਸ਼ੀਲ ਰਹਿਣਾ ਚਾਹੀਦਾ ਹੈ ਤਾਂ ਜੋ ਮਨੁੱਖ ਨੂੰ ਸ਼ੈਤਾਨ ਬਣਨ ਤੋਂ ਰੋਕਿਆ ਜਾ ਸਕੇ।”

34

ਢਾਕੇ ਦੀ ਮਲਮਲ

ਪਰੰਪਰਾਵਾਂ ਬੜੀਆਂ ਜਾਨਦਾਰ ਹੁੰਦੀਆਂ ਹਨ। ਹਰ ਪਰੰਪਰਾ ਦੇ ਨਿਰਮਾਣ ਲਈ ਸਮੂਹਕ ਜਤਨ ਹੁੰਦੇ ਹਨ। ਇਹ ਜਤਨ ਕਿਸੇ ਚੀਜ਼ ਨੂੰ ਯਾਦਗਾਰੀ ਬਣਾਉਣ ਵਿਚ ਸਹਾਈ ਹੁੰਦੇ ਹਨ। ਜਦੋਂ ਮੈਂ ਛੋਟਾ ਸਾਂ ਤਾਂ ਅਕਸਰ ਢਾਕੇ ਦੀ ਮਲਮਲ ਬਾਰੇ ਸੁਣਦਾ ਸਾਂ। ਪਰ ਪਤਾ ਨਹੀਂ ਸੀ ਕਿ ਇਹ ਮਲਮਲ ਕਿਹੋ ਜਿਹੀ ਹੁੰਦੀ ਹੈ। ਸਾਡਾ ਬਜਾਜੀ ਦਾ ਵਪਾਰ ਸੀ ਤੇ ਉਨ੍ਹਾਂ ਭਲੇ ਸਮਿਆਂ ਵਿਚ ਏ-26 ਦੀ ਮਲਮਲ ਸਭ ਤੋਂ ਸਿਰੇ ਦੀ ਹੁੰਦੀ ਸੀ। ਬੜੀ ਮੁਲਾਇਮ, ਨਰਮ ਤੇ ਹੱਥ ਲਾਉਣ 'ਤੇ ਸਕੂਨ ਦੇਣ ਵਾਲੀ। ਜਿਨ੍ਹਾਂ ਨੂੰ ਇਹਦੀ ਪਛਾਣ ਸੀ ਜਾਂ ਜਿਹੜੇ ਇਸ ਦੇ ਕਦਰਦਾਨ ਹੁੰਦੇ ਸਨ, ਓਹੀ ਏ-26 ਦੀ ਮਲਮਲ ਦੀ ਪੱਗ ਬੰਨ੍ਹਦੇ ਸਨ। ਮੇਰੇ ਦਾਦਾ ਜੀ, ਜਿਨ੍ਹਾਂ ਨੂੰ ਅਸੀਂ

ਬਾਊ ਜੀ ਕਹਿੰਦੇ ਸਾਂ, ਉਨ੍ਹਾਂ ਨੇ ਪਾਕਿਸਤਾਨ ਬਣਨ ਤੋਂ ਪਹਿਲਾਂ ਢਾਕੇ ਦੀ ਮਲਮਲ ਦੀਆਂ ਪੱਗਾਂ ਬੰਨ੍ਹੀਆਂ ਹੀ ਨਹੀਂ ਸਗੋਂ ਵੇਚੀਆਂ ਵੀ ਸਨ। ਜਦੋਂ ਉਹ ਉਹਦੀਆਂ ਤਾਰੀਫ਼ਾਂ ਕਰਦੇ ਤਾਂ ਲਗਦਾ ਜਿਵੇਂ ਉਹ ਕੋਈ ਜਾਦੂ ਵਾਲੀ ਸ਼ੈਅ ਹੋਵੇਗੀ। ਉਹ ਦੱਸਦੇ ਹੁੰਦੇ ਸਨ ਕਿ ਏ-26 ਢਾਕੇ ਦੀ ਮਲਮਲ ਦਾ ਮੁਕਾਬਲਾ ਕਰਨ ਲਈ ਹੀ ਬਣਾਈ ਗਈ ਸੀ ਪਰ ਉਹ ਗੱਲ ਨਹੀਂ ਸੀ ਬਣ ਸਕੀ। ਹੁਣ ਤਾਂ ਲੋਕ ਏ-26 ਨੂੰ ਵੀ ਭੁੱਲ ਭੁਲਾ ਗਏ ਹਨ। ਸਮਾਂ ਬਦਲ ਗਿਆ ਹੈ। ਮਲਮਲ ਦੀਆਂ ਪੱਗਾਂ ਬੰਨ੍ਹਣ ਵਾਲਾ ਕੋਈ ਵਿਰਲਾ ਟਾਂਵਾਂ ਹੀ ਹੋਵੇਗਾ। ਕੀ ਪਰੰਪਰਾ ਮਰ ਸਕਦੀ ਹੈ? ਇਹ ਬੜਾ ਅਹਿਮ ਸਵਾਲ ਹੈ। ਢਾਕੇ ਦੀ ਮਲਮਲ ਨੂੰ ਫ਼ਰੰਗੀਆਂ ਦੇ ਵਿਦੇਸ਼ੀ ਕੱਪੜੇ ਨੇ ਵੱਡਾ ਨੁਕਸਾਨ ਪਹੁੰਚਾਇਆ। ਢਾਕੇ ਦੀ ਮਲਮਲ ਨਾਯਾਬ ਕਿਸਮ ਦੀ ਕਲਾ ਦੀ ਪੇਸ਼ਕਾਰੀ ਸੀ, ਜਿਸ ਵਿਚੋਂ ਸੁੱਚੀ ਮਨੁੱਖੀ ਕਿਰਤ ਦੇ ਦਰਸ਼ਨ ਹੁੰਦੇ ਸਨ। ਅੱਜ ਅਚਾਨਕ ਇਸ ਬਾਰੇ ਪੜ੍ਹਿਆ ਤਾਂ ਸਿੱਜਦਾ ਕਰਨ ਨੂੰ

ਦਿਲ ਕਰ ਆਇਆ। ਇਸ ਦੀ ਪਰੰਪਰਾ ਨੂੰ ਬੰਗਲਾਦੇਸ਼ ਵਿਚ ਦੁਬਾਰਾ ਸੰਭਾਲਣ ਲਈ ਜਤਨ ਕੀਤੇ ਜਾ ਰਹੇ ਹਨ। ਇਸ ਦੇ ਸ਼ਾਨਦਾਰ ਇਤਿਹਾਸ ਨੂੰ ਬਚਾਉਣ ਲਈ 'ਮਸਲਨ', ਜੋ ਕਿ ਮਲਮਲ ਦਾ ਹੀ ਇਕ ਨਾਂ ਹੈ, ਪੁਰਬ ਮਨਾਇਆ ਜਾਂਦਾ ਹੈ। ਇਹ ਅਸਲ ਵਿਚ ਇਸ ਨੂੰ ਬਜ਼ਾਰ ਵਿਚ ਦੁਬਾਰਾ ਖੜੇ ਕਰਨ ਦਾ ਇਕ ਜਤਨ ਹੈ। ਭਾਰਤ ਵਿਚ ਇਸ ਦਾ ਬੀੜਾ ਪੱਛਮੀ ਬੰਗਾਲ ਦੀ ਪ੍ਰੇਰਨਾ ਦਾਸ ਰਾਏ ਨੇ ਚੁੱਕਿਆ ਹੈ। ਆਧੁਨਿਕਤਾ ਦੀ ਮਾਰ ਤੇ ਬਜ਼ਾਰ ਦੀ ਤਾਕਤ ਨੇ ਸਾਡੀਆਂ ਲੋਕ ਕਲਾਵਾਂ ਦਾ ਘਾਣ ਕਰ ਦਿੱਤਾ ਹੈ। ਬਜ਼ਾਰ ਨੇ ਸਾਡੀਆਂ ਕਈ ਕੀਮਤੀ ਦੌਲਤਾਂ ਖੋਹ ਲਈਆਂ ਹਨ। ਮਲਮਲ ਇਨ੍ਹਾਂ ਵਿਚੋਂ ਇਕ ਹੈ। ਇਹ ਬਹੁਤ ਬਰੀਕ, ਮਹੀਨ, ਨਾਜ਼ੁਕ ਤੇ ਨਜ਼ਾਕਤ ਵਾਲਾ ਕੱਪੜਾ ਹੁੰਦਾ ਸੀ। ਇਸ ਨੂੰ ਮਸਲਨ ਵੀ ਕਿਹਾ ਜਾਂਦਾ ਹੈ। ਮਸਲਨ ਸ਼ਬਦ ਭਾਰਤੀ ਪੱਤਣ ਮਸਿਲਪੱਟਨਮ ਤੋਂ ਬਣਿਆ ਹੈ। ਪੁਰਾਣੇ ਸਮੇਂ ਵਿਚ ਢਾਕਾ

ਇਸ ਮਸਲਨ ਦਾ ਕੇਂਦਰ ਸੀ।17ਵੀਂ 18ਵੀਂ ਸਦੀ ਵਿਚ ਭਾਰਤ ਤੋਂ ਸਾਰੇ ਯੂਰਪ ਵਿਚ ਮਲਮਲ ਜਾਂਦੀ ਸੀ ਤੇ ਇਹਦੀ ਬਹੁਤ ਮੰਗ ਸੀ। ਜਿਸ ਮਲਮਲ ਦੀ ਦੁਨੀਆ ਦੀਵਾਨੀ ਸੀ, ਇਸ ਨੂੰ ਬਣਾਉਣਾ ਵੀ ਇਕ ਕਲਾ ਸੀ। ਸੋਲ੍ਹਾਂ ਪੜਾਵਾਂ ਦਾ ਸਫ਼ਰ ਕਰਨ ਤੋਂ ਬਾਅਦ ਤਿਆਰ ਹੋਣ ਵਾਲੀ ਇਹ ਮਲਮਲ ਜਿਸ ਕਪਾਹ ਤੋਂ ਬਣਦੀ ਸੀ, ਉਹ ਬੰਗਲਾਦੇਸ਼ ਦੀ ਮੇਘਨਾ ਨਦੀ ਦੇ ਕੰਢੇ ਪੈਦਾ ਹੋਣ ਵਾਲੀ ਕਪਾਹ ਦੀ ਖਾਸ ਕਿਸਮ ਸੀ। ਸਾਲ ਵਿਚ ਦੋ ਵਾਰ ਇਸ ਨੂੰ ਫੁੱਲ ਪੈਂਦੇ ਸਨ ਜਿਨ੍ਹਾਂ ਵਿਚੋਂ ਬਿਲਕੁਲ ਹਲਕਾ ਤੇ ਸਫ਼ੈਦ ਰੇਸ਼ਾ ਮਿਲਦਾ ਸੀ। ਇਹਦੇ ਨਾਜ਼ੁਕ ਰੇਸ਼ੇ ਨੂੰ ਬੋਆਲ ਮੱਛੀ ਦੇ ਦੰਦਾਂ ਤੋਂ ਬਣੇ ਵਿਸ਼ੇਸ਼ ਕਿਸਮ ਦੇ ਕੰਘਿਆਂ ਨਾਲ ਸਵਾਰ ਕੇ ਸਾਫ਼ ਕੀਤਾ ਜਾਂਦਾ ਸੀ। ਇਸ ਤੋਂ ਬਾਅਦ ਇਨ੍ਹਾਂ ਤੋਂ ਸੂਤ ਕੱਤਿਆ ਜਾਂਦਾ ਸੀ। ਇਹਦੇ ਧਾਗੇ ਨੂੰ ਤਿਆਰ ਕਰਨ ਲਈ ਨਮੀ ਵਾਲੇ ਮੌਸਮ ਦੀ ਲੋੜ ਹੁੰਦੀ ਸੀ, ਇਸ ਕਰਕੇ ਇਹ ਕੰਮ ਬੇੜੀਆਂ ਵਿਚ ਬਹਿ ਕੇ ਕੀਤਾ ਜਾਂਦਾ ਸੀ, ਜਿਸ

ਲਈ ਸਵੇਰੇ ਸਵੇਰੇ ਜਾਂ ਢਲਦੀ ਦੁਪਹਿਰ ਦੀ ਚੋਣ ਕੀਤੀ ਜਾਂਦੀ ਸੀ। ਇਸ 'ਤੇ ਕਿਤਾਬ ਲਿਖਣ ਵਾਲੀ ਪ੍ਰਸਿੱਧ ਡਿਜ਼ਾਈਨਰ ਸੋਨੀਆ ਅਸ਼ਮੇਰ ਲਿਖਦੀ ਹੈ ਕਿ ਇਨ੍ਹਾਂ ਸੂਤੀ ਧਾਗਿਆਂ ਦੇ ਵਿਚ ਵਿਚ ਬੜੀਆਂ ਮਹੀਨ ਗੰਢਾਂ ਹੁੰਦੀਆਂ ਹਨ। ਇਨ੍ਹਾਂ ਗੰਢਾਂ ਕਰਕੇ ਹੀ ਸਾਰਾ ਧਾਗਾ ਜੁੜਿਆ ਰਹਿੰਦਾ ਹੈ। ਕਿਹਾ ਜਾਂਦਾ ਹੈ ਕਿ ਆਲ੍ਹਾ ਦਰਜੇ ਦੀ ਮਲਮਲ ਏਨੀ ਮਹੀਨ ਹੁੰਦੀ ਸੀ ਕਿ ਤਿੰਨ ਸੌ ਫੁੱਟ ਲੰਬਾ ਕੱਪੜਾ ਇਕ ਅੰਗੂਠੀ ਵਿਚੋਂ ਨਿਕਲ ਜਾਂਦਾ ਸੀ ਤੇ ਸੱਠ ਫੁੱਟ ਲੰਬਾ ਕੱਪੜਾ ਇਕ ਨਿੱਕੀ ਜਿਹੀ ਡੱਬੀ ਵਿਚ ਸਮਾ ਜਾਂਦਾ ਸੀ। ਇਸ ਦੀ ਏਨੀ ਸ਼ਾਨੋ ਸ਼ੌਕਤ ਸੀ ਕਿ ਰਾਜ ਕਵੀਆਂ ਨੇ ਇਹਦਾ ਨਾਂ 'ਬਫ਼ਤ ਹਵਾ' ਭਾਵ ਬੁਣੀ ਹੋਈ ਹਵਾ ਰੱਖਿਆ ਹੋਇਆ ਸੀ। ਕਿਹਾ ਜਾਂਦਾ ਹੈ ਕਿ ਇਕ ਵਾਰ ਔਰੰਗਜ਼ੇਬ ਨੇ ਆਪਣੀ ਸ਼ਹਿਜ਼ਾਦੀ ਨੂੰ ਬੜਾ ਝਿੜਕਿਆ ਸੀ ਜੋ ਸੱਤ ਤਹਿਆਂ ਵਾਲੀ ਮਲਮਲ ਦੀ ਪੋਸ਼ਾਕ ਪਹਿਨ ਕੇ ਦਰਬਾਰ ਵਿਚ ਆ ਗਈ ਸੀ ਤੇ ਉਹ ਅਜੇ ਵੀ

ਪਾਰਦਰਸ਼ੀ ਨਜ਼ਰ ਆ ਰਹੀ ਸੀ। ਨਪੋਲੀਅਨ ਦੀ ਬੇਗ਼ਮ ਮੋਸੇਫਿਨ ਬੋਨਾਪਾਰਟ ਦੀ ਪਹਿਲੀ ਪਸੰਦ ਇਸ ਮਲਮਲ ਦੇ ਕੱਪੜੇ ਸਨ। ਫਰਾਂਸ ਦੀ ਮਹਾਰਾਣੀ ਮੈਰੀ ਅੰਟੋਨੈਟ ਤੋਂ ਲੈ ਕੇ ਜੇਨ ਆਸਟਿਨ ਤੱਕ ਸਾਰੇ ਅਮੀਰ ਲੋਕਾਂ ਦੀ ਪਹਿਲੀ ਪਸੰਦ ਢਾਕੇ ਦੀ ਇਹ ਮਲਮਲ ਹੁੰਦੀ ਸੀ। ਮੁਗ਼ਲ ਕਾਲ ਵਿਚ ਇਰਾਨ, ਇਰਾਕ, ਤੁਰਕੀ ਤੇ ਮੱਧ ਪੂਰਬ ਦੇ ਅਨੇਕਾਂ ਮੁਲਕਾਂ ਨਾਲ ਮਲਮਲ ਦਾ ਵਪਾਰ ਹੁੰਦਾ ਸੀ। ਮਲਮਲ ਤੇ ਢਾਕਾ ਦੋਵੇਂ ਇਕ ਦੂਜੇ ਦੇ ਪਰਿਆਇ ਬਣ ਚੁੱਕੇ ਹਨ, ਪਰ ਮੱਧ ਪ੍ਰਦੇਸ਼ ਦੇ ਵਿਦਿਸ਼ਾ ਜ਼ਿਲ੍ਹੇ ਵਿਚ ਇਕ ਛੋਟਾ ਜਿਹਾ ਸ਼ਹਿਰ ਹੈ ਸਿਰੋਂਜ, ਜੋ ਮਲਮਲ ਤੇ ਛੀਂਟ ਦੇ ਕੱਪੜੇ ਲਈ ਦੁਨੀਆ ਭਰ ਵਿਚ ਮਸ਼ਹੂਰ ਹੈ। 17ਵੀਂ ਸਦੀ ਵਿਚ ਭਾਰਤ ਵਿਚ ਯਾਤਰਾ ਕਰਨ ਵਾਲੇ ਪ੍ਰਸਿੱਧ ਫਰਾਂਸੀਸੀ ਯਾਤਰੀ ਜੀਨ ਟਰੈਵਿਨੀਅਰ ਨੇ ਲਿਖਿਆ ਹੈ ਕਿ-ਸਿਰੋਂਜ ਦੀ ਮਲਮਲ ਏਨੀ ਮਹੀਨ ਹੁੰਦੀ ਸੀ ਕਿ ਵਪਾਰੀਆਂ ਨੂੰ ਇਸ ਦਾ ਨਿਰਯਾਤ ਕਰਨ ਦੀ

ਆਗਿਆ ਨਹੀਂ ਸੀ। ਗਵਰਨਰ ਹੀ ਇਸ ਖਾਸ ਮਲਮਲ ਦੇ ਤੋਹਫੇ ਮੁ਼ਗਲ ਸਰਦਾਰਾਂ ਤੇ ਦਰਬਾਰੀਆਂ ਨੂੰ ਭੇਂਟ ਕਰਦਾ ਸੀ। ਅੰਗਰੇਜ਼ਾਂ ਦੇ ਇੰਗਲੈਂਡ ਵਿਚ ਬਣੇ ਕੱਪੜੇ ਜਦੋਂ ਭਾਰਤ ਦੇ ਬਜ਼ਾਰਾਂ ਵਿਚ ਵਿਕਣ ਲੱਗੇ ਤਾਂ ਸਥਾਨਕ ਬੁਣਕਰਾਂ ਦਾ ਧੰਦਾ ਚੌੜ ਚਪੱਟ ਹੋ ਗਿਆ। ਅੱਜ ਬਜ਼ਾਰਾਂ ਵਿਚ ਜਿਹੜੀ ਮਲਮਲ ਮਿਲਦੀ ਹੈ ਉਹ ਕਿਰਤ ਤੋਂ ਵਿਛੁੰਨੀ ਹੋਈ ਹੈ। ਇਹ ਮਸ਼ੀਨਾਂ ’ਤੇ ਤਿਆਰ ਕੀਤੀ ਗਈ ਹੈ। ਹੁਣ ਇਸ ਹੁਨਰ ਦੇ ਕਾਰੀਗਰ ਵੀ ਨਹੀਂ ਬਚੇ। ਪ੍ਰੇਰਨਾ ਦਾਸ ਰਾਏ ਇਸ ਹੁਨਰ ਦੀ ਕਦਰਦਾਨ ਹੈ ਤੇ ਇਸ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਦਿਨ ਰਾਤ ਜੁੱਟੀ ਹੋਈ ਹੈ, ਕਿਉਂਕਿ ਉਹਨੇ ਬਚਪਨ ਵਿਚ ਇਸ ਹੁਨਰ ਨੂੰ ਬਰੀਕੀ ਵਿਚ ਢਲਦਿਆਂ ਆਪਣੀ ਮਾਂ ਦੇ ਹੱਥਾਂ ਵਿਚ ਦੇਖਿਆ ਹੈ, ਜਿਸ ਕਰਕੇ ਉਹਨੂੰ ਇਸ ਹਸਤ ਕਲਾ ਦਾ ਗਿਆਨ ਹੈ।

ਪੋਸਟ ਸਕਰਿਪਟ

ਸਾਡੀਆਂ ਅਜਿਹੀਆਂ ਸ਼ਾਨਦਾਰ ਕਲਾਵਾਂ ਲੋਕਾਂ ਦੀ ਅਣਗਹਿਲੀ ਤੇ ਸਰਕਾਰਾਂ ਦੀ ਸਵੱਲੀ ਨਜ਼ਰ ਨਾ ਹੋਣ ਕਰਕੇ ਮਰ ਜਾਂਦੀਆਂ ਹਨ। ਕਲਾਵਾਂ ਦੇ ਮਰਨ ਨਾਲ ਇਕ ਜਿਉਂਦੀ ਜਾਗਦੀ ਪਰੰਪਰਾ, ਸਭਿਆਚਾਰ ਦੀ ਇਕ ਇਕਾਈ ਗੁੰਮ ਹੋ ਜਾਂਦੀ ਹੈ। ਹੌਲੀ ਹੌਲੀ ਇਨ੍ਹਾਂ ਨਾਲ ਜੁੜੇ ਕਾਰੀਗਰ ਵੀ ਖ਼ਤਮ ਹੋ ਜਾਂਦੇ ਹਨ ਜਾਂ ਹੋਰ ਕਿੱਤਿਆਂ ਵਿਚ ਪੈ ਜਾਂਦੇ ਹਨ। ਕਿਸੇ ਮੁਲਕ ਦੀ ਸਾਂਸਕ੍ਰਿਤਿਕ ਪਛਾਣ ਉਹਦੀ ਕਲਾ ਵਿਚੋਂ ਝਲਕਦੀ ਹੈ। ਇਸ ਲਈ ਇਸ ਨੂੰ ਬਚਾਉਣ ਲਈ ਹਰ ਹੀਲਾ ਵਰਤਿਆ ਜਾਣਾ ਚਾਹੀਦਾ ਹੈ।

35

ਹਿੰਸਕ ਭਾਸ਼ਾਵਾਂ ਦਾ ਬੋਲਬਾਲਾ

ਭਾਸ਼ਾ ਮਨੁੱਖ ਦੀ ਸਭ ਤੋਂ ਵੱਡੀ ਕਾਢ ਹੈ। ਅੱਗ ਪਹੀਏ ਵਾਂਗ ਇਹ ਵੀ ਅਜਿਹੀ ਚੀਜ਼ ਹੈ ਜਿਸ ਦਾ ਕੋਈ ਬਦਲ ਨਹੀਂ। ਉਲਟਾ ਭਾਸ਼ਾ ਦਾ ਇਕ ਵੱਡਾ ਗੁਣ ਇਹ ਹੈ ਕਿ ਇਹ ਲਚਕਦਾਰ ਹੈ। ਇਸ ਵਿਚ ਅਸੰਖ ਵਿਸਥਾਰਾਂ ਦੀ ਗੁੰਜਾਇਸ਼ ਹੈ। ਪਿਛਲੇ ਦਸ ਲੱਖ ਵਰ੍ਹਿਆਂ ਤੋਂ ਮਨੁੱਖੀ ਭਾਸ਼ਾ ਨੇ ਮਨੁੱਖ ਨੂੰ ਅੰਧਕਾਰ ਵਿਚੋਂ ਕੱਢ ਕੇ ਗੂੜ੍ਹੇ ਤੋਂ ਗੂੜ੍ਹੇ ਚਾਣਨਿਆਂ ਵਿਚ ਪਹੁੰਚਾਇਆ ਹੈ। ਜੇ ਅੱਜ ਕਾਇਨਾਤ ਵਿਚ ਮਨੁੱਖ ਦੇ ਪਰਚਮ ਝੂਲਦੇ ਹਨ ਤਾਂ ਇਸ ਵਿਚ ਭਾਸ਼ਾ ਦਾ ਵੱਡਾ ਯੋਗਦਾਨ ਹੈ। ਇਸ ਦੇ ਬਾਵਜੂਦ ਮਨੁੱਖੀ ਭਾਸ਼ਾ ਨੇ ਮਨੁੱਖ ਨੂੰ ਹਿੰਸਕ ਵੀ ਏਸੇ ਰਾਹੀਂ ਬਣਾਇਆ ਹੈ। ਇਹ ਗੱਲ ਬੜੀ ਅਜੀਬ ਲੱਗਦੀ ਹੈ ਕਿ ਮਨੁੱਖ ਨੂੰ ਅਸੀਂ ਭਾਸ਼ਾ ਪ੍ਰਾਣੀ ਮੰਨਦੇ ਹਾਂ। ਪਰ ਇਸ

ਭਾਸ਼ਾ ਰਾਹੀਂ ਹੀ ਉਹ ਹਿੰਸਾ ਫੈਲਾਉਂਦਾ ਹੈ, ਭਾਸ਼ਾ ਦੀ ਚੌਧਰ ਕਾਇਮ ਕਰਨ ਲਈ ਖ਼ੂਨ ਖ਼ਰਾਬੇ ਕਰਦਾ ਹੈ, ਧਰਤੀਆਂ ਦੇ ਦਿਲ ਪਾਟ ਕੇ ਦੋ ਹਿੱਸੇ ਕਰ ਦੇਂਦਾ ਹੈ। ਮਨੁੱਖ ਨੇ ਚੌਪਾਏ ਤੋਂ ਸਫ਼ਰ ਸ਼ੁਰੂ ਕਰਕੇ ਦੋ ਲੱਤਾਂ ਵਾਲਾ ਰੂਪ ਧਾਰਨ ਕੀਤਾ ਹੈ। ਜਾਨਵਰ ਵਾਲੀ ਪੂਛ ਨੂੰ ਸਰੀਰ ਤੋਂ ਓਹਲੇ ਕਰਕੇ ਦਿਮਾਗ਼ ਵਿਚ ਛੁਪਾ ਲਿਆ ਹੈ। ਏਸੇ ਕਰਕੇ ਉਹ ਅਜੇ ਤਕ ਪੂਛਾਂ ਮਾਰਨੋਂ ਨਹੀਂ ਹਟਿਆ। ਭਾਸ਼ਾ ਨੂੰ ਉਸ ਨੇ ਪੂਛ ਦਾ ਬਰੂਦ ਬਣਾ ਲਿਆ ਹੈ ਤੇ ਪੂਛ ਨੂੰ ਬੰਦੂਕ। ਬੰਦੂਕ ਦਾ ਧਰਮ ਹੀ ਅੱਗ ਉੱਗਲ਼ਨਾ ਹੈ। ਮਨੁੱਖ ਵੀ ਕਾਇਨਾਤ ਦਾ ਮਾਲਕ ਬਣ ਕੇ ਭਾਸ਼ਾ ਦੀ ਅੱਗ ਉੱਗਲ਼ਨਾ ਚਾਹੁੰਦਾ ਹੈ। ਟੋਨੀ ਮਾਰੀਸਨ ਬੜੀ ਵੱਡੀ ਸਿਆਹਫਾਮ ਲੇਖਿਕਾ ਹੈ। ਉਸ ਨੂੰ ਨੋਬਲ ਇਨਾਮ ਵੀ ਮਿਲ ਚੁੱਕਾ ਹੈ। ਸਿਆਹਫਾਮ ਲੋਕਾਂ ਦੀ ਜ਼ਿੰਦਗੀ ਦੇ ਕੌੜੇ ਤੇ ਦੁਖਦਾਈ ਸੱਚ ਨੂੰ ਉਹਨੇ ਬੜੀ ਬੇਬਾਕੀ ਨਾਲ ਲਿਖਿਆ ਹੈ। ਭਾਸ਼ਾ ਦੇ ਹਿੰਸਕ ਵਰਤਾਰੇ ਬਾਰੇ ਤੇ ਭਾਸ਼ਾਵਾਂ ਦੀ ਮੌਤ ਬਾਰੇ ਉਹਨੇ ਬੜਾ

ਸਟੀਕ ਲਿਖਿਆ ਹੈ। ਉਹ ਲਿਖਦੀ ਹੈ- ਇਕ ਵਾਰ ਦੀ ਗੱਲ ਹੈ ਇਕ ਬੁੱਢੀ ਔਰਤ ਅਮਰੀਕਾ ਦੇ ਕਿਸੇ ਸ਼ਹਿਰ ਦੇ ਬਾਹਰਵਾਰ ਰਹਿੰਦੀ ਸੀ। ਉਹ ਇਕ ਗ਼ੁਲਾਮ ਮੁਲਾਟੋ ਸੀ ਤੇ ਅੱਖਾਂ ਤੋਂ ਅੰਨ੍ਹੀ ਸੀ। ਆਪਣੇ ਘਰ ਵਿਚ ਉਹ ਇਕੱਲੀ ਰਹਿੰਦੀ ਸੀ। ਉਹ ਕਿਸੇ ਨਾ ਕਿਸੇ ਤਰ੍ਹਾਂ ਆਪਣਾ ਗੁਜ਼ਾਰਾ ਕਰਕੇ ਜ਼ਿੰਦਗੀ ਦੀ ਗੱਡੀ ਨੂੰ ਧੱਕ ਰਹੀ ਸੀ। ਉਹ ਚੰਗੀ ਗਿਆਨਵਾਨ ਸੀ,ਇਸ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਸੀ। ਉਹਨੂੰ ਜਾਣਨ ਵਾਲਾ ਹਰ ਕੋਈ ਉਹਦੀ ਕਦਰ ਕਰਦਾ ਸੀ। ਇਕ ਦਿਨ ਕੁਝ ਨੌਜਵਾਨ ਉਹਦਾ ਮਜ਼ਾਕ ਉਡਾਉਣ ਦੀ ਨੀਅਤ ਨਾਲ ਉਹਦੇ ਕੋਲ ਆਏ। ਉਨ੍ਹਾਂ ਵਿਚੋਂ ਇਕ ਨੇ ਉਸ ਬੁੱਢੀ ਔਰਤ ਨੂੰ ਕਿਹਾ ਕਿ ਮੇਰੇ ਹੱਥ ਵਿਚ ਇਕ ਚਿੜੀ ਹੈ ਇਹ ਦਸ ਕਿ ਉਹ ਜਿਊਂਦੀ ਹੈ ਕਿ ਮਰੀ ਹੋਈ? ਬੁੱਢੀ ਔਰਤ ਕਿਉਂਕਿ ਦੇਖ ਨਹੀਂ ਸੀ ਸਕਦੀ, ਇਸ ਲਈ ਚੁੱਪ ਰਹੀ। ਇਹ ਦੇਖ ਕੇ ਨੌਜਵਾਨ ਉੱਚੀ ਉੱਚੀ ਦੰਦ ਕੱਢਦੇ ਉਹਦਾ ਮਜ਼ਾਕ ਉਡਾਉਣ

ਲੱਗੇ। ਅਖੀਰ ਬੁੱਢੀ ਨੇ ਚੁੱਪ ਤੋੜੀ ਤੇ ਕਹਿਣ ਲੱਗੀ, ਮੈਨੂੰ ਇਹ ਤਾਂ ਨਹੀਂ ਪਤਾ ਕਿ ਤੁਹਾਡੇ ਹੱਥ ਵਿਚ ਜਿਹੜੀ ਚਿੜੀ ਹੈ ਉਹ ਜਿਉਂਦੀ ਹੈ ਕਿ ਮਰੀ ਹੋਈ, ਪਰ ਮੈਂ ਇਹ ਜ਼ਰੂਰ ਕਹਿ ਸਕਦੀ ਹਾਂ ਕਿ ਉਹਦਾ ਜੀਣਾ ਜਾਂ ਮਰਨਾ ਤੁਹਾਡੇ ਹੱਥ ਵਿਚ ਹੈ। ਇਸ ਦਾ ਭਾਵ ਅਰਥ ਇਹ ਸੀ ਕਿ ਜੇ ਚਿੜੀ ਮਰੀ ਹੋਈ ਹੈ, ਜਾਂ ਤਾਂ ਉਹ ਪਹਿਲਾਂ ਹੀ ਮਰੀ ਹੋਈ ਸੀ, ਜਾਂ ਤੁਸੀਂ ਉਹਨੂੰ ਮਾਰਿਆ ਹੈ। ਤੇ ਜੇ ਇਹ ਚਿੜੀ ਜੀਂਦੀ ਹੈ ਤਾਂ ਤੁਸੀਂ ਉਸ ਨੂੰ ਮਾਰ ਸਕਦੇ ਹੋ। ਇਸ ਕਹਾਣੀ ਦੀਆਂ ਕਈ ਵਿਆਖਿਆਵਾਂ ਹੋ ਸਕਦੀਆਂ ਹਨ। ਟੋਨੀ ਮਾਰੀਸਨ ਲਿਖਦੀ ਹੈ ਕਿ ਮੈਂ ਇਸ ਚਿੜੀ ਨੂੰ ਭਾਸ਼ਾ ਦੇ ਰੂਪ ਵਿਚ ਲੈਂਦੀ ਹਾਂ ਤੇ ਉਸ ਬੁੱਢੀ ਔਰਤ ਨੂੰ ਇਕ ਲੇਖਿਕਾ ਦੇ ਰੂਪ ਵਿਚ। ਉਸ ਬੁੱਢੀ ਔਰਤ ਦੀ ਚਿੰਤਾ ਇਹ ਸੀ ਕਿ ਜਿਸ ਭਾਸ਼ਾ ਵਿਚ ਉਹ ਸੁਪਨੇ ਦੇਖਦੀ ਹੈ, ਉਹਦਾ ਅਸਤਿਤਵ ਕੁਝ ਅਜਿਹੇ ਲੋਕਾਂ ਦੇ ਹੱਥਾਂ ਵਿਚ ਹੈ ਜੋ ਇਸ ਨੂੰ ਆਪਣੀ ਬਾਂਦੀ ਬਣਾ ਕੇ ਸਿਰਫ਼ ਹਾਸੇ ਠੱਠੇ ਦੀ ਚੀਜ਼

ਬਣਾਉਣੀ ਚਾਹੁੰਦੇ ਹਨ, ਕਿਉਂਕਿ ਉਨ੍ਹਾਂ ਨੌਜਵਾਨਾਂ ਨੂੰ ਚਿੜੀ ਰੂਪੀ ਭਾਸ਼ਾ ਦੀ ਚਿੰਤਾ ਨਹੀਂ। ਇਸ ਕਰਕੇ ਹਾਸੇ ਠੱਠੇ ਤੇ ਮਜ਼ਾਕ ਦੀ ਭਾਸ਼ਾ ਬਣਾ ਕੇ ਉਹ ਇਹਦੀ ਹੱਤਿਆ ਕਰ ਸਕਦੇ ਹਨ। ਕਹਿਣ ਦਾ ਭਾਵ ਹੈ ਕਿ ਭਾਸ਼ਾ ਅਜਿਹੇ ਲੋਕਾਂ ਦੇ ਹੱਥਾਂ ਵਿਚ ਹੈ ਜੋ ਇਹਦੀ ਵਰਤੋਂ ਨੂੰ ਲੈ ਕੇ ਗੰਭੀਰ ਨਹੀਂ ਹਨ। ਜਦੋਂ ਵੀ ਕੋਈ ਭਾਸ਼ਾ ਕਿਸੇ ਵੀ ਕਾਰਨ ਕਰਕੇ ਮਰਦੀ ਹੈ ਤਾਂ ਉਸ ਭਾਸ਼ਾ ਦੀ ਵਰਤੋਂ ਕਰਨ ਵਾਲਾ ਹਰ ਵਿਅਕਤੀ ਉਸ ਦੀ ਮੌਤ ਦਾ ਜ਼ਿੰਮੇਵਾਰ ਹੁੰਦਾ ਹੈ। ਮਾਰੀਸਨ ਅੱਗੇ ਲਿਖਦੀ ਹੈ- ਅਮਰੀਕਾ ਵਿਚ ਸਿਆਹਫਾਮਾਂ ਦੀਆਂ ਭਾਸ਼ਾਵਾਂ ਅਤੇ ਬੋਲੀਆਂ ਨਾਲ ਜੋ ਸਲੂਕ ਹੋਇਆ ਹੈ, ਉਸ ਨਾਲ ਨੌਜਵਾਨ ਪੀੜ੍ਹੀ ਆਪਣੀ ਭਾਸ਼ਾ ਹੀ ਗੁਆ ਬੈਠੀ ਹੈ। ਇਹ ਵੀ ਤ੍ਰਾਸਦੀ ਹੈ ਕਿ ਜਦੋਂ ਉਨ੍ਹਾਂ ਨੇ ਆਪਣੀਆਂ ਭਾਸ਼ਾਵਾਂ ਦੇ ਖ਼ਾਤਮੇ ਬਾਰੇ ਸੁਆਲ ਕੀਤੇ ਤਾਂ ਉਨ੍ਹਾਂ ਨੂੰ ਗੋਲੀਆਂ ਖਾਣੀਆਂ ਪਈਆਂ। ਉਨ੍ਹਾਂ ਦੀਆਂ ਆਪਣੀਆਂ ਭਾਸ਼ਾਵਾਂ ਦੇ ਵਿਸ਼ੇਸ਼ ਅਰਥ ਸਨ, ਜਿਨ੍ਹਾਂ ਵਿਚ

ਪਿਆਰ, ਦਿਆ, ਮਿਲਣ, ਸਾਂਝ, ਪਰੰਪਰਾਵਾਂ, ਇੱਕਜੁੱਟਤਾ ਦੀਆਂ ਭਾਵਨਾਵਾਂ ਅਤੇ ਜ਼ਿੰਦਗੀ ਜੀਣ ਦੇ ਬਹੁਬਿਧ ਅਰਥ ਪਏ ਸਨ। ਆਪਣੀ ਜ਼ਬਾਨ ਦੇ ਗੁਆਚ ਜਾਣ ਦਾ ਖ਼ਮਿਆਜ਼ਾ ਸਿਰਫ਼ ਬੱਚਿਆਂ ਤੇ ਨੌਜਵਾਨ ਪੀੜ੍ਹੀ ਨੂੰ ਹੀ ਨਹੀਂ ਭੁਗਤਣਾ ਪਿਆ, ਸਗੋਂ ਸਿਆਣੇ, ਅਨੁਭਵੀ ਤੇ ਬਜ਼ੁਰਗ ਵੀ ਆਪਣੀਆਂ ਬੁਢਾਪੇ ਦੀਆਂ ਭਾਸ਼ਾਵਾਂ ਤੋਂ ਵਾਂਝੇ ਹੋ ਗਏ। ਜਿਨ੍ਹਾਂ ਭਾਸ਼ਾਵਾਂ ਤੱਕ ਉਨ੍ਹਾਂ ਦੀ ਸੌਖੀ ਪਹੁੰਚ ਸੀ, ਹੁਣ ਉਹ ਉਨ੍ਹਾਂ ਨੂੰ ਸਿਰਫ਼ ਹੁਕਮ ਦੇਣ ਤੇ ਗ਼ੁਲਾਮ ਬਣ ਜਾਣ ਦੀਆਂ ਸਲਾਹਾਂ ਦੇਣ ਲੱਗੀਆਂ। ਹਾਸ਼ੀਆਗਤ ਲੋਕਾਂ ਪ੍ਰਤੀ ਜ਼ਾਲਮ ਰਵੱਈਆ ਅਪਣਾ ਕੇ, ਉਨ੍ਹਾਂ ਦਾ ਨਿਰੰਤਰ ਦਮਨ ਕਰਦੇ ਹੋਏ ਭਾਸ਼ਾਵਾਂ ਦੀ ਸਿਲਸਿਲੇਵਾਰ ਲੁੱਟ ਜਾਰੀ ਹੈ। ਦਮਨ ਕਰਨ ਵਾਲੀਆਂ ਭਾਸ਼ਾਵਾਂ ਹਿੰਸਾ ਫੈਲਾਉਣ ਨਾਲੋਂ ਵੀ ਜ਼ਿਆਦਾ ਨੁਕਸਾਨ ਕਰਦੀਆਂ ਹਨ। ਦਮਨਕਾਰੀ ਭਾਸ਼ਾਵਾਂ ਦੀ ਹਿੰਸਾ ਕਿੰਨੀ ਭਿਅੰਕਰ ਹੈ ਇਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਇਹ ਭਾਸ਼ਾ ਹੀ

ਹੈ ਜੋ ਖ਼ੂਨ ਪੀਂਦੀ ਹੈ, ਅਸਥਿਰਤਾ ਪੈਦਾ ਕਰਦੀ ਹੈ, ਗੌਰਵ ਅਤੇ ਦੇਸ਼ ਭਗਤੀ ਦੇ ਨਾਅਰਿਆਂ ਨਾਲ ਆਪਣੇ ਫਾਸ਼ੀਵਾਦੀ ਬੂਟਾਂ ਹੇਠ ਘੱਟ ਗਿਣਤੀ ਲੋਕਾਂ ਦੀਆਂ ਭਾਸ਼ਾਵਾਂ ਨੂੰ ਮਿੱਧਦੀ ਹੈ। ਲਿੰਗਕ ਭਾਸ਼ਾਵਾਂ, ਨਸਲਵਾਦੀ ਭਾਸ਼ਾਵਾਂ, ਈਸ਼ਵਰਵਾਦੀ ਭਾਸ਼ਾਵਾਂ- ਇਹ ਸਭ ਰਾਸ਼ਟਰਵਾਦੀ ਭਾਸ਼ਾ ਦੇ ਪੈਮਾਨੇ ਤਿਆਰ ਕਰਦੀਆਂ ਹਨ ਤੇ ਭਾਸ਼ਾਈ ਸਾਮਰਾਜ ਦੀ ਚੌਧਰ ਕਾਇਮ ਕਰਨ ਦੀਆਂ ਸਬੱਬ ਹਨ। ਇਹ ਕਿਸੇ ਨਵੀਂ ਭਾਸ਼ਾ ਜਾਂ ਘੱਟ ਵਿਕਸਤ ਭਾਸ਼ਾ ਦੇ ਪੈਰ ਉਸ ਧਰਤੀ ’ਤੇ ਲੱਗਣ ਹੀ ਨਹੀਂ ਦਿੰਦੀਆਂ। ਇਹੀ ਕਾਰਨ ਹੈ ਕਿ ਭਾਸ਼ਾਵਾਂ ਦੇ ਨਾਂ ’ਤੇ ਲੁੱਟ, ਦੰਗੇ ਫ਼ਸਾਦ, ਖ਼ੂਨ ਖ਼ਰਾਬੇ, ਵੱਖਵਾਦ ਤੇ ਸ਼ਾਵਨਵਾਦ ਜਾਰੀ ਹੈ। ਜਿਵੇਂ ਜਿਵੇਂ ਪੁਰਾਣੀਆਂ ਘੱਟ ਵਿਕਸਤ ਭਾਸ਼ਾਵਾਂ ਨੂੰ ਖ਼ਤਮ ਕਰਨ ਦਾ ਸਿਲਸਿਲਾ ਜਾਰੀ ਰਹੇਗਾ, ਓਵੇਂ ਓਵੇਂ ਹਿੰਸਾ, ਸ਼ੋਸ਼ਣ, ਰੇਪ ਤੇ ਖ਼ੂਨ ਖ਼ਰਾਬੇ ਦੀਆਂ ਤਬਾਹਕੁਨ ਭਾਸ਼ਾਵਾਂ ਕਿਸੇ ਵੀ ਸਮਾਜ ਵਿਚ ਮਜ਼ਬੂਤ ਹੁੰਦੀਆਂ ਜਾਣਗੀਆਂ।

ਪੋਸਟ ਸਕਰਿਪਟ

ਹਰ ਦੇਸ਼ ਵਿਚ ਭਾਸ਼ਾਈ ਝਗੜਿਆਂ ਦਾ ਇਤਿਹਾਸ ਏਨਾ ਦਰਦਨਾਕ ਹੈ ਕਿ ਹੈਰਾਨੀ ਹੁੰਦੀ ਹੈ ਕਿ ਭਾਸ਼ਾ ਵਰਗੀ ਸਭ ਤੋਂ ਪੁਰਾਣੀ ਤੇ ਕੀਮਤੀ ਵਸਤ ਨੂੰ ਮਨੁੱਖ ਨੇ ਆਪਣੀ ਹਉਂ ਦਾ ਸੁਆਲ ਕਿਉਂ ਬਣਾ ਲਿਆ ਹੈ। ਦੁਨੀਆ ਵਿਚ ਹਰ ਰੋਜ਼ ਕਈ ਭਾਸ਼ਾਵਾਂ ਮਰ ਰਹੀਆਂ ਹਨ, ਕਈ ਭਾਸ਼ਾਈ ਸਾਮਰਾਜਵਾਦ ਦਾ ਸ਼ਿਕਾਰ ਹੋ ਰਹੀਆਂ ਹਨ, ਕਈਆਂ ਨੂੰ ਧਰਮ ਤੇ ਈਸ਼ਵਰ ਦੇ ਨਾਂ ’ਤੇ ਦਰੜਿਆ ਜਾ ਰਿਹਾ ਹੈ। ਇਹੀ ਕਰਨ ਹੈ ਕਿ ਹਰ ਪਾਸੇ ਪਿਆਰ, ਸਾਂਝਾਂ, ਮਿਲਣ, ਭਾਈਚਾਰੇ, ਦੁਖ ਸੁੱਖ ਦੀ ਭਿਆਲੀ, ਅਮਨ ਸ਼ਾਂਤੀ, ਨਿਆਂ, ਸ਼ੋਸ਼ਣ ਮੁਕਤ ਸਮਾਜ ਤੇ ਸਰਬੱਤ ਦੇ ਭਲੇ ਦੀਆਂ ਭਾਸ਼ਾਵਾਂ ਦੇ ਮੁਕਾਬਲੇ ਨਫ਼ਰਤ, ਹਿੰਸਾ, ਜੰਗ, ਊਚ ਨੀਚ,ਦਲਿਤ, ਗ਼ੁਲਾਮ, ਫਾਸ਼ੀਵਾਦ, ਰਾਸ਼ਟਰਵਾਦ, ਲੁੱਟ ਖਸੁੱਟ, ਖੋਹਾ-ਖੋਹੀ, ਲੁੱਟਮਾਰ, ਨਸਲੀ ਵਿਤਕਰੇ, ਕਾਲੇ ਗੋਰੇ ਤੇ ਪੂਰਬ ਪੱਛਮ ਦੀਆਂ

ਭਾਸ਼ਾਵਾਂ ਤਾਕਤਵਰ ਹੋ ਰਹੀਆਂ ਹਨ। ਇਨ੍ਹਾਂ ਨੇ ਮਨੁੱਖ ਦੇ ਭਵਿਖ ’ਤੇ ਇਕ ਨਹੀਂ ਅਨੇਕਾਂ ਹੀ ਪ੍ਰਸ਼ਨ ਚਿੰਨ੍ਹ ਲਾ ਦਿੱਤੇ ਹਨ। ਅੱਜ ਅਸੀਂ ਇਨ੍ਹਾਂ ਨੂੰ ਹੀ ਮੁਖ਼ਾਤਬ ਹਾਂ ਤੇ ਭਵਿੱਖ ਲਈ ਚਿੰਤਾ ਕਰ ਰਹੇ ਹਾਂ।

36

ਭਾਸ਼ਾਈ ਸਾਮਰਾਜਵਾਦ

ਕੁਝ ਦਿਨ ਪਹਿਲਾਂ ਭਾਰਤ ਦੇ ਉਪਰਾਸ਼ਟਰਪਤੀ ਸ਼੍ਰੀ ਵੈਂਕਈਆ ਨਾਇਡੂ ਨੇ ਮਾਤ ਭਾਸ਼ਾਵਾਂ ਦੀ ਤਰਫ਼ਦਾਰੀ ਕਰਦਿਆਂ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਹਰ ਭਾਰਤੀ ਬੱਚੇ ਨੂੰ ਸਿੱਖਿਆ ਉਹਦੀ ਮਾਤ ਭਾਸ਼ਾ ਵਿਚ ਦਿੱਤੀ ਜਾਣੀ ਚਾਹੀਦੀ ਹੈ। ਉਹ ਪਹਿਲਾਂ ਵੀ ਕਈ ਵਾਰ ਇਹਦੀ ਵਕਾਲਤ ਕਰ ਚੁੱਕੇ ਹਨ। ਪਰ ਦੂਜੇ ਪਾਸੇ ਸਰਕਾਰ ਇਕ ਦੇਸ਼ ਇਕ ਭਾਸ਼ਾ ਦਾ ਰਾਗ ਅਲਾਪ ਰਹੀ ਹੈ। ਇਕ ਭਾਸ਼ਾ ਦਾ ਅਰਥ ਹੈ- ਹਿੰਦੀ, ਜੋ ਬਾਕੀ ਭਾਰਤੀ ਭਾਸ਼ਾਵਾਂ ਵਾਂਗ ਸੰਵਿਧਾਨ ਵਿਚ ਕੌਮੀ ਭਾਸ਼ਾ ਦੇ ਰੂਪ ਵਿਚ ਦਰਜ ਹੈ। ਉਹਨੂੰ ਧੱਕੇ ਨਾਲ ਰਾਸ਼ਟਰੀ ਭਾਸ਼ਾ ਦਾ ਹੈਸ਼ ਟੈਗ ਲਾ ਕੇ ਥੋਪਿਆ ਜਾ ਰਿਹਾ ਹੈ। ਦੱਖਣੀ ਸੂਬਿਆਂ ਵਿਚ ਇਸ ਥੋਪਾ ਥਾਪੀ ਦਾ ਵਿਰੋਧ ਹੋ ਰਿਹਾ ਹੈ,

ਮਤੇ ਪਾਸ ਕੀਤੇ ਜਾ ਰਹੇ ਹਨ। ਬੀਤੇ ਵਿਚ ਹੋਏ ਭਾਸ਼ਾ ਅੰਦੋਲਨਾਂ ਦਾ ਹਵਾਲਾ ਦੇ ਕੇ ਕਿਹਾ ਜਾ ਰਿਹਾ ਹੈ ਕਿ ਮਾਤ ਭਾਸ਼ਾ ਨਾਲ ਜੁੜੇ ਉਹ ਨਾਅਰੇ ਅਜੇ ਜਿਉਂਦੇ ਹਨ,ਜਿਨ੍ਹਾਂ ਸਦਕਾ ਉਨ੍ਹਾਂ ਨੇ ਮਾਤ ਭਾਸ਼ਾ ਦਾ ਰੁਤਬਾ ਕਾਇਮ ਰੱਖਿਆ ਸੀ।

ਸੰਵਿਧਾਨ ਦੀ ਧਾਰਾ 343(1) ਅਨੁਸਾਰ ਸਪਸ਼ਟ ਤੌਰ ’ਤੇ ਹਿੰਦੀ (ਦੇਵਨਾਗਰੀ ਲਿਪੀ ਵਿਚ) ਅਤੇ ਅੰਗਰੇਜ਼ੀ, ਦੋਵੇਂ ਹੀ ਕੇਂਦਰੀ ਸਰਕਾਰ ਦੀਆਂ ਦਫ਼ਤਰੀ ਭਾਸ਼ਾਵਾਂ ਹਨ ਨਾ ਕਿ ਹਿੰਦੀ ਕੋਈ ਰਾਸ਼ਟਰੀ ਭਾਸ਼ਾ ਹੈ। ਸੰਵਿਧਾਨ ਦੀ ਧਾਰਾ 351 ਸਪਸ਼ਟ ਤੌਰ ’ਤੇ ਕਹਿੰਦੀ ਹੈ ਕਿ ਹਿੰਦੀ ਦਾ ਇਕ ਸੰਪਰਕ ਭਾਸ਼ਾ ਵਜੋਂ ਵਿਕਾਸ ਕੀਤਾ ਜਾਵੇ (ਨਾ ਕਿ ਰਾਸ਼ਟਰੀ ਭਾਸ਼ਾ ਵਜੋਂ) ਸੰਵਿਧਾਨ ਵਿਚ 22 ਵੱਖ ਵੱਖ ਖੇਤਰੀ ਭਾਸ਼ਾਵਾਂ ਨੂੰ ਮਾਨਤਾ ਦਿੱਤੀ ਗਈ ਹੈ। ਸੁਪਰੀਮ ਕੋਰਟ ਨੇ 2010 ਵਿਚ ਜਸਟਿਸ

ਮੁਖੋਪਾਧਿਆਇ ਅਤੇ ਜਸਟਿਸ ਦਵੇ ਉੱਤੇ ਆਧਾਰਿਤ ਬੈਂਚ ਨੇ ਆਪਣੇ ਇਕ ਫ਼ੈਸਲੇ ਵਿਚ ਸਪਸ਼ਟ ਲਿਖਿਆ ਹੈ ਕਿ ਹਿੰਦੀ ਭਾਰਤ ਦੀ ਰਾਸ਼ਟਰੀ ਭਾਸ਼ਾ ਨਹੀਂ। ਅਜੇ ਦੇਵਗਨ ਨੇ ਜਿਵੇਂ ਹਿੰਦੀ ਨੂੰ ਰਾਸ਼ਟਰ ਭਾਸ਼ਾ ਦਾ ਟੈਗ ਲਾ ਕੇ ਬਿਆਨ ਦਿੱਤਾ ਹੈ ਉਹ ਨਿੰਦਣਯੋਗ ਹੈ ਕਿਉਂਕਿ ਇਹ ਭਾਰਤੀ ਸੰਵਿਧਾਨ ਦਾ ਨਿਰਾਦਰ ਹੈ ਜਿਸ ਵਿਚ ਸਾਰੀਆਂ ਭਾਰਤੀ ਭਾਸ਼ਾਵਾਂ ਨੂੰ ਕੌਮੀ ਭਾਸ਼ਾਵਾਂ ਦਾ ਦਰਜਾ ਪ੍ਰਾਪਤ ਹੈ। ਇਕ ਵਾਰ ਅਜਿਹੀ ਗੁਸਤਾਖ਼ੀ ਗੁਰਦਾਸ ਮਾਨ ਨੇ ਵੀ ਕੀਤੀ ਸੀ ਤੇ ਦਿਨਾਂ ਵਿਚ ਹੀ ਉਹ ਲੋਕਾਂ ਦੇ ਮਨਾਂ ਵਿਚੋਂ ਲਹਿ ਗਿਆ ਸੀ। ਹੁਣ ਦੇਵਗਨ ਨੇ ਵੀ ਅਜਿਹੀ ਹੀ ਖੇਡ ਖੇਡੀ ਹੈ ਇਸ ਦਾ ਵਿਰੋਧ ਹੋ ਰਿਹਾ ਹੈ ਤੇ ਹੋਣਾ ਵੀ ਚਾਹੀਦਾ ਹੈ। ਭਾਰਤ ਭਾਸ਼ਾਵਾਂ ਦਾ ਗੁਲਦਸਤਾ ਹੈ। ਇਹਦੀ ਵਿਭਿੰਨਤਾ ਵਿਚ ਜਿੰਨੀ ਏਕਤਾ

ਹੈ ਉਹ ਦੁਨੀਆ ਵਿਚ ਹੋਰ ਕਿਤੇ ਨਹੀਂ। ਜੇ ਇਹਦੇ ਦਰਸ਼ਨ ਕਰਨੇ ਹੋਣ ਤਾਂ 1857 ਦੇ ਗ਼ਦਰ ਦੀਆਂ ਲਿਖਤਾਂ ਪੜ੍ਹੋ, ਪਤਾ ਲੱਗ ਜਾਏਗਾ ਭਾਰਤੀਆਂ ਦੀ ਏਕਤਾ ਨੇ ਫ਼ਰੰਗੀਆਂ ਦੇ ਨੱਕ ਵਿਚ ਕਿਵੇਂ ਦਮ ਕੀਤਾ ਸੀ ਤੇ ਉਹ ਰਾਤ ਨੂੰ ਸੁਪਨਿਆਂ ਵਿਚ ਵੀ ਬੁੜਾ ਬੁੜਾ ਕੇ ਉਠਦੇ ਸਨ।

ਦੂਜੇ ਪਾਸੇ ਇਕ ਹੋਰ ਬੜੀ ਦਿਲਚਸਪ ਸਥਿਤੀ ਨਜ਼ਰ ਆਉਂਦੀ ਹੈ। ਉਤਰ ਪ੍ਰਦੇਸ਼ ਜਿਸ ਨੂੰ, ਹਿੰਦੀ ਦਾ ਗੜ੍ਹ ਮੰਨਿਆ ਜਾਂਦਾ ਹੈ, ਓਥੇ 2018 ਵਿਚ ਦਸਵੀਂ ਤੇ ਬਾਰ੍ਹਵੀਂ ਵਿਚ ਮਾਤ ਭਾਸ਼ਾ ਹਿੰਦੀ ਵਿਚ 11 ਲੱਖ ਵਿਦਿਆਰਥੀ ਫ਼ੇਲ੍ਹ ਹੋ ਗਏ, ਹਾਲਾਂਕਿ ਓਥੋਂ ਦੀ ਬੋਲਚਾਲ ਦੀ ਹਿੰਦੀ ਵੀ ਵਧੀਆ ਮੰਨੀ ਜਾਂਦੀ ਹੈ।20, ਜੁਲਾਈ 2020 ਦੇ ਅਮਰ ਉਜਾਲਾ ਦੀ ਖ਼ਬਰ ਹੈ ਕਿ ਯੂ ਪੀ ਵਿਚ ਮਾਤ ਭਾਸ਼ਾ ਹਿੰਦੀ ਵਿਚ ਦਸਵੀਂ-ਬਾਰ੍ਹਵੀਂ ਦੇ 8 ਲੱਖ ਵਿਦਿਆਰਥੀ ਫ਼ੇਲ੍ਹ

ਹੋ ਗਏ ਜਦ ਕਿ ਚਾਰ ਲੱਖ ਪਰੀਖਿਆ ਵਿਚ ਬੈਠੇ ਹੀ ਨਹੀਂ। ਓਧਰ ਬਿਹਾਰ ਵਰਗੇ ਹਿੰਦੀ ਪ੍ਰਦੇਸ਼ ਵਿਚ ਵੀ ਸਥਿਤੀ ਬਹੁਤੀ ਚੰਗੀ ਨਹੀਂ, ਜਿੱਥੇ ਸਿੱਖਿਆ ਦਾ ਸਲਾਨਾ ਬਜਟ 20 ਹਜ਼ਾਰ ਕਰੋੜ ਦੇ ਲਗਪਗ ਹੈ। ਓਥੇ 16 ਲੱਖ ਤੋਂ ਵਧੇਰੇ ਬੱਚੇ ਦਸਵੀਂ-ਬਾਰ੍ਹਵੀਂ ਦੀ ਪਰੀਖਿਆ ਵਿਚ ਬੈਠੇ ਤੇ 12,86000 ਹੀ ਪਾਸ ਹੋਏ। ਲਗਪਗ 20% ਫ਼ੇਲ੍ਹ ਹੋ ਗਏ। ਸਾਢੇ ਤਿੰਨ ਲੱਖ ਬੱਚੇ ਮਾਤ ਭਾਸ਼ਾ ਵਿਚ ਤੀਸਰੇ ਦਰਜੇ ਵਿਚ ਪਾਸ ਹੋਏ। ਮਾਤ ਭਾਸ਼ਾ ਦੀ ਇਹੋ ਜਿਹੀ ਸਥਿਤੀ ਗੁਜਰਾਤ ਦੀ ਹੈ, ਜਿਸ ਨੂੰ ਮਾਡਲ ਸਟੇਟ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ। ਪਿਛਲੇ ਪੰਜਾਂ ਵਰ੍ਹਿਆਂ ਵਿਚ ਦਸਵੀਂ-ਬਾਰ੍ਹਵੀਂ ਵਿਚੋਂ ਮਾਤ ਭਾਸ਼ਾ ਵਿਚ 7 ਲੱਖ 80 ਹਜ਼ਾਰ ਵਿਦਿਆਰਥੀ ਫ਼ੇਲ੍ਹ ਹੋਏ। ਇਕੱਲੇ 2020 ਵਿਚ ਇਕ ਲੱਖ ਵਿਦਿਆਰਥੀ ਗੁਜਰਾਤੀ ਮਾਤ ਭਾਸ਼ਾ ਵਿਚ ਫ਼ੇਲ੍ਹ ਹੋ ਗਏ। ਪੰਜਾਬ ਵਿਚ ਵੀ ਪੰਜਾਬੀ ਮਾਤ ਭਾਸ਼ਾ ਨੂੰ ਵਿਸ਼ੇ ਵਜੋਂ ਪੜ੍ਹਨ ਵਾਲੇ ਫ਼ੇਲ੍ਹ

ਵਿਦਿਆਰਥੀਆਂ ਦੀ ਗਿਣਤੀ ਥੋੜ੍ਹੀ ਨਹੀਂ। ਇਹੋ ਜਿਹੀ ਸਥਿਤੀ ਬਾਕੀ ਸੂਬਿਆਂ ਵਿਚ ਵੀ ਦੇਖੀ ਜਾ ਸਕਦੀ ਹੈ। ਮਾਤ ਭਾਸ਼ਾਵਾਂ ਨੂੰ ਕਮਜ਼ੋਰ ਕਰਨ ਤੇ ਇਹਦੀ ਅਣਦੇਖੀ ਲਈ ਸਰਕਾਰਾਂ ਤੇ ਲੋਕ ਦੋਵੇਂ ਜ਼ਿੰਮੇਵਾਰ ਹਨ। ਇਹਦੇ ਕਈ ਹੋਰ ਕਾਰਨ ਵੀ ਗਿਣੇ ਜਾ ਸਕਦੇ ਹਨ। ਪਹਿਲਾ ਮਾਤ ਭਾਸ਼ਾ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਘਾਟ, ਦੂਜਾ ਉਨ੍ਹਾਂ ਨੂੰ ਭਾਸ਼ਾ ਟ੍ਰੇਨਿੰਗ ਦੀ ਘਾਟ, ਤੀਜਾ ਇਹ ਸਮਝਣਾ ਕਿ ਮਾਤ ਭਾਸ਼ਾ ਘਰ ਦੀ ਮੁਰਗ਼ੀ ਹੈ ਤੇ ਘਰ ਦੀ ਮੁਰਗ਼ੀ ਦਾਲ ਬਰਾਬਰ ਹੁੰਦੀ ਹੈ। ਪਰ ਸਮਝਣ ਵਾਲੀ ਗੱਲ ਇਹ ਹੈ ਕਿ ਜਦੋਂ ਕੋਈ ਵੀ ਭਾਸ਼ਾ ਜਮਾਤ ਵਿਚ ਵਿਸ਼ੇ ਦੇ ਤੌਰ 'ਤੇ ਪੜ੍ਹਾਈ ਜਾਂਦੀ ਹੈ ਤਾਂ ਉਹ ਮਾਤ ਭਾਸ਼ਾ ਨਹੀਂ ਹੁੰਦੀ ਸਗੋਂ ਦੂਸਰੀ ਭਾਸ਼ਾ ਹੁੰਦੀ ਹੈ, ਜਿਸ ਨੂੰ ਉਪਚਾਰਿਕ ਪੱਧਰ ਤੇ ਪੜ੍ਹਾਇਆ ਜਾਂਦਾ ਹੈ। ਹਿੰਦੀ ਨੂੰ ਜਿਵੇਂ ਦਾਬੇ ਵਾਲੀ ਭਾਸ਼ਾ ਵਜੋਂ ਥੋਪਿਆ ਜਾ ਰਿਹਾ ਹੈ ਇਹ ਮਾਤ ਭਾਸ਼ਾਵਾਂ ਵਿਚ ਸਿੱਖਿਆ ਦੇਣ ਸਾਹਮਣੇ ਇਕ ਵੱਡੀ ਚੁਨੌਤੀ ਹੈ।

ਇਸ ਤਰ੍ਹਾਂ ਦੇ ਭਾਸ਼ਾਈ ਸਾਮਰਾਜ ਬਹੁਤੇ ਸਫਲ ਨਹੀਂ ਹੁੰਦੇ। ਬਿਹਤਰ ਇਹੀ ਹੈ ਕਿ ਮਾਤ ਭਾਸ਼ਾਵਾਂ ਨੂੰ ਉਨ੍ਹਾਂ ਦੇ ਖੇਤਰਾਂ ਵਿਚ ਵਧਣ ਫੁੱਲਣ ਤੇ ਵਿਗਸਨ ਦੇ ਵੱਧ ਤੋਂ ਵੱਧ ਮੌਕੇ ਹੀ ਨਾ ਦਿੱਤੇ ਜਾਣ ਸਗੋਂ, ਉਨ੍ਹਾਂ ਲਈ ਇਕ ਸਮਾਂ-ਬੱਧ ਪ੍ਰੋਗਰਾਮ ਤਹਿ ਕਰਕੇ ਉਨ੍ਹਾਂ ਦੇ ਸਰਬਪੱਖੀ ਵਿਕਾਸ ਦੀ ਗਰੰਟੀ ਦਿੱਤੀ ਜਾਵੇ, ਜਿਵੇਂ ਕਿ ਵਿਦੇਸ਼ਾਂ ਵਿਚ ਕੀਤਾ ਜਾਂਦਾ ਹੈ। ਭਾਸ਼ਾ ਨੂੰ ਧਰਮ, ਜਾਤੀ, ਨਸਲ, ਕੌਮ ਦੀਆਂ ਐਨਕਾਂ ਵਿਚੋਂ ਦੇਖਣ ਦੀ ਪ੍ਰਵਿਰਤੀ ਨੂੰ ਲਗਾਮ ਲਾਉਣੀ ਚਾਹੀਦੀ ਹੈ। ਅਜਿਹੀਆਂ ਸਥਿਤੀਆਂ ਵਿਚ ਭਾਰਤ ਵਿਚ ਭਾਸ਼ਾਵਾਂ ਦਾ ਮਸਲਾ ਬੜਾ ਗੁੰਝਲਦਾਰ ਤੇ ਰਾਜਨੀਤੀ ਤੋਂ ਪ੍ਰੇਰਿਤ ਹੈ। ਭਾਸ਼ਾ ਨੂੰ ਭਾਸ਼ਾ ਨਾ ਸਮਝ ਕੇ ਕੁਝ ਹੋਰ ਸਮਝਿਆ ਜਾਂਦਾ ਹੈ,ਤਾਂ ਹੀ ਅਜ਼ਾਦੀ ਤੋਂ ਬਾਅਦ ਵੀ ਭਾਸ਼ਾਵਾਂ ਦਾ ਮਸਲਾ ਹੱਲ ਹੋਣ ਦੀ ਥਾਂ ਹੋਰ ਪੇਚੀਦਾ ਹੋ ਗਿਆ ਹੈ। ਪ੍ਰਸਿੱਧ ਮਰਾਠੀ ਲੇਖਕ ਭਾਲ ਚੰਦਰ ਨਮੇੜੇ ਭਾਰਤੀ ਭਾਸ਼ਾਵਾਂ ਬਾਰੇ ਵੱਖਰੀ ਸੋਚ ਰੱਖਣ ਵਾਲੇ ਲੇਖਕ

ਹਨ। ਉਨ੍ਹਾਂ ਦੇ ਪ੍ਰਸਿੱਧ ਨਾਵਲ 'ਹਿੰਦੂ' ਨੂੰ ਗਿਆਨ ਪੀਠ ਪੁਰਸਕਾਰ ਮਿਲ ਚੁੱਕਿਆ ਹੈ।ਭਾਰਤ ਦੀ ਭਾਸ਼ਾ ਸਮੱਸਿਆ ਬਾਰੇ ਉਹ ਲਿਖਦੇ ਹਨ- ਜੇ ਸਾਡੇ ਦੇਸ਼ ਵਿਚ ਅੰਗਰੇਜ਼ੀ ਨੂੰ ਬਹੁਤੀ ਮਹੱਤਾ ਨਾ ਦਿੱਤੀ ਗਈ ਹੁੰਦੀ ਤਾਂ ਭਾਰਤੀ ਸਾਹਿਤ ਪਹਿਲਾਂ ਵਾਂਗ ਸ਼ਾਨ ਨਾਲ ਵਧਦਾ ਫੁੱਲਦਾ ਰਹਿੰਦਾ। ਦਰਅਸਲ ਸਾਡੀਆਂ ਭਾਸ਼ਾਵਾਂ ਸਾਡੇ ਰਹਿਣ ਸਹਿਣ, ਖਾਣ-ਪਾਣ,ਰੀਤੀ ਰਿਵਾਜ, ਇਤਿਹਾਸ, ਭੂਗੋਲ ਤੇ ਸਮੁੱਚੀ ਜ਼ਿੰਦਗੀ ਦੀਆਂ ਪਰੰਪਰਾਵਾਂ ਨਾਲ ਸੰਬੰਧਿਤ ਹਨ। ਪਰ ਜਿਹੜੇ ਬੱਚੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਪੜ੍ਹਦੇ ਹਨ, ਉਨ੍ਹਾਂ ਨੂੰ ਅੰਗਰੇਜ਼ੀ ਵੀ ਚੰਗੀ ਤਰ੍ਹਾਂ ਨਹੀਂ ਆਉਂਦੀ ਤੇ ਆਪਣੀ ਭਾਸ਼ਾ ਨਾਲੋਂ ਵਿਛੁੰਨ ਕੇ ਉਹ ਆਪਣੇ ਗਿਆਨ ਸ਼ਾਸਤਰ ਤੋਂ ਊਣੇ ਰਹਿ ਜਾਂਦੇ ਹਨ। ਅੱਗੇ ਜਾ ਕੇ ਤਾਂ ਉਹ ਬੇਵਕੂਫ਼ ਬਣ ਜਾਂਦੇ ਨੇ। ਸਿੱਖਿਆ ਸ਼ਾਸਤਰੀ ਬਾਰ ਬਾਰ ਇਸ ਗੱਲ 'ਤੇ ਜ਼ੋਰ ਦੇਂਦੇ ਹਨ ਕਿ ਸਿੱਖਿਆ ਦਾ ਮਾਧਿਅਮ ਬੱਚੇ ਦੀ ਮਾਤ ਭਾਸ਼ਾ ਹੋਣੀ ਚਾਹੀਦੀ

ਹੈ। ਮੈਂ ਸਮਝਦਾ ਹਾਂ ਕਿ ਆਉਣ ਵਾਲੀਆਂ ਇਕ ਦੋ ਪੀੜ੍ਹੀਆਂ ਦੇ ਹੱਥ ਭਵਿੱਖ ਦੀ ਮਾਲਾ ਹੈ। ਆਪਣੇ ਸਭਿਆਚਾਰ ਦੇ ਗੁਣ ਗਾਉਣ ਵਾਲਿਆਂ ਨੂੰ, ਜੋ ਚੋਣਾਂ ਜਿੱਤ ਕੇ ਆਉਂਦੇ ਹਨ, ਅੰਗਰੇਜ਼ੀ ਦੀ ਸਿੱਖਿਆ ਮੁੱਢਲੇ ਪੱਧਰ ਤੋਂ ਬੰਦ ਕਰ ਦੇਣੀ ਚਾਹੀਦੀ ਹੈ। ਇਕ ਪਾਸੇ ਉਹ ਆਪਣੀ ਮਹਾਨ ਸੰਸਕ੍ਰਿਤੀ ਦੀਆਂ ਗੱਪਾਂ ਮਾਰਦੇ ਹਨ, ਦੂਜੇ ਪਾਸੇ ਭਾਰਤੀ ਭਾਸ਼ਾਵਾਂ ਪੜ੍ਹਾਉਣ ਵਾਲੇ ਸਕੂਲਾਂ ਦੀਆਂ ਗਰਾਂਟਾਂ ਵਿਚ ਕਟੌਤੀਆਂ ਕਰਦੇ ਹਨ। ਇਹ ਸਭਿਆਚਾਰ ਨਾਲ ਪਿਆਰ ਨਹੀਂ। ਅੰਗਰੇਜ਼ੀ ਨੂੰ ਗ਼ੈਰ ਜ਼ਰੂਰੀ ਤਵੱਜੋ ਦੇਣੀ ਭਾਰਤੀ ਭਾਸ਼ਾਵਾਂ ਤੇ ਸਾਹਿਤ ਦੇ ਪੱਖ ਤੋਂ ਖ਼ਤਰੇ ਦੀ ਘੰਟੀ ਹੈ। ਜਦੋਂ ਅਸੀਂ ਭਾਰਤੀ ਭਾਸ਼ਾ ਦੀ ਗੱਲ ਕਰਦੇ ਹਾਂ ਤਾਂ ਇਕ ਅਖੰਡ, ਵਿਸ਼ਾਲ ਸਭਿਆਚਾਰਕ ਪਰਿਦ੍ਰਿਸ਼ ਦਾ ਭਾਰਤ ਧਿਆਨ ਵਿਚ ਰੱਖਣਾ ਪਵੇਗਾ। ਇਹਨੂੰ ਹਿੰਦੁਸਤਾਨ ਕਹਿਣਾ ਵਧੇਰੇ ਉਚਿਤ ਹੈ, ਜਿਸ ਵਿਚ ਇਹ ਸਭਿਆਚਾਰ ਸਹੀ ਅਰਥਾਂ ਵਿਚ ਲਾਗੂ ਹੋਵੇਗਾ,ਜਿਸ

ਦੀ ਇਕ ਪਰੰਪਰਾ ਵੀ ਰਹੀ ਹੈ। ਅਫ਼ਗ਼ਾਨਿਸਤਾਨ ਤੋਂ ਲੈ ਕੇ ਮਿਜ਼ੋਰਮ, ਬਰਮਾ ਦੀ ਸਰਹੱਦ ਤੱਕ ਤੇ ਕਸ਼ਮੀਰ ਤੋਂ ਲੈ ਕੇ ਤਾਮਿਲਨਾਡੂ ਤੱਕ ਦਾ ਇਲਾਕਾ ਹਿੰਦੁਸਤਾਨੀ ਸਭਿਆਚਾਰ ਹੇਠ ਆਉਂਦਾ ਹੈ। ਇਹ ਭੂਗੋਲਿਕ ਤੇ ਸਭਿਆਚਾਰਕ ਤੌਰ 'ਤੇ ਇਕ ਅਜ਼ਾਦ ਉਪ-ਮਹਾਂਦੀਪ ਵਜੋਂ ਨਜ਼ਰ ਆਉਂਦਾ ਹੈ। ਇਹਦੀਆਂ ਭਾਸ਼ਾਵਾਂ ਸਦਾ ਇਕ ਸੂਤਰ ਵਿਚ ਬੱਝੀਆਂ ਨਜ਼ਰ ਆਉਂਦੀਆਂ ਹਨ, ਕਿਉਂਕਿ ਪਹਿਲੇ ਸਮਿਆਂ ਵਿਚ ਸਭ ਪਾਸੇ ਪ੍ਰਾਕ੍ਰਿਤਕ ਭਾਸ਼ਾਵਾਂ ਦਾ ਹੀ ਬੋਲਬਾਲਾ ਸੀ। ਭਾਵੇਂ ਸੰਸਕ੍ਰਿਤ ਵੀ ਸਭ ਪਾਸੇ ਪ੍ਰਚਲਿਤ ਸੀ, ਪਰ ਇਹ ਸਿਰਫ਼ ਉੱਚ ਵਰਗ ਦੀ ਭਾਸ਼ਾ ਸੀ। ਇਹੀ ਨਹੀਂ ਪਿੰਡਾਂ ਕਸਬਿਆਂ ਦੇ ਲੋਕ ਦੱਖਣੀ ਸਿਰੇ ਤੋਂ ਲੈ ਕੇ ਬਦਰੀ, ਕੇਦਾਰ ਤੇ ਕਾਬਲ ਤੱਕ ਡੂੰਘੇ ਵਿਸ਼ਿਆਂ ਬਾਰੇ ਗੱਲਬਾਤ, ਵਿਚਾਰ ਚਰਚਾ ਆਪਣੀਆਂ ਭਾਸ਼ਾਵਾਂ ਵਿਚ ਕਰਦੇ ਸਨ, ਜਿਨ੍ਹਾਂ ਵਿਚ ਵਿਚ ਉਹ ਖਾਂਦੇ ਪੀਂਦੇ ਤੇ ਜ਼ਿੰਦਗੀ ਦੇ ਸਵਾਦ ਮਾਣਦੇ ਸਨ। ਉਨ੍ਹਾਂ

ਸਮਿਆਂ ਵਿਚ ਭਾਸ਼ਾਵਾਂ ਵਿਚ ਇਕ ਸੰਵਾਦੀ ਰਿਸ਼ਤਾ ਸੀ ਤੇ ਕਦੇ ਕੋਈ ਰੁਕਾਵਟ ਨਹੀਂ ਸੀ ਆਉਂਦੀ। ਪਰਸਪਰ ਸਮਝਦਾਰੀ ਦਾ ਦੌਰ ਸੀ। ਇਸ ਲਈ ਸਭਿਆਚਾਰਕ ਭਾਰਤੀਅਤਾ ਪਹਿਲਾਂ ਹੀ ਇੱਥੇ ਸੀ, ਜਿਸ ਨੂੰ ਅਸੀਂ ਅੱਜ ਵੀ ਭਾਰਤੀ ਭਾਸ਼ਾਵਾਂ ਦੇ ਮੂਲ ਵਿਚ ਦੇਖ ਸਕਦੇ ਹਾਂ। ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਰਾਜਨੀਤਕ ਵੰਡੀਆਂ, ਭਾਸ਼ਾਵਾਂ ਦੇ ਆਧਾਰ 'ਤੇ ਰਾਜਾਂ ਦਾ ਪੁਨਰਗਠਨ, ਅੰਗਰੇਜ਼ਾਂ ਦਾ ਬਸਤੀਵਾਦ ਤੇ ਅੰਤਰਰਾਸ਼ਟਰੀ ਤਣਾਓ ਕਰਕੇ ਸਾਡੇ ਅੰਦਰਲੇ ਭਾਰਤੀਪੁਣੇ ਦੀ ਕੱਟ ਵੱਢ ਤੇ ਏਨੀ ਤੋੜ-ਮਰੋੜ ਹੋਈ ਹੈ ਕਿ ਹੁਣ ਸਾਨੂੰ ਦੁਬਾਰਾ ਇਹਨੂੰ ਪਰਿਭਾਸ਼ਿਤ ਕਰਕੇ ਇਹਦੀ ਪੁਨਰ ਸਿਰਜਣਾ ਕਰਨੀ ਪਵੇਗੀ। ਅੱਜ ਕੱਲ੍ਹ ਹਰ ਭਾਸ਼ਾ ਵਿਚ ਵੱਡੀ ਗਿਣਤੀ ਵਿਚ ਲੇਖਕਾਂ ਦਾ ਇਕ ਅਜਿਹਾ ਵਰਗ ਹੈ, ਜਿਨ੍ਹਾਂ ਲਈ 'ਸਾਹਿਤ' ਸਿਰਫ਼ ਆਪਣੀ ਭਾਸ਼ਾ ਦਾ ਸਾਹਿਤ ਹੁੰਦਾ ਹੈ। ਜਦ ਕਿ ਉਨ੍ਹਾਂ ਲੇਖਕਾਂ ਦਾ ਵਰਗ ਬੜਾ ਛੋਟਾ ਜਿਹਾ ਹੈ ਜਿਹੜੇ

ਸਮਝਦੇ ਹਨ ਕਿ ਦੂਸਰੀਆਂ ਭਾਸ਼ਾਵਾਂ ਨਾਲ ਨਾਤਾ ਜੋੜ ਕੇ ਰੱਖਣਾ ਜ਼ਰੂਰੀ ਹੈ। ਉਨ੍ਹਾਂ ਬਿਨਾ ਅਸੀਂ ਆਪਣਾ ਮੁਲਾਂਕਣ ਨਹੀਂ ਕਰ ਸਕਦੇ। ਉਨ੍ਹਾਂ ਨੂੰ ਲੱਗਦਾ ਹੈ ਕਿ ਜੋ ਕੁਝ ਉਨ੍ਹਾਂ ਦੀ ਆਪਣੀ ਭਾਸ਼ਾ ਵਿਚ ਹੈ ਉਹ ਹਿੰਦੀ, ਮਰਾਠੀ ਜਾਂ ਫਿਰ ਕੰਨੜ ਵਿਚ ਨਹੀਂ ਤੇ ਨਾ ਹੀ ਗੁਜਰਾਤੀ ਜਾਂ ਪੰਜਾਬੀ ਵਿਚ ਹੈ। ਉਦਾਹਰਨ ਲਈ ਮੱਧਕਾਲੀ ਭਗਤੀ ਪਰੰਪਰਾ ਵਿਚ ਸਾਰੀਆਂ ਭਾਸ਼ਾਵਾਂ ਵਿਚ ਸਾਂਝਾਂ ਨਜ਼ਰ ਆਉਂਦੀਆਂ ਹਨ। ਹੁਣ ਭਾਸ਼ਾਵਾਂ ਦੇ ਆਧਾਰ 'ਤੇ ਰਾਜਾਂ ਦਾ ਪੁਨਰਗਠਨ ਹੋਣ ਨਾਲ ਝਗੜੇ ਵੱਧ ਗਏ ਹਨ ਤੇ ਸਾਂਝਾ ਸੂਤਰ ਤਾਰ ਤਾਰ ਹੋ ਗਿਆ ਹੈ। ਅੱਜ ਜ਼ਰੂਰੀ ਹੈ ਕਿ ਆਧੁਨਿਕ ਭਾਰਤੀ ਸਾਹਿਤ ਦੇ ਰੂਪ ਵਿਚ ਆਧੁਨਿਕ ਭਾਰਤੀ ਭਾਸ਼ਾਵਾਂ ਦੀ ਇਕ ਪਰਿਪਾਟੀ ਕਾਇਮ ਕੀਤੀ ਜਾਵੇ। ਉੜੀਆ ਦੇ ਫ਼ਕੀਰ ਮੋਹਨ ਸੈਨਾਪਤੀ, ਹਿੰਦੀ ਦੇ ਮੁਨਸ਼ੀ ਪ੍ਰੇਮ ਚੰਦ, ਪੰਜਾਬੀ ਦੇ ਨਾਨਕ ਸਿੰਘ, ਪੂਰਨ ਸਿੰਘ ਤੋਂ ਲੈ ਕੇ ਮਰਾਠੀ ਦੇ ਸਾਨੇ ਗੁਰੂ ਜੀ ਇਸ ਵਿਚ ਆ

ਜਾਣਗੇ। ਪੇਂਡੂ ਸਾਹਿਤ, ਦਲਿਤ ਸਾਹਿਤ, ਨਾਰੀਵਾਦੀ ਸਾਹਿਤ ਤੇ ਹੋਰ ਕਿੰਨੇ ਹੀ ਪ੍ਰਵਾਹ ਹਨ ਜੋ ਨਿਰੰਤਰ ਸਾਹਿਤ ਵਿਚ ਵਹਿ ਰਹੇ ਹਨ। ਇਨਫੁਲੈਂਸ ਸਟੱਡੀਜ਼ ਨੂੰ ਕੰਮਪੈਰਿਟਿਵ ਸਟੱਡੀ ਦਾ ਮਹੱਤਵਪੂਰਨ ਹਿੱਸਾ ਮੰਨਿਆ ਜਾਂਦਾ ਹੈ। ਦੁਨੀਆ ਭਰ ਵਿਚ ਸਭਿਆਚਾਰਕ ਆਦਾਨ ਪ੍ਰਦਾਨ ਵਿਚੋਂ ਜੋ ਨਵੀਂਆਂ ਰਚਨਾਵਾਂ ਬਣੀਆਂ ਹਨ, ਉਹ ਪਰਸਪਰ ਪ੍ਰਭਾਵ ਤੋਂ ਬਿਨਾ ਸੰਭਵ ਨਹੀਂ ਸਨ। ਜੇ ਅਸੀਂ ਅੱਜ ਦੇ ਭਾਰਤ ਦੀ ਗੱਲ ਕਰੀਏ ਤਾਂ ਉਸ ਉਪਰ ਸਾਨੂੰ ਅਨੇਕਾਂ ਬਾਹਰੀ ਭਾਸ਼ਾਵਾਂ ਦੇ ਪ੍ਰਭਾਵ ਨਜ਼ਰ ਆਉਣਗੇ। ਇਸ ਵਿਚ ਸਭਿਆਚਾਰਕ ਸੰਰਚਨਾਵਾਂ, ਪਾਤਰ, ਮੁੱਲ, ਕਥਾਨਕ, ਰੂੜ੍ਹੀਆਂ, ਵਿਚਾਰਾਂ ਆਦਿ ਦੀ ਨਿਸ਼ਾਨਦੇਹੀ ਅਸੀਂ ਸਾਹਿਤ ਵਿਚੋਂ ਕਰ ਸਕਦੇ ਹਾਂ। ਇਰਾਨੀ, ਅਰਬੀ, ਪੁਰਤਗੇਜ਼ੀ, ਫਰੈਂਚ ਪ੍ਰਭਾਵ ਵੀ ਅਸੀਂ ਦੇਖ ਸਕਦੇ ਹਾਂ। ਇੱਥੋਂ ਤਕ ਕਿ ਅੰਗਰੇਜ਼ੀ ਦਾ ਸਿੱਧਾ ਪ੍ਰਭਾਵ ਵੱਡੀ ਪੱਧਰ 'ਤੇ ਨਜ਼ਰ ਆਉਂਦਾ ਹੈ। ਇਸ ਨੇ ਸਾਡੀਆਂ ਭਾਸ਼ਾਵਾਂ ਤੇ

ਸਾਹਿਤ ਨੂੰ ਵੱਡਾ ਖੋਰਾ ਵੀ ਲਾਇਆ ਹੈ। ਅਮਰੀਕਾ ਨੇ ਆਪਣੇ ਟਟਪੂੰਜੀਏ ਸਾਹਿਤ ਨੂੰ ਵੱਡੀ ਪੱਧਰ 'ਤੇ ਅਨੁਵਾਦ ਕਰਾ ਕੇ ਆਪਣੇ ਪੈਸੇ ਦੀ ਤਾਕਤ ਨਾਲ ਦੁਨੀਆ ਭਰ ਵਿਚ ਪਹੁੰਚਾਇਆ ਹੈ। ਦੁਨੀਆ ਭਰ ਦੀਆਂ ਕੁਲ ਅਨੁਵਾਦਿਤ ਕਿਤਾਬਾਂ ਵਿਚ ਅੰਗਰੇਜ਼ੀ, ਫਰੈਂਚ, ਜਰਮਨੀ ਤੇ ਰੂਸੀ ਵਰਗੀਆਂ ਪ੍ਰਭਾਵਸ਼ਾਲੀ ਭਾਸ਼ਾਵਾਂ ਵਿਚੋਂ ਹੀ ਨੱਬੇ ਫ਼ੀਸਦੀ ਅਨੁਵਾਦ ਹੋ ਕੇ ਦੁਨੀਆ ਭਰ ਦੇ ਦੇਸ਼ਾਂ ਵਿਚ ਪਹੁੰਚਦੇ ਹਨ। ਇਸ ਦੇ ਉਲਟ ਹਿੰਦੀ, ਮਰਾਠੀ, ਪੰਜਾਬੀ, ਉੜੀਆ,ਰਾਜਸਥਾਨੀ ਵਰਗੀਆਂ ਭਾਰਤੀ ਭਾਸ਼ਾਵਾਂ ਦਾ ਚਾਰ ਫ਼ੀਸਦੀ ਸਾਹਿਤ ਵੀ ਅਨੁਵਾਦ ਹੋ ਕੇ ਇਨ੍ਹਾਂ ਉੱਨਤ ਮੁਲਕਾਂ ਵਿਚ ਨਹੀਂ ਪਹੁੰਚਦਾ। ਸਾਡੇ ਚੰਗੇ ਵਿਚਾਰ, ਪਰੰਪਰਾਵਾਂ, ਦਰਸ਼ਨ, ਪ੍ਰਾਪਤੀਆਂ ਬਾਰੇ ਵੀ ਦੂਸਰੇ ਲੋਕਾਂ ਨੂੰ ਪਤਾ ਲੱਗਣਾ ਚਾਹੀਦਾ ਹੈ। ਪਰ ਅਜਿਹਾ ਹੋ ਨਹੀਂ ਰਿਹਾ। ਸਾਡੇ ਭਾਰਤੀ ਲੇਖਕ ਪ੍ਰੇਮ ਚੰਦ, ਵਿਜੈ ਦਾਨ ਦੇਥਾ, ਨਾਨਕ ਸਿੰਘ, ਪੂਰਨ ਸਿੰਘ, ਭਾਈ ਵੀਰ ਸਿੰਘ,

ਅੰਮ੍ਰਿਤਾ ਪ੍ਰੀਤਮ, ਕ੍ਰਿਸ਼ਨਾ ਸੋਬਤੀ, ਪੰਨਾ ਲਾਲ ਪਟੇਲ, ਮੰਟੋ, ਫ਼ੈਜ਼, ਇਸਮਤ ਚੁਗਤਾਈ, ਰਜਿੰਦਰ ਸਿੰਘ ਬੇਦੀ, ਕ੍ਰਿਸ਼ਨ ਚੰਦਰ ਤੇ ਹੋਰ ਕਿੰਨੇ ਹੀ ਹਨ ਜਿਨ੍ਹਾਂ ਨੂੰ ਦੁਨੀਆ ਭਰ ਦੀਆਂ ਭਾਸ਼ਾਵਾਂ ਵਿਚ ਅਨੁਵਾਦਿਆ ਜਾਣਾ ਜ਼ਰੂਰੀ ਹੈ।

ਪੋਸਟ ਸਕਰਿਪਟ

ਅੰਨ ਖਾਣ ਵਾਲੇ ਤੇ ਅੱਗ ਬਾਲਣ ਵਾਲੇ ਲੋਕਾਂ ਵਿਚ ਭਾਸ਼ਾ ਸਿਰਫ਼ ਸੰਚਾਰ ਦਾ ਸਾਧਨ ਮਾਤਰ ਨਹੀਂ, ਸਗੋਂ ਇਹ ਉਨ੍ਹਾਂ ਦੀ ਇਸ ਸੰਸਾਰ ’ਤੇ ਹੋਂਦ ਦਾ ਪ੍ਰਤੱਖ ਪ੍ਰਮਾਣ ਹੈ। ਅਸੀਂ ਭਾਸ਼ਾ ਵਿਚ ਜਿਉਂਦੇ ਸਾਹ ਲੈਂਦੇ, ਲੜਦੇ ਝਗੜਦੇ, ਪਿਆਰ ਕਰਦੇ, ਇਸ਼ਕ ਕਮਾਉਂਦੇ, ਰੱਬ ਨੂੰ ਧਿਆਉਂਦੇ ਤੇ ਅਖੀਰ ਅੱਗ ਦੀ ਭਾਸ਼ਾ ਵਿਚ ਫ਼ਨਾਹ ਹੋ ਜਾਂਦੇ ਹਾਂ। ਇਹ ਸਮਝਣਾ ਬੜਾ ਜ਼ਰੂਰੀ ਹੈ ਕਿ ਜਿਸ ਭਾਸ਼ਾ ਵਿਚ ਅਸੀਂ ਗੁੜ੍ਹਤੀ ਲਈ ਹੈ, ਉਹਦੇ ਕਰਜ਼ਾਈ ਵੀ ਹਾਂ। ਇਹ ਰਿਣ

ਇਸ ਜ਼ਿੰਦਗੀ ਵਿਚ ਹੀ ਚੁਕਾਇਆ ਜਾ ਸਕਦਾ ਹੈ। ਭਾਸ਼ਾ ਨਾਲ ਸਾਡੀ ਵਫ਼ਾਦਾਰੀ ਬੜੀ ਜ਼ਰੂਰੀ ਹੈ। ਜੇ ਅਸੀਂ ਆਪਣੀ ਭਾਸ਼ਾ ਤੋਂ ਮੂੰਹ ਮੋੜ ਗਏ ਤਾਂ ਸਦੀਆਂ ਤੱਕ ਇਹ ਗ਼ੁਲਾਮ ਹੋ ਜਾਏਗੀ ਤੇ ਗ਼ੁਲਾਮ ਆਤਮਾਵਾਂ ਕਦੇ ਮੁਕਤ ਨਹੀਂ ਹੁੰਦੀਆਂ ਜਿੰਨੀ ਦੇਰ ਤੱਕ ਉਹਦੇ ਲਈ ਵਫ਼ਾਦਾਰੀ ਨਾ ਪਾਲੀ ਜਾਵੇ। ਆਓ ਮਾਤਾ ਭਾਸ਼ਾ ਲਈ ਵਫ਼ਾਦਾਰੀ ਦੀ ਕਸਮ ਖਾਈਏ ਤੇ ਇਹਦਾ ਰਿਣ ਚੁਕਾਈਏ।

ਜੈ ਪੰਜਾਬੀ।

ਜੈ ਮਾਤ ਭਾਸ਼ਾਵਾਂ

37

ਗ਼ੁਲਾਮ ਸੋਚ ਬਨਾਮ ਅਜ਼ਾਦ ਸੋਚ

ਮਨੁੱਖ ਭਾਵੇਂ ਜਨਮ ਵੇਲੇ ਅਜ਼ਾਦ ਪੈਦਾ ਹੁੰਦਾ ਹੈ, ਪਰ ਸਮਾਜ ਉਹਦੇ ਲਈ ਕਈ ਤਰ੍ਹਾਂ ਦੀਆਂ ਗ਼ੁਲਾਮੀ ਦੀਆਂ ਜਕੜਨਾਂ ਪੈਦਾ ਕਰਦਾ ਹੈ। ਇਸ ਲਈ ਜਿਵੇਂ ਜਿਵੇਂ ਮਨੁੱਖ ਉਮਰ ਦੇ ਪੜਾਅ ਤਹਿ ਕਰਦਾ ਜਾਂਦਾ ਹੈ ਤਿਵੇਂ ਤਿਵੇਂ ਉਹ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਕੱਸਿਆ ਜਾਂਦਾ ਹੈ। ਹਾਲਾਂਕਿ ਉਸ ਨੂੰ ਇਹਦਾ ਪਤਾ ਨਹੀਂ ਹੁੰਦਾ। ਗ਼ੁਲਾਮ ਮਾਨਸਿਕਤਾ ਬੜੀ ਖ਼ਤਰਨਾਕ ਹੁੰਦੀ ਹੈ ਕਿਉਂਕਿ ਇਹ ਕੋਈ ਵੀ ਆਜ਼ਾਦਾਨਾ ਫ਼ੈਸਲਾ ਲੈਣ ਦੇ ਸਮਰੱਥ ਨਹੀਂ ਹੁੰਦੀ। ਭਾਰਤ ਲੰਮਾ ਸਮਾਂ ਬਸਤੀਵਾਦੀ ਹਾਕਮਾਂ ਦਾ ਗ਼ੁਲਾਮ ਰਿਹਾ ਹੈ। ਉਨ੍ਹਾਂ ਨੇ ਸਾਡੇ ਅੰਦਰ ਇਕ ਅਜਿਹੀ ਹੀਣ-ਭਾਵਨਾ ਭਰ ਦਿੱਤੀ ਹੈ ਕਿ ਅਸੀਂ ਅਜੇ ਤੱਕ ਇਸ ਗੱਲ 'ਤੇ ਲੜ ਰਹੇ ਹਾਂ ਕਿ ਕਿਸ ਨੇ ਕੀ

ਖਾਣਾ/ਪੀਣਾ/ਪਹਿਨਣਾ ਹੈ। ਕਿਹੜੇ ਰੱਬ ਨੂੰ ਮੰਨਣਾ ਨਹੀਂ ਮੰਨਣਾ/ ਕਿਹੜਾ ਧਰਮ ਅਪਣਾਉਣਾ ਕਿਹੜੇ ਨੂੰ ਤਿਆਗਣਾ ਹੈ। ਕਿਹੜੀ ਸੜਕ, ਗਲੀ, ਕੂਚੇ, ਬਸਤੀ ਦਾ ਮੁਸਲਿਮ ਨਾਂ ਰੱਖਣਾ ਹੈ ਕਿਹੜੀ ਦਾ ਮਿਟਾਉਣਾ ਹੈ, ਆਦਿ ਆਦਿ। ਇਹੀ ਕਾਰਨ ਹੈ ਕਿ ਸਰਕਾਰ ਤੋਂ ਲੈ ਕੇ ਅਫ਼ਸਰਸ਼ਾਹੀ ਤੱਕ ਕੋਈ ਫ਼ੈਸਲਾ ਨਹੀਂ ਲੈਂਦਾ। ਸਮੱਸਿਆ ਵੱਡੀ ਹੋਵੇ ਜਾਂ ਛੋਟੀ ਉਹਨੂੰ ਕਮੇਟੀਆਂ/ਕਮਿਸ਼ਨਾਂ/ਸਿੱਟ/ ਜਾਂਚ ਪੜਤਾਲ ਵਿਚ ਏਨਾ ਰੋਲ ਦਿੱਤਾ ਜਾਂਦਾ ਹੈ ਕਿ ਅੱਜ ਤੱਕ ਫ਼ੈਸਲੇ ਲੈਣ ਦੀ ਸਾਡੇ ਵਿਚ ਹਿੰਮਤ ਪੈਦਾ ਨਹੀਂ ਹੋਈ। ਜੇ ਕਿਤੇ ਕੋਈ ਫ਼ੈਸਲਾ ਲੈ ਵੀ ਲਿਆ ਜਾਵੇ ਤਾਂ ਫਿਰ ਉਸ ਨੂੰ ਗ਼ਲਤ ਸਾਬਤ ਕਰਨ ਲਈ ਸਾਰਾ ਜ਼ੋਰ ਲਾ ਦਿੱਤਾ ਜਾਂਦਾ ਹੈ। ਅੱਜ ਸਾਡੇ ਬੜੇ ਪਿਆਰੇ ਉੱਘੇ ਲੇਖਕ/ਐਕਟਰ ਤੇ ਪੰਜਾਬੀ ਦੇ ਮੁੱਦਈ ਮਰਹੂਮ ਬਲਰਾਜ ਸਾਹਨੀ ਦਾ ਜਨਮ ਦਿਨ ਹੈ। ਬਲਰਾਜ ਸਾਹਨੀ ਜਿੱਥੇ ਉੱਘਾ ਐਕਟਰ ਸੀ ਓਥੇ ਵੱਡਾ ਲੇਖਕ ਵੀ ਸੀ। ਸਾਰੀ ਉਮਰ ਉਹ

ਪੰਜਾਬ/ਪੰਜਾਬੀ/ਪੰਜਾਬੀਅਤ ਨੂੰ ਪਰਨਾਇਆ ਰਿਹਾ। ਗ਼ੁਲਾਮ ਸੋਚ ਦੀ ਅਜ਼ਾਦ ਸੋਚ ਨਾਲ ਤੁਲਨਾ ਕਰਦਿਆਂ ਉਹ ਜ਼ਿੰਦਗੀ ਵਿਚ ਵਾਪਰੀ ਇਕ ਦਿਲਚਸਪ ਘਟਨਾ ਦਾ ਵਰਣਨ ਕਰਦਿਆਂ ਲਿਖਦਾ ਹੈ- ਅੱਜ ਮੈਨੂੰ ਆਪਣੇ ਵਿਦਿਆਰਥੀ ਜੀਵਨ ਦੀ ਇਕ ਘਟਨਾ ਯਾਦ ਆ ਰਹੀ ਹੈ। ਮੈਂ ਆਪਣੇ ਪਰਿਵਾਰ ਨਾਲ ਗਰਮੀਆਂ ਦੀਆਂ ਛੁੱਟੀਆਂ ਮਨਾਉਣ ਲਈ ਰਾਵਲਪਿੰਡੀ ਤੋਂ ਕਸ਼ਮੀਰ ਜਾ ਰਿਹਾ ਸਾਂ। ਪਿਛਲੀ ਰਾਤ ਭਾਰੀ ਬਾਰਸ਼ ਹੋਣ ਕਰਕੇ ਲੈਂਡ ਸਲਾਈਡ ਹੋ ਗਈ ਸੀ ਜਿਸ ਕਰਕੇ ਸੜਕ ਬੰਦ ਕਰ ਦਿੱਤੀ ਗਈ ਸੀ। ਪਹਾੜ ਤੋਂ ਵੱਡੀ ਮਾਤਰਾ ਵਿਚ ਟੁੱਟਿਆ ਮਲਬਾ ਸੜਕ 'ਤੇ ਪਿਆ ਵੀ ਪਹਾੜ ਹੀ ਲੱਗ ਰਿਹਾ ਸੀ। ਦੋਵੇਂ ਪਾਸੇ ਮੋਟਰਾਂ ਦੀਆਂ ਲੰਮੀਆਂ ਲਾਈਨਾਂ ਲੱਗ ਗਈਆਂ ਸਨ। ਓਥੇ ਨਾ ਖਾਣ ਪੀਣ ਦਾ ਕੋਈ ਪ੍ਰਬੰਧ ਸੀ ਨਾ ਸੌਣ ਦਾ। ਪੀ.ਡਬਲਿਊ. ਡੀ. ਦਾ ਮਹਿਕਮਾ ਮਲਬਾ ਹਟਾਉਣ ਤੇ ਸੜਕ ਦੀ ਮੁਰੰਮਤ ਕਰਨ ਲਈ ਜੀ ਤੋੜ ਕੋਸ਼ਿਸ਼ ਕਰ ਰਿਹਾ ਸੀ।

ਫਿਰ ਵੀ ਮੋਟਰਾਂ ਦੇ ਡਰਾਈਵਰ ਤੇ ਸੈਲਾਨੀ ਛਿੱਥੇ ਪਏ ਉਨ੍ਹਾਂ ਨੂੰ ਕੋਸ ਰਹੇ ਸਨ ਕਿ ਉਹ ਬੜੀ ਸੁਸਤ ਚਾਲ ਨਾਲ ਕੰਮ ਕਰ ਰਹੇ ਹਨ। ਇੰਜ ਤਾਂ ਕਈ ਦਿਨ ਏਥੇ ਹੀ ਲੱਗ ਜਾਣਗੇ। ਇਨ੍ਹਾਂ ਦਾ ਕੰਮ ਕਰਨ ਦਾ ਦੀਦਾ ਹੀ ਨਹੀਂ। ਲੋਕ ਭਾਂਤ ਭਾਂਤ ਦੀਆਂ ਗੱਲਾਂ ਕਰਦੇ ਅੰਦਰ ਦੀ ਭੜਾਸ ਕੱਢ ਰਹੇ ਸਨ। ਪਰ ਕੁਦਰਤ ਦੀ ਇਸ ਮਾਰ ਨੂੰ ਸਮੇਟਣਾ ਸੌਖਾ ਨਹੀਂ ਸੀ। ਅਖੀਰ ਇਕ ਦਿਨ ਰਸਤਾ ਖੁੱਲ੍ਹਣ ਦਾ ਐਲਾਨ ਹੋ ਗਿਆ ਤੇ ਮੋਟਰਾਂ ਦੇ ਡਰਾਈਵਰਾਂ ਨੂੰ ਹਰੀ ਝੰਡੀ ਦਿਖਾ ਕੇ ਚਲਣ ਦਾ ਇਸ਼ਾਰਾ ਕਰ ਦਿੱਤਾ ਗਿਆ। ਪਰ ਬੜੀ ਅਜੀਬੋ ਗ਼ਰੀਬ ਸਥਿਤੀ ਬਣੀ ਹੋਈ ਸੀ। ਕੋਈ ਵੀ ਡਰਾਈਵਰ ਟੱਸ ਤੋਂ ਮੱਸ ਨਾ ਹੋਇਆ। ਕੋਈ ਵੀ ਪਹਿਲਾਂ ਆਪਣੀ ਗੱਡੀ ਚਲਾ ਕੇ ਅੱਗੇ ਜਾਣ ਲਈ ਤਿਆਰ ਨਹੀਂ ਸੀ। ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਰਸਤਾ ਕੱਚਾ, ਤਿਲ੍ਹਕਵਾਂ, ਤੰਗ ਤੇ ਖ਼ਤਰਨਾਕ ਸੀ। ਇਕ ਪਾਸੇ ਉੱਚਾ ਪਹਾੜ ਸੀ ਜੋ ਟੁੱਟ ਕੇ ਵੱਡੇ ਵੱਡੇ ਟੋਟਿਆਂ ਵਿਚ ਸੜਕ ਮੱਲ

ਕੇ ਬਹਿ ਗਿਆ ਸੀ ਤੇ ਦੂਜੇ ਪਾਸੇ ਖਾਈ ਤੇ ਠਾਠਾਂ ਮਾਰਦਾ ਜੇਲ੍ਹਮ ਦਰਿਆ ਸੀ। ਇਹ ਉਹੀ ਡਰਾਈਵਰ ਤੇ ਸੈਲਾਨੀ ਸਨ ਜੋ ਕੱਲ੍ਹ ਪਾਣੀ ਪੀ ਪੀ ਕੇ ਪੀ.ਡਬਲਿਊ. ਡੀ. ਦੇ ਕਰਮਚਾਰੀਆਂ ਨੂੰ ਕੋਸ ਰਹੇ ਸਨ ਕਿ ਉਹ ਆਲਸੀ ਤੇ ਕੰਮ ਚੋਰ ਹਨ। ਤੇ ਅੱਜ ਜਦੋਂ ਉਨ੍ਹਾਂ ਨੇ ਦਿਨ ਰਾਤ ਇਕ ਕਰਕੇ ਸੜਕ ਸਾਫ਼ ਕਰ ਦਿੱਤੀ ਸੀ ਤੇ ਹੁਣ ਉਨ੍ਹਾਂ ’ਚੋਂ ਕੋਈ ਇਕ ਕਦਮ ਪੁੱਟਣ ਲਈ ਵੀ ਤਿਆਰ ਨਹੀਂ ਸੀ। ਏਨੇ ਨੂੰ ਪਿੱਛੋਂ ਹਾਰਨ ਵਜਾਉਂਦੀ ਇਕ ਛੋਟੀ ਹਲਕੇ ਰੰਗ ਦੀ ਸਪੋਰਟ ਕਾਰ ਆਉਂਦੀ ਨਜ਼ਰੀਂ ਪਈ। ਉਹਨੂੰ ਇਕ ਅੰਗਰੇਜ਼ ਚਲਾ ਰਿਹਾ ਸੀ। ਵਾਹਨਾਂ ਦੀ ਏਨੀ ਲੰਮੀ ਲਾਈਨ ਦੇਖ ਕੇ ਉਹ ਹੈਰਾਨ ਹੋ ਰਿਹਾ ਸੀ। ਮੈਂ ਕੋਟ ਪੈਂਟ ਪਾਈ ਜ਼ਰਾ ਸਾਹਿਬ ਬਣ ਕੇ ਖੜ੍ਹਾ ਸਾਂ। ਉਹਨੇ ਇਹਦੇ ਬਾਰੇ ਮੈਨੂੰ ਪੁੱਛਿਆ ਤਾਂ ਮੈਂ ਉਹਨੂੰ ਸਾਰੀ ਗਾਥਾ ਸੁਣਾ ਦਿੱਤੀ। ਉਹ ਉੱਚੀ ਉੱਚੀ ਹੱਸਣ ਲੱਗਾ ਤੇ ਹਾਰਨ ਵਜਾਉਂਦਾ ਹੋਇਆ ਬਿਨਾ ਕਿਸੇ ਡਰ ਭਓ ਦੇ ਕਾਰ ਚਲਾਉਂਦਾ

ਚਲਾ ਗਿਆ। ਉਸ ਤੋਂ ਬਾਅਦ ਨਜ਼ਾਰਾ ਦੇਖਣ ਵਾਲਾ ਸੀ। ਕਿਥੇ ਤਾਂ ਕੋਈ ਪਹਿਲ ਕਰਕੇ ਗੱਡੀ ਸਟਾਰਟ ਕਰਨ ਨੂੰ ਤਿਆਰ ਨਹੀਂ ਸੀ ਤੇ ਹੁਣ ਹਰ ਕੋਈ ਹਾਰਨ ਤੇ ਹਾਰਨ ਵਜਾ ਕੇ ਕੰਨ ਪਾੜ ਰਿਹਾ ਸੀ। ਇਸ ਨਾਲ ਏਨੀ ਭਗਦੜ ਮਚੀ ਕਿ ਕਿੰਨਾ ਚਿਰ ਫਿਰ ਰਸਤਾ ਬੰਦ ਰਿਹਾ। ਮੈਂ ਆਪਣੀਆਂ ਅੱਖਾਂ ਨਾਲ ਅਜ਼ਾਦ ਤੇ ਗ਼ੁਲਾਮ ਦੇਸ਼ ਦੇ ਪੜ੍ਹੇ ਲਿਖੇ ਲੋਕਾਂ ਵਿਚ ਫ਼ਰਕ ਦੇਖ ਰਿਹਾ ਸਾਂ। ਅਜ਼ਾਦ ਬੰਦੇ ਵਿਚ ਕੁਝ ਸੋਚਣ/ਸਮਝਣ, ਫ਼ੈਸਲਾ ਕਰਨ ਤੇ ਫ਼ੈਸਲੇ 'ਤੇ ਅਮਲ ਕਰਨ ਦੀ ਦਲੇਰੀ ਹੁੰਦੀ ਹੈ। ਗ਼ੁਲਾਮ ਬੰਦਾ ਇਹ ਦਲੇਰੀ ਗੁਆ ਚੁੱਕਾ ਹੁੰਦਾ ਹੈ। ਉਹ ਹਮੇਸ਼ਾ ਦੂਸਰਿਆਂ ਦੇ ਵਿਚਾਰਾਂ ਨੂੰ ਅਪਣਾਉਂਦਾ ਹੈ। ਇਸ ਸਬਕ ਨੂੰ ਮੈਂ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲਿਆ ਸੀ। ਆਪਣੀ ਜ਼ਿੰਦਗੀ ਵਿਚ ਜਦੋਂ ਵੀ ਮੈਂ ਕੋਈ ਔਖਾ ਫ਼ੈਸਲਾ ਲੈ ਸਕਿਆ, ਮੈਨੂੰ ਬੜਾ ਸਕੂਨ ਮਿਲਿਆ। ਪਰ ਜ਼ਿੰਦਗੀ ਵਿਚ ਅਜਿਹੇ ਮੌਕੇ ਬੜੇ ਘੱਟ ਆਏ। ਜ਼ਿਆਦਾਤਰ ਮੈਂ ਉਹੀ ਫ਼ੈਸਲੇ

ਲਏ ਜੋ ਮੇਰਾ ਪਰਿਵਾਰ ਮੈਥੋਂ ਚਾਹੁੰਦਾ ਸੀ। ਮੇਰੇ ਉਪਰ ਮੁੱਲਾਂ ਤੇ ਨੈਤਿਕਤਾ ਦਾ ਇਕ ਬੋਝ ਲੱਦ ਦਿੱਤਾ ਜਾਂਦਾ ਸੀ। ਮੇਰੇ ਸ਼ਹਿਰ ਦੇ ਸ਼ਾਇਦ ਇਕ ਫ਼ੀਸਦੀ ਤੋਂ ਵੀ ਘੱਟ ਲੋਕ ਹੋਣਗੇ ਜੋ ਸੁਪਨੇ ਵਿਚ ਵੀ ਨਹੀਂ ਸੋਚ ਸਕਦੇ ਹੋਣਗੇ ਕਿ ਉਨ੍ਹਾਂ ਦੀ ਹਯਾਤੀ ਵਿਚ ਦੇਸ਼ ਅਜ਼ਾਦ ਹੋ ਜਾਏਗਾ। ਗਾਂਧੀ ਜੀ ਨੂੰ ਆਪਣੇ ਉਪਰ ਤੇ ਦੇਸ਼ ਵਾਸੀਆਂ ਉਪਰ ਭਰੋਸਾ ਸੀ। ਅੱਜ ਅਸੀਂ ਅਜ਼ਾਦ ਹਾਂ। ਪਰ ਕੀ ਅਸੀਂ ਕਹਿ ਸਕਦੇ ਹਾਂ ਕਿ ਗ਼ੁਲਾਮੀ ਤੇ ਹੀਣ-ਭਾਵਨਾ ਦਾ ਜ਼ਹਿਰ ਸਾਡੇ ਵਿਚੋਂ ਮਿਟ ਚੁੱਕਾ ਹੈ? ਇਕ ਪੜ੍ਹੇ ਲਿਖੇ ਸਿਆਣੇ ਬੰਦੇ ਲਈ ਸਾਡੀਆਂ ਫ਼ਿਲਮਾਂ ਤਮਾਸ਼ੇ ਤੋਂ ਵੱਧ ਕੇ ਕੁਝ ਨਹੀਂ। ਹਾਲਾਂਕਿ ਮੇਰੇ ਲਈ ਉਨ੍ਹਾਂ ਦਾ ਮਜ਼ਾਕ ਉਡਾਉਣਾ ਸੌਖਾ ਨਹੀਂ। ਮੈਂ ਉਨ੍ਹਾਂ ਤੋਂ ਰੋਜ਼ੀ ਰੋਟੀ ਕਮਾਉਂਦਾ ਹਾਂ। ਅਜ਼ਾਦੀ ਤੋਂ ਬਾਅਦ ਸਾਡੀਆਂ ਕਲਾਵਾਂ ਨੇ ਬੜੀ ਤਰੱਕੀ ਕੀਤੀ ਹੈ। ਇਸ ਦੇ ਬਾਵਜੂਦ ਅਸੀਂ ਨਕਲਚੀ ਹਾਂ। ਮੇਰਾ ਥੋੜ੍ਹਾ ਬਹੁਤ ਸੰਬੰਧ ਸਾਹਿਤ ਦੀ ਦੁਨੀਆ ਨਾਲ ਵੀ ਹੈ। ਇਹੀ ਹਾਲ ਮੈਂ

ਓਥੇ ਦੇਖਦਾ ਹਾਂ। ਯੂਰਪੀਅਨ ਸਾਹਿਤ ਦਾ ਫ਼ੈਸ਼ਨ ਸਾਡੇ ਨਾਵਲਕਾਰਾਂ, ਕਹਾਣੀਕਾਰਾਂ ਤੇ ਕਵੀਆਂ ’ਤੇ ਝੱਟ ਹਾਵੀ ਹੋ ਜਾਂਦਾ ਹੈ। ਪੰਜਾਬ ਦੇ ਨੌਜਵਾਨ ਕਵੀਆਂ ਵਿਚ ਇਨਕਲਾਬੀ ਚੇਤਨਾ ਹੈ। ਉਹ ਕਵਿਤਾ ਵਿਚ ਕੁਝ ਚੰਗੀਆਂ ਗੱਲਾਂ ਕਰ ਰਹੇ ਹਨ। ਪਰ ਆਪਣਾਪਨ ਉਨ੍ਹਾਂ ਵਿਚ ਵੀ ਘੱਟ ਹੈ। ਇਹਦਾ ਸਿੱਟਾ ਇਹ ਨਿਕਲਿਆ ਕਿ ਉਨ੍ਹਾਂ ਦਾ ਇਨਕਲਾਬ ਇਕ ਛੋਟੇ ਜਿਹੇ ਕਾ਼ਗ਼ਜ਼ ਦੇ ਪੁਰਜ਼ੇ ’ਤੇ ਹੀ ਜੰਮ ਕੇ ਰਹਿ ਗਿਆ।

ਪੋਸਟ ਸਕਰਿਪਟ

ਅੱਜ ਅਸੀਂ ਬੜੇ ਅਜੀਬ ਜਿਹੇ ਦੌਰ ਵਿਚੋਂ ਲੰਘ ਰਹੇ ਹਾਂ। ਇਕ ਖਾਸ ਕਿਸਮ ਦਾ ਫਾਸ਼ੀਵਾਦ ਜੋ ਦੇਖਣ ਨੂੰ ਬੜਾ ਕੂ਼ਲਾ ਤੇ ਨਰਮ ਲੱਗਦਾ ਹੈ ਪਰ ਆਪਣੇ ਖ਼ਾਸੇ ਵਿਚ ਬੇਹੱਦ ਖ਼ਤਰਨਾਕ ਹੈ ਕਿਉਂਕਿ ਇਹ ਸਮਾਜ ਵਿਚ ਇਕ ਧਰਮ ਦੀ ਚੜ੍ਹਤ ਦਿਖਾ ਕੇ ਘੱਟ

ਗਿਣਤੀਆਂ ਨੂੰ ਹਾਸ਼ੀਏ ’ਤੇ ਧੱਕ ਕੇ ਸਾਮਰਾਜੀ ਸ਼ੋਸ਼ਣ ਦੀ ਇਕ ਨਵੀਂ ਪਰਿਭਾਸ਼ਾ ਘੜਨ ਦੇ ਆਹਰ ਵਿਚ ਹੈ। ਇਹ ਲੋਕਾਂ ਨੂੰ ਕਈ ਹਿੱਸਿਆਂ ਵਿਚ ਵੰਡ ਕੇ ਬਸਤੀਵਾਦੀ ਨੀਤੀ ਪਾੜੋ ਤੇ ਰਾਜ ਕਰੋ ’ਤੇ ਚੱਲ ਰਿਹਾ ਹੈ। ਮੁਲਕ ਨੂੰ ਦਿਨੋਂ ਦਿਨ ਸਾਮਰਾਜੀ ਤਾਕਤਾਂ ਦੀ ਭੱਠੀ ਵਿਚ ਝੋਕਿਆ ਜਾ ਰਿਹਾ ਹੈ। ਇਹ ਸ਼ਾਇਦ ਮਾਨਸਿਕ ਗ਼ੁਲਾਮੀ ਦਾ ਵਿਸਫੋਟ ਹੈ ਕਿ ਅਸੀਂ ਅਜੇ ਤਕ ਵੀ ਤਰਕਸ਼ੀਲ ਢੰਗ ਨਾਲ਼ ਸੋਚਣ ਦੇ ਸਮਰੱਥ ਨਹੀਂ ਹੋ ਸਕੇ। ਕੁਝ ਤਾਕਤਾਂ ਦੇ ਪਿਛਲੱਗ ਬਣ ਕੇ ਅਸੀਂ ਆਪਸ ਵਿਚ ਲੜ ਭਿੜ ਰਹੇ ਹਾਂ ਤੇ ਰਾਜਨੀਤਕ ਸਫ਼ਾਂ ਤੇ ਸਾਮਰਾਜੀ ਤਾਕਤਾਂ ਦੀ ਅਟੁੱਟ ਭਿਆਲੀ ਇਸ ਨੂੰ ਇਕ ਟੂਲ ਵਾਂਗ ਵਰਤ ਰਹੀ ਹੈ। ਇਸ ਗ਼ੁਲਾਮ ਸੋਚ ਨੇ ਅੱਸੀ ਕਰੋੜ ਲੋਕਾਂ ਨੂੰ ਮਾਨਸਿਕ ਗ਼ੁਲਾਮੀ ਵਿਚ ਬਦਲ ਕੇ ਗ਼ਰੀਬੀ ਰੇਖਾ ਤੇ ਖੜ੍ਹਾ ਕਰ ਦਿੱਤਾ ਹੈ। ਏਥੇ ਉਹ ਖ਼ੁਸ਼ ਹਨ ਤੇ ਅਜ਼ਾਦ ਸੋਚ ਤੋਂ ਮੁਕਤ ਹੋ ਗਏ ਹਨ। ਇਹੀ ਗ਼ੁਲਾਮੀ ਦੀ ਦਲਦਲ ਹੈ ਜਿਸ ਵਿਚੋਂ ਅਸੀਂ ਬਾਹਰ

ਨਹੀਂ ਨਿਕਲ ਸਕੇ ਤੇ ਨਾ ‘ਉਹ’ ਸਾਨੂੰ ਕੱਢਣ ਲਈ ਤਿਆਰ ਹਨ। ਏਸੇ ਦੀ ਦੁਹਾਈ ਬਲਰਾਜ ਸਾਹਨੀ ਦੇ ਰਹੇ ਹਨ। ਉਨ੍ਹਾਂ ਨੂੰ ਯਾਦ ਕਰਨ ਤੇ ਸਿੱਜਦਾ ਕਰਨ ਦਾ ਇਕ ਬਹਾਨਾ ਹੈ ਉਨ੍ਹਾਂ ਦੀ ਇਹ ਤਜ਼ਰਬਾਤੀ ਲਿਖਤ ਜੋ ਅੱਜ ਵੀ ਸਾਨੂੰ ਹੁਲਾਰਾ ਦੇਂਦੀ ਹੈ।

38

ਜੰਗ ਤੇ ਜਿਸਮਾਂ ਦਾ ਵਪਾਰ

ਜੰਗ ਸ਼ਬਦ ਜਿੰਨਾ ਛੋਟਾ ਹੈ, ਓਨਾ ਹੀ ਭਿਅੰਕਰ ਹੈ। ਜਿਨ੍ਹਾਂ ਨੂੰ ਇਹਦੀ ਮਾਰ ਪੈਂਦੀ ਹੈ, ਉਹਦੇ ਬਾਰੇ ਜਾਣ ਕੇ ਕਿਆਮਤ ਦਾ ਇੰਤਜ਼ਾਰ ਕਰਦੇ ਉਨ੍ਹਾਂ ਦੇ ਵਡੇਰਿਆਂ ਦੀਆਂ ਰੂਹਾਂ ਕਬਰਾਂ ਵਿਚ ਕੰਬ ਉੱਠਦੀਆਂ ਹਨ। ਕੋਵਿਡ ਨੇ ਜਿਵੇਂ ਕਹਿਰ ਵਰਤਾਇਆ ਸੀ ਉਸ ਤੋਂ ਦੁਨੀਆ ਦੇ ਸਾਮਰਾਜੀਆਂ ਨੇ ਸਬਕ ਸਿੱਖਣ ਦੀ ਬਜਾਏ ਨਵੀਂਆਂ ਆਫ਼ਤਾਂ ਦੇ ਮਨਸੂਬੇ ਘੜ ਲਏ। ਇਕ ਪਾਸੇ ਜੇਲਿੰਸਕੀ ਦੇ ਹਠ- ਹਉਮੈਂ ਨੇ ਯੂਕਰੇਨ ਵਰਗੇ ਕੁਦਰਤ ਦੀਆਂ ਦੌਲਤਾਂ ਨਾਲ ਮਾਲੋਮਾਲ ਮੁਲਕ ਨੂੰ ਤਬਾਹ ਕਰ ਦਿੱਤਾ, ਦੂਜੇ ਪਾਸੇ ਰੂਸ ਦੀ ਉਹਨੂੰ ਸਬਕ ਸਿਖਾਉਣ ਦੀ ਹੈਂਕੜੀ ਨੇ ਲਾਸ਼ਾਂ ਦੇ ਅੰਬਾਰ ਲਾ ਕੇ ਸਿੱਧ ਕਰ ਦਿੱਤਾ ਹੈ ਕਿ ਉਹ ਹਿਟਲਰ ਦਾ ਹੀ ਕੋਈ ਭਾਈ-ਬੰਧ

ਹੈ। ਨਾਟੋ ਮੁਲਕਾਂ ਨੇ ਬਲਦੀ ’ਤੇ ਤੇਲ ਪਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਬੁੱਚ ਹੋਵੇ ਜਾਂ ਕੀਵ ਜਾਂ ਕੋਈ ਹੋਰ ਸ਼ਹਿਰ ਸਾਰੇ ਸਮੂਹਿਕ ਕਬਰਸਤਾਨ ਵਿਚ ਬਦਲ ਚੁੱਕੇ ਹਨ। ਕੌਮਾਂਤਰੀ ਫੋਰੈਂਸਿਕ ਟੀਮਾਂ ਜਿਵੇਂ ਅੱਜ ਬੁੱਚ ਦੀ ਸਮੂਹਿਕ ਕਬਰ ਵਿਚੋਂ ਦੁਬਾਰਾ ਜਾਂਚ ਲਈ ਲਾਸ਼ਾਂ ਬਾਹਰ ਕੱਢ ਰਹੀਆਂ ਹਨ, ਉਹ ਬੜਾ ਭਿਆਨਕ ਮੰਜ਼ਰ ਹੈ। ਅਸੀਂ ਜਿਸ ਰੂਸ ਨੂੰ ਜਾਣਦੇ ਸਾਂ ਉਹ ਬੜਾ ਸ਼ਾਨਦਾਰ, ਬਾਲਸ਼ਵਿਕ ਇਨਕਲਾਬ ਦਾ ਪਰਨਾਇਆ ਰੂਸ ਸੀ, ਜਿੱਥੇ ਦੂਜੀ ਸੰਸਾਰ ਜੰਗ ਵਿਚ ਦਰਵਾਜ਼ੇ ’ਤੇ ਆਏ ਭੁੱਖੇ ਜਰਮਨਾਂ ਨੂੰ ਈਰਖਾ ਵੱਸ ਮਾਰਨ ਦੀ ਥਾਂ ਉਨ੍ਹਾਂ ਨੂੰ ਆਪਣੇ ਹਿੱਸੇ ਦੀ ਰੋਟੀ ਵਿਚੋਂ ਅੱਧੀ ਰੋਟੀ ਦੇ ਦਿੱਤੀ ਜਾਂਦੀ ਸੀ। ਉਹ ਰੂਸ ਜਿਸ ਦੇ ਸਾਹਿਤ ਨੇ ਦੁਨੀਆ ਨੂੰ ਜਿਊਣ ਦਾ ਵਲ ਸਿਖਾਇਆ, ਅੱਜ ਉਹੀ ਰੂਸ ਦੀ ਸਰਕਾਰ ਜਿਵੇਂ ਅੱਗ ਵਰ੍ਹਾ ਰਹੀ ਹੈ, ਉਸ ਤੋਂ ਅਨੇਕਾਂ ਸੁਆਲ ਉੱਠ ਰਹੇ ਹਨ। ਕੀ ਦੁਨੀਆ ਦੀਆਂ ਅਮਨ ਤਾਕਤਾਂ ਏਨੀਆਂ

ਕਮਜ਼ੋਰ ਪੈ ਗਈਆਂ ਹਨ ਜਾਂ ਕਿ ਉਹ ਲਾਚਾਰ ਤੇ ਬੇਵੱਸ ਹੋ ਗਈਆਂ ਹਨ? ਅਮਰੀਕਾ ਦਾ ਰੋਲ ਡੱਬੂ ਵਾਲਾ ਹੈ। ਪਹਿਲਾਂ ਉਹਨੇ ਕਈ ਮੱਧ ਏਸ਼ੀਆ ਦੇ ਮੁਲਕਾਂ ਦੇ ਨਾਲ ਨਾਲ ਅਫ਼ਗ਼ਾਨਿਸਤਾਨ, ਈਰਾਨ, ਇਰਾਕ ਤੇ ਹੋਰਨਾਂ ਨੂੰ ਜੰਗ ਦੀ ਇਸ ਅਗਨ ਭੱਠੀ ਵਿਚ ਝੋਕ ਕੇ ਤਬਾਹ ਕਰ ਦਿੱਤਾ। ਅੱਜ ਉਹ ਮੁਲਕ ਨਾ ਜਿਉਂਦਿਆਂ ਵਿਚ ਹਨ ਨਾ ਮਰਿਆਂ ਵਿਚ। ਅਮਰੀਕੀ ਸਾਮਰਾਜ ਦੀ ਹਥਿਆਰ ਨੀਤੀ ਨੇ ਦੁਨੀਆ ਦਾ ਅਮਨ ਚੈਨ ਤਬਾਹ ਕਰ ਦਿੱਤਾ ਹੈ। ਕੋਵਿਡ ਦੌਰਾਨ ਜਿਵੇਂ ਅਮਰੀਕਾ ਦਾ ਸਾਹ ਸੂਤਿਆ ਗਿਆ ਤੇ ਟਰੰਪ ਤੋਂ ਬਾਅਦ ਲਗਦਾ ਸੀ ਕਿ ਜੋ ਬਾਇਡਨ ਦੁਨੀਆ ਲਈ ਕੋਈ ਨਵਾਂ ਖ਼ਾਕਾ ਲੈ ਕੇ ਆਏਗਾ, ਪਰ ਉਹਦੀਆਂ ਨੀਤੀਆਂ ਟਰੰਪ ਦਾ ਬਦਲ ਨਹੀਂ ਸਗੋਂ ਉਸ ਤੋਂ ਵੀ ਵੱਧ ਵਿਨਾਸ਼ਕਾਰੀ ਨਜ਼ਰ ਆ ਰਹੀਆਂ ਹਨ। ਆਪਣੀ ਜ਼ਿਦ ਪੁਗਾਉਣ ਲਈ ਧਮਕਾਉਣਾ ਉਹਦੀ ਪੁਰਾਣੀ ਆਦਤ ਹੈ। ਜਿਵੇਂ ਉਸ ਨੇ ਭਾਰਤ ਨੂੰ ਲੁਕਵੀਂ ਧਮਕੀ

ਦਿੱਤੀ ਹੈ ਉਹ ਨਿੰਦਣਯੋਗ ਹੈ। ਜੇ ਭਾਰਤ ਰੂਸ ਨਾਲ ਖੜ੍ਹਾ ਹੈ ਤਾਂ ਉਹਦੇ ਇਤਿਹਾਸਕ ਕਾਰਨ ਹਨ ਜਿਨ੍ਹਾਂ ਨੂੰ ਹੁਣ ਪਰੇ ਨਹੀਂ ਕੀਤਾ ਜਾ ਸਕਦਾ। ਅਸਲ ਵਿਚ ਲੁਕਵਾਂ ਏਜੰਡਾ ਤਾਂ ਇਹ ਸੀ ਕਿ ਸਾਮਰਾਜੀ ਤਾਕਤਾਂ ਦੀ ਕੋਵਿਡ ਨੇ ਜਿਵੇਂ ਪਿੱਠ ਲਵਾਈ ਤੇ ਹਥਿਆਰਾਂ ਦੀ ਵਿੱਕਰੀ 'ਤੇ ਬਿਸਰਾਮ ਚਿੰਨ੍ਹ ਲੱਗ ਗਿਆ ਤਾਂ ਉਹ ਇਹ ਗੋਂਦਾਂ ਗੁੰਦਣ ਲੱਗ ਪਏ ਸਨ ਕਿ ਯੁੱਧ ਦੀ ਦੇਵੀ ਦਾ ਰਥ ਕਿਹੜੇ ਪਾਸੇ ਮੋੜਿਆ ਜਾਵੇ ਕਿ ਬਣੇ ਹਥਿਆਰ ਛੇਤੀ ਤੋਂ ਛੇਤੀ ਚੱਲਣ ਤੇ ਜੰਗੇ-ਗੁਲਸ਼ਨ ਦਾ ਕਾਰੋਬਾਰ ਚਲੇ। ਵਿਚਾਰਾ ਯੂਕਰੇਨ ਬਲਦੀ ਦੇ ਬੁੱਥੇ ਆ ਗਿਆ। ਲਾਸ਼ਾਂ ਦੇ ਥੋਕ ਵਪਾਰ 'ਤੇ ਸਾਮਰਾਜੀ ਬੜੇ ਖ਼ੁਸ਼ ਹਨ। ਮਨੁੱਖਤਾ ਉਨ੍ਹਾਂ ਲਈ ਮੱਖੀ ਹੈ ਜਿਸ ਨੂੰ ਉਹ ਜਦੋਂ ਚਾਹੁਣ ਮਸਲ ਸਕਦੇ ਹਨ। ਬਚ ਗਏ ਮਨੁੱਖੀ ਜਿਸਮਾਂ ਦਾ ਵਪਾਰ ਕਰਨ ਲਈ ਦੂਰੋਂ ਦੂਰੋਂ ਸਾਮਰਾਜੀ ਏਜੰਟ ਔਰਤਾਂ ਤੇ ਬੱਚਿਆਂ ਦੀ ਬੋਲੀ ਲਾ ਰਹੇ ਹਨ ਤਾਂ ਜੋ ਸਾਮਰਾਜੀ ਮੁਲਕਾਂ ਦੇ ਧਨਾਢਾਂ ਦੀ

ਜਿਸਮਾਨੀ ਭੁੱਖ ਸ਼ਾਂਤ ਕੀਤੀ ਜਾ ਸਕੇ। ਗ਼ੁਲਾਮੀ ਦਾ ਇਹ ਨਵਾਂ ਵਪਾਰ ਬੜੀਆਂ ਵੱਡੀਆਂ ਸੰਭਾਵਨਾਵਾਂ ਲੈ ਕੇ ਆਇਆ ਹੈ ਜਿਸ ਨੂੰ ਕਾਰਪੋਰੇਟ ਜਗਤ ਪੂਰੀ ਦੁਨੀਆ ਵਿਚ ਖਪਾਉਣ ਤੇ ਫੈਲਾਉਣ ਲਈ ਕਾਹਲਾ ਹੈ। ਡਰੱਗਜ਼ ਦੀ ਦੁਨੀਆ ਦਾ ਰਸਤਾ ਉਹ ਇਹਦੇ ਵਿਚੋਂ ਲੱਭ ਰਿਹਾ ਹੈ। ਇਹੀ ਬਜ਼ਾਰ ਦੀ ਤਾਕਤ ਹੈ। ਮੰਡੀ ਦੇ ਇਸ ਦੌਰ ਵਿਚ ਹਰ ਵਪਾਰੀ ਬਾਜ ਅੱਖ ਨਾਲ ਜੰਗ ਨੂੰ ਘੂਰ ਰਿਹਾ ਹੈ। ਜਿਵੇਂ ਜਿਵੇਂ ਯੂਕਰੇਨ ਸ਼ਮਸ਼ਾਨ ਬਣਦਾ ਜਾ ਰਿਹਾ ਹੈ ਵਪਾਰਕ ਗਤੀਵਿਧੀਆਂ ਤੇਜ਼ ਹੁੰਦੀਆਂ ਜਾ ਰਹੀਆਂ ਹਨ। ਦੂਜੀ ਸੰਸਾਰ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਆਪਣੇ ਵਡੇਰੇ ਯਾਦ ਆ ਰਹੇ ਹਨ, ਜਿਨ੍ਹਾਂ ਨੇ ਸਾਮਰਾਜੀਆਂ ਨੂੰ ਵੰਗਾਰਨ ਲਈ ਅਮਨ ਦਾ ਹੋਕਾ ਦਿੱਤਾ ਸੀ। ਦੁਨੀਆ ਭਰ ਦੇ ਲੇਖਕ, ਕਲਾਕਾਰ, ਪੇਂਟਰ, ਐਕਟਰ, ਵਿਗਿਆਨੀ, ਚਿੰਤਕ ਤੇ ਮਨੁੱਖਤਾ ਦਾ ਭਲਾ ਚਾਹੁਣ ਵਾਲੇ ਇਕੱਠੇ ਹੋ ਕੇ ਇਕ ਆਵਾਜ਼ ਬਣ ਗਏ ਸਨ। ਪਰ ਅਫ਼ਸੋਸ ਅੱਜ ਉਹ

ਆਵਾਜ਼ ਬਜ਼ਾਰ ਦੀ ਚਕਾਚੌਂਧ ਵਿਚ ਦੱਬ ਗਈ ਹੈ। ਚੀਨ ਚੁੱਪ ਚਾਪ ਤਮਾਸ਼ਾ ਦੇਖ ਰਿਹਾ ਹੈ। ਉਹ ਜੰਗਬਾਜ਼ ਦੀ ਪਿੱਠ ਪਿੱਛੇ ਖੜ੍ਹਾ ਆਪਣੇ ਬਜ਼ਾਰ ਦੀ ਤਾਕਤ ਜੋਖ ਰਿਹਾ ਹੈ। ਉਹ ਜਿਸ ਬਰਾਬਰੀ ਤੇ ਮਾਓ ਦੇ ਇਨਕਲਾਬ ਦਾ ਦਮ ਭਰਦਾ ਸੀ ਅੱਜ ਉਹਨੇ ਮਾਓ ਨੂੰ ਦੇਵਤੇ ਦੀ ਪਦਵੀ ਦੇ ਕੇ ਸ਼ਾਨਦਾਰ ਪੰਘੂੜੇ ਵਿਚ ਸੁਆ ਦਿੱਤਾ ਹੈ। ਭਾਰਤ ਫ਼ੂਕ ਫ਼ੂਕ ਕੇ ਕਦਮ ਚੁੱਕ ਰਿਹਾ ਹੈ। ਉਹਦੀ ਸਿਆਣਪ ਵੀ ਏਸੇ ਵਿਚ ਹੈ।ਉਹ ਵੀ ਕੋਵਿਡ ਦਾ ਝੰਬਿਆ ਪਿਆ ਹੈ। ਹਥਿਆਰ ਉਹਨੇ ਵੀ ਖ਼ਰੀਦਣੇ ਹਨ। ਰੂਸ ਕੋਲੋਂ ਵੀ, ਫਰਾਂਸ ਕੋਲੋਂ ਵੀ, ਅਮਰੀਕਾ ਕੋਲੋਂ ਵੀ। ਜੇ ਇਕ ਅੱਖਾਂ ਵਿਖਾਵੇ ਤਾਂ ਦੂਜਾ ਯਾਰ ਚਾਹੀਦੈ ਜੋ ਔਖੇ ਵੇਲੇ ਨਾਲ ਖਲੋਵੇ। ਇਹੀ ਰਾਜਨੀਤੀ ਹੈ। ਚੌਧਰਾਂ ਦੇ ਇਸ ਭੇੜ ਵਿਚ ਜਿਹੜੇ ਲੋਕ ਕਬਰਾਂ ਵਿਚ ਜਾ ਪਏ ਹਨ ਆਓ ਉਨ੍ਹਾਂ ਲਈ ਦੋ ਮਿੰਟ ਦਾ ਮੌਨ ਰੱਖੀਏ। ਇਹ ਮੌਨ ਇਕ ਦਿਨ ਦੁਨੀਆ ਦੀ ਤਾਕਤ ਬਣੇਗਾ ਤੇ ਸ਼ਾਇਦ ਉਸ ਦਿਨ ਜੰਗਬਾਜ਼ਾਂ ਨੂੰ

ਸਜਾ ਤੇ ਭਟਕਦੀਆਂ ਰੂਹਾਂ ਨੂੰ ਅਰਾਮ ਮਿਲ ਸਕੇਗਾ। ਆਓ ਮਿਲ ਕੇ ਦੁਨੀਆ ਦੀਆਂ ਸਭ ਦੁਆਵਾਂ ਇਕੱਠੀਆਂ ਕਰਕੇ ਇਕ ਦੁਆ ਉਨ੍ਹਾਂ ਵਿੱਛੜੀਆਂ ਰੂਹਾਂ ਦੇ ਨਿਮਿਤ ਪੜ੍ਹੀਏ ਜੋ ਜੰਗ ਦੀ ਬਲੀ ਵੇਦੀ ’ਤੇ ਹੋਮ ਹੋ ਗਈਆਂ ਹਨ। ਲੋੜ ਹੈ ਦੁਨੀਆ ਭਰ ਦੀਆਂ ਕਲਮਾਂ, ਦਾਤੀਆਂ, ਹਥੌੜਿਆਂ, ਬੁਰਸ਼ਾਂ, ਰੰਗਾਂ, ਮੁਦਰਾਵਾਂ, ਚਿੱਪਾਂ ਤੇ ਚਿੰਤਨ ਦੇ ਵਗਦੇ ਦਰਿਆਵਾਂ ਦੇ ਇਕੱਠੇ ਹੋਣ ਦੀ ਤਾਂ ਕਿ ਇੰਜ ਬਰੂਦ ਦੀ ਭੱਠੀ ਵਿਚ ਮਨੁੱਖਾਂ ਨੂੰ ਜੰਗਬਾਜ਼ਾਂ ਹੱਥੋਂ ਹਾਰਨਾ ਨਾ ਪਵੇ।

ਪੋਸਟ ਸਕਰਿਪਟ

ਹੈਮਿੰਗਵੇ ਦੀ ਉਕਤੀ ਅਜੇ ਜਿਊਂਦੀ ਹੈ ਕਿ – ਮਨੁੱਖ ਹਾਰ ਵਾਸਤੇ ਨਹੀਂ ਬਣਿਆ। ਮਨੁੱਖ ਮਰ ਸਕਦਾ ਹੈ ਪਰ ਹਾਰ ਨਹੀਂ ਸਕਦਾ। ਆਓ ਅਹਿਦ ਕਰੀਏ ਕਿ ਅਸੀਂ ਮਨੁੱਖ ਨੂੰ ਹਾਰਨ ਨਹੀਂ ਦਿਆਂਗੇ ਨਾ ਇੰਜ ਬਰੂਦ ਦੀ ਭੱਠੀ ਵਿਚ ਸੜਨ ਦਿਆਂਗੇ।

39

ਵਿੰਗੇ ਟੇਢੇ ਆਕਾਰਾਂ ਦੀ ਦੁਨੀਆ

ਅੱਜ ਮੈਂ ਆਪਣੀ ਭਵਿੱਖੀ ਪੀੜ੍ਹੀ, ਬੇਟੀ ਦੀ ਤਿੰਨ ਸਾਲਾ ਬੇਟੀ ਦੀਆਂ ਰੰਗ ਬਰੰਗੀਆਂ ਵਾਹੀਆਂ ਲਕੀਰਾਂ ਦੇਖ ਕੇ ਸੋਚ ਰਿਹਾ ਸਾਂ ਕਿ ਇਨ੍ਹਾਂ ਊਲ ਜਲੂਲ ਖ਼ਾਕਿਆਂ, ਰੇਖਾਵਾਂ, ਸਰਕਲਾਂ ਤੇ ਟੋਭਿਆਂ ਵਿਚ ਕੀ ਭਵਿੱਖ ਦੀ ਕਲਾ ਲੁਕੀ ਹੋ ਸਕਦੀ ਹੈ? ਆਪਣਾ ਬਚਪਨ ਯਾਦ ਆ ਗਿਆ। ਹਰ ਸੋਹਣੀ ਤਸਵੀਰ ਦੀ ਮੈਂ ਨਕਲ ਕਰਨ ਦੀ ਕੋਸ਼ਿਸ਼ ਕਰਦਾ ਸਾਂ। ਹੌਲੀ ਹੌਲੀ ਰੰਗਾਂ ਦੀ ਸਮਝ ਆ ਗਈ, ਸ਼ੇਡਜ਼ ਤੇ ਸ਼ੈਡੋ ਦੀ ਕਹਾਣੀ ਪਤਾ ਲੱਗ ਗਈ। ਇਕ ਪੇਂਟਰ ਨੂੰ ਉਸਤਾਦ ਧਾਰ ਲਿਆ। ਉਹਨੇ ਖ਼ਾਕੇ ਬਣਾਉਣੇ ਸਿਖਾਏ। ਤੇਲ ਵਾਲੇ ਤੇ ਪਾਣੀ ਵਾਲੇ ਰੰਗਾਂ ਦੀ ਸਮਝ ਦਿੱਤੀ। ਪਰ ਕੋਸ਼ਿਸ਼ ਕਰਨ ਦੇ ਬਾਵਜੂਦ ਮੈਂ ਪੇਂਟਰ ਨਾ ਬਣ ਸਕਿਆ। ਚੰਗੀ ਡਰਾਇੰਗ ਕਰ ਲੈਂਦਾ

ਸਾਂ ਪਰ ਸ਼ਬਦ ਦੀ ਖਿੱਚ ਮੈਨੂੰ ਆਪਣੇ ਨਾਲ ਵਹਾ ਕੇ ਲੈ ਗਈ ਤੇ ਮੈਂ ਸ਼ਬਦ ਨੂੰ ਆਪਣੀ ਹੋਣੀ ਮੰਨ ਲਿਆ। ਅੱਜ ਵੀ ਮੈਂ ਚੰਗੀਆਂ ਪੇਂਟਿੰਗਜ਼ ਦੇਖ ਕੇ ਉਨ੍ਹਾਂ ਵਿੱਚ ਗੁਆਚ ਜਾਂਦਾ ਹਾਂ। ਵਿਸ਼ਵ ਦੇ ਤੇ ਕਈ ਭਾਰਤੀ ਪੇਂਟਰਾਂ ਦੀਆਂ ਐਲਬਮਾਂ ਮੇਰੇ ਕੋਲ ਹਨ। ਫ਼ੁਰਸਤ ਵੇਲੇ ਉਨ੍ਹਾਂ ਦੇ ਦਰਸ਼ਨ ਦੀਦਾਰੇ ਕਰਕੇ ਮਨ ਨੂੰ ਸਕੂਨ ਮਿਲਦਾ ਹੈ। ਬਚਪਨ ਵਿਚ ਹੀ ਜਦੋਂ ਕਾਰਟੂਨ ਦੇਖਦਾ ਸਾਂ ਤਾਂ ਸਮਝ ਨਹੀਂ ਸੀ ਆਉਂਦੀ ਕਿ ਲਮਕੇ ਨੱਕ, ਵੱਡੇ ਵੱਡੇ ਕੰਨ, ਚੌੜੇ ਮੱਥੇ, ਬਾਹਰ ਨਿਕਲੇ ਡੇਲੇ, ਬੇਡੌਲ ਸਰੀਰ ਦੇ ਕੀ ਭਾਵ ਜਾਂ ਅਰਥ ਹਨ। ਜਦੋਂ ਸਮਝ ਆਈ ਤਾਂ ਪਤਾ ਲੱਗਿਆ ਕਿ ਕਾਰਟੂਨ ਇਕ ਬੜੀ ਸਮਰੱਥ ਕਲਾ ਹੈ। ਇਸ 'ਤੇ ਵੀ ਹੱਥ ਅਜ਼ਮਾਇਆ ਪਰ ਇਹਦੀਆਂ ਬਰੀਕੀਆਂ ਦੱਸਣ ਵਾਲਾ ਕੋਈ ਨਾ ਮਿਲਿਆ। ਕਾਰਟੂਨਾਂ ਦੀ ਦੁਨੀਆ ਹਮੇਸ਼ਾ ਆਕਰਸ਼ਿਤ ਕਰਦੀ ਰਹੀ। ਅੱਜ ਪਾਕਿਸਤਾਨ ਦੀ ਅਸੈਂਬਲੀ ਦੀ ਬਹਾਲੀ 'ਤੇ ਇਕ ਵਧੀਆ ਕਾਰਟੂਨ ਦੇਖਣ ਨੂੰ

ਮਿਲਿਆ ਜਿਸ ਵਿਚ ਪਾਕਿਸਤਾਨ ਦੀ ਸੁਪਰੀਮ ਕੋਰਟ ਦਾ ਹੱਥ ਜਨਾਬ ਇਮਰਾਨ ਖ਼ਾਨ ਦਾ ਕੰਨ ਖਿੱਚ ਰਿਹਾ ਹੈ। ਕੰਨ ਖਿੱਚਣਾ ਮੁਹਾਵਰੇ ਨੂੰ ਕਾਰਟੂਨ ਵਿਚ ਢਾਲ ਦਿੱਤਾ। ਪ੍ਰਸਿੱਧ ਕਾਰਟੂਨਿਸਟ ਆਰ.ਕੇ. ਲਛਮਣ ਦਾ ਮੈਂ ਹਮੇਸ਼ਾ ਫੈਨ ਰਿਹਾ ਹਾਂ। ਅੱਜ ਉਹਦੀ ਜ਼ਿੰਦਗੀ ਦੇ ਕੁਝ ਅਨੁਭਵ ਪੜ੍ਹਦਿਆਂ ਬੜਾ ਸਕੂਨ ਮਿਲਿਆ। ਉਹ ਲਿਖਦਾ ਹੈ - ਮੈਨੂੰ ਨਹੀਂ ਯਾਦ ਕਿ ਮੈਂ ਕਦੇ ਡਰਾਇੰਗ ਤੋਂ ਇਲਾਵਾ ਕੁਝ ਹੋਰ ਕਰਨ ਬਾਰੇ ਸੋਚਿਆ ਹੋਵੇ। ਬੱਚਾ ਸਾਂ ਤਦ ਵੀ, ਜਦੋਂ ਕੁਝ ਵੱਡਾ ਹੋਇਆ ਤਦ ਵੀ, ਕਾਲਜ ਪੜ੍ਹਨ ਵਾਲੇ ਨੌਜਵਾਨ ਦੇ ਰੂਪ ਵਿਚ ਵੀ ਤੇ ਜਦੋਂ ਰੋਜ਼ੀ ਰੋਟੀ ਦਾ ਜੁਗਾੜ ਕਰਨ ਲਈ ਸੋਚਿਆ ਤਦ ਵੀ ਮੈਂ ਲੋਕਾਂ ਦੇ ਚਿਹਰੇ ਵਿਗਾੜਦਾ ਰਿਹਾ। ਖੇਡਣ ਨੂੰ ਤਾਂ ਮੈਂ ਫੁੱਟਬਾਲ ਤੇ ਕ੍ਰਿਕੇਟ ਵੀ ਖੇਡਦਾ ਸਾਂ, ਪਰ ਮੇਰਾ ਮਨ ਕਦੇ ਵੀ ਇਨ੍ਹਾਂ ਖੇਡਾਂ ਵਿਚ ਨਹੀਂ ਰਮਿਆ। ਚਿੱਤਰ ਬਣਾਉਣਾ ਹੀ ਮੇਰਾ ਜਨੂਨ ਰਿਹਾ ਹੈ। ਮੈਂ ਹਮੇਸ਼ਾ ਇਕ ਕਲਾਕਾਰ ਬਣਨ ਦੀ ਇੱਛਾ ਮਨ

ਵਿਚ ਰੱਖੀ। ਮੈਂ ਪਰੀਖਿਆਵਾਂ ਜ਼ਰੂਰ ਪਾਸ ਕਰਦਾ ਸਾਂ, ਪਰ ਚੰਗੇ ਨੰਬਰਾਂ ਲਈ ਮੈਂ ਕਦੇ ਕੋਸ਼ਿਸ਼ ਨਹੀਂ ਕੀਤੀ। ਆਪਣੇ ਸਮੇਂ ਨੂੰ ਮੈਂ ਕਲਾਸ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਤੇ ਆਪਣੇ ਅੰਦਰ ਦੀ ਇੱਛਾ ਅਨੁਸਾਰ ਕੰਮ ਕਰਨ ਨੂੰ ਬਰਾਬਰ ਬਰਾਬਰ ਹਿੱਸਿਆਂ ਵਿਚ ਵੰਡ ਲੈਂਦਾ ਸਾਂ। ਮੈਂ ਆਪਣੇ ਛੇ ਭਰਾਵਾਂ ਵਿਚੋਂ ਸਭ ਤੋਂ ਛੋਟਾ ਸਾਂ। ਇਨ੍ਹਾਂ ਵਿਚੋਂ ਹਰ ਸਾਲ ਕੋਈ ਨਾ ਕੋਈ ਫ਼ੇਲ੍ਹ ਹੁੰਦਾ ਹੀ ਰਹਿੰਦਾ ਸੀ। ਸਾਨੂੰ ਇਸ ਗੱਲ ਦਾ ਕਦੇ ਡਰ ਨਹੀਂ ਰਿਹਾ ਕਿ ਪਿਤਾ ਦਾ ਗ਼ੁੱਸਾ ਜਦੋਂ ਜਵਾਲਾਮੁਖੀ ਵਾਂਗ ਫਟਿਆ ਤਦ ਕੀ ਹੋਵੇਗਾ। ਉਂਜ ਪਿਤਾ ਬੜੇ ਗ਼ੁੱਸੇਖ਼ੋਰ ਸਨ। ਸਾਰੇ ਮੈਸੂਰ ਵਿਚ ਉਹ ਸਖ਼ਤ ਅਨੁਸ਼ਾਸਨ ਵਾਲੇ ਹੈੱਡਮਾਸਟਰ ਦੇ ਰੂਪ ਵਿਚ ਪ੍ਰਸਿੱਧ ਸਨ। ਮੈਂ ਛੋਟਾ ਹੀ ਸਾਂ ਜਦੋਂ ਉਨ੍ਹਾਂ ਦਾ ਦੇਹਾਂਤ ਹੋ ਗਿਆ। ਮੇਰੀ ਮਾਂ ਦਾ ਸੁਭਾਅ ਪਿਤਾ ਤੋਂ ਬਿਲਕੁਲ ਉਲਟ ਸੀ। ਉਹਨੂੰ ਲੋਕਾਂ ਵਿਚ ਘਿਰੇ ਰਹਿਣਾ ਪਸੰਦ ਸੀ। ਉਹ ਹਮੇਸ਼ਾ ਖ਼ੁਸ਼ ਰਹਿੰਦੀ। ਕਾਰਟੂਨਾਂ ਨਾਲ

ਲਿਖੀਆਂ ਇਬਾਰਤਾਂ ਤੇ ਚੁਟਕਲੇ ਮੈਨੂੰ ਪੜ੍ਹਨੇ ਨਹੀਂ ਸਨ ਆਉਂਦੇ। ਪਰ ਮੈਂ ਘੰਟਿਆਂ ਬੱਧੀ ਉਨ੍ਹਾਂ ਨੂੰ ਦੇਖਦਾ ਰਹਿੰਦਾ ਤੇ ਉਨ੍ਹਾਂ ਦੀ ਗੁਣਵੱਤਾ ਬਾਰੇ ਸੋਚਦਾ ਰਹਿੰਦਾ। ਇਸ ਪ੍ਰਕਿਰਿਆ ਰਾਹੀਂ ਮੈਨੂੰ ਵਿਅੰਗ ਦੀ ਤਿੱਖੀ ਧਾਰ ਦੀ ਸਮਝ ਆਈ। ਇਹ ਵੀ ਪਤਾ ਲੱਗਿਆ ਕਿ ਨਿਸ਼ਾਨਾ ਟਿਕਾਣੇ 'ਤੇ ਲਾਉਣ ਲਈ ਕਿਹੋ ਜਿਹੇ ਸ਼ਬਦਾਂ ਦੀ ਚੋਣ ਕਰਨੀ ਹੈ। ਮਨੁੱਖ ਦੇ ਸਰੀਰ ਦੇ ਵੱਖ ਵੱਖ ਕੋਣਾਂ ਦੀ ਸਮਝ ਵਿਕਸਤ ਹੋਈ। ਅਣਜਾਣਪੁਣੇ ਵਿਚ ਹੀ ਮੈਂ ਕਿਸੇ ਸਥਿਤੀ ਵਿਚਲੇ ਮੂਲ ਭਾਵ ਨੂੰ ਸਮਝ ਜਾਂਦਾ ਤੇ ਉਹਦੇ ਬਾਰੇ ਟਿੱਪਣੀ ਉੱਭਰ ਆਉਂਦੀ। ਇਕ ਦਿਨ 'ਪੰਚ' ਦਾ ਇਕ ਕਾਰਟੂਨ ਮੈਨੂੰ ਏਨਾ ਚੰਗਾ ਲੱਗਿਆ ਕਿ ਮੈਂ ਕਾਗ਼ਜ਼ ਪੈਨਸਿਲ ਲੈ ਕੇ ਉਹਦੀ ਨਕਲ ਕਰਨ ਲੱਗਾ। ਅਜੇ ਮੈਂ ਨਕਲ ਕਰਨੀ ਸ਼ੁਰੂ ਕੀਤੀ ਹੀ ਸੀ ਕਿ ਮੇਰਾ ਇਕ ਭਰਾ ਓਥੋਂ ਲੰਘਿਆ। ਉਹਨੇ ਰੁਕ ਕੇ ਮੈਨੂੰ ਨਕਲ ਕਰਦਿਆਂ ਦੇਖਿਆ ਤੇ ਕਹਿਣ ਲੱਗਾ-ਨਕਲ? ਬਿਲਕੁਲ ਨਹੀਂ।

ਆਲ਼ੇ ਦੁਆਲੇ ਦੇਖ, ਸਮਝ ਤੇ ਫਿਰ ਡਰਾਇੰਗ ਬਣਾ। ਨਕਲ ਕਰਕੇ ਤੂੰ ਕਦੇ ਵੱਡਾ ਆਰਟਿਸਟ ਨਹੀਂ ਬਣ ਸਕਦਾ। ਇਹ ਕਿਸੇ ਦੂਸਰੇ ਦੀ ਪਲੇਟ ਵਿਚੋਂ ਖਾਣ ਦੇ ਤੁੱਲ ਹੈ।' ਇਸ ਤੁਲਨਾ ਨੂੰ ਮੈਂ ਓਦੋਂ ਨਹੀਂ ਸਾਂ ਸਮਝ ਸਕਿਆ। ਪਰ ਇਸ ਝਿੜਕ ਤੇ ਸਮਝਾਉਣੀ ਦਾ ਮੇਰੇ 'ਤੇ ਅਸਰ ਜ਼ਰੂਰ ਹੋਇਆ ਤੇ ਫਿਰ ਕਦੇ ਵੀ ਨਕਲ ਕਰਨ ਦੀ ਮੇਰੀ ਹਿੰਮਤ ਨਹੀਂ ਪਈ। ਸਾਡੇ ਮਾਸਟਰ ਜੀ ਨੂੰ ਬੀੜੀ ਪੀਣ ਦੀ ਆਦਤ ਸੀ। ਜਦੋਂ ਤਲਬ ਹੁੰਦੀ ਉਹ ਅਕਸਰ ਕਲਾਸ ਵਿਚੋਂ ਉੱਠ ਕੇ ਬਾਹਰ ਚਲੇ ਜਾਂਦੇ। ਇਕ ਦਿਨ ਉਹ ਸਾਨੂੰ ਸਾਰਿਆਂ ਨੂੰ ਕਰਨ ਲਈ ਕੰਮ ਦੇ ਕੇ ਬਾਹਰ ਚਲੇ ਗਏ। ਕੰਮ ਸੀ ਇਕ ਪੱਤੇ ਦਾ ਚਿੱਤਰ ਬਣਾਉਣਾ। ਕਿਸੇ ਵੀ ਪੱਤੇ ਦਾ। ਅਸੀਂ ਸਾਰੇ ਬੜੇ ਜੋਸ਼ ਨਾਲ ਪੱਤੇ ਦਾ ਚਿੱਤਰ ਬਣਾਉਣ ਵਿਚ ਰੁੱਝ ਗਏ। ਸਾਨੂੰ ਪਤਾ ਹੀ ਨਾ ਲੱਗਿਆ ਕਿ ਕਦੋਂ ਮਾਸਟਰ ਜੀ ਕਲਾਸ ਵਿਚ ਵਾਪਸ ਆ ਗਏ। ਉਨ੍ਹਾਂ ਆਉਂਦਿਆਂ ਮੇਜ਼ 'ਤੇ ਮੁੱਕਾ ਮਾਰਿਆ। ਅਸੀਂ ਸਾਰੇ

ਸਾਵਧਾਨ ਹੋ ਗਏ। ਉਨ੍ਹਾਂ ਨੇ ਸਾਨੂੰ ਸਾਰਿਆਂ ਨੂੰ ਇਕ ਲਾਈਨ ਵਿਚ ਖੜ੍ਹਾ ਕਰ ਦਿੱਤਾ ਤੇ ਹਰ ਇਕ ਵਿਦਿਆਰਥੀ ਦਾ ਬਣਾਇਆ ਪੱਤਾ ਦੇਖਣ ਲੱਗੇ। ਹਰ ਪੱਤੇ ਦੀ ਬਣਤਰ ਅਨੁਸਾਰ ਉਹ ਨੰਬਰ ਦੇਂਦੇ ਜਾ ਰਹੇ ਸਨ। ਜਦੋਂ ਮੇਰੀ ਵਾਰੀ ਆਈ ਤਾਂ, ਮੇਰਾ ਬਣਾਇਆ ਪੱਤੇ ਦਾ ਚਿੱਤਰ ਉਹ ਕਾਫ਼ੀ ਦੇਰ ਦੇਖਦੇ, ਪਰਖਦੇ ਰਹੇ। ਫਿਰ ਕਹਿਣ ਲੱਗੇ ਕਿ 'ਲਛਮਣ ਇਹ ਤੂੰ ਬਣਾਇਐ?' ਤਾਂ ਮੈਂ ਇਹ ਸੁਣ ਕੇ ਡਰ ਗਿਆ। ਥੋੜ੍ਹਾ ਪਿਛੇ ਹੱਟ ਗਿਆ, ਇਹ ਸੋਚ ਕੇ,ਕਿ ਹੁਣ ਫੈਂਟੀ ਲੱਥਣ ਦੀ ਤਿਆਰੀ ਹੈ। ਮੇਰੇ ਕੋਲੋਂ ਬੋਲਿਆ ਨਹੀਂ ਸੀ ਜਾ ਰਿਹਾ, ਮੈਂ ਬੁੜ ਬੁੜ ਕਰੀ ਜਾ ਰਿਹਾ ਸਾਂ। ਪਰ ਜਦੋਂ ਉਨ੍ਹਾਂ ਨੇ ਮੇਰੀ ਸਲੇਟ ਉਪਰ ਕਰਦਿਆਂ ਸਾਰੀ ਕਲਾਸ ਨੂੰ ਕਿਹਾ ਕਿ- ਦੇਖੋ, ਲਛਮਣ ਨੇ ਕਿੰਨਾ ਸੋਹਣਾ ਪੱਤਾ ਬਣਾਇਆ ਹੈ।' ਤਾਂ ਮੈਨੂੰ ਹੈਰਾਨੀ ਵੀ ਹੋਈ ਤੇ ਖ਼ੁਸ਼ੀ ਵੀ। ਫਿਰ ਉਹ ਮੇਰੇ ਵੱਲ ਦੇਖ ਕੇ ਕਹਿਣ ਲੱਗੇ- ਇਕ ਦਿਨ ਤੂੰ ਬਹੁਤ ਵੱਡਾ ਕਲਾਕਾਰ ਬਣੇਂਗਾ। ਸ਼ਾਬਾਸ਼!' ਉਨ੍ਹਾਂ ਨੇ

ਮੈਨੂੰ ਉਸ ਚਿੱਤਰ ਦੇ ਦਸਾਂ ਵਿਚੋਂ ਦਸ ਨੰਬਰ ਦਿੱਤੇ। ਮਾਸਟਰ ਜੀ ਦੀ ਇਸ ਹੌਸਲਾ ਅਫ਼ਜ਼ਾਈ ਨੇ ਮੇਰੇ ਅੰਦਰ ਕਲਾ ਲਈ ਹੋਰ ਜ਼ਿਆਦਾ ਜਨੂਨ ਤੇ ਪ੍ਰੇਰਨਾ ਭਰ ਦਿੱਤੀ। ਮੈਂ ਆਪਣੇ ਆਪ ਨੂੰ ਹੋਣਹਾਰ ਚਿੱਤਰਕਾਰ ਸਮਝਣ ਲੱਗ ਪਿਆ। ਮੈਨੂੰ ਵਿਸ਼ਵਾਸ ਹੋ ਗਿਆ ਕਿ ਮਾਸਟਰ ਜੀ ਦੀ ਭਵਿੱਖਬਾਣੀ ਮੇਰੀ ਹੋਣੀ ਹੈ ਤੇ ਫਿਰ ਮੈਂ ਕਦੇ ਪਿਛੇ ਮੁੜ ਕੇ ਨਹੀਂ ਦੇਖਿਆ।

ਪੋਸਟ ਸਕਰਿਪਟ

ਕਲਾ ਸਾਧਨਾ, ਸਿਰੜ ਤੇ ਜਨੂਨ ਦੀ ਮੰਗ ਕਰਦੀ ਹੈ।ਕਿਸੇ ਨਾ ਕਿਸੇ ਕਲਾ ਦੇ ਬੀਜ ਹਰ ਬੱਚੇ ਅੰਦਰ ਲੁਕੇ ਹੁੰਦੇ ਹਨ, ਪਰ ਉਨ੍ਹਾਂ ਨੂੰ ਪੁੰਗਰਨ, ਵਿਗਸਣ ਤੇ ਸੇਧ ਦੇਣ ਲਈ ਕਿਸੇ ਪਾਰਖੂ ਅੱਖ ਦੀ ਲੋੜ ਹੁੰਦੀ ਹੈ। ਲਛਮਣ ਵਿਚ ਕਲਾ ਦਾ ਬੀਜ ਪੁੰਗਰ ਪਿਆ ਸੀ ਤੇ ਮਾਸਟਰ ਜੀ ਦੀ ਪਾਰਖੂ ਅੱਖ ਨੇ ਜਨੂਨ ਤੇ ਜੋਸ਼ ਭਰ ਕੇ ਹੋਣੀ ਤਹਿ

ਕਰ ਦਿੱਤੀ। ਅੱਜ ਸਾਨੂੰ ਅਜਿਹੇ ਅਧਿਆਪਕਾਂ ਦੀ ਲੋੜ ਹੈ ਜੋ ਬੱਚਿਆਂ ਵਿਚਲੇ ਗੁਣਾਂ ਨੂੰ ਪਛਾਣ ਕੇ ਉਨ੍ਹਾਂ ਨੂੰ ਅਗਵਾਈ ਦੇ ਸਕਣ। ਸਾਡੇ ਬੱਚਿਆਂ ਦੇ ਮੂਰਖ ਮਾਪੇ ਉਨ੍ਹਾਂ ਨੂੰ ਮਨੁੱਖ ਬਣਾਉਣ ਦੀ ਥਾਂ ਡਾਕਟਰੀ, ਇੰਜੀਨੀਅਰੀ ਦੀਆਂ ਪੈਸੇ ਬਣਾਉਣ ਵਾਲੀਆਂ ਮਸ਼ੀਨਾਂ ਬਣਾਉਣ ਵਿਚ ਲੱਗੇ ਹੋਏ ਹਨ। ਜ਼ਿੰਦਗੀ ਦੇ ਅਰਥਾਂ ਨੂੰ ਖ਼ੁਦ ਹੀ ਮਿਟਾ ਕੇ ਬੱਚਿਆਂ ਦੇ ਰੋਬੋਟ ਬਣ ਜਾਣ ਤੋਂ ਬਾਅਦ ਪਛਤਾਉਂਦੇ ਹਨ। ਬੱਚਿਆਂ ਨੂੰ ਕੁਦਰਤ ਦੀਆਂ ਵਸਤਾਂ ਤੇ ਜੀਆਂ ਜੰਤਾਂ ਵਾਂਗ ਵਧਣ ਫੁੱਲਣ ਦਾ ਮੌਕਾ ਦੇਣਾ ਚਾਹੀਦਾ ਹੈ। ਕਿਸੇ ਬੱਚੇ ਨੇ ਬੜੇ ਵਧੀਆ ਬੋਲ ਕਹੇ ਸਨ ਕਿ ‘ਮੈਂ ਤਾਂ ਬੜਾ ਅਕਲਮੰਦ ਜੰਮਿਆ ਸਾਂ ਪਰ ਇਸ ਸਿੱਖਿਆ ਨੇ ਮੈਨੂੰ ਤਬਾਹ ਕਰ ਦਿੱਤਾ।’ ਸਾਨੂੰ ਸ਼ਾਨਦਾਰ ਭਵਿਖ ਦੀ ਉਸਾਰੀ ਲਈ ਬੱਚੇ ਦੀ ਸੋਚ ਨੂੰ ਪਛਾਣਨਾ ਤੇ ਉਹਦੀ ਆਵਾਜ਼ ਨੂੰ ਸੁਣਨ ਦੀ ਆਦਤ ਪਾਉਣੀ ਚਾਹੀਦੀ ਹੈ।

40

ਪਿਕਾਸੋ ਦੀ ਪ੍ਰੇਮਿਕਾ : ਫਰਾਂਸੂਆ ਜ਼ੀਲੋ

ਪਾਬਲੋ ਪਿਕਾਸੋ ਕਲਾ ਦੀ ਦੁਨੀਆ ਵਿਚ ਵੱਡਾ ਨਾਂ ਹੈ। ਉਹਦੇ ਸ਼ਾਹਕਾਰਾਂ ਦਾ ਕੋਈ ਪਾਰਾਵਾਰ ਨਹੀਂ। ਆਧੁਨਿਕ ਕਲਾ ਨੂੰ ਉਹਨੇ ਨਵੇਂ ਆਯਾਮ ਦਿੱਤੇ। ਉਹਦੀ ਅਮਨਾਂ ਦੀ ਘੁੱਗੀ ਅਜੇ ਵੀ ਆਸਵੰਦ ਹੈ ਕਿ ਦੁਨੀਆ ਵਿਚੋਂ ਜੰਗ ਤੇ ਜੰਗਬਾਜ਼ ਇਕ ਦਿਨ ਖ਼ਤਮ ਹੋ ਜਾਣਗੇ। ਉਹ ਬੜਾ ਸਿਰੜੀ ਪੇਂਟਰ ਸੀ ਤੇ ਜਿਸ ਗੱਲ ਲਈ ਮਨ ਬਣਾ ਲੈਂਦਾ ਸੀ ਉਹ ਕਰਕੇ ਹਟਦਾ ਸੀ। ਉਹਨੇ ਭਰਪੂਰ ਜ਼ਿੰਦਗੀ ਜੀਵੀ ਤੇ ਚੰਗੇ ਮਾੜੇ ਮਨੁੱਖੀ ਗੁਣਾਂ, ਔਗੁਣਾਂ ਨਾਲ ਉਹ ਭਰਿਆ ਪਿਆ ਸੀ। ਉਹਦੇ ਇਸ਼ਕ ਬਾਰੇ ਕਈ ਕਿੱਸੇ ਮਸ਼ਹੂਰ ਹਨ। ਪੇਸ਼ ਹੈ ਵੱਡੀ ਉਮਰੇ ਕੀਤੇ ਉਹਦੇ ਇਸ਼ਕ ਦੀ ਦਾਸਤਾਨ : ਫਰਾਂਸ ਦੇ ਸਮੁੰਦਰੀ ਤਟ 'ਤੇ ਇਕ ਬੇਹੱਦ ਖ਼ੂਬਸੂਰਤ ਔਰਤ 'ਤੇ

ਛੱਤਰੀ ਤਾਣੀ ਨੰਗੇ ਪੈਰੀਂ ਚੱਲ ਰਹੇ ਅਧਖੜ ਪਿਕਾਸੋ ਦਾ ਕਲਟ ਬਣ ਚੁੱਕਾ ਇਕ ਫੋਟਗਰਾਫ਼ ਅਗਸਤ 1948 ਵਿਚ ਪ੍ਰਸਿੱਧ ਫ਼ੋਟੋਗਰਾਫ਼ਰ ਰਾਬਰਟ ਕਾਪਾ ਨੇ ਖਿੱਚਿਆ ਸੀ। ਪਿਕਾਸੋ ਦੀ ਕਦੇ ਕਿਸੇ ਇਕ ਔਰਤ ਨਾਲ ਨਹੀਂ ਨਿਭੀ। ਚੜ੍ਹਦੀ ਜਵਾਨੀ ਤੋਂ ਲੈ ਕੇ ਬੁਢਾਪੇ ਤੱਕ, ਵੀਹਵੀਂ ਸਦੀ ਦੇ ਇਸ ਮਹਾਨ ਚਿੱਤਰਕਾਰ ਦੀ ਜ਼ਿੰਦਗੀ ਵਿਚ ਅਨੇਕਾਂ ਔਰਤਾਂ ਬਾਰੇ ਬਹੁਤ ਸਾਰੀਆਂ ਮਿੱਥਾਂ ਤੇ ਦੰਦ ਕਥਾਵਾਂ ਕਲਾ ਦੇ ਸੰਸਾਰ ਵਿਚ ਪ੍ਰਚਲਿਤ ਰਹੀਆਂ ਹਨ। ਰਾਬਰਟ ਦੀ ਖਿੱਚੀ ਫੋਟੋ ਵਿਚ ਪਿਕਾਸੋ ਫਰਾਂਸੂਆ ਜ਼ੀਲੋ ਦੇ ਪਿਛੇ ਪਿਛੇ ਚੱਲ ਰਿਹਾ ਹੈ। ਓਦੋਂ ਤੱਕ ਦੋਹਾਂ ਨੂੰ ਨਾਲ ਨਾਲ ਰਹਿੰਦਿਆਂ ਪੰਜ ਸਾਲ ਹੋ ਚੁੱਕੇ ਸਨ। 1943 ਵਿਚ ਪੈਰਿਸ ਦੇ ਇਕ ਕੈਫ਼ੇ ਵਿਚ ਹੋਈ ਪਹਿਲੀ ਮੁਲਾਕਾਤ ਸਮੇਂ ਫਰਾਂਸੂਆ 22ਆਂ ਵਰ੍ਹਿਆਂ ਦੀ ਮੁਟਿਆਰ ਸੀ ਤੇ ਪਿਕਾਸੋ 62 ਵਿਆਂ ਦਾ ਹੋ ਕੇ ਬੁਢਾਪੇ ਵੱਲ ਖਿਸਕ ਚੁੱਕਾ ਸੀ। ਉਸ ਮੁਲਾਕਾਤ ਵਿਚ ਜਦੋਂ ਫਰਾਂਸੂਆ ਨੇ ਉਹਨੂੰ

ਦੱਸਿਆ ਕਿ ਉਹ ਵੀ ਇਕ ਚਿੱਤਰਕਾਰ ਹੈ ਤਾਂ ਪਿਕਾਸੋ ਨੇ ਕਿਹਾ- ‘ਅਜਿਹੀ ਮਜ਼ੇਦਾਰ ਗੱਲ ਮੈਂ ਅੱਜ ਤੱਕ ਨਹੀਂ ਸੁਣੀ। ਤੇਰੇ ਵਰਗੀਆਂ ਕੁੜੀਆਂ ਚਿੱਤਰਕਾਰ ਹੋ ਹੀ ਨਹੀਂ ਸਕਦੀਆਂ।’ਜਦੋਂ ਉਨ੍ਹਾਂ ਨੇ ਇਕੱਠਿਆਂ ਰਹਿਣਾ ਸ਼ੁਰੂ ਕੀਤਾ ਤਾਂ ਪਿਕਾਸੋ ਸ਼ਾਦੀਸ਼ੁਦਾ ਸੀ। ਪ੍ਰਸਿੱਧ ਰੂਸੀ ਬੈਲੇ ਡਾਂਸਰ ਓਲਗਾ ਕੋਕੋਲੋਵਾ ਉਹਦੀ ਪਤਨੀ ਸੀ। ਫ਼ਿਲਾਸਫ਼ੀ ਤੇ ਅੰਗਰੇਜ਼ੀ ਸਾਹਿਤ ਵਿਚ ਫਰਾਂਸੂਆ ਵੱਡੀਆਂ ਵੱਡੀਆਂ ਡਿੱਗਰੀਆਂ ਲੈ ਚੁੱਕੀ ਸੀ ਤੇ ਇਕ ਵੱਡੀ ਪੇਂਟਰ ਵੀ ਸੀ। ਪਰ ਪਿਕਾਸੋ ਨਾਲ ਰਹਿਣ ਕਰਕੇ ਉਲਟਾ ਉਹਦੀ ਕਲਾ ਦੱਬ ਗਈ। ਇਹ ਬਿਲਕੁਲ ਇੰਜ ਸੀ ਜਿਵੇਂ ਵੱਡੇ ਬੋੜ੍ਹ ਦੀ ਛਾਂ ਵਿਚ ਕੋਮਲ ਪੌਦੇ ਸੁੱਕ ਜਾਂਦੇ ਨੇ। ਦਸ ਵਰ੍ਹਿਆਂ ਤੱਕ ਚਲੇ ਇਸ ਤੂਫ਼ਾਨੀ ਇਸ਼ਕ ਵਿਚ ਦੋਹਾਂ ਵਿਚ ਕਾਫ਼ੀ ਪ੍ਰੇਮ ਪਿਆਰ ਵੀ ਰਿਹਾ ਪਰ ਇਹਦੇ ਮੁਕਾਬਲੇ ਲੜਾਈ ਝਗੜਾ ਵੀ ਬੇਅੰਤ ਹੋਇਆ। ਉਨ੍ਹਾਂ ਦੇ ਦੋ ਬੱਚੇ-ਕਲਾਉਡ ਤੇ ਪਲੋਮਾ ਵੀ ਹੋਏ।ਤੰਗ ਆ ਕੇ 1953 ਵਿਚ

ਉਹਨੇ ਪਿਕਾਸੋ ਨੂੰ ਛੱਡ ਦਿੱਤਾ ਤੇ ਆਪਣਾ ਸਾਰਾ ਧਿਆਨ ਚਿੱਤਰਕਾਰੀ 'ਤੇ ਫੋਕਸ ਕਰ ਦਿੱਤਾ। ਗ਼ੁੱਸੇ ਤੇ ਬਦਲੇਖ਼ੋਰੀ ਦੀ ਭਾਵਨਾ ਨਾਲ ਪਿਕਾਸੋ ਨੇ ਸਾਰੀਆਂ ਆਰਟ ਗੈਲਰੀਆਂ ਵਾਲਿਆਂ ਨੂੰ ਕਹਿ ਦਿੱਤਾ ਕਿ ਫਰਾਂਸੂਆ ਦੀ ਕੋਈ ਵੀ ਪੇਂਟਿੰਗ ਉਹ ਨਾ ਖ਼ਰੀਦਣ। 1964 ਵਿਚ ਫਰਾਂਸੂਆ ਨੇ ਆਪਣੀ ਆਪਬੀਤੀ 'ਲਾਈਫ਼ ਵਿਦ ਪਿਕਾਸੋ' ਛਪਣ ਲਈ ਭੇਜ ਦਿੱਤੀ। ਓਦੋਂ ਵੀ ਪਿਕਾਸੋ ਨੇ ਪੂਰਾ ਜ਼ੋਰ ਲਾਇਆ ਕਿ ਉਹ ਨਾ ਛਪੇ, ਕਿਉਂਕਿ ਉਹਨੂੰ ਡਰ ਸੀ ਇਸ ਨਾਲ ਉਹ ਕਈ ਗੱਲਾਂ ਵਿਚ ਬੇਪਰਦ ਹੋ ਜਾਏਗਾ, ਜਿਸ ਨਾਲ ਕਲਾ ਦੇ ਖੇਤਰ ਵਿਚ ਉਹਦੀ ਬਦਨਾਮੀ ਹੋਵੇਗੀ। ਕਿਤਾਬ ਛਪੀ ਤਾਂ ਪਹਿਲੇ ਹੀ ਵਰ੍ਹੇ ਉਹਦੀਆਂ ਦੱਸ ਲੱਖ ਕਾਪੀਆਂ ਵਿਕ ਗਈਆਂ। ਇਸ ਦੌਰਾਨ ਫਰਾਂਸੂਆ ਲੂਕ ਸੀਮੋਨ ਨਾਂ ਦੇ ਇਕ ਕਲਾਕਾਰ ਨਾਲ ਵਿਆਹ ਕਰਵਾ ਕੇ ਉਹਦੇ ਨਾਲ ਸੱਤ ਵਰ੍ਹੇ ਬਿਤਾ ਕੇ ਉਹਨੂੰ ਤਲਾਕ ਦੇ ਚੁੱਕੀ ਸੀ। 1970 ਵਿਚ ਫਰਾਂਸੂਆ ਨੇ ਇਕ

ਵਰ੍ਹੇ ਦੇ ਪਿਆਰ ਸੰਬੰਧਾਂ ਤੋਂ ਬਾਅਦ ਅਮਰੀਕੀ ਵਿਗਿਆਨੀ ਯੋਨਾਸ ਸਾਕ ਨਾਲ ਵਿਆਹ ਕਰਵਾ ਲਿਆ। ਇਹ ਸੰਬੰਧ 1995 ਵਿਚ ਯੋਨਾਸ ਦੀ ਮੌਤ ਤੱਕ ਚਲਿਆ। ਪੋਲੀਓ ਦੀ ਪਹਿਲੀ ਸਫਲ ਵੈਕਸੀਨ ਬਣਾਉਣ ਵਾਲਾ ਵੀ ਇਹੀ ਯੋਨਾਸ ਸਾਕ ਸੀ। ਯੋਨਾਸ ਨਾਲ ਸੰਬੰਧਾਂ ਨੇ ਫਰਾਂਸੂਆ ਨੂੰ ਸਥਿਰਤਾ ਦਿੱਤੀ। ਉਹਨੇ ਅਨੇਕਾਂ ਪੇਂਟਿੰਗਜ਼ ਬਣਾਈਆਂ, ਕਸਟਿਊਮ ਡਿਜ਼ਾਇਨਿੰਗ ਤੋਂ ਲੈ ਕੇ ਥੀਏਟਰ ਦੇ ਸੈਟਸ ਬਣਾਏ। 'ਵਰਜੀਨੀਆ ਵੁਲਫ ਕੁਆਟਰਲੀ' ਵਰਗੇ ਮਸ਼ਹੂਰ ਰਸਾਲੇ ਦੀ ਕਲਾ ਸੰਪਾਦਕ ਬਣੀ। ਸਦਰਨ ਕੈਲੇਫੋਰਨੀਆ ਯੂਨੀਵਰਸਿਟੀ ਵਿਚ ਫਾਈਨ ਆਰਟਸ ਦੇ ਕੋਰਸ ਪੜ੍ਹਾਏ ਤੇ ਕਈ ਇਨਾਮ ਸਨਮਾਨ ਹਾਸਲ ਕੀਤੇ। ਕੁਝ ਸਮਾਂ ਪਹਿਲਾਂ 'ਦ ਗਾਰਜੀਅਨ' ਵਿਚ ਪ੍ਰਸਿੱਧ ਪੱਤਰਕਾਰ ਐਮਾ ਬਰੋਕਸ ਦੀ ਲਈ ਉਹਦੀ ਇੰਟਰਵਿਊ ਛਪੀ। ਉਸ ਵਿਚ ਐਮਾ ਨੇ ਉਹਨੂੰ ਪੁੱਛਿਆ ਕਿ 'ਹਾਰ ਦੇ ਏਨਾ ਨੇੜੇ ਤੂੰ ਕਦੋਂ ਪਹੁੰਚੀ? 'ਹਾਰ ਦੇ?

ਆਪਣੀ ਜ਼ਿੰਦਗੀ ਵਿਚ ਹਰ ਰੋਜ਼। ਇਹ ਸੱਚ ਹੈ। ਮੈਂ ਸਫਲਤਾ ਦੇ ਵੀ ਨੇੜੇ ਗਈ, ਇਕੋ ਗੱਲ ਹੈ। ਫਿਫਟੀ ਫਿਫਟੀ।'ਹੈਰਾਨ ਹੋਈ ਐਮਾ ਨੇ ਫਿਰ ਪੁੱਛਿਆ- 'ਤੇਰੇ ਵਿਚ ਚੀਜ਼ਾਂ ਦਾ ਵਿਰੋਧ ਕਰਨ ਦੀ ਤਾਕਤ ਆਉਂਦੀ ਕਿਥੋਂ ਹੈ?' 'ਗੱਲ ਵਿਰੋਧ ਦੀ ਹੈ ਹੀ ਨਹੀਂ। ਮਸਲਾ ਇਹ ਹੈ ਕਿ ਚੰਗਿਆਈ ਤੇ ਬੁਰਿਆਈ ਦੋਹਾਂ ਦਾ ਸਾਹਮਣਾ ਕਰਨ ਦੀ ਤੁਹਾਡੇ ਵਿਚ ਯੋਗਤਾ ਹੋਣੀ ਚਾਹੀਦੀ ਹੈ। ਤੁਹਾਡੇ ਕੋਲ ਕੋਈ ਵਿਕਲਪ ਨਹੀਂ ਹੁੰਦਾ। ਅਸਲ ਗੱਲ ਤਾਂ ਇਹ ਹੈ ਕਿ ਲੜਨਾ ਮੈਨੂੰ ਬਿਲਕੁਲ ਪਸੰਦ ਨਹੀਂ।'ਆਪਣੀ ਗੱਲ 'ਤੇ ਜ਼ੋਰ ਦੀ ਠਹਾਕਾ ਮਾਰਦੀ 95 ਵਰ੍ਹਿਆਂ ਦੀ ਬੁੱਢੀ ਠੇਰ੍ਹੀ ਉਸ ਔਰਤ ਦੀਆਂ ਅੱਖਾਂ ਵਿਚ ਚਮਕ ਆ ਜਾਂਦੀ ਹੈ- 'ਹਾਂ ਜੇ ਅਜੇ ਵੀ ਲੜਨਾ ਪਿਆ ਤਾਂ ਮੈਂ ਜ਼ਰੂਰ ਲੜਾਂਗੀ।' ਉਹ ਅੱਜ ਕੱਲ੍ਹ ਫਰਾਂਸ ਵਿਚ ਰਹਿ ਰਹੀ ਹੈ। ਸਿਹਤਮੰਦ ਹੈ। 21 ਨਵੰਬਰ,2021 ਨੂੰ ਉਹਨੇ ਸ਼ਤਾਬਦੀ ਪਾਰ ਕਰ ਲਈ ਹੈ। ਅਸੀਂ ਉਹਦੀ ਚੰਗੀ ਸਿਹਤ ਦੀ ਕਾਮਨਾ

ਕਰਦੇ ਹਾਂ ਕਿਉਂਕਿ ਉਹ ਕਲਾ ਦਾ ਜਿਊਂਦਾ ਇਤਿਹਾਸ ਹੈ।

ਪੋਸਟ ਸਕਰਿਪਟ

ਸਾਥ ਚਲਤੇ ਜਾ ਰਹੇ ਹੈਂ ਪਾਸ ਆ ਸਕਤੇ ਨਹੀਂ

ਇਕ ਨਦੀ ਕੇ ਦੋ ਕਿਨਾਰੋਂ ਕੋ ਮਿਲਾ ਸਕਤੇ ਨਹੀਂ

ਦੇਨੇ ਵਾਲੇ ਨੇ ਦੀਆ ਸਭ ਕੁਛ ਅਜਬ ਅੰਦਾਜ਼ ਸੇ

ਸਾਮਨੇ ਦੁਨੀਆ ਪੜੀ ਹੈ ਔਰ ਉਠਾ ਸਕਤੇ ਨਹੀਂ

ਉਸਕੀ ਭੀ ਮਜਬੂਰੀਆਂ ਹੈਂ ਮੇਰੀ ਭੀ ਮਜਬੂਰੀਆਂ

ਰੋਜ਼ ਮਿਲਤੇ ਹੈਂ ਮਗਰ, ਘਰ ਮੇਂ ਬਤਾ ਸਕਤੇ ਨਹੀਂ

ਉਸ ਕੀ ਯਾਦੋਂ ਸੇ ਮਹਿਕਨੇ ਲਗਤਾ ਹੈ ਸਾਰਾ ਬਦਨ

ਪਿਆਰ ਕੀ ਖ਼ੁਸ਼ਬੋ ਕੋ ਸੀਨੇ ਮੇਂ ਛੁਪਾ ਸਕਤੇ ਨਹੀਂ

—ਜਨਾਬ ਬਸ਼ੀਰ ਬਦਰ

41

ਔਰਤ ਦੁਨੀਆ ਦਾ ਸਭ ਤੋਂ ਵੱਡਾ ਰਹੱਸ ਹੈ

ਵਿਗਿਆਨ ਦੇ ਖੇਤਰ ਵਿਚ ਨਵੀਂਆਂ ਪੈੜਾਂ ਵਾਹੁਣ ਵਾਲਾ ਸਟੀਫਨ ਹਾਕਿੰਗ ਬੜਾ ਵੱਡਾ ਵਿਗਿਆਨੀ ਸੀ। ਪੁਲਾੜ ਵਿਚਲੇ ਰਹੱਸਾਂ ਬਾਰੇ ਉਹਦੀਆਂ ਲਭਤਾਂ ਬੜੀਆਂ ਮਾਨੀਖੇਜ਼ ਹਨ। ਉਹਨੇ ਭਵਿੱਖ ਦੇ ਵਿਗਿਆਨੀਆਂ ਲਈ ਮਾਰਗ ਵੀ ਤਹਿ ਕਰ ਦਿੱਤਾ ਹੈ। ਜ਼ਿੰਦਗੀ ਵਿਚ ਭਿਆਨਕ ਬਿਮਾਰੀ ਨਾਲ ਜੂਝਦਾ ਵੀ ਉਹ ਜ਼ਿੰਦਗੀ ਦੇ ਰਸਾਂ ਨੂੰ ਭਰਪੂਰ ਮਾਤਰਾ ਵਿਚ ਮਾਣਦਾ ਰਿਹਾ। ਆਪਣੇ ਕਸ਼ਟਾਂ ਲਈ ਕਦੇ ਉਹਨੇ ਰੱਬ ਨਹੀਂ ਧਿਆਇਆ ਤੇ ਨਾ ਕਿਸੇ ਡੇਰੇ ਦਾ ਲੜ ਫੜਿਆ ਸਗੋਂ ਉਹਦਾ ਵਿਗਿਆਨ ਉੱਤੇ ਨਿਸ਼ਚਾ ਅਟੱਲ ਸੀ। ਉਹਦਾ ਮੱਤ ਸੀ ਕਿ ਰੱਬ ਕਿਤੇ ਨਹੀਂ ਇਹ ਤਾਂ ਮਨੁੱਖ ਨੇ ਆਪਣੇ ਡਰ ਵਿਚੋਂ ਸਿਰਜਿਆ ਭਰਮ ਹੈ। ਜੋ ਕੁਝ ਹੈ ਇਸ ਬ੍ਰਹਿਮੰਡ ਵਿਚ

ਹੈ। ਇਸ ਨੂੰ ਸਮਝਣਾ ਤੇ ਮਾਣਨਾ ਹੀ ਮਨੁੱਖੀ ਜ਼ਿੰਦਗੀ ਦਾ ਸਭ ਤੋਂ ਵੱਡਾ ਸੱਚ ਹੈ। ਉਹਦੇ ਮੁਹੱਬਤੀ ਰਿਸ਼ਤੇ ਬੜੇ ਗੁੰਝਲਦਾਰ ਸਨ। ਪੇਸ਼ ਹੈ ਉਨ੍ਹਾਂ ਬਾਰੇ ਕੁਝ ਦਿਲਚਸਪ ਤੱਥ-ਹਮੇਸ਼ਾ ਵੀਲ ਚੇਅਰ 'ਤੇ ਬੈਠੇ ਰਹਿਣ ਵਾਲਾ ਤੇ ਚਲਣ ਫਿਰਨ ਤੋਂ ਲਾਚਾਰ, ਜੀਨੀਅਸ ਸਟੀਫਨ ਹਾਕਿੰਗ ਦੀਆਂ ਪ੍ਰੇਮ ਕਥਾਵਾਂ ਬੜੀਆਂ ਦਿਲਚਸਪ, ਤੂਫ਼ਾਨੀ ਵੇਗ ਵਾਲੀਆਂ ਤੇ ਜੀਵੰਤ ਹਨ। ਆਇਨਸਟਾਈਨ ਤੋਂ ਬਾਅਦ ਆਧੁਨਿਕ ਸਮਿਆਂ ਦੇ ਸਭ ਤੋਂ ਵੱਡੇ ਵਿਗਿਆਨੀ ਦੇ ਰੂਪ ਵਿਚ ਦੁਨੀਆ ਵਿਚ ਪ੍ਰਸਿੱਧੀ ਹਾਸਲ ਕਰ ਚੁੱਕੇ ਹਾਕਿੰਗ ਨੇ 1965 ਵਿਚ ਆਪਣੀ ਪ੍ਰੇਮਿਕਾ ਜੇਨ ਬੇਰਿਲ ਵਾਈਲਡ ਨਾਲ ਵਿਆਹ ਕਰਵਾ ਲਿਆ। ਸਟੀਫਨ ਤੇਈ੍ਹਆਂ ਵਰ੍ਹਿਆਂ ਦਾ ਸੀ ਤੇ ਜੇਨ ਇਕੱਤੀਆਂ ਦੀ। ਦੋਹਾਂ ਦੀ ਪਹਿਲੀ ਮੁਲਾਕਾਤ ਵਿਆਹ ਤੋਂ ਤਿੰਨ ਵਰ੍ਹੇ ਪਹਿਲਾਂ 1962 ਵਿਚ ਇਕ ਕਾਲਜ ਪਾਰਟੀ ਵਿਚ ਹੋਈ ਸੀ। 1963 ਵਿਚ ਸਟੀਫਨ ਦੇ ਸਰੀਰ ਵਿਚ ਮੋਟਰ ਨਿਊਰੋਨ ਨਾਂ ਦੀ

ਘਾਤਕ ਬਿਮਾਰੀ ਦੇ ਮੁੱਢਲੇ ਲੱਛਣ ਨਜ਼ਰ ਆਉਣ ਲੱਗ ਪਏ ਸਨ। ਡਾਕਟਰਾਂ ਨੇ ਚੇਤਾਵਨੀ ਦਿੱਤੀ ਸੀ ਕਿ ਜਾਂ ਤਾਂ ਉਹ ਬਹੁਤ ਜਲਦੀ ਮੌਤ ਦੇ ਮੂੰਹ ਵਿਚ ਜਾ ਪਏਗਾ ਜਾਂ ਉਹਨੂੰ ਭਿਆਨਕ ਰੂਪ ਵਿਚ ਸਰੀਰਕ ਨਿਰਬਲਤਾ ਤੇ ਨਿਰਭਰਤਾ ਨਾਲ ਜ਼ਿੰਦਗੀ ਜਿਊਣੀ ਪਏਗੀ। ਦੋਹਾਂ ਨੇ ਇਸ ਖ਼ਤਰਨਾਕ ਸਥਿਤੀ ਵਿਚ ਵੀ ਵਿਆਹ ਕਰਨ ਦਾ ਫ਼ੈਸਲਾ ਕਰ ਲਿਆ। ਜੇਨ ਸਾਹਿਤ ਦੀ ਵਿਦਿਆਰਥਣ ਸੀ ਜਿਸ ਨੇ ਬਾਅਦ ਵਿਚ ਮੱਧਕਾਲੀ ਸਪੈਨਿਸ਼ ਕਵਿਤਾ 'ਤੇ ਪੀਐੱਚ.ਡੀ. ਦੀ ਡਿਗਰੀ ਲਈ ਤੇ ਸਟੀਫਨ ਦੇ ਤਿੰਨ ਬੱਚਿਆਂ ਦੀ ਮਾਂ ਬਣੀ। ਸਮਾਂ ਬੀਤਣ ਨਾਲ ਸਟੀਫਨ ਦੀ ਸਿਹਤ ਖ਼ਤਰਨਾਕ ਹੱਦ ਤੱਕ ਵਿਗੜ ਗਈ। ਪਤੀ ਪਤਨੀ ਦੀ ਸਰੀਰਕ ਸਾਂਝ ਵਿਚ ਵਿਘਨ ਪੈ ਗਿਆ।'ਸਟੀਫਨ ਹਾਕਿੰਗ: ਏ ਮੈਮੋਇਰ ਆਫ਼ ਫਰੈਂਡਸ਼ਿਪ ਐਂਡ ਫਿਜ਼ਿਕਸ' ਵਿਚ ਲੇਖਕ ਤੇ ਸਟੀਫਨ ਦੇ ਪੱਕੇ ਦੋਸਤ ਲੇਨਾਰਡ ਮਲੋਦੀਨੋਵ ਨੂੰ ਦਿੱਤੀ ਇਕ ਇੰਟਰਵਿਊ ਵਿਚ ਜੇਨ

ਨੇ ਕਿਹਾ ਸੀ- “ਮੈਨੂੰ ਡਰ ਲਗਦਾ ਸੀ ਕਿ ਸਰੀਰਕ ਸਾਂਝ ਨਾਲ ਕਿਤੇ ਸਟੀਫਨ ਦੀ ਮੌਤ ਹੀ ਨਾ ਹੋ ਜਾਏ। ਉਹਦੇ ਨਾਲ ਪਿਆਰ ਕਰਨਾ ਇਕ ਡਰਾਉਣਾ ਤੇ ਖੋਖਲਾ ਅਨੁਭਵ ਹੁੰਦਾ ਸੀ। ਸਰੀਰਕ ਸਾਂਝ ਦਾ ਵਿਚਾਰ ਤੱਕ ਮੈਨੂੰ ਗੈਰ ਕੁਦਰਤੀ ਲੱਗਣ ਲੱਗ ਪਿਆ ਸੀ ਤੇ ਉਸ ਪ੍ਰਤੀ ਮੇਰੀ ਇੱਛਾ ਮੇਰੇ ਅੰਦਰ ਧੁੰਦਲੀ ਪੈ ਗਈ ਸੀ। ਉਹਦੀਆਂ ਲੋੜਾਂ ਕਿਸੇ ਨਵਜੰਮੇ ਬੱਚੇ ਵਰਗੀਆਂ ਸਨ ਜਦ ਕਿ ਉਹਦੀ ਦੇਹ ਪਰਲੋ ਤੋਂ ਬਚ ਨਿਕਲੇ ਕਿਸੇ ਝੰਬੇ ਹੋਏ ਵਿਅਕਤੀ ਵਰਗੀ ਸੀ।” ਜੇਨ ਕੋਈ ਤਿੰਨ ਦਹਾਕਿਆਂ ਤੱਕ ਸਟੀਫਨ ਨੂੰ ਖਾਣਾ ਖੁਆਉਣ, ਕੱਪੜੇ ਪੁਆਉਣ, ਨਹਾਉਣ ਤੇ ਅਨੇਕਾਂ ਵਾਰ ਹਸਪਤਾਲ ਲਿਜਾਣ ਦੀ ਅਣਥੱਕ ਸੇਵਾ ਵਿਚ ਦਿਨ ਰਾਤ ਜੁੱਟੀ ਰਹੀ। ਇਹਦੇ ਵਿਚ ਸਟੀਫਨ ਨੂੰ ਮੌਤ ਦੇ ਮੂੰਹੋਂ ਕੱਢ ਲਿਆਉਣ ਵਰਗੇ ਅਨੁਭਵ ਵੀ ਸ਼ਾਮਲ ਸਨ। ਅਜਿਹੇ ਔਖੇ ਸਮਿਆਂ ਨੇ ਜੇਨ ਅੰਦਰਲੀ ਔਰਤ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ ਤੇ ਬਾਰ ਬਾਰ

ਆਪਣੀ ਫਰੀਡਮ ਤੇ ਆਈਡੈਂਟਿਟੀ ਨੂੰ ਲੈ ਕੇ ਉਹ ਡਿਪਰੈੱਸ਼ਨ ਦਾ ਸ਼ਿਕਾਰ ਹੋ ਗਈ। 1985 ਵਿਚ ਹੋਏ ਇਕ ਆਪ੍ਰੇਸ਼ਨ ਤੋਂ ਬਾਅਦ, ਹਸਪਤਾਲ ਵਿਚ ਕੰਮ ਕਰਦੀ ਇਕ ਨਰਸ ਐਲਨ ਮੇਸਨ ਨਾਲ ਸਟੀਫਨ ਦੀ ਪਿਆਰ ਪੀਂਘ ਪੈ ਗਈ। ਤੇਜ਼ ਤਰਾਰ ਐਲਨ ਨੂੰ ਸਕੇਟਬੋਰਡਿੰਗ ਦਾ ਸ਼ੌਕ ਸੀ ਤੇ ਫਲਰਟ ਕਰਨ ਵਿਚ ਉਹਨੂੰ ਮਜ਼ਾ ਆਉਂਦਾ ਸੀ। ਉਹ ਸਟੀਫਨ ਦੀ ਜਿਊਣ ਦੀ ਇੱਛਾ ਤੋਂ ਬੜੀ ਪ੍ਰਭਾਵਿਤ ਸੀ। ਐਲਨ ਉਂਜ ਸ਼ਾਦੀਸ਼ੁਦਾ ਸੀ ਤੇ ਉਹਦਾ ਇੰਜੀਨੀਅਰ ਪਤੀ ਡੇਵਿਡ ਸਟੀਫਨ ਹਾਕਿੰਗ ਦਾ ਵੱਡਾ ਫੈਨ ਸੀ। ਉਹ ਉਹਦੇ ਲਈ ਸਪੀਚ ਸਿੰਥਾਈਜ਼ਰ ਬਣਾਉਣ ਵਾਲੇ ਪ੍ਰੋਜੈਕਟ ਨਾਲ ਜੁੜਿਆ ਹੋਇਆ ਸੀ। ਉਨ੍ਹਾਂ ਦਿਨਾਂ ਵਿਚ ਜੇਨ ਦਾ ਕੈਂਬਰਿਜ ਚਰਚ ਦੇ ਸੰਗੀਤਕਾਰ ਜੋਨਾਥਨ ਹੇਲਰ ਜੋਨਜ਼ ਨਾਲ ਅਫੇਅਰ ਚੱਲ ਰਿਹਾ ਸੀ। ਸਟੀਫਨ ਜਦੋਂ ਵੀ ਲੈਕਚਰ ਦੇਣ ਲਈ ਵਿਦੇਸ਼ ਜਾਂਦਾ, ਐਲਨ ਉਹਦੇ ਨਾਲ ਜਾਂਦੀ। ਉਹਨੂੰ ਸਟੀਫਨ ਦੀ ਅੰਦਰੂਨੀ

ਤਾਕਤ ਨਾਲ ਮੁਹੱਬਤ ਹੋ ਗਈ ਸੀ। ਕੁਝ ਸਮੇਂ ਬਾਅਦ ਜੇਨ ਨੇ ਆਪਣੇ ਅਫੇਅਰਜ਼ ਬਾਰੇ ਸਟੀਫਨ ਨੂੰ ਸਭ ਕੁਝ ਦਸ ਦਿੱਤਾ। ਸਟੀਫਨ ਨੇ ਵੀ ਉਹਨੂੰ ਆਪਣੇ ਤੇ ਐਲਨ ਦੇ ਸੰਬੰਧਾਂ ਬਾਰੇ ਸਭ ਕੁਝ ਦਸ ਦਿੱਤਾ। ਦੋਹਾਂ ਵਿਚ ਤਹਿ ਹੋਇਆ ਕਿ ਸਾਰੇ ਮਾਮਲੇ ਨੂੰ ਪੂਰੀ ਤਰ੍ਹਾਂ ਗੁਪਤ ਤੇ ਨਿੱਜੀ ਰੱਖਿਆ ਜਾਏ। ਦੋਹਾਂ ਨੇ ਫ਼ੈਸਲਾ ਕੀਤਾ ਕਿ ਉਨ੍ਹਾਂ ਦੇ ਬੱਚੇ ਤੇ ਪ੍ਰੇਮੀ ਸਾਰੇ ਇਕ ਇਕਾਈ ਵਾਂਗ ਇਕੱਠੇ ਰਹਿਣਗੇ। ਬ੍ਰਹਿਮੰਡ ਦੇ ਤਾਰਾ-ਮੰਡਲ ਵਾਂਗ ਇਹ ਜਟਿਲ ਪਰਿਵਾਰ 1990 ਤੱਕ ਇਕ ਛੱਤ ਹੇਠ ਕਮਿਊਨ ਵਾਂਗ ਰਿਹਾ। 1995 ਵਿਚ ਜੇਨ ਤੇ ਸਟੀਫਨ ਨੇ ਤਲਾਕ ਲੈ ਲਿਆ। ਓਸੇ ਵਰ੍ਹੇ ਸਟੀਫਨ ਤੇ ਐਲਨ ਨੇ ਵਿਆਹ ਕਰਵਾ ਲਿਆ। 1997 ਵਿਚ ਜੇਨ ਤੇ ਜੋਨਾਥਨ ਹੇਲਰ ਨੇ ਵੀ ਵਿਆਹ ਕਰਵਾ ਲਿਆ। ਹੁਣ ਨਰਸ ਹੋਣ ਦੇ ਨਾਲ ਨਾਲ ਐਲਨ ਉਹਦੀ ਪਤਨੀ ਵੀ ਸੀ ਤੇ ਸਟੀਫਨ ਲਈ ਉਹਦਾ ਪਸੰਦੀਦਾ ਖਾਣਾ ਬਣਾਉਣ ਵਿਚ ਉਹਨੂੰ ਮਜ਼ਾ ਆਉਂਦਾ। ਅਨੇਕਾਂ

ਮਸ਼ੀਨਾਂ ਨਾਲ ਜੁੜੇ ਰਹਿਣ ਵਾਲੇ ਸਟੀਫਨ ਦੀ ਸਰੀਰਕ ਹਾਲਤ ਅਜਿਹੀ ਸੀ ਕਿ ਦੋਵੇਂ ਇਕੱਠੇ ਸੌਂ ਵੀ ਨਹੀਂ ਸਨ ਸਕਦੇ। ਐਲਨ ਰਾਤ ਨੂੰ ਕਈ ਵਾਰ ਸਟੀਫਨ ਨੂੰ ਦੇਖਣ ਤੇ ਛੋਹਣ ਆਉਂਦੀ ਸੀ। ਐਲਨ ਨੇ ਲੇਨਾਰਡ ਮਲੋਦੀਨੋਵ ਨੂੰ ਦੱਸਿਆ- “ਸੱਚੀ ਗੱਲ ਹੈ ਕਿ ਮੈਂ ਸਟੀਫਨ ਦੀ ਬੜੀ ਮਦਦ ਕੀਤੀ ਪਰ ਉਹਨੇ ਵੀ ਮੇਰੀ ਬੜੀ ਸਹਾਇਤਾ ਕੀਤੀ ਤੇ ਸਹਿਯੋਗ ਦਿੱਤਾ। ਮੇਰੇ ਮਾਤਾ ਪਿਤਾ ਦੀ ਆਪਸ ਵਿਚ ਜ਼ਰਾ ਵੀ ਨਹੀਂ ਸੀ ਬਣਦੀ। ਜਿਸ ਆਦਮੀ ਨਾਲ ਮੈਂ ਵਿਆਹ ਕੀਤਾ ਉਹਨੂੰ ਕਦੇ ਪਿਆਰ ਨਹੀਂ ਕਰ ਸਕੀ। ਸਟੀਫਨ ਦੁਆਰਾ ਪਿਆਰ ਕੀਤੇ ਜਾਣ ਦਾ ਅਹਿਸਾਸ ਨਿਵੇਕਲਾ ਸੀ। ਉਹਨੇ ਮੈਨੂੰ ਪ੍ਰਵਾਨ ਕੀਤਾ ਤੇ ਅੰਤਾਂ ਦਾ ਪਿਆਰ ਦਿੱਤਾ।” ਸਬ ਸਭ ਕੁਝ ਦੇ ਬਾਵਜੂਦ ਉਨ੍ਹਾਂ ਦਾ ਆਪਸੀ ਸੰਬੰਧ ਭਿਆਨਕ ਰੂਪ ਵਿਚ ਵਿਵਾਦਾਂ ਦੇ ਘੇਰੇ ਵਿਚ ਰਿਹਾ। ਸਟੀਫਨ ਦੇ ਬੱਚਿਆਂ ਨੇ ਪੁਲਿਸ ਕੇਸ ਕਰ ਦਿੱਤਾ ਕਿ ਐਲਨ ਉਨ੍ਹਾਂ ਦੇ ਪਿਤਾ ਨਾਲ

ਜ਼ਾਲਮਾਨਾ ਵਿਹਾਰ ਕਰਦੀ ਹੈ। ਚਾਰ ਵਰ੍ਹਿਆਂ ਤੱਕ ਜਾਂਚ ਪੜਤਾਲ ਚਲਦੀ ਰਹੀ ਪਰ ਪੁਲਿਸ ਐਲਨ 'ਤੇ ਕੋਈ ਦੋਸ਼ ਸਾਬਤ ਨਾ ਕਰ ਸਕੀ। ਪਰਿਵਾਰ ਦੇ ਨੇੜਲੇ ਸਾਰੇ ਲੋਕ ਓਦੋਂ ਵੀ ਮੰਨਦੇ ਸਨ ਕਿ ਐਲਨ ਅਤੇ ਸਟੀਫਨ ਦਾ ਪਿਆਰ ਤੂਫ਼ਾਨੀ ਵੇਗ ਵਰਗਾ ਹੈ ਤੇ ਕੋਈ ਤਾਕਤ ਇਸ ਨੂੰ ਰੋਕ ਨਹੀਂ ਸਕਦੀ। ਕਈ ਵਾਰ ਦੋਵੇਂ ਇਕ ਦੂਜੇ ਨੂੰ ਅੰਤਾਂ ਦਾ ਪਿਆਰ ਕਰਦੇ ਤੇ ਕਦੇ ਨਾ ਵਿਛੜਣ ਦੀਆਂ ਕਸਮਾਂ ਖਾਂਦੇ ਤੇ ਕਦੇ ਇਕ ਦੂਜੇ ਨੂੰ ਸਾਰੀ ਜ਼ਿੰਦਗੀ ਨਾ ਦੇਖਣ ਦੀਆਂ ਧਮਕੀਆਂ ਦੇਂਦੇ। ਇਕ ਰਾਤ ਲੇਨਾਰਡ ਮਲੋਦੀਨੋਵ ਨੂੰ ਡਿਨਰ 'ਤੇ ਬੁਲਾਇਆ ਗਿਆ। ਖਾਣਾ ਖਾਂਦਿਆਂ ਵਿਚੋਂ ਹੀ ਐਲਨ ਨੇ ਚੀਕ ਚਿਹਾੜਾ ਪਾ ਦਿੱਤਾ- "ਮੈਂ ਵੀਹ ਵਰ੍ਹਿਆਂ ਤੋਂ ਇਸ ਬੰਦੇ ਦੀ ਗ਼ੁਲਾਮ ਬਣੀ ਹੋਈ ਹਾਂ। ਹੁਣ ਪਾਣੀ ਸਿਰੋਂ ਲੰਘ ਚੁੱਕਾ ਹੈ।" ਬਾਅਦ ਵਿਚ ਐਲਨ ਨੇ ਆਪਣੇ ਗ਼ੁੱਸੇ ਲਈ ਮੁਆਫ਼ੀ ਵੀ ਮੰਗੀ। ਹਾਕਿੰਗ ਦੀ ਮੌਤ ਤੋਂ ਬਾਅਦ ਐਲਨ ਨੇ ਲੇਨਾਰਡ

ਮਲੋਦੀਨੋਵ ਨੂੰ ਦੱਸਿਆ- “ਉਹ ਕਿਸੇ ਐਕਟਰ ਵਾਂਗ ਸੀ। ਉਹ ਹਰ ਗੱਲ ਵਿਚ ਫੋਕਸ ਬਣ ਜਾਣਾ ਚਾਹੁੰਦਾ ਸੀ। ਉਹ ਬ੍ਰਹਿਮੰਡ ਦੇ ਕੇਂਦਰ ਵਿਚ ਰਹਿਣਾ ਚਾਹੁੰਦਾ ਸੀ। ਉਹਨੂੰ ਇਹ ਸਭ ਚੰਗਾ ਲਗਦਾ। ਇਸ ਨਾਲ ਉਹਨੂੰ ਊਰਜਾ ਮਿਲਦੀ। ਉਹਨੂੰ ਲੋਕਾਂ ਨਾਲ ਪਿਆਰ ਸੀ। ਉਹਦੀ ਜ਼ਿੰਦਗੀ ਬੜੀ ਮੁਸ਼ਕਲ ਸੀ ਪਰ ਉਹ ਸੋਚ ਤੋਂ ਵੀ ਪਰ੍ਹੇ ਬਹਾਦਰ ਇਨਸਾਨ ਸੀ। ਉਹਨੇ ਕਦੇ ਕੋਈ ਸ਼ਿਕਾਇਤ ਨਹੀਂ ਕੀਤੀ ਪਰ ਹਰ ਵੇਲੇ ਧਿਆਨ ਆਪਣੇ ’ਤੇ ਕੇਂਦਰਿਤ ਕਰਨ ਲਈ ਉਹ ਉਤਸੁਕ ਰਹਿੰਦਾ। ਮੈਨੂੰ ਇਸ ਤੋਂ ਬੜੀ ਚਿੜ ਮੱਚਦੀ। ਹਮੇਸ਼ਾ ਨਹੀਂ ਜਦੋਂ ਮੈਂ ਥੱਕੀ ਹੁੰਦੀ ਸਾਂ ਜਾਂ ਜਦੋਂ ਕੋਈ ਨਰਸ ਉਹਦੇ ਨਾਲ ਫਲਰਟ ਕਰ ਰਹੀ ਹੁੰਦੀ। ਪਰ ਇਹ ਸਭ ਕੁਝ ਥੋੜ੍ਹ ਚਿਰਾ ਹੀ ਹੁੰਦਾ ਸੀ। ਮੇਰੀ ਚਿੜ ਜਲਦੀ ਸ਼ਾਂਤ ਹੋ ਜਾਂਦੀ। ਮੇਰੇ ਧੁਰ ਅੰਦਰ ਉਹ ਮੇਰੀ ਇਕਲੌਤੀ ਤੇ ਕੀਮਤੀ ਮੁਹੱਬਤ ਵਾਂਗ ਸੀ।” ਇਸ ਸਭ ਦੇ ਬਾਵਜੂਦ 2006 ਵਿਚ ਐਲਨ ਤੇ ਸਟੀਫਨ ਦਾ

ਤਲਾਕ ਹੋ ਗਿਆ। ਇਸ ਵਾਰ ਸਟੀਫਨ ਨੂੰ ਇਕ ਹੋਰ ਨਰਸ ਡਾਇਨਾ ਕਿੰਗ ਨਾਲ ਪਿਆਰ ਹੋ ਗਿਆ। ਜ਼ਬਰਦਸਤ ਡਿਪ੍ਰੈਸ਼ਨ ਦੀ ਸ਼ਿਕਾਰ ਡਾਇਨਾ ਸਟੀਫਨ ਤੋਂ 39 ਵਰ੍ਹੇ ਛੋਟੀ ਸੀ। ਡਾਇਨਾ ਬੜੀ ਬੁੱਧੀਮਾਨ ਤੇ ਚੰਗੀ ਪੜ੍ਹੀ ਲਿਖੀ ਔਰਤ ਸੀ। ਸਟੀਫਨ ਨੂੰ ਉਹਦੇ ਨਾਲ ਗੱਲਬਾਤ ਕਰਕੇ ਅਨੰਦ ਆਉਂਦਾ ਸੀ। ਉਹ ਉਹਨੂੰ ਨਵੀਂਆਂ ਨਵੀਂਆਂ ਚੀਜ਼ਾਂ ਸਿਖਾਉਂਦੀ ਸੀ। ਦੋਵਾਂ ਨੇ ਰਿੰਗ ਸਾਰੇਮਨੀ ਕਰ ਲਈ ਪਰ ਬਾਅਦ ਵਿਚ ਸਟੀਫਨ ਨੂੰ ਚਿੰਤਾ ਹੋਣ ਲੱਗੀ ਕਿ ਇਹ ਰਿਸ਼ਤਾ ਅਜੋੜ ਹੈ। ਉਹਨੂੰ ਇਹ ਵੀ ਮਹਿਸੂਸ ਹੋਇਆ ਕਿ ਇਸ ਨਾਲ ਉਹਦੇ ਬੱਚਿਆਂ ਨਾਲ ਸੰਬੰਧ ਟੁੱਟ ਜਾਣਗੇ। ਉਹਨੇ ਆਪਣਾ ਫ਼ੈਸਲਾ ਵਾਪਸ ਲੈ ਲਿਆ। ਇਸ ਫ਼ੈਸਲੇ ਨੇ ਡਾਇਨਾ ਦੀ ਨਿੱਜੀ ਜ਼ਿੰਦਗੀ ਤਬਾਹ ਕਰ ਦਿੱਤੀ। ਉਹਨੇ ਬਾਰ ਬਾਰ ਦੁਹਾਈ ਦਿੱਤੀ ਕਿ- ‘‘ਦੁਨੀਆ ਵਿਚ ਅਜਿਹਾ ਪ੍ਰਤਿਭਾਵਾਨ ਚਿਹਰਾ ਕਿਸੇ ਕੋਲ ਨਹੀਂ। ਉਹਦੇ ਮੂੰਹ ਦੀ ਨਿੱਕੀ ਜਿਹੀ ਹਰਕਤ ਤੋਂ ਮੈਂ ਅੰਦਾਜ਼ਾ

ਲਾ ਲੈਂਦੀ ਹਾਂ ਕਿ ਉਹ ਕੀ ਸੋਚ ਰਿਹਾ ਹੈ।" 14 ਮਾਰਚ, 2018 ਨੂੰ ਇਹ ਮਹਾਨ ਵਿਗਿਆਨੀ ਇਸ ਦੁਨੀਆ ਨੂੰ ਅਲਵਿਦਾ ਕਹਿ ਗਿਆ।

ਪੋਸਟ ਸਕਰਿਪਟ

ਉਹਦੇ ਸੱਤਰਵੇਂ ਜਨਮ ਦਿਨ ਮੌਕੇ 8 ਜਨਵਰੀ, 2012 ਨੂੰ 'ਨਿਊ ਸਾਇੰਟਿਸਟ' ਰਸਾਲੇ ਵਿਚ ਉਹਦੀ ਇਕ ਲੰਮੀ ਇੰਟਰਵਿਊ ਛਪੀ ਸੀ ਜਿਸ ਵਿਚ ਉਹਨੇ ਆਪਣੀ ਖੋਜ ਦੀਆਂ ਕਮੀਆਂ ਦੀ ਵਿਸਥਾਰ ਨਾਲ ਚਰਚਾ ਕੀਤੀ ਸੀ ਤੇ ਬਲੈਕ ਹੋਲਜ਼ ਨਾਲ ਜੁੜੇ ਅਨੇਕਾਂ ਰਹੱਸਾਂ ਤੋਂ ਪਰਦਾ ਲਾਹਿਆ ਸੀ। ਜਦੋਂ ਉਹਨੂੰ ਇਹ ਸੁਆਲ ਪੁੱਛਿਆ ਗਿਆ ਕਿ ਸਾਰਾ ਦਿਨ ਉਹ ਕਿਸ ਵਿਸ਼ੇ 'ਤੇ ਸਭ ਤੋਂ ਵੱਧ ਸੋਚਦਾ ਹੈ ਤਾਂ ਉਹਦਾ ਜੁਆਬ ਸੀ- "ਔਰਤਾਂ ਬਾਰੇ।ਮੇਰੇ ਲਈ ਉਹ ਅੱਜ ਵੀ ਦੁਨੀਆ ਦਾ ਸਭ ਤੋਂ ਵੱਡਾ ਰਹੱਸ ਹਨ।" ਉਹਦੀ

ਸਟੱਡੀ ਵਿਚ ਹਮੇਸ਼ਾ ਹੁਸਨ ਦੀ ਮਲਿਕਾ ਮਾਰਲਿਨ ਮੁਨਰੋ ਦਾ ਪੋਟ੍ਰੇਟ ਟੰਗਿਆ ਰਹਿੰਦਾ।

42

ਜ਼ਿੰਦਗੀ ਦੇ ਅਰਥ

ਅਨੂਪਮ ਮਿਸ਼ਰ ਬੜੇ ਵੱਡੇ ਵਾਤਾਵਰਣ ਪ੍ਰੇਮੀ ਸਨ। ਉਨ੍ਹਾਂ ਨੇ ਆਪਣੀ ਸਾਰੀ ਹਯਾਤੀ ਪਾਣੀ, ਰੁੱਖ, ਹਵਾ, ਜੰਗਲ ਤੇ ਕੁਦਰਤੀ ਸਰੋਤਾਂ ਨੂੰ ਬਚਾਉਣ ਦਾ ਹੋਕਾ ਦਿੰਦਿਆਂ ਬਿਤਾ ਦਿੱਤੀ। ਪਾਣੀ ਬਚਾਉਣ ਬਾਰੇ ਉਨ੍ਹਾਂ ਦੀ ਕਿਤਾਬ 'ਅਜੇ ਵੀ ਖਰੇ ਨੇ ਤਲਾਬ' ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਚਰਚਾ ਦਾ ਵਿਸ਼ਾ ਬਣੀ ਰਹੀ ਹੈ। ਉਨ੍ਹਾਂ ਦਾ ਜਨਮ 05 ਜੂਨ, 1948 ਨੂੰ ਵਰਧਾ (ਮਹਾਰਾਸ਼ਟਰ) ਵਿਚ ਹੋਇਆ। 1977 ਵਿਚ ਉਹ ਵਾਤਾਵਰਣ ਸੰਚਾਲਕ ਵਜੋਂ ਗਾਂਧੀ ਸ਼ਾਂਤੀ ਇੰਸਟੀਚਿਊਟ ਨਾਲ ਜੁੜ ਗਏ। 1992 ਵਿਚ ਉਨ੍ਹਾਂ ਨੂੰ ਕੇ ਕੇ ਬਿਡਲਾ ਫੈਲੋਸ਼ਿਪ ਮਿਲੀ ਜੋ ਪਰੰਪਰਾਗਤ ਵਿਧੀਆਂ ਨਾਲ ਪਾਣੀ ਦੀ ਸੰਭਾਲ ਬਾਰੇ ਖੋਜ ਕਰਨ

ਲਈ ਪ੍ਰਦਾਨ ਕੀਤੀ ਗਈ ਸੀ। 16 ਦਸੰਬਰ, 2016 ਨੂੰ ਉਹ ਇਸ ਦੁਨੀਆ ਤੋਂ ਕੂਚ ਕਰ ਗਏ। ਉਨ੍ਹਾਂ ਬਾਰੇ ਹਿੰਦੀ ਦੇ ਉੱਘੇ ਕਵੀ ਜਨਾਬ ਅਸ਼ੋਕ ਵਾਜਪਾਈ ਨੇ ਲਿਖਿਆ ਹੈ ਕਿ "ਅਨੂਪਮ ਮਿਸ਼ਰ ਸਾਡੇ ਸਮਿਆਂ ਦੇ ਉਨ੍ਹਾਂ ਟਾਂਵੇਂ ਟੱਲੇ ਸੋਚਣ-ਸਮਝਣ ਤੇ ਚਿੰਤਨ ਕਰਨ ਵਾਲੇ ਜਾਗਰੂਕ ਲੋਕਾਂ ਵਿਚੋਂ ਸਨ ਜਿਨ੍ਹਾਂ ਨੇ ਲਗਾਤਾਰ ਸਾਨੂੰ ਪਾਣੀ ਦੇ ਸੰਕਟ ਦੀ ਯਾਦ ਦੁਆਈ ਤੇ ਚੇਤਾਵਨੀ ਦਿੱਤੀ ਕਿ ਪਾਣੀ ਮੁੱਕਦਾ ਜਾ ਰਿਹਾ ਹੈ। ਇਹਦੇ ਸਰੋਤ ਸੁੱਕਦੇ ਜਾ ਰਹੇ ਹਨ, ਜੇ ਕੁਝ ਨਾ ਕੀਤਾ ਤਾਂ ਅਗਲੀਆਂ ਪੀੜ੍ਹੀਆਂ ਪਿਆਸੀਆਂ ਜ਼ਿੰਦਗੀ ਤੋਂ ਹਾਰ ਜਾਣਗੀਆਂ। ਪਾਣੀ ਦੀ ਸਮੂਹਕ ਬੱਚਤ ਲਈ ਭਾਰਤੀ ਪਰੰਪਰਾਗਤ ਪ੍ਰਣਾਲੀਆਂ ਨਾਲ ਉਨ੍ਹਾਂ ਨੇ ਸਾਡਾ ਤੁਆਰਫ਼ ਕਰਾਇਆ। ਉਨ੍ਹਾਂ ਦਾ ਇਰਾਦਾ ਸੀ ਕਿ ਅਸੀਂ ਲੋਕ ਗਿਆਨ ਨੂੰ ਵੀ ਸੰਭਾਲੀਏ ਤੇ ਇਹ ਅਗਲੀਆਂ ਪੀੜ੍ਹੀਆਂ ਲਈ ਗਿਆਨ ਦਾ ਸਰੋਤ ਬਣੇਗਾ।" ਜ਼ਿੰਦਗੀ ਬਾਰੇ ਉਨ੍ਹਾਂ ਦਾ ਨਜ਼ਰੀਆ ਵੀ ਮਨੁੱਖ ਤੇ

ਵਾਤਾਵਰਣ ਨਾਲ ਜੁੜਿਆ ਹੋਇਆ ਸੀ। ਪੇਸ਼ ਨੇ ਇਨ੍ਹਾਂ ਬਾਰੇ ਉਨ੍ਹਾਂ ਦੇ ਵਿਚਾਰਾਂ ਦਾ ਤੱਤ ਸਾਰ: ਪਿਛਲੇ ਕੋਈ ਦੋ ਤਿੰਨ ਸੌ ਵਰ੍ਹਿਆਂ ਤੋਂ ਪੂਰੀ ਦੁਨੀਆ ਵਿਚ ਤੇਜ਼ ਹਵਾ ਚੱਲ ਰਹੀ ਹੈ। ਪਹਿਲਾਂ ਵੀ ਹਵਾ ਚਲਦੀ ਹੋਵੇਗੀ, ਪਰ ਤਦੋਂ ਦੁਨੀਆ ਇਕ ਦੂਜੇ ਤੋਂ ਬਹੁਤ ਦੂਰ ਸੀ ਤੇ ਆਪਸ ਵਿਚ ਉਹਦਾ ਕੋਈ ਤਾਲਮੇਲ ਵੀ ਨਹੀਂ ਸੀ। ਉਸ ਦੁਨੀਆ ਵਿਚ ਹਵਾਵਾਂ ਵੀ ਟੋਟਿਆਂ ਵਿਚ ਵੰਡੀਆਂ ਹੋਣਗੀਆਂ। ਬਹੁਤ ਵੱਡੀ ਆਬਾਦੀ ਲਈ ਜ਼ਿੰਦਗੀ ਓਦੋਂ ਵੀ ਬਹੁਤੀ ਸੌਖੀ ਨਹੀਂ ਸੀ। ਫਿਰ ਵੀ ਓਨੀ ਕਠਨ ਤੇ ਉਦੇਸ਼ ਹੀਣ ਨਹੀਂ ਸੀ, ਜਿੰਨੀ ਅੱਜ ਬਣਾ ਦਿੱਤੀ ਗਈ ਹੈ। ਇਸ ਦੁਨੀਆ ਵਿਚ ਅਸੀਂ ਕਿੰਨੇ ਵੀ ਵੱਡੇ ਉਦੇਸ਼ਾਂ ਨੂੰ ਲੈ ਕੇ, ਟੀਚੇ ਮਿੱਥ ਕੇ ਦੀਵੇ ਜਗਾਉਂਦੇ ਰਹੀਏ, ਪਰ ਤੇਜ਼ ਹਵਾਵਾਂ ਉਨ੍ਹਾਂ ਨੂੰ ਟਿਕਣ ਨਹੀਂ ਦਿੰਦੀਆਂ। ਅਸੀਂ ਕਈ ਤਰ੍ਹਾਂ ਦੀਆਂ ਕੋਸ਼ਿਸ਼ਾਂ ਕਰਦੇ ਹਾਂ, ਉਨ੍ਹਾਂ ਨੂੰ ਆਪਣੀਆਂ ਤਲੀਆਂ ਨਾਲ ਬੁੱਝਣ ਤੋਂ ਰੋਕਦੇ ਹਾਂ, ਪਰ ਇਹ ਜ਼ਾਲਮ ਹਵਾਵਾਂ

ਸਾਡੀਆਂ ਸਾਰੀਆਂ ਕੋਸ਼ਿਸ਼ਾਂ ’ਤੇ ਪਾਣੀ ਫੇਰ ਦਿੰਦੀਆਂ ਹਨ। ਸ਼ਾਇਦ ਸਾਡੀ ਜ਼ਿੰਦਗੀ ਦੇ ਦੀਵਿਆਂ ਵਿਚ ਪਾਣੀ ਹੀ ਕੁਝ ਜ਼ਿਆਦਾ ਹੈ ਤੇ ਤੇਲ ਘੱਟ। ਪ੍ਰੇਮ ਪਿਆਰ ਵੀ ਘੱਟ ਹੀ ਹੋਵੇਗਾ, ਏਸੇ ਲਈ ਜ਼ਿੰਦਗੀ ਦੀ ਬੱਤੀ ਤਿੜ ਤਿੜ ਕਰਦੀ ਤਿੜਕਦੀ ਜਾ ਰਹੀ ਹੈ, ਸਹਿਜਤਾ ਨਾਲ ਇਕ ਸਾਰ ਨਹੀਂ ਬਲ ਰਹੀ। ਸਿੱਟੇ ਵਜੋਂ ਨਾ ਅਸੀਂ ਆਪਣਾ ਹਨੇਰਾ ਦੂਰ ਕਰ ਸਕੇ ਹਾਂ ਤੇ ਨਾ ਦੂਸਰਿਆਂ ਦਾ। ਅਸੀਂ ਪੜ੍ਹ ਲਿਖ ਗਏ ਹਾਂ, ਪਰ ਬਹੁਤ ਥੋੜ੍ਹੇ ਲੋਕ ਹੀ ਹਨ ਜਿਨ੍ਹਾਂ ਨੂੰ ਜ਼ਿੰਦਗੀ ਬਾਰੇ ਜਾਣਨ ਦੀ ਜਿਗਿਆਸਾ ਹੈ। ਅਸੀਂ ਹੀ ਹਾਂ ਜੋ ਮੰਨ ਕੇ ਚਲਦੇ ਹਾਂ ਕਿ ਜ਼ਿੰਦਗੀ ਨੂੰ ਅਰਥਵਾਨ ਕਿਵੇਂ ਬਣਾਇਆ ਜਾ ਸਕਦਾ ਹੈ। ਪਰ ਜੇ ਅਸੀਂ ਆਪਣੇ ਅੰਦਰ ਥੋੜ੍ਹੀ ਜਿਹੀ ਵੀ ਝਾਤੀ ਮਾਰੀਏ ਤਾਂ ਸਾਨੂੰ ਸਮਝ ਆ ਜਾਏਗੀ ਕਿ ਬਹੁਤਿਆਂ ਦੀ ਜ਼ਿੰਦਗੀ ਕੋਹਲੂ ਦੇ ਬੈਲ ਵਰਗੀ ਹੈ। ਇਸ ਵਿਚ ਕਿੰਨਾ ਹੱਥ ਸਾਡਾ ਆਪਣਾ ਹੈ ਤੇ ਕਿੰਨਾ ਹਾਲਤਾਂ ਦਾ ਇਹਦਾ ਸਾਨੂੰ ਗਿਆਨ ਨਹੀਂ।

ਪਰ ਅਸੀਂ ਗੋਲ ਗੋਲ ਘੁੰਮਦੇ ਰਹਿੰਦੇ ਹਾਂ। ਕੋਹਲੂ ਵੀ ਕਈ ਤਰ੍ਹਾਂ ਦੇ ਹਨ ਕੁਝ ਮਹਿੰਗੇ, ਕੁਝ ਘੱਟ ਘੇਰੇ ਵਾਲੇ, ਕੁਝ ਵੱਡੇ ਘੇਰੇ ਵਾਲੇ, ਕਈ ਤਰ੍ਹਾਂ ਦੇ ਵਿਚਾਰਾਂ ਵਾਲੇ, ਕਈ ਪ੍ਰਕਾਰ ਦੇ ਧਰਮਾਂ, ਜਾਤਾਂ, ਕੌਮਾਂ, ਨਸਲਾਂ ਵਾਲੇ। ਇਨ੍ਹਾਂ ਵਿਚੋਂ ਹਰ ਕੋਈ ਆਪਣੇ ਆਪ ਨੂੰ ਦੂਜਿਆਂ ਨਾਲੋਂ ਵਧੀਆ ਤੇ ਉੱਤਮ ਦਰਜੇ ਦਾ ਮੰਨਦਾ ਹੈ। ਤੇ ਓਸੇ ਵਿਚ ਉਹ ਜ਼ਿੰਦਗੀ ਨੂੰ ਸਾਰਥਕ ਤੇ ਸਫਲ ਮੰਨ ਕੇ ਵੱਡੇ ਵੱਡੇ ਦਾਅਵੇ ਕਰਦਾ ਹੈ। ਸਮਾਜ ਦਾ ਤਣਾ ਕਮਜ਼ੋਰ ਹੁੰਦਾ ਜਾ ਰਿਹਾ ਹੈ,ਪਰ ਉਹਦੇ ਟਾਹਣਾਂ ਤੇ ਸ਼ਾਖਾਵਾਂ ਦੀ ਗਿਣਤੀ ਦਿਨੋਂ ਦਿਨ ਵਧਦੀ ਜਾ ਰਹੀ ਹੈ। ਹਰ ਵਿਚਾਰ, ਜਾਤੀ, ਧਰਮ, ਕੌਮ, ਨਸਲ, ਫ਼ਿਰਕਾ ਆਪਣਾ ਆਪਣਾ ਝੰਡਾ ਆਪਣੇ ਆਪਣੇ ਡੰਡੇ ਵਿਚ ਫਸਾ ਕੇ ਦੂਸਰਿਆਂ ਦੇ ਝੰਡਿਆਂ ਤੋਂ ਉੱਚਾ ਲਹਿਰਾਉਣਾ ਚਾਹੁੰਦਾ ਹੈ। ਅਸੀਂ ਕੁਝ ਵਿਚਾਰਾਂ ਨੂੰ ਵਧੀਆ ਤੇ ਉੱਤਮ ਮੰਨਦੇ ਹਾਂ ਤੇ ਕੁਝ ਨੂੰ ਘਟੀਆ ਤੇ ਨੀਚ। ਜ਼ਿੰਦਗੀ ਦੀ ਸਾਰਥਿਕਤਾ ਸਾਨੂੰ ਸਿਰਫ਼ ਆਪਣੇ

ਵਿਚਾਰਾਂ ਦੇ ਫੈਲਾਅ ਵਿਚ ਨਜ਼ਰ ਆਉਂਦੀ ਹੈ। ਸਾਨੂੰ ਆਪਣੇ ਵਿਚਾਰਾਂ ਵਿਚਲੀਆਂ ਘਾਟਾਂ ਕਦੇ ਨਹੀਂ ਰੜਕਦੀਆਂ। ਸਾਡੀਆਂ ਅੱਖਾਂ ’ਤੇ ਪੱਟੀ ਬੱਝੀ ਰਹਿੰਦੀ ਹੈ ਜਦ ਕਿ ਦੂਸਰਿਆਂ ਦੇ ਵਿਚਾਰਾਂ ਵਿਚਲੀਆਂ ਘਾਟਾਂ ਸਾਨੂੰ ਐਕਸ-ਰੇਅ ਵਾਂਗ ਸਾਫ਼ ਨਜ਼ਰ ਆਉਂਦੀਆਂ ਹਨ। ਜ਼ਿੰਦਗੀ ਦੀ ਯਾਤਰਾ ਨਾਲ ਇਕ ਵਿਚਾਰ ਯਾਤਰਾ ਵੀ ਚਲਦੀ ਰਹਿੰਦੀ ਹੈ। ਇਹਨੂੰ ਚੰਗੇ ਅਰਥਾਂ ਵਿਚ ਦੇਖੀਏ ਤਾਂ ਇਹ ਮਨ ਤੇ ਦਿਮਾਗ਼ ਦੇ ਖੁੱਲ੍ਹੇਪਣ ਨੂੰ ਹੋਰ ਉਚਾਈ ’ਤੇ ਲੈ ਜਾਂਦੀ ਹੈ। ਇਸ ਲਈ ਜੇ ਅਸੀਂ ਜ਼ਿੰਦਗੀ ਦਾ ਅਰਥ ਜਾਣਨ ਲਈ ਕਿਸੇ ਇਕ ਵਿਚਾਰ, ਇਕ ਧਰਮ, ਜਾਤੀ,ਸਮਾਜ, ਨਸਲ, ਕੌਮ, ਪਰੰਪਰਾ ਵਿਚ ਰਹੱਸ ਖੋਜਦੇ ਰਹਾਂਗੇ ਤਾਂ ਕੁਝ ਚਿਰ ਲਈ ਲਈ ਸ਼ਾਇਦ ਸੰਤੁਸ਼ਟ ਹੋ ਜਾਈਏ ਪਰ ਇਸ ਵਿਚੋਂ ਸਾਰਿਆਂ ਨੂੰ ਨਾ ਤਾਂ ਜ਼ਿੰਦਗੀ ਦੇ ਅਰਥ ਲੱਭ ਸਕਦੇ ਹਨ ਤੇ ਨਾ ਉਹਦਾ ਗਾਡੀ-ਰਾਹ। ਅਰਥਵਾਨ ਜ਼ਿੰਦਗੀ ਦੀ ਚਰਚਾ ਬੜੀ ਗੰਭੀਰ ਕਿਸਮ ਦੀ

ਹੋਣੀ ਚਾਹੀਦੀ ਹੈ। ਅਰਥਵਾਨ ਜ਼ਿੰਦਗੀ ਦੀਆਂ ਸਾਡੀਆਂ ਆਪ ਘੜੀਆਂ ਪਰਿਭਾਸ਼ਾਵਾਂ ਬਹੁਤ ਛੋਟੀਆਂ ਛੋਟੀਆਂ ਹਨ। ਭਾਰਤ ਦੀ ਬਹੁਬਿਦ ਵਾਲੀ ਨਾਗਰਿਕਤਾ ਨੂੰ ਤਾਂ ਕਈ ਲੋਕ ਛੱਡ ਛੱਡ ਕੇ ਯੂਰਪ, ਅਮਰੀਕਾ, ਕੈਨੇਡਾ, ਆਸਟ੍ਰੇਲੀਆ ਤੇ ਕਈ ਹੋਰ ਮੁਲਕਾਂ ਦੀ ਪੀ ਆਰ ਲੈਣ ਲਈ ਤਰਲੋਮੱਛੀ ਹੋ ਰਹੇ ਹਨ। ਅੱਜ ਦੁਨੀਆ ਵਿਚ ਇਹੋ ਜਿਹੇ ਲੋਕਾਂ ਦੀ ਗਿਣਤੀ ਬਹੁਤ ਵੱਡੀ ਹੋ ਗਈ ਹੈ ਜਿਨ੍ਹਾਂ ਦੀ ਕੋਈ ਵੀ ਨਾਗਰਿਕਤਾ ਨਹੀਂ ਬਚੀ। ਯੁੱਧ, ਗ੍ਰਹਿ-ਯੁੱਧ, ਸੀਤ ਯੁੱਧ, ਅੱਤਵਾਦ, ਤਾਲਿਬਾਨੀ ਹਿੰਸਾ ਤੇ ਬਹੁਤ ਦੂਰ ਦੇ ਘੜੰਮ ਚੌਧਰੀ ਬਣੇ ਦੇਸ਼ਾਂ ਦੀ ਦਖ਼ਲ-ਅੰਦਾਜ਼ੀ ਕਰਕੇ ਲੱਖਾਂ ਸ਼ਰਨਾਰਥੀ ਏਧਰ ਓਧਰ ਭਟਕ ਰਹੇ ਹਨ। ਅਜਿਹੀ ਦੁਨੀਆ ਵਿਚ ਸਿਰ 'ਤੇ ਛੱਤ ਤਾਂ ਬਹੁਤ ਦੂਰ, ਜੇ ਮਾੜੀ ਮੋਟੀ ਛਾਂ ਤੇ ਢਿੱਡ ਭਰ ਖਾਣੇ ਦੀ ਥਾਂ ਇਕ ਮੁੱਠ ਖਾਣਾ ਤੇ ਦੋ ਘੁੱਟ ਪਾਣੀ ਨਸੀਬ ਹੋ ਜਾਏ ਤਾਂ ਉਨ੍ਹਾਂ ਲਈ ਜ਼ਿੰਦਗੀ ਦੀ ਇਹ ਸਭ ਤੋਂ ਉੱਤਮ ਪਰਿਭਾਸ਼ਾ ਹੈ।

ਪੋਸਟ ਸਕਰਿਪਟ

ਜ਼ਿੰਦਗੀ ਨੂੰ ਸਮਝਣਾ ਬਹੁਤ ਔਖਾ ਹੈ। ਮਨੁੱਖੀ ਮਨ ਵਸਤੂ ਸੰਸਾਰ ਦੇ ਲਾਲਚਾਂ, ਲਾਲਸਾਵਾਂ, ਇੱਛਾਵਾਂ, ਹਿੰਸਾ, ਸੁਪਰ ਅਮੀਰ ਤੇ ਸੁਪਰਮੈਨ ਬਣਨ ਦੇ ਚੱਕਰ ਵਿਚ ਇਸ ਧਰਤੀ ਤੇ ਧਰਤਵਾਸੀਆਂ ਨੂੰ ਬਰਬਾਦ ਕਰਦਾ ਜਾ ਰਿਹਾ ਹੈ। ਕੁਦਰਤੀ ਸਰੋਤਾਂ ਨੂੰ ਉਹਨੇ ਲੁੱਟ ਦੇ ਮਾਲ ਵਿਚ ਬਦਲ ਕੇ ਆਪਣੀ ਬਰਬਾਦੀ ਦਾ ਸਮਾਨ ਤਿਆਰ ਕਰ ਲਿਆ ਹੈ। ਜੰਗਾਂ ਯੁੱਧਾਂ ਨਾਲ ਨਾਗਰਿਕਾਂ ਨੂੰ ਲਾਵਾਰਸ ਬਣਾ ਕੇ ਉਨ੍ਹਾਂ ਦੀ ਜਨਮ ਭੂਮੀ ਤੋਂ ਖਦੇੜਿਆ ਜਾ ਰਿਹਾ ਹੈ। ਆਖ਼ਰ ਜ਼ਿੰਦਗੀ ਦੀ ਛੋਟੀ ਜਿਹੀ ਯਾਤਰਾ ਵਿਚ ਬੰਦਾ ਚਾਹੁੰਦਾ ਕੀ ਹੈ, ਇਹਦੀ ਕਿਸੇ ਨੂੰ ਸਮਝ ਨਹੀਂ ਪੈ ਰਹੀ। ਹਾਲਾਂਕਿ ਇਹ ਗੱਲ ਸਾਰੇ ਜਾਣਦੇ ਹਨ ਕਿ ਨਾਲ ਕੁਝ ਨਹੀਂ ਜਾਣਾ ਫਿਰ ਵੀ ਜੋੜੀ ਜਾਂਦੇ ਹਨ ਤੇ ਬਰਬਾਦੀ ਨੂੰ ਸੱਦੇ ਦੇਈਂ ਜਾਂਦੇ ਹਨ। ਜੇ ਜ਼ਿੰਦਗੀ ਦੇ ਛੋਟੇ ਜਿਹੇ ਅਰਥ ਪ੍ਰੇਮ ਪਿਆਰ ਦੀ ਧੁਨੀ ਸਮਝ ਆ ਜਾਵੇ ਤਾਂ ਦੁਨੀਆ ਦਾ

ਹਰ ਵਿਹੜਾ ਧੁੱਪ ਨਾਲ ਭਰ ਜਾਵੇ, ਸਦੀਵੀ ਫੁੱਲ ਖਿੜ ਜਾਣ ਤੇ ਛਣਕਦੇ ਹਾਸੇ ਕਦੇ ਖ਼ਤਮ ਨਾ ਹੋਣ। ਆਓ ਇਹੋ ਜਿਹੀਆਂ ਦੁਆਵਾਂ ਮਨ ਵਿਚ ਵਸਾਈਏ ਕਿ ਅਸੀਂ ਕੁਦਰਤ ਦੇ ਪਹਿਰੇਦਾਰ ਹਾਂ ਚੋਰ ਨਹੀਂ। ਜਿਹੜੇ ਚੋਰ ਬਣ ਗਏ ਹਨ ਉਨ੍ਹਾਂ ਪ੍ਰਤੀ ਸਾਨੂੰ ਜਾਗਣਾ ਚਾਹੀਦਾ ਤਾਂ ਕਿ ਦੇਰ ਨਾ ਹੋ ਜਾਏ।

43

ਆਪਣੀ ਸਪੇਸ ਲੱਭਦੀ ਰੂਹ : ਸੋਫ਼ੀਆ ਤੋਲਸਤਾਇਆ

1878 ਵਿਚ ਛਪੇ ਟਾਲਸਟਾਏ ਦੇ ਸੰਸਾਰ ਪ੍ਰਸਿੱਧ ਨਾਵਲ ਅੰਨਾ ਕੈਰੈਨੀਨਾ ਦੀ ਪਹਿਲੀ ਉਕਤੀ ਹੈ- “ਸਾਰੇ ਸੁਖੀ ਪਰਿਵਾਰ ਇਕੋ ਜਿਹੇ ਹੁੰਦੇ ਨੇ, ਹਰ ਦੁਖੀ ਪਰਿਵਾਰ ਆਪਣੇ ਤਰੀਕੇ ਨਾਲ਼ ਦੁਖੀ ਹੁੰਦਾ ਹੈ।” 1862 ਵਿਚ ਜਦੋਂ ਲਿਓ ਟਾਲਸਟਾਏ ਨਾਲ ਸੋਫ਼ੀਆ ਆਂਦਰੇਯੇਵਨਾ ਦਾ ਵਿਆਹ ਹੋਇਆ ਤਾਂ ਉਹਦੀ ਉਮਰ ਅਠਾਰਾਂ ਸਾਲ ਸੀ ਤੇ ਟਾਲਸਟਾਏ ਨਾਲੋਂ ਉਹ ਸੋਲ੍ਹਾਂ ਵਰ੍ਹੇ ਛੋਟੀ ਸੀ। ਟਾਲਸਟਾਏ ਇਕ ਚੰਗਾ ਅਮੀਰ ਕਾਊਂਟ ਸੀ ਤੇ ਵੱਡੀ ਜਗੀਰ ਦਾ ਮਾਲਕ ਵੀ। ਇਕ ਵੱਡੇ ਨਾਵਲਕਾਰ ਦੇ ਰੂਪ ਵਿਚ ਉਹ ਦੁਨੀਆ ਵਿਚ ਪ੍ਰਸਿੱਧ ਹੋ ਚੁੱਕਿਆ ਸੀ। ਦੂਜੇ ਪਾਸੇ ਉਹਦੇ ਵਿਚ ਕਈ ਬੁਰਾਈਆਂ ਵੀ ਸਨ, ਮਸਲਨ ਉਹ ਹੱਦ ਦਰਜੇ ਦਾ ਜੁਆਰੀ,

ਔਰਤਬਾਜ਼ ਤੇ ਵੇਸਵਾਵਾਂ ਦਾ ਸ਼ੌਕੀਨ ਸੀ। ਅਨੇਕਾਂ ਔਰਤਾਂ ਨਾਲ ਉਹਦੇ ਸਰੀਰਕ ਸਬੰਧ ਸਨ। ਉਹਦੀ ਜਗੀਰ 'ਤੇ ਕੰਮ ਕਰਨ ਵਾਲੀਆਂ ਕਈ ਨੌਕਰਾਣੀਆਂ ਨਾਲ ਉਹਦੇ ਸਰੀਰਕ ਸਬੰਧ ਸਨ ਜਿਨ੍ਹਾਂ ਤੋਂ ਉਹਦੇ ਕਈ ਬੱਚੇ ਵੀ ਪੈਦਾ ਹੋਏ। ਆਪਣੀ ਸੈਕਸੁਅਲ ਲਾਈਫ਼ ਬਾਰੇ ਸਾਰੇ ਵੇਰਵੇ ਉਹ ਆਪਣੀਆਂ ਡਾਇਰੀਆਂ ਵਿਚ ਲਿਖਦਾ ਹੁੰਦਾ ਸੀ। ਸੋਫ਼ੀਆ ਨਾਲ ਵਿਆਹ ਤੋਂ ਬਾਅਦ ਉਹਨੇ ਆਪਣੀਆਂ ਸਾਰੀਆਂ ਡਾਇਰੀਆਂ ਨਵੀਂ ਵਹੁਟੀ ਨੂੰ ਪੜ੍ਹਨ ਲਈ ਦੇ ਦਿੱਤੀਆਂ ਤਾਂ ਕਿ ਉਹਨੂੰ ਪਤਾ ਲੱਗ ਸਕੇ ਕਿ ਜਿਸ ਆਦਮੀ ਨਾਲ ਉਹਦਾ ਵਿਆਹ ਹੋਇਆ ਹੈ ਉਹਦੀ ਜ਼ਿੰਦਗੀ ਕਿਹੋ ਜਿਹੀ ਹੈ ਤੇ ਉਸ ਨਾਲ ਜ਼ਿੰਦਗੀ ਵਿਚ ਉਹਨੇ ਕਿਸ ਤਰ੍ਹਾਂ ਵਿਚਰਨਾ ਹੈ। ਚੜ੍ਹਦੀ ਉਮਰੇ ਅਜਿਹੀਆਂ ਡਾਇਰੀਆਂ ਦਾ ਪਾਠ ਉਹਦੇ ਲਈ ਸੁੰਨ ਕਰ ਦੇਣ ਵਾਲਾ ਸੀ। ਉਹਨੇ ਇਹੋ ਜਿਹੀ ਕਦੇ ਆਸ ਵੀ ਨਹੀਂ ਸੀ ਕੀਤੀ। ਇਸ ਵਿਆਹ ਵਿਚੋਂ ਟਾਲਸਟਾਏ ਦੇ ਕੁਲ ਤੇਰਾਂ ਬੱਚੇ

ਪੈਦਾ ਹੋਏ ਜਿਨ੍ਹਾਂ ਵਿਚੋਂ ਤਿੰਨ ਬਚਪਨ ਵਿਚ ਹੀ ਗੁਜ਼ਰ ਗਏ। ਵਿਆਹ ਦੇ ਪਹਿਲੇ ਪੰਦਰਾਂ ਵਰ੍ਹੇ ਟਾਲਸਟਾਏ ਦੀ ਜ਼ਿੰਦਗੀ ਦੇ ਸੁਨਹਿਰੀ ਵਰ੍ਹੇ ਸਨ। ਇਨ੍ਹਾਂ ਵਰ੍ਹਿਆਂ ਵਿਚ ਉਹਦੇ ਲਿਖੇ 'ਵਾਰ ਐਂਡ ਪੀਸ' (ਜੰਗ ਤੇ ਅਮਨ) ਤੇ 'ਅੰਨਾ ਕੈਰੇਨੀਨਾ' ਵਰਗੇ ਨਾਵਲ ਦੁਨੀਆ ਵਿਚ ਸਭ ਤੋਂ ਜ਼ਿਆਦਾ ਪੜ੍ਹੇ ਗਏ ਨਾਵਲਾਂ ਵਿਚ ਸ਼ੁਮਾਰ ਹੋਏ। ਇਨ੍ਹਾਂ ਵਰ੍ਹਿਆਂ ਵਿਚ ਉਹਦੀ ਪਤਨੀ ਨੇ ਨੌਂ ਬੱਚਿਆਂ ਨੂੰ ਜਨਮ ਦਿੱਤਾ। ਸੋਫ਼ੀਆ ਨੇ ਆਪਣੇ ਲੇਖਕ ਪਤੀ ਦੇ ਕੰਮਾਂ ਨੂੰ ਪੂਰਿਆਂ ਕਰਨ ਲਈ ਆਪਣੀ ਸਾਰੀ ਜ਼ਿੰਦਗੀ ਅਰਪਣ ਕਰ ਦਿੱਤੀ। ਇਕ ਗਰਭ ਕਾਲ ਤੋਂ ਦੂਜੇ ਗਰਭ ਕਾਲ ਤੱਕ ਉਹਦੇ ਲਈ ਸਮਾਂ ਪੀੜਾਂ ਭਰਿਆ ਹੀ ਨਹੀਂ ਸਗੋਂ ਜ਼ਿੰਦਗੀ ਨੂੰ ਥਕਾ ਕੇ ਚੂਰ ਕਰ ਦੇਣ ਵਾਲਾ ਹੁੰਦਾ ਸੀ। ਉਹ ਆਪਣੇ ਪਤੀ ਦੀ ਸੈਕਟਰੀ, ਕਾਪੀ ਸੰਪਾਦਕ ਤੇ ਆਰਥਕ ਪ੍ਰਬੰਧਾਂ ਨੂੰ ਸਿਰੇ ਲਾਉਣ ਵਾਲੀ ਅਣਥੱਕ ਔਰਤ ਸੀ।1869 ਦਾ ਵਰ੍ਹਾ ਚੜ੍ਹਦਿਆਂ ਹੀ ਜਦੋਂ 'ਜੰਗ ਤੇ ਅਮਨ'

ਦੇ ਆਖ਼ਰੀ ਕਾਂਡ ਲਿਖੇ ਜਾ ਰਹੇ ਸਨ, ਸੋਫ਼ੀਆ ਨੇ ਉਸ ਹੱਥ ਲਿਖਤ ਦੇ ਅੱਠ ਵਾਰ ਸੋਧੇ ਪਾਠ ਤਿਆਰ ਕੀਤੇ। ਘਰ ਗ੍ਰਹਿਸਤੀ ਵਿਚ ਖਚਿਤ ਹੋਣ ਦੇ ਬਾਵਜੂਦ ਉਹ ਰਾਤਾਂ ਨੂੰ ਮੋਮਬੱਤੀਆਂ ਬਾਲ ਕੇ ਉਨ੍ਹਾਂ ਦੀ ਰੌਸ਼ਨੀ ਵਿਚ ਸੋਧੀਆਂ ਹੋਈਆਂ ਕਾਪੀਆਂ ਤਿਆਰ ਕਰਦੀ। ਇਹ ਕੰਮ ਬੜਾ ਥਕਾ ਦੇਣ ਵਾਲਾ ਤੇ ਸਮਾਂ ਖਪਾਉਣ ਵਾਲਾ ਸੀ। ਉਹ ਆਪ ਚੰਗੇ ਪੜ੍ਹੇ ਲਿਖੇ ਪਰਿਵਾਰ ਵਿਚੋਂ ਸੀ। ਉਹਦਾ ਪੜਨਾਨਾ ਰੂਸ ਦੇ ਇਤਿਹਾਸ ਵਿਚ ਪਹਿਲਾ ਸਿੱਖਿਆ ਮੰਤਰੀ ਸੀ। ਉਹਨੂੰ ਖ਼ੁਦ ਕਹਾਣੀਆਂ ਸੁਣਾਉਣੀਆਂ ਬੜੀਆਂ ਚੰਗੀਆਂ ਲਗਦੀਆਂ ਸਨ। ਉਹਨੇ ਆਪਣੀ ਜ਼ਿੰਦਗੀ ਦੇ ਖੱਟੇ, ਮਿੱਠੇ, ਕੌੜੇ ਤਜਰਬਿਆਂ ਨੂੰ ਆਪਣੀਆਂ ਡਾਇਰੀਆਂ ਵਿਚ ਲਿਖਿਆ। ਉਹਦੇ ਕੋਲ ਲਿਖਣ ਲਈ ਆਪਣੇ ਪਰਿਵਾਰ ਦੀਆਂ ਅਨੇਕਾਂ ਕਹਾਣੀਆਂ ਸਨ, ਪਰ ਟਾਲਸਟਾਏ ਦੀਆਂ ਕਹਾਣੀਆਂ ਸੋਧ ਕੇ ਕਾਪੀਆਂ ਕਰਦਿਆਂ ਉਹਦੀ ਅੱਧੀ ਜ਼ਿੰਦਗੀ ਇਨ੍ਹਾਂ ਦੀ

ਭੇਂਟ ਚੜ੍ਹ ਗਈ। ਇਹ ਵੀ ਇਕ ਦੁਖਦਾਈ ਪਹਿਲੂ ਹੈ ਕਿ ਟਾਲਸਟਾਏ ਦੀ ਨਜ਼ਰ ਵਿਚ ਸਾਹਿਤ ਦੀ ਦੁਨੀਆ ਵਿਚ ਔਰਤਾਂ ਲਈ ਕੋਈ ਜਗ੍ਹਾ ਨਹੀਂ। ਵਿਆਹ ਦੇ ਤਿੰਨ ਦਹਾਕੇ ਬੀਤਦਿਆਂ ਇਹ ਰਿਸ਼ਤਾ ਇਕ ਬੋਝ ਬਣ ਕੇ ਰਹਿ ਗਿਆ। ਟਾਲਸਟਾਏ ਦੀ ਵਧਦੀ ਉਮਰ ਕਰਕੇ ਉਹਦੇ ਵਿਚਾਰਾਂ ਵਿਚ ਤਬਦੀਲੀ ਆਉਣ ਲੱਗੀ ਤੇ ਉਹ ਇਕ ਤਰ੍ਹਾਂ ਨਾਲ ਦੁਨੀਆ ਤੋਂ ਵਿਰਕਤ ਰਹਿਣ ਲੱਗਾ। ਅਗਲੇ ਅਠਾਰਾਂ ਵੀਹ ਵਰ੍ਹੇ ਉਨ੍ਹਾਂ ਦੋਹਾਂ ਵਿਚ ਲੜਾਈ ਝਗੜੇ ਤੇ ਅਜੀਬ ਤਰ੍ਹਾਂ ਦੀ ਕਸ਼ਮਕਸ਼ ਚਲਦੀ ਰਹੀ। 1910 ਦੇ ਇਕ ਠੰਢੇ ਬਰਫ਼ੀਲੇ ਦਿਨ ਉਮਰ ਦਰਾਜ਼ ਟਾਲਸਟਾਏ ਬਿਨਾ ਕਿਸੇ ਨੂੰ ਦੱਸਿਆਂ ਚੁੱਪ-ਚੁਪੀਤੇ ਘਰੋਂ ਚਲੇ ਗਏ। ਅਗਲੇ ਦਿਨ ਆਸਤਾਪੋਵੋ ਨਾਂ ਦੇ ਨਿੱਕੇ ਜਿਹੇ ਸਟੇਸ਼ਨ 'ਤੇ ਨਿਮੋਨੀਨੇ ਨਾਲ ਉਨ੍ਹਾਂ ਦੀ ਮੌਤ ਹੋ ਗਈ। ਜੇ ਗ਼ੌਰ ਨਾਲ ਦੇਖਿਆ ਜਾਵੇ ਤਾਂ ਉਨ੍ਹਾਂ ਪਤੀ ਪਤਨੀ ਵਿਚ ਇਹ ਸੰਬੰਧ ਕਦੇ ਵੀ ਬਹੁਤੇ ਸੁਖਾਵੇਂ ਨਹੀਂ ਰਹੇ।

ਉਮਰਾਂ ਵਿਚ ਫ਼ਰਕ ਤੇ ਟਾਲਸਟਾਏ ਦੀਆਂ ਭੈੜੀਆਂ ਆਦਤਾਂ ਕਰਕੇ ਸੋਫ਼ੀਆ ਸਦਾ ਉਹਦੇ ਕੋਲੋਂ ਆਵਾਜਾਰ ਰਹੀ। ਇਨ੍ਹਾਂ ਦੁਖਾਂਤਕ ਰਿਸ਼ਤਿਆਂ ਵਿਚੋਂ ਵੀ ਦੁਨੀਆ ਨੂੰ ਸ਼ਾਹਕਾਰ ਰਚਨਾਵਾਂ ਮਿਲੀਆਂ ਪਰ ਇਨ੍ਹਾਂ ਨੇ ਦੋਹਾਂ ਨੂੰ ਭਾਵਾਤਮਿਕ ਰੂਪ ਵਿਚ ਤਬਾਹ ਕਰ ਦਿੱਤਾ। ਆਪਣੇ ਪਤੀ ਦੀਆਂ ਆਦਤਾਂ ਨੂੰ ਲੈ ਕੇ ਸੋਫ਼ੀਆ ਨੇ ਆਪਣੀ ਡਾਇਰੀ ਵਿਚ ਲਿਖਿਆ ਹੈ-'' ਮਨੁੱਖਤਾ ਨੂੰ ਖ਼ੁਸ਼ ਰੱਖਣ ਲਈ ਜਿਨ੍ਹਾਂ ਗੱਲਾਂ ਦਾ ਉਹ ਉਪਦੇਸ਼ ਦੇਂਦੇ ਹਨ, ਉਹੀ ਚੀਜ਼ਾਂ ਜ਼ਿੰਦਗੀ ਨੂੰ ਇਸ ਹੱਦ ਤਕ ਜਟਿਲ ਬਣਾ ਦਿੰਦੀਆਂ ਹਨ ਕਿ ਮੇਰੇ ਲਈ ਜਿਊਣਾ ਹੋਰ ਵੀ ਕਠਨ ਤੇ ਦੁੱਭਰ ਹੋ ਜਾਂਦਾ ਹੈ। ਉਹ ਸ਼ਾਕਾਹਾਰੀ ਭੋਜਨ ਖਾਂਦੇ ਹਨ, ਇਹਦਾ ਮਤਲਬ ਕਿ ਘਰ ਵਿਚ ਦੋ ਤਰ੍ਹਾਂ ਦੇ ਪਕਵਾਨ ਬਣਾਉਣੇ। ਇਨ੍ਹਾਂ 'ਤੇ ਦੁੱਗਣਾ ਖ਼ਰਚ ਹੁੰਦਾ ਤੇ ਦੁੱਗਣੀ ਮਿਹਨਤ ਲੱਗਦੀ। ਪਿਆਰ ਤੇ ਭਲੇ ਬਾਰੇ ਦਿੱਤੇ ਉਨ੍ਹਾਂ ਦੇ ਪ੍ਰਵਚਨ ਉਨ੍ਹਾਂ ਨੂੰ ਆਪਣੇ ਪਰਿਵਾਰ ਪ੍ਰਤੀ ਲਾਪਰਵਾਹ ਤੇ ਬੇਪ੍ਰਵਾਹ

ਬਣਾਉਂਦੇ ਤੇ ਉਹ ਪਰਿਵਾਰਕ ਜ਼ਿੰਦਗੀ ਵਿਚ ਗ਼ੈਰ ਜ਼ਰੂਰੀ ਰੋਕ ਟੋਕ ਕਰਨ ਲੱਗ ਜਾਂਦੇ। ਦੁਨਿਆਵੀ ਚੀਜ਼ਾਂ ਦਾ ਉਨ੍ਹਾਂ ਦੁਆਰਾ ਕੀਤਾ ਤਿਆਗ, ਜੋ ਸਿਰਫ਼ ਲਫਾਜੀ ਹੁੰਦਾ, ਇਕ ਛਲਾਵਾ ਹੀ ਜਾਪਦਾ ਸੀ। ਇਸ ਨੇ ਉਨ੍ਹਾਂ ਨੂੰ ਇਕ ਅਜਿਹੇ ਆਦਮੀ ਵਿਚ ਬਦਲ ਦਿੱਤਾ ਹੈ ਜੋ ਬਿਨਾ ਸੋਚੇ ਸਮਝੇ ਹਰ ਇਕ ਦੀ ਨਿੰਦਾ ਚੁ਼ਗਲੀ ਕਰਦਾ ਹੈ।" ਸੋਫ਼ੀਆ ਇਕ ਬੜੀ ਪ੍ਰਤਿਭਾਸ਼ਾਲੀ ਤੇ ਸੰਵੇਦਨਸ਼ੀਲ ਔਰਤ ਸੀ। ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਉਹਨੂੰ ਅਜ਼ਾਦੀ ਤੇ ਖੁੱਲ੍ਹੀ ਫ਼ਿਜ਼ਾ ਦੀ ਲੋੜ ਸੀ ਜਦ ਕਿ ਉਹਦਾ ਪਤੀ ਹਮੇਸ਼ਾ ਉਹਨੂੰ ਹਾਸ਼ੀਏ 'ਤੇ ਰੱਖ ਕੇ ਖ਼ੁਸ਼ ਹੁੰਦਾ। ਟਾਲਸਟਾਏ ਤੇ ਸੋਫ਼ੀਆ ਦਾ ਰਿਸ਼ਤਾ ਇਕ ਅਜਿਹੀ ਦਾਸਤਾਨ ਵਰਗਾ ਹੈ ਜਿਸ ਵਿਚ ਔਰਤ ਪਤੀ ਨੂੰ ਪਰਮੇਸ਼ਰ ਮੰਨ ਕੇ ਤਨੋਂ ਮਨੋਂ ਸਮਰਪਿਤ ਹੈ ਜਦ ਕਿ ਪਤੀ ਉਸ ਨੂੰ ਇੱਜ਼ਤ ਦੇਣ ਦੀ ਥਾਂ ਉਹਦੇ 'ਤੇ ਜ਼ੁਲਮ ਕਰਦਾ ਹੈ। ਸੋਫ਼ੀਆ ਆਪਣੀ ਪ੍ਰਤਿਭਾ ਨੂੰ ਦਰਸਾਉਣ ਲਈ ਹਰ ਵੇਲੇ

ਜਤਨਸ਼ੀਲ ਹੈ, ਇੱਥੋਂ ਤਕ ਕਿ ਉਹ ਫ਼ੋਟੋਗਰਾਫੀ 'ਤੇ ਵੀ ਹੱਥ ਅਜ਼ਮਾਉਂਦੀ ਹੈ, ਜਿਸ ਦੀ ਕਾਢ ਉਹਦੇ ਬੁਢਾਪੇ ਵੇਲੇ ਹੋਈ ਸੀ। ਇਤਿਹਾਸਕਾਰਾਂ ਨੇ ਉਹਨੂੰ ਬਹੁਤੀ ਤਵੱਜੋ ਨਹੀਂ ਦਿੱਤੀ ਤੇ ਨਾ ਹੀ ਟਾਲਸਟਾਏ ਲਈ ਕੀਤੀ ਉਹਦੀ ਕੁਰਬਾਨੀ ਦਾ ਮੁੱਲ ਪਾਇਆ ਹੈ। ਇਹ ਵੀ ਇਕ ਵਿਡੰਬਣਾ ਹੀ ਕਹੀ ਜਾ ਸਕਦੀ ਹੈ ਕਿ ਜਿਸ ਦੌਰ ਵਿਚ 'ਜੰਗ ਤੇ ਅਮਨ', 'ਅੰਨਾ ਕੈਰੇਨੀਨਾ', 'ਕਰੂਤਜੇਰ ਸੋਨਾਟਾ' ਵਰਗੇ ਨਾਵਲ ਲਿਖੇ ਗਏ, ਉਸ ਨੂੰ ਸਾਹਿਤਕ ਇਤਿਹਾਸ ਵਿਚ ਉਨ੍ਹਾਂ ਦੇ ਦੰਪਤੀ ਜੀਵਨ ਦਾ ਸਭ ਤੋਂ ਮਾੜਾ ਦੌਰ ਮੰਨਿਆ ਗਿਆ ਹੈ। ਯਾਸਨਾਇਆ ਪੋਲਿਆਨਾ ਦੀ ਜਿਸ ਜ਼ਿੰਦਗੀ ਨੂੰ ਇਕ ਆਦਰਸ਼ ਵਾਂਗ ਜਿਵੇਂ ਪ੍ਰੋਜੈਕਟ ਕੀਤਾ ਜਾਂਦਾ ਰਿਹਾ ਹੈ, ਓਥੋਂ ਦੀਆਂ ਯਾਦਾਂ ਨੂੰ ਵੀ ਸੋਫ਼ੀਆ ਨੇ ਆਪਣੀ ਡਾਇਰੀ ਵਿਚ ਲਿਖਿਆ ਹੈ। ਅਕਤੂਬਰ 1899 ਦੀ ਇਕ ਤੂਫ਼ਾਨੀ ਸ਼ਾਮ ਨੂੰ ਟਾਲਸਟਾਏ, ਬਿਨਾ ਸੋਫ਼ੀਆ ਨੂੰ ਦੱਸਿਆਂ, ਸੈਰ ਕਰਨ ਲਈ ਚਲੇ ਗਏ। ਹਾਲਾਂਕਿ ਉਹ

ਬਿਮਾਰ ਸਨ ਤੇ ਅਕਸਰ ਖੰਘ ਦੇ ਦੌਰੇ ਉਨ੍ਹਾਂ ਨੂੰ ਪਰੇਸ਼ਾਨ ਕਰਦੇ। ਅਜਿਹੀ ਸਥਿਤੀ ਵਿਚ ਸੋਫ਼ੀਆ ਆਪਣੀ ਡਾਇਰੀ ਵਿਚ ਲਿਖਦੀ ਹੈ- "ਅਚਾਨਕ ਭਾਰੀ ਤੂਫ਼ਾਨ ਆ ਗਿਆ। ਬਾਰਸ਼ ਦੇ ਨਾਲ ਬਰਫ਼ ਵੀ ਡਿੱਗਣ ਲੱਗੀ। ਛੱਤਾਂ ਤੇ ਦਰੱਖਤ ਚਰਮਰਾ ਕੇ ਡਿੱਗਣ ਲੱਗੇ। ਬੂਹੇ ਬਾਰੀਆਂ ਵੱਜ ਵੱਜ ਕੇ ਭਿਆਨਕ ਸ਼ੋਰ ਕਰਦੇ। ਚਾਰੇ ਪਾਸੇ ਹਨੇਰਾ ਹੀ ਹਨੇਰਾ ਸੀ। ਚੰਦਰਮਾ ਅਜੇ ਨਹੀਂ ਸੀ ਨਿਕਲਿਆ।ਉਹ ਓਦੋਂ ਤਕ ਵੀ ਵਾਪਸ ਨਹੀਂ ਸਨ ਪਰਤੇ। ਮੈਂ ਬਾਹਰ ਬਰਾਂਡੇ ਵਿਚ ਖੜੀ ਪੱਥਰ ਹੋਈ ਜਾ ਰਹੀ ਸਾਂ। ਉਨ੍ਹਾਂ ਦੀ ਉਡੀਕ ਵਿਚ ਰੋ ਰੋ ਕੇ ਮੇਰਾ ਗਲ਼ਾ ਬਹਿ ਗਿਆ ਤੇ ਦਿਲ ਡੁੱਬਣ ਲੱਗਾ। ਇਹ ਬਿਲਕੁਲ ਓਦੋਂ ਵਾਂਗ ਹੀ ਸੀ ਜਦੋਂ ਮੈਂ ਜਵਾਨ ਸਾਂ ਤੇ ਉਹ ਸ਼ਿਕਾਰ ਖੇਡਣ ਨਿਕਲ ਜਾਂਦੇ ਤੇ ਮੈਂ ਘੰਟਿਆਂ ਬੱਧੀ ਦੁਚਿੱਤੀ 'ਚ ਪਈ ਬੇਚੈਨ ਹੋ ਜਾਂਦੀ ਸਾਂ। "ਅਖੀਰ ਟਾਲਸਟਾਏ ਆ ਗਏ ਤੇ ਸੋਫ਼ੀਆ ਉੱਚੀ ਉੱਚੀ ਰੋਣ ਲੱਗੀ।" ਮੇਰੀ ਫ਼ਿਕਰਮੰਦੀ ਤੇ ਉਨ੍ਹਾਂ ਬਾਰੇ ਬਹੁਤ ਸਾਰੇ

ਭਾਵੁਕ ਸ਼ਬਦਾਂ ਬਦਲੇ ਉਨ੍ਹਾਂ ਦਾ ਖਰ੍ਹਵਾ ਜੁਆਬ ਸੀ- ਹੋਇਆ ਕੀ ਮੈਂ ਅੱਗੇ ਨਹੀਂ ਕਦੀ ਬਾਹਰ ਗਿਆ? ਮੈਂ ਕੋਈ ਬੱਚਾ ਹਾਂ ਜੋ ਗਵਾਚ ਜਾਵਾਂਗਾ ਜਾਂ ਮੈਨੂੰ ਬਿੱਲੀ ਚੁੱਕ ਕੇ ਲੈ ਜਾਏਗੀ। ਬਾਕੀ ਤੈਨੂੰ ਦੱਸਣਾ ਮੇਰੇ ਲਈ ਜ਼ਰੂਰੀ ਨਹੀਂ। "ਮੈਨੂੰ ਉਨ੍ਹਾਂ 'ਤੇ ਭਿਆਨਕ ਗ਼ੁੱਸਾ ਆਇਆ ਕਿ ਇਹ ਬੰਦਾ ਆਪਣੇ ਆਪ ਨੂੰ ਸਮਝਦਾ ਕੀ ਏ। ਮੈਂ ਤਾਂ ਆਪਣਾ ਸਾਰਾ ਆਪਾ ਇਸ 'ਤੇ ਕੁਰਬਾਨ ਕਰ ਦਿੱਤਾ ਹੈ ਪਰ ਇਹਦਾ ਦਿਲ ਪੱਥਰ ਦਾ ਹੈ ਜੋ ਕਦੇ ਨਹੀਂ ਪਿਘਲ ਸਕਦਾ।"

ਪੋਸਟ ਸਕਰਿਪਟ

ਟਾਲਸਟਾਏ ਦੀ ਗਿਣਤੀ ਦੁਨੀਆ ਦੇ ਮਹਾਨ ਲੇਖਕਾਂ ਵਿਚ ਹੁੰਦੀ ਹੈ। ਉਹਦੇ ਨਾਵਲ ਕਲਾਸਿਕਸ ਦਾ ਦਰਜਾ ਰੱਖਦੇ ਹਨ। ਭਾਰਤ ਵਿਚ ਲੋਕ ਉਸ ਨੂੰ ਮਹਾਤਮਾ ਟਾਲਸਟਾਏ ਦੇ ਨਾਂ ਨਾਲ ਵੀ ਜਾਣਦੇ ਹਨ। ਪਿੱਛੇ ਜਿਹੇ ਮੈਨੂੰ ਉਹਦੀਆਂ ਪ੍ਰਤੀਨਿਧ ਰਚਨਾਵਾਂ ਦੇ ਤਿੰਨ

ਖੰਡਾਂ ਨੂੰ ਵਾਚਣ ਦਾ ਮੌਕਾ ਮਿਲਿਆ। ਇਨ੍ਹਾਂ ਵਿਚ ਸਮਾਜਕ ਕੁਰੀਤੀਆਂ, ਜੀਵਨ ਸਾਧਨਾ, ਧਰਮ ਤੇ ਸਦਾਚਾਰ, ਔਰਤ ਤੇ ਪੁਰਸ਼,ਅਸੀਂ ਕੀ ਕਰੀਏ, ਮੇਰੀ ਮੁਕਤੀ ਦੀ ਕਹਾਣੀ, ਬੁਰਾਈ ਕਿਵੇਂ ਖ਼ਤਮ ਹੋਵੇ, ਸਾਡੇ ਜ਼ਮਾਨੇ ਦੀ ਗ਼ੁਲਾਮੀ, ਕਿੰਨੀ ਜ਼ਮੀਨ, ਬਾਲ ਵਿਵੇਕ, ਕਲਾਕਾਰ ਦੀ ਕਰਤੂਤ, ਈਸਾ ਦੀ ਸਿੱਖਿਆ, ਪ੍ਰੇਮ ਤੇ ਪ੍ਰਭੂ, ਹਨੇਰੇ ਵਿਚ ਉਜਾਲਾ ਆਦਿ ਉਹਦੇ ਨੈਤਿਕਤਾ ਭਰਪੂਰ ਪ੍ਰਵਚਨ ਹਨ। ਪਰ ਜਦੋਂ ਉਹਦੀ ਪਤਨੀ ਸੋਫ਼ੀਆ ਦੀ ਡਾਇਰੀ ਵਾਚੋ ਤਾਂ ਇਕ ਵੱਖਰੀ ਤਸਵੀਰ ਉੱਭਰਦੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਲੇਖਕ ਜੋ ਕੁਝ ਲਿਖ ਰਿਹਾ ਹੈ ਉਹਦੀ ਆਪਣੀ ਜ਼ਿੰਦਗੀ ਉਸ ਤੋਂ ਕੋਹਾਂ ਦੂਰ ਹੈ। ਇਹੀ ਵਿਰੋਧਾਭਾਸਾਂ ਵਿਚ ਜਿਊਣ ਦਾ ਸੱਚ ਹੈ ਜਿੱਥੇ ਆਦਰਸ਼ ਤੇ ਕਰੂਰਤਾ, ਕੁਰਖ਼ਤਾ ਭਿੜਦੇ ਹਨ ਤੇ ਜ਼ਿੰਦਗੀ ਦੀ ਸਚਾਈ ਧੁੰਦਲੀ ਹੋ ਜਾਂਦੀ ਹੈ। ਟਾਲਸਟਾਏ ਤੇ ਸੋਫ਼ੀਆ ਦਾ ਰਿਸ਼ਤਾ ਇਹੀ ਕਹਾਣੀ ਦਰਸਾ ਰਿਹਾ ਹੈ।

44

ਲੇਖਕ ਦੀ ਘਾਲਣਾ ਦੀ ਦਾਸਤਾਨ

ਹਰ ਲੇਖਕ ਨੂੰ ਆਪਣੇ ਸਮੇਂ ਨਾਲ ਜੂਝਣਾ ਪੈਂਦਾ ਹੈ। ਜਿਹੜੀਆਂ ਲਿਖਤਾਂ ਕਲਾਸੀਕਲ ਬਣਦੀਆਂ ਹਨ ਉਨ੍ਹਾਂ ਦੀ ਸਿਰਜਣਾ ਲਈ ਲੇਖਕ ਨੂੰ ਆਪਣਾ ਖ਼ੂਨ ਬਾਲਣਾ ਪੈਂਦਾ ਹੈ। ਇਸ ਖ਼ੂਨ ਦੀ ਚਮਕ ਵਿਚੋਂ ਸੁਨਹਿਰੀ ਤੇ ਬਲਦੇ ਹੋਏ ਅੱਖਰ ਉੱਗਦੇ ਹਨ ਤੇ ਫਿਰ ਇਹ ਮਨੁੱਖੀ ਇਤਿਹਾਸ ਵਿਚ ਸਦਾ ਲਈ ਉੱਕਰੇ ਜਾਂਦੇ ਹਨ। ਗੈਬਰੀਅਲ ਗਾਰਸ਼ੀਆ ਮਾਰਖੇਜ਼ ਅਜਿਹਾ ਹੀ ਲੇਖਕ ਸੀ ਜਿਸ ਨੇ ਸ਼ਿੱਦਤ, ਇਕਾਗਰਤਾ ਤੇ ਸਿਰੜ ਨਾਲ ਆਪਣਾ ਪ੍ਰਸਿੱਧ ਨਾਵਲ “ਵਨ ਹੰਡਰਡ ਯੀਅਰ ਆਫ਼ ਸੋਲੀਟਿਊਡ” ਲਿਖਿਆ ਜਿਸ ਦੀ ਹੋਰ ਮਿਸਾਲ ਨਹੀਂ ਮਿਲਦੀ। ਉਪਰੋਕਤ ਨਾਵਲ ਲਿਖਣ ਲਈ ਉਹਨੂੰ ਅਠਾਰਾਂ ਮਹੀਨੇ ਲੱਗੇ। ਮੈਕਸੀਕੋ ਦੀ ਫੁਏਗੋ ਸਟਰੀਟ

ਵਿਚ ਲੱਕੜ ਦੀ ਬਣੀ ਆਪਣੀ ਸਟੱਡੀ ਵਿਚ ਉਹਨੇ ਆਪਣੇ ਆਪ ਨੂੰ ਇਕ ਤਰ੍ਹਾਂ ਨਾਲ ਕੈਦ ਕਰ ਲਿਆ ਤੇ ਹਰ ਰੋਜ਼ ਮੱਕੜੀ ਦੇ ਜਾਲੇ ਵਾਂਗ ਮਾਕੋਂਦੋ ਦਾ ਸੰਸਾਰ ਰਚਣ ਲੱਗਾ। ਲੇਖਕ ਨੂੰ ਏਸੇ ਕਰਕੇ ਆਪਣੀ ਦੁਨੀਆ ਦਾ ਰੱਬ ਕਿਹਾ ਜਾਂਦਾ ਹੈ। ਰੱਬ ਵਾਂਗ ਹੀ ਉਹ ਆਪਣੇ ਸੰਸਾਰ ਦੀ ਸਿਰਜਣਾ ਕਰਦਾ ਹੈ ਤੇ ਫਿਰ ਆਪ ਪਿਛੇ ਹੱਟ ਜਾਂਦਾ ਹੈ। ਲੋਕ ਇਸ ਨਵੇਂ ਸੰਸਾਰ ਨੂੰ ਦੇਖਦੇ/ਘੋਖਦੇ/ਪਰਖਦੇ ਅਸ਼ ਅਸ਼ ਕਰ ਉਠਦੇ ਹਨ। ਉਹਦੀ ਲੱਕੜ ਦੀ ਉਸ ਝੌਂਪੜੀ ਵਿਚ ਪੀਲੀਆਂ ਤਿਤਲੀਆਂ ਤੇ ਬਿੱਛੂਆਂ ਦੀ ਭਰਮਾਰ ਰਹਿੰਦੀ ਸੀ। ਉਹਨੂੰ ਹਰ ਰੋਜ਼ ਸੱਠ ਸਿਗਰਟਾਂ ਤੇ ਅੱਧੀ ਬੋਤਲ ਵਿਸਕੀ ਦੀ ਤਲਬ ਹੁੰਦੀ ਸੀ। ਉਹ ਕਮਰੇ ਵਿਚ ਹਰ ਰੋਜ਼ ਤਾਜ਼ੇ ਪੀਲੇ ਗੁਲਾਬਾਂ ਦਾ ਗੁਲਦਸਤਾ ਆਪਣੀ ਨਜ਼ਰ ਹੇਠ ਰੱਖਦਾ। ਇਸ ਥਕਾ ਦੇਣ ਵਾਲੀ ਯਾਤਰਾ ਵਿਚ ਉਹਦੀ ਪਤਨੀ ਮੇਰਸੇਦੇਸ ਬਾਰਚਾ ਪਾਰਦੋ ਉਹਦੀ ਅਣਥੱਕ ਸਾਰਥੀ ਸੀ। ਉਹਨੇ ਨਿਰਵਿਘਨ ਉਹਨੂੰ ਆਪਣਾ

ਸੰਸਾਰ ਰਚਣ ਦਿੱਤਾ ਤੇ ਸਾਰੀਆਂ ਜ਼ਿੰਮੇਵਾਰੀਆਂ ਆਪ ਓਟ ਲਈਆਂ। ਇਸ ਦੌਰਾਨ ਉਹਨੇ ਘਰ ਚਲਾਉਣ ਲਈ ਆਪਣਾ ਟੈਲੀਫ਼ੋਨ, ਫ਼ਰਿਜ, ਰੇਡੀਓ, ਗਹਿਣੇ ਤੇ ਕਾਰ ਤੱਕ ਵੇਚ ਦਿੱਤੇ। ਜਿਸ ਦਿਨ ਮਾਰਖੇਜ਼ ਨੇ ਕਰਨਲ ਆਰਲਿਆਨੋ ਦੀ ਮੌਤ ਵਾਲਾ ਹਿੱਸਾ ਲਿਖਿਆ ਤਾਂ ਉਹ ਉੱਠ ਕੇ ਪਤਨੀ ਕੋਲ ਜਾ ਕੇ ਦੋ ਘੰਟੇ ਰੋਂਦਾ ਰਿਹਾ। ਮੋਰਸੇਦੋਸ ਨੂੰ ਪਤਾ ਸੀ ਕਿ ਕੀ ਹੋਇਐ। ਉਹਦੇ ਚੁੱਪ ਹੋ ਜਾਣ ਤੋਂ ਬਾਅਦ ਉਹਨੇ ਪੁੱਛਿਆ ਸੀ ਕਿ- ਕਰਨਲ ਮਰ ਗਿਐ?’ ਹੈਰਾਨੀ ਹੁੰਦੀ ਹੈ ਕਿ ਇਕ ਲੇਖਕ ਆਪਣੇ ਪਾਤਰ ਨਾਲ ਇਸ ਹੱਦ ਤੱਕ ਜੁੜਿਆ ਹੋ ਸਕਦਾ ਹੈ ਕਿ ਉਹਦੀ ਮੌਤ ਉਹਨੂੰ ਆਪਣੇ ਨੇੜਲੇ ਤੋਂ ਵੀ ਵੱਧ ਦੁਖਦਾਈ ਲੱਗੇ। ਏਥੇ ਟਾਲਸਟਾਏ ਦੀ ਇਕ ਗੱਲ ਯਾਦ ਆ ਗਈ। ਇਕ ਵਾਰ ਟਾਲਸਟਾਏ ਕਿਸੇ ਇਮਾਰਤ ਦੀਆਂ ਪੌੜੀਆਂ ਚੜ੍ਹ ਰਿਹਾ ਸੀ ਕਿ ਅੱਗੋਂ ਇਕ ਔਰਤ ਉੱਤਰਦੀ ਨਜ਼ਰ ਆਈ ਤਾਂ ਟਾਲਸਟਾਏ ਸੁੰਗੜ ਕੇ ਕੰਧ ਨਾਲ ਲੱਗ ਗਿਆ। ਉਹ

ਔਰਤ ਕਹਿਣ ਲੱਗੀ ਕਿ ਪੌੜੀਆਂ ਵਾਹਵਾ ਖੁੱਲ੍ਹੀਆਂ ਹਨ ਤੇ ਫਿਰ ਸੁੰਗੜਨ ਦੀ ਕੀ ਲੋੜ ਹੈ ਤਾਂ ਟਾਲਸਟਾਏ ਦਾ ਜੁਆਬ ਸੀ ਕਿ ਮੇਰੇ ਨਾਲ ਅੰਨਾ ਕੈਰੇਨੀਨਾ ਵੀ ਹੈ। ਮਹਾਨ ਲੇਖਕਾਂ ਦੀਆਂ ਮਹਾਨ ਬਾਤਾਂ। ਮਾਰਖੇਜ਼ ਦੀ ਪਤਨੀ ਮੇਰਸੇਦੇਸ ਮਾਗਦਾਲੇਨਾ ਦਰਿਆ ਕੰਢੇ ਵੱਸੇ ਇਕ ਛੋਟੇ ਜਿਹੇ ਸ਼ਹਿਰ ਮਾਗਾਂਗੇ ਵਿਚ ਰਹਿਣ ਵਾਲੇ ਫਾਰਮਾਸਿਸਟ ਦੀ ਸਭ ਤੋਂ ਵੱਡੀ ਬੇਟੀ ਸੀ ਤੇ ਦੋਵਾਂ ਦੀ ਮੁਲਾਕਾਤ ਓਦੋਂ ਹੋਈ ਸੀ ਜਦੋਂ ਉਹ ਅਜੇ ਨੌਂ ਵਰ੍ਹਿਆਂ ਦੀ ਬਾਲੜੀ ਸੀ। ਦੋਹਾਂ ਦੇ ਪਿਓ ਇਕ ਦੂਜੇ ਦੇ ਬਚਪਨ ਦੇ ਦੋਸਤ ਸਨ। ਮੇਰਸੇਦੇਸ ਦੇ ਵਡੇਰੇ ਮਿਸਰ ਦੇ ਰਹਿਣ ਵਾਲੇ ਸਨ। ਇਸ ਪਹਿਲੀ ਮੁਲਾਕਾਤ ਤੋਂ ਬਾਅਦ ਦੋਵੇਂ ਇਕ ਦੂਜੇ ਨੂੰ ਚਿੱਠੀਆਂ ਲਿਖਣ ਲੱਗੇ ਤੇ ਇਹ ਸਿਲਸਿਲਾ ਸਤਾਰਾਂ ਸਾਲਾਂ ਦੀ ਉਮਰ ਤੱਕ ਚਲਦਾ ਰਿਹਾ ਜਦ ਤੱਕ ਕਿ ਮਾਰਖੇਜ਼ ਨੇ ਵਿਆਹ ਕਰਨ ਦੀ ਇੱਛਾ ਜ਼ਾਹਰ ਨਹੀਂ ਕੀਤੀ। 1958 ਵਿਚ ਵਿਆਹ ਕਰਵਾ ਕੇ ਦੋਵੇਂ ਰਹਿਣ ਲਈ ਵੈਨਜ਼ੂਵੇਲਾ ਦੀ

ਰਾਜਧਾਨੀ ਕਾਰਾਕਾਸ ਚਲੇ ਗਏ ਜਿੱਥੇ ਮਾਰਖੇਜ਼ ਇਕ ਰਸਾਲੇ ਵਿਚ ਨੌਕਰੀ ਕਰਦਾ ਸੀ। ਏਥੇ ਹੀ ਉਨ੍ਹਾਂ ਦੇ ਪਹਿਲੇ ਬੇਟੇ ਰੋਦ੍ਰਿਗੋ ਦਾ ਜਨਮ ਹੋਇਆ ਤੇ ਇੱਥੇ ਹੀ ਮਾਰਖੇਜ਼ ਨੇ ਆਪਣਾ ਨਾਵਲ “ਨੋ ਵਨ ਰਾਈਟਸ ਟੂ ਦ ਕਰਨਲ” ਲਿਖਿਆ ਤੇ ਛਪਵਾਇਆ। ਬੜੇ ਸਾਲਾਂ ਬਾਅਦ ਜਦੋਂ ਉਹਨੂੰ ਨੋਬਲ ਪ੍ਰਾਈਜ਼ ਮਿਲਿਆ ਤਾਂ ਸਟਾਕਹੋਮ ਵਿਚ ਉਹਨੇ ਉਹ ਦਿਨ ਯਾਦ ਕੀਤਾ ਜਿਸ ਦੁਪਹਿਰ ਨੂੰ ਉਹਦੀ ਪਤਨੀ ਉਹਨੂੰ ਲੈ ਕੇ ਪੋਸਟ ਆਫ਼ਿਸ ਗਈ ਸੀ, ਜਿੱਥੇ ਉਹਨੇ ਆਪਣੇ ਨਾਵਲ “ਵਨ ਹੰਡਰਡ ਯੀਅਰ ਆਫ਼ ਸਲੀਟਿਊਡ” ਦੀ ਕਾਪੀ ਛਪਣ ਲਈ ਪ੍ਰਕਾਸ਼ਕ ਨੂੰ ਭੇਜਣੀ ਸੀ ਪਰ ਉਹਦੀ ਜੇਬ ਵਿਚ ਟਿਕਟਾਂ ਲਾਉਣ ਜੋਗੇ ਇਕ ਸੌ ਸੱਠ ਪੇਸੋ ਵੀ ਨਹੀਂ ਸਨ। ਉਹ ਅੱਧਾ ਨਾਵਲ ਹੀ ਪ੍ਰਕਾਸ਼ਕ ਨੂੰ ਭੇਜ ਸਕਿਆ। ਉਨ੍ਹਾਂ ਦੋਵਾਂ ਪਤੀ ਪਤਨੀ ਦਾ ਆਪਸੀ ਰਿਸ਼ਤਾ ਸਾਰੀ ਜ਼ਿੰਦਗੀ ਬੜਾ ਸੁਖਾਵਾਂ ਰਿਹਾ। ਮਾਰਖੇਜ਼ ਨਾਲ ਆਪਣੀਆਂ ਮੁਲਾਕਾਤਾਂ ਦੀ

ਕਿਤਾਬ “ਅਮਰੂਦ ਦੀ ਮਹਿਕ” ਵਿਚ ਲਾਤੀਨੀ ਪੱਤਰਕਾਰ ਪਲੀਨੀਓ ਆਪੂਲੇਓ ਨੇ ਜਦੋਂ ਉਹਨੂੰ ਆਖ਼ਰੀ ਸੁਆਲ ਪੁੱਛਿਆ ਕਿ ‘ਤੁਹਾਨੂੰ ਅੱਜ ਤੱਕ ਮਿਲਿਆ ਸਭ ਤੋਂ ਦਿਲਚਸਪ ਵਿਅਕਤੀ ਕੌਣ ਹੈ?” ਤਾਂ ਉਹਨੇ ਬੜੀ ਗਰਮਜੋਸ਼ੀ ਨਾਲ ਜੁਆਬ ਦਿੰਦਿਆਂ ਕਿਹਾ- “ਮੇਰੀ ਪਤਨੀ ਮੇਰਸੇਦੇਸ।” 17 ਅਪ੍ਰੈਲ, 2014 ਨੂੰ ਇਹ ਮਹਾਨ ਲੇਖਕ ਇਸ ਦੁਨੀਆ ਨੂੰ ਅਲਵਿਦਾ ਕਹਿ ਗਿਆ। 15 ਅਗਸਤ, 2020 ਨੂੰ ਮੇਰਸੇਦੇਸ ਵੀ ਧੁਰ ਦਰਗਾਹ ਉਹਦੇ ਕੋਲ ਜਾ ਪਹੁੰਚੀ। ਉਨ੍ਹਾਂ ਦੋਵਾਂ ਨੂੰ ਯਾਦ ਕਰਨਾ ਉਸ ਮਹਾਨ ਲੇਖਕ ਤੇ ਉਸ ਸ਼ਾਨਦਾਰ ਔਰਤ ਨੂੰ ਖਰਾਜੇ ਅਕੀਦਤ ਵਰਗਾ ਅਮਲ ਹੈ ਜਿਨ੍ਹਾਂ ਦੀ ਜੁਗਲਬੰਦੀ ਸਦਕਾ ਸੰਸਾਰ ਨੂੰ ਮਹਾਨ ਰਚਨਾਵਾਂ ਦੀ ਸੌਗਾਤ ਮਿਲੀ।

ਪੋਸਟ ਸਕਰਿਪਟ

ਗੁਲੋਂ ਕੀ ਤਰਹ ਹਮਨੇ ਜ਼ਿੰਦਗੀ ਕੋ ਇਸ ਕਦਰ ਜਾਨਾ

ਕਿਸੀ ਕੀ ਜ਼ੁਲਫ਼ ਮੇਂ ਇਕ ਰਾਤ ਸੋਨਾ ਔਰ ਬਿਖਰ ਜਾਨਾ।

ਅਗਰ ਐਸੇ ਗਏ ਤੋ ਜ਼ਿੰਦਗੀ ਪਰ ਹਰਫ਼ ਆਏਗਾ

ਹਵਾਓਂ ਸੇ ਲਿਪਟਨਾ ਤਿੱਤਲੀਓਂ ਕੋ ਚੂਮ ਕਰ ਜਾਨਾ।

ਕਹਾਂ ਤੱਕ ਯੇ ਦਿਆ ਬੀਮਾਰ ਕਮਰੇ ਕੀ ਫ਼ਿਜ਼ਾ ਬਦਲੇ

ਕਭੀ ਤੁਮ ਏਕ ਮੁੱਠੀ ਧੂਪ ਇਨ ਤਾਕੋਂ ਮੇਂ ਭਰ ਜਾਨਾ।

ਜਨਾਬ ਬਸ਼ੀਰ ਬਦਰ

45

ਬਿਗ ਬੌਸ ਦੀ ਖ਼ੂਨੀ ਅੱਖ

ਬਿਗ ਬੌਸ ਅਜਿਹਾ ਵਿਅਕਤੀ ਹੈ ਜੋ ਤੁਹਾਨੂੰ ਹਰ ਪਲ ਦੇਖ ਰਿਹਾ ਹੈ ਪਰ ਤੁਹਾਨੂੰ ਨਜ਼ਰ ਨਹੀਂ ਆਉਂਦਾ। ਤੁਸੀਂ ਹੈਰਾਨ ਹੋ ਜਾਓਗੇ ਕਿ ਕੀ ਉਹ ਕੋਈ ਬਲਾ ਹੈ ਜਾਂ ਛਲੇਡਾ ਜੋ ਸਭ ਨੂੰ ਛੱਲ ਰਿਹਾ ਹੈ ਪਰ ਉਹਦਾ ਚਿਹਰਾ ਦਿਸ ਨਹੀਂ ਰਿਹਾ।ਉਹਦੀ ਖ਼ੂਨੀ ਅੱਖ ਵਿਚ ਹੀ ਅਜਿਹੀ ਚਮਤਕਾਰੀ ਸ਼ਕਤੀ ਹੈ ਜਿਸ ਨੂੰ ਸਮਝਣਾ ਬੜਾ ਔਖਾ ਹੈ। ਪ੍ਰਸਿੱਧ ਨਾਵਲਕਾਰ ਜਾਰਜ ਆਰਵੈੱਲ ਨੇ ਇਸ ਅੱਖ ਨੂੰ ਪਛਾਣਿਆ ਹੀ ਨਹੀਂ ਸਗੋਂ ਇਸ ਦਾ ਪਰਦਾ ਵੀ ਫਾਸ਼ ਕੀਤਾ ਹੈ। ਜਾਰਜ ਆਰਵੈੱਲ ਦਾ ਅਸਲ ਨਾਂ ਐਰਿਕ ਆਰਥਰ ਬਲੇਅਰ ਸੀ। ਉਹਦਾ ਜਨਮ 25 ਜੂਨ, 1903 ਨੂੰ ਭਾਰਤ ਦੇ ਬ੍ਰਿਟਿਸ਼ ਪ੍ਰਾਂਤ ਬਿਹਾਰ ਵਿਚ ਹੋਇਆ। ਬ੍ਰਿਟਿਸ਼ ਰਾਜ ਸਮੇਂ ਭਾਰਤ ਵਿਚ ਅਫ਼ੀਮ

ਵੇਚਣ ਦੀ ਖੁੱਲ੍ਹ ਸੀ ਤੇ ਜਾਰਜ ਦਾ ਪਿਓ ਨੌਕਰੀ ਕਰਨ ਦੇ ਨਾਲ ਨਾਲ ਅਫ਼ੀਮ ਦਾ ਵਪਾਰ ਵੀ ਕਰਦਾ ਸੀ। ਉਹਦੀ ਉਮਰ ਅਜੇ ਇਕ ਸਾਲ ਦੀ ਸੀ ਜਦੋਂ ਉਹਦੀ ਮਾਂ ਉਹਦੀ ਭੈਣ ਦੇ ਨਾਲ ਉਹਨੂੰ ਵੀ ਲੰਡਨ ਲੈ ਗਈ। ਓਥੇ ਰਹਿੰਦਿਆਂ ਉਹਨੇ ਸੇਂਟ ਸਿਪਰੀਅਨ ਵਿਚ ਆਪਣੀ ਮੁੱਢਲੀ ਪੜ੍ਹਾਈ ਕੀਤੀ। ਇਸ ਤੋਂ ਬਾਅਦ ਉਹ ਸਕਾਲਰਸ਼ਿਪ ਲੈ ਕੇ ਪੜ੍ਹਨ ਲਈ ਐਟਨ ਚਲਾ ਗਿਆ। ਉਹਦਾ ਪੜ੍ਹਾਈ ਵਿਚ ਮਨ ਨਹੀਂ ਸੀ ਲੱਗ ਰਿਹਾ। ਉਹਨੂੰ ਕੋਈ ਰਾਹ ਵੀ ਨਜ਼ਰ ਨਹੀਂ ਸੀ ਆ ਰਿਹਾ ਤੇ ਅਖੀਰ ਉਹ ਹਿੰਦੁਸਤਾਨ ਦੀ ਅੰਗਰੇਜ਼ੀ ਪੁਲਿਸ ਵਿਚ ਭਰਤੀ ਹੋ ਗਿਆ ਤੇ 1922 ਵਿਚ ਬਰਮਾ ਚਲਾ ਗਿਆ। ਓਥੇ ਹੀ ਉਹਦੇ ਅੰਦਰਲਾ ਲੇਖਕ ਜਾਗ ਪਿਆ ਤੇ ਉਹਨੇ ਸਾਹਿਤਕ ਆਲੋਚਨਾ ਦੇ ਮਿਆਰੀ ਲੇਖ ਲਿਖੇ। ਕਵਿਤਾਵਾਂ ਦੇ ਨਾਲ ਨਾਲ ਨਾਵਲ ਵੀ ਲਿਖੇ।ਸਾਮਰਾਜੀ ਤਾਕਤਾਂ ਨਾਲ ਉਹਨੂੰ ਨਫ਼ਰਤ ਸੀ ਤੇ ਸ਼ਾਇਦ ਏਸੇ ਕਰਕੇ ਉਹ ਬਿਗ ਬੌਸ ਦੀ ਖ਼ੂਨੀ ਅੱਖ

ਦਾ ਭੇਦ ਪਾ ਸਕਿਆ। ਆਪਣੀ ਲੇਖਣੀ ਬਾਰੇ ਉਹ ਲਿਖਦਾ ਹੈ- ਬਚਪਨ ਵਿਚ ਹੀ ਮੈਂ ਸੋਚਦਾ ਹੁੰਦਾ ਸੀ ਕਿ ਵੱਡਾ ਹੋ ਕੇ ਲੇਖਕ ਹੀ ਬਣਾਂਗਾ। ਹਾਲਾਂਕਿ ਸਤਾਰ੍ਹਵਾਂ ਵਰ੍ਹਾ ਪਾਰ ਕਰਦਿਆਂ ਇਕ ਵਾਰ ਮੇਰਾ ਮਨ ਡੋਲ ਗਿਆ। ਇਸ ਤੋਂ ਬਾਅਦ ਸੱਤ ਅੱਠ ਸਾਲ ਮੈਂ ਆਪਣੇ ਅੰਦਰਲੇ ਲੇਖਕ ਨੂੰ ਝਕਾਨੀ ਦੇ ਕੇ ਉਹਦੀ ਬਾਜ ਅੱਖ ਤੋਂ ਬਚਦਾ ਰਿਹਾ। ਪਰ ਅਖੀਰ ਅੰਦਰਲਾ ਲੇਖਕ ਬਿਗ ਬੌਸ ਵਾਂਗ ਮੈਨੂੰ ਧਮਕਾਉਣ ਲੱਗਾ ਤੇ ਮੈਂ ਉਹਦੇ ਅੱਗੇ ਹਥਿਆਰ ਸੁੱਟ ਦਿੱਤੇ। ਆਪਣੇ ਫ਼ੈਸਲੇ ਨੂੰ ਬਦਲ ਕੇ ਇਕ ਵਾਰ ਤਾਂ ਮੈਨੂੰ ਲੱਗਿਆ ਕਿ ਮੈਂ ਆਪਣੇ ਮੂਲ ਸੁਭਾਅ ਦਾ ਕਤਲ ਕਰ ਰਿਹਾ ਹਾਂ ਪਰ ਫਿਰ ਸੋਚਿਆ ਕਿ ਹੁਣ ਵਾਪਸੀ ਸੰਭਵ ਨਹੀਂ। ਮੈਂ ਬਿਨਾ ਕਿਸੇ ਦੇਰੀ ਦੇ ਆਪਣੇ ਅੰਦਰਲੇ ਦਵੰਦ ਤੋਂ ਬਚਣ ਲਈ ਚੁੱਪ ਚਾਪ ਲਿਖਣ ਦੇ ਕੰਮ ਵਿਚ ਜੁੱਟ ਗਿਆ। ਮੇਰੇ ਬਚਪਨ ਦਾ ਬਹੁਤਾ ਹਿੱਸਾ ਅਜੀਬ ਤਰ੍ਹਾਂ ਦੀ ਤਨਹਾਈ ਵਿਚ ਜਕੜਿਆ ਰਿਹਾ ਜਿਸ ਨੇ ਮੈਨੂੰ ਜ਼ਿੱਦੀ

ਬੱਚਾ ਬਣਾ ਦਿੱਤਾ। ਇਕੱਲਤਾ ਵਿਚ ਪਲਣ ਵਾਲੇ ਬੱਚਿਆਂ ਦਾ ਜੋ ਸੁਭਾਅ ਬਣ ਜਾਂਦਾ ਹੈ ਉਹੋ ਜਿਹੀ ਪ੍ਰਵਿਰਤੀ ਮੇਰੀ ਬਣ ਗਈ। ਮਸਲਨ ਮੈਂ ਸਾਰਾ ਦਿਨ ਮਨ ਹੀ ਮਨ ਅਜੀਬੋ ਗ਼ਰੀਬ ਕਹਾਣੀਆਂ ਘੜਦਾ ਰਹਿੰਦਾ, ਕਾਲਪਨਿਕ ਬੰਦਿਆਂ ਨਾਲ ਗੱਲਾਂ ਕਰਦਾ,ਉਨ੍ਹਾਂ ਨਾਲ ਬਹਿਸਣ ਲੱਗ ਜਾਂਦਾ। ਇਕੱਲਤਾ ਤੇ ਬੇਗਾਨਗੀ ਵਿਚ ਘਿਰਿਆ ਮੈਂ ਅਜੀਬ ਤਰ੍ਹਾਂ ਦੇ ਅਨੁਭਵ ਵਿਚੋਂ ਲੰਘ ਰਿਹਾ ਸਾਂ। ਹਮੇਸ਼ਾ ਨੀਰਸ ਤੇ ਉਚਾਟ ਕਰ ਦੇਣ ਵਾਲੇ ਵਿਸ਼ਿਆਂ ਬਾਰੇ ਸੋਚਣ ਨਾਲ ਮੇਰੀ ਸ਼ਬਦਾਵਲੀ ਓਸੇ ਤਰ੍ਹਾਂ ਦੀ ਬਣਨ ਲੱਗੀ ਤੇ ਉਹਦੇ ਵਿਚ ਮੇਰੀ ਸ਼ਖ਼ਸੀਅਤ ਢਲਨ ਲੱਗੀ। ਮੈਂ ਆਪਣੇ ਆਪ ਨੂੰ ਅਜੀਬ ਜਿਹੇ ਸੰਕਟ ਵਿਚ ਘਿਰਿਆ ਮਹਿਸੂਸ ਕਰਦਾ। ਮੈਂ ਜ਼ਿੰਦਗੀ ਦੀਆਂ ਵਿਸੰਗਤੀਆਂ ਨਾਲ ਵੱਖਰੀ ਤਰ੍ਹਾਂ ਭਿੜਨ ਲੱਗਾ। ਹਾਲਾਂਕਿ ਬਚਪਨ ਤੋਂ ਚੜ੍ਹਦੀ ਉਮਰ ਤੱਕ ਜੇ ਦੇਖਿਆ ਜਾਵੇ ਤਾਂ ਮੇਰੀ ਲੇਖਣੀ ਸਿਰਫ਼ ਪੰਜ ਛੇ ਪੰਨਿਆਂ ਤੋਂ ਵੱਧ ਨਹੀਂ ਹੋਵੇਗੀ। ਚਾਰ ਪੰਜ ਸਾਲਾਂ ਦਾ

ਹੋਵਾਂਗਾ ਜਦੋਂ ਮੈਂ ਪਹਿਲੀ ਕਵਿਤਾ ਲਿਖੀ ਸੀ। ਉਸ ਕਵਿਤਾ ਨੂੰ ਮੇਰੀ ਮਾਂ ਨੇ ਆਪਣੀ ਡਾਇਰੀ ਵਿਚ ਲਿਖ ਲਿਆ। ਪਹਿਲੇ ਸੰਸਾਰ ਯੁੱਧ ਸਮੇਂ ਜਦੋਂ ਮੈਂ ਤੇਰਾਂ ਵਰ੍ਹਿਆਂ ਦਾ ਸਾਂ ਤਾਂ ਮੈਂ ਦੇਸ਼ ਭਗਤੀ ਬਾਰੇ ਇਕ ਕਵਿਤਾ ਲਿਖੀ। ਮਿੰਨੀ ਕਹਾਣੀਆਂ ਵੀ ਲਿਖਣ ਦਾ ਜਤਨ ਕੀਤਾ, ਪਰ ਇਸ ਵਿਚ ਕਾਮਯਾਬ ਨਹੀਂ ਹੋ ਸਕਿਆ। ਮੁੱਢਲੇ ਸਾਲਾਂ ਵਿਚ ਤਾਂ ਸਿਰਫ਼ ਫ਼ਰਮਾਇਸ਼ੀ ਕੰਮ ਹੀ ਕੀਤੇ। ਖਾਸ ਖਾਸ ਮੌਕਿਆਂ ਲਈ ਹਾਸ ਰਸ ਦੀਆਂ ਕਵਿਤਾਵਾਂ ਵੀ ਲਿਖੀਆਂ। ਮੇਰੇ ਕਾਲਜ ਵਿਚ ਹੱਥ ਲਿਖਤ ਤੇ ਛਪੇ ਹੋਏ ਰਸਾਲੇ ਨਿਕਲਦੇ ਸਨ। ਇਹ ਬੜੇ ਹਾਸੋਹੀਣੇ ਤੇ ਕਮਜ਼ੋਰ ਕਿਸਮ ਦੇ ਹੁੰਦੇ ਸਨ। ਉਸ ਸਮੇਂ ਇਨ੍ਹਾਂ ਦੋਵੇਂ ਤਰ੍ਹਾਂ ਦੇ ਰਸਾਲਿਆਂ ਦੀ ਸੰਪਾਦਕੀ ਵਿਚ ਮੈਂ ਯੋਗਦਾਨ ਪਾਇਆ। ਸੱਚ ਕਹਾਂ ਤਾਂ ਪੰਦਰਾਂ ਵਰ੍ਹਿਆਂ ਦੇ ਇਸ ਸਮੇਂ ਵਿਚ ਮੈਂ ਬਾਰ ਬਾਰ ਸਾਹਿਤਕ ਪ੍ਰਯੋਗਾਂ ਦਾ ਅਭਿਆਸ ਕਰਦਾ ਰਿਹਾ। ਇਹ ਅਭਿਆਸ ਸੀ ਆਪਣੇ ਬਾਰੇ ਇਕ ਕਹਾਣੀ ਘੜੀ ਜਾਣਾ ਜਾਂ

ਸਮਝੋ ਕਿ ਆਪਣੇ ਬਾਰੇ ਇਕ ਡਾਇਰੀ ਲਿਖੀ ਜਾਣਾ, ਜਿਸ ਵਿਚ ਉਹ ਸਾਰੀਆਂ ਗੱਲਾਂ ਸ਼ਾਮਲ ਸਨ ਜੋ ਦਿਮਾਗ਼ ਵਿਚ ਘੁੰਮਦੀਆਂ ਰਹਿੰਦੀਆਂ ਸਨ। ਬੜੀ ਜਲਦੀ ਮੇਰੀ ਲੇਖਣੀ ਸਵੈ-ਕੇਂਦਰਿਤ ਹੋ ਗਈ। ਪੰਝੀ ਵਰ੍ਹਿਆਂ ਦਾ ਹੋਣ ਤੱਕ ਦੀ ਮੇਰੀ ਜ਼ਿੰਦਗੀ ਗੈਰ-ਸਾਹਿਤਕ ਰਹੀ। ਫਿਰ ਵੀ ਮੈਂ ਚੰਗੇ ਸ਼ਬਦਾਂ ਨੂੰ ਲੱਭਦਾ ਰਹਿੰਦਾ ਤੇ ਉਨ੍ਹਾਂ ਬਾਰੇ ਕੁਝ ਨਾ ਕੁਝ ਮਨ ਵਿਚ ਸੋਚਦਾ ਰਹਿੰਦਾ। ਪਰ ਮੈਨੂੰ ਮਹਿਸੂਸ ਹੁੰਦਾ ਕਿ ਇਹ ਔਖਾ ਕੰਮ ਮੈਂ ਧੱਕੇ ਨਾਲ ਕਰ ਰਿਹਾ ਹਾਂ ਜਾਂ ਮੇਰੇ 'ਤੇ ਬਾਹਰੀ ਦਬਾਅ ਪੈ ਰਿਹਾ ਹੈ ਜਿਸ ਕਰਕੇ ਬਿਨਾ ਮਰਜ਼ੀ ਦੇ ਮੈਂ ਆਪਣੇ ਆਪ ਨੂੰ ਇਸ ਵਿਚ ਗ਼ਲਤਾਨ ਕਰ ਰਿਹਾ ਹਾਂ। ਸਹੀ ਸ਼ਬਦ ਤਾਂ ਬਹੁਤ ਕੀਮਤੀ ਹੁੰਦੇ ਨੇ ਜੋ ਜ਼ਿੰਦਗੀ ਦੇ ਅਨੰਦ ਦੇ ਨਾਲ ਨਾਲ ਹੁਲਾਰਾ ਵੀ ਦੇਂਦੇ ਹਨ। ਮੈਂ ਆਪਣੀਆਂ ਲਿਖਤਾਂ ਵਿਚ ਹਮੇਸ਼ਾ ਅਨਿਆਂ ਦਾ ਵਿਰੋਧੀ ਰਿਹਾਂ, ਨਿਆਂ ਦੇ ਪੱਖ ਵਿਚ ਮੈਂ ਹਮੇਸ਼ਾ ਪੂਰੀ ਤਾਕਤ ਨਾਲ ਭੁਗਤਿਆਂ। ਮੈਂ ਜਦੋਂ ਵੀ ਲਿਖਣ ਬੈਠਦਾ

ਹਾਂ ਤਾਂ ਆਪਣੇ ਆਪ ਨੂੰ ਇਹ ਕਦੇ ਨਹੀਂ ਕਹਿੰਦਾ ਕਿ ਮੈਂ ਕੋਈ ਕਲਾਕ੍ਰਿਤ ਸਿਰਜ ਰਿਹਾ ਹਾਂ। ਮੈਂ ਸਿਰਫ਼ ਇਸ ਲਈ ਲਿਖਦਾ ਹਾਂ ਤਾਂ ਕਿ ਝੂਠ ਦਾ ਪਰਦਾ ਫਾਸ਼ ਕਰ ਸਕਾਂ। ਕੁਝ ਤੱਥ ਹਨ ਜਿਨ੍ਹਾਂ ਬਾਰੇ ਸਿਰਫ਼ ਮੈਨੂੰ ਪਤਾ ਹੈ ਤੇ ਮੈਂ ਲੋਕਾਂ ਦਾ ਧਿਆਨ ਉਨ੍ਹਾਂ ਵੱਲ ਦਿਵਾਉਣਾ ਚਾਹੁੰਦਾ ਹਾਂ ਤਾਂ ਕਿ ਉਹ ਆਪਣੀਆਂ ਮੁਸੀਬਤਾਂ ਤੇ ਸਰੋਕਾਰਾਂ ਬਾਰੇ ਜਾਣ ਸਕਣ ਕਿ ਉਹ ਕੌਣ ਹੈ ਜਿਸ ਕਰਕੇ ਉਹ ਦੁੱਖਾਂ ਦੀ ਭੱਠੀ ਵਿਚ ਤਪ ਰਹੇ ਹਨ। ਉਹ ਉਸ ਅੱਖ ਨੂੰ ਦੇਖ ਸਕਣ ਜੋ ਉਨ੍ਹਾਂ ਨੂੰ ਕੈਰੀ ਨਿਗ੍ਹਾ ਨਾਲ ਦਿਨ ਰਾਤ ਦੇਖ ਰਹੀ ਹੈ।”

46 ਵਰ੍ਹਿਆਂ ਦੀ ਅਲਪ ਆਯੂ ਵਿਚ ਉਹ ਇਸ ਦੁਨੀਆ ਨੂੰ ਅਲਵਿਦਾ ਕਹਿ ਗਿਆ ਪਰ ਉਹਦਾ ਨਾਵਲ “1984” ਅੱਜ ਵੀ ਸੁਰਖ਼ੀਆਂ ਵਿਚ ਹੈ ਤੇ ਇਹਦੀਆਂ ਕਈ ਪਰਤਾਂ ਫੋਲ ਫੋਲ ਕੇ ਅੱਜ ਦੇ ਕਾਲੇ ਬਿਰਤਾਂਤਾਂ ਨੂੰ ਸਮਝਣ ਲਈ ਵਾਹ ਲਾਈ ਜਾ ਰਹੀ ਹੈ।

ਪੋਸਟ ਸਕਰਿਪਟ

“1984” ਦੀ ਕਹਾਣੀ ਅਪ੍ਰੈਲ ਦੇ ਇਕ ਠੰਢੇ ਪਰ ਚਮਕਦੇ ਦਿਨ ਸ਼ੁਰੂ ਹੁੰਦੀ ਹੈ। ਸਿਖਰ ਦੁਪਹਿਰ ਦਾ ਸਮਾਂ ਹੈ। ਇਸ ਦਾ ਨਾਇਕ ਵਿੰਸਟਨ ਸਮਿਥ ਦੁੱਖਾਂ ਨਾਲ ਓਤ-ਪੋਤ ਭਵਿੱਖ ਦੀ ਜਕੜ ਵਿਚ ਹੈ। ਜਿਵੇਂ ਐਟਮੀ ਧਮਾਕੇ ਨੇ ਦੂਜੀ ਸੰਸਾਰ ਜੰਗ ਦੌਰਾਨ ਤਬਾਹੀ ਮਚਾਈ ਸੀ ਤੇ ਜਿਹੜੇ ਇਸ ਤੋਂ ਬੱਚ ਗਏ ਉਹ ਬਰਬਾਦ ਹੋਏ ਇੰਗਲੈਂਡ ਵਿਚ ਰਹਿ ਰਹੇ ਹਨ। ਖ਼ਾਨਾ-ਜੰਗੀ ਤੇ ਸਿਆਸੀ ਇਨਕਲਾਬ ਨੇ ਨਵੇਂ ਦੁੱਖ ਲੈ ਆਂਦੇ। ਇਸ ਇਨਕਲਾਬ ਦੇ ਸਿੱਟੇ ਵਜੋਂ ਬਿਗ ਬ੍ਰਦਰ ਦੀ ਪਾਰਟੀ ਸੱਤਾ ਵਿਚ ਆ ਗਈ। ਵਿੰਸਟਨ ਇਸ ਪਾਰਟੀ ਦਾ ਮੈਂਬਰ ਹੈ। ਉਹ ਮਿਨਿਏਚਰ ਵਿਚ ਕੰਮ ਕਰਦਾ ਹੈ। ਮਿਨਿਏਚਰ ਨੂੰ ਸੱਚ ਦੀ ਵਜ਼ਾਰਤ ਦਾ ਦਰਜਾ ਪ੍ਰਾਪਤ ਹੈ। ਉਹ ਦਿਨ ਰਾਤ ਭੂਤ ਕਾਲ ਨੂੰ ਪਾਰਟੀ ਦੀ ਸੋਚ ਅਨੁਸਾਰ ਬਦਲ ਕੇ ਨਵਾਂ ਰੂਪ ਦੇਣ ਵਿਚ ਰੁੱਝਾ ਹੋਇਆ ਹੈ। ਉਹ ਇਹ ਸਾਬਤ ਕਰਨ

ਦੀ ਕੋਸ਼ਿਸ਼ ਵਿਚ ਹੈ ਕਿ ਪਾਰਟੀ ਸਰਬ ਗਿਆਨੀ ਹੈ। ਹਰ ਰੋਜ਼ ਸਰਕਾਰ ਦੇ ਕਹਿਣ 'ਤੇ ਇਤਿਹਾਸ ਨੂੰ ਬਦਲਣ ਦੇ ਕੰਮ ਨੇ ਵਿੰਸਟਨ ਦੇ ਮਨ ਵਿਚ ਸਹੀ ਇਤਿਹਾਸ ਨੂੰ ਖੋਜਣ ਦੀ ਲਾਲਸਾ ਪੈਦਾ ਕਰ ਦਿੱਤੀ। ਇਹ ਕੰਮ ਬੜਾ ਖ਼ਤਰਨਾਕ ਸੀ। ਇਸ ਦਾ ਸਿੱਟਾ ਇਹ ਨਿਕਲਿਆ ਕਿ-ਉਹ ਸੰਸਾਰ ਜਿਸ ਵਿਚ ਸੋਚਣ ਦੇ ਜੁਰਮ ਦੀ ਸਜਾ ਮੌਤ ਹੋਵੇ, ਜਿੱਥੇ ਸੱਚੇ ਇਤਿਹਾਸ ਦੀ ਖੋਜ ਦੇ ਜੁਰਮ ਦੀ ਸਜਾ ਵੀ ਮੌਤ ਹੋਵੇ, ਓਥੇ ਤੁਸੀਂ ਕੀ ਕਰ ਸਕਦੇ ਹੋ, ਪਰ ਵਿੰਸਟਨ ਨੇ ਡਾਇਰੀ ਲਿਖਣੀ ਸ਼ੁਰੂ ਕਰ ਦਿੱਤੀ। ਉਹਦੇ ਵਿਚ ਉਹ ਬਿਗ ਬ੍ਰਦਰ ਦੀ ਆਲੋਚਨਾ ਕਰਦਾ ਹੈ। ਉਹਨੇ ਆਪਣੇ ਘਰ ਦੀ ਕੰਧ ਵਿਚ ਇਕ ਘੁਰਨਾ ਪੁੱਟਿਆ ਹੋਇਆ ਹੈ ਜਿੱਥੇ ਬਹਿ ਕੇ ਉਹ ਲੁਕ ਕੇ ਲਿਖਦਾ ਹੈ। ਇੱਥੋਂ ਉਹਨੂੰ ਖ਼ੂਨੀ ਅੱਖ ਅਰਥਾਤ ਟੈਲੀਸਕਰੀਨ 'ਤੇ ਨਹੀਂ ਸੀ ਦੇਖਿਆ ਜਾ ਸਕਦਾ। ਇਕਾਂਤ ਵਿਚ ਬਹਿ ਕਿ ਕੰਮ ਕਰਨ ਦੀ ਮਨਾਹੀ ਸੀ ਤੇ ਇਸ ਨੂੰ ਬ਼ਗਾਵਤ

ਸਮਝਿਆ ਜਾਂਦਾ ਸੀ। ਇਸ ਨਾਵਲ ਵਿਚ ਲੇਖਕ ਨੇ ਭਵਿੱਖ ਦੇ ਲੋਕਾਂ ਨੂੰ ਚਿਤਾਵਨੀ ਦਿੱਤੀ ਸੀ ਕਿ-ਆਉਣ ਵਾਲੇ ਸਮੇਂ ਵਿਚ ਸਿਆਸੀ ਪਾਰਟੀਆਂ ਤੇ ਨਵੀਂ ਟੈਕਨਾਲੋਜੀ ਇਨਸਾਨ ਦੀ ਨਿੱਜੀ ਅਜ਼ਾਦੀ ਨੂੰ ਗ਼ੁਲਾਮ ਬਣਾ ਲੈਣਗੀਆਂ ਤੇ ਇਕ ਖ਼ੂਨੀ ਅੱਖ ਹਰ ਵਿਅਕਤੀ ਦੇ ਹਰ ਘੁਰਨੇ ਵਿਚ ਛੁਪੀ ਹੋਵੇਗੀ। ਇਹ ਕਿਸੇ ਨੂੰ ਨਜ਼ਰ ਨਹੀਂ ਆਵੇਗੀ ਪਰ ਇਹ ਹਾਕਮ ਨੂੰ ਸਭ ਕੁਝ ਦੱਸਣ ਦੇ ਸਮਰੱਥ ਹੋਵੇਗੀ। ਇੱਥੋਂ ਤਕ ਕਿ ਤੁਸੀਂ ਚੋਰੀ ਚੋਰੀ ਕੀ ਖਾ ਰਹੇ ਹੋ, ਪਕਾ ਰਹੇ ਹੋ, ਕਿਹੜਾ ਕੰਮ ਕਰ ਰਹੇ ਹੋ, ਕੀ ਸੋਚ ਰਹੇ ਹੋ, ਕੀ ਪੀ ਰਹੇ ਹੋ ਤੇ ਕਿਸ ਖ਼ਿਲਾਫ਼ ਤੁਹਾਡਾ ਖ਼ੂਨ ਖੌਲ ਰਿਹਾ ਹੈ। ਅੱਜ ਅਸੀਂ ਭਾਵੇਂ ਅਜ਼ਾਦ ਜਿਹੇ ਜਾਪਦੇ ਹਾਂ ਪਰ ਵੱਡੇ ਭਾਈ ਦੇ ਗ਼ੁਲਾਮ ਹਾਂ ਤੇ ਉਹਦੀ ਪੈਨੀ ਨਜ਼ਰ ਦਾ ਕਵਚ ਸਾਡੇ ਚਾਰੇ ਪਾਸੇ ਹੈ ਪਰ ਨਜ਼ਰ ਨਹੀਂ ਆ ਰਿਹਾ। ਆਰਵੈੱਲ ਓਸੇ ਨੂੰ "1984" ਵਿਚ ਪੇਸ਼ ਕਰ ਰਿਹਾ ਹੈ ਤੇ ਉਹ ਵੀ ਲਾਜਵਾਬ ਤਰੀਕੇ ਨਾਲ ਤੇ ਹੌਲੀ ਹੌਲੀ ਖ਼ੂਨੀ

ਅੱਖ ਦਾ ਭੇਦ ਸਾਡੇ ਸਾਹਮਣੇ ਖੁੱਲ੍ਹਣ ਲੱਗਦਾ ਹੈ ਤੇ ਫਿਰ ਖੁੱਲ੍ਹੀ ਜਾਂਦਾ ਹੈ, ਖੁੱਲ੍ਹੀ ਜਾਂਦਾ...

46

ਮਾਂ ਬੋਲੀ ਜੇ ਭੁੱਲ ਜਾਓਗੇ...

21 ਫਰਵਰੀ, 1952 ਦਾ ਉਹ ਦਿਨ ਜਦੋਂ ਮਾਂ ਬੋਲੀ ਦੀ ਰਾਖੀ ਲਈ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਢਾਕਾ ਯੂਨੀਵਰਸਿਟੀ, ਜਗਨਨਾਥ ਯੂਨੀਵਰਸਿਟੀ ਤੇ ਮੈਡੀਕਲ ਕਾਲਜ ਢਾਕੇ ਦੇ ਸੂਝਵਾਨ ਵਿਦਿਆਰਥੀ ਉਨ੍ਹਾਂ ਸਾਮਰਾਜੀ ਗੋਲੀਆਂ ਦੇ ਸ਼ਿਕਾਰ ਹੋ ਗਏ, ਜਿਹੜੀਆਂ ਹਮੇਸ਼ਾ ਲੋਕ ਬੋਲੀਆਂ ਨੂੰ ਕੁਚਲਦੀਆਂ ਆਈਆਂ ਹਨ। ਉਨ੍ਹਾਂ ਦਾ ਕਸੂਰ ਏਨਾ ਸੀ ਕਿ ਉਹ ਮਾਂ ਬੋਲੀ ਬੰਗਲਾ ਲਈ ਉਹਦਾ ਹੱਕ ਮੰਗ ਰਹੇ ਸਨ। ਭਾਸ਼ਾ ਦੇ ਇਸ ਯੱਗ ਵਿਚ ਜਾਨਾਂ ਦੀ ਅਹੂਤੀ ਪਾਉਣ ਵਾਲਿਆਂ ਵਿਚ ਅਬਦੁਲ ਸਲਾਮ, ਰਫ਼ੀਕ ਉਦਦੀਨ, ਅਬੁਲ ਬਰਕਤ ਤੇ ਅਬਦੁਲ ਜੱਬਾਰ ਸ਼ਾਮਲ ਸਨ। ਉਨ੍ਹਾਂ ਦੀ ਭਾਸ਼ਾ ਕੁਰਬਾਨੀ ਨੂੰ ਸਲਾਮ ਕਰਦਿਆਂ 17

ਨਵੰਬਰ,1999 ਨੂੰ ਯੂਨੈਸਕੋ ਨੇ ਉਨ੍ਹਾਂ ਦੇ ਸ਼ਹੀਦੀ ਦਿਹਾੜੇ ਨੂੰ ਕੌਮਾਂਤਰੀ ਮਾਤ ਭਾਸ਼ਾ ਦਿਵਸ ਵਜੋਂ ਮਨਾਉਣ ਦਾ ਅਹਿਦ ਲਿਆ। ਜਦੋਂ ਮਨੁੱਖ ਨੂੰ ਪਰਿਭਾਸ਼ਿਤ ਕੀਤਾ ਜਾਂਦਾ ਹੈ ਤਾਂ ਕਿਹਾ ਜਾਂਦਾ ਹੈ ਕਿ ਮਨੁੱਖ ਇਕ ਸਮਾਜਕ ਪ੍ਰਾਣੀ ਹੈ ਪਰ ਅਸਲ ਵਿਚ ਉਹ ਭਾਸ਼ਾ ਪ੍ਰਾਣੀ ਹੈ ਕਿਉਂਕਿ ਭਾਸ਼ਾ ਨੇ ਉਹਦੀ ਬੁੱਧੀ ਨੂੰ ਵਿਕਸਤ ਕਰਕੇ ਉਹਨੂੰ ਇਸ ਧਰਤੀ ਦਾ ਸਿਕਦਾਰ ਬਣਾਇਆ ਹੈ। ਇਕ ਅਨੁਮਾਨ ਹੈ ਕਿ ਮਨੁੱਖ ਨੇ ਅੱਜ ਤੋਂ ਕੋਈ ਦਸ ਲੱਖ ਵਰ੍ਹੇ ਪਹਿਲਾਂ ਭਾਸ਼ਾ ਦੀ ਕਾਢ ਕੱਢ ਲਈ ਸੀ। ਮਨੁੱਖੀ ਭਾਸ਼ਾ ਬਾਰੇ ਬੜੀਆਂ ਕਲਪਨਾ-ਸ਼ੀਲ ਮਿੱਥਾਂ ਘੜੀਆਂ ਗਈਆਂ ਹਨ, ਮਸਲਨ ਇਸਾਈਆਂ ਦਾ ਮੱਤ ਹੈ ਕਿ ਪ੍ਰਭੂ ਨੇ ਬਾਬਾ ਆਦਮ ਨੂੰ ਸੰਸਾਰਕ ਵਸਤੂਆਂ ਦੇ ਨਾਂ ਘੜਨ ਦੀ ਸ਼ਕਤੀ ਬਖ਼ਸ਼ੀ। ਉਨ੍ਹਾਂ ਦੀ ਧਾਰਮਿਕ ਪੋਥੀ ‘ਬੁੱਕ ਆਫ਼ ਜੈਨਿਸਿਸ’ ਵਿਚ ਦਰਜ ਹੈ ਕਿ ਪ੍ਰਭੂ ਨੇ ਛੇ ਦਿਨਾਂ ਵਿਚ ਇਸ ਦੁਨੀਆ ਦੀ ਸਿਰਜਨਾ ਕੀਤੀ ਤੇ ਵਸਤੂਆਂ, ਮਨੁੱਖਾਂ, ਪਸ਼ੂ ਪੰਖੀਆਂ ਦਾ

ਨਾਮਕਰਨ ਕੀਤਾ ਤੇ ਐਤਵਾਰ ਪ੍ਰਭੂ ਨੇ ਅਰਾਮ ਕੀਤਾ। ਏਸੇ ਤਰ੍ਹਾਂ ਮਿਸਰ ਦੇ ਦੇਵਤੇ ਥੋਥ ਨੂੰ ਉਨ੍ਹਾਂ ਦੀ ਭਾਸ਼ਾ ਦਾ ਮੋਢੀ ਮੰਨਿਆ ਜਾਂਦਾ ਹੈ। ਬੇਬੀਲੋਨੀਆ ਵਾਲੇ ਨਾਬੂ ਦੇਵਤੇ ਨੂੰ ਆਪਣੀ ਭਾਸ਼ਾ ਦਾ ਰਚਣਹਾਰਾ ਮੰਨਦੇ ਹਨ। ਸਵਰਗ ਦੇ ਦੂਤ ਨੂੰ ਲਕੀਰਾਂ ਵਾਲੀ ਪਿੱਠ ਵਾਲੇ ਕੱਛੂਕੁੰਮੇ ਦੇ ਰੂਪ ਵਿਚ ਭੇਜ ਕੇ ਰੱਬ ਨੇ ਚੀਨੀਆਂ ਨੂੰ ਲਿਖਣਾ ਸਿਖਾਇਆ। ਭਾਰਤੀ ਸਰਸਵਤੀ ਤੇ ਬ੍ਰਹਮਾ ਨੂੰ ਗਿਆਨ ਦੇ ਦੇਵੀ ਦੇਵਤੇ ਮੰਨਦੇ ਹਨ। ਬੇਬੀਲੋਨੀਆ ਦੀ ਮਿੱਥ ਵੀ ਬੜੀ ਦਿਲਚਸਪ ਹੈ। ਕਹਿੰਦੇ ਨੇ ਕਿ ਮਿਸਰੀ ਲੋਕ ਬੜੇ ਸਿਆਣੇ ਤੇ ਤਾਕਤਵਰ ਸਨ। ਇਕ ਵਾਰ ਉਨ੍ਹਾਂ ਨੇ ਰਲ ਕੇ ਮਸ਼ਵਰਾ ਕੀਤਾ ਕਿ ਕਿਉਂ ਨਾ ਸੱਤਵੇਂ ਅਕਾਸ਼ 'ਤੇ ਬੈਠੇ ਰੱਬ ਦਾ ਪਤਾ ਲਾਇਆ ਜਾਵੇ ਕਿ ਉਹ ਦੁਨੀਆ ਨੂੰ ਕਿਵੇਂ ਚਲਾਉਂਦਾ ਹੈ। ਉਨ੍ਹਾਂ ਨੇ ਇਕ ਵੱਡਾ ਮਿਨਾਰ ਉਸਾਰਨਾ ਸ਼ੁਰੂ ਕਰ ਦਿੱਤਾ। ਉਹ ਉੱਸਰਦਾ ਹੋਇਆ ਛੇਵੇਂ ਅਕਾਸ਼ ਤੱਕ ਪਹੁੰਚ ਗਿਆ। ਜਦੋਂ ਸੱਤਵੇਂ ਅਕਾਸ਼ ਤੋਂ ਰੱਬ ਨੇ ਦੇਖਿਆ ਕਿ ਮਨੁੱਖ

ਉਹਦੇ ਤੱਕ ਪਹੁੰਚਣ ਵਾਲਾ ਹੈ ਤਾਂ ਉਹਨੇ ਸੋਚਿਆ ਕਿ ਇੰਜ ਤਾਂ ਮਨੁੱਖ ਨੂੰ ਪਤਾ ਲੱਗ ਜਾਏਗਾ ਕਿ ਦੁਨੀਆ ਕਿਵੇਂ ਚੱਲ ਰਹੀ ਹੈ, ਤਾਂ ਉਹਨੇ ਕਾਲੇ ਸ਼ਾਹ ਬੱਦਲ ਭੇਜ ਕੇ ਹਨੇਰਾ ਕਰ ਦਿੱਤਾ ਹੈ, ਬਿਜਲੀਆਂ ਦਾ ਕਹਿਰ ਵਰਤਾ ਕੇ ਜ਼ੋਰਾਂ ਦਾ ਮੀਂਹ ਪੁਆ ਦਿੱਤਾ ਤੇ ਦੇਖਦੇ ਦੇਖਦੇ ਮਿਨਾਰ ਟੁਕੜੇ ਟੁਕੜੇ ਹੋ ਕੇ ਧਰਤੀ 'ਤੇ ਖਿੱਲਰ ਗਿਆ। ਉਨ੍ਹਾਂ ਦਾ ਮੱਤ ਹੈ ਕਿ ਸਾਰੇ ਕਾਰੀਗਰ ਜੋ ਮਿਨਾਰ ਬਣਾ ਰਹੇ ਸਨ, ਉਹ ਵੀ ਦੁਨੀਆ ਵਿਚ ਖਿੱਲਰ ਗਏ। ਇੰਜ ਮਿਸਰੀ ਭਾਸ਼ਾ ਜੋ ਉਹ ਬੋਲਦੇ ਸਨ ਉਸ ਤੋਂ ਦੁਨੀਆ ਦੀਆਂ ਵੱਖ ਵੱਖ ਜ਼ਬਾਨਾਂ ਬਣੀਆਂ ਹਨ। ਰਸੂਲ ਹਮਜ਼ਾਤੋਵ ਲਿਖਦਾ ਹੈ- ਅੱਲ੍ਹਾ ਦਾ ਭੇਜਿਆ ਦੂਤ ਖੱਚਰ 'ਤੇ ਸਵਾਰ ਹੋ ਕੇ ਧਰਤੀ 'ਤੇ ਜਾ ਰਿਹਾ ਸੀ। ਆਪਣੀ ਬਹੁਤ ਵੱਡੀ ਖ਼ੁਰਜੀ ਵਿਚੋਂ ਭਾਸ਼ਾਵਾਂ ਕੱਢ ਕੱਢ ਕੇ ਉਹ ਵੱਖ ਵੱਖ ਜਨਪਦਾਂ ਤੇ ਕੌਮਾਂ ਵਿਚ ਵੰਡ ਰਿਹਾ ਸੀ। ਚੀਨੀਆਂ ਨੂੰ ਉਹਨੇ ਚੀਨੀ ਭਾਸ਼ਾ ਮੰਡਾਰਨ ਦਿੱਤੀ। ਅਰਬਾਂ ਵੱਲ ਗਿਆ ਤਾਂ

ਉਨ੍ਹਾਂ ਨੂੰ ਅਰਬੀ ਜ਼ਬਾਨ ਸੌਂਪ ਦਿੱਤੀ। ਇੰਜ ਹੀ ਯੂਨਾਨੀਆਂ ਨੂੰ ਯੂਨਾਨੀ, ਰੂਸੀਆਂ ਨੂੰ ਰੂਸੀ ਤੇ ਫਰਾਂਸੀਸੀਆਂ ਨੂੰ ਫਰੈਂਚ ਦੇ ਦਿੱਤੀ। ਇਹ ਸਾਰੀਆਂ ਭਾਸ਼ਾਵਾਂ ਵੱਖ ਵੱਖ ਕਿਸਮਾਂ ਦੀਆਂ ਸਨ- ਕੁਝ ਮਿੱਠੀਆਂ, ਕੁਝ ਸਖ਼ਤ, ਕੁਝ ਲੱਛੇਦਾਰ ਤੇ ਕੁਝ ਕੋਮਲ। ਸਾਰੇ ਇਸ ਕੀਮਤੀ ਤੋਹਫੇ ਨਾਲ ਨਿਹਾਲ ਹੋਏ ਆਪੋ ਆਪਣੀ ਭਾਸ਼ਾ ਬੋਲਣ ਲੱਗੇ। ਖੱਚਰ ਦੀ ਸਵਾਰੀ ਕਰਦਿਆਂ ਉਹ ਦੂਤ ਅਖੀਰ ਦਾਗ਼ਿਸਤਾਨ ਆ ਗਿਆ ਤੇ ਕਈ ਪਿੰਡਾਂ ਵਿਚ ਭਾਸ਼ਾਵਾਂ ਵੰਡਣ ਲੱਗਾ। ਏਨੇ ਨੂੰ ਦਾਗ਼ਿਸਤਾਨੀ ਪਹਾੜਾਂ ਵਿਚ ਜ਼ੋਰਦਾਰ ਬਰਫ਼ੀਲਾ ਤੂਫ਼ਾਨ ਆਇਆ। ਦੱਰਿਆਂ ਵਿਚ ਬਰਫ਼ ਜ਼ੋਰ ਜ਼ੋਰ ਦੀ ਚੱਕਰ ਕੱਟਦੀ ਉਤਾਂਹ ਵੱਲ ਜਾਂਦੀ, ਖੌਰੂ ਪਾਉਣ ਲੱਗੀ। ਦੂਤ ਘਬਰਾ ਗਿਆ ਕਿ ਅਜਿਹੇ ਬਰਫ਼ੀਲੇ ਮੌਸਮ ਵਿਚ ਉਹ ਹੋਰ ਉਤਾਂਹ ਚਟਾਨਾਂ 'ਤੇ ਨਹੀਂ ਚੜ੍ਹ ਸਕਦਾ। ਉਹਨੇ ਆਪਣੀ ਖ਼ੁਰਜੀ ਵਿਚ ਬਾਕੀ ਬਚੀਆਂ ਦੋ ਕੁ ਮੁੱਠਾਂ ਭਾਸ਼ਾਵਾਂ ਨੂੰ ਪਹਾੜਾਂ 'ਤੇ ਖਲਾਰ ਦਿੱਤਾ

ਤਾਂ ਜੋ ਤੂਫ਼ਾਨ ਤੋਂ ਬਾਅਦ ਜਿਸ ਨੂੰ ਜਿਹੜੀ ਚੰਗੀ ਲੱਗੇਗੀ ਲੈ ਜਾਵੇਗਾ। ਤੂਫ਼ਾਨ ਰੁਕਣ ਤੋਂ ਬਾਅਦ ਹਰੇਕ ਨੇ ਆਪਣੇ ਲਈ ਕੀਮਤੀ ਮਾਂ ਬੋਲੀ ਚੁਣ ਲਈ ਤੇ ਮਨਾਂ ਅੰਦਰ ਵਸਾ ਕੇ ਸਾਹ ਵਾਂਗ ਪੀ ਲਈ ਤਾਂ ਜੋ ਉਨ੍ਹਾਂ ਦੇ ਰਗ ਰੇਸ਼ੇ ਵਿਚ ਵੱਸ ਕੇ ਅਗਲੀ ਪੀੜ੍ਹੀ ਤੱਕ ਪਹੁੰਚ ਸਕੇ।

ਪੋਸਟ ਸਕਰਿਪਟ

ਕੀ ਮੇਰੀ ਮਾਂ ਬੋਲੀ ਦਰਿਆਵਾਂ ਦੇ ਨਿਰਮਲ ਪਾਣੀਆਂ ਤੇ ਖੇਤਾਂ ਵਿਚੋਂ ਉੱਗਦੇ ਸੂਰਜ ਵਾਂਗ ਨਹੀਂ ਜੰਮੀ। ਕੌਣ ਇਸ ਨੂੰ ਇਸ ਧਰਤ ’ਤੇ ਛੱਡ ਗਿਆ? ਕੀ ਇਹਨੂੰ ਵੀ ਰੱਬ ਦਾ ਕੋਈ ਦੂਤ ਵੰਡਣ ਆਇਆ ਹੋਵੇਗਾ? ਏਸੇ ਕਰਕੇ ਰੱਬ ਦੇ ਪਿਆਰੇ ਨਾਨਕ ਨੇ ਇਹਦੀ ਬਾਂਹ ਫੜੀ ਤੇ ਮੇਰੀ ਇਹ ਮਾਂ ਬੋਲੀ ਕਣਕ ਦੇ ਸੁਨਹਿਰੀ ਦਾਣਿਆਂ ਵਿਚ ਮਿਠਾਸ ਵਾਂਗ ਰਮ ਗਈ। ਰਿਗਵੇਦ ਦੇ

ਰਚਣਹਾਰਿਆਂ ਨੇ ਇਸ ਬੋਲੀ ਨੂੰ ਤਨ ਮਨ ਵਿਚ ਵਸਾ ਲਿਆ ਹੋਵੇਗਾ, ਏਸੇ ਕਰਕੇ ਇਹ ਸਾਡੇ ਸਾਹਾਂ ਵਿਚ ਜਿਊਂਦੀ ਹੈ, ਫਿਰ ਇਸ ਨੂੰ ਭੁੱਲਦੇ ਕਿਉਂ ਜਾ ਰਹੇ ਹਾਂ। ਬਾਬੇ ਨੇ ਹੀ ਤਾਂ ਕਿਹਾ ਸੀ ਕਿ- "ਘਰਿ ਘਰਿ ਮੀਆ ਸਭਨਾਂ ਜੀਆਂ, ਬੋਲੀ ਅਵਰ ਤੁਮਾਰੀ" ਕੀ ਹੁਣ ਅਸੀਂ ਫਿਰ ਪਰਾਈ ਬੋਲੀ ਬੋਲਣ ਵੱਲ ਤੁਰ ਪਵਾਂਗੇ? ਨਹੀਂ ਆਓ ਮਾਂ ਬੋਲੀ ਦੀ ਅਹਿਮੀਅਤ ਸਮਝੀਏ ਤੇ ਇਸ ਨੂੰ ਅਗਲੀਆਂ ਪੀੜ੍ਹੀਆਂ ਲਈ ਤਨ, ਮਨ ਤੇ ਸਾਹਾਂ ਵਿਚ ਵਸਾ ਲਈਏ। ਕਿਸੇ ਸ਼ਾਇਰ ਨੇ ਠੀਕ ਹੀ ਕਿਹਾ ਹੈ- ਮਾਂ ਬੋਲੀ ਜੇ ਭੁੱਲ ਜਾਓਗੇ, ਤਾਂ ਕੱਖਾਂ ਵਾਂਗੂ ਰੁਲ ਜਾਓਗੇ।

47

ਝੂਠ ਦੀ ਦੁਕਾਨ ਤੋਂ ਗਿਲੋਟੀਨ ਤੱਕ

ਅੱਜ ਕੱਲ੍ਹ ਚੋਣਾਂ ਦਾ ਦੌਰ ਹੈ। ਹਰ ਉਮੀਦਵਾਰ ਰੱਜ ਕੇ ਝੂਠ ਬੋਲ ਰਿਹਾ ਹੈ, ਆਪਣੇ ਵਿਰੋਧੀਆਂ 'ਤੇ ਚਿੱਕੜ ਦੇ ਭਰੇ ਟਰੱਕ ਉਲਟਾ ਰਿਹਾ ਹੈ, ਵੋਟਰਾਂ ਨੂੰ ਰੰਗ ਬਿਰੰਗੇ ਸੁਪਨੇ ਦਿਖਾ ਕੇ ਲੁੱਟਣ ਦੀ ਤਿਆਰੀ ਵਿਚ ਹੈ। ਵੋਟਰਾਂ ਨੂੰ ਅੱਜ ਇਕ ਉਮੀਦਵਾਰ ਚੰਗਾ ਲੱਗਦਾ ਹੈ ਭਲਕੇ ਉਹਦੀ ਉਲਟ ਤੇ ਲੋਕ ਦੋਖੀ ਤਸਵੀਰ ਸਾਹਮਣੇ ਆ ਜਾਂਦੀ ਹੈ। ਉਮੀਦਵਾਰਾਂ ਵਿਚ ਅਪਰਾਧੀ, ਚੋਰ, ਲੁਟੇਰੇ, ਰੇਪਿਸਟ, ਫ੍ਰਿਸ਼ਟ, ਦੋਗਲੇ, ਮੋਗਲੇ, ਚਾਪਲੂਸ, ਦਲ ਬਦਲੂ, ਫਰਾਡੀਏ ਤੇ ਹੋਰ ਪਤਾ ਨਹੀਂ ਕਿੰਨੀਆਂ ਕਿਸਮਾਂ ਦੇ ਹਨ। ਵੱਡੀ ਗਿਣਤੀ ਵਿਚ ਕਰੋੜਪਤੀ ਤੇ ਮਿਲਖਾਂ ਦੇ ਮਾਲਕ ਹਨ। ਉਨ੍ਹਾਂ ਦੀਆਂ ਜਾਇਦਾਦਾਂ ਤੇ ਪੈਸਾ ਟਕਾ ਗਿਣਦਿਆਂ ਆਮ ਵੋਟਰ ਤਾਂ

ਅੰਨ੍ਹਾ ਹੀ ਹੋ ਜਾਵੇ। ਉਨ੍ਹਾਂ ਦੇ ਮਗਰ ਮਗਰ ਫਿਰਦੇ ਟੁੱਕੜਬੋਚ ਨਾਅਰੇ ਲਾ ਰਹੇ ਹਨ-ਫਲਾਣਿਆ ਤੇਰੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ'। ਪਤਾ ਨਹੀਂ ਉਨ੍ਹਾਂ ਦੀ ਸੋਚ ਕਿਹੋ ਜਿਹੀ ਹੈ ਜਿਸ ਨੇ ਪੰਜਾਬ ਨੂੰ ਲੁੱਟ ਕੇ ਕੰਕਾਲ ਬਣਾ ਦਿੱਤਾ ਹੈ ਤੇ ਹੁਣ ਉਹਦੀਆਂ ਹੱਡੀਆਂ ਚੱਬਣ ਲਈ ਜ਼ੋਰ ਲਾ ਰਹੇ ਹਨ। ਇਨ੍ਹਾਂ ਦੇ ਸੁੱਖ ਰਹਿਣੇ ਹੋਟਲਾਂ, ਫਾਰਮ ਹਾਊਸਾਂ, ਮਹਿਲਾਂ ਨੂੰ ਦੇਖ ਕੇ ਲਗਦਾ ਹੈ ਕਿ ਇਹ ਅਜੇ ਵੀ ਗ਼ਰੀਬ ਹਨ ਤੇ ਪੰਜਾਬ ਦੇ ਲੋਕਾਂ ਨੂੰ ਯਰਗਮਾਲ ਬਣਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ। ਅੱਜ ਫਰਾਂਸ ਦੇ ਇਤਿਹਾਸ ਬਾਰੇ ਪੜ੍ਹ ਰਿਹਾ ਸਾਂ ਤਾਂ ਇਕ ਬੜਾ ਦਿਲਚਸਪ ਕਿੱਸਾ ਹੱਥ ਲੱਗਾ। ਫਰਾਂਸ ਦੀ ਆਖ਼ਰੀ ਮਹਾਰਾਣੀ ਮੈਰੀ ਐਨਤੋਈਨੇਤ ਜਦੋਂ ਆਪਣੀ ਫ਼ਜ਼ੂਲ-ਖ਼ਰਚੀ ਲਈ ਸਰਕਾਰੀ ਖ਼ਜ਼ਾਨਾ ਚੂੰਡ ਕੇ ਥੱਕ ਗਈ ਤਾਂ ਉਹਨੂੰ ਇਕ ਨਵੀਂ ਘੁਤਿੱਤ ਸੁੱਝੀ। ਲੋਕਾਂ ਨੂੰ ਮੂਰਖ ਬਣਾਉਣ ਤੇ ਉਨ੍ਹਾਂ ਦੀ ਕਿਰਤ ਦਾ ਮਜ਼ਾਕ ਉਡਾਉਣ ਲਈ ਉਹਨੇ

ਆਪਣੇ ਸਲਾਹਕਾਰਾਂ ਨੂੰ ਹੁਕਮ ਦਿੱਤਾ ਕਿ ਸਰਕਾਰੀ ਖਜ਼ਾਨੇ ਵਿਚੋਂ ਉਹਦੇ ਲਈ ਇਕ ਨਕਲੀ ਪਿੰਡ ਵਸਾਇਆ ਜਾਵੇ, ਜਿੱਥੇ ਉਹ ਇਕ ਪੇਂਡੂ ਔਰਤ ਵਾਂਗ ਰਹੇਗੀ। ਉਸ ਸਮੇਂ ਫਰਾਂਸ ਦੀ ਆਰਥਕ ਸਥਿਤੀ ਅੱਜ ਦੇ ਪੰਜਾਬ ਵਰਗੀ ਸੀ। ਅਜਿਹੇ ਸਮੇਂ ਮੈਰੀ ਐਨਤੋਈਨੇਤ ਦੇ ਇਸ ਡਰੀਮ ਪ੍ਰੋਜੈਕਟ ਲਈ ਫਰਾਂਸ ਦਾ ਖ਼ਜ਼ਾਨਾ ਖ਼ਾਲੀ ਕਰ ਦਿੱਤਾ ਗਿਆ। ਸੰਨ 1788 ਵਿਚ ਤਿਆਰ ਹੋਏ ਇਸ ਪਿੰਡ ਵਿਚ ਨਕਲੀ ਚਰਾਗਾਹਾਂ, ਝਰਨੇ, ਝੀਲਾਂ, ਨਦੀਆਂ ਤੇ ਖੇਤ ਬਣਾਏ ਗਏ ਤਾਂ ਕਿ ਕੁਦਰਤ ਨੂੰ ਧੋਖਾ ਦੇਣ ਦੇ ਨਾਲ ਨਾਲ ਲੋਕਾਂ ਨੂੰ ਮਾਨਸਿਕ ਤੌਰ 'ਤੇ ਛਲ਼ ਕਪਟ ਨਾਲ ਗ਼ੁਲਾਮ ਬਣਾਇਆ ਜਾ ਸਕੇ। ਇਸ ਛੋਟੇ ਜਿਹੇ ਪਿੰਡ ਵਿਚ ਖ਼ੁਸ਼ਬੋਦਾਰ ਫੁੱਲਾਂ ਦੇ ਬਾ਼ਗ਼ ਬਗੀਚੇ ਤਿਆਰ ਕਰਕੇ ਵਿਚ ਪ੍ਰੇਮ ਮੰਦਰ ਉਸਾਰਿਆ ਗਿਆ। ਪੇਂਡੂ ਇਮਾਰਤੀ ਕਲਾ ਨਾਲ ਝੌਂਪੜੀਆਂ ਤੇ ਵਿਹੜੇ ਬਣਾਏ ਗਏ। ਇਨ੍ਹਾਂ ਤੋਂ ਇਲਾਵਾ ਫਾਰਮ ਹਾਊਸ, ਡੇਅਰੀ ਫਾਰਮ, ਮੁਰਗੀਖ਼ਾਨੇ,

ਪਾਲਤੂ ਬੱਤਖ਼ਾਂ ਲਈ ਵਾੜੇ ਤੇ ਕਈ ਪ੍ਰਕਾਰ ਦੇ ਪੰਛੀਆਂ ਲਈ ਆਲ੍ਹਣੇ ਬਣਾਏ ਗਏ। ਲੁਕਵੇਂ ਰੂਪ ਵਿਚ ਨਾਚ ਘਰ, ਜੂਏ ਖ਼ਾਨੇ, ਸ਼ਰਾਬ ਨੋਸ਼ੀ ਦਾ ਪੂਰਾ ਪ੍ਰਬੰਧ ਕੀਤਾ ਗਿਆ। ਮਹਾਰਾਣੀ ਮੈਰੀ ਤੇ ਉਹਦੀਆਂ ਸਖ਼ੀਆਂ, ਸਹੇਲੀਆਂ, ਚਹੇਤੀਆਂ, ਟਹਿਲਣਾਂ ਸਭ ਪੇਂਡੂ ਔਰਤਾਂ ਵਾਂਗ ਰਹਿਣ ਦਾ ਨਾਟਕ ਕਰਦੀਆਂ, ਜਦੋਂ ਕਿ ਉਨ੍ਹਾਂ ਦੇ ਚਾਰੇ ਪਾਸੇ ਸਰਕਾਰੀ ਸੁੱਖ ਸੁਵਿਧਾਵਾਂ ਦੇ ਢੇਰ ਸਨ। ਫਾਰਮ ਹਾਊਸ ਵਿਚ ਰਹਿਣ ਵਾਲੇ ਪਸ਼ੂਆਂ ਦੀ ਦੇਖ ਭਾਲ ਤੇ ਖੇਤੀ ਬਾੜੀ ਲਈ ਕੁਝ ਅਸਲੀ ਕਿਸਾਨ ਨੌਕਰੀ 'ਤੇ ਰੱਖੇ ਗਏ ਜੋ ਸਾਗ-ਸਬਜ਼ੀਆਂ ਉਗਾਉਂਦੇ, ਪਸ਼ੂਆਂ ਦਾ ਗੋਹਾ ਕੂੜਾ ਕਰਦੇ, ਮੁਰਗ਼ੀਆਂ, ਬੱਤਖ਼ਾਂ ਪਾਲਦੇ, ਜਾਨਵਰਾਂ ਦਾ ਸ਼ਿਕਾਰ ਕਰਦੇ। ਕਦੇ ਕਤਾਈਂ ਜੇ ਮਹਾਰਾਣੀ ਨੂੰ ਗਾਵਾਂ, ਬੱਕਰੀਆਂ ਚੋਣ ਦਾ ਸ਼ੁ਼ਗਲ ਉਠਦਾ ਤਾਂ ਕਾਮੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਨੁਹਾ ਧੁਆ ਕੇ ਰੀਬਨ ਬੰਨ੍ਹ ਕੇ ਸਜਾ ਦੇਂਦੇ ਜਿਵੇਂ ਪੰਜਾਬ ਦੀਆਂ ਪਸ਼ੂ ਮੰਡੀਆਂ ਵਿਚ ਵੇਚਣ ਲਈ ਲਿਆਂਦੇ

ਪਸ਼ੂ ਸ਼ਿੰਗਾਰੇ ਜਾਂਦੇ ਹਨ, ਸੋਨੇ ਚਾਂਦੀ ਦੇ ਭਾਂਡਿਆਂ ਵਿਚ ਮੁਰਗ਼ੀਆਂ, ਬੱਤਖ਼ਾਂ ਲਈ ਦਾਣੇ ਪਾ ਦੇਂਦੇ ਤਾਂ ਜੋ ਮਹਾਰਾਣੀ ਆਪਣਾ ਚਾਅ ਪੂਰਾ ਕਰ ਲਵੇ, ਜਿਵੇਂ ਸਾਡੇ ਲੀਡਰ ਸਫ਼ਾਈ ਪ੍ਰੋਜੈਕਟਾਂ ਲਈ ਸਾਫ਼ ਕੀਤੀਆਂ ਸੜਕਾਂ 'ਤੇ ਝਾੜੂਆਂ ਦੇ ਡੰਡੇ ਫੜ ਕੇ ਫ਼ੋਟੋਆਂ ਖਿਚਵਾਉਂਦੇ ਨੇ। ਇਸ ਨਕਲੀ ਪਿੰਡ ਦੇ ਚਾਰੇ ਪਾਸੇ ਉੱਚੀਆਂ ਉੱਚੀਆਂ ਵਾੜਾਂ ਕੀਤੀਆਂ ਗਈਆਂ ਸਨ ਤਾਂ ਕਿ ਕੋਈ ਪਰਿੰਦਾ ਵੀ ਪਰ ਨਾ ਮਾਰ ਸਕੇ। ਅਫ਼ਵਾਹਾਂ ਤਾਂ ਇਹ ਵੀ ਸਨ ਕਿ ਮੈਰੀ ਐਨਤੋਈਨੇਤ ਨੇ ਆਪਣੇ ਗੁਪਤ ਪ੍ਰੇਮੀਆਂ ਨੂੰ ਮਿਲਣ ਤੇ ਐਸ਼ ਇਸ਼ਰਤ ਲਈ ਹੀ ਇਹ ਅੱਡਾ ਬਣਵਾਇਆ ਸੀ। ਕਦੇ ਕਦੇ ਓਥੇ ਰਾਜਸੀ ਦਾਅਵਤਾਂ ਵੀ ਹੁੰਦੀਆਂ, ਜਿਨ੍ਹਾਂ ਵਿਚ ਸਰਕਾਰੀ ਖਜ਼ਾਨੇ ਦੀਆਂ ਨਾਸਾਂ ਥਾਣੀਂ ਧੂੰਆਂ ਕੱਢਿਆ ਜਾਂਦਾ। ਇਨ੍ਹਾਂ ਵਿਚ ਸ਼ੇਖ਼ੀ ਮਾਰਨ ਲਈ ਮੈਰੀ ਕਹਿੰਦੀ ਕਿ ਉਹਨੇ ਆਪਣੇ ਹੱਥੀਂ ਦੁੱਧ ਚੋਅ ਕੇ ਇਹ ਕੌਫ਼ੀ ਤਿਆਰ ਕੀਤੀ ਹੈ। ਰਾਜਾ ਤੇ ਉਹਦੇ ਚਾਪਲੂਸ

ਦਰਬਾਰੀ ਅਸ਼ ਅਸ਼ ਕਰ ਉਠਦੇ। ਮੈਰੀ ਇਹ ਵੀ ਕਹਿੰਦੀ ਕਿ ਪਸ਼ੂਆਂ ਲਈ ਘਾਹ ਲਿਆਉਣ ਵਾਸਤੇ ਜਾਂਦਿਆਂ ਉਹਦਾ ਪੈਰ ਮੁੜ ਗਿਆ ਤੇ ਮੋਚ ਆ ਗਈ। ਇਹਦੇ ਲਈ ਤੁਰਨ ਵੇਲੇ ਉਹ ਪੈਰ ਮਰੋੜ ਲੈਂਦੀ। ਰਸੋਈ ਵੱਲ ਜਾ ਜਾ ਕੇ ਇਹ ਦੱਸਣ ਦਾ ਨਾਟਕ ਕਰਦੀ ਕਿ ਸਾਰਾ ਖਾਣਾ ਉਹ ਖ਼ੁਦ ਬਣਾ ਰਹੀ ਹੈ ਜਦ ਕਿ ਰਸੋਈ ਵਿਚ ਨੌਕਰਾਣੀਆਂ ਜੂਝ ਰਹੀਆਂ ਹੁੰਦੀਆਂ। ਅਜਿਹਾ ਕਰਦਿਆਂ ਅਸਲ ਵਿਚ ਉਹ ਪੇਂਡੂ ਕਿਰਤੀਆਂ ਦੀ ਜੀਵਨ ਜਾਚ ਦੇ ਨਾਲ ਨਾਲ ਕਿਰਤ ਦਾ ਮਜ਼ਾਕ ਵੀ ਉਡਾ ਰਹੀ ਸੀ।ਜਦੋਂ ਪੇਂਡੂਆਂ ਨੂੰ ਇਸ ਨਕਲੀ ਪਿੰਡ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਇਹਦੇ ਖ਼ਿਲਾਫ਼ ਮੋਰਚੇਬੰਦੀ ਕਰ ਦਿੱਤੀ। ਇਨ੍ਹਾਂ ਪੇਂਡੂਆਂ ਦੀ ਅਗਵਾਈ ਵਿਚ ਪੰਜ ਵਰ੍ਹਿਆਂ ਬਾਅਦ ਫਰਾਂਸੀਸੀ ਇਨਕਲਾਬ ਆਇਆ ਤੇ ਸਰਕਾਰੀ ਖਜ਼ਾਨੇ ਨੂੰ ਲੁੱਟਣ ਦੇ ਅਪਰਾਧ ਵਿਚ 16 ਅਕਤੂਬਰ ਨੂੰ ਮੈਰੀ ਐਨਤੋਈਨੇਤ ਨੂੰ ਗਿਲੋਟੀਨ 'ਤੇ ਚੜ੍ਹਾ ਕੇ ਮੌਤ ਦੇ ਘਾਟ ਉਤਾਰ

ਦਿੱਤਾ ਗਿਆ। ਇਸ ਤਰ੍ਹਾਂ ਝੂਠ ਤੇ ਪਖੰਡ ਦੀ ਇਸ ਦੁਕਾਨ ਨੂੰ ਲੋਕ ਭਲੇ ਲਈ ਬੰਦ ਕਰ ਦਿੱਤਾ ਗਿਆ। ਕਿਹਾ ਜਾਂਦਾ ਹੈ ਕਿ ਉਸ ਪਿੰਡ ਵਿਚ ਇਕ ਚੱਕੀ ਵੀ ਹੁੰਦੀ ਸੀ ਪਰ ਨਾ ਉਹਦਾ ਚੱਕਾ ਸੀ ਤੇ ਨਾ ਉਹ ਘੁੰਮਦੀ ਸੀ ਜਦ ਕਿ ਮੈਰੀ ਪਰ੍ਹੋਣਿਆਂ ਅੱਗੇ ਆਪਣੀ ਵਡਿਆਈ ਕਰਦੀ ਇਹ ਜ਼ਰੂਰ ਕਹਿੰਦੀ ਹੁੰਦੀ ਸੀ ਕਿ ਜਿਹੜੀ ਬਰੈੱਡ ਤੁਸੀਂ ਖਾ ਰਹੇ ਹੋ ਇਹ ਮੈਂ ਚੱਕੀ ਵਿਚ ਖ਼ੁਦ ਆਟਾ ਪੀਹ ਕੇ ਬਣਾਈ ਹੈ।

ਪੋਸਟ ਸਕਰਿਪਟ

ਇਸ ਘਟਨਾ ਬਾਰੇ ਪੜ੍ਹ ਕੇ ਲੱਗਿਆ ਕਿ ਇਸ ਵਿਚ ਤਾਂ ਅੱਜ ਦੇ ਪੰਜਾਬ ਦੀ ਹੋਣੀ ਦਰਸਾਈ ਗਈ ਹੈ। ਕੀ ਅੱਜ ਦੇ ਪੰਜਾਬ ਵਿਚ ਇਹੀ ਸਭ ਕੁਝ ਨਹੀਂ ਹੋ ਰਿਹਾ? ਖਜ਼ਾਨੇ ਨੂੰ ਨਵੇਂ ਨਵੇਂ ਤਰੀਕਿਆਂ ਤੇ ਬਹਾਨਿਆਂ ਨਾਲ ਇੰਜ ਹੀ ਨਹੀਂ ਲੁੱਟਿਆ ਜਾ ਰਿਹਾ? ਪਰ ਸਾਡੇ

ਕੋਲ ਇਹੋ ਜਿਹੀ ਵਿਵਸਥਾ ਖ਼ਿਲਾਫ਼ ਲੜਨ ਲਈ ਨਾ ਤਾਂ ਇੱਛਾ ਸ਼ਕਤੀ ਹੈ ਤੇ ਨਾ ਸੰਗਠਨ। ਕਿਸਾਨੀ ਸੰਘਰਸ਼ ਤੋਂ ਵੱਡੀ ਆਸ ਸੀ ਕਿ ਉਹ ਤਬਾਹ ਹੋਏ ਡੁੱਬ ਰਹੇ ਪੰਜਾਬ ਦੇ ਤਾਰਨਹਾਰੇ ਬਣਨਗੇ ਪਰ ਉਨ੍ਹਾਂ ਨੇ ਆਪਣੀ ਕੀਮਤੀ ਸ਼ਕਤੀ ਤੇ ਏਕੇ ਨੂੰ ਰਾਜਨੀਤਕ ਦਲਦਲ ਵਿਚ ਧੱਕ ਕੇ ਉਸ ਆਸ ਨੂੰ ਮੱਧਮ ਕਰ ਦਿੱਤਾ ਹੈ। ਚੋਣਾਂ ਦਾ ਜਿਹੋ ਜਿਹਾ ਦ੍ਰਿਸ਼ ਹੈ ਇਹ ਨਿਰਾਸ਼ ਕਰਨ ਵਾਲਾ ਹੈ। ਪੰਜਾਬ ਦੇ ਉਜਲੇ ਭਵਿੱਖ ਲਈ ਸਿਰਫ਼ ਦੁਆ ਹੀ ਬਾਕੀ ਬਚੀ ਹੈ। ਆਓ ਵੋਟ ਪਾਉਣ ਤੋਂ ਪਹਿਲਾਂ ਦੁਆ ਜ਼ਰੂਰ ਕਰ ਲਈਏ। ਆਮੀਨ!

48

ਕਿੱਸਾ ਓਵਰਕੋਟ ਦਾ

ਹਰ ਮਨੁੱਖ ਨੂੰ ਆਪਣੇ ਨਾਲ ਜੁੜੀ ਕੋਈ ਨਾ ਕੋਈ ਚੀਜ਼ ਪਿਆਰੀ ਲੱਗਣ ਲੱਗ ਜਾਂਦੀ ਹੈ। ਸ਼ਾਇਦ ਇਸ ਦਾ ਕੋਈ ਮਨੋਵਿਗਿਆਨਕ ਕਾਰਨ ਹੋਵੇ। ਕਈ ਵਾਰ ਕਿਸੇ ਕੱਪੜੇ ਨਾਲ ਏਨਾ ਮੋਹ ਪੈ ਜਾਂਦਾ ਹੈ ਕਿ ਉਸ ਨੂੰ ਤਿਆਗਣ 'ਤੇ ਮਨ ਨਹੀਂ ਕਰਦਾ, ਭਾਵੇਂ ਉਹਦਾ ਰੰਗ ਉੱਡ ਜਾਵੇ, ਕੱਪੜਾ ਘਸ ਜਾਵੇ, ਉਹਦਾ ਫ਼ੈਸ਼ਨ ਚਲਾ ਜਾਵੇ ਪਰ ਉਹਦੀ ਹੋਂਦ ਓਵੇਂ ਦੀ ਓਵੇਂ ਕਾਇਮ ਰਹਿੰਦੀ ਹੈ। ਬੜੀ ਪੁਰਾਣੀ ਗੱਲ ਹੈ, ਇਕ ਵਾਰ ਮੈਂ ਹਿਮਾਚਲ ਦੇ ਕੁਫ਼ਰੀ ਇਲਾਕੇ ਵਿਚ ਘੁੰਮਣ ਫਿਰਨ ਗਿਆ। ਓਥੇ ਕਸ਼ਮੀਰ ਦੇ ਇੰਮਪੋਰੀਅਮ ਵਿਚੋਂ ਇਕ ਲੰਬਾ ਕੋਟ ਖ਼ਰੀਦ ਲਿਆਇਆ।ਉਸ ਨਾਲ ਏਨਾ ਲਗਾਓ ਹੋ ਗਿਆ ਕਿ ਉਸ ਨੂੰ ਛੱਡਣ ਨੂੰ ਦਿਲ ਨਹੀਂ ਕਰਦਾ। ਹਰ ਸਰਦੀ ਵਿਚ ਉਹਨੂੰ

ਸ਼ਾਮ ਵੇਲੇ ਪਾ ਕੇ ਤਸੱਲੀ ਹੋ ਜਾਂਦੀ ਹੈ, ਇਕ ਸੁਰੱਖਿਆ ਦਾ ਅਹਿਸਾਸ ਹੁੰਦਾ ਹੈ। ਇਸ ਨੂੰ ਪਹਿਨ ਕੇ ਕਿੰਨਾ ਕੁਝ ਪੜ੍ਹਿਆ, ਲਿਖਿਆ, ਸਮਝਿਆ, ਸੋਚਿਆ ਉਹ ਢੇਰਾਂ ਦੇ ਢੇਰ ਹੈ। ਉਹਦਾ ਨਿੱਘ ਇਕ ਸੁਖਦ ਅਹਿਸਾਸ ਦੇਂਦਾ ਹੈ। ਜਦੋਂ ਮੈਂ ਟਾਲਸਟਾਏ, ਗੋਰਕੀ, ਲੈਨਿਨ ਨੂੰ ਓਵਰਕੋਟ ਪਾਈ ਦੇਖਦਾ ਹਾਂ ਤਾਂ ਲੱਗਦਾ ਹੈ ਉਨ੍ਹਾਂ ਨੂੰ ਵੀ ਇਨ੍ਹਾਂ ਨਾਲ ਸਦੀਵੀ ਮੋਹ ਹੋ ਗਿਆ ਹੋਵੇਗਾ, ਤਾਂ ਹੀ ਜ਼ਿਆਦਾਤਰ ਫ਼ੋਟੋਆਂ ਵਿਚ ਉਹ ਕੋਟ ਪਾਈ ਗੱਲਾਂ ਕਰ ਰਹੇ ਹੁੰਦੇ ਨੇ ਜਾਂ ਸੈਰ ਕਰ ਰਹੇ ਹੁੰਦੇ ਨੇ ਜਾਂ ਪੜ੍ਹ /ਲਿਖ ਰਹੇ ਹੁੰਦੇ ਨੇ। ਸੋਚਦਿਆਂ ਸੋਚਦਿਆਂ ਹੀ ਮਾਰਸਲ ਪਰੂਸਟ ਦਾ ਓਵਰਕੋਟ ਯਾਦ ਆ ਗਿਆ। ਉਹਦੇ ਕੋਲ ਵੀ ਇਕ ਕੋਟ ਸੀ, ਜਿਸ ਨੂੰ ਉਹ ਹਮੇਸ਼ਾ ਪਾਈ ਰੱਖਦਾ ਸੀ, ਏਥੋਂ ਤੱਕ ਕਿ ਰਾਤ ਨੂੰ ਸੌਣ ਵੇਲੇ ਵੀ ਲਾਹੁੰਦਾ ਨਹੀਂ ਸੀ। ਜੇ ਕਿਤੇ ਰਾਤ ਨੂੰ ਭੁੱਲ ਭੁਲੇਖੇ ਲਾਹ ਵੀ ਲੈਂਦਾ ਤਾਂ ਚਾਦਰ ਵਾਂਗ ਉਪਰ ਤਾਣ ਲੈਂਦਾ। ਉਹਦੀ ਇਕ ਚਰਚਿਤ ਕਿਤਾਬ ਦਾ ਨਾਂ

ਹੀ ਹੈ- ‘ਪਰੂਸਟ ਦਾ ਕੋਟ।’ ਹੈਮਿੰਗਵੇ ਦੀਆਂ ਬਿੱਲੀਆਂ ਵਾਂਗ ਉਹਦਾ ਇਹ ਓਵਰਕੋਟ ਵੀ ਆਧੁਨਿਕ ਮਿੱਥ ਦਾ ਰੂਪ ਧਾਰ ਗਿਆ। ਆਪਣੀ ਪਹਿਲੀ ਕਿਤਾਬ ਦਾ ਹਰ ਲੇਖਕ ਨੂੰ ਬੜਾ ਚਾਅ ਹੁੰਦਾ ਹੈ ਪਰ ਪਰੂਸਟ ਨੂੰ ਆਪਣੀ ਪਹਿਲੀ ਕਿਤਾਬ ਲਈ ਦਰ ਦਰ ਧੱਕੇ ਖਾਣੇ ਪਏ। ਹਰ ਥਾਂ ਉਹਦੀ ਕਿਤਾਬ ਨੂੰ ਰੱਦ ਕਰ ਦਿੱਤਾ ਗਿਆ। ਏਥੋਂ ਤੱਕ ਕਿ ਉੱਘੇ ਲੇਖਕ ਆਂਦਰੇ ਜੀਦ ਨੇ ਵੀ ਉਹਦੀ ਕਿਤਾਬ ਨੂੰ ਛਾਪਣ ਤੋਂ ਇਨਕਾਰ ਕਰਕੇ ਰੱਦ ਕਰ ਦਿੱਤਾ। ਉਨ੍ਹਾਂ ਦਿਨਾਂ ਵਿਚ ਆਂਦਰੇ ਜੀਦ ਲਿਖਣ ਦੇ ਨਾਲ ਨਾਲ ਪ੍ਰਕਾਸ਼ਨਾਂ ਦਾ ਕੰਮ ਵੀ ਕਰਦਾ ਸੀ। ਜਦੋਂ ਪਰੂਸਟ ਦੀ ਲੇਖਣੀ ਨੇ ਯੂਰਪ ਵਿਚ ਤਹਿਲਕਾ ਮਚਾ ਦਿੱਤਾ ਤਾਂ, ਆਂਦਰੇ ਜੀਦ ਨੂੰ ਵੀ ਉਹਨੂੰ ਨਾ ਛਾਪਣ ਦਾ ਪਛਤਾਵਾ ਹੋਇਆ। ਉਹਨੇ ਇਕ ਵਾਰ ਕਿਹਾ ਸੀ ਕਿ- ‘ਮੇਰੀ ਜ਼ਿੰਦਗੀ ਦੀ ਇਹ ਸਭ ਤੋਂ ਵੱਡੀ ਭੁੱਲ ਸੀ ਕਿ ਮੈਂ ਪਰੂਸਟ ਦੀ ਪ੍ਰਤਿਭਾ ਨੂੰ ਪਛਾਣ ਨਹੀਂ ਸਕਿਆ।’ ਬਾਅਦ ਵਿਚ ਪਰੂਸਟ ਨੇ

ਇਕ ਮੁਕਾਮ ਹਾਸਲ ਕਰ ਲਿਆ। 1947 ਵਿਚ ਆਂਦਰੇ ਜੀਦ ਨੂੰ ਨੋਬਲ ਇਨਾਮ ਮਿਲਿਆ ਪਰ ਪਰੂਸਟ ਨੂੰ ਨਹੀਂ। ਅਨੇਕਾਂ ਥਾਵਾਂ ’ਤੇ ਉਹਨੂੰ ਰੱਦ ਕਰ ਦਿੱਤਾ ਗਿਆ, ਹਾਲਾਂਕਿ ਲੋਕ ਉਹਦੀ ਲੇਖਣੀ ਤੋਂ ਪ੍ਰਭਾਵਿਤ ਹੋ ਰਹੇ ਸਨ, ਪ੍ਰੇਰਨਾ ਲੈ ਰਹੇ ਸਨ। ਇਕ ਵਾਰ ਉੱਘੇ ਵਿਗਿਆਨੀ ਸਟੀਫਨ ਹਾਕਿੰਗ ਕੋਲੋਂ ਕਿਸੇ ਨੇ ਪੁੱਛਿਆ ਕਿ ਬਲੈਕ ਹੋਲ ਦੇ ਆਖ਼ਰੀ ਸਿਰੇ ’ਤੇ ਕੀ ਹੋਵੇਗਾ? ਤਾਂ ਉਹਨੇ ਕਿਹਾ ਸੀ, ਪਰੂਸਟ ਦਾ ਸੱਤ ਭਾਗਾਂ ਵਿਚ ਲਿਖਿਆ ਨਾਵਲ।’ ਸਟੀਫਨ ਵਿਗਿਆਨੀ ਹੋਣ ਦੇ ਨਾਲ ਨਾਲ ਸਾਹਿਤ ਦਾ ਚੰਗਾ ਪੜ੍ਹਾਕੂ ਵੀ ਸੀ। ਉਹਦੀ ਇਹ ਟਿੱਪਣੀ ਪਰੂਸਟ ਦੀ ਉਸ ਪ੍ਰਤਿਭਾ ਨੂੰ ਉਜਾਗਰ ਕਰਦੀ ਹੈ, ਜਿਸ ਨੂੰ ਉਹਦੇ ਸਮਕਾਲੀ ਪਛਾਣਨ ਤੋਂ ਉੱਕ ਗਏ। ਉਹਦਾ ਇਹ ਮਹਾਨ ਨਾਵਲ ਹੈ- “ਰੀਮੈਬਰਰੈਂਸ ਆਫ਼ ਥਿੰਗਜ਼ ਪਾਸਟ”, ਸੱਤ ਭਾਗਾਂ ਵਿਚ ਲਿਖਿਆ ਇਹ ਨਾਵਲ ਦੁਨੀਆ ਦੇ ਕਲਾਸੀਕਲ ਸਾਹਿਤ ਦਾ ਕੀਮਤੀ ਹੀਰਾ ਹੈ। ਕਿਹਾ ਜਾਂਦਾ ਹੈ ਕਿ

ਇਸ ਨਾਵਲ ਦੇ ਆਖ਼ਰੀ ਕਾਂਡ ਦਾ ਅੰਤ ਲਿਖਣ ਤੋਂ ਕੁਝ ਘੰਟਿਆਂ ਬਾਅਦ ਪਰੂਸਟ ਇਸ ਦੁਨੀਆ ਨੂੰ ਅਲਵਿਦਾ ਕਹਿ ਗਿਆ। ਇੰਜ ਜਾਪਦਾ ਹੈ ਜਿਵੇਂ ਇਸ ਧਰਤੀ 'ਤੇ ਉਹਦਾ ਜਨਮ ਹੀ ਇਸ ਨਾਵਲ ਨੂੰ ਲਿਖਣ ਲਈ ਹੋਇਆ ਸੀ। ਮੌਤ ਉਹਦੇ ਦਰ 'ਤੇ ਖੜੀ ਸੀ ਤੇ ਉਹ ਹੱਥ ਉੱਚਾ ਕਰਕੇ ਕਹਿ ਰਿਹਾ ਸੀ ਰੁਕ ਜਾ ਸਾਹ ਲੈ ਮੁੰਦਾਵਣੀ ਅਜੇ ਬਾਕੀ ਹੈ। ਸਾਡਾ ਉੱਘਾ ਸ਼ਾਇਰ ਪ੍ਰੋਫੈਸਰ ਮੋਹਨ ਸਿੰਘ ਵੀ ਤਾਂ ਮੌਤ ਵੱਲ ਦੇਖ ਕੇ ਕਹਿੰਦਾ ਹੈ- ਸਾਹ ਲੈ ਮੌਤੇ ਕਾਹਲੀਏ, ਮੈਂ ਅਜੇ ਨਾ ਵਿਹਲਾ।' ਕਈ ਲੇਖਕਾਂ ਨੂੰ ਇਹ ਡਰ ਲੱਗਾ ਰਹਿੰਦਾ ਹੈ ਕਿ ਜਿਵੇਂ ਹੀ ਉਹ ਕਿਤਾਬ ਪੂਰੀ ਕਰ ਲੈਣਗੇ ਉਹਨਾਂ ਦੀ ਮੌਤ ਹੋ ਜਾਏਗੀ। ਉੱਘੇ ਸਪੈਨਿਸ਼ ਲੇਖਕ ਗੈਬਰੀਅਲ ਗਾਰਸ਼ੀਆ ਮਾਰਖੇਜ਼ ਨੂੰ ਵੀ ਇਹੀ ਡਰ ਸੀ ਤੇ ਸ਼ਾਇਦ ਏਸੇ ਕਰਕੇ ਉਹ ਆਪਣਾ ਅਖੀਰੀ ਨਾਵਲ ਅਧੂਰਾ ਛੱਡ ਗਿਆ।

ਪੋਸਟ ਸਕਰਿਪਟ

ਹਰ ਲੇਖਕ ਨਾਲ ਕਈ ਕਿੱਸੇ ਕਹਾਣੀਆਂ ਜੁੜ ਜਾਂਦੇ ਹਨ।ਲੇਖਕ ਜਿਨ੍ਹਾਂ ਵਸਤਾਂ ਨੂੰ ਪਿਆਰ ਕਰਦਾ ਹੈ, ਉਨ੍ਹਾਂ ਨਾਲ ਉਹ ਕਈ ਮਾਨਤਾਵਾਂ ਵੀ ਜੋੜ ਲੈਂਦਾ ਹੈ। ਜਿਵੇਂ ਸਿਕੰਦਰ ਦੀ ਸਭ ਤੋਂ ਪਿਆਰੀ ਚੀਜ਼ ਹੋਮਰ ਦਾ ਮਹਾਂਕਾਵਿ "ਇਲਿਆਦ" ਸੀ ਜਿਸ ਨੂੰ ਉਹ ਹੀਰਿਆਂ ਨਾਲ ਜੜੇ ਸੰਦੂਕ ਵਿਚ ਹਮੇਸ਼ਾ ਆਪਣੇ ਨਾਲ ਰੱਖਦਾ ਸੀ। ਏਵੇਂ ਹੀ ਕਈ ਬਾਦਸ਼ਾਹਾਂ ਨੂੰ ਹਥਿਆਰਾਂ ਨਾਲ, ਕਈਆਂ ਨੂੰ ਘੋੜਿਆਂ ਨਾਲ ਤੇ ਕਈਆਂ ਨੂੰ ਔਰਤਾਂ ਨਾਲ ਅੰਤਾਂ ਦਾ ਪਿਆਰ ਹੁੰਦਾ ਹੈ ਤੇ ਉਹ ਪੂਰੀ ਜ਼ਿੰਦਗੀ ਇਨ੍ਹਾਂ ਦੀ ਪ੍ਰਾਪਤੀ ਤੇ ਹਿਫ਼ਾਜ਼ਤ 'ਤੇ ਲਾ ਦੇਂਦੇ ਹਨ। ਪਰ ਜਿਹੜੇ ਸ਼ਬਦ ਨੂੰ ਪਿਆਰ ਕਰਦੇ ਹਨ, ਪੂਰੀ ਜ਼ਿੰਦਗੀ ਉਹਦੀ ਸਾਧਨਾ ਕਰਦੇ ਹਨ ਉਹ ਸ਼ਬਦ ਰੂਪ ਹੋ ਕੇ ਸ਼ਬਦਾਂ ਵਿਚ ਅਮਰ ਹੋ ਜਾਂਦੇ ਨੇ। ਪਰੂਸਟ ਅਜਿਹਾ ਹੀ ਲੇਖਕ ਸੀ ਜੋ ਸਾਰੀ ਜ਼ਿੰਦਗੀ ਕੋਟ ਨੂੰ ਸ਼ਬਦ ਵਾਂਗ ਤੇ ਸ਼ਬਦ ਨੂੰ

ਕੋਟ ਵਾਂਗ ਪਹਿਨਦਾ ਰਿਹਾ। ਏਸੇ ਪ੍ਰਸੰਗ ਵਿਚ ਗਗੋਲ ਦੀ ਪ੍ਰਸਿੱਧ ਰਚਨਾ "ਓਵਰਕੋਟ" ਯਾਦ ਆ ਰਹੀ ਹੈ, ਸੰਜੀਵ ਦੀ 'ਕਾਮਰੇਡ ਦਾ ਕੋਟ' ਇਨ੍ਹਾਂ ਬਾਰੇ ਫੇਰ ਕਦੇ ਸਹੀ।

49

ਸੂਰਾ ਸੋਈ... ਛੇਵਾਂ ਪੈਂਫ਼ਲਿਟ

ਜਿਹੜੇ ਲੋਕ ਦੇਸ਼, ਮਨੁੱਖਤਾ ਤੇ ਸਰਬੱਤ ਦੇ ਭਲੇ ਲਈ ਜਿੰਦੜੀ ਵਾਰ ਦੇਂਦੇ ਹਨ, ਇਤਿਹਾਸ ਵਿਚ ਉਨ੍ਹਾਂ ਦੇ ਵਿਰੋਧ ਦੇ ਬਾਵਜੂਦ ਕਦੇ ਨਾ ਕਦੇ ਇਨਸਾਫ਼ ਜ਼ਰੂਰ ਮਿਲਦਾ ਹੈ। ਜਵਾਨੀ ਜੋਸ਼ ਨਾਲ ਭਰਪੂਰ ਹੁੰਦੀ ਹੈ ਤੇ ਇਸ ਵਿਚ ਸੋਚਣ/ਸਮਝਣ ਦਾ ਮਾਦਾ ਨਹੀਂ ਹੁੰਦਾ। ਇਹ ਜੋਸ਼ ਜਦੋਂ ਠਾਠਾਂ ਮਾਰਦਾ ਹੈ ਤਾਂ ਸਭ ਹੱਦਾਂ ਬੰਨ੍ਹੇ ਢਾਹ ਦੇਂਦਾ ਹੈ। ਇਹਨੂੰ ਆਪਣੇ ਸਾਹਮਣੇ ਓਦੋਂ ਇਕੋ ਖਿੜਕੀ ਖੁੱਲ੍ਹੀ ਨਜ਼ਰ ਆਉਂਦੀ ਹੈ ਤੇ ਇਹ ਸਿਰਫ਼ ਉਸ ਵਿਚੋਂ ਹੀ ਹਨੇਰਾ/ਚਾਨਣਾ ਦੇਖਣ ਦੀ ਆਦੀ ਹੋ ਜਾਂਦੀ ਹੈ। 22 ਫਰਵਰੀ, 1943 ਦੀ ਇਕ ਸ਼ਾਮ ਪੰਜ ਵਜੇ ਉਸ ਲੜਕੀ ਦਾ ਸਿਰ ਕਲਮ ਕਰਨ ਲਈ ਉਹਨੂੰ ਗਿਲੋਟੀਨ 'ਤੇ ਚੜ੍ਹਾਇਆ ਜਾ ਰਿਹਾ ਸੀ। ਉਹਦੀ ਉਮਰ ਦੀ ਇਹ

ਬਾਈਵੀਂ ਬਸੰਤ ਸੀ ਤੇ ਬਾਈ ਵਰ੍ਹੇ ਪੂਰੇ ਹੋਣ ਵਿਚ ਦੋ ਮਹੀਨੇ ਬਾਕੀ ਸਨ। ਉਹ ਨਿਰਭੈ, ਨਿਡਰ ਤੇ ਅਡੋਲਤਾ ਦੀ ਸਥਿਤੀ ਵਿਚ ਸੀ। ਚੜ੍ਹਦੀ ਕਲਾ ਵਿਚ ਉਹਨੇ ਸੂਰਜ ਵੱਲ ਨਜ਼ਰ ਘੁਮਾਈ ਤੇ ਉਹਦੇ ਆਖ਼ਰੀ ਸ਼ਬਦ ਸਨ- ਕਿੰਨੀ ਸ਼ਾਨਦਾਰ ਮਖ਼ਮਲੀ ਧੁੱਪ ਨਿੱਖਰੀ ਹੋਈ ਹੈ ਤੇ ਮੈਨੂੰ ਇਸ ਸੰਸਾਰ ਤੋਂ ਜਾਣਾ ਪੈ ਰਿਹਾ ਹੈ।'ਇਸ ਮਰਜੀਵੜੀ ਦਾ ਨਾਂ ਸੀ- ਸੋਫੀ ਸ਼ਾਲ। ਆਪਣੇ ਭੈਣ ਭਰਾਵਾਂ ਵਿਚ ਉਹਦਾ ਚੌਥਾ ਨੰਬਰ ਸੀ। ਪਿਤਾ ਸ਼ਹਿਰ ਦੇ ਮੇਅਰ ਸਨ। ਉਹਦਾ ਵੱਡਾ ਭਰਾ ਹਾਂਸ ਬਚਪਨ ਤੋਂ ਹੀ ਸੋਫੀ ਦਾ ਰੋਲ ਮਾਡਲ ਸੀ। ਸੰਨ 1921 ਵਿਚ ਜੰਮੀ ਸੋਫੀ 12 ਵਰ੍ਹਿਆਂ ਦੀ ਅੱਲ੍ਹੜ ਉਮਰੇ ਜ਼ਿਆਦਾਤਰ ਲੜਕੀਆਂ ਵਾਂਗ 'ਲੀਗ ਆਫ਼ ਜਰਮਨ ਗਰਲਜ਼' ਦਾ ਹਿੱਸਾ ਬਣ ਗਈ। ਹਾਂਸ ਪਹਿਲਾਂ ਤੋਂ ਹੀ ਮੁੰਡਿਆਂ ਦੇ ਇਸ ਗਰੁੱਪ ਦਾ ਹਿੱਸਾ ਬਣ ਚੁੱਕਾ ਸੀ। ਇਹ ਸਮਾਂ ਹਿਟਲਰ ਦੇ ਪਰ ਫੈਲਾਉਣ ਦਾ ਸੀ। ਹਿਟਲਰ ਦੀ ਨਾਜ਼ੀ ਰਾਜਨੀਤੀ ਦਾ ਸਮਰਥਨ

ਕਰਨ ਵਾਲੇ ਕੁੜੀਆਂ ਮੁੰਡਿਆਂ ਦੇ ਇਹ ਗਰੁੱਪ 1930 ਦੇ ਦਹਾਕੇ ਦੇ ਮੁੱਢਲੇ ਵਰ੍ਹਿਆਂ ਵਿਚ ਹਰ ਇਕ ਕਸਬੇ ਤੇ ਸ਼ਹਿਰ ਹੀ ਨਹੀਂ ਸਗੋਂ ਪਿੰਡਾਂ ਤੱਕ ਵਿਚ ਆਪਣੀਆਂ ਸ਼ਾਖਾਵਾਂ ਖੋਲ੍ਹ ਚੁੱਕੇ ਸਨ। ਸੌਫੀ ਦੇ ਪਿਤਾ ਹਿਟਲਰ ਦੇ ਪ੍ਰਮੁੱਖ ਵਿਰੋਧੀਆਂ ਵਿਚੋਂ ਸਨ ਪਰ ਬੱਚੇ ਪਿਤਾ ਦੇ ਉਪਦੇਸ਼ਾਂ ਨੂੰ ਮੰਨਣ ਤੋਂ ਪੂਰੀ ਤਰ੍ਹਾਂ ਇਨਕਾਰੀ ਸਨ। ਘਰ ਵਿਚ ਪਿਤਾ ਨਾਲ ਬਹਿਸਾਂ ਹੁੰਦੀਆਂ, ਬੋਲ ਬੁਲਾਰਾ ਵੀ ਹੁੰਦਾ, ਪਰ ਸਭ ਕੁਝ ਥਿੰਧੇ ਘੜੇ ’ਤੇ ਪਾਣੀ ਦੇ ਨਾ ਟਿਕਣ ਵਾਂਗ ਹੁੰਦਾ। ਅੱਲ੍ਹੜ ਉਮਰਾਂ ਨੂੰ ਓਦੋਂ ਹਿਟਲਰ ਵਿਚੋਂ ਭਵਿੱਖ ਦਾ ਸੁਪਰਮੈਨ ਨਜ਼ਰ ਆਉਂਦਾ ਸੀ ਤੇ ਉਹ ਚਾਹੁੰਦੇ ਸਨ ਕਿ ਉਹ ਵੀ ਇਸ ਦੇ ਪਿਛੇ ਤੁਰਨ। ਕੁਝ ਵਰ੍ਹੇ ਹੀ ਬੀਤੇ ਸਨ ਕਿ ਹਿਟਲਰ ਦਾ ਮਾਨਵਤਾ ਵਿਰੋਧੀ ਚਿਹਰਾ ਨੰਗਾ ਹੋਣਾ ਸ਼ੁਰੂ ਹੋ ਗਿਆ। ਦੋਹਾਂ ਭੈਣ ਭਰਾਵਾਂ ਨੂੰ ਸਮਝ ਆਉਣ ਲੱਗ ਪਈ ਕਿ ਇਹ ਸੁਪਰਮੈਨ ਨਹੀਂ ਸਗੋਂ ਮਨੁੱਖਤਾ ਦਾ ਕਾਤਲ ਹੈ। ਏਸੇ ਸੋਚ ਨੇ ਜਵਾਨੀ ਦੇ ਦਰਿਆ ਦਾ

ਰੁਖ਼ ਮੋੜ ਦਿੱਤਾ। ਉਨ੍ਹਾਂ ਦਿਨਾਂ ਵਿਚ ਹਾਂਸ ਨੂੰ ਉਹਦੇ ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਹਿਟਲਰ ਨੂੰ 'ਮਨੁੱਖਤਾ ਦਾ ਕਾਤਲ' ਕਹਿਣ ਦੇ ਜੁਰਮ ਵਿਚ ਉਹਦੇ ਪਿਤਾ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਗਿਆ। 1942 ਵਿਚ ਹਾਂਸ ਤੇ ਸੋਫੀ ਪੜ੍ਹਨ ਲਈ ਮਿਊਨਿਖ ਯੂਨੀਵਰਸਿਟੀ ਵਿਚ ਦਾਖਲ ਹੋ ਗਏ ਤੇ ਏਥੇ ਹੀ ਉਨ੍ਹਾਂ ਨੇ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ ਅੰਡਰ ਗਰਾਊਂਡ ਕੰਮ ਕਰਨ ਵਾਲਾ ਇਕ ਨਵਾਂ ਗਰੁੱਪ ਬਣਾਇਆ ਤੇ ਇਹਦਾ ਨਾਂ ਰੱਖਿਆ- 'ਦ ਵਾਈਟ ਰੋਜ਼'। ਇਹਦਾ ਉਦੇਸ਼ ਸੀ ਹਿਟਲਰ ਦੀਆਂ ਮਨੁੱਖ ਮਾਰੂ ਨੀਤੀਆਂ ਦਾ ਪਰਦਾਫਾਸ਼ ਕਰਨਾ। ਯੂਨੀਵਰਸਿਟੀ ਦੇ ਇਹ ਵਿਦਿਆਰਥੀ ਬੜੀ ਮਿਹਨਤ ਨਾਲ ਇਸ਼ਤਿਹਾਰ ਤੇ ਪੈਂਫ਼ਲਿਟ ਤਿਆਰ ਕਰਦੇ ਤੇ ਉਨ੍ਹਾਂ ਨੂੰ ਲੋਕਾਂ ਵਿਚ ਵੰਡ ਕੇ ਹਿਟਲਰ ਦੇ ਘਿਣੌਨੇ ਕਾਰਿਆਂ ਬਾਰੇ ਦੱਸਦੇ। ਇਨ੍ਹਾਂ ਵਿਚ ਨਾਜ਼ੀਆਂ ਤੇ ਹਿਟਲਰ ਦਾ ਵਿਰੋਧ ਕਰਨ ਦੇ ਨਾਲ ਨਾਲ ਲੋਕਾਂ ਨੂੰ ਅਪੀਲ ਕਿ ਕੀਤੀ ਜਾਂਦੀ

ਕਿ- ‘ਅਸੀਂ ਚੁੱਪ ਨਹੀਂ ਬੈਠਾਂਗੇ। ਅਸੀਂ ਤੁਹਾਡੀ ਆਤਮਾ ’ਤੇ ਲੱਗੇ ਕਲੰਕ ਹਾਂ। ‘ਦ ਵਾਈਟ ਰੋਜ਼’ ਚੈਨ ਨਾਲ ਨਹੀਂ ਬੈਠੇਗਾ ਤੇ ਇਨ੍ਹਾਂ ਕਲੰਕਾਂ ਨੂੰ ਮਿਟਾ ਕੇ ਦਮ ਲਏਗਾ।’ 18 ਫਰਵਰੀ, 1943 ਵਾਲੇ ਦਿਨ ਹਾਂਸ ਤੇ ਸੌਫੀ ‘ਦ ਵਾਈਟ ਰੋਜ਼’ ਦਾ ਛੇਵਾਂ ਪੈਂਫ਼ਲਿਟ ਮਿਊਨਿਖ ਯੂਨੀਵਰਸਿਟੀ ਵਿਚ ਵੰਡ ਰਹੇ ਸਨ, ਜਦੋਂ ਉਨ੍ਹਾਂ ਨੂੰ ਅਜਿਹਾ ਕਰਦਿਆਂ ਦੇਖ ਇਕ ਬੰਦੇ ਨੇ ਨਾਜ਼ੀ ਪੁਲਿਸ ਗੈਸਟਾਪੋ ਨੂੰ ਸ਼ਿਕਾਇਤ ਕਰ ਦਿੱਤੀ। ਦੋਵਾਂ ਭੈਣ ਭਰਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਤਫ਼ਤੀਸ਼ੀ ਅਫ਼ਸਰ ਪਹਿਲਾਂ ਤਾਂ ਸੌਫੀ ਨੂੰ ਬੇਕਸੂਰ ਸਮਝ ਰਿਹਾ ਸੀ ਪਰ ਜਦੋਂ ਹਾਂਸ ਨੇ ਆਪਣਾ ਗੁਨਾਹ ਮੰਨ ਲਿਆ ਤਾਂ ਸੌਫੀ ਨੇ ਵੀ ਸਪਸ਼ਟ ਕਹਿ ਦਿੱਤਾ ਕਿ ਉਹ ਵੀ ਇਸ ਕੰਮ ਵਿਚ ਬਰਾਬਰ ਦੀ ਹਿੱਸੇਦਾਰ ਹੈ। ਦੋਵਾਂ ਨੂੰ ਬਚਾਅ ਦਾ ਮੌਕਾ ਦਿੱਤੇ ਬਿਨਾ ਫ਼ੈਸਲਾ ਸੁਣਾ ਦਿੱਤਾ ਗਿਆ। ਦੋਹਾਂ ਦੀ ਸਜਾ ਲਈ ਸੌਫੀ ਦੇ ਇਕਬਾਲੀਆ ਬਿਆਨ ਨੂੰ ਅਧਾਰ ਬਣਾਇਆ ਗਿਆ। ਸੌਫੀ ਨੇ

ਆਪਣਾ ਬਿਆਨ ਦਰਜ ਕਰਾਉਂਦਿਆਂ ਕਿਹਾ ਸੀ ਕਿ- ਕਿਸੇ ਨੇ ਤਾਂ ਸ਼ੁਰੂਆਤ ਕਰਨੀ ਸੀ। ਅਸੀਂ ਜੋ ਕੁਝ ਲਿਖਿਐ ਤੇ ਜੋ ਕੁਝ ਕਹਿ ਰਹੇ ਹਾਂ ਉਸ 'ਤੇ ਬਹੁਤ ਸਾਰੇ ਦੇਸ਼ ਵਾਸੀ ਯਕੀਨ ਕਰਦੇ ਨੇ। ਉਨ੍ਹਾਂ ਵਿਚ ਇਹ ਸਭ ਕੁਝ ਕਹਿਣ ਦੀ ਭਾਵੇਂ ਹੁਣ ਹਿੰਮਤ ਨਹੀਂ ਜਿਹੋ ਜਿਹੀ ਅਸੀਂ ਵਿਖਾਈ ਹੈ, ਪਰ ਉਹ ਦਿਨ ਦੂਰ ਨਹੀਂ ਜਦੋਂ ਅਜਿਹੀ ਹਿੰਮਤ ਲੋਕਾਂ ਨੂੰ ਨਿਰਭੈ ਤੇ ਨਿਡਰ ਬਣਾ ਦੇਵੇਗੀ।' ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਤੋਂ ਕੁਝ ਦਿਨਾਂ ਬਾਅਦ ਉਨ੍ਹਾਂ ਦੇ ਦੋਸਤ ਕ੍ਰਿਸਟੋਫ ਪ੍ਰੋਬਸਟ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਸਾਰਿਆਂ ਨੂੰ ਦੇਸ਼ ਧ੍ਰੋਹੀ ਠਹਿਰਾ ਕੇ ਸਜਾ ਦੇ ਦਿੱਤੀ ਗਈ। ਕੁਝ ਘੰਟਿਆਂ ਬਾਅਦ ਓਸੇ ਸ਼ਾਮ ਸਜਾ ਨੂੰ ਅੰਜਾਮ ਦੇ ਦਿੱਤਾ ਗਿਆ- ਗਿਲੋਟੀਨ ਨਾਲ ਸਿਰ ਕਲਮ ਕਰਕੇ... ਸੌਫੀ ਨੇ ਮਰਨ ਤੋਂ ਪਹਿਲਾਂ ਕਿਹਾ ਸੀ ਕਿ- 'ਅਸੀਂ ਚੰਗਿਆਈ ਦੇ ਜਿੱਤਣ ਦੀ ਉਮੀਦ ਕਿਵੇਂ ਕਰ ਸਕਦੇ ਹਾਂ, ਜਦ ਕਿ ਇਸ ਚੰਗੇ ਕਾਜ ਲਈ ਕੋਈ ਵੀ

ਕੁਰਬਾਨੀ ਦੇਣ ਲਈ ਤਿਆਰ ਨਹੀਂ। ਜੇ ਇਸ ਤਰ੍ਹਾਂ ਸਾਡੇ ਸਿਰ ਦੇਣ ਨਾਲ ਹਜ਼ਾਰਾਂ ਲੋਕ ਜਾਗ ਕੇ ਮਾਨਵਤਾ ਦੇ ਕਾਤਲਾਂ ਦਾ ਵਿਰੋਧ ਕਰਨ ਲੱਗ ਪਏ ਤਾਂ ਅਸੀਂ ਸਮਝਾਂਗੇ ਸਾਡੀ ਸ਼ਹਾਦਤ ਨੂੰ ਬੂਰ ਪੈ ਗਿਆ ਹੈ ਤੇ ਸਾਡੀ ਮੌਤ ਅਜਾਈਂ ਨਹੀਂ ਗਈ। ਅਲਵਿਦਾ!' ਇਸ ਤੋਂ ਬਾਅਦ ਛੇਵੇਂ ਪੈਂਫ਼ਲਿਟ ਨੂੰ ਬਾਕੀ ਸਾਥੀਆਂ ਨੇ ਚੋਰੀ ਛੁਪੇ ਜਰਮਨੀ ਤੋਂ ਬਾਹਰ ਭੇਜਿਆ। ਇਸ ਨੂੰ 'ਮਿਊਨਿਖ ਦੇ ਵਿਦਿਆਰਥੀਆਂ ਦਾ ਮੈਨੀਫੈਸਟੋ' ਨਾਂ ਦੇ ਕੇ, ਇਹਦੀਆਂ ਕਰੋੜਾਂ ਕਾਪੀਆਂ ਛਪਵਾ ਕੇ, ਮਿੱਤਰ ਫ਼ੌਜਾਂ ਦੇ ਹਵਾਈ ਜਹਾਜ਼ਾਂ ਰਾਹੀਂ ਸਾਰੇ ਜਰਮਨੀ ਵਿਚ ਸੁੱਟੀਆਂ ਗਈਆਂ। ਹਿਟਲਰ ਦੀ ਮੌਤ ਤੋਂ ਬਾਅਦ ਜਰਮਨੀ ਵਿਚ 'ਦ ਵਾਈਟ ਰੋਜ਼' ਦੇ ਮੈਂਬਰਾਂ ਨੂੰ ਦੇਸ਼ ਦੇ ਸ਼ਹੀਦਾਂ ਦਾ ਦਰਜਾ ਦਿੱਤਾ ਗਿਆ। ਇਸ ਗਰੁੱਪ ਦੀ ਇਕੱਲੀ ਲੜਾਕੀ ਸੋਫੀ ਸ਼ਾਲ ਦੀ ਇਹ ਕਹਾਣੀ ਕਾਮਿਕਸਾਂ, ਨਾਟਕਾਂ, ਫ਼ਿਲਮਾਂ, ਕਿਤਾਬਾਂ ਵਿਚ ਪੇਸ਼ ਕੀਤੀ ਗਈ ਤਾਂ ਕਿ ਭਵਿੱਖ ਦੀਆਂ

ਪੀੜ੍ਹੀਆਂ ਇਸ ਤੋਂ ਪ੍ਰੇਰਨਾ ਲੈ ਸਕਣ। ਸਾਲ 2003 ਵਿਚ ਜਰਮਨ ਟੀ ਵੀ ਵਾਲਿਆਂ ਨੇ ਇਕ ਸਰਵੇ ਕਰਾਇਆ। ਇਸ ਵਿਚ ਟਾਪ ਟੈਨ ਰਾਹੀਂ ਪਸੰਦੀਦਾ ਜਰਮਨਾਂ ਦੇ ਨਾਂ ਪੇਸ਼ ਕਰਨ ਦੀ ਸਿਫ਼ਾਰਿਸ਼ ਕੀਤੀ ਗਈ ਤਾਂ ਚਾਲੀ ਵਰ੍ਹਿਆਂ ਤੋਂ ਘੱਟ ਉਮਰ ਦੇ ਲੱਖਾਂ ਲੋਕਾਂ ਨੇ ਸੋਫੀ ਤੇ ਹਾਂਸ ਨੂੰ ਪਹਿਲੇ ਨੰਬਰ 'ਤੇ ਰੱਖਿਆ।

ਪੋਸਟ ਸਕਰਿਪਟ

ਦੇਸ਼ ਧ੍ਰੋਹ ਤੇ ਦੇਸ਼ ਭਗਤੀ ਵਿਚ ਸੋਚ ਦਾ ਹੀ ਅੰਤਰ ਹੈ। ਦੁਨੀਆ ਭਰ ਵਿਚ ਮਨੁੱਖਤਾ ਨੂੰ ਬਚਾਉਣ ਲਈ ਜਿਹੜੇ ਟਕਰਾ ਹੋਏ ਹਨ, ਉਨ੍ਹਾਂ ਤੋਂ ਸਬਕ ਸਿੱਖਣ ਦੀ ਲੋੜ ਹੈ। ਸਰਮਾਏਦਾਰੀ, ਹਿੰਸਾ, ਹਉਮੈਂ, ਲਾਲਚ, ਨਫ਼ਰਤ ਤੇ ਮਰਦੇ ਦਮ ਤੱਕ ਕੁਰਸੀ ਨੂੰ ਚੰਬੜੇ ਰਹਿਣ ਦੀ ਚਾਹਤ ਨੇ ਮਨੁੱਖਤਾ ਦਾ ਘਾਣ ਕੀਤਾ ਹੈ। ਹਿਟਲਰ ਨੇ ਜਿਸ ਤਰ੍ਹਾਂ ਦੇ ਨਫ਼ਰਤੀ ਵਰਤਾਰੇ ਨਾਲ ਇਕ ਸਮੁਦਾਏ ਨੂੰ ਤਬਾਹ

ਕੀਤਾ ਉਹ ਦਿਲ ਕੰਬਾਊ ਹੈ। ਅੱਜ ਵੀ ਦੁਨੀਆ 'ਤੇ ਹਿਟਲਰਾਂ ਦੀ ਕਮੀ ਨਹੀਂ। ਲੋੜ ਹੈ ਇਨ੍ਹਾਂ ਦਾ ਵਿਰੋਧ ਕਰਕੇ ਲੋਕਾਂ ਨੂੰ ਇਨ੍ਹਾਂ ਦੀ ਅਸਲੀਅਤ ਦੱਸਣ ਦੀ। ਗਲੋਬ 'ਤੇ ਅੱਜ ਲੋੜ ਹੈ ਬਹੁ-ਭਾਸ਼ਾਈ, ਬਹੁ-ਸਭਿਆਚਾਰਕ, ਬਹੁ-ਕੌਮੀ, ਬਹੁ-ਨਸਲੀ ਤੇ ਬਹੁ-ਧਰਮੀ ਸਮੁਦਾਇਆਂ ਵਿਚ ਸੁਹਿਰਦਤਾ ਤੇ ਸਹਿਣਸ਼ੀਲਤਾ ਦਾ ਸਾਮਰਾਜ ਕਾਇਮ ਕਰਨ ਦੀ ਤਾਂ ਕਿ ਮਨੁੱਖਤਾ ਦੀ ਬਹੁ-ਬਿਦਤਾ ਨੂੰ ਇਕ ਸੂਤਰ ਵਿਚ ਪਰੋਇਆ ਜਾ ਸਕੇ। ਜਦ ਤੱਕ ਇਤਿਹਾਸ ਦੇ ਪੰਨਿਆਂ 'ਤੋਂ ਸੋਫੀ ਤੇ ਹਾਂਸ ਦੇ ਨਾਂ ਮਿਟਦੇ ਨਹੀਂ ਓਨੀ ਦੇਰ ਤੱਕ ਆਸ ਦੀ ਜੋਤ ਜਗਦੀ ਰਹੇਗੀ ਤੇ ਜਰਵਾਣਿਆਂ ਨੂੰ ਵੰਗਾਰਦੀ ਰਹੇਗੀ।

50

ਅੱਜ ਦੇ ਪੁਲਿਟੀਕਲ ਮਿਡਾਸ

ਅੱਜ ਕੱਲ੍ਹ ਚੋਣਾਂ ਦਾ ਮੌਸਮ ਹੈ। ਹਰ ਪਾਸੇ ਲੋਕਾਂ ਨੂੰ ਲੁਭਾਉਣ ਲਈ ਲਾਲਚ ਦਿੱਤੇ ਜਾ ਰਹੇ ਹਨ। ਹਰ ਕੋਈ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਉਸ ਕੋਲ ਸੋਨੇ ਦੀ ਖਾਣ ਹੈ। ਹੋ ਸਕਦੈ ਕਿਸੇ ਕੋਲ ਇੱਛਾ ਪੂਰਕ ਕਾਮਧੇਨ ਗਾਂ ਵੀ ਹੋਵੇ। ਰਾਜਨੀਤਕ ਆਵਾਜਾਈ ਤੇਜ਼ ਹੋ ਗਈ ਹੈ। ਰਾਜਨੀਤੀ ਵਫ਼ਾਦਾਰੀ ਦਾ ਪੱਲਾ ਛੱਡ ਕੇ ਸੁਵਿਧਾ ਸੇਵਕ ਹੋ ਗਈ ਹੈ। ਜਿੱਥੇ ਕਿਸੇ ਦੀ ਗੋਟੀ ਫਿੱਟ ਬੈਠਦੀ ਹੈ ਉਹ ਓਸੇ ਸਫ਼ ’ਤੇ ਜਾ ਬੈਠਦਾ ਹੈ। ਅਜੇ ਲੋਕ ਪਿਛਲੀ ਆਵਾਜਾਈ ਵੇਲੇ ਉਹਦੇ ਗਲ ਵਿਚ ਪਾਏ ਪਾਰਟੀ ਦੇ ਪੱਲੇ ਨੂੰ ਭੁੱਲੇ ਵੀ ਨਹੀਂ ਹੁੰਦੇ ਕਿ ਅਗਲੇ ਦਿਨ ਉਹਦੇ ਗਲ ਵਿਚ ਕਿਸੇ ਹੋਰ ਨਵੀਂ ਪਾਰਟੀ ਦਾ ਪੱਲਾ ਨਜ਼ਰ ਆ ਰਿਹਾ ਹੁੰਦਾ ਹੈ। ਪਾਰਟੀ ਬਦਲਣਾ

ਬੱਚਿਆਂ ਦੀ ਖੇਡ ਵਰਗਾ ਹੋ ਗਿਆ ਹੈ।ਹਰ ਪਾਰਟੀ ਕੋਲ ਵਿਕਾਸ ਦਾ ਏਜੰਡਾ ਹੈ ਤੇ ਇਹਦੇ ਅਰਥ ਵੀ ਆਪਣੇ ਆਪਣੇ ਹਨ। ਵਿਕਾਸ ਸ਼ਬਦ ਨੂੰ ਏਨਾ ਖਿੱਚਿਆ ਗਿਆ ਹੈ ਕਿ ਉਹ ਆਪ ਵੀ ਆਪਣੇ ਆਪ ਨੂੰ ਭੁੱਲ ਗਿਆ ਹੈ। ਖਿੱਦੋ ਵਾਂਗ ਜਿਹੜਾ ਉਹਨੂੰ ਹਿੱਟ ਮਾਰਦਾ ਹੈ ਉਹ ਉਹਦੀ ਝੋਲੀ ਵਿਚ ਬਹਿ ਜਾਂਦਾ ਹੈ। ਲੋਕ ਲੁਭਾਊ ਸਕੀਮਾਂ ਵਿਚ ਹਰ ਕੋਈ ਹਜ਼ਾਰ ਤੋਂ ਲੈ ਕੇ ਤਿੰਨ ਹਜ਼ਾਰ ਰੁਪਏ ਬੀਬੀਆਂ ਨੂੰ ਦੇਣ ਦੇ ਵਾਅਦੇ ਕਰ ਰਿਹਾ ਹੈ। ਕੋਈ ਸਕੂਟੀ ਦੇਣ ਦੀ ਗੱਲ ਕਰ ਰਿਹਾ ਹੈ,ਕਿਸੇ ਦੇ ਝੋਲੇ ਵਿਚ ਲੈਪਟਾਪ ਹੈ, ਕਿਸੇ ਕੋਲ ਮੋਬਾਈਲਾਂ ਦੇ ਡੱਬੇ ਹਨ, ਕਿਸੇ ਕੋਲ ਰਾਸ਼ਨ ਹੈ, ਕਿਸੇ ਕੋਲ ਨੌਕਰੀਆਂ ਦੇ ਲਾਲਚ ਦੇ ਟੋਕਰੇ ਹਨ ਭਾਵ ਹਰ ਕੋਲ ਆਪਣਾ ਆਪਣਾ ਪੰਡੋਰਾ ਦਾ ਬਾਕਸ ਹੈ। ਵੇਖਣ ਨੂੰ ਸੁਗਾਤਾਂ ਨਾਲ ਭਰਿਆ ਲਗਦਾ ਹੈ ਪਰ ਹੈ ਇਹ ਬਿਮਾਰੀਆਂ ਤੇ ਆਫ਼ਤਾਂ ਦਾ ਘਰ। ਮੁਫ਼ਤੋ ਮੁਫ਼ਤ ਹਰ ਕੋਈ ਅਸਮਾਨ ਨੂੰ ਟਾਕੀਆਂ ਲਾਉਣ ਵਿਚ ਲੱਗਾ

ਹੋਇਆ। ਹਰ ਇਕ ਕੋਲ ਮਦਾਰੀ ਵਾਲਾ ਝੁਰਲੂ ਤੇ ਜਾਦੂਈ ਟੋਪੀ ਹੈ। ਜੁਮਲੇ ਬਾਜ਼ੀ ਵਿਚ ਭਾਸ਼ਾ ਦਾ ਸੈਂਸੈੱਕਸ ਜਿੰਨਾ ਜੀਅ ਕਰੇ ਉਪਰ ਥੱਲੇ ਕੀਤਾ ਜਾ ਸਕਦਾ ਹੈ। ਇਹਦਾ ਸੰਬੰਧ ਬਜ਼ਾਰ ਨਾਲ ਨਹੀਂ ਸਗੋਂ ਵਿਰੋਧੀ ਦੀ ਜੁਗਲਬੰਦੀ ਨਾਲ ਹੈ। ਬਚਪਨ ਵਿਚ ਸੁਣੀ ਰਾਜੇ ਮਿਡਾਸ ਦੀ ਕਥਾ ਯਾਦ ਆ ਗਈ। ਗਰੀਕ ਮਾਈਥਾਲੌਜੀ ਦੀ ਫੋਲਾ-ਫਾਲੀ ਕੀਤੀ ਤਾਂ ਉਹਦਾ ਖੁਰਾ ਖੋਜ ਲੱਭ ਗਿਆ। ਗਰੀਕ ਲੋਕ ਕਥਾਵਾਂ ਵਿਚੋਂ ਉਹਦੇ ਬਾਰੇ ਪਤਾ ਲੱਗਦਾ ਹੈ ਕਿ ਉਹ ਫਰੇਗਿਅਨ ਸਾਮਰਾਜ ਦਾ ਪ੍ਰਸਿੱਧ ਰਾਜਾ ਸੀ।ਉਹਦਾ ਸਮਾਂ ‘ਟ੍ਰਾਏ ਯੁੱਧ’ ਤੋਂ ਪਹਿਲਾਂ ਦੋ ਹਜ਼ਾਰ ਈਸਵੀ ਪੂਰਵ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਕ ਵਾਰ ਗ੍ਰੀਕ ਦੇਵਤੇ ਡਾਇਓਨਿਸਿਸ ਦਾ ਇਕ ਮਿੱਤਰ ਪਿਆਰਾ ਸਾਇਲੇਨੀਅਸ ਫਰੇਗਿਅਨ ਵਿਚ ਘੁੰਮਣ ਫਿਰਨ ਲਈ ਗਿਆ। ਰਾਹ ਵਿਚ ਉਹਨੇ ਏਨੀ ਦਾਰੂ ਪੀ ਲਈ ਕਿ ਚੰਗਾ ਟੁੰਨ ਹੋ ਗਿਆ। ਫਰੇਗਿਅਨ ਦੀ ਰਾਜਧਾਨੀ ਗਾਰਡੀਓਨ

ਪਹੁੰਚਦਿਆਂ ਨਸ਼ੇ ਵਿਚ ਚੂਰ ਉਹ ਬੇਹੋਸ਼ ਹੋ ਗਿਆ ਤੇ ਬੁੜ ਬੁੜਾ ਕੇ ਮਿਡਾਸ ਨੂੰ ਮੰਦਾ ਚੰਗਾ ਬੋਲਣ ਲੱਗਾ। ਰਾਜੇ ਦੇ ਸਿਪਾਹੀਆਂ ਨੇ ਉਹਨੂੰ ਫੜ ਕੇ ਮਿਡਾਸ ਦੇ ਦਰਬਾਰ ਵਿਚ ਪੇਸ਼ ਕੀਤਾ। ਮਿਡਾਸ ਨੂੰ ਜਦੋਂ ਪਤਾ ਲੱਗਾ ਕਿ ਉਹ ਗ੍ਰੀਕ ਦੇਵਤੇ ਡਾਇਓਨਿਸਿਸ ਦਾ ਮਿੱਤਰ ਹੈ ਤਾਂ ਉਹਨੇ ਛੱਡ ਦਿੱਤਾ ਤੇ ਦਸ ਦਿਨ ਉਹਦੀ ਖ਼ੂਬ ਖ਼ਾਤਰਦਾਰੀ ਕੀਤੀ। ਗਿਆਰ੍ਹਵੇਂ ਦਿਨ ਰਾਜਾ ਉਹਨੂੰ ਲੈ ਕੇ ਡਾਇਓਨਿਸਿਸ ਕੋਲ ਜਾ ਪਹੁੰਚਿਆ। ਓਧਰ ਡਾਇਓਨਿਸਿਸ ਆਪਣੇ ਮਿੱਤਰ ਦੀ ਕੋਈ ਖ਼ਬਰ ਨਾ ਮਿਲਣ ਕਰਕੇ ਉਦਾਸ ਸੀ, ਜਦੋਂ ਉਹਨੂੰ ਰਾਜੇ ਮਿਡਾਸ ਨਾਲ ਆਉਂਦਿਆਂ ਦੇਖਿਆ ਤਾਂ ਉਹਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਹਨੇ ਖ਼ੁਸ਼ ਹੋ ਕੇ ਮਿਡਾਸ ਨੂੰ ਕਿਹਾ ਜੋ ਇੱਛਾ ਹੈ ਵਰ ਮੰਗ ਲੈ। ਮਿਡਾਸ ਕਹਿਣ ਲੱਗਾ ਕਿ ਵਰਦਾਨ ਦਿਓ ਕਿ ਮੈਂ ਜਿਸ ਚੀਜ਼ ਨੂੰ ਹੱਥ ਲਾਵਾਂ ਉਹ ਸੋਨੇ ਦੀ ਹੋ ਜਾਵੇ। ਡਾਇਓਨਿਸਿਸ ਕਹਿਣ ਲੱਗਾ ਇਕ ਵਾਰ ਫਿਰ ਚੰਗੀ ਤਰ੍ਹਾਂ ਸੋਚ ਵਿਚਾਰ ਲੈ। ਪਰ

ਮਿਡਾਸ ਆਪਣੀ ਗੱਲ 'ਤੇ ਅਟੱਲ ਰਿਹਾ। ਡਾਇਓਨਿਸਿਸ ਨੇ ਕਿਹਾ ਠੀਕ ਹੈ ਅਜਿਹਾ ਹੀ ਹੋਵੇਗਾ। ਮਿਡਾਸ ਤਾਂ ਜਿਵੇਂ ਖ਼ੁਸ਼ੀ ਨਾਲ ਪਾਗਲ ਹੋ ਗਿਆ ਕਿ ਯੂਨਾਨੀ ਦੇਵਾਂ ਦੀ ਏਨੀ ਮਿਹਰ ਕਿ ਮੈਂ ਹਰ ਚੀਜ਼ ਸੋਨੇ ਦੀ ਬਣਾ ਸਕਦਾਂ। ਮੇਰੀ ਧਰਤੀ ਤੇ ਅਕਾਸ਼ ਵੀ ਸੋਨੇ ਦੇ ਹੋਣਗੇ, ਮੈਂ ਸੋਨੇ ਦੇ ਪਲੰਘ 'ਤੇ ਸੌਂਵਾਂਗਾ, ਮੇਰੇ ਤਾਂ ਕੱਪੜੇ ਵੀ ਸੋਨੇ ਦੇ ਹੋਣਗੇ, ਸੋਨੇ ਦੇ ਮਹਿਲਾਂ ਵਿਚ ਮੇਰਾ ਨਿਵਾਸ ਹੋਵੇਗਾ। ਵਾਹ ਮੈਂ ਤਾਂ ਸੋਨ ਦੇਵ ਬਣ ਗਿਆਂ। ਉਹ ਹਰ ਚੀਜ਼ ਨੂੰ ਛੋਹ ਕੇ ਸੋਨੇ ਦੀ ਬਣਾਉਣ ਲੱਗਾ। ਏਸੇ ਦੌਰਾਨ ਉਹਦੀ ਪੁੱਤਰੀ ਪਿਤਾ ਨੂੰ ਮਿਲਣ ਆਈ ਤਾਂ ਉਹਨੇ ਖ਼ੁਸ਼ੀ ਵਿਚ ਉਹਨੂੰ ਕਲਾਵੇ ਵਿਚ ਲੈ ਲਿਆ। ਉਹਦੀਆਂ ਬਾਂਹਾਂ ਵਿਚ ਹੀ ਉਹ ਸੋਨੇ ਦੀ ਬਣ ਗਈ। ਉਹ ਉੱਚੀ ਉੱਚੀ ਰੋਣ ਲੱਗਾ। ਪਿਆਸ ਲੱਗੀ ਪਾਣੀ ਪੀਣ ਲੱਗਾ ਤਾਂ ਛੂੰਹਦਿਆਂ ਹੀ ਉਹ ਸੋਨੇ ਵਿਚ ਬਦਲ ਗਿਆ। ਭੁੱਖ ਲੱਗੀ ਰੋਟੀ ਖਾਣ ਲੱਗਾ ਤਾਂ ਉਹ ਵੀ ਸੋਨੇ ਦੀ ਬਣ ਗਈ। ਤਦ ਉਹਨੂੰ ਸਮਝ ਆਈ ਕਿ

ਲਾਲਚ ਵਿਚ ਆ ਕੇ ਉਹਨੇ ਗ਼ਲਤ ਵਰਦਾਨ ਮੰਗ ਲਿਆ ਹੈ। ਮੁੜਦੇ ਪੈਰੀਂ ਉਹ ਨਿੰਮੋਝੂਣਾ ਮਨ ਵਿਚ ਅਰਦਾਸਾਂ ਕਰਦਾ ਡਾਇਓਨਿਸਿਸ ਦੀ ਸ਼ਰਨ ਵਿਚ ਪੁੱਜਾ ਤੇ ਬੇਨਤੀ ਕੀਤੀ ਕਿ ਉਹਦੇ ਕੋਲੋਂ ਵੱਡੀ ਭੁੱਲ ਹੋਈ ਹੈ, ਬਖ਼ਸ਼ ਦਿਓ। ਮੈਨੂੰ ਸੋਨਾ ਨਹੀਂ ਚਾਹੀਦਾ। ਮੈਂ ਲਾਲਚ ਵਿਚ ਆ ਕੇ ਸੋਨੇ ਨੂੰ ਸਭ ਕੁਝ ਸਮਝ ਬੈਠਾ ਸਾਂ। ਹੁਣ ਪਛਤਾਵਾ ਹੋ ਰਿਹਾ ਹੈ।' ਡਾਇਓਨਿਸਿਸ ਨੂੰ ਉਹਦੀ ਹਾਲਤ ਦੇਖ ਕੇ ਤਰਸ ਆ ਗਿਆ। ਉਹਨੇ ਰਾਜੇ ਮਿਡਾਸ ਨੂੰ ਹੁਕਮ ਦਿੱਤਾ ਕਿ ਜਾ ਪੈਕਤੋਲਸ ਨਦੀ ਵਿਚ ਜਾ ਕੇ ਦੇਵਾਂ ਨੂੰ ਅਰਾਧ ਕੇ ਭੁੱਲ ਬਖ਼ਸ਼ਾ ਤੇ ਤਿੰਨ ਵਾਰ ਉਸ ਵਿਚ ਡੁਬਕੀ ਲਾ, ਇਸ ਵਰਦਾਨ ਤੋਂ ਮੁਕਤ ਹੋ ਜਾਵੇਂਗਾ।'ਮਿਡਾਸ ਨੇ ਸਿਰ ਝੁਕਾ ਕੇ ਵਿਦਾ ਲਈ ਤੇ ਓਵੇਂ ਹੀ ਕੀਤਾ। ਜਿਸ ਛਿਣ ਉਹਨੇ ਨਦੀ ਵਿਚ ਡੁਬਕੀ ਲਾਈ ਪਾਣੀ ਨਾਲ ਵਹਿਣ ਵਾਲੀ ਰੇਤ ਦੇ ਕਣ ਵੀ ਸੋਨੇ ਵਿਚ ਬਦਲ ਗਏ, ਤੇ ਨਦੀ ਕੰਢੇ ਸੋਨੇ ਦੀ ਰੇਤ ਫੈਲ ਗਈ। ਪੈਕਤੋਲਸ ਅੱਜ ਵੀ ਤੁਰਕੀ ਦੀ

ਪ੍ਰਸਿੱਧ ਨਦੀ ਹੈ ਜਿਸ ਨੂੰ ਸੋਨ ਨਦੀ (ਆਲੀਤਨ ਨੇਹੇਰ) ਕਿਹਾ ਜਾਂਦਾ ਹੈ।

ਪੋਸਟ ਸਕਰਿਪਟ

ਸਾਡੇ ਚੋਣਾਂ ਲੜਨ ਵਾਲੇ ਲੀਡਰ ਵੀ ਮਿਡਾਸ ਵਾਂਗ ਹਰ ਚੀਜ਼ ਸੋਨੇ ਦੀ ਬਣਾਉਣ ਦੇ ਸੁਪਨੇ ਦਿਖਾ ਰਹੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਲੋਕਤੰਤਰ ਵਿਚ ਵੋਟ ਹੀ ਖਰਾ ਸੋਨਾ ਹੈ ਤੇ ਇਸ ਨੂੰ ਲੁੱਟਣ ਲਈ ਪਹਿਲਾਂ ਝਾਂਸਾ ਦੇਣਾ ਜ਼ਰੂਰੀ ਹੈ ਕਿ ਉਹ ਵੋਟਰਾਂ ਨੂੰ ਵਰਦਾਨ ਦੇਣਗੇ ਤੇ ਉਨ੍ਹਾਂ ਦੀ ਹਰ ਚੀਜ਼ ਸੋਨੇ ਦੀ ਬਣਾ ਦੇਣਗੇ ਪਰ ਵਿਚੋਂ ਉਹ ਜਾਣਦੇ ਹਨ ਕਿ ਅਸਲ ਵਿਚ ਸੋਨੇ ਦੀ ਲੰਕਾ ਉਹ ਆਪਣੀ ਬਣਾਉਣਗੇ। ਸੋਨਾ ਲੋਕਾਂ ਦਾ, ਲੰਕਾ ਲੀਡਰਾਂ ਦੀ। ਲੋਕ ਤਾਂ ਵਿਚਾਰੇ ਨਦੀਆਂ ਕੰਢੇ ਧੁੱਪ ਵਿਚ ਚਮਕਦੀ ਸੋਨੇ ਦੀ ਰੇਤ ਨੂੰ ਲਲਚਾਈਆਂ ਨਜ਼ਰਾਂ ਨਾਲ ਦੇਖ ਹੀ ਸਕਣਗੇ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ

ਇਹਦੇ ਮਾਲਕ ਵੀ ਸੋਨੇ ਦੀ ਲੰਕਾ ਵਾਲੇ ਉਨ੍ਹਾਂ ਦੇ ਰਹਿਬਰ ਹਨ।

51

ਉਰਸੁਲਾ ਉਰਫ਼ ਸੌ ਸਾਲ ਦਾ ਇਕਲਾਪਾ/ਗੈਬੋ

ਜਾਦੂਈ ਯਥਾਰਥ ਦਾ ਚਿਤੇਰਾ ਗੈਬਰੀਅਲ ਗਾਰਸ਼ੀਆ ਮਾਰਖੇਜ਼ ਲਾਤੀਨੀ ਅਮਰੀਕਾ ਦਾ ਹੀ ਨਹੀਂ ਸਗੋਂ ਵਿਸ਼ਵ ਸਾਹਿਤ ਦਾ ਅਨਮੋਲ ਹੀਰਾ ਹੈ। ਉਹਦਾ ਨਾਵਲ “ਵਨ ਹੰਡਰਡ ਯੀਅਰ ਆਫ਼ ਸੋਲੀਟਿਊਡ” ਇਕ ਅਜਿਹਾ ਯਾਦਗਾਰੀ ਨਾਵਲ ਹੈ ਜਿਸ ਨੇ ਉਹਨੂੰ ਦੁਨੀਆ ਦੇ ਕੋਨੇ ਕੋਨੇ ਵਿਚ ਪਹੁੰਚਾ ਦਿੱਤਾ। ਇਹ ਇਕ ਇਤਫ਼ਾਕ ਹੀ ਹੈ ਕਿ ਹਰ ਵੱਡਾ ਲੇਖਕ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਬਚਪਨ ਵਿਚ ਦਾਦੀ ਜਾਂ ਨਾਨੀ ਕੋਲੋਂ ਸੁਣੀਆਂ ਕਥਾ-ਕਹਾਣੀਆਂ ਉਹਦੇ ਸਾਹਿਤ ਦਾ ਆਧਾਰ ਹਨ। ਅੱਜ ਕੱਲ੍ਹ ਸਮਾਂ ਬਦਲ ਗਿਆ ਹੈ ਜਾਂ ਤਾਂ ਦਾਦੀਆਂ ਨਾਨੀਆਂ ਕਥਾ-ਕਹਾਣੀਆਂ ਭੁੱਲ ਚੁੱਕੀਆਂ ਹਨ ਜਾਂ ਫਿਰ ਬੱਚਿਆਂ ਕੋਲ ਜੰਮਦਿਆਂ

ਹੀ ਆਪਣੇ ਕੋਲ ਬਹਿਣ ਦਾ ਸਮਾਂ ਮੁੱਕ ਗਿਐ ਤੇ ਕਾਰਟੂਨ ਨੈੱਟਵਰਕ ਨੇ ਬੱਚਿਆਂ ਕੋਲੋਂ ਉਨ੍ਹਾਂ ਦਾ ਬਚਪਨ ਖੋਹ ਲਿਆ ਹੈ। ਆਪਣੇ ਸਾਹਿਤ ਦੇ ਸਿਰਜਣ-ਬੀਜਾਂ ਦੀ ਗੱਲ ਕਰਦਾ ਮਾਰਖੇਜ਼ ਲਿਖਦਾ ਹੈ ਕਿ- ਕਹਾਣੀਆਂ ਲਈ ਉਤਸੁਕਤਾ ਤੇ ਪ੍ਰੇਮ ਮੈਨੂੰ ਮੇਰੀ ਦਾਦੀ ਕੋਲੋਂ ਮਿਲਿਆ। 'ਜਦੋਂ ਉਹ 'ਸੌ ਸਾਲ ਦਾ ਇਕਲਾਪਾ' ਵਰਗਾ ਨਾਵਲ ਲਿਖਣ ਬਾਰੇ ਸੋਚ ਰਿਹਾ ਸੀ, ਉਹਨੂੰ ਨਹੀਂ ਸੀ ਪਤਾ ਕਿ ਉਹਦੀ ਦਾਦੀ ਇਕ ਅਮਰ ਪਾਤਰ ਬਣ ਕੇ ਇਸ ਵਿਚ ਆ ਜਾਵੇਗੀ। ਏਸੇ ਉਲਝਣ ਵਿਚ ਇਕ ਦਿਨ ਜਦੋਂ ਛੁੱਟੀਆਂ ਮਨਾਉਣ ਲਈ ਏਕਾਪੁਲਕੋ ਵੱਲ ਜਾਂਦਿਆਂ ਉਹ ਕਾਰ ਡਰਾਈਵ ਕਰ ਰਿਹਾ ਸੀ ਤਾਂ, ਅਚਾਨਕ ਉਹਦੇ ਮਨ ਵਿਚ ਖ਼ਿਆਲ ਆਇਆ ਕਿ ਉਹਨੂੰ ਇਹ ਕਹਾਣੀ ਓਸੇ ਤਰ੍ਹਾਂ ਸ਼ੁਰੂ ਕਰਨੀ ਚਾਹੀਦੀ ਹੈ ਜਿਵੇਂ ਉਹਦੀ ਦਾਦੀ ਕਹਾਣੀ ਸੁਣਾਉਂਦੀ ਹੁੰਦੀ ਸੀ। ਬੱਸ ਫਿਰ ਕੀ ਸੀ ਛੁੱਟੀ ਦੀ ਛੁੱਟੀ ਹੋ ਗਈ ਤੇ ਅੱਧੇ ਰਸਤਿਓਂ ਹੀ ਉਹ ਵਾਪਸ ਮੁੜ

ਆਇਆ ਤੇ ਕਹਾਣੀ ਸ਼ੁਰੂ ਹੋ ਗਈ। ਡੇਢ ਸਾਲ ਲਗਾਤਾਰ ਉਹ ਇਸ ਕਹਾਣੀ ਲਿਖਣ ਲਈ ਜੁਟਿਆ ਰਿਹਾ ਤੇ ਅਖੀਰ ਦੁਨੀਆ ਨੂੰ ਇਕ ਨਵੀਂ ਕਿਸਮ ਦਾ ਸ਼ਾਹਕਾਰ ਦਿੱਤਾ। ਇਸ ਨਾਵਲ ਵਿਚ ਉਹਨੇ ਉਰਸੁਲਾ ਬੇਂਦੀਆ ਦੇ ਪਾਤਰ ਰਾਹੀਂ ਆਪਣੀ ਦਾਦੀ ਨੂੰ ਸਜੀਵ ਕਰ ਦਿੱਤਾ। ਦੋਵਾਂ ਵਿਚ ਕਈ ਪ੍ਰਕਾਰ ਦੀਆਂ ਸਾਂਝਾਂ ਨਜ਼ਰ ਆਉਂਦੀਆਂ ਹਨ। ਦੋਵੇਂ ਅਦਭੁਤ ਹਨ, ਦੋਵੇਂ ਬੇਕਰੀ ਚਲਾਉਂਦੀਆਂ ਹਨ ਤੇ ਦੋਵੇਂ ਸਿਰੇ ਦੀਆਂ ਅੰਧਵਿਸ਼ਵਾਸੀ ਹਨ। ਉਹਦੀ ਦਾਦੀ ਹਰੇਕ ਘਟਨਾ ਦੀ ਅਨੋਖੀ ਅਲੌਕਿਕ ਵਿਆਖਿਆ ਕਰਦੀ ਜਿਵੇਂ ਉੱਡਦੀ ਤਿਤਲੀ ਦੇਖ ਕੇ ਚਿੱਠੀ ਆਉਣ ਦੀ ਗੱਲ ਕਰਦੀ ਤੇ ਦੁੱਧ ਉੱਬਲ਼ ਜਾਣ ਨੂੰ ਘਰ ਵਿਚ ਕਿਸੇ ਜੀਅ ਦੇ ਬਿਮਾਰ ਹੋ ਜਾਣ ਦਾ ਸੰਕੇਤ ਮੰਨਦੀ। ਉਹਦੇ ਬਚਪਨ ਦਾ ਘਰ ਭੂਤ ਬੰਗਲਾ ਹੀ ਸੀ। ਉਸ ਵਿਚ ਤਰ੍ਹਾਂ ਤਰ੍ਹਾਂ ਦੇ ਭੂਤ ਦਾਦੀ ਦੀਆਂ ਕਹਾਣੀਆਂ ਵਾਂਗ ਸਮੋਏ ਰਹਿੰਦੇ। ਬਾਲ ਮਾਰਖੇਜ਼ ਇਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਨ ਲੱਗ

ਗਿਆ ਸੀ। ਇਹਦਾ ਇਕ ਪਾਤਰ ਮੌਰੀਸੀਏ ਬੇਬੀਲੋਨੀਆ, ਜਿਸ ਦੇ ਆਸੇ ਪਾਸੇ ਤਿਤਲੀਆਂ ਮੰਡਰਾਉਂਦੀਆਂ ਰਹਿੰਦੀਆਂ ਹਨ, ਉਹਦੀ ਦਾਦੀ ਦਾ ਸਿਰਜਿਆ ਪਾਤਰ ਹੈ। ਬਚਪਨ ਵਿਚ ਉਨ੍ਹਾਂ ਦੇ ਘਰ ਇਕ ਬਿਜਲੀ ਠੀਕ ਕਰਨ ਵਾਲਾ ਮਿਸਤਰੀ ਆਉਂਦਾ ਹੁੰਦਾ ਸੀ। ਇਕ ਦਿਨ ਉਹਦੇ ਜਾਣ ਤੋਂ ਬਾਅਦ ਉਹਦੀ ਦਾਦੀ ਨੂੰ ਇਕ ਤਿਤਲੀ ਨਜ਼ਰ ਆਈ ਤਾਂ ਉਹ ਕਹਿਣ ਲੱਗੀ, 'ਇਹ ਆਦਮੀ ਜਦੋਂ ਵੀ ਘਰ ਆਉਂਦਾ ਹੈ ਤਾਂ ਜਾਣ ਲੱਗਾ ਤਿਤਲੀਆਂ ਛੱਡ ਜਾਂਦਾ ਹੈ।'

'ਸੌ ਸਾਲ ਦਾ ਇਕਲਾਪਾ' ਨਾਵਲ ਜਿਸ ਕਾਲਪਨਿਕ ਇਲਾਕੇ ਵਿਚ ਵਾਪਰਦਾ ਹੈ ਉਹਦਾ ਨਾਂ ਹੈ- ਮਾਕੋਂਦੋ। ਇਸ ਸੁੱਤ ਉਨੀਂਦਰੇ ਕਸਬੇ ਵਿਚ ਜਾਦੂਈ ਸੰਸਾਰ ਦੀ ਨੀਂਹ ਰੱਖਣ ਵਾਲੇ ਪੁਰਖੇ ਹੋਸੇ ਅਕਾਰਦੀਓ ਬੁਏਨਦੀਆ ਦੀ ਵਹੁਟੀ ਸੀ ਇਹ ਉਰਸੁਲਾ ਈਗੂਆਰਾਨ। ਲਗਾਤਾਰ ਮਿਹਨਤ ਮੁਸ਼ੱਕਤ ਕਰਨ ਵਾਲੀ ਉਰਸੁਲਾ ਪੂਰੇ ਨਾਵਲ ਦੀ ਰੀੜ੍ਹ ਦੀ ਹੱਡੀ ਹੈ। ਮਾਰਖੇਜ਼ ਦਾ ਮੰਨਣਾ

ਸੀ ਕਿ ਉਹਨੂੰ ਨਾਵਲ ਵਿਚ ਹੋਣ ਵਾਲੇ ਗ੍ਰਹਿ ਯੁੱਧ ਤੋਂ ਪਹਿਲਾਂ ਮਰ ਜਾਣਾ ਚਾਹੀਦਾ ਸੀ, ਜਦੋਂ ਉਹ ਸੌ ਵਰ੍ਹਿਆਂ ਦੀ ਹੋਣ ਵਾਲੀ ਸੀ। ਪਰ ਉਹਨੂੰ ਅਹਿਸਾਸ ਹੋਇਆ ਕਿ ਜੇ ਉਰਸੁਲਾ ਮਾਰ ਦਿੱਤੀ ਗਈ ਤਾਂ ਸਾਰੀ ਕਥਾ ਢਹਿ ਜਾਏਗੀ। ਉਸ ਵੇਲੇ ਤੱਕ ਨਾਵਲ ਵਿਚ ਏਨਾ ਉਬਾਲ ਆ ਚੁੱਕਾ ਸੀ ਕਿ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਸੀ ਪੈਂਦਾ ਕਿ ਅੱਗੋਂ ਕੀ ਹੋਵੇਗਾ? ਪਰ ਉਰਸੁਲਾ ਦਾ ਜਿਉਂਦੇ ਰਹਿਣਾ ਜ਼ਰੂਰੀ ਸੀ ਤੇ ਉਹ ਇਕ ਸੌ ਸੋਲ੍ਹਾਂ ਸਾਲਾਂ ਤੱਕ ਜਿਉਂਦੀ ਰਹੀ। ਗੈਬੋ ਦੇ ਦੋਸਤ ਤੇ ਪ੍ਰਸਿੱਧ ਪੱਤਰਕਾਰ ਪਲੀਨੀਓ ਆਪੂਲੇਓ ਮੇਂਦੋਜ਼ਾ ਨੇ ਉਰਸੁਲਾ ਨੂੰ ‘ਮਦਰ ਆਫ਼ ਅਰਥ’ ਦੀ ਉਪਾਧੀ ਦਿੱਤੀ ਸੀ। ਨਾਵਲ ਦੇ ਮੁੱਢ ਵਿਚ ਹੀ ਉਹਦੇ ਚਰਿੱਤਰ ਦੀ ਤਾਕਤ ਜੰਮ ਜਾਂਦੀ ਹੈ। ਜਦੋਂ ਅਕਾਰਦੀਓ ਬੂਏਨਦੀਆ ਨੂੰ ਮਾਕੋਂਦੋ ਛੋਟਾ ਲੱਗਣ ਲੱਗ ਜਾਂਦਾ ਹੈ, ਤਾਂ ਉਹ ਕਿਸੇ ਹੋਰ ਥਾਂ ਜਾ ਕੇ ਵੱਸਣ ਦਾ ਇੱਕਤਰਫ਼ਾ ਫ਼ੈਸਲਾ ਕਰ ਲੈਂਦਾ ਹੈ। ਉਰਸੁਲਾ ਨੂੰ ਜਦੋਂ ਇਸ ਬਾਰੇ ਪਤਾ ਲੱਗਦਾ

ਹੈ ਤਾਂ ਉਹ ਕਹਿੰਦੀ ਹੈ- ‘ਅਸੀਂ ਏਥੋਂ ਬਿਲਕੁਲ ਨਹੀਂ ਜਾਵਾਂਗੇ। ਅਸੀਂ ਏਥੇ ਹੀ ਰਹਾਂਗੇ ਕਿਉਂਕਿ ਏਥੇ ਸਾਡਾ ਪਹਿਲਾ ਪੁੱਤ ਜੰਮਿਆ ਹੈ।’ ਹੋਸੇ ਕਹਿੰਦਾ ਹੈ ਕਿ- ‘ਅਜੇ ਤਕ ਏਥੇ ਸਾਡੇ ਪਰਿਵਾਰ ਵਿਚੋਂ ਕੋਈ ਨਹੀਂ ਮਰਿਆ। ਇਸ ਲਈ ਅਸੀਂ ਇਸ ਨੂੰ ਆਪਣੀ ਨਹੀਂ ਕਹਿ ਸਕਦੇ, ਜਦੋਂ ਤੱਕ ਕਿ ਕੋਈ ਆਪਣਾ ਇਸ ਧਰਤੀ ਵਿੱਚ ਸਦਾ ਦੀ ਨੀਂਦ ਨਹੀਂ ਸੌਂ ਜਾਂਦਾ।’ ਤਾਂ ਬੜੀ ਦ੍ਰਿੜ੍ਹਤਾ ਨਾਲ ਉਰਸੁਲਾ ਉਹਨੂੰ ਜੁਆਬ ਦੇਂਦੀ ਹੈ ‘ਜੇ ਏਥੇ ਰਹਿਣ ਲਈ ਕਿਸੇ ਦਾ ਮਰਨਾ ਜ਼ਰੂਰੀ ਹੈ ਤਾਂ ਮੈਂ ਹੁਣੇ ਮਰ ਕੇ ਕਬਰ ਵਿਚ ਪੈਣ ਲਈ ਤਿਆਰ ਹਾਂ।’ ਗੈਬੋ ਉਰਫ਼ ਗੈਬਰੀਅਲ ਦਾ ਜਨਮ ਕੋਲੰਬੀਆ ਦੇ ਇਕ ਛੋਟੇ ਜਿਹੇ ਕਸਬੇ ਆਰਾਕਾਤਾਕਾ ਵਿਚ 06 ਮਾਰਚ, 1927 ਨੂੰ ਹੋਇਆ ਸੀ। ਆਰਾਕਾਤਾਕਾ ਨਦੀ ਦੇ ਕੰਢੇ ਵੱਸੇ ਇਸ ਟਰਾਪੀਕਲ ਕਸਬੇ ਦੇ ਜਿਸ ਘਰ ਵਿਚ ਮਾਰਖੇਜ਼ ਦਾ ਜਨਮ ਹੋਇਆ ਸੀ, ਉਹਨੂੰ ਹੁਣ ਇਕ ਮਿਊਜ਼ੀਅਮ ਦਾ ਰੂਪ ਦੇ ਕੇ ਇਸ ਉੱਘੇ ਲੇਖਕ ਦੀਆਂ ਯਾਦਾਂ

ਸਾਂਭ ਦਿੱਤੀਆਂ ਗਈਆਂ ਹਨ। ਸੱਚ ਤਾਂ ਇਹ ਹੈ ਕਿ ਆਰਾਕਾਤਾਕਾ ਵਿਚਲੀ ਹਰ ਸ਼ੈਅ ਨੂੰ ਇਸ ਮਹਾਨ ਲੇਖਕ ਦੇ ਨਾਂ ਨਾਲ ਜੋੜ ਦਿੱਤਾ ਗਿਆ ਹੈ। ਮਿਸਾਲ ਲਈ ਗੈਬੋ ਰੈਸਤਰਾਂ ਵਿਚ ਤੁਹਾਨੂੰ ਕਾਲਪਨਿਕ ਮਾਕੋਂਦੋ ਕਸਬੇ ਦੇ ਟਿਪੀਕਲ ਖਾਣੇ ਖਾਣ ਲਈ ਮਿਲਣਗੇ ਤੇ ਓਥੋਂ ਦੇ ਸਭ ਤੋਂ ਵੱਡੇ ਹੋਟਲ ਦਾ ਨਾਂ "ਵਨ ਹੰਡਰਡ ਯੀਅਰ ਆਫ਼ ਸੋਲੀਟਿਊਡ" ਹੈ ਤੇ ਨਾਵਲ ਵਿਚ ਬਾਰ ਬਾਰ ਆਉਣ ਵਾਲੇ ਵਣਜਾਰੇ ਦੇ ਨਾਂ 'ਤੇ 'ਦ ਜਿਪਸੀ ਹਾਊਸ' ਵੀ ਓਥੇ ਸਥਾਪਤ ਕੀਤਾ ਗਿਆ ਹੈ। ਗੈਬੋ ਦੇ ਉਸ ਖ਼ਾਨਦਾਨੀ ਘਰ ਦੇ ਬਾਹਰਲੇ ਕਮਰੇ ਵਿਚ ਇਕ ਸੰਦੂਕ ਤੇ ਟੈਲੀਪ੍ਰਿੰਟਰ ਮਸ਼ੀਨ ਤੋਂ ਇਲਾਵਾ ਸੁਨਹਿਰੀ ਰੰਗ ਵਿਚ ਰੰਗੀ ਇਕ ਅਰਾਮ ਕੁਰਸੀ 'ਤੇ ਬੈਠੀ ਉਰਸੁਲਾ ਦੀ ਸ਼ਾਨਦਾਰ ਮੂਰਤੀ ਸਜੀ ਹੋਈ ਹੈ। ਇਹ ਕਿਸੇ ਅਜਿਹੇ ਪਾਤਰ ਲਈ ਵੱਡੇ ਮਾਣ ਵਾਲੀ ਗੱਲ ਹੈ ਕਿ ਉਹਦੀ ਯਾਦਗਾਰ ਨੂੰ ਸਦੀਵੀ ਤੌਰ ਤੇ ਸਥਾਪਤ ਕੀਤਾ ਗਿਆ ਹੈ, ਜਿਸ ਨੂੰ

ਦੇਖਣ ਲਈ ਦੁਨੀਆ ਦੇ ਕੋਨੇ ਕੋਨੇ ਤੋਂ ਲੋਕ ਆਉਂਦੇ ਹਨ। ਇਹ ਨਾਵਲਕਾਰ ਲਈ ਓਥੋਂ ਦੇ ਲੋਕਾਂ ਦਾ ਪਿਆਰ ਤੇ ਸਤਿਕਾਰ ਹੀ ਹੈ ਜੋ ਲੇਖਕ ਨੂੰ ਹੀ ਨਹੀਂ ਸਗੋਂ ਧਰਤੀ ਨਾਲ ਜੁੜੇ ਪਾਤਰ ਨੂੰ ਵੀ ਮਿਲਿਆ ਹੈ।

ਪੋਸਟ ਸਕਰਿਪਟ

ਲਾਤੀਨੀ ਅਮਰੀਕੀ ਆਪਣੇ ਲੇਖਕਾਂ ਨੂੰ ਜਿੰਨਾ ਮਾਣ ਸਤਿਕਾਰ ਦੇਂਦੇ ਹਨ, ਇਹ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਇਹ ਲੇਖਕ ਉਨ੍ਹਾਂ ਦੇ ਮਾਰਗ ਦਰਸ਼ਕ ਹਨ। ਪਰ ਸਾਡੇ ਦੇਸ਼ ਵਿਚ ਲੇਖਕਾਂ ਨੂੰ ਦੁਰਕਾਰਿਆ ਜਾਂਦਾ ਹੈ। ਉਨ੍ਹਾਂ ਦੇ ਸੱਚ ਨੂੰ ਸੁਣਨ ਦੀ ਥਾਂ ਉਨ੍ਹਾਂ 'ਤੇ ਹਮਲੇ ਕੀਤੇ ਜਾਂਦੇ ਹਨ, ਉਨ੍ਹਾਂ ਦੀਆਂ ਰਚਨਾਵਾਂ 'ਤੇ ਪਾਬੰਦੀ ਲਾ ਦਿੱਤੀ ਜਾਂਦੀ ਹੈ। ਉਨ੍ਹਾਂ ਦੇ ਸਮਾਜਕ ਬਾਈਕਾਟ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਕਾਸ਼ ਅਸੀਂ ਦੁਨੀਆ ਦੇ ਲੋਕਾਂ ਕੋਲੋਂ

ਆਪਣੇ ਲੇਖਕਾਂ ਦਾ ਸਤਿਕਾਰ ਕਰਨਾ ਤੇ ਉਨ੍ਹਾਂ ਦੀ ਇੱਜ਼ਤ ਕਰਨੀ ਸਿੱਖੀ ਹੁੰਦੀ ਤਾਂ ਅੱਜ ਅਸੀਂ ਬੌਧਿਕ ਕੰਗਾਲੀ ਤੋਂ ਛੁਟਕਾਰਾ ਪਾ ਚੁੱਕੇ ਹੁੰਦੇ।

52

ਹਰ ਬਸੰਤ ਮੈਨੂੰ ਵਿਸਮਾਦੀ ਲੱਗਦੀ ਹੈ- ਗੁੰਟਰ ਗਰਾਸ

ਇਹ ਗੱਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਹੈ। ਅੱਤਵਾਦ ਦਾ ਦੌਰ ਸੀ। ਹਰ ਪਾਸੇ ਹਫ਼ੜਾ ਦਫ਼ੜੀ ਮਚੀ ਹੋਈ ਸੀ। ਯੂਨੀਵਰਸਿਟੀ ਵਿਚ ਬਹੁਤੀ ਵਾਰ ਕਲਾਸਾਂ ਘੱਟ ਲਗਦੀਆਂ ਸਨ। ਹਰ ਰੋਜ਼ ਕਰਫ਼ਿਊ, ਕਤਲ, ਲੁੱਟਾਂ ਖੋਹਾਂ ਕਰਕੇ ਮਹੌਲ ਬੜਾ ਤਣਾਓ ਪੂਰਨ ਰਹਿੰਦਾ ਸੀ, ਪਰ ਇਸ ਦੇ ਬਾਵਜੂਦ ਪੜ੍ਹਨ ਲਿਖਣ ਦਾ ਚਾਅ ਕਿਸੇ ਵਿਚ ਵੀ ਮੱਠਾ ਨਹੀਂ ਸੀ ਪਿਆ। ਨਵੀਂਆਂ ਕਿਤਾਬਾਂ ਹਰ ਰੋਜ਼ ਪੜ੍ਹੀਆਂ ਜਾਂਦੀਆਂ, ਉਨ੍ਹਾਂ ਬਾਰੇ ਗੱਲਾਂ ਹੁੰਦੀਆਂ, ਲੇਖਕਾਂ ਦੇ ਕਿੱਸੇ ਸੁਣੇ ਸੁਣਾਏ ਜਾਂਦੇ। ਇਕ ਦਿਨ ਕਾਮਰੇਡ ਦੀਪਕ ਧਵਨ ਨਾਲ ਮੁਲਾਕਾਤ ਹੋਈ। ਨਵਾਂ ਪੜ੍ਹਨ ਬਾਰੇ ਪੁੱਛਿਆ ਤਾਂ ਉਸ ਦੱਸਿਆ ਕਿ ਅੱਜ ਕੱਲ੍ਹ ਉਹ ਗੁੰਟਰ ਗਰਾਸ ਦਾ ਨਾਵਲ 'ਦ

ਫਲਾਊਂਡਰ’ ਪੜ੍ਹ ਰਿਹਾ ਹੈ। ਉਨ੍ਹਾਂ ਦਿਨਾਂ ਵਿਚ ਗੁੰਟਰ ਕਾਫ਼ੀ ਚਰਚਾ ਵਿਚ ਸੀ। ਕਿਤਾਬਾਂ ਤੇ ਖਾਸ ਕਰਕੇ ਵਿਦੇਸ਼ੀ ਕਿਤਾਬਾਂ ਛੇਤੀ ਮਿਲਦੀਆਂ ਨਹੀਂ ਸਨ ਤੇ ਦੂਜਾ ਮਹਿੰਗੀਆਂ ਵੀ ਕਾਫ਼ੀ ਹੁੰਦੀਆਂ ਸਨ। ਇਹਦਾ ਸੌਖਾ ਹੱਲ ਅਸੀਂ ਇਹ ਲੱਭਿਆ ਸੀ ਕਿ ਦਿੱਲੀ ਵਿਖੇ ਸੰਬੰਧਿਤ ਲੇਖਕ ਦੀਆਂ ਕਿਤਾਬਾਂ ਬਾਰੇ ਉਹਦੀ ਅੰਬੈਸੀ ਨੂੰ ਰਿਕੁਐਸਟ ਪਾ ਦੇਈਦੀ ਸੀ। ਆਮ ਤੌਰ ’ਤੇ ਕਿਤਾਬਾਂ ਆ ਜਾਂਦੀਆਂ ਸਨ। ਜਰਮਨ ਅੰਬੈਸੀ ਨੂੰ ਚਿੱਠੀ ਪਾ ਦਿੱਤੀ। ਕੁਝ ਦਿਨਾਂ ਬਾਅਦ ਗੁੰਟਰ ਗਰਾਸ ਦੇ ਨਾਵਲ ਸਮੇਤ ਤਿੰਨ ਕਿਤਾਬਾਂ ਦਾ ਪੈਕਿਟ ਆ ਗਿਆ। ਫਿਰ ਉਹਦੇ ਨਾਵਲ ‘ਦ ਟਿਨ ਡਰੱਮ’, ‘ਕੈਟ ਐਂਡ ਦ ਮਾਊਸ’ ਮੰਗਵਾ ਕੇ ਪੜ੍ਹੇ। ਗੁੰਟਰ ਬਾਰੇ ਇਕ ਲੰਮਾ ਚੌੜਾ ਲੇਖ ਲਿਖਿਆ ਜੋ ਅਜੇ ਛਪਿਆ ਨਹੀਂ। ਉਹਦੀ ਮੌਤ ਤੋਂ ਬਾਅਦ ਉਹਦੀ ਸਵੈ- ਜੀਵਨੀ ‘ਪੀਲਿੰਗ ਦ ਅਨੀਅਨ’ ਇਕ ਵਾਰ ਫਿਰ ਚਰਚਾ ਵਿਚ ਆ ਗਈ। ਅੱਲ੍ਹੜ ਉਮਰੇ ਹਿਟਲਰ ਦੀ ਫ਼ੌਜ ਵਿਚ

ਉਹਦਾ ਜਾਣਾ ਸਾਰੀ ਉਮਰ ਚਰਚਾ ਦਾ ਵਿਸ਼ਾ ਬਣਿਆ ਰਿਹਾ। ਆਪਣੀ ਸਵੈ-ਜੀਵਨੀ ਵਿਚ ਉਹਨੇ ਆਪਣੇ ਸਾਰੇ ਰਾਜ਼ ਖੋਲ੍ਹੇ ਹਨ। ਉਹ ਲਿਖਦਾ ਹੈ: ਮੈਨੂੰ ਆਪਣੀ ਸਵੈ-ਜੀਵਨੀ ਬਹੁਤ ਪਹਿਲਾਂ ਲਿਖ ਲੈਣੀ ਚਾਹੀਦੀ ਸੀ। ਮੇਰੇ ਬਾਰੇ ਕਈ ਕੁਝ ਪੁੱਠਾ ਸਿਧਾ ਕਿਹਾ ਗਿਆ, ਕਿ ਸ਼ਾਇਦ ਮੈਂ ਆਪਣੀ ਸਵੈ-ਜੀਵਨੀ ਵਿਚ ਆਪਣੇ ਬਾਰੇ ਕੋਈ ਸਨਸਨੀਖ਼ੇਜ਼ ਧਮਾਕੇ ਕਰਾਂਗਾ। ਹਰ ਲੇਖਕ ਦਾ ਪਾਠਕ ਵਰਗ ਉਹਦੇ ਅੰਦਰਲੇ ਬਾਰੇ ਜਾਣਨਾ ਚਾਹੁੰਦਾ ਹੈ। ਜੇ ਲੇਖਕ ਚੁੱਪ ਰਹਿੰਦਾ ਹੈ ਤਾਂ ਉਹਦੇ ਬਾਰੇ ਕਈ ਤਰ੍ਹਾਂ ਦੇ ਕਿੱਸੇ, ਮਿੱਥਾਂ ਘੜ ਘੜ ਕੇ ਭਰਮ ਫੈਲਾਏ ਜਾਂਦੇ ਹਨ। ਅੱਲ੍ਹੜ ਉਮਰੇ ਮੈਂ ਹਿਟਲਰ ਦੀ ਯੂਥ ਮਿਲਟਰੀ ਵੈਫੇਨ ਐੱਸ ਐੱਸ ਵਿਚ ਸ਼ਾਮਲ ਹੋ ਗਿਆ ਸਾਂ, ਪਰ ਮੈਂ ਆਪਣੀ ਮਰਜ਼ੀ ਨਾਲ ਨਹੀਂ ਸਾਂ ਗਿਆ। ਓਦੋਂ ਮੇਰੀ ਉਮਰ ਦੇ ਹਜ਼ਾਰਾਂ ਅੱਲ੍ਹੜ ਨੌਜਵਾਨ ਇਸ ਵਿਚ ਚਲੇ ਗਏ ਸਨ। ਸਤਾਰਾਂ ਵਰ੍ਹਿਆਂ ਦੀ ਉਮਰ ਵਿਚ ਮੈਨੂੰ ਕਿਹੜੀ ਸਮਝ ਸੀ ਕਿ ਹਿਟਲਰ ਦੇ

ਇਸ ਯੂਨਿਟ ਨਾਲ ਜੁੜਨਾ ਮਨੁੱਖਤਾ ਲਈ ਅਪਰਾਧ ਹੈ। ਮੈਂ ਉਸ ਪੀੜ੍ਹੀ ਵਿਚੋਂ ਸਾਂ,ਜੋ ਰਾਸ਼ਟਰੀ ਸਮਾਜਵਾਦ ਦੀ ਸੋਚ ਹੇਠ ਪ੍ਰਵਾਨ ਚੜ੍ਹੀ ਸੀ। ਸਾਡੀ ਪੂਰੀ ਪੀੜ੍ਹੀ ਇਕ ਭਰਮਾਊ ਆਦਰਸ਼ ਵਿਚ ਗੁਆਚੀ ਅੰਨ੍ਹੀ ਤੇ ਬਰਬਾਦ ਹੋ ਗਈ। ਹਾਲਾਂਕਿ ਉਸ ਨਾਲ ਜੁੜੇ ਕਈ ਲੋਕਾਂ ਨੇ ਬਾਅਦ ਵਿਚ ਦਾਅਵਾ ਕੀਤਾ ਕਿ ਉਹ ਨਾਜ਼ੀ ਜਰਮਨੀ ਦੀ ਸੋਚ ਦੇ ਖ਼ਿਲਾਫ਼ ਸਨ। ਪਰ ਮੈਂ ਉਨ੍ਹਾਂ ਲੋਕਾਂ ਵਿਚੋਂ ਸਾਂ, ਜੋ ਬੇਵਕੂਫ਼ਾਂ ਵਾਂਗ ਅੰਤ ਤੱਕ ਜਰਮਨੀ ਦੀ ਜਿੱਤ ਦਾ ਕਮਲਾ ਜਿਹਾ ਭਰਮ ਪਾਲੀ ਬੈਠੇ ਸਨ। ਇਸ ਲਈ ਜਰਮਨੀ ਦੇ ਸਰੰਡਰ ਦੀ ਖ਼ਬਰ ਸੁਣ ਕੇ ਮੈਨੂੰ ਬਹੁਤ ਧੱਕਾ ਲੱਗਿਆ। ਜਿਸ ਦੇਸ਼ ਨੂੰ ਮੈਂ ਅਜਿੱਤ ਸਮਝਦਾ ਸਾਂ ਉਹਦਾ ਇੰਜ ਭੁੰਜੇ ਲਹਿ ਜਾਣਾ ਮੇਰੇ ਬਰਦਾਸ਼ਤ ਤੋਂ ਬਾਹਰ ਸੀ। ਮੈਨੂੰ ਲੱਗਿਆ ਜਿਵੇਂ ਅਸੀਂ ਠੱਗੇ ਗਏ ਸਾਂ, ਸਾਡੇ ਨਾਲ ਵੱਡਾ ਧੋਖਾ ਹੋਇਆ ਸੀ। ਹੁਣ ਇਸ ਉਮਰ ਵਿਚ ਆ ਕੇ ਮੈਨੂੰ ਮਹਿਸੂਸ ਹੁੰਦਾ ਹੈ ਕਿ ਇਹ ਕੋਈ ਚਮਤਕਾਰ ਹੀ ਸੀ

ਕਿ ਮੈਂ ਅਪਰਾਧ ਤੇ ਹਿੰਸਾ ਦੀ ਅਮੋੜ ਦੁਨੀਆ ਵਿਚ ਜਾਣੋ ਬਚ ਗਿਆ ਸਾਂ। ਮੇਰੇ ਅੰਦਰ ਸ਼ਾਇਦ ਉਹ ਮਾਨਵੀ ਕੋਨਾ ਕਿਸੇ ਨਾ ਕਿਸੇ ਰੂਪ ਵਿਚ ਜਿਊਂਦਾ ਰਹਿ ਗਿਆ ਸੀ ਜਿਸ ਨੇ ਮੈਨੂੰ ਬਚਾ ਕੇ ਸਾਂਭ ਲਿਆ ਸੀ। ਮੇਰੇ ਮਾਤਾ ਪਿਤਾ ਇਕ ਗੁਜ਼ਾਰੇ ਜੋਗੀ ਦੁਕਾਨ ਚਲਾਉਂਦੇ ਸਨ। ਕਈ ਵਾਰ ਮਾਂ ਦੇ ਕਹਿਣ 'ਤੇ ਮੈਨੂੰ ਕਰਜ਼ਦਾਰਾਂ ਕੋਲੋਂ ਵਸੂਲੀ ਕਰਨ ਲਈ ਜਾਣਾ ਪੈਂਦਾ ਸੀ। ਘਰ ਦਾ ਗੁਜ਼ਾਰਾ ਔਖੇ ਸੌਖੇ ਚੱਲ ਰਿਹਾ ਸੀ। ਅਜਿਹੀਆਂ ਸੰਕਟਮਈ ਤੇ ਆਪਾ-ਵਿਰੋਧੀ ਸਥਿਤੀਆਂ ਵਿਚ ਵੀ ਮੈਂ ਆਰਟਸ ਕਾਲਜ ਗਿਆ ਤੇ ਲਿਖਣ ਵੱਲ ਮੁੜ ਗਿਆ ਤਾਂ ਇਹਦਾ ਸੇਹਰਾ ਮੇਰੀ ਮਾਂ ਨੂੰ ਜਾਂਦਾ ਹੈ। ਉਹਨੇ ਸ਼ਾਇਦ ਹਮੇਸ਼ਾ ਇਹੀ ਚਿਤਵਿਆ ਹੋਵੇਗਾ ਕਿ ਮੈਂ ਕਲਾ ਦੇ ਖੇਤਰ ਵਿਚ ਆਪਣੀ ਥਾਂ ਬਣਾਵਾਂ। ਮਾਂ ਅਨੁਸ਼ਾਸਨ ਵਿਚ ਰਹਿਣ ਵਾਲੀ ਸਖ਼ਤ ਔਰਤ ਸੀ। ਉਹਦੇ ਪ੍ਰਭਾਵ ਕਰਕੇ ਹੀ ਮੈਂ ਜ਼ਿੰਦਗੀ ਨੂੰ ਥਾਂ ਸਿਰ ਕਰ ਸਕਿਆਂ। ਤੁਰੇ ਜਾਂਦਿਆਂ ਕਹਾਣੀਆਂ ਘੜਨ ਦੀ ਮੇਰੀ

ਆਦਤ ਨੂੰ ਮਾਂ ਨੇ ਹਮੇਸ਼ਾ ਸਲਾਹਿਆ ਤੇ ਮੈਨੂੰ ਉਤਸ਼ਾਹਿਤ ਕੀਤਾ ਕਿ ਮੈਂ ਇਸ ਵਿਚ ਹੋਰ ਮਿਹਨਤ ਕਰਾਂ ਤਾਂ ਜੋ ਮੇਰੇ ਵਿਚ ਲਿਸ਼ਕ ਪੈਦਾ ਹੋਵੇ। ਇਸ ਦੇ ਉਲਟ ਮੇਰੇ ਪਿਤਾ ਮੈਨੂੰ ਇੰਜੀਨੀਅਰ ਬਣਾਉਣਾ ਚਾਹੁੰਦੇ ਸਨ। ਪੰਦਰਾਂ ਵਰ੍ਹਿਆਂ ਦੀ ਉਮਰੇ ਮੈਂ ਸਕੂਲ ਛੱਡ ਕੇ ਲੜਾਈਆਂ ਭਿੜਾਈਆਂ ਵਿਚ ਪੈ ਗਿਆ ਸਾਂ। ਇਸ ਤੋਂ ਮੈਨੂੰ ਖਾਸ ਤਰ੍ਹਾਂ ਦੀ ਖ਼ੁਸ਼ੀ ਮਿਲਦੀ। ਮੇਰਾ ਚਿੱਤ ਰਾਜ਼ੀ ਹੋ ਜਾਂਦਾ। ਜੇ ਮੈਂ ਅਜਿਹਾ ਨਾ ਕਰਦਾ ਤਾਂ ਮੇਰੇ ਖੁਰਕ ਹੋਣ ਲੱਗ ਜਾਂਦੀ। ਉਸ ਸਮੇਂ ਸਾਡੇ ਆਦਰਸ਼ਕ ਹੀਰੋ ਫ਼ੌਜੀ ਜਰਨੈਲ ਹੁੰਦੇ ਸਨ। ਸਾਨੂੰ ਲਗਦਾ ਸੀ ਕਿ ਜੇ ਅਸੀਂ ਮਾਰਸ਼ਲਾਂ ਵਾਲੀਆਂ ਆਦਤਾਂ ਪਿਛੇ ਨਾ ਲੱਗੇ ਤਾਂ ਆਪਣੇ ਹੀਰੋਆਂ ਵਰਗੇ ਨਹੀਂ ਬਣ ਸਕਾਂਗੇ। ਦੋ ਕਮਰਿਆਂ ਦੇ ਛੋਟੇ ਜਿਹੇ ਫਲੈਟ ਵਿਚ ਪਿਤਾ ਨਾਲ ਅਕਸਰ ਤੂੰ-ਤੜੱਕ ਹੋਈ ਰਹਿੰਦੀ ਜਿਸ ਕਰਕੇ ਮੈਨੂੰ ਘਰੋਂ ਬਾਹਰ ਰਹਿਣਾ ਚੰਗਾ ਲੱਗਦਾ। ਹਾਲਾਂਕਿ ਉਸ ਉਮਰੇ ਵਾਪਰੀਆਂ ਕਈ ਘਟਨਾਵਾਂ ਮੈਨੂੰ

ਅੱਜ ਵੀ ਪਰੇਸ਼ਾਨ ਕਰਦੀਆਂ ਹਨ। ਦੂਜੇ ਸੰਸਾਰ ਯੁੱਧ ਦੀ ਸ਼ੁਰੂਆਤ ਸਮੇਂ ਹੀ ਡੈਂਜਿੰਗ ਵਿਚ ਮੇਰੇ ਇਕ ਅੰਕਲ ਨੂੰ ਨਾਜ਼ੀਆਂ ਨੇ ਕਿਉਂ ਮਾਰ ਮੁਕਾਇਆ, ਇਸ ਦਾ ਜੁਆਬ ਮੈਂ ਅੱਜ ਤੱਕ ਲੱਭ ਰਿਹਾ ਹਾਂ। ਕੋਈ ਇਸ ਮੌਤ ਦਾ ਹਿਸਾਬ ਦੇਣ ਲਈ ਤਿਆਰ ਨਹੀਂ। ਕੀ ਵਿਰੋਧੀ ਨੂੰ ਇੰਜ ਹੀ ਮਾਰ ਦਿੱਤਾ ਜਾਏਗਾ ਤੇ ਸੱਤਾ ਚੁੱਪ ਵੱਟ ਲਵੇਗੀ। ਫਿਰ ਅਨੰਤ ਕਾਲ ਤੱਕ ਇਹ ਸੁਆਲ ਹਵਾ ਵਿਚ ਲਟਕਿਆ ਜੁਆਬ ਦੀ ਉਡੀਕ ਵਿਚ ਸੁਲਗਦਾ ਰਹੇਗਾ। ਅਜਿਹਾ ਹੀ ਇਕ ਹੋਰ ਸੁਆਲ ਹੈ ਜੋ ਮੈਨੂੰ ਸੂਲੀ 'ਤੇ ਟੰਗੀ ਰੱਖਦਾ ਹੈ ਕਿ ਯਹੂਦੀਆਂ ਦੇ ਧਰਮ ਸਥਾਨ ਸਿਨੇਗਾਗਸ ਨੂੰ ਅੱਗ ਕਿਉਂ ਲਾਈ ਗਈ? ਸਿਰਫ਼ ਇਸ ਲਈ ਕਿ ਨਾਜ਼ੀ ਹਿਟਲਰ ਯਹੂਦੀਆਂ ਨੂੰ ਆਪਣਾ ਸਭ ਤੋਂ ਵੱਡਾ ਦੁਸ਼ਮਣ ਮੰਨਦਾ ਸੀ ਤੇ ਉਨ੍ਹਾਂ ਦਾ ਸਰਬ-ਨਾਸ ਕਰਨਾ ਚਾਹੁੰਦਾ ਸੀ। ਆਪਣੇ ਇਸ ਅਤੀਤ ਬਾਰੇ ਮੈਂ ਕਦੇ ਵੀ ਕੋਈ ਓਹਲਾ ਨਹੀਂ ਰੱਖਿਆ। ਇਕ ਲੇਖਕ ਦੇ ਤੌਰ 'ਤੇ ਮੈਂ ਕਦੇ

ਇਹ ਭਰਮ ਨਹੀਂ ਪਾਲਿਆ ਕਿ ਮੈਂ ਜਰਮਨੀ ਦਾ ਅੰਤਹਿਕਰਨ ਹਾਂ। ਕੋਈ ਵੀ ਵਿਅਕਤੀ ਕਿਸੇ ਦੇਸ਼ ਦਾ ਬਦਲ ਨਹੀਂ ਹੋ ਸਕਦਾ। ਜਿਹੜੇ ਅਜਿਹਾ ਦਾਅਵਾ ਕਰਦੇ ਹਨ ਉਹ ਸਿਰੇ ਦੇ ਬੇਵਕੂਫ਼ ਹਨ। ਮੈਂ ਲਿਖਣ ਦਾ ਰਾਹ ਇਸ ਲਈ ਚੁਣਿਆ ਤਾਂ ਕਿ ਮੈਂ ਦੱਬਿਆਂ ਕੁਚਲਿਆਂ ਨੂੰ ਸੱਚ ਦਸ ਸਕਾਂ, ਕਿਉਂਕਿ ਜਿੱਤਣ ਵਾਲਿਆਂ ਦਾ ਇਤਿਹਾਸ ਤਾਂ ਸਾਰੇ ਦੱਸਦੇ ਹਨ ਪਰ ਜਿਹੜੇ ਇਤਿਹਾਸ ਦੀਆਂ ਨੀਂਹਾਂ ਵਿਚ ਦਫ਼ਨ ਹੋ ਜਾਂਦੇ ਹਨ, ਲੋਕ ਉਨ੍ਹਾਂ ਨੂੰ ਭੁੱਲ ਜਾਂਦੇ ਹਨ। ਏਸੇ ਕਰਕੇ ਮੇਰੇ 'ਤੇ ਕਈ ਪ੍ਰਕਾਰ ਦੇ ਦੋਸ਼ ਲਾਏ ਜਾਂਦੇ ਰਹੇ ਨੇ ਕਿ ਮੈਂ ਆਪਣੇ ਵਿਵਾਦਪੂਰਨ ਅਤੀਤ ਦੇ ਬਾਵਜੂਦ ਦੂਸਰਿਆਂ 'ਤੇ ਦੋਸ਼ ਲਾਉਂਦਾ ਹਾਂ। ਪਰ ਅਜਿਹਾ ਨਹੀਂ। ਆਪਣੇ ਬਾਰੇ ਮੈਂ ਕਦੇ ਕੁਝ ਨਹੀਂ ਲੁਕਾਇਆ। ਜੇ ਮੈਂ ਅੱਲ੍ਹੜਪੁਣੇ ਵਿਚ ਗ਼ਲਤੀਆਂ ਕੀਤੀਆਂ ਹਨ ਤਾਂ ਉਨ੍ਹਾਂ ਬਾਰੇ ਮੈਂ ਹਮੇਸ਼ਾ ਸੱਚ ਬੋਲਿਆ ਹੈ। ਜਦੋਂ ਕਰਟ ਜਾਰਜ ਕਸਿੰਜਰ ਦੇ ਜਰਮਨੀ ਦਾ ਚਾਂਸਲਰ ਬਣਨ ਦੀ ਅਕਾਂਖਿਆ

ਬਾਰੇ ਮੈਂ ਵਿਰੋਧੀ ਸੁਰ ਵਿਚ ਬੋਲਿਆ ਸਾਂ ਤਾਂ ਮੈਂ ਸਿਰਫ਼ ਇਹੀ ਦੱਸਣਾ ਚਾਹੁੰਦਾ ਸਾਂ ਕਿ ਇਹ ਉਹੀ ਵਿਅਕਤੀ ਹੈ, ਜੋ ਨਾਜ਼ੀ ਦੌਰ ਵਿਚ ਝੂਠ ਫੈਲਾਉਣ ਤੇ ਜ਼ੁਲਮ ਕਰਨ ਵਾਲੇ ਗੋਇਬਲਜ਼ ਮਹਿਕਮੇ ਵਿਚ ਚੌਧਰੀ ਸੀ। ਉਦੋਂ ਉਹ ਅੱਲ੍ਹੜ ਉਮਰ ਦਾ ਵੀ ਨਹੀਂ ਸੀ। ਮੈਂ ਤਾਂ ਹੁਣ ਇਕ ਬੁੱਢਾ ਤੇ ਗ਼ੁੱਸੇਖ਼ੋਰ ਬੰਦਾ ਹਾਂ। ਝੂਠ ਬੋਲਣ ਵਾਲਿਆਂ ਤੇ ਸੱਚ ਨੂੰ ਲੁਕਾਉਣ ਵਾਲਿਆਂ ਤੋਂ ਮੈਨੂੰ ਚਿੜ ਹੈ। ਹਰ ਬਸੰਤ ਰੁੱਤ ਨੂੰ ਹੁਣ ਮੈਂ ਹੈਰਾਨੀ ਨਾਲ ਦੇਖਦਾ ਹਾਂ। ਮੇਰੀ ਇਸ ਢਲਦੀ ਉਮਰ ਵਿਚ ਹਰ ਨਵਾਂ ਸਾਲ ਮੇਰੇ ਲਈ ਇਕ ਤੋਹਫੇ ਵਾਂਗ ਹੈ। ਹਰ ਚੜ੍ਹਦੀ ਰੁੱਤੇ ਮੈਂ ਸੋਚਦਾਂ ਕਿ ਗਲੋਬ ਦੇ ਅਨੇਕਾਂ ਦੇਸ਼ਾਂ ਨੇ ਬਸਤੀਕਾਲ ਦੌਰਾਨ ਜੋ ਅਪਰਾਧ ਕੀਤੇ ਹਨ ਉਨ੍ਹਾਂ ਦਾ ਹਿਸਾਬ ਤਾਂ ਦੇਣਾ ਪਵੇਗਾ। ਹਰ ਦੇਸ਼ ਨੂੰ ਆਪਣੇ ਅਤੀਤ ਦੀ ਗੰਦਗੀ ਆਪਣੇ ਤਰੀਕੇ ਨਾਲ ਸਾਫ਼ ਕਰਨੀ ਚਾਹੀਦੀ ਹੈ। ਕਿਸੇ ਵੀ ਦੇਸ਼ ਨੂੰ ਦੂਸਰੇ ’ਤੇ ਉਂਗਲ ਚੁੱਕਣ ਦਾ ਅਧਿਕਾਰ ਨਹੀਂ।

ਪੋਸਟ ਸਕਰਿਪਟ

ਥੋੜ੍ਹੇ ਜਿਹੇ ਸ਼ਬਦਾਂ ਵਿਚ ਗੁੰਟਰ ਵੱਡੀਆਂ ਗੱਲਾਂ ਕਰ ਗਿਆ ਹੈ। ਲੇਖਕ ਨੂੰ ਇਮਾਨਦਾਰੀ ਨਾਲ ਆਪਣੇ ਸਮਕਾਲੀ ਯਥਾਰਥ ਦੀ ਚੀਰਫਾੜ ਕਰਨੀ ਚਾਹੀਦੀ ਹੈ। ਸੱਚ ਬੋਲਣਾ ਭਾਵੇਂ ਬਹੁਤ ਔਖਾ ਹੈ ਪਰ ਇਤਿਹਾਸ ਦੇ ਪੰਨਿਆਂ 'ਤੇ ਉਨ੍ਹਾਂ ਦੇ ਨਾਂ ਹੀ ਰਹਿ ਜਾਂਦੇ ਹਨ ਜਿਨ੍ਹਾਂ ਨੇ ਸੱਚ ਦਾ ਸਾਥ ਦਿੱਤਾ ਹੋਵੇ। ਕੂੜ ਕਬਾੜ ਦੀ ਇਸ ਦੁਨੀਆ ਵਿਚ ਸੱਚ ਹੀ ਅਮਰ ਤੇ ਅਮੀਰ ਹੈ।ਜਦੋਂ ਗੁੰਟਰ ਨੂੰ ਨੋਬਲ ਇਨਾਮ ਮਿਲਿਆ ਤਾਂ ਉਹਦੀ ਸਭ ਤੋਂ ਵੱਧ ਆਲੋਚਨਾ ਹੋਈ ਤੇ ਉਹਨੂੰ ਨਾਜ਼ੀ ਹਿਟਲਰ ਦਾ ਫ਼ੌਜੀ ਕਹਿ ਕੇ ਭੰਡਿਆ ਗਿਆ, ਪਰ ਉਹਨੇ ਆਪਣੇ ਅਤੀਤ ਬਾਰੇ ਸੱਚ ਬੋਲ ਕੇ ਦਸ ਦਿੱਤਾ ਕਿ ਉਹ ਸੱਚ 'ਤੇ ਪਹਿਰਾ ਦੇਣ ਵਾਲਾ ਲੇਖਕ ਹੈ। ਇਹੀ ਉਹਦੀ ਵਡਿਆਈ ਹੈ ਜਿਸ ਕਰਕੇ ਅੱਜ ਵੀ ਉਹ ਲੇਖਕ ਦੇ ਤੌਰ 'ਤੇ ਜਿਉਂਦਾ ਹੈ।

53

ਮੇਰੀ # “ਮੈਂ” “ਮੈਂ” ਤੇਰੀ #“ਤੂੰ” “ਤੂੰ”

ਅੱਜ ਕੱਲ੍ਹ ਪੰਜਾਬ ਵਿਚ ਚੋਣਾਂ ਦੀ ਕਾਂਵਾਂ ਰੌਲ਼ੀ ਪਈ ਹੋਈ ਹੈ। ਹਰ ਪਾਰਟੀ ਦੇ ਲੀਡਰ ਦਾ ਮੂੰਹ ਪਾਟਾ ਹੋਇਆ ਹੈ। ਹਰ ਇਕ ਦੇ ਮੂੰਹੋਂ ਬਦਬੂ ਮਾਰਦੇ ਸ਼ਬਦ ਨਿਕਲ ਰਹੇ ਹਨ। ਕੋਈ ਪੰਜਾਬ ਨੂੰ ਦੁਫਾੜ ਕਰਕੇ ਅੱਗ ਲਾਉਣ ਨੂੰ ਫਿਰਦਾ ਹੈ ਤੇ ਕੋਈ ਕੂੜੇ ਕਰਕਟ ਦੇ ਭਰੇ ਟਰੱਕ ਇਕ ਦੂਜੇ ’ਤੇ ਸੁੱਟ ਕੇ ਆਪਣੀ ਜਿੱਤ ਦੇ ਦਮਗਜੇ ਮਾਰ ਰਿਹਾ ਹੈ। ਪੰਜਾਬ ਕਿਸੇ ਦੀ ਸੋਚ ਵਿਚ ਨਹੀਂ। ਇਨ੍ਹਾਂ ਸਾਰਿਆਂ ਰਲ ਕੇ ਪੰਜਾਬ ਦੇ ਕੁਦਰਤੀ ਵਾਤਾਵਰਣ ਨੂੰ ਤਬਾਹ ਕਰ ਦਿੱਤਾ ਹੈ, ਸਮਾਜਕ ਵਾਤਾਵਰਣ ਨੂੰ ਪਲੀਤ ਕਰ ਦਿੱਤਾ ਹੈ। ਹਵਾ,ਪਾਣੀ, ਮਿੱਟੀ, ਫ਼ਸਲਾਂ, ਫੁੱਲ, ਫਲ਼ ਸਭ ਜ਼ਹਿਰੀਲੇ ਹੋ ਗਏ ਹਨ। ਪੰਜਾਬੀਆਂ ਤੇ ਪੰਜਾਬਣਾਂ ਨੂੰ ਮੁਫ਼ਤਖ਼ੋਰੀ ਦੀਆਂ ਬੋਟੀਆਂ ਪਾ ਕੇ

ਪੰਜਾਬੀਅਤ ਦੇ ਸਿਰ ਸਵਾਹ ਪਾਈ ਜਾ ਰਹੀ ਹੈ। ਕੀ ਪੰਜਾਬੀ ਪੰਜਾਬ ਦਾ ਮੁੱਲ ਹਜ਼ਾਰ, ਦੋ ਹਜ਼ਾਰ ਜਾਂ ਸਕੂਟੀਆਂ ਜਾਂ ਸਾਈਕਲਾਂ ਜਾਂ ਨਿੱਕ ਸੁੱਕ ਬਦਲੇ ਵੱਟਣ ਲਈ ਤਿਆਰ ਹਨ?ਇਹ ਸੋਚਣ ਵਾਲੀ ਗੱਲ ਹੈ। ਇਹ ਸੋਚਦਿਆਂ ਤੁਰਕੀ ਦੇ ਤੇਰ੍ਹਵੀਂ ਸਦੀ ਵਿਚ ਹੋਏ ਮੁੱਲਾਂ ਨਸੀਰੂਦੀਨ ਦੀ ਇਕ ਕਹਾਣੀ ਯਾਦ ਆ ਗਈ- ਇਕ ਸ਼ਾਮ ਮੁੱਲਾਂ ਨਸੀਰੂਦੀਨ ਘਰੋਂ ਬਾਹਰ ਨਿਕਲਿਆ। ਉਹਨੇ ਸੋਚਿਆ ਚਲੋ ਦੋ ਚਾਰ ਦੋਸਤਾਂ ਦੇ ਘਰ ਚਲਦੇ ਆਂ ਨਾਲੇ ਮੇਲ ਮੁਲਾਕਾਤ ਹੋ ਜਾਏਗੀ ਨਾਲੇ ਸ਼ਾਮ ਵਾਹਵਾ ਗੁਜ਼ਰ ਜਾਏਗੀ। ਅਜੇ ਥੋੜ੍ਹੀ ਵਾਟ ਹੀ ਗਿਆ ਸੀ ਕਿ ਦੂਸਰੇ ਪਿੰਡੋਂ ਉਹਦਾ ਇਕ ਦੋਸਤ ਜਲਾਲ ਆਉਂਦਾ ਨਜ਼ਰੀਂ ਪਿਆ। ਨੇੜੇ ਆ ਕੇ ਜਲਾਲ ਕਹਿਣ ਲੱਗਾ ਕਿਧਰ ਚਲੀਆਂ ਸਰਕਾਰਾਂ, ਮੈਂ ਤਾਂ ਤੈਨੂੰ ਮਿਲਣ ਆਇਆਂ ਤੇ ਤੂੰ ਕਿਧਰੇ ਹੋਰ ਚੜ੍ਹਾਈ ਕੀਤੀ ਲਗਦੀ ਐ? ਨਸੀਰੂਦੀਨ ਕਹਿਣ ਲੱਗਾ ‘ਤੂੰ ਘਰ ਚੱਲ ਕੇ ਪਰਸ਼ਾਦਾ ਪਾਣੀ ਛੱਕ ਕੇ ਅਰਾਮ ਕਰ, ਮੈਂ ਇਕ

ਜ਼ਰੂਰੀ ਕੰਮ ਚੱਲਿਆਂ, ਕੁਝ ਮਿੱਤਰਾਂ ਨੂੰ ਮਿਲਣ, ਥੋੜ੍ਹੀ ਦੇਰ ਤੱਕ ਆ ਜਾਵਾਂਗਾ।' ਫਿਰ ਮੁੱਲਾਂ ਨੂੰ ਪਤਾ ਨਹੀਂ ਕੀ ਸੁੱਝੀ ਕਹਿਣ ਲੱਗਾ- 'ਜਲਾਲ ਜੇ ਤੂੰ ਥੱਕਿਆ ਨਹੀਂ ਤਾਂ ਚੱਲ ਮੇਰੇ ਨਾਲ ਇਕੱਠੇ ਚਲਦੇ ਆਂ।' ਜਲਾਲ ਕਹਿਣ ਲੱਗਾ- 'ਮੇਰੇ ਕੱਪੜੇ ਲੱਤੇ ਤਾਂ ਮਿੱਟੀ ਘੱਟੇ ਨਾਲ ਲਿੱਬੜੇ ਪਏ ਨੇ, ਮੈਂ ਇੰਜ ਤੇਰੇ ਨਾਲ ਕਿਵੇਂ ਜਾ ਸਕਦਾਂ। ਹਾਂ ਜੇ ਤੂੰ ਮੈਨੂੰ ਆਪਣੇ ਸਾਫ਼ ਕੱਪੜੇ ਲਿਆ ਦੇਵੇਂ ਤਾਂ ਮੈਂ ਤੇਰੇ ਨਾਲ ਜਾ ਸਕਦਾਂ।' ਮੁੱਲਾਂ ਵਾਪਸ ਘਰ ਗਿਆ ਤੇ ਉਹਦੇ ਲਈ ਆਪਣੇ ਸਭ ਤੋਂ ਚੰਗੇ ਨਵੇਂ ਕੱਪੜੇ ਲੈ ਆਇਆ। ਜਲਾਲ ਨੇ ਨਵੇਂ ਧੋਤੇ ਸਾਫ਼ ਸੁਥਰੇ ਕੱਪੜੇ ਪਾਏ ਤੇ ਉਹਦੇ ਨਾਲ ਤੁਰ ਪਿਆ। ਜਿਸ ਪਹਿਲੇ ਦੋਸਤ ਦੇ ਘਰ ਪਹੁੰਚੇ, ਓਥੇ ਜਾਂਦਿਆਂ ਨਸੀਰੂਦੀਨ ਨੇ ਕਿਹਾ- 'ਮੈਂ ਇਹਦੇ ਨਾਲ ਜਾਣ ਪਛਾਣ ਕਰਾ ਦਿਆਂ, ਇਹ ਮੇਰਾ ਦੋਸਤ ਜਲਾਲ ਹੈ ਤੇ ਇਹਨੇ ਜਿਹੜੇ ਕੱਪੜੇ ਪਾਏ ਹਨ ਉਹ ਮੇਰੇ ਹਨ।' ਇਹ ਸੁਣ ਕੇ ਜਲਾਲ ਹੈਰਾਨ ਰਹਿ ਗਿਆ ਕਿ ਮੁੱਲਾਂ ਨੂੰ ਇਹ ਦੱਸਣ

ਦੀ ਕੀ ਲੋੜ ਸੀ। ਬਾਹਰ ਨਿਕਲਦਿਆਂ ਜਲਾਲ ਕਹਿਣ ਲੱਗਾ- ‘ਨਸੀਰੂਦੀਨ ਆਪਣੇ ਦੋਸਤ ਨੂੰ ਕੱਪੜਿਆਂ ਬਾਰੇ ਦੱਸਣ ਦੀ ਕੀ ਲੋੜ ਸੀ?ਹੁਣ ਕਿਸੇ ਹੋਰ ਘਰ ਜਾ ਕੇ ਇਹ ਫੋਲਣਾ ਨਾ ਫੋਲੀਂ।’ਦੂਜੇ ਦੋਸਤ ਦੇ ਘਰ ਪਹੁੰਚਦਿਆਂ, ਨਸੀਰੂਦੀਨ ਨੇ ਉਹਦੀ ਜਾਣ ਪਛਾਣ ਕਰਾਉਂਦਿਆਂ ਕਿਹਾ- ‘ਇਹ ਮੇਰਾ ਪੁਰਾਣਾ ਦੋਸਤ ਜਲਾਲ ਹੈ। ਰਹੀ ਗੱਲ ਕੱਪੜਿਆਂ ਦੀ ਤਾਂ ਇਹ ਇਹਦੇ ਹੀ ਹਨ, ਮੇਰੇ ਨਹੀਂ।’ ਇਹ ਸੁਣ ਕੇ ਜਲਾਲ ਹੋਰ ਪਰੇਸ਼ਾਨ ਹੋ ਗਿਆ। ਬਾਹਰ ਨਿਕਲ ਕੇ ਕਹਿਣ ਲੱਗਾ- ‘ਤੈਨੂੰ ਹੋ ਕੀ ਗਿਐ ਮੁੱਲਾਂ। ਇਹ ਗੱਲ ਕਹਿਣ ਦੀ ਕੀ ਲੋੜ ਸੀ ਕਿ ਕੱਪੜੇ ਕਿਸ ਦੇ ਹਨ?ਇਹ ਕਹਿਣ ਨਾਲ ਸਗੋਂ ਸ਼ੱਕ ਪੈਦਾ ਹੁੰਦਾ ਹੈ। ਇਹ ਤੂੰ ਕਰ ਕੀ ਰਿਹਾਂ?’ ਮੁੱਲਾਂ ਕਹਿਣ ਲੱਗਾ- ‘ਮੈਨੂੰ ਮੁਆਫ਼ ਕਰ ਦੇ ਮਿੱਤਰਾ, ਦਰਅਸਲ ਮੈਂ ਮੁਸ਼ਕਲ ਵਿਚ ਫਸ ਗਿਆਂ। ਪਹਿਲੇ ਵਾਲੀ ਗੱਲ ਮੇਰੇ ਅੰਦਰ ਖੌਰੂ ਪਾਉਂਦੀ ਰਹੀ, ਓਸੇ ਦੀ ਪ੍ਰਤੀਕਿਰਿਆ ਵਿਚ ਮੇਰੇ ਮੂੰਹੋਂ ਇਹ ਗੱਲ ਨਿਕਲ ਗਈ। ਮੈਂ

ਸੋਚਿਆ ਜਿਹੜੀ ਗ਼ਲਤੀ ਪਹਿਲਾਂ ਕੀਤੀ ਸੀ ਉਹਨੂੰ ਸੁਧਾਰ ਲਵਾਂ। ਏਸੇ ਲਈ ਮੈਂ ਕਹਿ ਦਿੱਤਾ ਕਿ ਇਹ ਕੱਪੜੇ ਮੇਰੇ ਨਹੀਂ ਤੇਰੇ ਹੀ ਹਨ।' ਜਲਾਲ ਕਹਿਣ ਲੱਗਾ ਹੁਣ ਅਗਲੀ ਵਾਰੀ ਧਿਆਨ ਰੱਖੀਂ ਕਿ ਇਹ ਨੌਬਤ ਨਾ ਆਏ, ਤੇ ਗੱਲ ਏਥੇ ਹੀ ਠੱਪੀ ਰਹੇ।' ਗੱਲਾਂ ਕਰਦਿਆਂ ਉਹ ਤੀਸਰੇ ਦੋਸਤ ਦੇ ਘਰ ਜਾ ਪਹੁੰਚੇ। ਨਸੀਰੁਦੀਨ ਕਹਿਣ ਲੱਗਾ- 'ਇਹ ਮੇਰਾ ਦੋਸਤ ਜਲਾਲ ਹੈ। ਦੂਰ ਦੇ ਇਕ ਪਿੰਡੋਂ ਮਿਲਣ ਆਇਆ ਹੈ। ਰਹੀ ਗੱਲ ਕੱਪੜਿਆਂ ਦੀ ਤਾਂ ਉਨ੍ਹਾਂ ਬਾਰੇ ਕੁਝ ਵੀ ਕਹਿਣ ਦੀ ਲੋੜ ਨਹੀਂ। ਕਿਉਂ ਜਲਾਲ ਠੀਕ ਹੈ ਨਾ? ਕੱਪੜੇ ਕਿਸੇ ਦੇ ਵੀ ਹੋਣ, ਇਸ ਨਾਲ ਕੀ ਫ਼ਰਕ ਪੈਂਦਾ ਹੈ, ਮੇਰੇ ਹੋਣ ਜਾਂ ਇਹਦੇ, ਇਨ੍ਹਾਂ ਤੋਂ ਕੀ ਲੈਣੈ?ਕੱਪੜਿਆਂ ਦੀ ਏਥੇ ਗੱਲ ਕਰਨ ਦਾ ਕੋਈ ਮਤਲਬ ਹੀ ਨਹੀਂ।' ਬਾਹਰ ਨਿਕਲ ਕੇ ਜਲਾਲ ਕਹਿਣ ਲੱਗਾ- 'ਹੁਣ ਮੈਂ ਤੇਰੇ ਨਾਲ ਤੇਰੇ ਕਿਸੇ ਦੋਸਤ ਦੇ ਘਰ ਨਹੀਂ ਜਾਵਾਂਗਾ, ਪਤਾ ਨਹੀਂ ਅੱਜ ਤੈਨੂੰ ਕੀ ਹੋ ਗਿਐ, ਤੂੰ ਮੇਰੇ ਕੋਲੋਂ ਕਿਹੜੇ

ਜਨਮ ਦਾ ਬਦਲਾ ਲੈਣ 'ਤੇ ਤੁਲਿਆ ਹੋਇਐਂ।' ਨਸੀਰੁਦੀਨ ਕਹਿਣ ਲੱਗਾ- 'ਮੁਆਫ਼ ਕਰੀਂ ਦੋਸਤ, ਮੈਂ ਆਪਣੇ ਹੀ ਜਾਲ ਵਿਚ ਫਸ ਗਿਆਂ। ਮੇਰੇ ਅੰਦਰ ਜੋ ਮੇਰੀ "ਮੈਂ" ਬੈਠੀ ਹੈ ਇਹ ਸਭ ਉਹਦੀਆਂ ਪ੍ਰਤੀਕ੍ਰਿਆਵਾਂ ਹਨ। ਮੈਂ ਸੋਚਿਆ ਸੀ ਕਿ ਸ਼ੁਰੂ ਵਿਚ ਦੋਵੇਂ ਗੱਲਾਂ ਅਣਭੋਲ ਹੀ ਹੋ ਗਈਆਂ, ਪਹਿਲਾਂ ਮੈਂ ਆਪਣੀ ਕਹਿ ਦਿੱਤੀ ਫਿਰ ਤੇਰੀ। ਅਖੀਰ ਇਹ ਸੋਚ ਕੇ ਤੀਸਰੇ ਕੋਲ ਗਿਆ ਸੀ ਕਿ ਹੁਣ ਕੋਈ ਗੱਲ ਨਹੀਂ ਕਰਨੀ, ਪਰ ਅੰਦਰੋਂ "ਮੈਂ" ਨੇ ਸਿਰ ਚੁੱਕ ਲਿਆ ਤੇ ਫਿਰ ਮੈਂ ਸੋਚਿਆ ਕਿ ਹੁਣ ਜਦੋਂ ਗੱਲ ਨਿਕਲ ਹੀ ਗਈ ਹੈ ਤਾਂ ਨਿਤਾਰਾ ਕਰਨਾ ਜ਼ਰੂਰੀ ਹੈ ਕਿ ਕੱਪੜੇ ਕਿਸੇ ਦੇ ਵੀ ਹੋਣ ਮੈਂ ਕੀ ਲੈਣਾ ਦੇਣਾ। ਇਹ ਤਾਂ ਸਿਰਫ਼ "ਮੈਂ" ਹੈ ਜੋ ਅੰਦਰੋਂ ਜਾਗ ਕੇ ਬੰਦੇ ਦੇ ਸਿਰ ਚੜ੍ਹ ਜਾਂਦੀ ਹੈ, ਇਹ ਜਾਦੂਈ ਹੈ ਤੇ ਉਹ ਜਾਦੂ ਕੀ ਹੋਇਆ ਜੋ ਸਿਰ ਚੜ੍ਹ ਕੇ ਬੋਲੇ ਨਾ..."

ਪੋਸਟ ਸਕਰਿਪਟ

ਸਾਡੇ ਲੀਡਰਾਂ ਦੇ ਸਿਰ ਵੀ “ਮੈਂ” ਦਾ ਜਾਦੂ ਚੜ੍ਹ ਕੇ ਬੋਲ ਰਿਹਾ। ਹਰ ਕੋਈ ਕਹਿ ਰਿਹਾ # ਮੈਂ ਇਹ ਕੀਤਾ #ਮੈਂ ਉਹ ਕੀਤਾ।ਜਿਹੜਾ ਚੋਣ ਜਿੱਤਣ ਲਈ ਹਾਬੜਿਆ ਫਿਰਦੈ ਉਹ ਕਹਿ ਰਿਹਾ #ਮੈਂ ਇਹ ਕਰਾਂਗਾ, #ਮੈਂ ਉਹ ਕਰਾਂਗਾ। ਸਾਰੇ ਪੰਜਾਬ ਦੇ ਭਲੇ ਲਈ ਮੈਦਾਨ ਵਿਚ ਨਿੱਤਰੇ ਹਨ ਪਰ ਇਹ ਕੋਈ ਨਹੀਂ ਦਸ ਰਿਹਾ ਕਿ ਪੰਜਾਬ ਦਾ ਬੁਰਾ ਕੀਹਨੇ ਕੀਤੈ? ਇਹੀ ਬੁਰਾ ਕਰਨ ਵਾਲੇ ਨੇ ਤੇ ਇਹੀ ਭਲੇ ਦੀ ਜਾਦੂਈ ਛੜੀ ਘੁਮਾ ਰਹੇ ਨੇ। ਕੱਪੜੇ ਸਾਰਿਆਂ ਨੇ ਵੋਟਰਾਂ ਦੇ ਪਾਏ ਹੋਏ ਨੇ, ਰਾਜਨੀਤੀ ਦੇ ਹਮਾਮ ਵਿਚ ਤਾਂ ਸਾਰੇ ਨੰਗੇ ਨੇ। ਪੰਜਾਬ ਦਾ ਭਲਾ ਤਾਂ ਹੀ ਹੋ ਸਕਦੈ ਜੇ ਵੋਟਰ ਇਨ੍ਹਾਂ ਨੂੰ ਨੰਗੇ ਹੀ ਰਹਿਣ ਦੇਣ। ਜੀਵੇ ਪੰਜਾਬ ਤੇ ਉਹਦੀ ਪੰਜਾਬੀ, ਆਓ ਹਨੇਰੇ ਸਮਿਆਂ ਵਿਚ ਪੰਜਾਬੀਅਤ ਦਾ ਲੜ ਫੜ ਲਈਏ।

54

ਹਕੀਕਤ ਪਾਗਲ ਹੈ/ਐਦੁਆਰਦੋ ਗਲੇਨੀਓ

ਦੁਨੀਆ ਦੇ ਸਿਆਣੇ ਤੇ ਅਨੁਭਵੀ ਲੇਖਕਾਂ ਵਿਚ ਮੈਂ ਐਦੁਆਰਦੋ ਨੂੰ ਸ਼ਾਮਲ ਕਰਦਾ ਹਾਂ। ਉਹਨੂੰ ਜਿੰਨੀ ਵਾਰੀ ਪੜ੍ਹੋ ਦੁਨੀਆ ਦੇ ਵਰਤਾਰਿਆਂ ਦੀ ਸਮਝ ਪੈਂਦੀ ਹੈ। ਜ਼ਿੰਦਗੀ ਦੇ ਅਨੁਭਵ ਵਿਚੋਂ ਉਹਨੇ ਜਿੱਥੇ ਆਪਣੇ ਦੇਸ਼ ਦੀ ਹੋਣੀ ਲੱਭੀ ਓਥੇ ਦੁਨੀਆ ਭਰ ਵਿਚ ਅੰਨ ਪਾਣੀ ਨੂੰ ਤਰਸਦੇ, ਸ਼ੋਸ਼ਣ ਦਾ ਸ਼ਿਕਾਰ ਲੋਕਾਂ ਦੀ ਪੀੜ ਨੂੰ ਉਹਨੇ ਆਪਣੇ ਤਰੀਕੇ ਨਾਲ ਦੁਨੀਆ ਨੂੰ ਦੱਸਿਆ। ਉਹ ਖ਼ਾਹ-ਮਖ਼ਾਹ ਤਰਸ ਨਹੀਂ ਕਰਦਾ ਸਗੋਂ ਹਕੀਕਤਾਂ ਨਾਲ ਡਾਇਲਾਗ ਕਰਦਾ ਹੈ। ਸਾਮਰਾਜੀ ਤਾਕਤਾਂ ਦੇ ਪੋਲ ਖੋਲ੍ਹਦਾ ਹੈ। ਸ਼ੋਸ਼ਣ ਕਰ ਰਹੀਆਂ ਧਿਰਾਂ ਨੂੰ ਸਰੇ ਬਜ਼ਾਰ ਨੰਗਿਆਂ ਕਰ ਦੇਂਦਾ ਹੈ। ਇਕ ਛੋਟੀ ਜਿਹੀ ਕਥਾ ਵਿਚ ਉਹ ਵੱਡੀ ਗੱਲ ਕਰ ਜਾਂਦਾ ਹੈ। ਇਹੀ ਉਹਦੀ

ਸਿਫ਼ਤ ਹੈ।ਉਹ ਲਿਖਦਾ ਹੈ: ‘ਚੰਗਾ ਮੈਨੂੰ ਇਕ ਗੱਲ ਤਾਂ ਦੱਸੋ। ਕੀ ਮਾਰਕਸਵਾਦ ਵਿਚ ਸ਼ੀਸ਼ਾ ਖਾਣ ਦੀ ਮਨਾਹੀ ਹੈ? ਮੈਂ ਜਾਣਨਾ ਚਾਹੁੰਦਾ ਹਾਂ।’ ਇਹ ਘਟਨਾ ਸੰਨ ਪਜੰਤਰ ਦੇ ਨੇੜੇ ਤੇੜੇ ਕਿਊਬਾ ਦੇ ਪੂਰਬੀ ਇਲਾਕੇ ਦੀ ਹੈ। ਉਹ ਆਦਮੀ ਦਰਵਾਜ਼ੇ ਵਿਚ ਖੜ੍ਹਾ ਮੇਰੇ ਜੁਆਬ ਦੀ ਉਡੀਕ ਕਰ ਰਿਹਾ ਸੀ। ਮੈਂ ਉਹਦੇ ਕੋਲੋਂ ਮੁਆਫ਼ੀ ਮੰਗੀ। ਮੈਂ ਉਹਨੂੰ ਦੱਸਿਆ ਕਿ ਮਾਰਕਸਵਾਦ ਬਾਰੇ ਮੈਂ ਬਹੁਤਾ ਕੁਝ ਨਹੀਂ ਜਾਣਦਾ। ਬੱਸ ਥੋੜ੍ਹਾ ਬਹੁਤ ਹੀ ਮੈਨੂੰ ਪਤਾ ਹੈ। ਬਿਲਕੁਲ ਅਲਪ ਜਿਹਾ। ਬਿਹਤਰ ਇਹੀ ਹੋਵੇਗਾ ਕਿ ਤੂੰ ਹਵਾਨਾ ਚਲਾ ਜਾ ਤੇ ਓਥੇ ਕਿਸੇ ਮਾਹਰ ਕੋਲੋਂ ਹੀ ਤੇਰੀ ਪੁੱਛ ਦਾ ਨਿਵਾਰਨ ਹੋਵੇਗਾ। ‘ਹਵਾਨਾ ਤਾਂ ਮੈਨੂੰ ਲਿਜਾ ਚੁੱਕੇ ਨੇ’ ਉਹਨੇ ਕਿਹਾ, ‘ਓਥੇ ਡਾਕਟਰਾਂ ਨੇ ਮੇਰੀ ਜਾਂਚ ਪੜਤਾਲ ਕੀਤੀ। ਕੋਮਾਂਦਾਂਤੇ ਓਥੇ ਆ ਕੇ ਮੈਨੂੰ ਮਿਲੇ। ਫੀਦੇਲ ਨੇ ਕਿਹਾ: ‘ਦੇਖ ਤੂੰ ਆਪਣੀ ਮੂਰਖਤਾ ਕਰਕੇ ਹੀ ਇਹ ਸਾਰਾ ਕੁਝ ਕਹਿ ਰਿਹਾ ਏਂ।’ ਸ਼ੀਸ਼ਾ ਖਾਣ ਕਰਕੇ ਉਹਦਾ

ਕਮਿਊਨਿਸਟ ਯੂਥ ਕਾਰਡ ਲੈ ਲਿਆ ਗਿਆ ਸੀ।‘ਉਨ੍ਹਾਂ ਨੇ ਏਥੇ ਬਾਰਾਕੋਆ ਵਿਚ ਵੀ ਮੇਰੀ ਜਾਂਚ ਕੀਤੀ ਹੈ।’ ਤ੍ਰਿਖਿਮੋ ਸੁਆਰੇਸ ਲੋਕ ਦਸਤੇ ਵਿਚ ਕੰਮ ਕਰਨ ਵਾਲਾ ਇਕ ਲਾਜਵਾਬ ਤੇ ਸ਼ਾਨਦਾਰ ਸਿਪਾਹੀ ਸੀ। ਗੰਨੇ ਦੀ ਵਾਢੀ ਕਰਨ ਵਾਲਾ ਉਹ ਇਕ ਮਿਹਨਤਕਸ਼ ਜੁਝਾਰੂ ਸੀ, ਇਕ ਹਰਾਵਲ ਦਸਤੇ ਵਾਲਾ ਮਜ਼ਦੂਰ ਸੀ। ਉਹ ਉਸ ਕਿਸਮ ਦਾ ਮਜ਼ਦੂਰ ਸੀ ਜੋ ਵੀਹ ਘੰਟੇ ਕੰਮ ਕਰਕੇ ਵੀ ਮਜ਼ਦੂਰੀ ਅੱਠ ਘੰਟੇ ਦੀ ਲੈਂਦਾ ਸੀ। ਭਾਵੇਂ ਗੰਨਾ ਵੱਢਣਾ ਹੋਵੇ ਜਾਂ ਬੰਦੂਕ ਚਲਾਉਣੀ ਹੋਵੇ, ਉਹ ਹਮੇਸ਼ਾ ਸਭ ਤੋਂ ਮੂਹਰਲੀਆਂ ਸਫ਼ਾਂ ਵਿਚ ਹੁੰਦਾ। ਪਰ ਉਹਨੂੰ ਸ਼ੀਸ਼ਾ ਖਾਣ ਦਾ ਜਨੂਨ ਸੀ।‘ਇਹ ਕੋਈ ਐਬ ਨਹੀਂ,‘ਉਹ ਮੈਨੂੰ ਸਮਝਾਉਣ ਲੱਗਾ।‘ਇਹ ਤਾਂ ਇਕ ਲੋੜ ਹੈ।’ ਤ੍ਰਿਖਿਮੋ ਜਦੋਂ ਵਾਢੀ ਵਿਚ ਮਦਦ ਕਰਨ ਲਈ ਜਾਂਦਾ ਜਾਂ ਫਿਰ ਫ਼ੌਜੀ ਕਵਾਇਦ ’ਤੇ ਨਿਕਲਦਾ ਤਾਂ ਉਹਦੀ ਮਾਂ ਉਹਦਾ ਥੈਲਾ ਖਾਣੇ ਨਾਲ ਭਰ ਦੇਂਦੀ, ਦੁਪਹਿਰ ਤੇ ਰਾਤ ਦੇ ਖਾਣੇ ਲਈ ਕੁਝ ਖ਼ਾਲੀ

ਬੋਤਲਾਂ ਤੇ ਜ਼ਾਇਕਾ ਬਦਲਣ ਲਈ ਪੁਰਾਣੀਆਂ ਫਲੋਰੋਸੈਂਟ ਟਿਊਬਾਂ ਰੱਖ ਦੇਂਦੀ। ਉਂਜ ਹੀ ਕਦੇ ਕਦੇ ਕੁਤਰਨ ਲਈ ਉਹ ਕੁਝ ਸੜੇ ਹੋਏ ਬਲਬ ਰੱਖ ਦੇਂਦੀ। ਤ੍ਰਿਖਿਮੋ ਬਾਰਾਕੋਆ ਡਿਵੀਜ਼ਨ ਦੇ ਕਾਮਿਲੋ ਸਿਏਨਫੂਏਗੋਸ ਵਿਚ ਮੈਨੂੰ ਆਪਣੇ ਘਰ ਲੈ ਕੇ ਗਿਆ। ਗੱਲਾਂ ਕਰਦਿਆਂ ਮੈਂ ਕੌਫ਼ੀ ਪੀਤੀ ਤੇ ਉਹਨੇ ਬਿਜਲੀ ਦੇ ਫਿਊਜ਼ ਹੋਏ ਬਲਬ ਖਾਧੇ। ਆਪਣਾ ਸ਼ੀਸ਼ਾ ਖ਼ਤਮ ਕਰਕੇ ਉਹਨੇ ਬੜੇ ਹੁਲਾਸ ਨਾਲ ਫਿਲਾਮੈਂਟ ਚੂਸੇ। ‘ਸ਼ੀਸ਼ਾ ਮੈਨੂੰ ਬੁਲਾਉਂਦਾ ਹੈ। ਮੈਨੂੰ ਸ਼ੀਸ਼ੇ ਨਾਲ ਪਿਆਰ ਹੈ, ਜਿਵੇਂ ਮੈਨੂੰ ਇਨਕਲਾਬ ਨਾਲ ਪਿਆਰ ਹੈ।’ ਤ੍ਰਿਖਿਮੋ ਨੇ ਮੈਨੂੰ ਯਕੀਨ ਦੁਆਇਆ ਕਿ ਉਹਦੇ ਅਤੀਤ ’ਤੇ ਕੋਈ ਦਾਗ਼ ਨਹੀਂ। ਉਹਨੇ ਕਦੇ ਵੀ ਕਿਸੇ ਹੋਰ ਦਾ ਸ਼ੀਸ਼ਾ ਚੁਰਾ ਕੇ ਨਹੀਂ ਖਾਧਾ। ਸਿਰਫ਼ ਇਕ ਵਾਰ, ਸਿਰਫ਼ ਇਕ ਵਾਰ, ਜਦੋਂ ਉਹ ਭੁੱਖ ਨਾਲ ਹਾਲੋਂ ਬੇਹਾਲ ਸੀ, ਉਹਨੇ ਇਕ ਸਾਥੀ ਮਜ਼ਦੂਰ ਦਾ ਚਸ਼ਮਾ ਖਾ ਲਿਆ ਸੀ।’

ਪੋਸਟ ਸਕਰਿਪਟ

ਇਸ ਛੋਟੀ ਜਿਹੀ ਘਟਨਾ ਵਿਚ ਵੱਡਾ ਵਿਅੰਗ ਹੈ। ਇਹ ਸਾਨੂੰ ਡਿਸਟਰਬ ਕਰਦਾ ਹੈ ਤੇ ਮਨੁੱਖ ਦੀ ਹੋਣੀ ’ਤੇ ਸੋਚਣ ਲਈ ਮਜਬੂਰ ਕਰਦਾ ਹੈ। ਸ਼ਾਇਦ ਇਨਕਲਾਬੀ ਫ਼ਸਲਾਂ ਇੰਜ ਹੀ ਫੁੱਟਦੀਆਂ ਹਨ ਤੇ ਇੰਜ ਹੀ ਖੁੰਢੀਆਂ ਕਰ ਦਿੱਤੀਆਂ ਜਾਂਦੀਆਂ ਹਨ।

55

ਹੈਪੀ ਅਫ਼ਰੀਕਣ ਫੈਮਨਿਸਟ/ਛਿਮਾਮੰਡਾ ਨਗੋਜੀ ਅਦਿਚੀ

ਅੱਜ 'ਤਾਸਮਨ' 4 ਦੇ ਨਾਰੀ ਵਿਸ਼ੇਸ਼ ਅੰਕ ਦੇ ਪੰਨੇ ਫੋਲ ਰਿਹਾ ਸਾਂ। ਕੁਝ ਰਚਨਾਵਾਂ ਚੰਗੀਆਂ ਲੱਗੀਆਂ, ਕੁਝ ਵਿਚਾਰ ਉਤੇਜਕ ਤੇ ਕੁਝ ਕਵਿਤਾਵਾਂ ਠੀਕ ਠਾਕ ਲੱਗੀਆਂ। ਮਨ ਵਿਚ ਇਕ ਸੁਆਲ ਉੱਠਿਆ ਕਿ ਅਸੀਂ ਜਦੋਂ ਨਾਰੀਵਾਦ ਦੀ ਗੱਲ ਕਰਦੇ ਹਾਂ ਤਾਂ ਕਿਹੜੇ ਨਾਰੀਵਾਦ ਦੀ? ਕੀ ਹਰ ਔਰਤ ਲੇਖਕ ਨਾਰੀਵਾਦੀ ਹੁੰਦੀ ਹੈ? ਕੀ ਉਹਦੀ ਹਰ ਰਚਨਾ ਨਾਰੀਵਾਦ ਦੀਆਂ ਪਰਤਾਂ ਖੋਲ੍ਹਦੀ ਹੈ? ਨਾਰੀਵਾਦੀ ਹੋਣਾ ਇਹਦੀਆਂ ਐਕਟੀਵਿਟੀਜ਼ ਨਾਲ ਸੰਬੰਧਿਤ ਹੈ ਜਦ ਕਿ ਨਾਰੀਵਾਦ ਚਿੰਤਨ ਹੈ। ਕੀ ਭਾਵੁਕ ਹੋ ਕੇ ਦੁੱਖਾਂ ਦਾ ਪ੍ਰਦਰਸ਼ਨ ਕਰਨਾ ਜਾਂ ਹਮਦਰਦੀ ਹਾਸਲ ਕਰਕੇ ਕਥਾਰਸਿਸ ਕਰਨਾ ਨਾਰੀਵਾਦ ਹੈ? ਦੁਨੀਆ ਭਰ ਵਿਚ ਨਾਰੀਵਾਦ 'ਤੇ ਬਹੁਤ

ਕੁਝ ਲਿਖਿਆ ਜਾ ਚੁੱਕਾ ਹੈ। ਬਹੁਤ ਸਾਰੀ ਬਹਿਸ ਹੋ ਚੁੱਕੀ ਹੈ। ਉਸ ਨੇ ਅੱਗੋਂ ਹੋਰ ਨਵੇਂ ਮਸਲੇ ਖੜੇ ਕੀਤੇ ਹਨ। ਜੇ ਐਮਾਜ਼ੋਨ 'ਤੇ ਜਾ ਕੇ ਸਰਚ ਕਰੋ ਤਾਂ ਨਾਰੀਵਾਦੀ ਸਾਹਿਤ ਦੀ ਅਮੁੱਕ ਸੂਚੀ ਮਿਲੇਗੀ। ਬਹਿਸ ਅਜੇ ਜਾਰੀ ਹੈ ਕਿਉਂਕਿ ਔਰਤ ਜਗਤ ਦਾ ਇਕ ਬਹੁਤ ਵੱਡਾ ਹਿੱਸਾ ਇਸ ਵਾਦ ਤੋਂ ਹਾਸ਼ੀਏ 'ਤੇ ਖੜ੍ਹਾ ਹੈ। ਉਹਦੀ ਗੱਲ ਘੱਟ ਕੀਤੀ ਜਾ ਰਹੀ ਹੈ। ਇਸ ਪ੍ਰਸੰਗ ਵਿਚ ਛਿਮਾਮੰਡਾ ਨਗੋਜੀ ਅਦਿਚੀ ਯਾਦ ਆ ਗਈ। ਪਿਛੇ ਜਿਹੇ ਉਹਦਾ ਚਰਚਿਤ ਨਾਵਲ 'ਪਰਪਲ ਹਿਬਿਕਸ' ਪੜ੍ਹਨ ਦਾ ਮੌਕਾ ਮਿਲਿਆ ਜੋ ਨਾਰੀਵਾਦ ਦੀਆਂ ਸਮੱਸਿਆਵਾਂ 'ਤੇ ਕੇਂਦਰਿਤ ਹੈ। ਇਸ ਬਾਰੇ ਅਦਿਚੀ ਖ਼ੁਦ ਲਿਖਦੀ ਹੈ- ਸਾਲ 2003 ਵਿਚ ਮੈਂ 'ਪਰਪਲ ਹਿਬਿਕਸ' ਨਾਵਲ ਲਿਖਿਆ ਸੀ, ਜੋ 2004 ਵਿਚ ਛਪਿਆ। ਆਪਣੇ ਦੇਸ਼ ਨਾਈਜੀਰੀਆ ਵਿਚ ਜਦੋਂ ਮੈਂ ਇਸ ਕਿਤਾਬ ਦਾ ਪ੍ਰਚਾਰ ਕਰ ਰਹੀ ਸਾਂ, ਤਦੋਂ ਇਕ ਉੱਘੇ ਪੁਰਸ਼ ਪੱਤਰਕਾਰ ਨੇ ਮੈਨੂੰ

ਕਿਹਾ ਕਿ ਲੋਕਾਂ ਨੂੰ ਇਹ ਨਾਵਲ ਨਾਰੀਵਾਦੀ ਲੱਗ ਰਿਹਾ ਹੈ, ਪਰ ਤੈਨੂੰ ਆਪਣੇ ਆਪ 'ਤੇ ਫੈਮਨਿਸਟ ਹੋਣ ਦਾ ਠੱਪਾ ਨਹੀਂ ਲੱਗਣ ਦੇਣਾ ਚਾਹੀਦਾ, ਕਿਉਂਕਿ ਅਜਿਹੀਆਂ ਔਰਤਾਂ ਜ਼ਿੰਦਗੀ ਭਰ ਦੁਖ ਭੋਗਦੀਆਂ ਹਨ। ਇਸ ਲਈ ਮੈਂ ਆਪਣੇ ਆਪ ਨੂੰ ਫੈਮਨਿਸਟ ਕਹਿਣ ਦੀ ਬਜਾਏ 'ਹੈਪੀ ਫੈਮਨਿਸਟ' ਕਹਿਣਾ ਸ਼ੁਰੂ ਕਰ ਦਿੱਤਾ। ਇਸ ਤੋਂ ਬਾਅਦ ਇਕ ਔਰਤ ਪ੍ਰੋਫੈਸਰ ਮਿਲੀ ਤੇ ਕਹਿਣ ਲੱਗੀ ਕਿ ਫੈਮਨਿਜ਼ਮ ਨਾਈਜੀਰੀਆ ਦੇ ਸਭਿਆਚਾਰ ਦਾ ਹਿੱਸਾ ਨਹੀਂ, ਇਹ ਗ਼ੈਰ ਅਫ਼ਰੀਕੀ ਵਿਚਾਰ ਹੈ। ਇਸ ਤਰ੍ਹਾਂ ਜਦੋਂ ਫੈਮਨਿਜ਼ਮ ਨੂੰ ਗ਼ੈਰ ਅਫ਼ਰੀਕੀ ਕਰਾਰ ਦੇ ਦਿੱਤਾ ਗਿਆ ਤਾਂ ਮੈਂ ਆਪਣੇ ਆਪ ਨੂੰ ਹੈਪੀ ਅਫ਼ਰੀਕਣ ਫੈਮਨਿਸਟ ਕਹਾਉਣ ਦਾ ਨਿਸ਼ਚਾ ਕਰ ਲਿਆ। ਫਿਰ ਇਕ ਦਿਨ ਮੇਰਾ ਇਕ ਨਜ਼ਦੀਕੀ ਦੋਸਤ ਕਹਿਣ ਲੱਗਾ ਕਿ ਤੂੰ ਆਪਣੇ ਆਪ ਨੂੰ ਫੈਮਨਿਸਟ ਕਹਾਉਂਦੀ ਹੈਂ ਤਾਂ ਇਹਦਾ ਮਤਲਬ ਹੋਇਆ ਕਿ ਤੂੰ ਪੁਰਸ਼ਾਂ ਨੂੰ ਨਫ਼ਰਤ ਕਰਦੀ ਹੈਂ। ਤਦੋਂ ਮੈਨੂੰ ਆਪਣੇ

ਆਪ ਨੂੰ ਅਜਿਹੀ ਹੈਪੀ ਅਫ਼ਰੀਕਣ ਫੈਮਨਿਸਟ ਕਹਾਉਣਾ ਪਿਆ ਜੋ ਪੁਰਸ਼ਾਂ ਨੂੰ ਨਫ਼ਰਤ ਨਹੀਂ ਕਰਦੀ। ਦੁਨੀਆ ਵਿਚ ਜਿੱਥੇ ਕਿਤੇ ਵੀ ਜਾਓ, ਜੈਂਡਰ (ਲਿੰਗ) ਦਾ ਮਸਲਾ ਬੜਾ ਅਹਿਮ ਹੈ। ਪਰ ਹੁਣ ਸਮਾਂ ਆ ਗਿਆ ਹੈ ਕਿ ਸਾਨੂੰ ਇਕ ਦੂਸਰੀ ਤਰ੍ਹਾਂ ਦੀ ਦੁਨੀਆ ਬਾਰੇ ਸੋਚਣਾ ਸ਼ੁਰੂ ਕਰਨਾ ਚਾਹੀਦਾ ਹੈ,ਉਹਦਾ ਸੁਪਨਾ ਦੇਖਣਾ ਚਾਹੀਦਾ ਜੋ ਪਹਿਲੀ ਨਾਲੋਂ ਜ਼ਿਆਦਾ ਨਿਆਂ ਪੂਰਵਕ ਹੋਵੇ, ਪਹਿਲੀ ਨਾਲੋਂ ਜ਼ਿਆਦਾ ਖ਼ੁਸ਼ ਪੁਰਸ਼ਾਂ ਅਤੇ ਔਰਤਾਂ ਦੀ ਦੁਨੀਆ, ਜਿੱਥੇ ਉਹ ਉਹੋ ਜਿਹੇ ਦਿਸਣ ਜਿਹੋ ਜਿਹੇ ਉਹ ਹਨ। ਜੈਂਡਰ ਦੇ ਮਸਲਿਆਂ ਬਾਰੇ ਕਿਸੇ ਨਾਲ ਕੋਈ ਗੱਲ ਕਰਨੀ ਸੌਖੀ ਨਹੀਂ। ਗੱਲ ਸ਼ੁਰੂ ਕਰਦਿਆਂ ਹੀ ਲੋਕ ਔਖੇ ਹੋਣ ਲੱਗ ਜਾਂਦੇ ਨੇ, ਕਈ ਵਾਰ ਤਾਂ ਗ਼ੁੱਸੇ ਵਿਚ ਉੱਬਲ਼ਨ ਲੱਗ ਜਾਂਦੇ ਨੇ। ਪੁਰਸ਼ ਹੋਣ ਜਾਂ ਔਰਤਾਂ ਦੋਵੇਂ ਹੀ ਇਸ ਬਾਰੇ ਗੱਲ ਕਰਨ ਤੋਂ ਕੰਨੀਂ ਕਤਰਾਉਂਦੇ ਨੇ। ਕੁਝ ਲੋਕ ਕਹਿੰਦੇ ਨੇ ਇਸ ਫੈਮਨਿਸਟ ਸ਼ਬਦ ਲਈ ਏਨੀ ਹਾਲ ਪਾਹਰਿਆ ਕਿਉਂ?

ਔਰਤਾਂ ਇਹ ਕਿਉਂ ਨਹੀਂ ਕਹਿੰਦੀਆਂ ਕਿ ਅਸੀਂ ਮਨੁੱਖੀ ਅਧਿਕਾਰਾਂ ਜਾਂ ਇਸ ਨਾਲ ਮਿਲਦੇ ਜੁਲਦੇ ਕਿਸੇ ਸ਼ਬਦ ਦੀਆਂ ਸਮਰਥਕ ਹਾਂ। ਮੈਂ ਅਜਿਹਾ ਇਸ ਲਈ ਨਹੀਂ ਕਰ ਸਕਦੀ ਕਿਉਂਕਿ ਇਹ ਸਰਾਸਰ ਬੇਈਮਾਨੀ ਤੇ ਬੇਇਨਸਾਫ਼ੀ ਹੋਵੇਗੀ। ਜੇ ਵਿਸ਼ਾਲ ਅਰਥਾਂ ਵਿਚ ਦੇਖੀਏ ਤਾਂ ਫੈਮਨਿਜ਼ਮ ਮਨੁੱਖੀ ਅਧਿਕਾਰਾਂ ਵਿਚ ਸ਼ਾਮਲ ਹੈ। ਪਰ ਮਨੁੱਖੀ ਅਧਿਕਾਰਾਂ ਵਰਗੇ ਇਸ ਅਸਪਸ਼ਟ ਜੁਮਲੇ ਨੂੰ ਚੁਣਨ ਦਾ ਅਰਥ ਹੈ ਕਿ ਜੈਂਡਰ ਵਰਗੇ ਮਹੱਤਵਪੂਰਨ ਮਸਲੇ ਤੋਂ ਸਪਸ਼ਟ ਰੂਪ ਵਿਚ ਮੂੰਹ ਮੋੜਨਾ। ਇਹਦਾ ਭਾਵ ਇਹ ਨਿਕਲੇਗਾ ਕਿ ਸੈਂਕੜੇ ਵਰ੍ਹਿਆਂ ਤੋਂ ਔਰਤਾਂ ਨੂੰ ਸਮਾਜ ਦੀ ਮੁਖਧਾਰਾ ਤੋਂ ਵੰਚਿਤ ਕਰਕੇ,ਉਸ 'ਤੇ ਜੋ ਜ਼ੁਲਮ ਕੀਤੇ ਗਏ ਹਨ ਉਨ੍ਹਾਂ ਦੀ ਪਰਦਾਪੋਸ਼ੀ ਕਰਨੀ। ਇਸ ਤੋਂ ਇਨਕਾਰ ਕਰਨ ਦਾ ਅਰਥ ਹੈ ਕਿ ਜੈਂਡਰ ਸਮੱਸਿਆ ਸਿਰਫ਼ ਔਰਤਾਂ ਨੂੰ ਟਾਰਗੇਟ ਕਰਦੀ ਹੈ ਤੇ ਇਹ ਔਰਤਾਂ ਦੇ ਮਨੁੱਖੀ ਅਧਿਕਾਰਾਂ ਨੂੰ ਖੋਹਣ ਦੇ

ਤੁੱਲ ਹੈ। ਸਦੀਆਂ ਤੋਂ ਮਨੁੱਖ ਜਾਤੀ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਰਿਹਾ ਹੈ ਤੇ ਹੌਲੀ ਹੌਲੀ ਇਹ ਪ੍ਰਵਿਰਤੀ ਇਕ ਵਰਗ ਨੂੰ ਹਾਸ਼ੀਏ 'ਤੇ ਧੱਕ ਕੇ ਉਹਦਾ ਦਮਨ ਕਰਨ ਵਿਚ ਤਬਦੀਲ ਹੋ ਗਈ। ਇਸ ਸਮੱਸਿਆ ਨੂੰ ਜਦ ਤੱਕ ਸਵੀਕਾਰ ਨਹੀਂ ਕੀਤਾ ਜਾਂਦਾ, ਤਦ ਤੱਕ ਔਰਤ ਜਾਤੀ ਨੂੰ ਇਨਸਾਫ਼ ਮਿਲਣ ਦੀ ਆਸ ਨਹੀਂ ਕੀਤੀ ਜਾ ਸਕਦੀ। ਕੁਝ ਪੁਰਸ਼ ਤਾਂ ਫੈਮਨਿਜ਼ਮ ਦੇ ਨਾਂ ਤੋਂ ਹੀ ਖ਼ੌਫ਼ ਖਾਂਦੇ ਹਨ। ਮੈਨੂੰ ਲਗਦਾ ਹੈ ਕਿ ਇਸ ਖ਼ੌਫ਼ ਦੀ ਜੜ੍ਹ ਵਿਚ ਲੜਕਿਆਂ ਦੇ ਪਾਲਣ ਪੋਸਣ ਦਾ ਕਸੂਰ ਹੈ ਕਿਉਂਕਿ ਉਨ੍ਹਾਂ ਨੂੰ ਮੁੱਢ ਤੋਂ ਹੀ ਇਹ ਸਿਖਾ ਦਿੱਤਾ ਜਾਂਦਾ ਹੈ ਕਿ ਉਹ ਇਕ ਪੁਰਸ਼ ਹਨ, ਕੁਨਬੇ 'ਤੇ ਉਨ੍ਹਾਂ ਦਾ ਏਕਾਧਿਕਾਰ ਹੈ। ਉਹ ਮਰਜ਼ੀ ਦੇ ਮਾਲਕ ਹਨ, ਜੋ ਚਾਹੁਣ,ਜਿਵੇਂ ਚਾਹੁਣ ਕਰ ਸਕਦੇ ਹਨ। ਇਹ ਕਹਿਣ ਵਾਲੇ ਬਥੇਰੇ ਪੁਰਸ਼ ਮਿਲ ਜਾਣਗੇ ਕਿ ਸਾਡੇ ਸਭਿਆਚਾਰ ਵਿਚ ਪੁਰਸ਼ਾਂ ਦੇ ਮੁਕਾਬਲੇ ਔਰਤਾਂ ਦਾ ਦਰਜਾ ਦੂਜਾ ਹੈ ਭਾਵ ਉਨ੍ਹਾਂ ਦਾ ਦਰਜਾ

ਅਧੀਨ ਜਾਂ ਗ਼ੁਲਾਮ ਵਾਲਾ ਹੈ। ਪਰ ਸਭਿਆਚਾਰ ਕੋਈ ਜੜ੍ਹ ਵਸਤੂ ਨਹੀਂ, ਇਹ ਸਦਾ ਪਰਿਵਰਤਨਸ਼ੀਲ ਵਰਤਾਰਾ ਹੈ। ਸਭਿਆਚਾਰ ਇਹ ਫ਼ੈਸਲਾ ਤਾਂ ਕਰਦਾ ਹੈ ਕਿ ਆਮ ਲੋਕਾਂ ਦੀਆਂ ਭਾਵਨਾਵਾਂ ਹਮੇਸ਼ਾ ਪ੍ਰਵਾਹਵਾਨ ਤੇ ਸੁਰੱਖਿਅਤ ਰਹਿਣ ਪਰ ਇਹ ਫ਼ੈਸਲਾ ਨਹੀਂ ਕਰਦਾ ਕਿ ਅੱਧੀ ਅਬਾਦੀ ਨੂੰ ਅੱਖੋਂ ਪਰੋਖੇ ਕਰ ਦਿੱਤਾ ਜਾਵੇ। ਸਭਿਆਚਾਰ ਇਨਸਾਨਾਂ ਨੂੰ ਪੈਦਾ ਨਹੀਂ ਕਰਦੇ, ਸਗੋਂ ਇਨਸਾਨ ਕਿਸੇ ਸਭਿਆਚਾਰ ਦਾ ਨਿਰਮਾਣ ਕਰਦੇ ਹਨ। ਜੇ ਸਾਡੇ ਸਭਿਆਚਾਰਾਂ ਵਿਚ ਇਨਸਾਨਾਂ ਦੀ ਬਰਾਦਰੀ ਵਿਚ ਔਰਤਾਂ ਨੂੰ ਬਰਾਬਰੀ ਦਾ ਦਰਜਾ ਨਾ ਦਿੱਤਾ ਗਿਆ, ਤਾਂ ਸਾਨੂੰ ਨਵੇਂ ਸਭਿਆਚਾਰ ਦੀ ਸਿਰਜਣਾ ਕਰਨ ਬਾਰੇ ਸੋਚਣਾ ਪਏਗਾ। ਇਸ ਤਰ੍ਹਾਂ ਦੇ ਬਰਾਬਰੀ, ਨਿਆਂ ਤੇ ਸਤਿਕਾਰ ਵਾਲੇ ਸਭਿਆਚਾਰ ਦਾ ਨਿਰਮਾਣ ਕਰਨਾ ਬਹੁਤ ਜ਼ਰੂਰੀ ਹੈ।

ਪੋਸਟ ਸਕਰਿਪਟ

ਨਾਰੀਵਾਦ ਦਾ ਮਸਲਾ ਸਾਡੇ ਦੇਸ਼ ਵਿਚ ਵੀ ਬੜਾ ਅਹਿਮ ਹੈ, ਜਿੱਥੇ ਔਰਤਾਂ ਵਿਚ ਸਾਖਰਤਾ ਦੀ ਦਰ ਬਹੁਤ ਘੱਟ ਹੈ। ਕੁੜੀਆਂ ਨੂੰ ਕੁੱਖ ਵਿਚ ਮਾਰਨ ਦੀ ਚੰਦਰੀ ਬਿਮਾਰੀ ਨੇ ਮਨੁੱਖੀ ਸੋਚ ਨੂੰ ਗੰਧਲਾ ਕਰ ਦਿੱਤਾ ਹੈ। ਜਿੱਥੇ ਰੇਪ ਕਰਕੇ ਕਤਲ ਕਰ ਦੇਣ ਨੂੰ ਜਾਇਜ਼ ਠਹਿਰਾਉਣ ਲਈ ਹਰ ਹਰਬਾ ਵਰਤਿਆ ਜਾਂਦਾ ਹੈ। ਜਿੱਥੇ ਅੱਧੀ ਅਬਾਦੀ ਆਪਣੇ ਮਨੁੱਖੀ ਅਧਿਕਾਰਾਂ ਤੇ ਆਈਡੈਂਟਿਟੀ ਲਈ ਲੜ ਰਹੀ ਹੈ, ਪਰ ਪਿਤਰੀ ਸੱਤਾ ਹਮੇਸ਼ਾ ਉਹਦਾ ਦਮਨ ਕਰਕੇ ਉਹਨੂੰ ਹਾਸ਼ੀਏ ਵੱਲ ਧੱਕਣ ਦੇ ਹੀਲੇ ਵਸੀਲੇ ਕਰਦੀ ਰਹਿੰਦੀ ਹੈ। ਅਦਿਚੀ ਦੇ ਇਹ ਵਿਚਾਰ ਕਈ ਪਰਤਾਂ ਖੋਲ੍ਹ ਕੇ ਔਰਤ ਦੀ ਪਛਾਣ ਨੂੰ ਦ੍ਰਿੜ੍ਹ ਕਰਾ ਕੇ ਇਕ ਨਵਾਂ ਨਰੋਆ ਸਮਾਜ ਸਿਰਜਣ ਦਾ ਹੋਕਾ ਦੇ ਰਹੇ ਹਨ। ਏਸੇ ਕਰਕੇ ਉਹਦੀਆਂ ਰਚਨਾਵਾਂ ਦੁਨੀਆ ਭਰ ਵਿਚ ਸਲਾਹੀਆਂ ਗਈਆਂ ਹਨ।

56

ਘੱਟ ਗਿਣਤੀ ਬਨਾਮ ਬਹੁਗਿਣਤੀ

ਪਿਛਲੇ ਦਿਨੀਂ ਹਰਿਦੁਆਰ ਤੇ ਰਾਏਪੁਰ ਵਿਚ ਹੋਈਆਂ ਧਰਮ ਸੰਸਦਾਂ ਨੇ ਇਕ ਨਵੀਂ ਚਰਚਾ ਛੇੜ ਦਿੱਤੀ ਹੈ ਕਿ ਭਾਰਤ ਵਿਚ ਸੈਕੂਲਰ ਨਾਂ ਦੀ ਕੋਈ ਚੀਜ਼ ਨਹੀਂ ਤੇ ਇਹ ਮੂਲ ਰੂਪ ਵਿਚ ਹਿੰਦੂ ਰਾਸ਼ਟਰ ਹੈ ਜਿਸ ਨੂੰ ਦ੍ਰਿੜ੍ਹ ਕਰਾਉਣ ਲਈ ਇਸ ਧਰਮ ਸੰਸਦ ਦਾ ਆਯੋਜਨ ਕੀਤਾ ਗਿਆ ਹੈ। ਇਸ ਵਿਚ ਦਿੱਤੇ ਗਏ ਭੜਕਾਊ ਭਾਸ਼ਣ ਤੇ ਹਿੰਦੂ ਰਾਸ਼ਟਰ ਲਈ ਲਏ ਗਏ ਸੰਕਲਪ ਖ਼ਤਰਨਾਕ ਦਿਸ਼ਾ ਵੱਲ ਭਾਰਤ ਨੂੰ ਮੋੜਾ ਦੇਣ ਤੇ ਘੱਟ ਗਿਣਤੀਆਂ ਨੂੰ ਗਿਣੀ-ਮਿਥੀ ਸਾਜ਼ਸ਼ ਤਹਿਤ ਡਰਾਉਣ ਦਾ ਇਕ ਢੰਗ ਤਰੀਕਾ ਮੰਨੇ ਜਾ ਸਕਦੇ ਹਨ। ਇਸ ਰਾਹੀਂ ਮਹਾਤਮਾ ਗਾਂਧੀ ਨੂੰ ਵਿਲੇਨ ਦੇ ਤੌਰ ’ਤੇ ਪੇਸ਼ ਕਰਨਾ ਮੰਦਭਾਗਾ ਹੈ। ਉਨ੍ਹਾਂ ਨੂੰ ਦੇਸ਼ ਦੀ ਸੈਕੂਲਰ ਗਰੰਟੀ ਵਜੋਂ

ਇਤਿਹਾਸ ਨੇ ਪਰਿਭਾਸ਼ਿਤ ਕੀਤਾ ਹੈ। ਉਨ੍ਹਾਂ ਦੀ ਫੋਟੋ ਨੂੰ ਗੋਲੀਆਂ ਮਾਰ ਕੇ ਗ਼ੁਬਾਰੇ ਵਿਚੋਂ ਖ਼ੂਨ ਦੇ ਚਿੰਨ੍ਹ ਵਜੋਂ ਰੰਗ ਡੋਲ੍ਹਣਾ ਤੇ ਉਨ੍ਹਾਂ ਦੇ ਹਤਿਆਰੇ ਦੀ ਜੈ ਕਰਨੀ ਆਪਣੇ ਆਪ ਵਿਚ ਅਪਰਾਧ ਨਾਲੋਂ ਘੱਟ ਨਹੀਂ। ਜਿਸ ਵਿਅਕਤੀ ਨੂੰ ਰਾਸ਼ਟਰ ਪਿਤਾ ਦਾ ਰੁਤਬਾ ਦਿੱਤਾ ਗਿਆ ਹੋਵੇ ਉਸ ਪ੍ਰਤੀ ਅਜਿਹੀ ਨਫ਼ਰਤ ਦਾ ਪ੍ਰਗਟਾਵਾ ਭਾਰਤ ਦੀ ਏਕਤਾ ਲਈ ਖ਼ਤਰਾ ਹੈ ਤੇ ਓਦੋਂ ਇਹ ਸਥਿਤੀ ਹੋਰ ਵੀ ਗੰਭੀਰ ਹੋ ਜਾਂਦੀ ਹੈ ਜਦੋਂ ਰਾਜ ਕਰਦੀਆਂ ਧਿਰਾਂ ਖ਼ਾਮੋਸ਼ੀ ਧਾਰਨ ਕਰ ਲੈਣ। ਇਸ ਨਾਲ ਭਾਰਤੀ ਸੰਵਿਧਾਨ ਤੇ ਬਾਬਾ ਸਾਹਿਬ ਅੰਬੇਡਕਰ ਦੀ ਉਸ ਸੋਚ ’ਤੇ ਵੀ ਸਵਾਲੀਆ ਚਿੰਨ੍ਹ ਲਾਉਣ ਦਾ ਜਤਨ ਕੀਤਾ ਗਿਆ ਹੈ ਜਿਸ ਰਾਹੀਂ ਉਨ੍ਹਾਂ ਨੇ ਇਸ ਸੰਵਿਧਾਨ ਨੂੰ ਸੈਕੂਲਰ ਅਰਥਾਂ ਵਿਚ ਸਾਰਿਆਂ ਲਈ ਬਰਾਬਰੀ ਦੇ ਆਧਾਰ ਉੱਤੇ ਵਿਉਂਤਿਆ ਸੀ। ਸੰਵਿਧਾਨ ਦੀ ਪ੍ਰਸਤਾਵਨਾ ਨੂੰ ਇਸ ਸੰਸਦ ਨੇ ਰੱਦ ਕਰਕੇ ਇਸ ਦੇ ਮਨਮਰਜ਼ੀ ਦੇ ਅਰਥ ਕਰਨ ਦਾ ਵੀ ਜਤਨ

ਕੀਤਾ ਹੈ। ਇਹ ਪ੍ਰਸਤਾਵਨਾ ਭਾਰਤੀ ਅਵਾਮ ਲਈ ਬੜੀ ਮਾਇਨੇਖੇਜ਼ ਹੈ, ਪਰ ਇਸ 'ਤੇ ਧਰਮ ਦੀ ਚਾਦਰ ਪਾ ਕੇ ਇਸ ਨੂੰ ਇਕ ਫ਼ਿਰਕੇ ਦੇ ਧਰਮ ਨਾਲ ਜੋੜਨਾ ਦੇਸ਼ ਧ੍ਰੋਹ ਤੋਂ ਘੱਟ ਨਹੀਂ। ਸਰਕਾਰ ਦੀ ਇਸ ਘਟਨਾਕ੍ਰਮ ਵੱਲ ਖ਼ਾਮੋਸ਼ੀ ਕਈ ਸੁਆਲ ਖੜੇ ਕਰਦੀ ਹੈ। ਕੀ ਅੰਦਰਖਾਤੇ ਇਨ੍ਹਾਂ ਧਰਮ ਪ੍ਰਚਾਰਕਾਂ ਨੂੰ ਉਹਦੀ ਸਹਿਮਤੀ ਹੈ, ਕਿਉਂਕਿ ਪ੍ਰਸ਼ਾਸਨ ਦਾ ਇਸ ਅਵੱਗਿਆ ਵੱਲ ਵਤੀਰਾ ਬੜਾ ਨੀਰਸ ਤੇ ਦੋਸਤਾਨਾ ਕਿਸਮ ਦਾ ਨਜ਼ਰ ਆ ਰਿਹਾ ਹੈ। ਮੁੱਢਲੀ ਸ਼ਿਕਾਇਤ ਤੋਂ ਬਾਅਦ ਵੀ ਕੋਈ ਕਾਰਵਾਈ ਨਾ ਹੋਣ ਦੇ ਕੀ ਅਰਥ ਕੱਢੇ ਜਾਣ? ਇਕ ਖਾਸ ਘੱਟ ਗਿਣਤੀ ਫ਼ਿਰਕੇ ਨੂੰ ਜਿਵੇਂ ਟਾਰਗੇਟ ਕੀਤਾ ਗਿਆ ਹੈ, ਅਜਿਹੀ ਸਥਿਤੀ ਦੇਸ਼ ਵੰਡ ਵੇਲੇ ਭਿਆਨਕ ਰੂਪ ਵਿਚ ਉੱਭਰੀ ਸੀ ਤੇ ਉਹ ਜ਼ਖ਼ਮ ਅਜੇ ਤੱਕ ਅੱਲੇ ਹਨ। ਕੀ ਇਕ ਵਾਰ ਫਿਰ ਜਾਣ ਬੁੱਝ ਕੇ ਅਜਿਹੀਆਂ ਸਥਿਤੀਆਂ ਪੈਦਾ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਘੱਟ ਗਿਣਤੀਆਂ ਨੂੰ

ਦਬੱਲਿਆ ਜਾ ਸਕੇ। ਵਕੀਲਾਂ ਨੇ ਇਕੱਠੇ ਹੋ ਕੇ ਸੁਪਰੀਮ ਕੋਰਟ ਕੋਲ ਜੋ ਪਹੁੰਚ ਕੀਤੀ ਹੈ ਉਹ ਸਲਾਹੁਣਯੋਗ ਹੈ। ਸਰਕਾਰ ਤੇ ਪ੍ਰਸ਼ਾਸਨ ਦੀ ਖ਼ਾਮੋਸ਼ੀ ਤੋਂ ਬਾਅਦ ਨਿਆਂ ਪਾਲਿਕਾ ਹੀ ਆਸ ਦੀ ਕਿਰਨ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਦੋਵਾਂ ਪ੍ਰਦੇਸ਼ਾਂ ਵਿਚ ਵੱਖ ਵੱਖ ਪਾਰਟੀਆਂ ਦੀ ਸਰਕਾਰ ਹੈ, ਪਰ ਇਸ ਘਟਨਾ ਪ੍ਰਤੀ ਦੋਵਾਂ ਦੀ ਪਹੁੰਚ ਇਕੋ ਜਿਹੀ ਹੈ। ਮੀਡੀਏ ਤੇ ਸੋਸ਼ਲ ਮੀਡੀਏ ਵਿਚ ਇਸ ਬਾਰੇ ਕਈ ਤਰ੍ਹਾਂ ਦੀਆਂ ਚਰਚਾਵਾਂ ਹੋ ਰਹੀਆਂ ਹਨ। ਅੱਜ ਇਸ ਗੱਲ ਦੀ ਵੱਡੀ ਲੋੜ ਹੈ ਕਿ ਭਾਰਤ ਦੀ ਏਕਤਾ ਅਖੰਡਤਾ ਤੇ ਸੰਵਿਧਾਨ ਦੀ ਸੈਕੂਲਰ ਪਹੁੰਚ ਨੂੰ ਢਾਹ ਨਾ ਲੱਗੇ ਤੇ ਵਿਖੰਡਣਕਾਰੀ ਤਾਕਤਾਂ ਤੋਂ ਲੋਕ ਜਾਗਰੂਕ ਹੋ ਕੇ ਅਜਿਹੀ ਦੱਖਣ ਪੰਥੀ ਸੋਚ ਨੂੰ ਨਕਾਰ ਦੇਣ। ਘੱਟ ਗਿਣਤੀਆਂ ਵੀ ਦੇਸ਼ ਦੀਆਂ ਓਨੀਆਂ ਹੀ ਹੱਕਦਾਰ ਹਨ ਜਿੰਨੀਆਂ ਬਹੁਗਿਣਤੀਆਂ। ਸੰਵਿਧਾਨ ਵਿਚ ਮਿਲੇ ਅਧਿਕਾਰ ਸਭ ਲਈ ਬਰਾਬਰ ਹਨ ਤੇ ਇਨ੍ਹਾਂ ਨੂੰ ਬਰਾਬਰੀ ਦੀ

ਤੱਕੜੀ ਵਿਚ ਸਾਵੇਂ ਤੁਲਦੇ ਰਹਿਣ ਲਈ ਹਰ ਹੀਲਾ ਵਰਤਿਆ ਜਾਣਾ ਚਾਹੀਦਾ ਹੈ। ਪ੍ਰਸਿੱਧ ਹਿੰਦੀ ਕਵੀ ਗੋਪਾਲ ਰਾਠੀ ਨੇ ਆਪਣੀ ਕਵਿਤਾ ਰਾਹੀਂ ਘੱਟ ਗਿਣਤੀਆਂ ਦਾ ਸੱਚਾ ਦਰਦ ਬਿਆਨ ਕਰਕੇ ਸਮੁੱਚੀ ਮਾਨਵਤਾ ਨੂੰ ਝੰਜੋੜਿਆ ਹੈ:

ਪੋਸਟ ਸਕਰਿਪਟ

ਘੱਟ ਗਿਣਤੀ/ਗੋਪਾਲ ਰਾਠੀ

ਮੈਂ ਪਾਕਿਸਤਾਨ ਵਿਚ ਸਤਾਇਆ ਗਿਆ ਹਿੰਦੂ ਹਾਂ

ਮੈਂ ਹਿੰਦੁਸਤਾਨ ਵਿਚ ਦਬਾਇਆ ਗਿਆ ਮੁਸਲਮਾਨ ਹਾਂ

ਮੈਂ ਇਜ਼ਰਾਈਲ ਵਿਚ ਮਾਰਿਆ ਗਿਆ ਫ਼ਲਸਤੀਨੀ ਹਾਂ

ਮੈਂ ਜਰਮਨੀ ਵਿਚ ਕਤਲ ਕੀਤਾ ਗਿਆ ਯਹੂਦੀ ਹਾਂ

ਮੈਂ ਇਰਾਕ ਵਿਚ ਜਲਾਇਆ ਗਿਆ ਕੁਵੈਤੀ ਹਾਂ

ਮੈਂ ਚੀਨ ਦੁਆਰਾ ਕੁਚਲਿਆ ਗਿਆ ਤਿੱਬਤੀ ਹਾਂ

ਮੈਂ ਅਮਰੀਕਾ ਵਿਚ ਦਮ-ਘੁੱਟਿਆ ਬਲੈਕ ਹਾਂ

ਮੈਂ ਆਈਸਿਸ ਵਿਚ ਸਤਾਇਆ ਗਿਆ ਯਜੀਦੀ ਹਾਂ

ਮੈਂ ਅਸ਼ੋਕ ਕੋਲੋਂ ਹਾਰਿਆ ਕਲਿੰਗੀ ਹਾਂ

ਮੈਂ ਰਸ਼ੀਆ ਵਿਚ ਦੁਖੀ ਸੀਰੀਅਨ ਹਾਂ,

ਪੋਲਿਸ਼ ਹਾਂ, ਹੰਗੇਰੀਅਨ ਹਾਂ, ਯੂਕਰੇਨੀ ਹਾਂ

ਮੈਂ ਅਕਬਰ ਤੋਂ ਹਾਰਿਆ ਮੇਵਾੜੀ ਹਾਂ

ਮੈਂ ਬ੍ਰਿਟੇਨ ਹੱਥੋਂ ਲੁੱਟਿਆ ਅਫ਼ਰੀਕੀ ਹਾਂ,

ਅਸਟ੍ਰੇਲੀਆਈ ਹਾਂ, ਉੱਤਰੀ ਤੇ ਦੱਖਣੀ ਅਮਰੀਕੀ ਹਾਂ

ਮੈਂ ਅਮਰੀਕੀ ਹਥਿਆਰਾਂ ਨਾਲ ਤਬਾਹ ਕੀਤਾ ਗਿਆ ਇਰਾਕੀ ਹਾਂ

ਵੀਅਤਨਾਮੀ ਹਾਂ, ਲੀਬੀਅਨ ਹਾਂ, ਅਫ਼ਗ਼ਾਨੀ ਹਾਂ

ਲਗਪਗ 70 ਨਾਗਰਿਕਤਾਂ ਦੀ ਜਲਦੀ ਹੋਈ ਕਹਾਣੀ ਹਾਂ

ਮੈਂ ਮਿਆਂਮਾਰ ਤੋਂ ਭਜਾਇਆ ਗਿਆ ਰੋਹਿੰਗਾ ਹਾਂ

ਮੈਂ ਸ਼੍ਰੀ ਲੰਕਾ ’ਚ ਮਿਟਾਇਆ ਗਿਆ ਤਾਮਿਲ ਹਾਂ

ਮੈਂ ਚੁਰਾਸੀ ਦਾ ਸਿੱਖ ਹਾਂ

ਮੈਂ ਭਾਰਤ ਦੇ ਜੰਗਲਾਂ ਵਿਚੋਂ ਉਜਾੜਿਆ ਗਿਆ ਆਦਿ-ਵਾਸੀ ਹਾਂ

ਮੈਂ ਆਪਣੀ ਧਰਤੀ ’ਤੇ ਕੈਦ ਕਸ਼ਮੀਰੀ ਹਾਂ

ਮੈਂ ਕਸ਼ਮੀਰ ਤੋਂ ਬੇਘਰ ਕੀਤਾ ਗਿਆ ਕਸ਼ਮੀਰੀ ਪੰਡਤ ਹਾਂ

ਮੈਂ ਅਸਾਮ ਦਾ ਬੰਗਾਲੀ ਹਾਂ

ਮੈਂ ਆਪਣੇ ਹੀ ਦੇਸ਼ ਵਿਚ ਰੰਗ ਭੇਦ ਦਾ ਸ਼ਿਕਾਰ

ਪੂਰਬ ਉਤਰ ਦਾ ਵਾਸੀ ਹਾਂ

ਮੈਂ ਪਿੱਤਰ ਸੱਤਾ ਤੋਂ ਜਾਨ ਬਚਾਉਂਦੀ ਲੜਕੀ ਹਾਂ

ਮੈਂ ਪਰਿਵਾਰ ’ਚੋਂ ਛੇਕਿਆ ਸਮਲਿੰਗੀ ਹਾਂ

ਮੈਂ ਸ਼ੋਰ ਵਿਚ ਦੱਬਿਆ ਸੁਆਲ ਹਾਂ

ਮੈਂ ਵੇਦਾਂ ’ਚੋਂ ਦੁਰਕਾਰੀ ਇਕ ਜਾਤੀ ਹਾਂ

ਮੈਂ ਪਰਿਵਾਰ ਦੀ ਇੱਜ਼ਤ ਲਈ ਮਾਰਿਆ ਗਿਆ ਪ੍ਰੇਮੀ ਹਾਂ

ਮੈਂ ਧਰਮ ਦੇ ਠੇਕੇਦਾਰਾਂ ਵੱਲੋਂ ਧਮਕਾਇਆ ਗਿਆ ਨਾਸਤਿਕ ਹਾਂ

ਮੈਂ ਭੀੜ ’ਚੋਂ ਬਾਹਰ ਧੱਕੀ ਗਈ ਚੇਤਨਾ ਹਾਂ

ਮੈਂ ਤਰਕਹੀਨਾਂ ਤੋਂ ਸਹਿਮਿਆ ਤਰਕਸ਼ੀਲ ਹਾਂ

ਮੈਂ ਕਦੇ ਕਿਸੇ ਪਿੰਡ ਦਾ, ਕਦੇ ਕਿਸੇ ਪ੍ਰਦੇਸ਼ ਦਾ,

ਕਦੇ ਕਿਸੇ ਦੇਸ਼ ਦਾ, ਕਦੇ ਕਿਸੇ ਸਮਾਜ ਦਾ,

ਕਦੇ ਕਿਸੇ ਸੰਸਥਾ ਦਾ, ਤੇ ਕਦੇ ਪੂਰੀ ਦੁਨੀਆ ਦਾ

ਘੱਟ ਗਿਣਤੀ ਚਿਹਰਾ ਹਾਂ

ਮੈਂ ਬਹੁਗਿਣਤੀ ਨੂੰ ਦਿਖਾਇਆ ਗਿਆ ਖ਼ਤਰਾ ਹਾਂ

ਮੈਂ ਲੁਟੇਰੀ ਸੱਤਾ ਦਾ ਸਭ ਤੋਂ ਕਾਰਗਰ ਮੋਹਰਾ ਹਾਂ

ਤੇ ਮੈਂ ਜਾਣਦਾ ਹਾਂ ਕਿ ਇਹ ਦੋਵੇਂ ਹੱਸਣਗੇ

ਜੇ ਮੈਂ ਆਪਣੇ ਆਪ ਨੂੰ ਨਿਰਦੋਸ਼ ਕਹਾਂਗਾ

ਤੇ ਕਿਹੜੀ ਹੈ ਮੇਰੀ ਧਰਤੀ

ਕਿਥੇ ਹੈ ਮੇਰਾ ਦੇਸ਼

ਕਿਥੇ ਹੈ ਮੇਰਾ ਘਰ

ਕੀ ਮੈਂ ਇਸ ਪ੍ਰਿਥਵੀ 'ਤੇ ਹਮੇਸ਼ਾ ਰਹਾਂਗਾ ਖ਼ਾਨਾਬਦੋਸ਼?

57

ਲਿਖਣ ਲਈ ਇਕੱਲ ਵਰਦਾਨ ਹੈ/ਪੈਟ੍ਰਿਕ ਮੋਦੀਆਨੋ

ਲੇਖਣ ਇਕ ਕਲਾ ਹੈ, ਕੁਦਰਤ ਦੀ ਬਖਸ਼ਿਸ਼ ਹੈ, ਜਾਦੂਮਈ ਕ੍ਰਿਸ਼ਮਾ ਹੈ। ਜਦੋਂ ਵੀ ਕੋਈ ਵਿਅਕਤੀ ਇਸ ਕਿਰਿਆ ਵਿਚ ਪੈਂਦਾ ਹੈ ਉਹਦੇ 'ਤੇ ਅਜੀਬ ਕਿਸਮ ਦਾ ਜਾਦੂ ਧੂੜਿਆ ਜਾਂਦਾ ਹੈ। ਕਈ ਵਾਰ ਲੇਖਕ ਨੇ ਸੋਚਿਆ ਵੀ ਨਹੀਂ ਹੁੰਦਾ ਕਿ ਉਹ ਕੀ ਲਿਖਣਾ ਚਾਹੁੰਦਾ ਹੈ ਪਰ ਉਹਦੇ ਅੰਦਰਲੀ ਊਰਜਾ ਇਕ ਦਮ ਉਹਦੇ ਸਾਹਮਣੇ ਪੱਤੇ ਖਿਲਾਰ ਦੇਂਦੀ ਹੈ ਤੇ ਉਹ ਸ਼ਬਦਾਂ ਨਾਲ ਖੇਡਣ ਲੱਗ ਜਾਂਦਾ ਹੈ, ਵਿਚਾਰਾਂ ਨਾਲ ਜੁੱਧ ਕਰਦਾ ਹੈ, ਸ਼ੈਲੀ ਨੂੰ ਮਾਂਜਣ ਲੱਗ ਜਾਂਦਾ ਹੈ, ਸ਼ਬਦ ਚੋਣ ਲਈ ਸ਼ਬਦਾਂ ਦੇ ਸ਼ਬਦ ਉਹਦੇ ਸਾਹਮਣੇ ਕਤਾਰਬੱਧ ਸਿਪਾਹੀਆਂ ਵਾਂਗ ਨਾਜ਼ਲ ਹੋਣ ਲੱਗਦੇ ਹਨ ਤੇ ਇਕ ਰਚਨਾ ਦਾ ਜਨਮ ਹੁੰਦਾ ਹੈ। ਹਰ ਰਚਨਾ ਨਵਜੰਮੇ ਬੱਚੇ ਵਾਂਗ

ਆਪਣਾ ਰੰਗ ਰੂਪ, ਨਖਸ਼ਿਖ, ਸੁਭਾਅ, ਵਿਚਾਰ, ਵਿਹਾਰ ਤੇ ਉਮਰ ਨਾਲ ਲੈ ਕੇ ਆਉਂਦੀ ਹੈ। ਕਿਸੇ ਰਚਨਾ ਨੇ ਕਿੰਨੀ ਉਮਰ ਭੋਗਣੀ ਹੈ ਇਹ ਲੇਖਕ ਦੀ ਮਿਹਨਤ, ਸੁਹਿਰਦਤਾ, ਸੰਜਮ ਤੇ ਭਾਸ਼ਾਈ ਗਿਆਨ 'ਤੇ ਨਿਰਭਰ ਕਰਦੀ ਹੈ। ਲੇਖਕ ਬਣਨ ਦਾ ਕਰਮ ਮਨੁੱਖ ਦੀ ਉਮਰ ਦੇ ਅਨੁਭਵ ਨਾਲ ਵਿਗਸਦਾ ਰਹਿੰਦਾ ਹੈ। ਉਹਦੇ ਅੰਦਰ ਖ਼ਾਕੇ ਬਣਦੇ, ਢਹਿੰਦੇ ਤੇ ਵਿਚਾਰ ਉਹਨੂੰ ਉਕਸਾਉਂਦੇ ਰਹਿੰਦੇ ਹਨ। ਅਚਾਨਕ ਉਹ ਪਲ ਛਿਣ ਆ ਨਾਜ਼ਲ ਹੁੰਦਾ ਹੈ ਜਦੋਂ ਰਚਨਾ ਉੱਸਲਵੱਟੇ ਲੈਂਦੀ ਕਾ਼ਗਜ਼ 'ਤੇ ਉੱਤਰਨ ਲਈ ਕਾਹਲੀ ਪੈਣ ਲੱਗ ਜਾਂਦੀ ਹੈ। ਇਹਦੇ ਲਈ ਕੋਈ ਖਾਸ ਸਮਾਂ ਨਿਸ਼ਚਿਤ ਨਹੀਂ ਹੁੰਦਾ। ਲੋੜ ਸਿਰਫ਼ ਇਕੱਲ, ਇਕਾਗਰਤਾ ਤੇ ਇਕਮਿਕਤਾ ਦੀ ਹੁੰਦੀ ਹੈ। ਲੇਖਕ ਦੇ ਅੰਦਰ ਬੈਠਾ ਲੇਖਕ ਕਾਹਲੀ ਨਾਲ ਕਥਾਰਸਿਸ ਕਰਨ ਦਾ ਚਾਹਵਾਨ ਹੁੰਦਾ ਹੈ। ਕੁਝ ਸਮਾਂ ਪਹਿਲਾਂ ਮੋਦਿਆਨੋ ਬਾਰੇ ਪੜ੍ਹ ਰਿਹਾ ਸਾਂ। ਬੜਾ ਕਮਾਲ ਦਾ ਲੇਖਕ ਹੈ।

ਲੇਖਕ ਤੇ ਲਿਖਣ ਕਲਾ ਨੂੰ ਉਹਨੇ ਬੜੀ ਬਰੀਕੀ ਨਾਲ ਸਮਝਿਆ ਤੇ ਰਚਨਾ ਅੰਦਰਲੇ ਸੰਸਾਰ ਨੂੰ ਓਸੇ ਸ਼ਿੱਦਤ ਨਾਲ ਪੇਸ਼ ਕੀਤਾ ਹੈ। ਉਹਦੇ ਬਾਰੇ ਪੜ੍ਹਦਿਆਂ ਪ੍ਰਸਿੱਧ ਪੇਂਟਰ ਐਮ ਐਫ ਹੁਸੈਨ ਦੀ ਯਾਦ ਆ ਗਈ। ਉਹਨੇ ਆਪਣੀ ਆਤਮਕਥਾ ਵਿਚ ਲਿਖਿਆ ਹੈ ਕਿ ਜਦੋਂ ਮੈਂ ਨਿੱਕੀ ਉਮਰ ਤੋਂ ਅੱਲ੍ਹੜ ਉਮਰ ਵਿਚ ਪੈਰ ਰੱਖ ਰਿਹਾ ਸਾਂ ਤਾਂ ਮੈਂ ਹਰ ਚੀਜ਼ ਨੂੰ ਉਤਸੁਕਤਾ ਨਾਲ ਦੇਖਦਾ ਤੇ ਵੱਡਿਆਂ ਵਾਂਗ ਕਰਨਾ ਚਾਹੁੰਦਾ ਸਾਂ ਪਰ ਮੈਨੂੰ ਇਹ ਕਹਿ ਕੇ ਰੋਕ ਦਿੱਤਾ ਜਾਂਦਾ ਕਿ ਤੂੰ ਅਜੇ ਬੱਚਾ ਹੈਂ। ਜਦੋਂ ਮੈਂ ਵੱਡਾ ਹੋ ਕੇ ਓਸੇ ਕੰਮ ਨੂੰ ਕਰਨਾ ਚਾਹੁੰਦਾ ਤਾਂ ਮੈਨੂੰ ਇਹ ਕਹਿ ਕੇ ਰੋਕ ਦਿੱਤਾ ਜਾਂਦਾ ਕਿ ਹੁਣ ਤੂੰ ਬੱਚਾ ਨਹੀਂ ਰਿਹਾ, ਇਹ ਕੰਮ ਬੱਚਿਆਂ ਵਾਲੇ ਹਨ ਤੇ ਸਿੱਟਾ ਇਹ ਨਿਕਲਿਆ ਕਿ ਮੈਂ ਇਕੱਲ ਵਿਚ ਵਿਚਰਨ ਲੱਗਿਆ। ਹਰ ਚੀਜ਼ ਦੀ ਬਣਤਰ ਨੂੰ ਦੇਖਦਾ ਉਹਦੇ ਵਰਗੀ ਚੀਜ਼ ਕਾ਼ਗਜ਼ 'ਤੇ ਵਾਹਣ ਲੱਗਿਆ। ਇਕ ਦਿਨ ਮੇਰੀ ਕੂਚੀ ਮੇਰਾ ਰੱਬ ਬਣ ਗਈ। ਉਹ

ਸਦਾ ਮੇਰੇ ਅੰਦਰ ਚਿੱਤਰ ਵਾਹੁੰਦੀ ਰਹਿੰਦੀ। ਹੁਣ ਮੈਂ ਨਾ ਨਿੱਕਾ ਰਿਹਾ ਸਾਂ ਨਾ ਵੱਡਾ ਹੋਇਆ ਸਾਂ ਸਗੋਂ ਮੇਰੇ ਅੰਦਰ ਦੀ ਕੈਨਵਸ ਵਿਸ਼ਾਲ ਹੋ ਗਈ ਸੀ ਤੇ ਰਾਤਾਂ ਦੀ ਇਕੱਲ ਵਿਚ ਇਹ ਅਕਾਸ਼ ਵਾਂਗ ਫੈਲਦੀ। ਮੇਰੇ ਚਿੱਤਰਾਂ ਨੂੰ ਰੰਗਾਂ, ਰੂਪਾਂ ਤੇ ਲਕੀਰਾਂ ਨਾਲ ਸਰਸ਼ਾਰ ਕਰ ਦੇਂਦੀ। ਮੈਂ ਸਾਰੀ ਉਮਰ ਇਸ ਇਕੱਲ ਦਾ ਰਿਣੀ ਰਿਹਾ ਹਾਂ। ਮੋਦਿਆਨੋ ਵੀ ਆਪਣੇ ਬਾਰੇ ਲਿਖਦਾ ਇਹੋ ਜਿਹੇ ਖ਼ਿਆਲਾਂ ਨੂੰ ਪ੍ਰਗਟਾਉਂਦਾ ਹੈ। ਇਕੱਲ ਦਾ ਉਹ ਵੀ ਬੜਾ ਮਦਾਹ ਹੈ। ਉਹ ਲਿਖਦਾ ਹੈ- ਮੈਂ ਉਸ ਪੀੜ੍ਹੀ ਦਾ ਹਾਂ, ਜਿਨ੍ਹਾਂ ਸਮਿਆਂ ਵਿਚ ਬੱਚਿਆਂ ਦੀ ਦੇਖਭਾਲ ਚੰਗੀ ਤਰ੍ਹਾਂ ਕੀਤੀ ਜਾਂਦੀ ਸੀ, ਪਰ ਉਨ੍ਹਾਂ ਦੀ ਗੱਲ ਵੱਲ ਕੋਈ ਤਵੱਜੋ ਨਹੀਂ ਸੀ ਦਿੱਤੀ ਜਾਂਦੀ।ਉਨ੍ਹਾਂ ਦੀ ਗੱਲ ਸਿਰਫ਼ ਕੁਝ ਮੌਕਿਆਂ ਤੇ ਹੀ ਸੁਣੀ ਜਾਂਦੀ ਸੀ, ਉਹ ਵੀ ਓਦੋਂ ਜਦੋਂ ਉਨ੍ਹਾਂ ਨੂੰ ਪਹਿਲਾਂ ਗੱਲ ਕਰਨ ਦੀ ਆਗਿਆ ਦਿੱਤੀ ਹੁੰਦੀ। ਫਿਰ ਵੀ ਉਨ੍ਹਾਂ ਦੀਆਂ ਗੱਲਾਂ ਕੋਈ ਨਹੀਂ ਸੀ ਸੁਣਦਾ, ਸਗੋਂ ਉਨ੍ਹਾਂ ਦੇ ਗੱਲ

ਕਰਨ ’ਤੇ ਵੀ ਵੱਡੇ ਹੀ ਬੋਲਣ ਲੱਗ ਜਾਂਦੇ ਸਨ। ਸ਼ਾਇਦ ਮੇਰੀ ਪੀੜ੍ਹੀ ਨੂੰ ਬੋਲਣ ਲਈ ਏਸੇ ਕਰਕੇ ਔਖਿਆਈ ਹੁੰਦੀ ਸੀ। ਅਸੀਂ ਹਮੇਸ਼ਾ ਸੰਜਮ ਤੇ ਸੰਕੋਚ ਨਾਲ ਬੋਲਦੇ ਸਾਂ। ਕਦੇ ਅਸੀਂ ਏਨੀ ਤੇਜ਼ ਤੇਜ਼ ਬੋਲਣ ਲੱਗਦੇ ਜਿਵੇਂ ਕੋਈ ਸਾਡੇ ਮਗਰ ਲੱਗਿਆ ਹੋਵੇ। ਇਹ ਅਸਲ ਵਿਚ ਸਾਡੇ ਅੰਦਰ ਦਾ ਡਰ ਸੀ ਕਿ ਕਿਤੇ ਕੋਈ ਵੱਡਾ ਸਾਡੀ ਗੱਲ ਟੋਕ ਕੇ ਆਪ ਨਾ ਬੋਲਣ ਲੱਗ ਜਾਏ। ਸ਼ਾਇਦ ਇਹੀ ਕਾਰਨ ਸੀ ਕਿ ਬਚਪਨ ਲੰਘਦਿਆਂ ਅੱਲ੍ਹੜ ਉਮਰੇ ਹੀ ਮੇਰੇ ਮਨ ਵਿਚ ਲਿਖਣ ਦੀ ਜਿਗਿਆਸਾ ਪੈਦਾ ਹੋ ਗਈ। ਮਨ ਵਿਚ ਇਕ ਉਮੀਦ ਇਹ ਵੀ ਸੀ ਕਿ ਜਿਹੜੇ ਵੱਡੇ ਬੱਚਿਆਂ ਨੂੰ ਬੋਲਣ ਨਹੀਂ ਦੇਂਦੇ, ਉਨ੍ਹਾਂ ਨੂੰ ਗੌਲ਼ਦੇ ਨਹੀਂ, ਘੱਟੋ ਘੱਟ ਉਨ੍ਹਾਂ ਦੇ ਲਿਖੇ ਨੂੰ ਹੀ ਸ਼ਾਇਦ ਪੜ੍ਹ ਲੈਣ। ਤਦੋਂ ਉਹ ਤੁਹਾਡੇ ਲਿਖੇ ਨੂੰ ਬਿਨਾ ਕੱਟਿਆਂ ਪੜ੍ਹਨਗੇ ਤੇ ਉਨ੍ਹਾਂ ਨੂੰ ਪਤਾ ਲੱਗ ਜਾਏਗਾ ਕਿ ਸਾਡੇ ਅੰਦਰ ਵੀ ਇਕ ਅੱਗ ਬਲਦੀ ਹੈ ਤੇ ਉਹ ਜ਼ਰੂਰ ਇਹਦਾ ਸੇਕ ਮਹਿਸੂਸ ਕਰਨਗੇ। ਲੇਖਣ ਅਸਲ

ਵਿਚ ਇਕ ਅਜੀਬ ਇਕੱਲ ਵਿਚ ਵਾਪਰਨ ਵਾਲਾ ਵਰਤਾਰਾ ਹੈ। ਜਦੋਂ ਤੁਸੀਂ ਆਪਣੇ ਨਾਵਲ ਦੇ ਅਰੰਭਲੇ ਪੰਨੇ ਲਿਖਣ ਬਹਿੰਦੇ ਹੋ ਤਾਂ, ਨਿਰਾਸ਼ ਕਰ ਦੇਣ ਵਾਲੇ ਅਨੇਕਾਂ ਮੌਕੇ ਆਉਂਦੇ ਹਨ ਜਦੋਂ ਤੁਹਾਨੂੰ ਲਗਦਾ ਹੈ ਕਿ ਤੁਹਾਡਾ ਅੰਦਰਲਾ ਬਰਫ਼ ਵਾਂਗ ਜੰਮ ਗਿਆ ਹੈ ਤੇ ਪਿਘਲ ਨਹੀਂ ਰਿਹਾ। ਹਰ ਰੋਜ਼ ਤੁਹਾਨੂੰ ਮਹਿਸੂਸ ਹੁੰਦਾ ਹੈ ਕਿ ਤੁਸੀਂ ਐਵੇਂ ਪੰਗਾ ਲੈ ਲਿਐ। ਇਹ ਤੁਹਾਡੇ ਵੱਸ ਦਾ ਰੋਗ ਨਹੀਂ। ਤੁਹਾਡੇ ਅੰਦਰ ਇਕ ਇੱਛਾ ਜਾਗਦੀ ਹੈ ਕਿ ਇਸ ਲਿਖਣ ਲੁਖਣ ਦੇ ਕੰਮ ਨੂੰ ਛੱਡ ਕੇ ਕੁਝ ਹੋਰ ਕੀਤਾ ਜਾਵੇ। ਪਰ ਅੰਦਰ ਇਕ ਟੀਸ ਵੀ ਉਠਦੀ ਹੈ। ਏਸੇ ਕਰਕੇ ਲੇਖਕ ਨੂੰ ਆਪਣੀ ਤਿਆਗਣ ਦੀ ਇੱਛਾ ਅੱਗੇ ਗੋਡੇ ਨਹੀਂ ਟੇਕਣੇ ਚਾਹੀਦੇ।ਅੰਦਰਲੀ ਟੀਸ ਨੂੰ ਉਬਾਲੇ ਮਾਰਨ ਦੇਣੇ ਚਾਹੀਦੇ ਹਨ। ਭਾਵੇਂ ਇਹ ਇਹੋ ਜਿਹਾ ਅਹਿਸਾਸ ਹੁੰਦਾ ਹੈ ਜਿਵੇਂ ਪੋਹ ਮਾਘ ਦੀ ਹੱਡ ਚੀਰਵੀਂ ਠੰਢੀ, ਹਨੇਰੀ ਰਾਤ ਵਿਚ ਬਰਫ਼ ’ਤੇ ਕਾਰ ਚਲਾਉਣੀ ਪੈ ਜਾਵੇ। ਅਜਿਹੀ ਵਿਕਰਾਲ

ਸਥਿਤੀ ਵਿਚ ਕੋਈ ਚਾਰਾ ਬਾਕੀ ਨਹੀਂ ਬਚਦਾ ਜਦੋਂ ਹਨੇਰੇ ਵਿਚ ਨਾ ਤਾਂ ਕੁਝ ਨਜ਼ਰ ਆ ਰਿਹਾ ਹੋਵੇ ਤੇ ਨਾ ਰਿਵਰਸ ਗੇਅਰ ਪਾ ਕੇ ਵਿਦਾ ਬਿੰਦੂ 'ਤੇ ਪਹੁੰਚਣ ਦੀ ਗੁੰਜਾਇਸ਼ ਹੋਵੇ। ਸਿਰਫ਼ ਅੱਗੇ ਵਧਣ ਤੇ ਆਪਣੇ ਆਪ ਨੂੰ ਭਰੋਸਾ ਦੇ ਕੇ ਹੌਸਲਾ ਰੱਖਣ ਦੀ ਹੀ ਗੁੰਜਾਇਸ਼ ਹੋਵੇ ਕਿ ਛੇਤੀ ਹੀ ਸਭ ਕੁਝ ਠੀਕ ਹੋ ਜਾਏਗਾ। ਜਦੋਂ ਤੁਹਾਡੀ ਕਿਤਾਬ ਪੂਰੀ ਹੋਣ ਵਾਲੀ ਹੋਵੇ ਤਾਂ ਤੁਸੀਂ ਮਹਿਸੂਸ ਕਰੋਗੇ ਕਿ ਉਹ ਤੁਹਾਡੇ ਕੋਲੋਂ ਇਕ ਵਿੱਥ ਸਿਰਜ ਰਹੀ ਹੈ, ਤੁਹਾਡੇ ਕੋਲੋਂ ਦੂਰ ਜਾਣ ਲਈ ਕਾਹਲੀ ਹੈ। ਉਹ ਅਜ਼ਾਦੀ ਨਾਲ ਖੁੱਲ੍ਹੀ ਹਵਾ ਵਿਚ ਸਾਹ ਲੈਣ ਲੱਗਦੀ ਹੈ, ਜਿਵੇਂ ਗਰਮੀਆਂ ਦੀਆਂ ਛੁੱਟੀਆਂ ਤੋਂ ਪਹਿਲਾਂ ਜਮਾਤਾਂ ਵਿਚ ਬੈਠੇ ਬੱਚੇ ਛੁੱਟੀਆਂ ਬਾਰੇ ਸੋਚਦੇ ਖੁੱਲ੍ਹ ਦੇ ਸੁਪਨੇ ਲੈਣ ਲਗਦੇ ਹਨ। ਮੈਨੂੰ ਤਾਂ ਕਈ ਵਾਰ ਇਹ ਵੀ ਲਗਦਾ ਹੈ ਕਿ ਜਦੋਂ ਅਸੀਂ ਆਪਣੀ ਕਿਤਾਬ ਦਾ ਅਖੀਰਲਾ ਪੈਰਾ ਲਿਖ ਰਹੇ ਹੁੰਦੇ ਹਾਂ ਤਾਂ ਇਹ ਜਿਵੇਂ ਸਾਡੀ ਦੁਸ਼ਮਣ ਬਣ ਕੇ ਸਾਡੇ ਨਾਲ ਵੈਰ ਕੱਢਣ ਲੱਗ ਜਾਂਦੀ

ਹੈ ਤੇ ਸਾਡੇ ਨਾਲੋਂ ਆਪਣਾ ਰਿਸ਼ਤਾ ਤੋੜਨ ਲਈ ਕਾਹਲੀ ਪੈ ਜਾਂਦੀ ਹੈ। ਉਹ ਤੁਹਾਨੂੰ ਇਸ ਮੰਜ਼ਰ 'ਤੇ ਕਈ ਵਾਰ ਇਕੱਲਿਆਂ ਵੀ ਛੱਡ ਜਾਂਦੀ ਹੈ। ਬੜੀ ਮੁਸ਼ਕਲ ਨਾਲ ਤੁਹਾਡੇ ਕੋਲ ਏਨਾ ਕੁ ਸਮਾਂ ਬਚਦਾ ਹੈ ਕਿ ਤੁਸੀਂ ਆਖ਼ਰੀ ਸ਼ਬਦ ਲਿਖ ਸਕੋ।ਲਗਦਾ ਹੈ ਜਿਵੇਂ ਸਭ ਕੁਝ ਖ਼ਤਮ ਹੋ ਗਿਆ ਹੋਵੇ। ਇਸ ਤੋੜ ਵਿਛੋੜੇ ਤੋਂ ਬਾਅਦ ਕਿਤਾਬ ਨੂੰ ਤੁਹਾਡੀ ਲੋੜ ਨਹੀਂ ਰਹਿੰਦੀ। ਉਹ ਤੁਹਾਨੂੰ ਭੁਲਾਉਣ ਦੇ ਆਹਰ ਵਿਚ ਹੁੰਦੀ ਹੈ। ਇਸ ਤੋਂ ਬਾਅਦ ਉਹ ਆਪਣੇ ਆਪ ਨੂੰ ਪਾਠਕਾਂ ਵਿਚੋਂ ਲੱਭਦੀ ਹੈ। ਤੁਸੀਂ ਅਗਲੀ ਕਿਤਾਬ ਦਾ ਅਗਲਾ ਵਰਕਾ ਲਿਖਣ ਲਈ ਫਿਰ ਓਸੇ ਪੁਲਸਰਾਤ 'ਤੇ ਪੈਰ ਰੱਖ ਲੈਂਦੇ ਹੋ ਜਿੱਥੇ ਦੁਬਾਰਾ ਪੈਰ ਨਾ ਰੱਖਣ ਦੀ ਤੁਸਾਂ ਕਸਮ ਖਾਧੀ ਸੀ।

ਪੋਸਟ ਸਕਰਿਪਟ

ਰਚਨਾ ਤੇ ਰਚਨਹਾਰੇ ਦਾ ਇਹ ਰਿਸ਼ਤਾ ਬੜਾ ਨਾਜ਼ੁਕ ਵੀ ਹੈ ਤੇ

ਤਲਖ਼ ਵੀ। ਸਿਰਜਣਾ ਦੇ ਰਾਹ ਤੁਰਨਾ ਖੰਡੇ ਦੀ ਧਾਰ 'ਤੇ ਤੁਰਨ ਬਰਾਬਰ ਹੈ। ਆਪਣੇ ਲਹੂ ਦੀ ਕਸ਼ੀਦਗੀ ਵਿਚੋਂ ਬੂੰਦ ਬੂੰਦ ਸ਼ਹਿਦ ਚੋਣ ਵਰਗਾ ਅਮਲ ਹੈ। ਲੇਖਕ ਲਈ ਇਕੱਲ ਤੋਂ ਵੱਡਾ ਕੋਈ ਵਰਦਾਨ ਨਹੀਂ। ਇਹ ਸ਼ਬਦ ਸਾਧਨਾ ਹੈ ਜਿਸ ਨੂੰ ਹਰ ਰਚਣਹਾਰਾ ਆਪਣੀ ਸੂਝਬੂਝ ਨਾਲ ਤਰਤੀਬ ਦੇਂਦਾ ਹੈ ਤੇ ਇਕ ਦਿਨ ਇਹੀ ਸਾਧਨਾ ਸ਼ਾਹਕਾਰਾਂ ਦੇ ਰੂਪ ਵਿਚ ਪ੍ਰਗਟ ਹੋ ਕੇ, ਰਹਿੰਦੀ ਦੁਨੀਆ ਤੱਕ ਚਾਨਣ ਵੰਡਦੀ ਰਹਿੰਦੀ ਹੈ।

58

ਕਵਿਤਾ ਮਨੁੱਖ ਦੀ ਅੰਤਿਮ ਭਾਸ਼ਾ ਹੈ/ਨੀਲਮਣੀ ਫੂਕਨ

ਮਨੁੱਖ ਸਮਾਜਕ ਪ੍ਰਾਣੀ ਹੋਣ ਦੇ ਨਾਲ ਨਾਲ ਇਕ ਭਾਸ਼ਾ ਪ੍ਰਾਣੀ ਵੀ ਹੈ। ਭਾਸ਼ਾ ਤੋਂ ਬਿਨਾ ਅੱਜ ਮਨੁੱਖ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਜਿਵੇਂ ਅਸੀਂ ਆਲ਼ੇ ਦੁਆਲੇ ਦੇਖ ਰਹੇ ਹਾਂ ਕਿ ਸਮਾਜਕ ਤਾਣਾ ਬਾਣਾ ਵਿਗੜ ਗਿਆ ਹੈ, ਮਨੁੱਖਾਂ ਵਿਚ ਸਹਿਣਸ਼ੀਲਤਾ ਨਾਂ ਦੀ ਚੀਜ਼ ਅਲੋਪ ਹੋ ਗਈ ਹੈ, ਸਵਾਰਥੀਪੁਣਾ, ਲਾਲਚ ਤੇ ਲਾਲਸਾ ਸਿਖ਼ਰਾਂ ਛੋਹ ਰਹੇ ਹਨ। ਅਜਿਹੇ ਭਿਆਨਕ ਸਮਿਆਂ ਵਿਚ ਮਨੁੱਖ ਤੇ ਮਨੁੱਖਤਾ ਕਿਵੇਂ ਬਚ ਸਕਦੇ ਹਨ, ਕੋਈ ਨਹੀਂ ਦਸ ਰਿਹਾ। ਸਿਰਫ਼ ਸਾਹਿਤ ਤੇ ਕਲਾ ਹੀ ਬਚੇ ਹਨ ਜੋ ਮਨੁੱਖ ਦੀ ਮਨੁੱਖਤਾਈ ਆਸ ਦੀ ਕਿਰਨ ਹਨ। ਅਸਾਮੀ ਕਵੀ ਨੀਲਮਣੀ ਫੂਕਨ ਨੂੰ ਇਸ ਵਰ੍ਹੇ ਦਾ ਭਾਰਤੀ ਗਿਆਨ ਪੀਠ ਪੁਰਸਕਾਰ ਦੇਣ ਦਾ ਐਲਾਨ

ਕੀਤਾ ਗਿਆ ਹੈ। ਫੂਕਨ ਕੋਲ ਕਵਿਤਾ ਦੀ ਆਸ ਬਾਕੀ ਹੈ। ਉਨ੍ਹਾਂ ਸਾਰੀ ਉਮਰ ਕਵਿਤਾ ਨੂੰ ਜੀਵਿਆ ਤੇ ਹੰਢਾਇਆ ਹੈ। ਉਨ੍ਹਾਂ ਦਾ ਆਪਣਾ ਆਪ ਕਵਿਤਾ ਦਾ ਪਰਿਆਇਵਾਚੀ ਹੈ। ਅਜਿਹਾ ਤਾਂ ਹੀ ਵਾਪਰਿਆ ਜਦੋਂ ਉਨ੍ਹਾਂ ਸਮਝ ਲਿਆ ਕਿ ਜ਼ਿੰਦਗੀ ਦੀ ਤਲਾਸ਼ ਦਾ ਰਸਤਾ ਕਵਿਤਾ ਵਿਚੋਂ ਹੋ ਕੇ ਜਾਂਦਾ ਹੈ। ਓਦੋਂ ਉਨ੍ਹਾਂ ਨੇ ਕੁਦਰਤ ਦਾ ਉਹ ਭੇਦ ਪਾ ਲਿਆ ਕਿ ਮਨੁੱਖ ਨੂੰ ਚਾਨਣ ਦੇਣ ਵਾਲੀ ਕੁਦਰਤ ਹੀ ਮਨੁੱਖ ਦੀ ਮੁਕਤੀਦਾਤਾ ਤੇ ਉਹਦੇ ਭਵਿੱਖ ਦੀ ਗਰੰਟੀ ਹੈ ਪਰ ਮਨੁੱਖ ਇਸ ਨੂੰ ਬਰਬਾਦ ਕਰਨ 'ਤੇ ਤੁਲਿਆ ਹੋਇਆ ਹੈ,ਏਸੇ ਕਰਕੇ ਕਵਿਤਾ ਉਹਦੇ ਤੋਂ ਦੂਰ ਹੋ ਗਈ ਹੈ। ਕਵਿਤਾ ਦੇ ਦੂਰ ਹੋਣ ਦਾ ਅਰਥ ਹੈ ਰੱਬ ਦਾ ਰੁੱਸਣਾ ਤੇ ਰੱਬ ਦੇ ਰੁੱਸਣ ਦਾ ਅਰਥ ਹੈ ਮਨੁੱਖ ਦਾ ਮਨੱਖੀਪੁਣੇ ਨੂੰ ਛੱਡ ਕੇ ਸ਼ੈਤਾਨੀਪੁਣੇ ਦੀ ਜੂਨ ਪੈਣਾ। ਆਪਣੇ ਬਾਰੇ ਨੀਲਮਣੀ ਫੂਕਨ ਲਿਖਦੇ ਹਨ- ਮੇਰਾ ਜਨਮ 1933 ਵਿਚ ਜੋਰਹਾਟ ਦੇ ਕੋਲ ਇਕ ਛੋਟੇ ਜਿਹੇ ਪਿੰਡ ਡੇਰਾਗਾਂਵ ਵਿਚ

ਹੋਇਆ। ਵੀਹ ਵਰ੍ਹਿਆਂ ਦੀ ਚੜ੍ਹਦੀ ਜਵਾਨੀ ਦੀ ਸਵੇਰ ਵੇਲੇ ਮੈਂ ਲਿਖਣ ਕਾਰਜ ਅਰੰਭ ਦਿੱਤਾ ਸੀ। ਪਰ ਸਮਝ ਮੈਨੂੰ ਓਦੋਂ ਆਈ ਜਦੋਂ ਮੈਂ ਅਸਾਮੀ ਦੇ ਆਪਣੇ ਸਮਕਾਲੀ ਕਵੀਆਂ ਨਵਕਾਂਤ ਬਰੂਆ, ਅਜੀਤ ਬਰੂਆ ਦੇ ਨਾਲ ਨਾਲ ਹੇਮ ਬਰੂਆ, ਅਮੁਲਯ ਬਰੂਆ, ਮਹੇਸ਼ਵਰ ਨਿਓਗ ਵਰਗੇ ਕਵੀਆਂ ਵੱਲੋਂ ਅਰੰਭੀ ਗਈ ਛੰਦ ਮੁਕਤ ਕਾਵਿ ਲਹਿਰ ਦੀ ਰਮਜ਼ ਪਛਾਣੀ ਤੇ ਚਾਲੀਵਿਆਂ ਵਿਚ ਇਸ ਨੂੰ ਅਪਣਾਇਆ। ਮੇਰੀਆਂ ਕਈ ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਤੇ ਕਵਿਤਾ ਲਈ ਸਾਹਿਤਯ ਅਕਾਦੇਮੀ ਤੋਂ ਲੈ ਕੇ ਪਦਮ ਸ਼੍ਰੀ ਤੇ ਹੁਣ ਗਿਆਨ ਪੀਠ ਤੱਕ ਦੇ ਮਾਨ ਸਨਮਾਨ ਤੇ ਪੁਰਸਕਾਰ ਮਿਲ ਚੁੱਕੇ ਹਨ। ਪਰ ਮੈਂ ਜਾਰੋਸਲਾਵ ਸੀਫਰਟ ਦਾ ਕਿਹਾ ਦੁਹਰਾਉਣਾ ਚਾਹੁੰਦਾ ਹਾਂ ਕਿ ਦੁਨੀਆ ਦੀਆਂ ਲੱਖਾਂ ਕਵਿਤਾਵਾਂ ਵਿਚ ਮੈਂ ਸਿਰਫ਼ ਕੁਝ ਕਵਿਤਾਵਾਂ ਦਾ ਯੋਗਦਾਨ ਹੀ ਪਾ ਸਕਿਆ ਹਾਂ। ਕਈ ਹੋਰ ਭਾਰਤੀ ਲੇਖਕਾਂ ਵਾਂਗ ਮੇਰਾ ਬਚਪਨ ਤੇ

ਜਵਾਨੀ ਵੀ ਇਕ ਛੋਟੇ ਜਿਹੇ ਪਿੰਡ ਵਿਚ ਬੀਤੇ ਜੋ ਅਸਲ ਵਿਚ ਮੇਰੀ ਕਵਿਤਾ ਲਈ ਬਸੰਤ ਰੁੱਤ ਵਾਂਗ ਸਨ। ਇਹੀ ਮੇਰੀ ਕਵਿਤਾ ਦੀ ਬੁਨਿਆਦ ਸਨ। ਪਿੰਡ ਵਿਚ ਰਹਿੰਦਿਆਂ ਹੀ ਮੈਂ ਪ੍ਰਕਿਰਤੀ, ਜ਼ਿੰਦਗੀ ਤੇ ਯਥਾਰਥ ਨਾਲ ਇਕ ਸਹਿਜ ਰਿਸ਼ਤਾ ਸਿਰਜਿਆ ਤੇ ਹੌਲੀ ਹੌਲੀ ਇਹ ਜ਼ਿੰਦਗੀ, ਵਿਚਾਰਾਂ ਤੇ ਦੁੱਖਾਂ ਤੋਂ ਪਾਰ ਚਲੇ ਜਾਣ ਦੇ ਅਹਿਸਾਸ ਵਿਚ ਬਦਲ ਗਿਆ। ਪਿੰਡ ਦੀ ਆਬੋ-ਹਵਾ ਨੇ ਲਗਾਤਾਰ ਮੇਰੇ ਮਨ ਮਸਤਕ, ਦਿਲ ਤੇ ਕਵਿਤਾ ਨੂੰ ਝੰਜੋੜਿਆ। ਮੈਂ ਲੋਕਾਂ ਦੇ ਵਿਚ ਰਹਿੰਦਾ ਜਾਂ ਹਾਸ਼ੀਏ ਤੇ ਜਾਂ ਫਿਰ ਨਦੀ ਕੰਢੇ ਹਰ ਪਾਸੇ ਮੈਨੂੰ ਕੁਦਰਤ ਦਾ ਅਸੀਮ ਪਸਾਰਾ ਨਜ਼ਰੀਂ ਪੈਂਦਾ। ਦਿਨ ਵੇਲੇ ਚੋਗ਼ਾ ਚੁਗਣ ਤੁਰ ਗਏ ਪੰਛੀ ਜਦੋਂ ਸ਼ਾਮ ਨੂੰ ਉੱਡਦੇ ਹੋਏ ਆਉਂਦੇ ਤਾਂ ਉਹ ਮੈਨੂੰ ਕੁਦਰਤ ਦੀ ਸੌਗਾਤ ਵਾਂਗ ਲਗਦੇ। ਮੈਂ ਆਪਣੇ ਹੱਥ ਉੱਚੇ ਲੰਮੇ ਰੁੱਖਾਂ ਤੱਕ ਫੈਲਾ ਦੇਂਦਾ। ਨਦੀਆਂ, ਸਮੁੰਦਰਾਂ, ਜੰਗਲਾਂ, ਪਹਾੜਾਂ ਤੇ ਮਾਰੂਥਲਾਂ ਨੂੰ ਪਾਰ ਕਰਦਾ ਮੈਂ ਉਨ੍ਹਾਂ ਨੂੰ ਆਪਣੇ ਪਿਛਲੇ

ਜਨਮ ਦਾ ਦੋਸਤ ਮੰਨ ਕੇ ਗਲੇ ਮਿਲਦਾ ਹਾਂ। ਮੈਂ ਖ਼ੁਦ ਤੋਂ ਬੇਖ਼ਬਰ ਹੋ ਜਾਂਦਾ ਹਾਂ ਤੇ ਆਪਣੇ ਆਪ ਵਿਚ ਨਵੇਂਪਣ ਦਾ ਸੰਚਾਰ ਮਹਿਸੂਸ ਕਰਦਾ ਹਾਂ। ਮੈਂ ਅਨੰਤ ਸ਼ਕਤੀ, ਆਸ਼ਾਵਾਂ ਅਤੇ ਇੱਛਾਵਾਂ, ਅਕਾਂਖਿਆਵਾਂ, ਗਰਵ, ਅਨੰਦ, ਕਲੇਸ਼ ਤੇ ਮਨੁੱਖ ਦੀਆਂ ਜਿੱਤਾਂ ਹਾਰਾਂ ਦਾ ਗਵਾਹ ਬਣ ਗਿਆ ਹਾਂ। ਹਜ਼ਾਰਾਂ ਵਰ੍ਹਿਆਂ ਤੋਂ ਥੁੜ੍ਹਾਂ ਅਤੇ ਗਰੀਬੀ ਨਾਲ ਜੂਝਦੇ ਸਾਡੇ ਪਿੰਡਾਂ ਨੇ ਸਾਡੀਆਂ ਭਾਰਤੀ ਭਾਸ਼ਾਵਾਂ ਅਤੇ ਸਭਿਆਚਾਰਾਂ ਨੂੰ ਜਿਊਂਦੇ ਹੀ ਨਹੀਂ ਰੱਖਿਆ ਸਗੋਂ ਉਨ੍ਹਾਂ ਨੇ ਜਿਊਂਦੀਆਂ ਪਰੰਪਰਾਵਾਂ ਦੀ ਰੱਖਿਆ ਵੀ ਕੀਤੀ ਹੈ। ਏਸੇ ਲਈ ਮੇਰਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਜੇ ਪਿੰਡਾਂ ਨੂੰ ਸ਼ੋਸ਼ਣ, ਗ਼ਰੀਬੀ, ਜਾਤਾਂ ਪਾਤਾਂ, ਧਾਰਮਿਕ ਅਸਹਿਣਸ਼ੀਲਤਾ ਕੱਟੜਤਾ, ਜਾਤੀ ਸੰਘਰਸ਼ ਤੇ ਵਿਸ਼ਵੀਕਰਨ ਦੇ ਚੁੰਗਲ ਤੋਂ ਨਾ ਬਚਾਇਆ ਗਿਆ ਤਾਂ ਭਾਰਤੀ ਭਾਸ਼ਾਵਾਂ ਤੇ ਸਾਹਿਤ ਉਨ੍ਹਾਂ ਸ੍ਰੋਤਾਂ ਤੋਂ ਵਾਂਝੇ ਹੋ ਜਾਣਗੇ ਜਿਨ੍ਹਾਂ ਤੋਂ ਉਹ ਜ਼ਿੰਦਗੀ ਦਾ ਅੰਮ੍ਰਿਤ ਪਾਨ ਕਰਦੇ ਹਨ। ਇਹ ਸੱਚ ਹੈ ਕਿ ਕਵਿਤਾ

ਭੁੱਖੇ ਨੂੰ ਰੋਟੀ ਨਹੀਂ ਦੇ ਸਕਦੀ ਤੇ ਨਾ ਠੰਢ ਵਿਚ ਠੁਰ ਠੁਰ ਕਰਦੇ ਨੂੰ ਗਰਮ ਕੱਪੜੇ ਦੇ ਸਕਦੀ ਹੈ। ਪਰ ਕਵਿਤਾ ਇਹ ਜ਼ਰੂਰ ਦਸ ਸਕਦੀ ਹੈ ਕਿ ਉਹਦੇ ਹਿੱਸੇ ਦੀ ਰੋਟੀ ਤੇ ਕੱਪੜੇ ਕੌਣ ਖੋਹ ਕੇ ਲੈ ਗਿਆ ਹੈ। ਮਸ਼ਹੂਰ ਮਨੋਵਿਗਿਆਨੀ ਸੀ.ਜੀ. ਜੁੰਗ ਨੇ ਇਕ ਵਾਰ ਕਿਹਾ ਸੀ- ਆਧੁਨਿਕ ਮਨੁੱਖ ਆਤਮਾ ਦੀ ਤਲਾਸ਼ ਵਿਚ ਭਟਕ ਰਿਹਾ ਹੈ।' ਮੇਰਾ ਮੰਨਣਾ ਹੈ ਕਿ ਕਵਿਤਾ ਦੇ ਮਾਧਿਅਮ ਰਾਹੀਂ ਹੀ ਇਕ ਦਿਨ ਅਸੀਂ ਆਪਣੀ ਆਤਮਾ ਨੂੰ ਤਲਾਸ਼ ਲਵਾਂਗੇ। ਏਸੇ ਵਿਚੋਂ ਪ੍ਰੇਮ ਪਿਆਰ ਦੀ ਦੁਨੀਆ, ਨਵੇਂ ਅਧਿਆਤਮਕ ਮੁੱਲ ਅਤੇ ਸਮੱਗਰਤਾ ਵਿਚੋਂ ਇਕ ਨਵੇਂ ਮਾਨਵ ਯੁੱਗ ਨੂੰ ਲੱਭ ਸਕਾਂਗੇ। ਸਾਰੀਆਂ ਕਲਾਵਾਂ ਦਾ ਉਦੇਸ਼ ਮਨੁੱਖ ਦੀ ਸਮੁੱਚੀ ਸੰਵੇਦਨਸ਼ੀਲਤਾ ਦਾ ਵਿਕਾਸ ਕਰਨਾ ਹੈ। ਮਨੁੱਖ ਦੀ ਸਿਰਜਣਾ ਸ਼ਕਤੀ, ਸੱਚ ਨੂੰ ਸਮਝਣ ਦੀ ਉਹਦੀ ਯੋਗਤਾ, ਠੀਕ ਤੇ ਗ਼ਲਤ ਦੀ ਸੂਖਮ ਭਾਵਨਾ, ਮਾਨਵ ਚੇਤਨਾ ਦਾ ਵਿਸਥਾਰ, ਆਵੇਗਾਂ ਨੂੰ ਤਰੋਤਾਜ਼ਾ ਰੱਖਣ ਤੇ

ਕਲਪਨਾ ਕਰਨ ਦੇ ਨਾਲ ਨਾਲ ਚੀਜ਼ਾਂ ਦੀ ਪ੍ਰਕਿਰਤੀ ਨੂੰ ਜਾਣਨ ਦਾ ਕੰਮ ਕਵਿਤਾ ਦੇ ਮਾਧਿਅਮ ਰਾਹੀਂ ਹੀ ਕੀਤਾ ਜਾ ਸਕਦਾ ਹੈ। ਦੁਨੀਆ ਦੇ ਸਾਰੇ ਕਵੀ ਚਾਹੁੰਦੇ ਹਨ ਕਿ ਉਹ ਵਿਦਰੋਹੀ ਅਤੇ ਪ੍ਰੇਮੀ ਬਣਨ। ਢਾਈ ਸੌ ਵਰ੍ਹੇ ਪਹਿਲਾਂ ਲਿਖੀ ਗਈ ਚੀਨੀ ਕਵਿਤਾ ਅੱਜ ਵੀ ਜਿਉਂਦੀ ਹੈ। ਲੋਕਾਂ ਦੇ ਇਤਿਹਾਸ ਵਿਚ ਹਰ ਸੰਕਟ ਦੇ ਪਲਾਂ ਵਿਚ ਕਵਿਤਾ ਉਨ੍ਹਾਂ ਦੇ ਨਾਲ ਨਾਲ ਰਹਿੰਦੀ ਹੈ। ਕਵਿਤਾ ਤਾਂ ਉਨ੍ਹਾਂ ਲੋਕਾਂ ਵਿਚ ਵੀ ਜਿਉਂਦੀ ਰਹਿੰਦੀ ਹੈ ਜਿਨ੍ਹਾਂ ਨੇ ਕਦੇ ਕਵਿਤਾ ਨਹੀਂ ਪੜ੍ਹੀ,ਕਿਉਂਕਿ ਕਵਿਤਾ ਮਨੁੱਖ ਦੀ ਅੰਤਿਮ ਭਾਸ਼ਾ ਹੈ- ਜ਼ਿੰਦਗੀ ਦੇ ਦੁੱਖਾਂ ਸੁੱਖਾਂ, ਪੀੜ ਤੇ ਪਰਮ ਅਨੰਦ ਦਾ ਆਮ ਜਿਹਾ ਪਰ ਠੋਸ ਅਵਤਾਰ।

ਪੋਸਟ ਸਕਰਿਪਟ

ਅੱਜ ਦੇ ਸਮਿਆਂ ਵਿਚ ਕਵਿਤਾ ਬਹੁਤ ਲਿਖੀ ਜਾ ਰਹੀ ਹੈ, ਪਰ

ਅਜਿਹੀ ਕਵਿਤਾ ਨਜ਼ਰ ਨਹੀਂ ਆ ਰਹੀ ਜੋ ਮਨੁੱਖ ਨੂੰ ਵਿਸ਼ਾਦ ਵਿਚੋਂ ਕੱਢ ਕੇ ਉਹਦੀ ਅਗਵਾਈ ਕਰ ਸਕੇ। ਕਵਿਤਾ ਸਿਰਫ਼ ਸ਼ਬਦਾਂ ਦਾ ਜੋੜ ਤੋੜ ਜਾਂ ਬੁਣਤੀ ਜਾਂ ਜੜ੍ਹਤ ਹੀ ਨਹੀਂ ਹੁੰਦੀ ਸਗੋਂ ਚੰਗੀ ਕਵਿਤਾ ਭਾਸ਼ਾ ਵਾਂਗ ਸਦਜੀਵੀ, ਜਲ ਵਾਂਗ ਨਿਰਮਲ ਤੇ ਅਕਾਸ਼ ਵਾਂਗ ਨਿੰਬਲ ਹੁੰਦੀ ਹੈ। ਆਓ ਅਜਿਹੀ ਕਵਿਤਾ ਪੜ੍ਹਨ ਲਈ ਭਾਸ਼ਾ ਦੇ ਧੁਰ ਅੰਦਰ ਲਹਿ ਜਾਈਏ ਜਿੱਥੇ ਕਵਿਤਾ ਦੀ ਅਟੱਲ ਜੋਤ ਜਗਦੀ ਰਹਿੰਦੀ ਹੈ।

59

ਬੰਟੀ ਦੀ ਤ੍ਰਾਸਦੀ ਉਰਫ਼ ਆਪ ਕਾ ਬੰਟੀ

ਹਿੰਦੀ ਭਾਸ਼ਾ ਵਿਚ ਛਪਦੇ ਸਾਰਿਕਾ ਦੇ ਜ਼ਮਾਨੇ ਦੀ ਗੱਲ ਹੈ। ਓਦੋਂ ਯੂਨੀਵਰਸਿਟੀ ਵਿਚ ਖੋਜ ਕਰਦਿਆਂ ਲੇਖਕਾਂ ਨੂੰ ਮਿਲਣਾ, ਉਨ੍ਹਾਂ ਬਾਰੇ ਜਾਣਨਾ, ਉਨ੍ਹਾਂ ਦੀ ਜ਼ਿੰਦਗੀ ਦੇ ਕਿੱਸਿਆਂ ਨੂੰ ਚਟਕਾਰੇ ਲੈ ਲੈ ਕੇ ਮਹਿਫ਼ਲਾਂ ਦਾ ਸ਼ਿੰਗਾਰ ਬਣਾਉਣ ਦਾ ਸਹਿਜ ਰਿਵਾਜ ਸੀ। ਉਨ੍ਹਾਂ ਭਲੇ ਦਿਨਾਂ ਵਿਚ ਮਨੂੰ ਭੰਡਾਰੀ ਨਾਲ ਛੋਟੀ ਜਿਹੀ ਮੁਲਾਕਾਤ ਹੋਈ ਸੀ। 'ਆਪ ਕਾ ਬੰਟੀ' ਬਾਰੇ ਚਰਚਾ ਜ਼ੋਰਾਂ 'ਤੇ ਸੀ। ਬਹਿਸਾਂ ਹੁੰਦੀਆਂ, ਕਈ ਨੁਕਤੇ ਲੱਭ ਲੱਭ ਕੇ ਪਾਠਕੀ ਪਾਠ ਸਿਰਜੇ ਜਾਂਦੇ। ਅੱਜ ਉਹ ਲਮਹੇ ਯਾਦ ਆ ਰਹੇ ਹਨ, ਜਦੋਂ ਇਹ ਸਿਰਮੌਰ ਲੇਖਕਾ ਇਸ ਦੁਨੀਆ ਨੂੰ ਅਲਵਿਦਾ ਕਹਿ ਗਈ। ਉਹਦੀ ਯਾਦ ਨੂੰ ਸਲਾਮ। ਮਨੂੰ ਭੰਡਾਰੀ ਸਾਰੀ ਉਮਰ ਔਰਤ ਦੀ ਨਿੱਖੜਵੀਂ ਹੋਂਦ

ਲਈ ਲਿਖਦੀ ਰਹੀ ਬੰਟੀ ਦੀ ਜਨਮ ਪੱਤਰੀ ਵਿਚ ਉਹ ਲਿਖਦੀ ਹੈ - ਬਾਂਕੁਰਾ ਦੀ ਇਕ ਸੰਝ। ਅਚਾਨਕ ਪੀ.ਦਾ ਫ਼ੋਨ ਆਇਆ- ਤੇਰੇ ਨਾਲ ਕੋਈ ਜ਼ਰੂਰੀ ਗੱਲ ਕਰਨੀ ਹੈ। ਜਿਵੇਂ ਵੀ ਹੋਵੇ ਸ਼ਾਮ ਨੂੰ ਬਾਂਕੁਰਾ ਵਿਚ ਮਿਲ।' 'ਮੈਨੂੰ ਉਸ ਜ਼ਰੂਰੀ ਗੱਲ ਬਾਰੇ ਕੁਝ ਕੁਝ ਪਤਾ ਸੀ। ਰੈਸਤਰਾਂ ਦੀ ਹਲਕੀ ਸੁਖਾਵੀਂ ਰੌਸ਼ਨੀ ਵਿਚ,ਮੇਜ਼ ਦੇ ਆਹਮਣੇ ਸਾਹਮਣੇ ਬੈਠਿਆਂ ਪਰੇਸ਼ਾਨ ਪੀ. ਨੇ ਕਿਹਾ- ਸਮੱਸਿਆ ਬੰਟੀ ਦੀ ਹੈ। ਤੈਨੂੰ ਸ਼ਾਇਦ ਪਤਾ ਹੋਵੇ, ਬੰਟੀ ਦੀ ਮਾਂ ਨੇ ਵਿਆਹ ਕਰਵਾ ਲਿਐ। ਹੁਣ ਉਹ ਮੇਰੀ ਪਤਨੀ ਨਹੀਂ ਰਹੀ। ਪਰ ਮੈਂ ਬਿਲਕੁਲ ਨਹੀਂ ਚਾਹੁੰਦਾ ਕਿ ਬੰਟੀ ਉਹਦੇ ਕੋਲ ਰਹਿ ਕੇ ਫ਼ਾਲਤੂ ਵਰਗੀ ਜ਼ਿੰਦਗੀ ਜੀਵੇ।'ਮੈਨੂੰ ਪਤਾ ਸੀ ਕਿ ਬੰਟੀ ਦਾ ਆਪਣੇ ਪਾਪਾ ਨਾਲ ਬਹੁਤ ਪਿਆਰ ਹੈ, ਪਰ ਬੱਚੇ ਨੂੰ ਮਾਂ ਨਾਲੋਂ ਵੱਖ ਕਰਨਾ ਵੀ ਜ਼ੁਲਮ ਹੈ। ਇਸ ਨਾਜ਼ੁਕ ਉਮਰ ਵਿਚ ਜੇ ਬੱਚਾ ਉੱਖੜ ਜਾਏ ਤਾਂ ਸਾਰੀ ਉਮਰ ਬੇਚੈਨ ਤੇ ਉੱਖੜਿਆ ਉੱਖੜਿਆ ਰਹਿੰਦਾ ਹੈ। ਲੰਮੀ

ਗੱਲਬਾਤ ਤੋਂ ਬਾਅਦ ਇਹੀ ਫ਼ੈਸਲਾ ਹੋਇਆ ਕਿ ਕੁਝ ਦੇਰ ਬੰਟੀ ਨੂੰ ਮਾਂ ਕੋਲ ਹੀ ਰਹਿਣ ਦਿੱਤਾ ਜਾਵੇ। ਇੱਥੋਂ ਹੀ ਸ਼ੁਰੂ ਹੁੰਦੀ ਹੈ ਉਸ ਬੱਚੇ ਦੀ ਕਹਾਣੀ। ਇਹ ਇਕ ਅਜਿਹੇ ਬੱਚੇ ਦੀ ਕਹਾਣੀ ਹੈ ਜੋ ਪੜ੍ਹੇ ਲਿਖੇ ਮਾਪਿਆਂ ਦੀ ਇਕਲੌਤੀ ਸੰਤਾਨ ਹੈ। ਆਪਸੀ ਸਮਝਦਾਰੀ ਵਿਚ ਕਾਣ ਹੋਣ ਕਰਕੇ ਮੀਆਂ ਬੀਵੀ ਦੀ ਅਣਬਣ ਹੋ ਜਾਂਦੀ ਹੈ ਤੇ ਅੰਤ ਤਲਾਕ ਹੋ ਜਾਂਦਾ ਹੈ। ਮਾਂ ਪ੍ਰਿੰਸੀਪਲ ਦੇ ਅਹੁਦੇ ਤੇ ਹੈ ਜੋ ਬੱਚੇ ਨੂੰ ਆਪਣੇ ਕੋਲ ਰੱਖਦੀ ਹੈ। ਪਰ ਹੌਲੀ ਹੌਲੀ ਉਹ ਡਾਕਟਰ ਜੋਸ਼ੀ ਵੱਲ ਆਕਰਸ਼ਿਤ ਹੁੰਦੀ ਜਾਂਦੀ ਹੈ। ਜੋਸ਼ੀ ਦੀ ਨੇੜਤਾ ਜਿੱਥੇ ਉਹਨੂੰ ਸੁਰੱਖਿਆ ਦਾ ਅਹਿਸਾਸ ਕਰਾਉਂਦੀ ਹੈ, ਓਥੇ ਉਹਨੂੰ ਲੱਗਦਾ ਹੈ ਕਿ ਉਹ ਉਸ ਨਾਲ ਰਹਿ ਕੇ ਆਪਣੀ ਤਰਜ਼ ਦੀ ਜ਼ਿੰਦਗੀ ਜੀ ਸਕੇਗੀ। ਏਸੇ ਨੇੜਤਾ ਕਰਕੇ ਉਨ੍ਹਾਂ ਦੀ ਜ਼ਿੰਦਗੀ ਵਿਆਹ ਦੇ ਬੰਧਨ ਵਿਚ ਬੱਝ ਜਾਂਦੀ ਹੈ। ਪਰ ਮਾਂ ਦੇ ਇਸ ਨਵੇਂ ਰਿਸ਼ਤੇ ਨਾਲ ਬੰਟੀ ਸਮਝੌਤਾ ਨਹੀਂ ਕਰਦਾ। ਉਹ ਆਪਣੇ ਆਪ ਨੂੰ ਫ਼ਾਲਤੂ ਜਿਹਾ

ਮਹਿਸੂਸ ਕਰਨ ਲੱਗ ਜਾਂਦਾ ਹੈ। ਉਹਨੂੰ ਲੱਗਦਾ ਹੈ ਡਾਕਟਰ ਜੋਸ਼ੀ ਨੇ ਉਹਦੇ ਕੋਲੋਂ ਉਹਦੀ ਮਾਂ ਖੋਹ ਲਈ ਹੈ। ਕੁਦਰਤ ਨੇ ਮਾਂ 'ਤੇ ਉਹਨੂੰ ਜਿਹੜਾ ਅਧਿਕਾਰ ਦਿੱਤਾ ਸੀ, ਉਸ ਤੋਂ ਉਹਨੂੰ ਬੇਦਖ਼ਲ ਕਰ ਦਿੱਤਾ ਗਿਆ ਹੈ। ਉਹ ਮਾਂ ਤੋਂ ਵੀ ਉਪਰਾਮ ਹੋ ਜਾਂਦਾ ਹੈ। ਉਹਦੇ ਦਿਮਾਗ਼ ਵਿਚ ਤਰ੍ਹਾਂ ਤਰ੍ਹਾਂ ਦੇ ਪ੍ਰਸ਼ਨ ਘੌਰੂ ਪਾਉਣ ਲੱਗਦੇ ਹਨ ਕਿ ਉਹਦੀ ਮਾਂ ਨੇ ਕਿਉਂ ਡਾਕਟਰ ਜੋਸ਼ੀ ਨਾਲ ਵਿਆਹ ਕੀਤਾ? ਕਿਉਂ ਉਹਦੀ ਮਾਂ ਹੁਣ ਉਹਦੇ ਨਾਲ ਓਪਰਾ ਵਿਹਾਰ ਕਰਨ ਲੱਗੀ ਹੈ? ਕਿਉਂ ਉਹ ਉਹਦੇ ਨਾਲੋਂ ਜ਼ਿਆਦਾ ਖ਼ਿਆਲ ਡਾਕਟਰ ਜੋਸ਼ੀ ਦੇ ਬੱਚਿਆਂ ਦਾ ਰੱਖਣ ਲੱਗ ਪਈ ਹੈ? ਇਸ ਘਰ ਵਿਚ ਉਹਦੀ ਹੋਂਦ ਇਕ ਫ਼ਾਲਤੂ ਤੇ ਬੇਲੋੜੀ ਵਸਤੂ ਵਰਗੀ ਕਿਉਂ ਹੋ ਗਈ ਹੈ? ਅਜਿਹੀਆਂ ਉਲਝਣਾਂ ਵਿਚ ਇਕ ਦਿਨ ਉਹ ਮਾਂ ਨੂੰ ਡਾਕਟਰ ਜੋਸ਼ੀ ਨਾਲ ਨੰਗਿਆਂ ਦੇਖ ਲੈਂਦਾ ਹੈ ਤਾਂ ਉਹ ਵਾਪਸ ਪਿਓ ਕੋਲ ਜਾਣਾ ਚਾਹੁੰਦਾ ਹੈ। ਅਜਿਹੀਆਂ ਸਥਿਤੀਆਂ ਵਿਚ ਮਾਂ ਵੀ ਉਸ ਨੂੰ ਪਿਓ

ਕੋਲ ਭੇਜਣ ਲਈ ਤਿਆਰ ਹੈ ਤਾਂ ਕਿ ਉਹ ਆਪਣੀ ਜ਼ਿੰਦਗੀ ਦੇ ਭਾਰ ਤੋਂ ਮੁਕਤ ਹੋ ਸਕੇ।ਇਹੀ ਬੰਟੀ ਦੀ ਤ੍ਰਾਸਦੀ ਹੈ ਕਿ ਉਹ ਨਾ ਏਧਰ ਦਾ ਰਹਿੰਦਾ ਹੈ ਨਾ ਓਧਰ ਦਾ। ਬੰਟੀ ਦੀ ਮਾਨਸਿਕਤਾ ਨੂੰ ਬੜੇ ਕਰੁਣਾਮਈ ਅੰਦਾਜ਼ ਵਿਚ ਪੇਸ਼ ਕੀਤਾ ਗਿਆ ਹੈ। ਉਹ ਹਰ ਗੱਲ ਜਾਣਨ ਲਈ ਉਤਸੁਕ ਹੈ। ਉਹ ਜਾਣਨਾ ਚਾਹੁੰਦਾ ਹੈ ਕਿ ਤਲਾਕ ਕੀ ਹੁੰਦਾ ਹੈ, ਪੌਦੇ ਕਿਉਂ ਵੱਡੇ ਹੁੰਦੇ ਨੇ, ਵਕੀਲ ਚਾਚਾ ਕਿਉਂ ਆਉਂਦਾ ਹੈ। ਜਦੋਂ ਮੰਮੀ ਸਕੂਲ ਜਾਂਦੀ ਹੈ ਤਾਂ ਉਹ ਉਹਨੂੰ ਦੇਖਦਾ ਰਹਿੰਦਾ ਹੈ। ਉਹਨੂੰ ਇੰਜ ਲੱਗਦਾ ਹੈ ਜਿਵੇਂ ਡਰੈੱਸਿੰਗ ਟੇਬਲ 'ਤੇ ਪਈਆਂ ਰੰਗ ਬਰੰਗੀਆਂ ਸ਼ੀਸ਼ੀਆਂ ਵਿਚ ਕੋਈ ਜਾਦੂ ਹੈ ਜਿਨ੍ਹਾਂ ਨੂੰ ਲਾਉਣ ਤੋਂ ਬਾਅਦ ਮੰਮੀ ਇਕ ਦਮ ਬਦਲ ਜਾਂਦੀ ਹੈ। ਉਹ ਸੋਚਦਾ ਮੰਮੀ ਹੁਣ ਉਹ ਮੰਮੀ ਨਹੀਂ ਰਹੀ ਕੁਝ ਹੋਰ ਹੋ ਗਈ ਹੈ। ਇਨ੍ਹਾਂ ਸਮੱਸਿਆਵਾਂ ਵਿਚ ਘਿਰੇ ਕੋਲ ਬਾਹਰ ਨਿਕਲਣ ਦਾ ਕੋਈ ਰਾਹ ਨਹੀਂ ਪਰ ਉਹ ਹਰ ਚੀਜ਼ ਬਾਰੇ ਜਾਣਨਾ ਜ਼ਰੂਰ ਚਾਹੁੰਦਾ ਹੈ।

ਆਪਣੀ ਮੰਮੀ ਦੀ ਇਸ ਸ਼ਾਦੀ ਤੋਂ ਬਾਅਦ ਉਹ ਨਵੇਂ ਘਰ ਵਿਚ ਐਡਜਸਟ ਨਹੀਂ ਹੋ ਰਿਹਾ- ਯਹਾਂ ਦੁਸਰੋਂ ਕੇ ਘਰ ਲਾ ਕਰ ਪਟਕ ਦੀਆ ਆਪਨਾ ਘਰ ਕਹਾਂ ਹੈ। ਕੋਈ ਨਹੀਂ ਹੈ ਆਪਨਾ ਘਰ, ਮੈਂ ਨਹੀਂ ਰਹਿਤਾ ਕਿਸੀ ਕੇ ਘਰ।' ਜਦੋਂ ਉਹ ਡਾਕਟਰ ਤੇ ਮੰਮੀ ਨੂੰ ਨੰਗਿਆਂ ਵੇਖ ਲੈਂਦਾ ਹੈ ਤਾਂ ਉਸ ਦੀਆਂ ਅੱਖਾਂ ਟੱਡੀਆਂ ਦੀਆਂ ਟੱਡੀਆਂ ਰਹਿ ਜਾਂਦੀਆਂ ਹਨ। ਉਹ ਸੌਣ ਦਾ ਬਹਾਨਾ ਕਰਦਾ ਹੈ, ਪਰ ਜਾਗਦਾ ਹੋਇਆ ਸਭ ਕੁਝ ਵੇਖਦਾ ਰਹਿੰਦਾ ਹੈ। ਉਹ ਸੋਚਦਾ ਹੈ- ਇਤਨਾ ਬੜਾ ਆਦਮੀ, ਏਕ ਦਮ ਨੰਗ ਧੜੰਗ, ਕੀ ਇਹਨੂੰ ਸ਼ਰਮ ਨਹੀਂ ਆ ਰਹੀ? ਔਰ ਮੰਮੀ ਭੀ ਦੇਖ ਰਹੀ ਹੈ... ਪਰ ਆਖੇਂ ਹੈਂ ਕਿ ਫਿਰ ਭੀ ਬੰਦ ਨਹੀਂ ਹੋ ਰਹੀਂ' ਉਹਦੇ ਦਿਮਾਗ਼ ਵਿਚ ਇਹੀ ਸਭ ਕੁਝ ਘੁੰਮਦਾ ਰਹਿੰਦਾ ਹੈ। ਅਗਲੇ ਦਿਨ ਦੇਰ ਤੱਕ ਡੂੰਘੀ ਨੀਂਦ ਸੌਣ ਤੇ ਵੀ ਉਸ ਦੇ ਮਨ ਵਿਚ ਉੱਕਰੇ ਦੋਹਾਂ ਦੇ ਨੰਗੇਜ ਦੇ ਨਕਸ਼ ਮਿਟ ਨਹੀਂ ਸਕੇ। ਉਹਨੂੰ ਮਹਿਸੂਸ ਹੁੰਦਾ ਜਿਵੇਂ ਦੋਹਾਂ ਦੇ

ਨੰਗੇ ਜਿਸਮ ਓਥੇ ਟੰਗੇ ਹੋਣ। ਸਵੇਰੇ ਨਾਸ਼ਤੇ ਦੀ ਮੇਜ਼ 'ਤੇ ਉਹਨੂੰ ਡਾਕਟਰ ਜੋਸ਼ੀ ਤੇ ਮੰਮੀ ਦੇ ਦੋ ਰੂਪ ਨਜ਼ਰ ਆਉਂਦੇ। ਇਕ ਕੱਪੜੇ ਪਾਈ ਤੇ ਦੂਜਾ ਨੰਗੇ ਰੂਪ ਵਿਚ। ਦੋਹਾਂ ਦੇ ਇਸ ਰੂਪ ਨੇ ਉਹਦੇ ਅੰਦਰ ਵੀ ਕਾਮ ਪ੍ਰਵਿਰਤੀ ਜਗਾ ਦਿੱਤੀ। ਉਹ ਮਨ ਹੀ ਮਨ ਡਾਕਟਰ ਨਾਲ ਆਪਣੀ ਤੁਲਨਾ ਕਰਨ ਲੱਗਾ। ਉਹਦੇ ਅੰਦਰ ਖ਼ਾਹਿਸ਼ਾਂ ਦੇ ਅਗਨ ਰੁੱਖ ਅੰਗੜਾਈਆਂ ਲੈਣ ਲੱਗੇ। ਮੰਮੀ ਦੇ ਵਿਆਹ ਤੋਂ ਬਾਅਦ ਉਹ ਵਧੇਰੇ ਕ੍ਰੋਧੀ, ਗ਼ੁੱਸੇਖ਼ੋਰ ਤੇ ਵਿਦਰੋਹੀ ਬਣ ਜਾਂਦਾ ਹੈ। 'ਮਾਂ ਬਾਪ ਕੇ ਸੰਬੰਧੋਂ ਮੇਂ ਬਹੁਤ ਸੀ ਵਿਵਿਧਤਾ ਹੋ ਸਕਤੀ ਹੈ ਲੇਕਿਨ ਹਰ ਜਗ੍ਹਾ ਬੰਟੀ ਕੋ ਏਕ ਹੀ ਯਾਤਨਾ ਸੇ ਗੁਜ਼ਰਨਾ ਪੜਤਾ ਹੈ। ਆਸੁਰੱਕਸ਼ਾ ਔਰ ਕਹੀਂ ਭੀ ਨਾ ਜੁੜ ਪਾਨੇ ਵਾਲੀ ਨਿਯਤਿ। ਇਸ ਯਾਤਨਾ ਨੇ ਹਰ ਬੰਟੀ ਕੋ ਆਲੱਗ ਆਲੱਗ ਮਨੋਸਥਿਤੀਆਂ ਔਰ ਮਨੋਵਿਗਿਆਨ ਦੀਏ ਹੈਂ।'

ਪੋਸਟ ਸਕਰਿਪਟ

ਅੱਜ ਦੇ ਯੁੱਗ ਵਿਚ ਜਦੋਂ ਤਲਾਕਾਂ ਦੀ ਗਿਣਤੀ ਵੱਧ ਰਹੀ ਹੈ ਤੇ ਆਪਸੀ ਸਹਿਯੋਗ ਤੇ ਸਮਝੌਤੇ ਟੁੱਟ ਰਹੇ ਹਨ ਤਾਂ ਬੰਟੀਆਂ ਦੀ ਤ੍ਰਾਸਦੀ ਹੋਰ ਭਿਆਨਕ ਹੋ ਰਹੀ ਹੈ। ਅਜਿਹੇ ਬੱਚਿਆਂ ਦੀ ਮਨੋਸਥਿਤੀ ਉਨ੍ਹਾਂ ਨੂੰ ਅਪਰਾਧਾਂ ਦੀ ਦੁਨੀਆ ਵੱਲ ਲੈ ਜਾਂਦੀ ਹੈ ਜਾਂ ਮਾਨਸਿਕ ਰੋਗੀ ਬਣਾ ਦੇਂਦੀ ਹੈ। ਮੁੱਦਤ ਬਾਅਦ ਅੱਜ ਆਪ ਕਾ ਬੰਟੀ ਦੀਆਂ ਕਈ ਪਰਤਾਂ ਯਾਦ ਆ ਗਈਆਂ। ਮਨੂੰ ਭੰਡਾਰੀ ਨੇ ਜਿਵੇਂ ਇਸ ਨਾਵਲ ਨੂੰ ਬੁਣਿਆ ਹੈ ਉਹ ਸਦਾ ਚੇਤਿਆਂ ਵਿਚ ਉੱਕਰਿਆ ਰਹੇਗਾ।

60

ਇਹ ਧਰਤੀ ਕਿਸੇ ’ਕੱਲੇ ਕਾਰੇ ਦੀ ਨਹੀਂ...

ਇਸ ਧਰਤੀ ਨੂੰ ਆਲਮੀ ਤਪਸ਼ ਤੋਂ ਬਚਾਉਣ ਲਈ ਗਲਾਸਗੋ ਵਿਚ ਮਹਾਂ ਸੰਮੇਲਨ ਹੋ ਰਿਹਾ ਹੈ। ਉੱਘੇ ਨੇਤਾ, ਚਿੰਤਕ, ਵਿਚਾਰਵਾਨ ਇਸ ’ਤੇ ਚਰਚਾ ਕਰਨਗੇ, ਪਰ ਸਾਮਰਾਜੀਆਂ ਦੀ ਹੈਂਕੜ ਅੱਗੇ ਸਭ ਕੁਝ ਓਵੇਂ ਹੀ ਰਹੇਗਾ, ਬਦਲਣ ਦੀ ਬਹੁਤੀ ਆਸ ਨਹੀਂ। ਏਥੇ ਸੁਆਲ ਪੈਦਾ ਹੁੰਦਾ ਹੈ ਕਿ ਕੀ ਇਸ ਧਰਤੀ ਦਾ ਮਾਲਕ ਸਿਰਫ਼ ਮਨੁੱਖ ਹੈ? ਕੀ ਬਾਕੀ ਪ੍ਰਜਾਤੀਆਂ ਨੂੰ ਕੁਦਰਤ ਨੇ ਬਲਹੀਣ ਬਣਾਇਆ ਹੈ? ਕੀ ਕੁਦਰਤ ਨੂੰ ਤਬਾਹ ਕਰਕੇ ਮਨੁੱਖ ਜਿਊਂਦਾ ਰਹਿ ਸਕੇਗਾ? ਇਹ ਸਾਰੇ ਸੁਆਲ ਬੜੇ ਗੰਭੀਰ ਹਨ ਪਰ ਜੁਆਬ ਕਿਸੇ ਕੋਲ ਕੋਈ ਨਹੀਂ। ਉੱਘੇ ਕਵੀ ਨਿਦਾ ਫਾਜਲੀ ਲਿਖਦੇ ਹਨ- ਦੁਨੀਆ ਕਿਵੇਂ ਬਣੀ, ਪਹਿਲਾਂ ਕੀ ਸੀ, ਕਿਸ ਬਿੰਦੂ ਤੋਂ ਇਹ

ਯਾਤਰਾ ਸ਼ੁਰੂ ਹੋਈ, ਇਨ੍ਹਾਂ ਸੁਆਲਾਂ ਦੇ ਉੱਤਰ ਵਿਗਿਆਨੀ ਆਪਣੀ ਸਮਝ ਅਨੁਸਾਰ ਦੇਂਦੇ ਹਨ। ਧਾਰਮਿਕ ਗ੍ਰੰਥ ਆਪਣੀ ਸੂਝ ਅਨੁਸਾਰ ਸੰਸਾਰ ਰਚਨਾ ਦਾ ਬਖਾਨ ਕਰਦੇ ਹਨ। ਸੰਸਾਰ ਨੂੰ ਕੁਦਰਤ ਨੇ ਭਾਵੇਂ ਜਿਵੇਂ ਮਰਜ਼ੀ ਰਚਿਆ ਹੋਵੇ ਪਰ ਇਹ ਧਰਤੀ ਕਿਸੇ ਇਕ ਦੀ ਨਹੀਂ। ਪੰਛੀ, ਮਨੁੱਖ, ਪਸ਼ੂ, ਨਦੀਆਂ, ਪਹਾੜ, ਸਮੁੰਦਰ ਸਾਰਿਆਂ ਦੀ ਬਰਾਬਰ ਦੀ ਹਿੱਸੇਦਾਰੀ ਹੈ। ਇਹ ਗੱਲ ਵੱਖਰੀ ਹੈ ਕਿ ਮਨੁੱਖ ਨੇ ਚਲਾਕੀ ਨਾਲ ਇਸ ਹਿੱਸੇਦਾਰੀ ਵਿਚ ਦੀਵਾਰਾਂ ਖੜੀਆਂ ਕਰਕੇ, ਇਸ ਨੂੰ ਖੰਡਾਂ ਵਿਚ ਵੰਡ ਦਿੱਤਾ ਹੈ। ਪਹਿਲਾਂ ਸਾਰੀ ਦੁਨੀਆ ਇਕ ਪਰਿਵਾਰ ਵਾਂਗ ਸੀ, ਹੁਣ ਇਸ ਨੂੰ ਗਲੋਬ ਬਣਾ ਕੇ ਚਲਾਕ ਲੋਕ ਘੁੰਮਾ ਰਹੇ ਨੇ। ਪਹਿਲਾਂ ਵੱਡੇ ਤੇ ਖੁੱਲ੍ਹੇ ਵਿਹੜਿਆਂ ਵਿਚ ਲੋਕ ਮਿਲ ਜੁਲ ਕੇ ਭਾਈਚਾਰੇ ਵਾਂਗ ਰਹਿੰਦੇ ਸਨ, ਹੁਣ ਛੋਟੇ ਛੋਟੇ ਡੱਬਿਆਂ ਵਰਗੇ ਫਲੈਟਾਂ ਵਿਚ ਜ਼ਿੰਦਗੀ ਸੁੰਗੜ ਕੇ ਰਹਿ ਗਈ ਹੈ। ਵਧਦੀ ਆਬਾਦੀ ਦੇ ਦਬਾਅ ਨੇ ਸਮੁੰਦਰਾਂ ਨੂੰ ਪਿਛੇ

ਧੱਕ ਦਿੱਤਾ ਹੈ, ਜੰਗਲਾਂ ਦੇ ਜੰਗਲ ਸਾਫ਼ ਕਰ ਦਿੱਤੇ ਹਨ, ਵੱਧ ਰਹੇ ਪ੍ਰਦੂਸ਼ਣ ਨੇ ਬਸਤੀਆਂ ਵਿਚੋਂ ਪੰਛੀ ਜਲਾਵਤਨ ਕਰ ਦਿੱਤੇ ਹਨ, ਕਿੰਨੀਆਂ ਪ੍ਰਜਾਤੀਆਂ ਖ਼ਤਮ ਹੋ ਗਈਆਂ ਹਨ ਤੇ ਕਿੰਨੀਆਂ ਉੱਤੇ ਖ਼ਤਮ ਹੋਣ ਦਾ ਖ਼ਤਰਾ ਮੰਡਰਾਅ ਰਿਹਾ ਹੈ, ਦੇਖ ਸੁਣ ਕੇ ਦਿਲ ਕੰਬ ਜਾਂਦਾ ਹੈ। ਬਰੂਦ ਦੀ ਵਿਨਾਸ਼ ਲੀਲ੍ਹਾ ਨੇ ਵਾਤਾਵਰਣ ਨੂੰ ਸਤਾਉਣਾ ਸ਼ੁਰੂ ਕਰ ਦਿੱਤਾ ਹੈ। ਹੁਣ ਗਰਮੀਆਂ ਵਿਚ ਜ਼ਿਆਦਾ ਗਰਮੀ, ਬੇਮੌਸਮੀਆਂ ਬਾਰਸ਼ਾਂ, ਭੂਚਾਲ, ਹੜ੍ਹ, ਤੂਫ਼ਾਨ, ਸੁਨਾਮੀਆਂ ਤੇ ਨਿੱਤ ਨਵੀਂਆਂ ਬਿਮਾਰੀਆਂ ਤੇ ਆਫ਼ਤਾਂ ਨੇ ਮਨੁੱਖ ਤੇ ਕੁਦਰਤ ਦੇ ਰਿਸ਼ਤੇ ਉੱਤੇ ਵੱਡੇ ਸੁਆਲ ਖੜੇ ਕਰ ਦਿੱਤੇ ਹਨ। ਕੁਦਰਤ ਦੇ ਅਸੰਤੁਲਨ ਨੇ ਮਨੁੱਖਤਾ ਲਈ ਵੱਡੇ ਖ਼ਤਰੇ ਪੈਦਾ ਕਰ ਦਿੱਤੇ ਹਨ। ਕੁਦਰਤ ਦੀ ਸਹਿਣ ਸ਼ਕਤੀ ਦੀ ਵੀ ਇਕ ਸੀਮਾ ਹੈ। ਕੁਦਰਤ ਦੇ ਕਹਿਰ ਦਾ ਇਕ ਨਮੂਨਾ ਕੁਝ ਵਰ੍ਹੇ ਪਹਿਲਾਂ ਮੁੰਬਈ ਦੇ ਲੋਕਾਂ ਨੇ ਦੇਖਿਆ ਸੀ ਤੇ ਇਹ ਏਨਾ ਡਰਾਉਣਾ ਸੀ ਕਿ ਮੁੰਬਈ ਨਿਵਾਸੀ

ਡਰ ਕੇ ਆਪਣੇ ਆਪਣੇ ਪੂਜਾ ਸਥਾਨਾਂ 'ਤੇ ਜਾ ਕੇ ਪ੍ਰਾਰਥਨਾਵਾਂ ਕਰਨ ਲੱਗੇ ਸਨ। ਉਨ੍ਹਾਂ ਨੂੰ ਲੱਗਦਾ ਸੀ ਕਿ ਸ਼ਾਇਦ ਕਿਆਮਤ ਆਉਣ ਵਾਲੀ ਹੈ। ਮੇਰੀ ਮਾਂ ਕਹਿੰਦੀ ਹੁੰਦੀ ਸੀ, ਸੰਧਿਆ ਵੇਲੇ ਜਦੋਂ ਸੂਰਜ ਢਲ ਜਾਵੇ ਤਾਂ ਰੁੱਖਾਂ ਤੋਂ ਪੱਤੇ ਨਹੀਂ ਤੋੜਨੇ ਚਾਹੀਦੇ ਕਿਉਂਕਿ ਇਸ ਨਾਲ ਰੁੱਖਾਂ ਨੂੰ ਤਕਲੀਫ਼ ਹੁੰਦੀ ਹੈ ਤੇ ਉਹ ਰੋਣ ਲੱਗ ਜਾਂਦੇ ਨੇ। ਦੀਵੇ ਬੱਤੀ ਵੇਲੇ ਫੁੱਲ ਨਹੀਂ ਤੋੜਨੇ ਚਾਹੀਦੇ, ਉਹ ਬਦ-ਦੁਆ ਦੇਣ ਲੱਗ ਜਾਂਦੇ ਨੇ। ਦਰਿਆ ਕੋਲ ਜਾਓ ਤਾਂ ਉਹਨੂੰ ਸਲਾਮ ਕਰੋ, ਉਹ ਖ਼ੁਸ਼ ਹੋ ਜਾਂਦਾ ਹੈ ਤੇ ਕਦੇ ਨਹੀਂ ਸੁੱਕਦਾ ਨਾ ਧਰਤੀ ਦੀ ਛਾਤੀ ਉੱਤੇ ਨਾ ਮਨੁੱਖਤਾ ਦੀ ਅੱਖ ਵਿਚ। ਕਬੂਤਰਾਂ ਨੂੰ ਨਾ ਸਤਾਇਆ ਕਰੋ, ਇਹ ਹਜ਼ਰਤ ਮੁਹੰਮਦ ਦੇ ਅਜ਼ੀਜ਼ ਨੇ। ਉਹਨੇ ਉਨ੍ਹਾਂ ਨੂੰ ਆਪਣੇ ਮਜ਼ਾਰ ਦੇ ਨੀਲੇ ਗੁੰਬਦਾਂ ਵਿਚ ਆਲ੍ਹਣੇ ਬਣਾਉਣ ਦੀ ਆਗਿਆ ਦਿੱਤੀ ਹੋਈ ਹੈ। ਮੁਰਗ਼ੇ ਨੂੰ ਵੀ ਪਰੇਸ਼ਾਨ ਨਾ ਕਰਿਆ ਕਰੋ ਕਿਉਂਕਿ ਉਹ ਮੁੱਲਾਂ ਤੋਂ ਵੀ ਪਹਿਲੇ ਅਜ਼ਾਨ ਦੇ ਕੇ ਸਾਰੇ ਮੁਹੱਲੇ ਨੂੰ ਜਗਾ

ਦੇਂਦਾ ਹੈਂ।

ਸਭ ਦੀ ਪੂਜਾ ਇਕੋ ਜਿਹੀ, ਵੱਖੋ ਵੱਖ ਹੈ ਰੀਤ

ਮਸੀਤੇ ਜਾਏ ਮੌਲਵੀ, ਕੋਇਲ ਗਾਏ ਗੀਤ।

ਗਵਾਲੀਅਰ ਵਿਚ ਸਾਡਾ ਇਕ ਘਰ ਹੁੰਦਾ ਸੀ, ਉਹਦੇ ਵਿਹੜੇ ਵਿਚ ਦੋ ਰੌਸ਼ਨਦਾਨ ਸਨ। ਉਨ੍ਹਾਂ ਵਿਚ ਕਬੂਤਰਾਂ ਦੇ ਇਕ ਜੋੜੇ ਨੇ ਆਲ੍ਹਣਾ ਬਣਾ ਲਿਆ। ਇਕ ਦਿਨ ਬਿੱਲੀ ਨੇ ਉਨ੍ਹਾਂ ਦਾ ਇਕ ਆਂਡਾ ਤੋੜ ਦਿੱਤਾ। ਮੇਰੀ ਮਾਂ ਨੂੰ ਟੁੱਟੇ ਆਂਡੇ ਦਾ ਬੜਾ ਦੁੱਖ ਹੋਇਆ। ਉਹਨੇ ਸਟੂਲ ਉੱਤੇ ਚੜ੍ਹ ਕੇ ਦੂਸਰੇ ਆਂਡੇ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਪਰ ਇਸ ਕੋਸ਼ਿਸ਼ ਵਿਚ ਦੂਜਾ ਆਂਡਾ ਵੀ ਉਹਦੇ ਹੱਥੋਂ ਡਿੱਗ ਕੇ ਟੁੱਟ ਗਿਆ। ਕਬੂਤਰ ਪਰੇਸ਼ਾਨੀ ਵਿਚ ਏਧਰ ਓਧਰ ਉੱਡਦੇ ਫੜਫੜਾ ਰਹੇ ਸਨ। ਉਨ੍ਹਾਂ ਦੀਆਂ ਅੱਖਾਂ ਵਿਚਲਾ ਦੁੱਖ ਦੇਖ ਕੇ ਮੇਰੀ ਮਾਂ ਦੇ ਅੱਥਰੂ ਡੁੱਲ੍ਹਣ ਲੱਗੇ। ਇਸ ਗੁਨਾਹ ਦੀ ਤਲਾਫ਼ੀ ਲਈ ਉਹਨੇ ਖ਼ੁਦਾ ਅੱਗੇ ਦੁਆਵਾਂ ਹੀ ਨਹੀਂ ਕੀਤੀਆਂ ਸਗੋਂ

ਪੂਰਾ ਦਿਨ ਰੋਜ਼ਾ ਰੱਖਿਆ ਤੇ ਅੰਨ-ਜਲ ਮੂੰਹ ਨਹੀਂ ਲਾਇਆ। ਗਵਾਲੀਅਰ ਤੋਂ ਮੁੰਬਈ ਦੀ ਦੂਰੀ ਨੇ ਸੰਸਾਰ ਨੂੰ ਕਾਫ਼ੀ ਹੱਦ ਤੱਕ ਬਦਲ ਦਿੱਤਾ। ਵਰਸੋਵਾ ਵਿਚ ਜਿੱਥੇ ਹੁਣ ਮੇਰਾ ਘਰ ਹੈ, ਪਹਿਲਾਂ ਦੂਰ ਦੂਰ ਤੱਕ ਹਰਿਆ ਭਰਿਆ ਜੰਗਲ ਹੁੰਦਾ ਸੀ। ਰੁੱਖਾਂ, ਪੰਛੀਆਂ ਤੇ ਜਾਨਵਰਾਂ ਦਾ ਅਦਭੁਤ ਸੰਸਾਰ ਸੀ। ਹੁਣ ਓਥੇ ਸਮੁੰਦਰ ਦੇ ਨਾਲ ਨਾਲ ਲੰਮੀ ਚੌੜੀ ਬਸਤੀ ਬਣ ਗਈ ਹੈ। ਇਸ ਬਸਤੀ ਨੇ ਪਤਾ ਨਹੀਂ ਕਿੰਨੇ ਪੰਛੀਆਂ, ਜਾਨਵਰਾਂ, ਕੀਟ-ਪਤੰਗਿਆਂ ਦਾ ਜੁਗਾਂ ਜੁਗਾਂ ਦਾ ਵਸੇਬਾ ਖੋਹ ਲਿਆ ਹੈ। ਜਿਹੜੇ ਹਾਲਾਤ ਨਾਲ ਨਹੀਂ ਲੜ ਸਕੇ ਉਹ ਮਰ ਮੁੱਕ ਗਏ। ਜਿਹੜੇ ਅੜੇ ਰਹਿ ਗਏ ਉਨ੍ਹਾਂ ਵਿਚੋਂ ਦੋ ਕਬੂਤਰਾਂ ਨੇ ਮੇਰੇ ਘਰ ਵਿਚ ਇਕ ਥਾਂ ਆਲ੍ਹਣਾ ਬਣਾ ਲਿਆ। ਬੋਟ ਅਜੇ ਛੋਟੇ ਨੇ। ਉਨ੍ਹਾਂ ਦੀ ਪਾਲਣਾ ਪੋਸਣਾ ਕਰਨ ਦਾ ਜ਼ਿੰਮਾ ਅਜੇ ਵੱਡਿਆਂ ਦਾ ਹੈ, ਪਰ ਅਸੀਂ ਕਦੋਂ ਵੱਡੇ ਹੋਵਾਂਗੇ?

ਪੋਸਟ-ਸਕਰਿਪਟ

ਇਹ ਹਾਲਤ ਅੱਜ ਹਰ ਥਾਂ ਹੈ। ਕੁਦਰਤ ਦਾ ਘੇਰਾ ਸੁੰਗੜਦਾ ਜਾ ਰਿਹਾ ਹੈ। ਮਨੁੱਖ ਦੀ ਲਾਲਸਾ ਤੇ ਹਵਸ ਨੇ ਕੁਦਰਤ ਨੂੰ ਬਰਬਾਦ ਕਰ ਦਿੱਤਾ ਹੈ। ਵਿਕਾਸ ਦੇ ਨਾਂ ਉੱਤੇ ਰੁੱਖਾਂ ਦੀ ਬਲੀ ਆਮ ਗੱਲ ਹੈ। ਥਰਮਲਾਂ ਦਾ ਹੜ੍ਹਾਂ ਵਰਗਾ ਵਿਸ਼ੈਲਾ ਧੂੰਆਂ ਲਗਾਤਾਰ ਕਾਰਬਨ ਦੇ ਅੰਬਾਰ ਲਾ ਰਿਹਾ ਹੈ। ਪਲਾਸਟਿਕ ਦੀ ਅੰਨ੍ਹੇ ਵਾਹ ਵਰਤੋਂ ਨੇ ਵਾਤਾਵਰਣ ਦੀ ਧੂਹੀ ਬੁਲਾ ਦਿੱਤੀ ਹੈ। ਖੇਤਾਂ ਵਿਚ ਵੱਧ ਝਾੜ ਲੈਣ ਲਈ ਜ਼ਹਿਰਾਂ ਨੇ ਹਵਾ ਤੇ ਪਾਣੀ ਦੋਵੇਂ ਗੰਧਲੇ ਕਰ ਦਿੱਤੇ ਹਨ। ਖੇਤਾਂ ਵਿਚ ਪਰਾਲੀ ਨੂੰ ਲਾਈ ਜਾ ਰਹੀ ਅੱਗ ਨੇ ਸਾਰਾ ਪੰਜਾਬ ਵਿਸ਼ੈਲਾ ਕਰ ਦਿੱਤਾ ਹੈ। ਜਿਹੜੇ ਜਿਦੋ-ਜਿਦੀ ਅੱਗ ਲਾ ਰਹੇ ਹਨ ਉਨ੍ਹਾਂ ਦੀ ਅਕਲ ਮਾਰੀ ਗਈ ਹੈ।ਇਹ ਨਹੀਂ ਸੋਚਦੇ ਕਿ ਉਨ੍ਹਾਂ ਦੇ ਟੱਬਰ ਵੀ ਏਸੇ ਜ਼ਹਿਰੀਲੀ ਹਵਾ ਵਿਚ ਸਾਹ ਲੈ ਕੇ ਮਰ ਰਹੇ ਹਨ। ਪਸ਼ੂਆਂ ਨੂੰ ਟੀਕੇ ਲਾ ਲਾ ਕੇ ਕੈਂਸਰ ਵਰਗੀਆਂ ਬਿਮਾਰੀਆਂ ਦਾ ਹੜ੍ਹ ਲਿਆ

ਦਿੱਤਾ ਹੈ। ਨਕਲੀ ਚੀਜ਼ਾਂ ਦੀ ਭਰਮਾਰ ਨੇ ਮਨੁੱਖ ਨੂੰ ਚਲਦੇ ਫਿਰਦੇ ਬਿਮਾਰ ਪ੍ਰਾਣੀ ਵਿਚ ਬਦਲ ਦਿੱਤਾ ਹੈ। ਫਾਸਟ ਫੂਡ ਤੇ ਡਰੈਸਡ ਫੂਡ ਨੇ ਨੌਜਵਾਨ ਪੀੜ੍ਹੀ ਦਾ ਚਲਣ ਬਦਲ ਕੇ ਉਨ੍ਹਾਂ ਨੂੰ ਹਿੰਸਕ ਪਸ਼ੂ ਵਜੋਂ ਪਰਿਭਾਸ਼ਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਅਸਲ ਵਿਚ ਮਨੁੱਖ ਨੇ ਖ਼ੁਦ ਹੀ ਆਪਣੀ ਡੂੰਘੀ ਕਬਰ ਖ਼ੋਦ ਲਈ ਹੈ ਤੇ ਹਰ ਰੋਜ਼ ਇਸ ਵਿਚ ਗ਼ਰਕਦਾ ਜਾ ਰਿਹਾ ਹੈ। ਜੇ ਧਰਤੀ ਸਭ ਦੀ ਸਾਂਝੀ ਹੈ ਤਾਂ ਇਸ ਲਈ ਸਾਰੀਆਂ ਵੰਡਾਂ ਤੇ ਵਿਤਕਰੇ ਖ਼ਤਮ ਕਰਨ ਲਈ ਸਾਨੂੰ ਖ਼ੁਦ ਹੀ ਹੰਭਲਾ ਮਾਰਨਾ ਪਏਗਾ ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਮਨੁੱਖ ਨਾਂ ਦੀ ਪ੍ਰਜਾਤੀ ਵੀ ਸਦਾ ਲਈ ਆਪਣੀ ਮੌਤ ਮਰ ਜਾਏਗੀ। ਤੇ ਸ਼ਾਇਦ ਕੁਦਰਤ ਫੇਰ ਕੋਈ ਨਵੀਂ ਪ੍ਰਜਾਤੀ ਸਿਰਜ ਦੇਵੇ ਜੋ ਸਾਡੀ ਮੂਰਖਤਾ ਤੋਂ ਤਾਂ ਉੱਚ ਪਾਏ ਦੀ ਹੋਵੇਗੀ।

61

ਨਵਾਂ ਲਿਖਣ ਦਾ ਅਹਿਦ

ਸਿਆਹਫਾਮ ਲੋਕਾਂ ਦੀ ਜ਼ਿੰਦਗੀ ਬੜੀ ਦੁੱਖਾਂ ਭਰੀ ਰਹੀ ਹੈ। ਇਤਿਹਾਸ ਦੇ ਉਹ ਪੰਨੇ ਅਜੇ ਜਿਉਂਦੇ ਹਨ ਜਿਨ੍ਹਾਂ 'ਤੇ ਇਨ੍ਹਾਂ ਦੀ ਸਿਆਹ ਇਬਾਰਤ ਲਿਖੀ ਹੋਈ ਹੈ। ਬੜੀ ਲੰਮੀ ਜੱਦੋ ਜਹਿਦ ਤੋਂ ਬਾਅਦ ਇਨ੍ਹਾਂ ਨੂੰ ਇਨਸਾਫ਼ ਮਿਲਿਆ ਜਦੋਂ ਕਾਨੂੰਨੀ ਤੌਰ ਉੱਤੇ ਗ਼ੁਲਾਮੀ ਦੇ ਜੂ਼ਲੇ ਇਨ੍ਹਾਂ ਦੇ ਗਲੋਂ ਲਾਹ ਕੇ ਇਨ੍ਹਾਂ ਨੂੰ ਇਨਸਾਨ ਸਮਝਿਆ ਗਿਆ। ਅੱਜ ਇਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਆਪਣਾ ਜਲਵਾ ਲੇਖਣੀ ਵਿਚ ਦਿਖਾ ਰਹੀਆਂ ਹਨ। ਅਜਿਹੀਆਂ ਹੀ ਲੇਖਕਾਵਾਂ ਵਿਚ ਉੱਘਾ ਨਾਂ ਬਰਨਰਡਾਈਨ ਐਵਰਿਸਟੋ ਦਾ ਹੈ। ਉਹਦੇ ਚਰਚਿਤ ਨਾਵਲਾਂ ਵਿਚ 'ਗਰਲ, ਵੂਮੈਨ, ਅਦਰ' ਵਿਸ਼ੇਸ਼ ਥਾਂ ਰੱਖਦਾ ਹੈ। ਉਹ ਆਪਣੇ ਬਾਰੇ ਲਿਖਦੀ ਹੈ ਕਿ- ਬਹੁਤ ਸਾਰੇ

ਸਾਹਿਤਕ ਪੁਰਸਕਾਰ ਹਨ, ਜੋ ਸਿਆਹਫਾਮ ਲੋਕਾਂ ਦੇ ਹਿੱਸੇ ਨਹੀਂ ਆਉਂਦੇ। ਕੋਈ ਇਸ ਵੱਲ ਕਦੇ ਗ਼ੌਰ ਵੀ ਨਹੀਂ ਕਰਦਾ, ਪਰ ਅਸਲ ਵਿਚ ਇਹ ਮਹੱਤਵਪੂਰਨ ਹੈ। ਮੇਰਾ ਜਨਮ ਲੰਡਨ ਵਿਚ ਹੋਇਆ। ਅੰਗਰੇਜ਼ ਗੋਰੀ ਮਾਂ ਦੀਆਂ ਅੱਠ ਸੰਤਾਨਾਂ ਵਿਚੋਂ ਮੈਂ ਚੌਥੇ ਨੰਬਰ 'ਤੇ ਹਾਂ। ਪੇਸ਼ੇ ਵਜੋਂ ਮੇਰੀ ਮਾਂ ਸਕੂਲ ਅਧਿਆਪਕਾ ਸੀ। ਮੇਰੇ ਪਿਤਾ ਨਾਇਜੇਰੀਅਨ ਮੂਲ ਦੇ ਸਨ, ਉਹ ਪੰਜਾਹਵਿਆਂ ਵਿਚ ਲੰਡਨ ਆਏ ਸਨ ਤੇ ਬਾਅਦ ਵਿਚ ਸਥਾਨਕ ਲੇਬਰ ਪਾਰਟੀ ਵਿਚ ਕੌਂਸਲਰ ਬਣ ਗਏ। ਮੁੱਢਲੀ ਪੜ੍ਹਾਈ ਤੋਂ ਬਾਅਦ ਮੈਂ ਉਚੇਰੀ ਪੜ੍ਹਾਈ ਕੀਤੀ ਤੇ ਹੋਰ ਉਚੇਰੀ ਪੜ੍ਹਾਈ ਲਈ ਲੰਡਨ ਯੂਨੀਵਰਸਿਟੀ ਗਈ ਤੇ ਓਥੋਂ ਕਰੀਏਟਿਵ ਰਾਈਟਿੰਗ ਵਿਚ ਪੀਐੱਚ.ਡੀ. ਦੀ ਡਿਗਰੀ ਲਈ। ਬਚਪਨ ਵਿਚ ਕਿਤਾਬਾਂ ਖ਼ਰੀਦਣ ਦੀ ਮੇਰੇ ਵਿਚ ਤੌਫ਼ੀਕ ਨਹੀਂ ਸੀ, ਇਸ ਲਈ ਮੈਂ ਕਿਤਾਬਾਂ ਪੜ੍ਹਨ ਲਈ ਲਾਇਬਰੇਰੀ ਜਾਂਦੀ। ਸਾਡੇ ਕੋਲ ਕਦੇ ਵੀ ਏਨੇ ਪੈਸੇ ਨਹੀਂ ਸਨ

ਹੁੰਦੇ ਕਿ ਅਸੀਂ ਛੁੱਟੀਆਂ ਮਨਾਉਣ ਲਈ ਕਿਤੇ ਜਾ ਸਕੀਏ। ਇਸ ਲਈ ਮੇਰੇ ਕੋਲ ਇਕ ਹੀ ਰਾਹ ਸੀ ਕਿ ਮੈਂ ਕਿਤਾਬਾਂ ਪੜ੍ਹ ਕੇ ਵਿਭਿੰਨ ਥਾਵਾਂ ਬਾਰੇ ਜਾਣਾਂ ਤੇ ਰੋਮਾਂਚ ਨਾਲ ਭਰ ਜਾਵਾਂ। ਮੇਰੇ ਲਈ ਇਹ ਤਜਰਬਾ ਬੜਾ ਅਨੂਠਾ ਤੇ ਦਿਮਾਗ਼ ਨੂੰ ਹਲੂਣਾ ਦੇਣ ਵਾਲਾ ਸੀ। ਕਿਤਾਬਾਂ ਨੇ ਮੇਰੇ ਸਾਹਮਣੇ ਇਕ ਨਵੀਂ ਦੁਨੀਆ ਦੇ ਦਰਵਾਜ਼ੇ ਚੌੜ ਚਪੱਟ ਖੋਲ੍ਹ ਦਿੱਤੇ। ਹੁਣ ਮੈਂ ਜਦੋਂ ਚਾਹਾਂ ਇਸ ਦੁਨੀਆ ਵਿਚ ਬੇ-ਰੋਕ-ਟੋਕ ਜਾ ਸਕਦੀ ਸਾਂ। ਇਨ੍ਹਾਂ ਨੇ ਮੇਰੇ ਅੰਦਰ ਸਾਹਿਤ ਸਿਰਜਨਾ ਲਈ ਇਕ ਨਵੀਂ ਖਿੜਕੀ ਖੋਲ੍ਹ ਦਿੱਤੀ। ਇਸ ਖਿੜਕੀ ਰਾਹੀਂ ਹੀ ਮੈਂ ਹੁਣ ਦੁਨੀਆ ਨੂੰ ਆਪਣੀਆਂ ਅੰਦਰਲੀਆਂ ਅੱਖਾਂ ਨਾਲ ਦੇਖਣਾ ਸ਼ੁਰੂ ਕਰ ਦਿੱਤਾ। ਏਸੇ ਦੀ ਬਦੌਲਤ ਅੱਜ ਮੈਂ ਬਰੂਨੇਲ ਯੂਨੀਵਰਸਿਟੀ, ਲੰਡਨ ਵਿਚ ਕ੍ਰਿਏਟਿਵ ਰਾਈਟਿੰਗ ਦੀ ਪ੍ਰੋਫੈਸਰ ਹਾਂ ਤੇ ਰਾਇਲ ਸੋਸਾਇਟੀ ਆਫ਼ ਲਿਟਰੇਚਰ ਦੀ ਵਾਈਸ ਪ੍ਰੈਜ਼ੀਡੈਂਟ। ਅਠਾਰਾਂ ਵਰ੍ਹਿਆਂ ਦੀ ਉਮਰੇ ਜਦੋਂ ਮੈਂ ਘਰੋਂ ਬਾਹਰ

ਨਿਕਲਣਾ ਸ਼ੁਰੂ ਕੀਤਾ ਤਾਂ ਇਸ ਬਾਰੇ ਲਿਖਣਾ ਸ਼ੁਰੂ ਕੀਤਾ। 1982 ਵਿਚ ਸਥਾਪਤ ਕੀਤੀ ਗਈ ਥੀਏਟਰ ਆਫ਼ ਬਲੈਕ ਵੂਮੈਨ ਕੰਪਨੀ ਦੀ ਮੈਂ ਸਹਿ-ਸੰਸਥਾਪਕ ਹਾਂ। 1997 ਵਿਚ ਆਇਆ ਮੇਰਾ ਪਹਿਲਾ ਨਾਵਲ 'ਲਾਰਾ' ਬੜਾ ਸਲਾਹਿਆ ਗਿਆ ਤੇ ਇਸ ਨੂੰ ਵੱਡੀ ਸਫਲਤਾ ਮਿਲੀ। ਇਹ ਬੁਨਿਆਦੀ ਤੌਰ ਤੇ ਕਵਿਤਾ, ਤੱਥਾਂ, ਕਲਪਨਾ, ਇਤਿਹਾਸ ਤੇ ਮਿੱਥਾਂ 'ਤੇ ਉੱਸਰਿਆ ਹੋਇਆ ਹੈ। ਇਹ 1970 ਦੇ ਦਹਾਕੇ ਵਿਚ ਲੰਡਨ ਦੇ ਵੂਲਵਿਚ ਇਲਾਕੇ ਵਿਚ ਵੱਡੀ ਹੋ ਰਹੀ ਇਕ ਲੜਕੀ 'ਤੇ ਕੇਂਦਰਿਤ ਹੈ। ਇਸ ਨੂੰ ਅਰਧ-ਸਵੈਜੀਵਨੀ-ਮੂਲਕ ਵੀ ਕਿਹਾ ਜਾ ਸਕਦਾ ਹੈ। ਇਸ ਵਿਚ ਮੈਂ ਆਪਣੇ ਪਰਿਵਾਰਕ ਪਿਛੋਕੜ ਦੇ ਇਤਿਹਾਸ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਮੇਰੇ ਪਿਤਾ ਨਾਇਜੇਰੀਅਨ ਸਨ ਪਰ ਉਨ੍ਹਾਂ ਨੇ ਆਪਣੇ ਪਰਿਵਾਰਕ ਇਤਿਹਾਸ ਬਾਰੇ ਕਦੇ ਕੁਝ ਨਹੀਂ ਦੱਸਿਆ। ਇਸ ਲਈ ਮੈਂ ਆਪਣੇ ਪੱਧਰ ਤੇ ਉਨ੍ਹਾਂ ਕੜੀਆਂ ਨੂੰ ਜੋੜਨ ਦੀ ਕੋਸ਼ਿਸ਼

ਕੀਤੀ ਤਾਂ ਕਿ ਪਿਤਾ ਦੇ ਨਾਈਜੀਰੀਆ ਤੋਂ ਪਰਵਾਸ ਦਾ ਪਤਾ ਲਾਂ ਸਕਾਂ। ਇਸ ਨਾਵਲ ਨੂੰ ਕਈ ਪੁਰਸਕਾਰਾਂ ਲਈ ਚੁਣਿਆ ਗਿਆ। 1999 ਵਿਚ ਇਸ ਨੂੰ ਇਮਾ ਵੱਲੋਂ ਉੱਤਮ ਨਾਵਲ ਦੇ ਰੂਪ ਵਿਚ ਪੁਰਸਕਾਰ ਦੇ ਕੇ ਨਿਵਾਜਿਆ ਗਿਆ। 'ਗਰਲ, ਵੂਮੈਨ, ਅਦਰ' ਮੇਰਾ ਅੱਠਵਾਂ ਨਾਵਲ ਹੈ। ਮੈਨੂੰ ਇਸ ਗੱਲ ਨੇ ਬੜਾ ਬੇਚੈਨ ਕੀਤਾ ਕਿ ਬ੍ਰਿਟਿਸ਼ ਸਿਆਹਫਾਮ ਔਰਤਾਂ ਸਾਹਿਤ ਵਿਚ ਨਜ਼ਰ ਨਹੀਂ ਆਉਂਦੀਆਂ। ਇਸ ਨੂੰ ਲੈ ਕੇ ਮੈਂ ਇਸ ਨਾਵਲ ਦੀ ਵਿਓਂਤਬੰਦੀ ਕੀਤੀ। ਇਸ ਵਿਚ ਬਾਰਾਂ ਪਾਤਰ ਹਨ, ਜਿਨ੍ਹਾਂ ਵਿਚ ਜ਼ਿਆਦਾਤਰ ਬ੍ਰਿਟਿਸ਼ ਸਿਆਹਫਾਮ ਔਰਤਾਂ ਹਨ। ਮੈਂ ਅਸਲ ਵਿਚ ਅਜਿਹੀਆਂ ਔਰਤਾਂ ਬਾਰੇ ਲਿਖਣਾ ਚਾਹੁੰਦੀ ਸਾਂ ਤਾਂ ਕਿ ਇਸ ਨਾਵਲ ਨੂੰ ਨਾਰੀਵਾਦੀ ਨਜ਼ਰੀਏ ਤੋਂ ਦੇਖਿਆ/ਪਰਖਿਆ ਜਾ ਸਕੇ। ਮੈਂ ਹਰ ਰਚਨਾ ਵਿਚ ਪ੍ਰਯੋਗ ਕਰਨ ਦੀ ਕੋਸ਼ਿਸ਼ ਕਰਦੀ ਹਾਂ। ਏਸੇ ਕਰਕੇ ਮੈਂ ਉਸ ਤਰ੍ਹਾਂ ਦਾ ਨਹੀਂ ਲਿਖਦੀ ਜਿਸ ਨੂੰ ਪਰੰਪਰਕ ਨਾਵਲ ਕਿਹਾ

ਜਾਂਦਾ ਹੈ ਜਾਂ ਮੈਂ ਸ਼ਾਇਦ ਅਜਿਹਾ ਕੁਝ ਲਿਖ ਹੀ ਨਹੀਂ ਸਕਦੀ। ਲੇਖਣੀ ਮੇਰੇ ਅੰਦਰ ਦਾ ਕੇਂਦਰ ਬਿੰਦੂ ਹੈ। ਮੈਂ ਲੰਮੇ ਸਮੇਂ ਤੋਂ ਇਨਾਮਾਂ ਦੀ ਜਿਊਰੀ ਵਿਚ ਸਿਆਹਫਾਮ ਲੇਖਕਾਂ, ਕਲਾਕਾਰਾਂ ਨੂੰ ਸ਼ਾਮਲ ਕਰਨ ਲਈ ਜੱਦੋ ਜਹਿਦ ਕਰ ਰਹੀ ਹਾਂ। ਟੋਨੀ ਮਾਰੀਸਨ ਤੇ ਡੈਰੇਕ ਵਾਲਕਾੱਟ ਮੇਰੇ ਪਸੰਦੀਦਾ ਲੇਖਕ ਹਨ ਮੈਨੂੰ ਐਫਰੋ- ਅਮਰੀਕੀ ਲੇਖਕਾਂ ਨੇ ਬਹੁਤ ਟੁੰਬਿਆ ਹੈ। ਜਿਵੇਂ ਟੈਲੀਵਿਜ਼ਨ ਵਿਚ ਇਕ ਹੀ ਦਿਨ ਵਿਚ ਕਿੰਨੇ ਰਾਗ ਰੰਗ ਦਿਖਾਈ ਦਿੰਦੇ ਹਨ, ਉਸ ਤੋਂ ਕਿਤੇ ਜ਼ਿਆਦਾ ਰਾਗ ਰੰਗਾਂ ਵਾਲੇ ਲੋਕ ਬਚਪਨ ਵਿਚ ਮੇਰੇ ਅੰਗ ਸੰਗ ਰਹੇ ਨੇ। ਅਸੀਂ ਬ੍ਰਿਟਿਸ਼ ਸਿਆਹਫਾਮ ਔਰਤਾਂ ਸੋਚਦੀਆਂ ਹਾਂ ਕਿ ਜੇ ਆਪਣੀ ਹੋਣੀ ਬਾਰੇ ਅਸੀਂ ਨਹੀਂ ਲਿਖਾਂਗੀਆਂ ਤਾਂ ਇਹ ਕੰਮ ਹੋਰ ਕੌਣ ਕਰੇਗਾ? ਮੈਂ ਕਦੇ ਨਹੀਂ ਸੀ ਸੋਚਿਆ ਕਿ ਇਹ ਜ਼ਿੰਮੇਵਾਰੀ ਮੇਰੇ ਹਿੱਸੇ ਆਏਗੀ ਤੇ ਮੈਂ ਉਨ੍ਹਾਂ ਸਿਆਹਫਾਮ ਔਰਤਾਂ ਦੀ ਅਵਾਜ਼ ਬਣ ਕੇ ਸਾਹਿਤ ਰਚਾਂਗੀ। 2019 ਵਿਚ ਜਦੋਂ ਮੈਨੂੰ ਬੁਕਰ ਪ੍ਰਾਈਜ਼

ਮਿਲਿਆ ਤਾਂ ਮੈਂ ਇਹਦੇ ਬਾਰੇ ਕਦੇ ਨਹੀਂ ਸੀ ਸੋਚਿਆ। ਇਸ ਨੇ ਇਹ ਪ੍ਰਾਈਜ਼ ਲੈਣ ਵਾਲੀ ਮੈਨੂੰ ਪਹਿਲੀ ਸਿਆਹਫਾਮ ਔਰਤ ਬਣਾ ਦਿੱਤਾ। ਇਸ ਨਾਲ ਇਸ ਖੇਤਰ ਵਿਚ ਕੰਮ ਕਰ ਰਹੀਆਂ ਔਰਤਾਂ ਨੂੰ ਹੌਸਲਾ ਮਿਲਿਆ ਕਿ ਉਹ ਵੀ ਇਸ ਧਰਤੀ ’ਤੇ ਹੋਂਦਯਾਫਤਾ ਹਨ। ਮੈਨੂੰ ਆਸ ਹੈ ਕਿ ਹੁਣ ਹੋਰ ਵੀ ਸਿਆਹਫਾਮ ਲੇਖਕਾਵਾਂ ਨੂੰ ਇਹ ਪੁਰਸਕਾਰ ਮਿਲੇਗਾ। ਮੇਰਾ ਅਹਿਦ ਹੈ ਕਿ ਮੈਂ ਲਗਾਤਾਰ ਨਵਾਂ ਕੁਝ ਨਾ ਕੁਝ ਲਿਖਦੀ ਰਹਾਂਗੀ ਤਾਂ ਕਿ ਜਿਹੜੀ ਜ਼ਿੰਮੇਵਾਰੀ ਮੇਰੇ ਹਿੱਸੇ ਆਈ ਹੈ ਉਸ ਨਾਲ ਮੈਂ ਇਨਸਾਫ਼ ਕਰ ਸਕਾਂ।

62

ਦੁੱਧ ਦੀ ਵੀ ਕੋਈ ਜਾਤ ਹੁੰਦੀ ਹੈ?

ਭਾਰਤ ਵਿਚ ਜਾਤਪਾਤ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਹਜ਼ਾਰਾਂ ਸਾਲਾਂ ਤੋਂ ਗ਼ੁਲਾਮਾਂ ਵਰਗੀ ਜ਼ਿੰਦਗੀ ਹੰਢਾਉਂਦੀਆਂ ਜਾਤਾਂ ਅੱਜ ਵੀ ਸੰਤਾਪ ਹੰਢਾ ਰਹੀਆਂ ਹਨ। ਉਨ੍ਹਾਂ ਨਾਲ ਕੀਤਾ ਜਾਂਦਾ ਅਣ-ਮਨੁੱਖੀ ਵਿਹਾਰ ਕਿਸੇ ਕੋਲੋਂ ਲੁਕਿਆ ਛਿਪਿਆ ਨਹੀਂ। ਭਾਵੇਂ ਕਾਨੂੰਨੀ ਤੌਰ 'ਤੇ ਜਾਤ ਪ੍ਰਣਾਲੀ ਨੂੰ ਖ਼ਤਮ ਕਰਨ ਦਾ ਜਤਨ ਕੀਤਾ ਗਿਆ ਹੈ ਪਰ ਸਮਾਜਕ ਵਿਹਾਰ ਵਿਚ ਇਹ ਅਜੇ ਵੀ ਕਾਰਜਸ਼ੀਲ ਹੈ। ਅਸਲ ਵਿਚ ਭਾਰਤੀ ਮਾਨਸਿਕਤਾ ਵਿਚ ਇਨ੍ਹਾਂ ਦੱਬੀਆਂ ਕੁਚਲੀਆਂ ਜਾਤਾਂ ਪ੍ਰਤੀ ਅਣ-ਮਨੁੱਖੀ ਧਾਰਨਾਵਾਂ ਜਨਮ ਜਾਤ ਕਾਰਜਸ਼ੀਲ ਕਰ ਦਿੱਤੀਆਂ ਜਾਂਦੀਆਂ ਹਨ। ਜਦ ਬਾਲ ਬੁੱਧ ਮਾਨਸਿਕਤਾ 'ਤੇ ਜਾਤਪਾਤ ਦੀਆਂ ਝਰੀਟਾਂ ਮਾਰੀਆਂ ਜਾਂਦੀਆਂ

ਹਨ ਤਾਂ ਸਪਸ਼ਟ ਹੈ ਕਿ ਇਹਦੇ ਨਤੀਜੇ ਕਿਹੋ ਜਿਹੇ ਹੋਣਗੇ। ਉਤਰਾਖੰਡ ਤੋਂ ਇਕ ਖ਼ਬਰ ਆਈ ਹੈ ਕਿ ਸਕੂਲ ਦੇ ਬੱਚਿਆਂ ਨੇ ਦਲਿਤ ਭੋਜਨ ਮਾਤਾ ਅਰਥਾਤ ਮਿਡ ਡੇ ਮੀਲ ਵਰਕਰ ਦਾ ਬਣਾਇਆ ਖਾਣਾ ਖਾਣ ਤੋਂ ਇਨਕਾਰ ਕਰ ਦਿੱਤਾ। ਨਿਸ਼ਚੇ ਹੀ ਇਹ ਬੱਚਾ ਉੱਚ ਅਥਵਾ ਸਵਰਨ ਜਾਤੀ ਦਾ ਹੋਵੇਗਾ। ਏਥੇ ਸਵਾਲ ਇਹ ਹੈ ਕਿ ਇਸ ਬੱਚੇ ਦੀ ਮਾਨਸਿਕਤਾ ਨੂੰ ਕਿਸ ਨੇ ਝਰੀਟਿਆ ਕਿ ਉਹ ਵਿਤਕਰੇ ਨੂੰ ਪਛਾਣਨ ਦੇ ਸਮਰੱਥ ਹੋ ਗਿਆ। ਇਹੋ ਜਿਹੇ ਬੱਚੇ ਵੱਡੇ ਹੋ ਕੇ ਦੇਸ਼ ਦੇ ਕਿਹੋ ਜਿਹੇ ਨਾਗਰਿਕ ਬਣਨਗੇ ਇਹ ਚਿੰਤਾ ਦਾ ਵਿਸ਼ਾ ਹੈ। ਭਾਰਤੀ ਸਿੱਖਿਆ ਪ੍ਰਣਾਲੀ ਜਿਸ ਨੂੰ ਹੁਣ ਇਹਦੀ ਵਿਭਿੰਨਤਾ ਤੇ ਵੰਨ-ਸੁਵੰਨਤਾ ਨਾਲੋਂ ਤੋੜ ਕੇ ਇਕ ਸੂਤਰ ਵਿਚ ਪਰੋਣ ਦਾ ਜਤਨ ਕੀਤਾ ਜਾ ਰਿਹਾ ਹੈ, ਸਪਸ਼ਟ ਹੀ ਹੈ ਕਿ ਸਿੱਖਿਆ ਦਾ ਇਹ ਸੂਤਰ ਕਿਸ ਵਿਚਾਰਧਾਰਾ ਨੂੰ ਮੁੱਖ ਰੱਖ ਕੇ ਵੱਟਿਆ ਜਾ ਰਿਹਾ ਹੈ। ਸ਼ਾਇਦ ਇਹਦੇ ਲਈ ਹੀ ਬੱਚਿਆਂ ਵਿਚ ਇਹੋ ਜਿਹੇ

ਜਾਤਪਾਤ ਦੇ ਬੀਜ ਬੀਜੇ ਜਾ ਰਹੇ ਹਨ। ਏਥੇ ਹੀ ਬੱਸ ਨਹੀਂ 2014-15 ਵਿਚ ਉਤਰਾਖੰਡ ਵਿਚ ਹੀ ਦਲਿਤਾਂ ਨੂੰ ਰੁਜ਼ਗਾਰ ਦੇਣ ਲਈ ਗਾਵਾਂ ਪਾਲਣ ਦਾ ਇਕ ਪ੍ਰੋਜੈਕਟ ਤਿਆਰ ਕੀਤਾ ਗਿਆ ਸੀ। ਇਸ ਯੋਜਨਾ ਅਨੁਸਾਰ ਤੀਹ ਹਜ਼ਾਰ ਦੀ ਗਾਂ ਤੇ ਤਿੰਨ ਹਜ਼ਾਰ ਦਾ ਰਾਸ਼ਨ ਦਲਿਤ ਚੋਣਕਾਰ ਨੂੰ ਦਿੱਤਾ ਜਾਣਾ ਸੀ। ਪਰ ਬਾਅਦ ਵਿਚ ਸਥਿਤੀਆਂ ਇਹੋ ਜਿਹੀਆਂ ਬਣ ਗਈਆਂ ਕਿ ਦਲਿਤਾਂ ਕੋਲ ਉਹ ਸਰਕਾਰੀ ਗਾਵਾਂ ਪਾਲਣ ਦਾ ਕੋਈ ਸਾਧਨ ਨਹੀਂ ਸੀ। ਜਿੰਨਾ ਕੁ ਉਹ ਦੁੱਧ ਦਿੰਦੀਆਂ ਉਹ ਵੀ ਘੱਟ ਦਾਮ 'ਤੇ ਦਲਿਤ ਹੀ ਖ਼ਰੀਦਦੇ। ਉਹ ਜ਼ਿਆਦਾ ਦਾਮ ਦੇ ਨਹੀਂ ਸਨ ਸਕਦੇ ਤੇ ਓਧਰ ਗਾਵਾਂ ਪਾਲਣਾ ਮੁਸ਼ਕਲ ਹੁੰਦਾ ਗਿਆ। ਜੇ ਕੋਈ ਥੋੜ੍ਹਾ ਬਹੁਤ ਦੁੱਧ ਬਜ਼ਾਰ ਵਿਚ ਵੇਚਣ ਲਈ ਚਲਾ ਜਾਂਦਾ ਤਾਂ ਓਥੇ ਵੀ ਘੱਟ ਪੈਸੇ ਮਿਲਦੇ। ਕਾਰਨ ਇਹ ਸੀ ਕਿ ਉਨ੍ਹਾਂ ਨੂੰ ਡਰ ਸੀ ਕਿ ਦਲਿਤ ਕੋਲੋਂ ਖ਼ਰੀਦੇ ਦੁੱਧ ਦੀ ਵਿੱਕਰੀ ਕਰਨੀ ਮੁਸ਼ਕਲ ਹੋ ਜਾਏਗੀ। ਮੋਹਨ ਮੁਕਤ ਨੇ ਅਜਿਹੀ

ਹੀ ਇਕ ਘਟਨਾ ਦਾ ਵਰਣਨ ਕਰਦਿਆਂ ਲਿਖਿਆ ਹੈ ਕਿ ਇਕ ਦਲਿਤ ਨੂੰ ਚੰਗੀ ਗਾਂ ਏਸੇ ਯੋਜਨਾ ਅਧੀਨ ਦਿੱਤੀ ਗਈ ਜੋ 18 ਲੀਟਰ ਦੁੱਧ ਦੇਂਦੀ ਸੀ। ਉਸ ਪਿੰਡ ਵਿਚ ਬਹੁਤੇ ਗ਼ਰੀਬ ਦਲਿਤ ਰਹਿੰਦੇ ਸਨ ਤੇ ਕੁਝ ਅਪਰ ਕਾਸਟ ਵਾਲੇ ਵੀ। ਪਰ ਸਮੱਸਿਆ ਇਹ ਸੀ ਕਿ ਦਲਿਤ 18 ਲੀਟਰ ਦੁੱਧ ਵੇਚੇ ਤਾਂ ਕਿਥੇ ਵੇਚੇ। ਗ਼ਰੀਬ ਦਲਿਤ ਦੁੱਧ ਖ਼ਰੀਦਣ ਤੋਂ ਅਸਮਰਥ ਸਨ ਤੇ ਅਪਰਕਾਸਟ ਵੱਲੋਂ ਦੁੱਧ ਖ਼ਰੀਦਣਾ ਅਸੰਭਵ ਸੀ। ਸਰਕਾਰ ਦਾ ਤਿੰਨ ਹਜ਼ਾਰ ਦਾ ਰਾਸ਼ਨ ਕਿੰਨੇ ਦਿਨ ਚਲਦਾ। ਅਕਸਰ ਤਾਂ ਦੁੱਧ ਵੇਚ ਕੇ ਹੀ ਗਾਂ ਪਾਲਣੀ ਸੀ। ਕਸਬੇ ਵਿਚ ਇਕ ਕੋਆਪ੍ਰੇਟਿਵ ਡੇਅਰੀ ਸੀ ਪਰ ਉਨ੍ਹਾਂ ਕੋਲ ਪਹਿਲਾਂ ਹੀ ਖਪਤ ਨਾਲੋਂ ਦੁੱਧ ਵਧੇਰੇ ਸੀ, ਦੂਜਾ ਉਹ ਅਪਰਕਾਸਟ ਵਾਲੇ ਪਿੰਡਾਂ ਵਿਚੋਂ ਦੁੱਧ ਇਕੱਠਾ ਕਰਦੇ ਸਨ। ਇਕ ਹੋਰ ਦਲਿਤ ਦਾ ਦੁੱਧ ਵੀ ਇਸ ਡੇਅਰੀ ਵਾਲਿਆਂ ਖ਼ਰੀਦਣ ਤੋਂ ਮਨ੍ਹਾ ਕਰ ਦਿੱਤਾ ਸੀ। ਹਾਲਾਂਕਿ ਉਹਨੇ ਬੜੀ ਮੁਸ਼ਕਲ ਨਾਲ ਇਹ

ਦੁੱਧ ਪਾਉਣ ਦਾ ਪ੍ਰਬੰਧ ਕੀਤਾ ਸੀ। ਬਾਅਦ ਵਿਚ ਪਤਾ ਲੱਗਿਆ ਕਿ ਡੇਅਰੀ ਵਾਲਿਆਂ ਕੋਲੋਂ ਰੋਜ਼ ਦੁੱਧ ਲੈਣ ਵਾਲੇ ਰੈਸਟੋਰੈਂਟਾਂ ਵਾਲਿਆਂ ਨੇ ਸ਼ਿਕਾਇਤ ਕੀਤੀ ਕਿ ਉਨ੍ਹਾਂ ਦੇ ਰੈਸਟੋਰੈਂਟਾਂ ਵਿਚ ਲੋਕ ਦਲਿਤ ਦੁੱਧ ਕਰਕੇ ਚਾਹ ਨਹੀਂ ਪੀ ਰਹੇ। ਛੋਟੀਆਂ ਥਾਵਾਂ 'ਤੇ ਲੋਕ ਪਤਾ ਕਰ ਲੈਂਦੇ ਕਿ ਦੁੱਧ ਕਿਸ ਘਰੋਂ ਆ ਰਿਹਾ ਹੈ ਤੇ ਪਛਾਣ ਲੈਂਦੇ ਹਨ ਕਿ ਦੁੱਧ ਦੀ ਜਾਤ ਕਿਹੜੀ ਹੈ। ਉਤਰਾਖੰਡ ਵਾਂਗ ਇਹ ਬਿਮਾਰੀ ਹੋਰ ਵੀ ਕਈ ਸੂਬਿਆਂ ਵਿਚ ਹੈ। ਅੱਜ ਕੱਲ੍ਹ ਵੋਟਾਂ ਦਾ ਮੌਸਮ ਹੈ ਤੇ ਵੋਟਾਂ ਵਿਚ ਦਲਿਤ ਕਾਰਡ ਖੇਡੇ ਜਾ ਰਹੇ ਹਨ। ਕਿਤੇ ਦਲਿਤ ਬਨਾਮ ਉੱਚ ਵਰਗ ਦਾ ਮੁੱਖ ਮੰਤਰੀ ਬਣਾਉਣ ਲਈ ਜ਼ੋਰ ਅਜ਼ਮਾਈ ਹੋ ਰਹੀ ਹੈ।ਕਿਤੇ ਉਨ੍ਹਾਂ ਨੂੰ ਲਾਲਚ ਦੇ ਕੇ ਡਿਪਟੀ ਮੁੱਖ ਮੰਤਰੀ ਬਣਾਉਣ ਦਾ ਚੋਗ਼ਾ ਸੁੱਟਿਆ ਜਾ ਰਿਹਾ ਹੈ। ਕਿਤੇ ਹੋਰ ਭਰਮਾਊ ਵਾਅਦੇ ਕਰਕੇ ਵੋਟਾਂ ਖਿੱਚਣ ਲਈ ਕੋਸ਼ਿਸ਼ਾਂ ਹੋ ਰਹੀਆਂ ਹਨ। ਦੂਜੇ ਪਾਸੇ ਅਜਿਹੀਆਂ ਸਥਿਤੀਆਂ ਨੇ ਦਲਿਤਾਂ ਪ੍ਰਤੀ ਵਿਹਾਰ

ਨੂੰ ਹੋਰ ਕਠੋਰ ਬਣਾ ਦਿੱਤਾ ਹੈ। ਉਨ੍ਹਾਂ ਕੋਲੋਂ ਸਿੱਖਿਆ ਦਾ ਅਧਿਕਾਰ ਖੋਹਿਆ ਜਾ ਰਿਹਾ ਹੈ। ਸਮਾਜਕ ਪਾੜਾ ਨਿੱਤ ਦਿਨ ਵਧਦਾ ਜਾ ਰਿਹਾ ਹੈ। ਭਾਵੇਂ ਸਰਕਾਰਾਂ ਸਮਾਜਕ ਨਿਆਂ ਤੇ ਬਰਾਬਰੀ ਦਾ ਰੌਲਾ ਪਾਉਂਦੀਆਂ ਨਹੀਂ ਥੱਕਦੀਆਂ ਪਰ ਜ਼ਮੀਨੀ ਧਰਾਤਲ 'ਤੇ ਸਥਿਤੀ ਬਹੁਤੀ ਚੰਗੀ ਨਹੀਂ। ਲੋੜ ਹੈ ਲੋਕ ਮਾਨਸਿਕਤਾ ਨੂੰ ਬਦਲਣ ਦੀ ਤਾਂ ਹੀ ਦੁੱਧ ਦੀ ਜਾਤ ਮਿਟਾਈ ਜਾ ਸਕੇਗੀ।

63

ਸ਼ਾਂਤਮਈ ਸੰਘਰਸ਼ ਦੀ ਤਾਕਤ

ਸੰਘਰਸ਼ ਕਰ ਰਹੀਆਂ ਕਿਸਾਨੀ ਧਿਰਾਂ ਨੇ ਅੱਜ ਰੇਲ ਰੋਕੋ ਪ੍ਰੋਗਰਾਮ ਦਾ ਸੱਦਾ ਦਿੱਤਾ। ਇਸ ਦਾ ਵੱਡਾ ਅਸਰ ਦੇਖਣ ਨੂੰ ਮਿਲਿਆ, ਹਾਲਾਂਕਿ ਜਿਹੜੇ ਮੁਸਾਫ਼ਰ ਇਸ ਕਿਸਾਨੀ ਸੱਦੇ ਤੋਂ ਅਨਜਾਣ ਸਨ, ਉਨ੍ਹਾਂ ਦੀ ਖੱਜਲ ਖ਼ੁਆਰੀ ਵੀ ਹੋਈ। ਇਸ ਕਾਲ ਦਾ ਵੱਡਾ ਕਾਰਨ ਲਖੀਮਪੁਰ ਖੀਰੀ ਵਿਚ ਇਕ ਕੇਂਦਰੀ ਮੰਤਰੀ ਦੇ ਪੁੱਤ ਵੱਲੋਂ ਹੰਕਾਰੀ ਹਿੰਡ ਪੁਗਾਉਣ ਲਈ ਆਪਣੀ ਗੱਡੀ ਹੇਠ ਦਰੜ ਕੇ ਮਾਰੇ ਗਏ ਕਿਸਾਨਾਂ ਨੂੰ ਇਨਸਾਫ਼ ਦਿਵਾਉਣ ਤੇ ਮੰਤਰੀ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਸੀ ਤਾਂ ਕਿ ਅਜਿਹਾ ਕਾਰਾ ਕਰਨ ਵਾਲਿਆਂ ਨੂੰ ਸਜਾ ਮਿਲ ਸਕੇ। ਇਸ ਘਟਨਾ ਨੇ ਦੁਨੀਆ ਭਰ ਵਿਚ ਸਰਕਾਰੀ ਦਹਿਸ਼ਤ ਫੈਲਾਉਣ ਦੇ ਇਸ ਤਰੀਕੇ ’ਤੇ ਚਰਚਾ

ਛੇੜ ਦਿੱਤੀ ਹੈ। ਮੰਤਰੀ ਦਾ ਆਪਣੇ ਪਦ 'ਤੇ ਬਣੇ ਰਹਿਣਾ ਇਸ ਦਾ ਇਕ ਹੋਰ ਅਨੈਤਿਕ ਪੱਖ ਹੈ। ਇਸ ਲਈ ਸੰਘਰਸ਼ ਕਰ ਰਹੀਆਂ ਧਿਰਾਂ ਨੂੰ ਸਾਵਧਾਨ ਰਹਿਣ ਤੇ ਬਾਜ ਅੱਖ ਨਾਲ ਆਲ਼ੇ ਦੁਆਲੇ 'ਤੇ ਪਹਿਰਾ ਦੇਣ ਦੀ ਲੋੜ ਹੈ, ਕਿਉਂਕਿ ਜਦੋਂ ਸਰਕਾਰੀ ਦਹਿਸ਼ਤਗਰਦੀ ਖੰਭ ਖਿਲਾਰਦੀ ਹੈ ਤਾਂ ਓਦੋਂ ਵੱਡੇ ਨੁਕਸਾਨ ਹੋਣ ਦਾ ਡਰ ਬਣਿਆ ਰਹਿੰਦਾ ਹੈ। ਪਿਛੇ ਜਿਹੇ ਰੁੱਟਗਰ ਬ੍ਰੈਗਮਨ ਦੀ ਪੜ੍ਹੀ ਕਿਤਾਬ 'ਹਿਊਮਨਕਾਂਈਡ' ਵਿਚਲੇ ਦੂਜੀ ਸੰਸਾਰ ਜੰਗ ਦੇ ਵੇਰਵੇ ਯਾਦ ਆ ਗਏ। ਉਹ ਲਿਖਦਾ ਹੈ- ਸੰਕਟ ਦੀਆਂ ਘੜੀਆਂ ਸਮੇਂ ਲੋਕ ਕਿਸ ਤਰ੍ਹਾਂ ਦੀਆਂ ਪ੍ਰਤੀਕ੍ਰਿਆਵਾਂ ਜ਼ਾਹਰ ਕਰਦੇ ਹਨ, ਲੇਬਾੱਨ ਦੀ ਕਿਤਾਬ ਇਸ ਦਾ ਬਾਖ਼ੂਬੀ ਵਰਣਨ ਕਰਦੀ ਹੈ। 19 ਅਕਤੂਬਰ, 1939 ਨੂੰ ਹਿਟਲਰ ਨੇ ਆਪਣੇ ਜਰਨੈਲਾਂ ਨੂੰ ਹਮਲੇ ਕਰਨ ਸੰਬੰਧੀ ਹਿਦਾਇਤਾਂ ਦਿੱਤੀਆਂ। ਉਹਨੇ ਕਿਹਾ, 'ਬ੍ਰਿਟੇਨ ਦੇ ਪ੍ਰਤੀਰੋਧ ਦੇ ਸੰਕਲਪ ਵਿਰੁੱਧ ਲੁਫਤਵਾਫੇ (ਜਰਮਨ ਦੀ ਵਾਯੂ

ਸੈਨਾ) ਦਾ ਬੇਰਹਿਮ ਇਸਤੇਮਾਲ ਤਹਿਸ਼ੁਦਾ ਸਮੇਂ ਵਿਚ ਕੀਤਾ ਜਾ ਸਕਦਾ ਹੈ ਤੇ ਬਿਲਕੁਲ ਕੀਤਾ ਜਾਏਗਾ।' ਇਹ ਫਾਸ਼ੀਵਾਦੀ ਕਹਿਰ ਦੀ ਹਉਂ ਦਾ ਪ੍ਰਗਟਾਵਾ ਸੀ। ਬ੍ਰਿਟੇਨ ਵਿਚ ਹਰੇਕ ਨੂੰ ਸਿਰ 'ਤੇ ਮੰਡਰਾਅ ਰਹੇ ਖ਼ਤਰੇ ਦੀ ਸੋਗੀ ਆਹਟ ਸੁਣਾਈ ਦੇ ਰਹੀ ਸੀ। ਜਦੋਂ ਕੁਝ ਵੀ ਨਾ ਸੁੱਝਿਆ ਤਾਂ, ਲੰਡਨ ਵਿੱਚ ਅੰਡਰਗਰਾਊਂਡ ਸ਼ਰਨਾਰਥੀ ਕੈਂਪਾਂ ਦਾ ਜਾਲ ਵਿਛਾਉਣ ਦੀ ਯੋਜਨਾ ਬਣਾਈ ਗਈ, ਫਿਰ ਇਸ ਯੋਜਨਾ ਨੂੰ ਲੰਬੀ ਸੋਚ ਵਿਚਾਰ ਤੋਂ ਬਾਅਦ ਤਿਆਗ ਦਿੱਤਾ ਗਿਆ, ਕਿਉਂਕਿ ਜ਼ਮੀਨੀ ਪੱਧਰ 'ਤੇ ਇਹ ਬਹੁਤੀ ਟਿਕਾਊ ਨਹੀਂ ਸੀ। ਇਹ ਖ਼ਦਸ਼ਾ ਵੀ ਜ਼ਾਹਰ ਕੀਤਾ ਗਿਆ ਕਿ ਹੋ ਸਕਦੈ ਦਹਿਸ਼ਤ ਤੇ ਖ਼ੌਫ਼ ਵਿਚ ਜਕੜੀ ਆਬਾਦੀ ਉਨ੍ਹਾਂ ਸ਼ਰਨਾਰਥੀ ਕੈਂਪਾਂ ਵਿਚੋਂ ਬਾਹਰ ਹੀ ਨਾ ਨਿਕਲੇ। ਤੇ ਫਿਰ ਹਮਲਿਆਂ ਦੀ ਸ਼ੁਰੂਆਤ ਹੋ ਗਈ। 07 ਸਤੰਬਰ, 1940 ਨੂੰ ਜਰਮਨੀ ਦੇ 348 ਬੰਬ ਵਰ੍ਹਾਊ ਜਹਾਜ਼ਾਂ ਨੇ ਇੰਗਲਿਸ਼ ਚੈਨਲ ਨੂੰ ਪਾਰ ਕੀਤਾ। ਮੌਸਮ ਸੁਹਾਵਣਾ

ਸੀ, ਜਿਸ ਕਰਕੇ ਬਹੁਤੇ ਲੰਡਨ ਵਾਸੀ ਘਰਾਂ ਤੋਂ ਬਾਹਰ ਸਨ। ਇਸ ਲਈ ਜਦੋਂ ਸ਼ਾਮ ਨੂੰ 4.43 ਮਿੰਟਾਂ 'ਤੇ ਸਾਇਰਨ ਵੱਜਿਆ, ਤਾਂ ਸਾਰਿਆਂ ਦੀਆਂ ਸੈਂਕੜੇ ਹਜ਼ਾਰਾਂ ਅੱਖਾਂ ਅਕਾਸ਼ ਦੀ ਹਲਚਲ ਵੱਲ ਵੇਖਣ ਲੱਗੀਆਂ। ਸਤੰਬਰ ਦਾ ਉਹ ਦਿਨ ਇਤਿਹਾਸ ਵਿਚ ਬਲੈਕ ਸੈਟਰਡੇ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਉਸ ਤੋਂ ਬਾਅਦ ਜੋ ਹੋਇਆ ਉਸ ਨੂੰ ਬੰਬਾਂ ਦੇ ਮੀਂਹ ਨਾਲ ਯਾਦ ਕੀਤਾ ਜਾਂਦਾ ਹੈ। ਅਗਲੇ ਨੌਂ ਮਹੀਨਿਆਂ ਦੌਰਾਨ ਲੰਡਨ 'ਤੇ 80,000 ਤੋਂ ਜ਼ਿਆਦਾ ਬੰਬਾਂ ਦੀ ਵਰਖਾ ਕੀਤੀ ਗਈ। ਸਾਰੇ ਇਲਾਕੇ ਪੂਰੀ ਤਰ੍ਹਾਂ ਤਬਾਹ ਕਰ ਦਿੱਤੇ ਗਏ। ਰਾਜਧਾਨੀ ਦੀਆਂ ਕੋਈ 10 ਲੱਖ ਇਮਾਰਤਾਂ ਨੁਕਸਾਨੀਆਂ ਗਈਆਂ ਜਾਂ ਪੂਰੀ ਤਰ੍ਹਾਂ ਤਬਾਹ ਕਰ ਦਿੱਤੀਆਂ ਗਈਆਂ, ਤੇ ਬ੍ਰਿਟੇਨ ਵਿਚ 40,000 ਲੋਕਾਂ ਨੂੰ ਜਾਨ ਤੋਂ ਹੱਥ ਧੋਣੇ ਪਏ। ਤਦੋਂ ਅੰਗਰੇਜ਼ਾਂ ਨੇ ਕਿਸ ਤਰ੍ਹਾਂ ਦੀ ਪ੍ਰਤੀਕਿਰਿਆ ਜ਼ਾਹਰ ਕੀਤੀ ਹੋਵੇਗੀ? ਜਦੋਂ ਦੇਸ਼ 'ਤੇ ਕਈ ਮਹੀਨੇ ਬੰਬਾਂ ਦਾ ਮੀਂਹ ਵਰ੍ਹਦਾ

ਰਿਹਾ ਤਦ ਕੀ ਹੋਇਆ? ਕੀ ਲੋਕ ਪਾਗਲ ਹੋ ਗਏ? ਕੀ ਉਨ੍ਹਾਂ ਦਾ ਵਿਹਾਰ ਜੰਗਲੀਆਂ ਵਰਗਾ ਹੋ ਗਿਆ? ਕੀ ਉਹ ਗ਼ੁੱਸੇ ਵਿਚ ਆ ਕੇ ਦੰਦ ਪੀਹਣ ਲੱਗੇ ਜਾਂ ਕਚੀਚੀਆਂ ਵੱਟ ਵੱਟ ਕੇ ਰੱਬ ਨੂੰ ਉਲਾਂਭੇ ਦੇਣ ਲੱਗੇ? ਨਹੀਂ। ਉਨ੍ਹਾਂ ਨੇ ਇਕ ਵੱਖਰੀ ਤਰ੍ਹਾਂ ਦੀ ਪ੍ਰਤੀਕਿਰਿਆ ਜ਼ਾਹਰ ਕੀਤੀ ਤੇ ਦੇਸ਼ 'ਤੇ ਪਈ ਇਸ ਬਿੱਜ ਦੇ ਸੰਕਟ ਵਿਚੋਂ ਨਿਕਲਣ ਲਈ ਸ਼ਾਂਤੀ ਦਾ ਰਾਹ ਅਪਣਾਇਆ। ਅਕਤੂਬਰ 1940 ਵਿਚ ਡਾਕਟਰ ਜਾੱਨ ਮੈਕਰਡੀ ਨੇ ਲੰਡਨ ਦੇ ਦੱਖਣ-ਪੂਰਬੀ ਗ਼ਰੀਬ ਇਲਾਕੇ ਵਿਚ ਜਾ ਕੇ ਲੋਕਾਂ ਦੀ ਹਾਲਤ ਦੇਖੀ, ਜਿਨ੍ਹਾਂ ਨੇ ਸਭ ਤੋਂ ਜ਼ਿਆਦਾ ਜੰਗ ਦੀ ਮਾਰ ਸਹੀ ਸੀ। ਇਹ ਇਲਾਕਾ ਕੁਲ ਮਿਲਾ ਕੇ ਬੰਬਾਂ ਦੇ ਡਿੱਗਣ ਨਾਲ ਬਣੇ ਟੋਇਆਂ ਤੇ ਡਿੱਗੀਆਂ ਇਮਾਰਤਾਂ ਦੇ ਮਲਬੇ ਦੇ ਢੇਰਾਂ ਦੇ ਰੂਪ ਵਿਚ ਹੀ ਬਚਿਆ ਸੀ। ਹਵਾਈ ਹਮਲੇ ਦੀ ਚੇਤਾਵਨੀ ਦਿੱਤੇ ਜਾਣ ਤੋਂ ਬਾਅਦ ਕੁਝ ਪਲਾਂ ਵਿਚ ਹੀ ਇਸ ਡਾਕਟਰ ਨੇ ਦੇਖਿਆ ਕਿ ਕੀ ਹੋ ਰਿਹਾ ਸੀ।"ਛੋਟੇ ਬੱਚਿਆਂ ਨੇ

ਮੈਦਾਨਾਂ ਵਿਚ ਆਪਣੀਆਂ ਖੇਡਾਂ ਜਾਰੀ ਰੱਖੀਆਂ, ਦੁਕਾਨਦਾਰ ਵੇਚ ਵੱਟ ਵਿਚ ਮਸਰੂਫ਼ ਸਨ, ਟਰੈਫ਼ਿਕ ਪੁਲਿਸ ਓਵੇਂ ਹੀ ਲੋਕਾਂ ਨੂੰ ਸਿਗਨਲ ਦੇ ਕੇ ਆਵਾਜਾਈ ਕੰਟਰੋਲ ਕਰ ਰਹੀ ਸੀ ਤੇ ਸਾਈਕਲ ਸਵਾਰ ਮੌਤ ਤੇ ਆਵਾਜਾਈ ਦੇ ਨਿਯਮ ਭੰਗ ਕਰਦੇ ਨਜ਼ਰ ਆ ਰਹੇ ਸਨ। ਜਿੱਥੋਂ ਤਕ ਮੈਂ ਦੇਖ ਸਕਿਆ, ਅਜਿਹਾ ਕੁਝ ਵੀ ਨਜ਼ਰ ਨਹੀਂ ਆਇਆ ਕਿ ਕੋਈ ਅਕਾਸ਼ ਵਿਚ ਹੋ ਰਹੀ ਹਲਚਲ ਵੱਲ ਸਿਰ ਉਠਾ ਕੇ ਵੀ ਵੇਖ ਰਿਹਾ ਹੋਵੇ। ਬੰਬਾਂ ਦੇ ਇਸ ਮੀਂਹ ਵਿਚ ਜੇ ਕੋਈ ਵਰਨਣਯੋਗ ਚੀਜ਼ ਨਜ਼ਰ ਆਈ ਤਾਂ ਉਹ ਸੀ ਅਨੋਖੀ ਕਿਸਮ ਦੀ ਸ਼ਾਂਤੀ। ਕਈ ਮਹੀਨਿਆਂ ਦੀ ਇਸ ਲੜਾਈ ਵਿਚ ਲੋਕਾਂ ਦਾ ਸ਼ਾਂਤੀ ਤੇ ਸਹਿਜ ਨਾਲ ਇਸ ਦਾ ਮੁਕਾਬਲਾ ਕਰਨਾ ਬੜਾ ਅਦਭੁਤ ਨਜ਼ਰ ਆ ਰਿਹਾ ਸੀ।ਇਕ ਜੋੜੇ ਦੀ ਇੰਟਰਵਿਊ ਲੈਂਦਿਆਂ ਇਕ ਪੱਤਰਕਾਰ ਨੇ ਲਿਖਿਆ ਕਿ ਬਾਵਜੂਦ ਇਸ ਦੇ ਕਿ ਉਨ੍ਹਾਂ ਦੇ ਘਰ ਦੀਆਂ ਬਾਰੀਆਂ ਦੇ ਸ਼ੀਸ਼ੇ ਟੁੱਟ ਕੇ ਲਟਕੇ ਹੋਏ ਸਨ,

ਉਹ ਗਰਮਾ ਗਰਮ ਚਾਹ ਦੀਆਂ ਚੁਸਕੀਆਂ ਲੈ ਰਹੇ ਸਨ। ਜਦੋਂ ਪੱਤਰਕਾਰ ਨੇ ਉਨ੍ਹਾਂ ਨੂੰ ਪੁੱਛਿਆ ਕਿ ਤੁਹਾਨੂੰ ਡਰ ਨਹੀਂ ਲਗਦਾ? ਤਾਂ ਉਨ੍ਹਾਂ ਦਾ ਜੁਆਬ ਸੀ ਡਰਨ ਨਾਲ ਕੀ ਹੋ ਜਾਏਗਾ, ਡਰ ਕੇ ਕਰਾਂਗੇ ਵੀ ਕੀ? ਜ਼ਾਹਰ ਹੈ ਕਿ ਹਿਟਲਰ ਇਕ ਗੱਲ ਭੁੱਲ ਗਿਆ ਸੀ। ਉਹ ਸੀ ਅੰਗਰੇਜ਼ਾਂ ਦੇ ਸੁਭਾਅ ਦਾ ਆਦਰਸ਼ਕ ਸਰੂਪ। ਉੱਪਰਲਾ ਹੋਂਠ ਬਿਲਕੁਲ ਸਖ਼ਤ। ਵਿਅੰਗ ਦਾ ਇਹ ਭਾਵ, ਜੋ ਉਨ੍ਹਾਂ ਦੁਕਾਨਦਾਰਾਂ ਦੇ ਚਿਹਰੇ 'ਤੇ ਦਿਖਾਈ ਦੇ ਰਿਹਾ ਸੀ, ਜਿਨ੍ਹਾਂ ਨੇ ਤਬਾਹ ਹੋ ਚੁੱਕੀਆਂ ਆਪਣੀਆਂ ਦੁਕਾਨਾਂ ਦੇ ਬਾਹਰ ਬੋਰਡ ਲਾਏ ਹੋਏ ਸਨ, ਜਿਨ੍ਹਾਂ 'ਤੇ ਲਿਖਿਆ ਹੋਇਆ ਸੀ- ਹਮੇਸ਼ਾ ਲਈ ਅੱਗੇ ਨਾਲੋਂ ਵਧੇਰੇ ਸਮਾਂ ਖੁੱਲ੍ਹੀ ਰਹੇਗੀ ਜਾਂ ਪੱਬ ਦਾ ਉਹ ਮਾਲਕ, ਜਿਸ ਨੇ ਉਸ ਤਬਾਹੀ ਦੌਰਾਨ ਇਹ ਇਸ਼ਤਿਹਾਰ ਲਾਇਆ ਹੋਇਆ ਸੀ ਕਿ- ਭਾਵੇਂ ਸਾਡੀਆਂ ਬਾਰੀਆਂ ਟੁੱਟ ਗਈਆਂ ਨੇ ਪਰ ਸਾਡਾ ਜੋਸ਼ ਪੂਰੇ ਸ਼ਬਾਬ 'ਤੇ ਹੈ। ਆਓ ਤੇ ਇਸ ਨੂੰ ਅਜ਼ਮਾ ਕੇ ਦੇਖੋ।'

ਅੰਗਰੇਜ਼ ਜਰਮਨਾਂ ਦੇ ਹਵਾਈ ਹਮਲਿਆਂ ਨੂੰ ਓਸੇ ਤਰ੍ਹਾਂ ਸਹਿਣ ਕਰ ਰਹੇ ਸਨ ਜਿਵੇਂ ਟ੍ਰੇਨ ਦੇ ਲੇਟ ਹੋ ਜਾਣ 'ਤੇ ਟ੍ਰੇਨ ਨੂੰ ਕਰਦੇ ਨੇ। ਬੇਸ਼ੱਕ ਇਹ ਵਰਤਾਰਾ ਗ਼ੁੱਸਾ ਤੇ ਖਿਝ ਪੈਦਾ ਕਰਨ ਵਾਲਾ ਸੀ, ਪਰ ਕੁਲ ਮਿਲਾ ਕੇ ਸਾਰੇ ਇਹਨੂੰ ਬਰਦਾਸ਼ਤ ਕਰ ਰਹੇ ਸਨ। ਬੰਬਾਰੀ ਦੌਰਾਨ ਹੈਰਾਨੀਜਨਕ ਰੂਪ ਵਿਚ ਰੇਲਾਂ ਦੀ ਆਵਾਜਾਈ ਜਾਰੀ ਰਹੀ ਤੇ ਹਿਟਲਰ ਦੀਆਂ ਚਾਲਾਂ ਘਰੇਲੂ ਆਰਥਿਕਤਾ ਨੂੰ ਕੋਈ ਨੁਕਸਾਨ ਨਾ ਪਹੁੰਚਾ ਸਕੀਆਂ। ਅਪ੍ਰੈਲ 1941 ਦਾ ਈਸਟਰੀ ਸੋਮਵਾਰ ਬ੍ਰਿਟੇਨ ਦੀ ਫ਼ੌਜ ਲਈ ਕਾਫ਼ੀ ਨੁਕਸਾਨਦੇਹ ਸਾਬਤ ਹੋਇਆ, ਕਿਉਂਕਿ ਉਸ ਦਿਨ ਹਰ ਬੰਦਾ ਛੁੱਟੀ 'ਤੇ ਸੀ। ਜਰਮਨਾਂ ਦੁਆਰਾ ਕੀਤੀ ਜਾ ਰਹੀ ਬੰਬਾਰੀ ਤੋਂ ਬਾਅਦ ਦੇ ਕੁਝ ਹਫ਼ਤਿਆਂ ਤੱਕ ਜੰਗ ਦੀਆਂ ਖ਼ਬਰਾਂ ਆਮ ਮੌਸਮ ਦੀ ਜਾਣਕਾਰੀ ਵਾਂਗ ਹੀ ਦਿੱਤੀਆਂ ਜਾਂਦੀਆਂ ਰਹੀਆਂ ਜਿਵੇਂ- ਅੱਜ ਰਾਤ ਬਹੁਤ ਬੰਬਾਰੀ ਹੋਈ। ਇਕ ਅਮਰੀਕੀ ਅਨੁਸਾਰ-ਅੰਗਰੇਜ਼ਾਂ ਨੂੰ ਜਿੰਨੀ ਜਲਦੀ

ਕਿਸੇ ਚੀਜ਼ ਤੋਂ ਬੋਰੀਅਤ ਹੋਣ ਲਗਦੀ ਹੈ, ਓਨੀ ਜਲਦੀ ਉਨ੍ਹਾਂ ਨਾਲ ਹੋਰ ਕੁਝ ਨਹੀਂ ਵਾਪਰਦਾ ਤੇ ਹੁਣ ਕੋਈ ਵੀ ਬੰਦਾ ਨਾ ਤਾਂ ਜੰਗ ਤੋਂ ਡਰ ਰਿਹਾ ਸੀ ਨਾ ਪਰੇਸ਼ਾਨ ਹੋ ਕੇ ਲੁਕਦਾ ਫਿਰ ਰਿਹਾ ਸੀ। ਬ੍ਰਿਟੇਨ ਦਾ ਇਕ ਇਤਿਹਾਸਕਾਰ ਲਿਖਦਾ ਹੈ ਕਿ- ਬੰਬਾਰੀ ਦੀ ਵਜ੍ਹਾ ਨਾਲ ਬ੍ਰਿਟਿਸ਼ ਸਮਾਜ ਕਈ ਦ੍ਰਿਸ਼ਟੀਆਂ ਤੋਂ ਮਜ਼ਬੂਤ ਹੋ ਕੇ ਉੱਭਰਿਆ। ਹਿਟਲਰ ਦਾ ਵਹਿਮ ਅਖੀਰ ਟੁੱਟ ਗਿਆ ਕਿ ਫਾਸ਼ੀਵਾਦੀ ਦਾਬੇ ਨਾਲ ਉਹ ਲੁਕਾਈ ਨੂੰ ਝੁਕਾ ਦੇਵੇਗਾ। ਲੁਕਾਈ ਦਾ ਸਬਰ ਤੇ ਦ੍ਰਿੜ੍ਹਤਾ ਦੁਨੀਆ ਦੇ ਇਤਿਹਾਸ ਵਿਚ ਜਿੱਤ ਦੇ ਦੋ ਪ੍ਰਤੀਕ ਹਨ। ਕਿਸਾਨ ਵੀ ਜਿੰਨੀ ਸ਼ਾਂਤੀ ਤੇ ਤਹੱਮਲ ਨਾਲ ਦਿੱਲੀ ਦੇ ਮੋਰਚਿਆਂ ’ਤੇ ਡਟੇ ਹੋਏ ਨੇ, ਪੂਰੀ ਦੁਨੀਆ ਉਨ੍ਹਾਂ ਦੀ ਪ੍ਰਸੰਸਾ ਕਰ ਰਹੀ ਹੈ। ਉਨ੍ਹਾਂ ’ਤੇ ਪਾਕਿਸਤਾਨੀ, ਖ਼ਾਲਸਤਾਨੀ, ਬੱਬਰ ਖ਼ਾਲਸਾ, ਚੀਨ ਦੇ ਏਜੰਟ ਤੇ ਹੋਰ ਪਤਾ ਨਹੀਂ ਕੀ ਕੀ ਇਲਜ਼ਾਮ ਲਾ ਕੇ ਸ਼ਬਦੀ ਤੇ ਨਫ਼ਰਤ ਭਰੀ ਬੰਬਾਰੀ ਕੀਤੀ ਜਾ ਰਹੀ ਹੈ ਪਰ ਉਹ ਆਪਣੇ

ਸਿਦਕ ਤੇ ਦ੍ਰਿੜ੍ਹ ਇਰਾਦੇ ’ਤੇ ਕਾਇਮ ਹਨ। ਉਨ੍ਹਾਂ ਲਈ ਇਹ ਆਖ਼ਰੀ ਲੜਾਈ ਹੈ। ਉਹ ਫ਼ਸਲਾਂ ਤੇ ਨਸਲਾਂ ਦੀ ਲੜਾਈ ਲੜ ਰਹੇ ਹਨ। ਇਸ ਤੋਂ ਬਾਅਦ ਉਹ ਅਜਿਹੀ ਆਰਥਕ ਗ਼ੁਲਾਮੀ ਦੀ ਦਲਦਲ ਵਿਚ ਫਸ ਜਾਣਗੇ ਜਿੱਥੋਂ ਨਿਕਲਣਾ ਬਹੁਤ ਔਖਾ ਹੋਵੇਗਾ। ਪਰ ਪੱਕੀ ਆਸ ਹੈ ਕਿ ਉਨ੍ਹਾਂ ਦੀ ਸ਼ਾਂਤਮਈ ਸੋਚ ਉਨ੍ਹਾਂ ਨੂੰ ਜ਼ਰੂਰ ਜਿੱਤ ਤੱਕ ਲੈ ਜਾਏਗੀ। ਇਸ ਲਈ ਪੱਕੇ ਪੈਰੀਂ ਜੰਮੇ ਰਹਿਣਾ ਪਹਿਲੀ ਸ਼ਰਤ ਹੈ ਤੇ ਆਸ ਕੀਤੀ ਜਾ ਸਕਦੀ ਹੈ ਕਿ ਉਹ ਸ਼ੈਤਾਨੀ ਤਾਕਤਾਂ ਦੇ ਤਬਾਹਕੁਨ ਮਨਸੂਬਿਆਂ ਤੋਂ ਸੁਚੇਤ ਰਹਿੰਦੇ ਹੋਏ ਹੋਸ਼ ਤੇ ਸੂਝ ਸਮਝ ਤੋਂ ਕੰਮ ਲੈਂਦੇ ਅੱਗੇ ਵਧਦੇ ਜਾਣਗੇ। ਆਮੀਨ!

ਪੋਸਟ ਸਕਰਿਪਟ

ਸਾਬਕਾ ਕੇਂਦਰੀ ਮੰਤਰੀ ਤੇ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਸ਼੍ਰੀ ਸ਼ਰਦ ਪਵਾਰ ਨੇ ਕਿਸਾਨਾਂ ਦਾ ਮਸਲਾ ਹੱਲ ਕਰਨ ਲਈ

ਕੇਂਦਰ ਸਰਕਾਰ ਨੂੰ ਜੋ ਸਲਾਹ ਦਿੱਤੀ ਹੈ, ਉਹ ਬੜੀ ਮੁਲਵਾਨ ਹੈ। ਉਨ੍ਹਾਂ ਨੇ ਪੰਜਾਬ ਦੇ ਕਿਸਾਨਾਂ ਦਾ ਸਬਰ ਨਾ ਅਜ਼ਮਾਉਣ ਲਈ ਕਿਹਾ ਹੈ ਕਿਉਂਕਿ ਇਕ ਵਾਰ ਪਹਿਲਾਂ ਵੀ ਉਨ੍ਹਾਂ ਦਾ ਸਬਰ ਅਜ਼ਮਾਇਆ ਗਿਆ ਸੀ ਤੇ ਦੇਸ਼ ਨੂੰ ਇਸ ਦਾ ਵੱਡਾ ਖ਼ਮਿਆਜ਼ਾ ਭੁਗਤਣਾ ਪਿਆ ਸੀ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਸਰਹੱਦੀ ਸੂਬੇ ਪੰਜਾਬ ਦੇ ਕਿਸਾਨਾਂ ਨੂੰ ਨਰਾਜ਼ ਨਾ ਕਰੇ। ਅੰਨ ਦਾਤੇ ਦੀ ਗੱਲ ਸੁਣਨ ਲਈ ਉਨ੍ਹਾਂ ਪੁਰਜ਼ੋਰ ਸਿਫ਼ਾਰਿਸ਼ ਕੀਤੀ ਹੈ। ਮੇਘਾਲਿਆ ਦੇ ਗਵਰਨਰ ਮਾਣਯੋਗ ਸਤਪਾਲ ਮਲਿਕ ਹੋਰਾਂ ਵੀ ਅਜਿਹੇ ਉਦਗਾਰ ਪ੍ਰਗਟ ਕੀਤੇ ਹਨ ਜੋ ਹਰੇ ਬੂਟ ਵਾਂਗ ਹਨ। ਇਨ੍ਹਾਂ ਨੂੰ ਸਫਲਤਾ ਦਾ ਬੂਰ ਪੈਣ ਦੀ ਉਡੀਕ ਕਰਨੀ ਚਾਹੀਦੀ ਹੈ।

64

ਮਰ ਰਹੀ ਭਾਸ਼ਾ ਦੀ ਗਾਥਾ

ਭਾਸ਼ਾ ਕੇਵਲ ਸੰਚਾਰ ਦਾ ਸਾਧਨ ਹੀ ਨਹੀਂ, ਸਗੋਂ ਇਹ ਸਾਡੀ ਪਛਾਣ ਦੇ ਨਾਲ ਨਾਲ ਸਾਡੀ ਹੋਂਦ ਦੀ ਵੀ ਜ਼ਾਮਨ ਹੈ। ਕਿਸੇ ਭਾਸ਼ਾ ਦੇ ਮਰਨ ਨਾਲ ਸਦੀਆਂ ਪੁਰਾਣੀ ਇਕ ਤਹਿਜ਼ੀਬ ਹੀ ਨਹੀਂ ਮਰਦੀ ਸਗੋਂ ਸੋਚਣ ਦਾ ਇਕ ਢੰਗ ਤਰੀਕਾ ਵੀ ਸਦਾ ਲਈ ਅਲੋਪ ਹੋ ਜਾਂਦਾ ਹੈ। ਜੇ ਅੱਜ ਪੰਜਾਬੀ ਭਾਸ਼ਾ 'ਤੇ ਅਜਿਹੇ ਖ਼ਤਰੇ ਮੰਡਰਾਅ ਰਹੇ ਹਨ ਤਾਂ ਇਹਦੇ ਲਈ ਬਹੁਤ ਹੱਦ ਤੱਕ ਅਸੀਂ ਖ਼ੁਦ ਜ਼ਿੰਮੇਵਾਰ ਹਾਂ। ਅਸੀਂ ਕਦੇ ਵੀ ਇਹ ਨਹੀਂ ਸੋਚਿਆ ਕਿ ਜੇ ਸਾਡੀ ਭਾਸ਼ਾ ਖ਼ਤਮ ਹੋ ਗਈ ਤਾਂ ਅਸੀਂ ਇਤਿਹਾਸ ਵਿਚੋਂ ਸਦਾ ਲਈ ਖ਼ਾਰਜ ਹੋ ਜਾਵਾਂਗੇ। ਸਾਡੇ 'ਤੇ ਅੰਗਰੇਜ਼ੀ ਦੀ ਗ਼ੁਲਾਮ ਮਾਨਸਿਕਤਾ ਦਾ ਏਨਾ ਦਬਾਅ ਹੈ ਕਿ ਭਾਸ਼ਾ ਬਾਰੇ ਅਸੀਂ ਜ਼ਿਹਨੀ ਬਿਮਾਰੀ ਦਾ ਸ਼ਿਕਾਰ ਹੋ

ਗਏ ਹਾਂ ਕਿ ਜੇ ਸਾਡੇ ਬੱਚਿਆਂ ਨੂੰ ਅੰਗਰੇਜ਼ੀ ਨਾ ਆਈ ਤਾਂ ਉਨ੍ਹਾਂ ਦਾ ਜੰਮਣਾ ਹੀ ਬੇਕਾਰ ਹੈ। ਇਸ ਖਾਤੇ ਵਿਚ ਸਾਡੀਆਂ ਨੌਜਵਾਨ ਮਾਵਾਂ ਵਧੇਰੇ ਕਸੂਰਵਾਰ ਹਨ ਜੋ ਜੰਮਦੇ ਬੱਚੇ ਨਾਲ ਅੰਗਰੇਜ਼ੀ ਵਿਚ ਗੱਲਾਂ ਕਰਨ ਲੱਗ ਜਾਂਦੀਆਂ ਹਨ ਤੇ ਉਸ ਅਲ੍ਹੜੇਂ ਜਿਹੇ ਬੱਚੇ ਲਈ ਅੰਗਰੇਜ਼ੀ ਸਕੂਲ ਵਾਲੀ ਹੱਟੀ ਲੱਭਣ ਤੁਰ ਪੈਂਦੀਆਂ ਹਨ। ਅਜਿਹੀ ਮਾਨਸਿਕਤਾ ਦਾ ਨਤੀਜਾ ਹੈ ਕਿ ਅੰਗਰੇਜ਼ੀ ਪੜ੍ਹੇ ਬੱਚੇ ਘੱਟੋ ਘੱਟ ਆਮ ਜ਼ਿੰਦਗੀ ਵਿਚ ਜਦੋਂ ਕਾਰ ਵਿਹਾਰ ਕਰਦੇ ਹਨ ਤਾਂ ਅਨਪੜ੍ਹ ਹੀ ਸਾਬਤ ਹੁੰਦੇ ਹਨ। ਇਸ ਸਥਿਤੀ ਵਿਚੋਂ ਨਿਕਲਣ ਦਾ ਇਕੋ ਇਕ ਤਰੀਕਾ ਹੈ ਕਿ ਸਾਡੇ ਜ਼ਿਹਨੀ ਇਲਾਜ ਦਾ ਕੋਈ ਬੰਦੋਬਸਤ ਕੀਤਾ ਜਾਵੇ ਤਾਂ ਜੋ ਅਸੀਂ ਆਪਣੀ ਭਾਸ਼ਾ ਪ੍ਰਤੀ ਨਕਾਰਾਤਮਿਕ ਰਵੱਈਏ ਤੋਂ ਮੁਕਤ ਹੋ ਸਕੀਏ। ਅੱਜ ਮੈਨੂੰ ਆਦਿ-ਵਾਸੀ ਮਾਰਾ ਭਾਸ਼ਾ ਦੇ ਇਕ ਉੱਘੇ ਲੇਖਕ ਤੇ ਭਾਸ਼ਾ ਕਰਮੀ ਏ ਜਾਕੀਆ ਬਾਰੇ ਪੜ੍ਹਨ ਦਾ ਮੌਕਾ ਮਿਲਿਆ। ਉਹ ਲਿਖਦੇ ਹਨ ਕਿ- ਮੇਰਾ ਜਨਮ

1930 ਵਿਚ ਦੱਖਣੀ ਮਿਜ਼ੋਰਮ ਦੇ ਸਾਈਕਾਓ ਪਿੰਡ ਦੇ ਇਕ ਆਦਿ-ਵਾਸੀ ਪਰਿਵਾਰ ਵਿਚ ਹੋਇਆ। ਪਿੰਡ ਦੇ ਹੀ ਮਿਡਲ ਸਕੂਲ ਵਿਚ ਪੜ੍ਹਾਈ ਕਰਨ ਤੋਂ ਬਾਅਦ ਬਾਈ ਵਰ੍ਹਿਆਂ ਦੀ ਉਮਰ ਵਿਚ ਮੈਨੂੰ ਇਕ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਦੀ ਨੌਕਰੀ ਮਿਲ ਗਈ। ਅਧਿਆਪਕ ਬਣਨ ਤੋਂ ਬਾਅਦ ਅਗਲੇ 44 ਵਰ੍ਹਿਆਂ ਤੱਕ ਮੈਂ ਅਧਿਆਪਨ ਕਾਰਜ ਨਾਲ ਜੁੜਿਆ ਰਿਹਾ। ਅਧਿਆਪਨ ਦੇ ਨਾਲ ਨਾਲ ਮੈਂ ਆਪਣੀ ਪੂਰੀ ਜ਼ਿੰਦਗੀ ਸਾਹਿਤ ਤੇ ਪੱਤਰਕਾਰੀ ਦੇ ਲੇਖੇ ਲਾਈ ਤੇ ਮਿਜ਼ੋਰਮ ਵਿਚ ਵੱਸਦੀ ਮਾਰਾ ਜਨਜਾਤੀ ਲਈ ਉਮਰ ਭਰ ਕੰਮ ਕਰਦਾ ਰਿਹਾਂ। ਦੱਖਣੀ ਮਿਜ਼ੋਰਮ ਵਿਚ ਜਿੱਥੇ ਮੈਂ ਰਹਿੰਦਾ ਹਾਂ, ਇਹ ਇਲਾਕਾ ਮਿਆਂਮਾਰ ਦੀ ਸਰਹੱਦ ਨਾਲ ਲਗਦਾ ਹੈ। ਸਰਹੱਦ ਦੇ ਉਰਲੇ ਪਾਸੇ 70 ਹਜ਼ਾਰ ਮਾਰਾ ਆਦਿ-ਵਾਸੀ ਵੱਸਦੇ ਹਨ। ਕੁਝ ਮਾਰਾ ਮਿਆਂਮਾਰ ਵਿਚ ਵੀ ਵੱਸਦੇ ਹਨ। ਬਚਪਨ ਤੋਂ ਹੀ ਮੈਂ ਮਾਰਾ ਭਾਸ਼ਾ ’ਤੇ ਖ਼ਤਰੇ ਦੇ ਬੱਦਲ ਮੰਡਰਾਉਂਦੇ

ਦੇਖ ਰਿਹਾ ਹਾਂ। ਬੱਚਿਆਂ ਨੂੰ ਸਕੂਲ ਵਿਚ ਪੜ੍ਹਾਉਂਦਿਆਂ ਮੈਂ ਹਮੇਸ਼ਾ ਇਹੀ ਮਹਿਸੂਸ ਕੀਤਾ ਕਿ ਵਿਦਿਆਰਥੀ ਮਾਰਾ ਭਾਸ਼ਾ ਸਿੱਖਣ ਵਿਚ ਦਿਲਚਸਪੀ ਨਹੀਂ ਲੈਂਦੇ। ਮੈਨੂੰ ਇਹ ਦੇਖ ਕੇ ਬੜਾ ਗ਼ੁੱਸਾ ਵੀ ਆਉਂਦਾ ਪਰ ਮੈਂ ਸਮਝਦਾ ਸਾਂ ਕਿ ਘਰ ਵਿਚ ਮਾਵਾਂ ਸ਼ਾਇਦ ਬੱਚਿਆਂ ਦੇ ਮਾਰਾ ਭਾਸ਼ਾ ਸਿੱਖਣ ਪ੍ਰਤੀ ਉਦਾਸੀਨ ਸਨ। ਮੈਂ ਫ਼ੈਸਲਾ ਕਰ ਲਿਆ ਕਿ ਜਦ ਤੱਕ ਮੈਂ ਜਿਊਂਦਾ ਹਾਂ ਮਾਰਾ ਭਾਸ਼ਾ ਨੂੰ ਮਰਨ ਨਹੀਂ ਦਿਆਂਗਾ ਤੇ ਇਹਨੂੰ ਜਿਊਂਦਾ ਰੱਖਣ ਲਈ ਹਰ ਸੰਭਵ ਅਸੰਭਵ ਕੋਸ਼ਿਸ਼ ਵਿਚ ਜੁਟਿਆ ਰਹਾਂਗਾ। ਅਧਿਆਪਨ ਦੌਰਾਨ ਮੈਂ ਮਾਰਾ ਭਾਸ਼ਾ ਵਿਚ ਦਿਲਚਸਪੀ ਪੈਦਾ ਕਰਨ ਲਈ ਇਕ ਪੱਤ੍ਰਿਕਾ ਦਾ ਸੰਪਾਦਨ ਸ਼ੁਰੂ ਕਰ ਦਿੱਤਾ। ਇਸ ਤੋਂ ਇਲਾਵਾ ਲੋਕਾਂ ਨੂੰ ਇਸ ਭਾਸ਼ਾ ਨਾਲ ਜੋੜਨ ਲਈ ਇਕ ਧਾਰਮਿਕ ਪੱਤ੍ਰਿਕਾ ਦਾ ਸੰਪਾਦਨ ਵੀ ਸ਼ੁਰੂ ਕਰ ਦਿੱਤਾ। ਰਿਟਾਇਰ ਹੋਣ ਤੋਂ ਪਹਿਲਾਂ ਮੈਂ ਕਾਫ਼ੀ ਹੱਦ ਤਕ ਆਪਣੇ ਮਿਸ਼ਨ ਵਿਚ ਕਾਮਯਾਬ ਰਿਹਾ। ਨੌਕਰੀ ਦੇ ਆਖ਼ਰੀ

ਵਰ੍ਹਿਆਂ ਵਿਚ ਮੈਨੂੰ ਸਕੂਲੀ ਬੱਚਿਆਂ ਲਈ ਮਾਰਾ ਭਾਸ਼ਾ ਵਿਚ ਕਈ ਪਾਠ ਪੁਸਤਕਾਂ ਅਨੁਵਾਦ ਕਰਨ ਦਾ ਮੌਕਾ ਮਿਲਿਆ। ਅਨੁਵਾਦ ਤੋਂ ਇਲਾਵਾ ਮੈਂ ਮਾਰਾ ਭਾਸ਼ਾ ਵਿਚ ਦਸ ਮੌਲਿਕ ਪੁਸਤਕਾਂ ਵੀ ਲਿਖੀਆਂ। ਮਾਰਾ ਵਿਆਕਰਨ 'ਤੇ ਵਿਦਿਆਰਥੀਆਂ ਲਈ ਇਕ ਮਹੱਤਵਪੂਰਨ ਪੁਸਤਕ ਵੀ ਤਿਆਰ ਕੀਤੀ। ਬੱਚਿਆਂ ਲਈ ਮਾਰਾ ਭਾਸ਼ਾ ਵਿਚ ਇਕ ਵਿਸ਼ੇਸ਼ ਬਾਈਬਲ ਵੀ ਲਿਖੀ। ਮਾਰਾ ਵਿਆਕਰਨ ਨੂੰ ਸਾਹਿਤ ਬੋਰਡ ਨੇ ਵੀ ਮਾਨਤਾ ਦਿੱਤੀ। ਇਸ ਸਾਰੇ ਕੁਝ ਤੋਂ ਭਾਵ ਹੈ ਕਿ ਭਾਸ਼ਾ ਨੂੰ ਮਰਨ ਤੋਂ ਬਚਾਉਣ ਲਈ ਹਰ ਹੀਲਾ ਵਸੀਲਾ ਵਰਤਿਆ ਜਾਣਾ ਚਾਹੀਦਾ ਹੈ। ਪਿਛੇ ਜਿਹੇ ਜਦੋਂ ਮੈਂ ਮਾਰਾ ਭਾਸ਼ਾ ਦੇ ਅੰਕੜੇ ਦੇਖ ਰਿਹਾ ਸਾਂ ਤਾਂ ਮੈਨੂੰ ਅਫ਼ਸੋਸ ਹੋਇਆ ਕਿ ਮਾਰਾ ਭਾਸ਼ਾ ਨੂੰ ਬੋਲਣ ਵਾਲਿਆਂ ਦੀ ਗਿਣਤੀ ਦਿਨੋਂ ਦਿਨ ਘੱਟਦੀ ਜਾ ਰਹੀ ਹੈ। ਅਨੇਕਾਂ ਹੋਰ ਕਾਰਨਾਂ ਵਿਚੋਂ ਇਕ ਕਾਰਨ ਸਾਹਿਤ ਦੀ ਘਾਟ ਵੀ ਨਜ਼ਰ ਆਇਆ। ਆਦਿ-ਵਾਸੀ ਭਾਸ਼ਾਵਾਂ ਵਿਚ ਲੋਕ

ਸਾਹਿਤ ਤੇ ਸਭਿਆਚਾਰਕ ਪਰੰਪਰਾਵਾਂ ਤਾਂ ਹਨ ਪਰ ਸਾਹਿਤ ਦੀ ਘਾਟ ਰੜਕਦੀ ਹੈ। ਕੋਈ ਭਾਸ਼ਾ ਆਪਣੇ ਸਾਹਿਤ ਕਰਕੇ ਵੀ ਜਾਣੀ ਜਾਂਦੀ ਹੈ। ਜਿਵੇਂ ਕਿ ਕਿਹਾ ਜਾਂਦਾ ਹੈ ਕਿ ਜਦੋਂ ਇਕ ਭਾਸ਼ਾ ਮਰ ਜਾਂਦੀ ਹੈ ਤਾਂ ਜ਼ਿੰਦਗੀ ਜਿਊਣ ਦਾ ਇਕ ਤਰੀਕਾ ਮਰ ਜਾਂਦਾ ਹੈ, ਸੋਚਣ ਦਾ ਇਕ ਢੰਗ ਅਲੋਪ ਹੋ ਜਾਂਦਾ ਹੈ ਤੇ ਸ਼ਬਦ ਤੇ ਸੰਸਾਰ ਵਿਚਲਾ ਰਿਸ਼ਤਾ ਟੁੱਟ ਜਾਂਦਾ ਹੈ। ਅਠਾਸੀ ਵਰ੍ਹਿਆਂ ਦੀ ਉਮਰ ਵਿਚ ਵੀ ਮੈਂ ਬੇਉਮੀਦ ਨਹੀਂ ਹੋਇਆ ਤੇ ਮੇਰੀ ਲਗਾਤਾਰ ਕੋਸ਼ਿਸ਼ ਹੈ ਕਿ ਇਕ ਖਾਸ ਤਰੀਕੇ ਨਾਲ ਸ਼ਬਦਾਂ ਦਾ ਸੰਸਾਰ ਨਾਲ ਰਿਸ਼ਤਾ ਨਾ ਟੁੱਟੇ। ਮੈਨੂੰ ਆਸ ਹੈ ਕਿ ਮੈਂ ਇਸ ਵਿਚ ਕਾਮਯਾਬ ਹੋਵਾਂਗਾ। ਅਨੇਕਾਂ ਰਸਾਲਿਆਂ ਤੇ ਅਖ਼ਬਾਰਾਂ ਦੀ ਸੰਪਾਦਨਾ ਕਰਦਿਆਂ ਮੇਰੇ ਕੰਮ ਦੇ ਕੇਂਦਰ ਵਿਚ ਮਾਰਾ ਭਾਸ਼ਾ ਰਹੀ ਹੈ। ਮੈਂ ਆਪਣੇ ਇਲਾਕੇ ਵਿਚੋਂ ਨਿਕਲਣ ਵਾਲੇ ਵੱਖਰੇ ਵੱਖਰੇ ਅਖ਼ਬਾਰਾਂ ਵਿਚ ਲਗਾਤਾਰ ਕਾਲਮ ਲਿਖਣ ਵਾਲੇ ਲੇਖਕਾਂ ਵਿਚੋਂ ਹਾਂ। ਏਸੇ ਕਰਕੇ ਅਨੇਕਾਂ

ਸੰਸਥਾਵਾਂ ਨੇ ਇਕ ਭਾਸ਼ਾ ਕਰਮੀ ਵਜੋਂ ਮੇਰੀ ਸੁਹਿਰਦਤਾ ਤੇ ਇਮਾਨਦਾਰੀ ਕਰਕੇ ਮੈਨੂੰ ਅਨੇਕਾਂ ਇਨਾਮਾਂ ਸਨਮਾਨਾਂ ਨਾਲ ਨਿਵਾਜਿਆ ਹੈ। ਮਾਰਾ ਭਾਸ਼ਾ ਦੀ ਕੀਤੀ ਸੇਵਾ ਬਦਲੇ ਮੈਨੂੰ 2018 ਵਿਚ ਪਦਮਸ਼੍ਰੀ ਨਾਲ ਨਿਵਾਜਿਆ ਗਿਆ। ਮਾਰਾ ਭਾਸ਼ਾ ਲਈ ਇਹ ਪੁਰਸਕਾਰ ਸੰਜੀਵਨੀ ਦੇ ਤੁੱਲ ਹੈ। ਮੈਂ ਅੱਜ ਵੀ ਦ੍ਰਿੜ੍ਹ ਸੰਕਲਪ ਹਾਂ ਕਿ ਮੈਂ ਮਰਦੇ ਦਮ ਤੱਕ ਮਾਰਾ ਭਾਸ਼ਾ ਲਈ ਜਤਨ ਕਰਦਾ ਰਹਾਂਗਾ ਤੇ ਮੇਰੇ ਹੱਥੋਂ ਇਸ ਭਾਸ਼ਾ ਦੀ ਜਿਉਂਦੀ ਡੋਰੀ ਇਕ ਦਿਨ ਕੋਈ ਹੋਰ ਮਾਰਾ ਭਾਸ਼ਾ ਦਾ ਸਪੂਤ ਫੜ ਲਵੇਗਾ, ਅਜਿਹਾ ਮੇਰਾ ਪੱਕਾ ਵਿਸ਼ਵਾਸ ਹੈ।

65

ਸਾਮਰਾਜੀ ਮਨਸੂਬੇ ਤੇ ਕਿਸਾਨੀ ਸੰਘਰਸ਼

ਪ੍ਰੋਫੈਸਰ ਨੌਮ ਚੌਮਸਕੀ ਉੱਘਾ ਭਾਸ਼ਾ ਵਿਗਿਆਨੀ ਤੇ ਸਮਕਾਲੀ ਸਰੋਕਾਰਾਂ ਦਾ ਚਿੰਤਕ ਹੀ ਨਹੀਂ ਸਗੋਂ ਸਟੀਕ ਟਿੱਪਣੀਕਾਰ ਵੀ ਹੈ। ਉਹਦੀ ਕਹੀ ਗਈ ਹਰ ਗੱਲ ਨੂੰ ਦੁਨੀਆ ਬੜੇ ਧਿਆਨ ਨਾਲ ਕੰਨ ਲਾ ਕੇ ਸੁਣਦੀ ਹੈ। ਸਾਮਰਾਜੀ ਸਰਕਾਰਾਂ ਉਹਦੀਆਂ ਟਿੱਪਣੀਆਂ ਤੋਂ ਇੰਜ ਤ੍ਰਹਿੰਦੀਆਂ ਨੇ ਜਿਵੇਂ ਕਾਂ ਗ਼ੁਲੇਲੇ ਤੋਂ। ਜਦੋਂ ਉਹਨੇ ਕਿਸਾਨੀ ਸੰਘਰਸ਼ 'ਤੇ ਟਿੱਪਣੀ ਕਰਦਿਆਂ ਕਿਹਾ ਸੀ ਕਿ ਇਸ ਅੰਦੋਲਨ ਨੇ ਦੁਨੀਆ ਨੂੰ ਆਸ ਦੀ ਇਕ ਨਵੀਂ ਕਿਰਨ ਦਿਖਾਈ ਹੈ ਤਾਂ ਅਹਿੰਸਕ ਤਰੀਕੇ ਨਾਲ ਚੱਲ ਰਹੇ ਇਸ ਅੰਦੋਲਨ ਨੇ ਸਾਮਰਾਜੀਆਂ ਦੇ ਚਿਹਰੇ 'ਤੇ ਸ਼ਿਕਨ ਜ਼ਰੂਰ ਲਿਆਂਦੀ ਸੀ। ਦੁਨੀਆ ਭਰ ਦੇ ਕਾਰਪੋਰੇਟ ਇਸ ਸ਼ਾਂਤਮਈ ਸੰਘਰਸ਼ ਵਿਚੋਂ ਆਪਣੇ ਭਵਿਖ ਦਾ

ਵਿਗੜ ਰਿਹਾ ਚਿਹਰਾ ਦੇਖ ਰਹੇ ਹਨ। ਚੌਮਸਕੀ ਨੇ ਸਾਮਰਾਜੀ ਤਾਕਤਾਂ ਦੇ ਮਨਸੂਬਿਆਂ ਨੂੰ ਘੋਖਦਿਆਂ ਲਿਖਿਆ ਹੈ- ਅਮਰੀਕੀ ਵਿਦੇਸ਼ ਨੀਤੀ ਦੀ ਘਾੜਤ ਦੇ ਮੁੱਖ ਸਰੋਤ ਬਹੁਰਾਸ਼ਟਰੀ ਕਾਰਪੋਰੇਸ਼ਨਾਂ ਹਨ। ਕੁਲ ਚੌਦਾਂ ਪਰਿਵਾਰ ਤੇ 500 ਵਿਸ਼ਾਲ ਆਰਥਕ ਉਦਯੋਗੀ ਸੰਸਥਾਵਾਂ ਬਾਖ਼ੂਬੀ ਨਾਲ ਇਸ ਨੀਤੀ ਨੂੰ ਘੜਨ ਵਾਲਿਆਂ ਵਿਚ ਮੋਹਰੀ ਹਨ। ਇਹੀ ਕੌਮੀ ਤਾਕਤ ਨੂੰ ਕੰਟਰੋਲ ਕਰਦੀਆਂ ਹਨ। ਦੂਸਰੀ ਸੰਸਾਰ ਜੰਗ ਤੋਂ ਬਾਅਦ ਇਨ੍ਹਾਂ ਨੇ ਬੜੀ ਹੁਸ਼ਿਆਰੀ ਨਾਲ ਲੈਸ ਯੋਜਨਾ ਦੇ ਤਹਿਤ ਇਹ ਨੀਤੀ ਘੜੀ। ਦੂਸਰੇ ਸੰਸਾਰ ਜੁੱਧ ਤੋਂ ਬਾਅਦ ਦੁਨੀਆ ਨੂੰ ਤਿੰਨ ਹਿੱਸਿਆਂ ਵਿਚ ਵੰਡ ਦਿੱਤਾ ਗਿਆ ਤੇ ਏਸੇ ਸਮੇਂ ਹੀ ਬਹੁਰਾਸ਼ਟਰੀ ਕੰਪਨੀਆਂ ਦਾ ਵਿਸਥਾਰ ਹੋਣ ਲੱਗਾ। ਕੌਮਾਂਤਰੀ ਮੁਦਰਾ ਕੋਸ਼,ਵਿਸ਼ਵ ਬੈਂਕ ਆਦਿ ਅਮਰੀਕਾ ਦੀ ਗੁਪਤ ਸ਼ਕਤੀ ਦੇ ਤੌਰ ’ਤੇ ਕੰਮ ਕਰਦੇ ਹਨ। ਸਾਮਰਾਜਵਾਦੀ ਮੁਲਕ ਆਪਸ ਵਿਚ ਇਕੱਠੇ ਹੋ ਕੇ ਦੁਨੀਆ ਨੂੰ

ਵੰਡ ਲੈਂਦੇ ਹਨ। ਸੱਤਰਵਿਆਂ ਤੋਂ ਪਹਿਲਾਂ ਪੂਰਬੀ- ਯੂਰਪ ਸੋਵੀਅਤ ਸੰਘ ਦਾ ਇਕ ਮਹੱਤਵਪੂਰਨ ਹਿੱਸਾ ਸੀ। ਸੱਤਰਵਿਆਂ ਤੋਂ ਬਾਅਦ ਹੌਲੀ ਹੌਲੀ ਇਹ ਅਮਰੀਕਾ ਦੇ ਘੇਰੇ ਵਿਚ ਚਲਾ ਗਿਆ। ਦੱਖਣ-ਪੂਰਬੀ ਏਸ਼ੀਆ ਜਾਪਾਨ ਦਾ ਹਿਤ-ਰੱਖਿਅਕ ਬਣਿਆ। ਪੱਛਮੀ-ਯੂਰਪ ਦੇ ਹੱਥਾਂ ਵਿਚ ਯੂਰਪ ਦੀ ਵਾਗ-ਡੋਰ ਫੜਾ ਦਿੱਤੀ ਗਈ। ਪਰ ਪੱਛਮੀ ਭੂ-ਖੰਡ ਇਕੱਲਾ ਅਮਰੀਕਾ ਦੇ ਕੰਟਰੋਲ ਵਿਚ ਰਿਹਾ। ਅਮਰੀਕੀ ਹਿੱਤਾਂ ਲਈ ਮੁੱਖ ਖ਼ਤਰੇ ਦੇ ਰੂਪ ਵਿਚ ਜੋ ਨਜ਼ਰ ਆਇਆ, ਵਾਈਟ ਹਾਊਸ ਦੀ ਭਾਸ਼ਾ ਵਿਚ, ਉਹ ਕੱਟੜਪੰਥੀ ਰਾਸ਼ਟਰਵਾਦ ਸੀ, ਜੋ ਪਹਿਲਾਂ ਲੈਟਿਨ ਅਮਰੀਕਾ ਵਿਚ ਨਜ਼ਰ ਆਇਆ ਸੀ। ਇਸ ਰਾਸ਼ਟਰਵਾਦ ਦਾ ਮੁੱਖ ਉਦੇਸ਼ ਉਸ ਦੇਸ਼ ਦੇ ਕੁਦਰਤੀ ਸਾਧਨਾਂ ਨੂੰ ਇਕੱਠਿਆਂ ਕਰਕੇ ਉਹਦਾ ਅਧਿਕਾਰਤ ਕੰਟਰੋਲ ਉਸ ਦੇਸ਼ ਦੇ ਲੋਕਾਂ ਨੂੰ ਦੇਣਾ ਸੀ। ਪਰ ਇਸ ਦੇ ਉਲਟ ਦੇਖਿਆ ਗਿਆ ਕਿ ਲੈਟਿਨ ਅਮਰੀਕਾ ਵਿਚ ਸਾਰੀਆਂ ਸਹੂਲਤਾਂ

ਅਮਰੀਕੀ ਪੂੰਜੀ ਨਿਵੇਸ਼ ਕਰਨ ਵਾਲਿਆਂ ਨੂੰ ਦਿੱਤੀਆਂ ਜਾ ਰਹੀਆਂ ਹਨ। ਭਾਰਤ ਵਿਚ ਇਹ ਧਾਰਾ ਹਾਲਾਂਕਿ ਪਿਛਲੇ ਸੌ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਚਲੀ ਆ ਰਹੀ ਹੈ। ਸਮੇਂ ਸਮੇਂ 'ਤੇ ਇਹਦਾ ਨਾਂ ਬਦਲਿਆ ਹੈ। ਕਦੇ ਉਦਾਰੀਕਰਨ, ਕਦੇ ਢਾਂਚਾਗਤ ਵਿਕਾਸ ਤੇ ਕਦੇ ਨਵੇਂ ਸੁਪਨਿਆਂ ਦਾ ਆਤਮਨਿਰਭਰ ਭਾਰਤ। (ਡਿਜੀਟਲ ਇੰਡੀਆ ਵੀ ਏਸੇ ਸ਼ਰੇਣੀ ਦੀ ਇਕ ਅਵਸਥਾ ਹੈ) ਭਾਰਤ ਦਾ ਪੂਰਾ ਇਤਿਹਾਸ ਇਹਦਾ ਗਵਾਹ ਹੈ। ਵੱਡੀ ਗਿਣਤੀ ਵਿਚ ਲੋਕ ਗ਼ਰੀਬੀ ਦੇ ਅਖੀਰਲੇ ਸਿਰੇ 'ਤੇ ਖੜੇ ਹਨ। ਵਪਾਰ ਵਿਚ ਘਾਟੇ ਪੈ ਰਹੇ ਹਨ। ਮੁੱਠੀ ਭਰ ਲੋਕਾਂ ਲਈ ਉਪਭੋਗੀ ਸਮਗਰੀ, ਆਯਾਤ ਰਾਹੀਂ ਪੂੰਜੀ ਦਾ ਸਥਾਨੰਤਰਨ, ਤੇ ਅਰਥ ਵਿਵਸਥਾ ਦੀ ਤਬਾਹੀ ਇਸ ਰੂਪ ਵਿਚ ਸਪਸ਼ਟ ਨਜ਼ਰ ਆਉਂਦੀ ਹੈ। (ਕੋਵਿਡ-19 ਨੇ ਇਸ ਸਥਿਤੀ ਨੂੰ ਤਬਾਹੀ ਦੇ ਹੇਠਲੇ ਸਿਰੇ ਵੱਲ ਧੱਕਣ ਲਈ ਰਾਮ ਬਾਣ ਦਾ ਕੰਮ ਕੀਤਾ ਹੈ) ਪਰ ਜਾਪਾਨ ਦੇ ਕਬਜ਼ੇ ਵਿਚ ਜਿਹੜੇ

ਇਲਾਕੇ ਹਨ ਉਨ੍ਹਾਂ ਦਾ ਚਿਹਰਾ ਵੱਖਰੀ ਕਿਸਮ ਦਾ ਹੈ। ਹਾਲਾਂਕਿ ਤਾਕਤ ਦੇ ਮਸਲੇ ਵਿਚ ਜਾਪਾਨ ਵੀ ਕੋਈ ਘੱਟ ਖ਼ੂੰਖ਼ਾਰ ਨਹੀਂ। ਪਰ ਉਹਦਾ ਸ਼ੋਸ਼ਣ ਕਰਨ ਦਾ ਤਰੀਕਾ ਵੱਖਰਾ ਹੈ। ਦੱਖਣੀ ਕੋਰੀਆ ਦੇ ਟੈਕਸਾਂ ਦਾ 20 ਪ੍ਰਤੀਸ਼ਤ ਵੀਅਤਨਾਮ ਵਿਚ ਫ਼ੌਜਾਂ ਪਾਲਣ 'ਤੇ ਖ਼ਰਚ ਹੁੰਦਾ ਹੈ। ਤਾਇਵਾਨ ਫਾਰਮੋਸਾ ਦੀ ਅਰਥ ਨੀਤੀ ਨੇ ਜਾਪਾਨ ਦੇ ਪ੍ਰਭਾਵ ਤੋਂ ਵੱਖਰਾ ਰੂਪ ਅਖ਼ਤਿਆਰ ਕੀਤਾ ਹੈ। ਜਾਪਾਨ ਨੂੰ ਉਦਾਰਵਾਦ ਦਾ ਕੋਈ ਬਹਾਨਾ ਨਹੀਂ ਬਣਾਉਣਾ ਪਿਆ। ਦੂਸਰੇ ਪਾਸੇ ਬਰਾਜ਼ੀਲ ਹੈ, ਜਿਸ ਨੂੰ ਲੈਟਿਨ ਅਮਰੀਕਾ ਦੀ 'ਲਾਡਲੀ' ਕਿਹਾ ਜਾਂਦਾ ਹੈ, ਓਥੇ ਆਰਥਕ ਜਾਦੂ ਦਾ ਸਿਧਾਂਤ ਲਾਗੂ ਕੀਤਾ ਗਿਆ ਹੈ, ਜਿਸ ਦੇ ਘਾੜੇ ਅਮਰੀਕੀ ਉਦਯੋਗਪਤੀ ਹਨ। ਉਨ੍ਹਾਂ ਨੇ ਓਥੇ ਮੁਨਾਫ਼ੇ ਦਾ ਹਿਮਾਲਾ ਪਹਾੜ ਖੜ੍ਹਾ ਕਰ ਦਿੱਤਾ ਤੇ ਦੇਖਦੇ ਦੇਖਦੇ ਬਰਾਜ਼ੀਲ ਦੇ ਲੋਕ ਹੋਰ ਗ਼ਰੀਬ ਹੋ ਗਏ। ਹਾਲਾਂਕਿ ਦੋ ਪ੍ਰਤੀਸ਼ਤ ਲੋਕਾਂ ਦੀ ਜ਼ਿੰਦਗੀ ਵਿਚ ਵਾਕਿਆ ਹੀ ਇਹ ਜਾਦੂ ਸਿਰ

ਚੜ੍ਹ ਕੇ ਬੋਲਿਆ। ਅਜਿਹਾ ਹੀ ਹੁਣ ਭਾਰਤ ਵਿਚ ਹੋਣ ਜਾ ਰਿਹਾ ਹੈ (ਬਲਕਿ ਕਹਿਣਾ ਚਾਹੀਦਾ ਹੈ ਕਿ ਕਾਫ਼ੀ ਹੱਦ ਤੱਕ ਹੋ ਚੁੱਕਾ ਹੈ) 1994 ਆਉਂਦੇ ਆਉਂਦੇ ਬਰਾਜ਼ੀਲ ਦੀ ਅਰਥ ਵਿਵਸਥਾ ਪੂਰੀ ਤਰ੍ਹਾਂ ਢਹਿ ਢੇਰੀ ਹੋ ਗਈ।ਫਿਰ ਅਮਰੀਕੀ ਜਨਤਾ ਨੂੰ ਵੀ ਉਦਯੋਗਾਂ ਦੇ ਨੁਕਸਾਨ ਲਈ ਪੌਣੇ ਦੋ ਲੱਖ ਕਰੋੜ ਰੁਪਏ ਚੁਕਾਉਣੇ ਪਏ। ਓਥੇ ਇਹ ਵੀ ਦੇਖਿਆ ਗਿਆ ਕਿ ਨਿੱਜੀਕਰਨ ਦੇ ਫਲਸਰੂਪ ਮਜ਼ਦੂਰਾਂ ਦੀ ਆਮਦਨ ਅੱਧੀ ਹੋ ਗਈ। ਕਿਸੇ ਦੇਸ਼ ਦੀ ਸਟੇਬਿਲਟੀ ਬਾਰੇ ਅਮਰੀਕੀ ਵਿਦੇਸ਼ ਨੀਤੀ ਵਿਚ ਵਿਚ ਆਰਥਕ ਬੇਚੈਨੀ ਵਧੀ ਹੈ। ਜੇ ਭਾਰਤ ਨੂੰ ਹੀ ਲਿਆ ਜਾਵੇ ਤਾਂ ਉਹ ਨਹਿਰੂ ਨੂੰ ਬਿਲਕੁਲ ਪਸੰਦ ਨਹੀਂ ਸਨ ਕਰਦੇ। ਉਹ ਕਹਿੰਦੇ ਸਨ ਕਿ ਇਹ ਬੰਦਾ ਬੜਾ ਘੁਮੰਡੀ ਤੇ ਹੀਣ-ਭਾਵਨਾ ਦਾ ਸ਼ਿਕਾਰ ਹੈ। ਉਨ੍ਹਾਂ ਦੀਆਂ ਇਹੋ ਜਿਹੀਆਂ ਧਾਰਨਾਵਾਂ ਤੋਂ ਉਨ੍ਹਾਂ ਦੇ ਅਸਲ ਮਨਸੂਬਿਆਂ ਦੀ ਝਲਕ ਮਿਲਦੀ ਹੈ।ਨਹਿਰੂ ਨੇ ਜਦੋਂ ਕਿਹਾ ਸੀ ਕਿ- ‘ਏਸ਼ੀਆ

ਸਿਰਫ਼ ਏਸ਼ੀਆਈਆਂ ਲਈ ਹੈ’ ਤਾਂ ਉਸ ਸਮੇਂ ਇਹ ਸਾਮਰਾਜੀ ਡਰ ਗਏ ਸਨ।

ਨੋਟ: (ਅੱਜ ਭਾਰਤ ਵਿਚ ਉਨ੍ਹਾਂ ਨੂੰ ਡਰਾਉਣ ਵਾਲਾ ਕੋਈ ਨਹੀਂ। ਇਹੀ ਕਾਰਨ ਹੈ ਕਿ ਨਹਿਰੂ ਦੇ ਸੋਵੀਅਤ ਝੁਕਾਅ ਦੇ ਉਲਟ ਅੱਜ ਅਮਰੀਕਾ ਵੱਲ ਝੁਕਾਅ ਨੂੰ ਚੀਨ ਵੀ ਆਪਣੀ ਵਿਸਥਾਰ ਨੀਤੀ ਦੇ ਸੰਦਰਭ ਵਿਚ ਟੇਢੀ ਅੱਖ ਨਾਲ ਦੇਖ ਰਿਹਾ ਹੈ। ਭਾਰਤੀ ਇਲਾਕਿਆਂ ’ਤੇ ਕਬਜ਼ੇ ਤੇ ਭਾਰਤ ਦੇ ਕਈ ਹਿੱਸਿਆਂ ਨੂੰ ਆਪਣੇ ਨਕਸ਼ਿਆਂ ਵਿਚ ਦਿਖਾਉਣ ਤੋਂ ਉਹਦੀ ਵਿਦੇਸ਼ ਨੀਤੀ ਦੀ ਸਮਝ ਆਉਂਦੀ ਹੈ। ਭਾਰਤ ਦੇ ਗੁਆਂਢੀ ਮੁਲਕਾਂ ਪਾਕਿਸਤਾਨ, ਬੰਗਲਾਦੇਸ਼, ਸ਼੍ਰੀ ਲੰਕਾ ਵਿਚ ਨਿਵੇਸ਼ ਦੇ ਨਾਂ ਹੇਠ ਚੀਨ ਲੁਕਵੇਂ ਰੂਪ ਵਿਚ ਆਪਣੀ ਵਿਦੇਸ਼ ਨੀਤੀ ਨੂੰ ਅਮਲੀ ਜਾਮਾ ਪੁਆ ਕੇ ਭਾਰਤ ਦੀ ਇਕ ਤਰ੍ਹਾਂ ਨਾਲ ਘੇਰਾਬੰਦੀ ਕਰ ਰਿਹਾ ਹੈ। ਅਮਰੀਕਾ ਦੇ ਮੁਕਾਬਲੇ ਉਹ ਸੁਪਰ ਪਾਵਰ ਬਣਨ ਵੱਲ ਤੇਜ਼ੀ ਨਾਲ ਵੱਧ ਰਿਹਾ

ਹੈ।)

ਪੋਸਟ ਸਕਰਿਪਟ

ਅਜਿਹੇ ਵਿਚਾਰਾਂ ਦੀ ਰੌਸ਼ਨੀ ਵਿਚ ਸਾਨੂੰ ਇਹ ਸਮਝ ਆ ਰਿਹਾ ਹੈ ਕਿ ਭਾਰਤ ਵਿਚਲਾ ਆਰਥਕ ਸੰਕਟ ਕਿਸ ਦਿਸ਼ਾ ਵੱਲ ਜਾ ਰਿਹਾ ਹੈ। ਕਿਸਾਨੀ ਅੰਦੋਲਨ ਨਾ ਹੁੰਦਾ ਤਾਂ ਹੁਣ ਤੱਕ ਸੂਪੜਾ ਸਾਫ਼ ਹੋ ਚੁੱਕਾ ਹੋਣਾ ਸੀ। ਕਾਰਪੋਰੇਟਾਂ 'ਤੇ ਕੀਤੀ ਜਾ ਰਹੀ ਮਿਹਰਬਾਨੀ, ਉਨ੍ਹਾਂ ਦੇ ਕਰਜ਼ੇ ਮੁਆਫ਼ ਕਰਨੇ, ਦੇਸ਼ ਦੇ ਕੁਦਰਤੀ ਸੋਮਿਆਂ ਦੀ ਖੁੱਲ੍ਹੀ ਲੁੱਟ ਲਈ ਉਨ੍ਹਾਂ ਨੂੰ ਛੋਟਾਂ ਦੇਣੀਆਂ, ਸਰਕਾਰੀ ਸੰਸਥਾਵਾਂ ਦੀ ਨਿਲਾਮੀ, ਨੋਟਬੰਦੀ, ਬੈਂਕਾਂ ਦਾ ਘਾਟੇ ਵਿਚ ਜਾਣਾ, ਕਾਰਪੋਰੇਟਾਂ ਦਾ ਕਰਜ਼ੇ ਲੈ ਕੇ ਵਿਦੇਸ਼ਾਂ ਵਿਚ ਫ਼ਰਾਰ ਹੋ ਜਾਣਾ, 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਦੇ ਘੇਰੇ ਵਿਚ ਲੈ ਆਉਣਾ, ਸਿੱਖਿਆ ਤੇ ਸਿਹਤ ਦੇ ਢਾਂਚੇ ਦਾ ਚਰਮਰਾ ਜਾਣਾ ਵਿਸ਼ੇਸ਼ ਕਰਕੇ ਕੋਵਿਡ-19 ਦੇ ਸਮੇਂ ਵਿਚ,

ਪੈਟਰੋਲ-ਡੀਜ਼ਲ ਰਾਹੀਂ ਡਿਊਟੀਆਂ ਤੇ ਟੈਕਸਾਂ ਦੇ ਰੂਪ ਵਿਚ ਲੁੱਟ ਤੇ ਮਹਿੰਗਾਈ, ਬੇਰੁਜ਼ਗਾਰੀ ਦੀ ਮਾਰ ਨੇ ਦੇਸ਼ ਨੂੰ ਕੱਖੋਂ ਹੌਲਾ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਪਰ ਇਸ ਦੇ ਬਾਵਜੂਦ ਸਰਕਾਰ ਤੇ ਸਰਕਾਰੀ ਧਿਰਾਂ ਲੋਕਾਂ ਨੂੰ ਸੁਪਨੇ ਵੰਡ ਰਹੀਆਂ ਹਨ ਤੇ ਲੋਕਾਂ ਨਾਲ ਧਰਮ, ਜਾਤ, ਭਾਸ਼ਾ, ਨਸਲ, ਖ਼ਿੱਤੇ ਵਿਚ ਵੰਡ ਦੀ ਕੌਡੀ ਖੇਡ ਕੇ ਆਪਣਾ ਰਾਜਨੀਤਕ ਉੱਲੂ ਸਿੱਧਾ ਕਰ ਰਹੀਆਂ ਹਨ। ਦੇਸ਼ ਨੂੰ ਜਾਗਣ ਦੀ ਲੋੜ ਹੈ ਤੇ ਕਿਸਾਨੀ ਸੰਘਰਸ਼ ਨੇ ਇਸ ਲਈ ਇਤਿਹਾਸਕ ਯੋਗਦਾਨ ਪਾਇਆ ਹੈ। ਅੱਜ ਸਾਰੀ ਦੁਨੀਆ ਭਾਰਤ ਨੂੰ ਇਸ ਸੰਘਰਸ਼ ਦੇ ਸਫਲ ਹੋਣ ਦੀ ਉਡੀਕ ਵਿਚ ਪਰਿਭਾਸ਼ਿਤ ਕਰ ਰਹੀ ਹੈ। ਲੋਕਾਈ ਨੂੰ ਫ਼ਸਲਾਂ, ਨਸਲਾਂ ਤੇ ਅਕਲਾਂ ਦੀ ਰਾਖੀ ਲਈ ਅੰਨਦਾਤੇ ਦਾ ਸਾਥ ਦੇਣਾ ਚਾਹੀਦਾ ਹੈ। ਪ੍ਰਸਿੱਧ ਚਿੰਤਕ ਨੌਮ ਚੌਮਸਕੀ ਦੀ ਵੀ ਇਹੀ ਇੱਛਾ ਜ਼ਾਹਰ ਹੁੰਦੀ ਜਾਪਦੀ ਹੈ।

66

ਸ਼ਰਨਾਰਥੀ ਸੰਘਰਸ਼ ਦੀ ਗਾਥਾ

ਸਾਹਿਤਕ ਹਲਕਿਆਂ ਵਿਚ ਪ੍ਰੋਫੈਸਰ ਅਬਦੁਲ ਰਜ਼ਾਕ ਗੁਰਨਾਹ ਨੂੰ ਨੋਬਲ ਇਨਾਮ ਮਿਲਣ 'ਤੇ ਦੁਨੀਆ ਹੈਰਾਨੀ ਨਾਲ ਦੇਖ ਰਹੀ ਹੈ। ਅਜਿਹਾ ਨਹੀਂ ਕਿ ਲੋਕਾਂ ਨੇ ਪਹਿਲਾਂ ਕਦੇ ਉਹਦਾ ਨਾਂ ਨਹੀਂ ਸੀ ਸੁਣਿਆ ਜਾਂ ਉਹਦੇ ਨਾਵਲ ਨਹੀਂ ਸਨ ਪੜ੍ਹੇ ਸਗੋਂ ਇਹਦਾ ਵੱਡਾ ਕਾਰਨ ਹੈ ਕਿ ਉਹਨੇ ਬਸਤੀਵਾਦੀ ਹਾਕਮਾਂ ਖ਼ਿਲਾਫ਼ ਸ਼ਰਨਾਰਥੀਆਂ ਦੇ ਦੁੱਖਾਂ ਤਕਲੀਫ਼ਾਂ ਨੂੰ ਬੜੀ ਜਿਉਂਦੀ ਤੇ ਉਤਸ਼ਾਹੀ ਭਾਸ਼ਾ ਵਿਚ ਲਿਖਿਆ ਹੈ। ਉਹਦੇ ਨਾਵਲਾਂ ਨੇ ਬਸਤੀਵਾਦੀ ਜੂਲ਼ੇ ਤੋਂ ਮੁਕਤੀ ਦੇ ਸੰਘਰਸ਼ ਨੂੰ ਇਕ ਖਾਸ ਪਹੁੰਚ ਰਾਹੀਂ ਪਰਿਭਾਸ਼ਿਤ ਕੀਤਾ ਹੈ, ਉਹਦੇ ਕੋਲ ਇਹਦੀ ਪੀਡੀ ਪਕੜ ਤੇ ਸਟੀਕ ਦ੍ਰਿਸ਼ਟੀ ਹੈ। ਸ਼ਰਨਾਰਥੀਆਂ ਦੀ ਦੁਖ-ਗਾਥਾ ਨੂੰ ਉਹਨੇ ਆਪਣੀਆਂ ਕਿਰਤਾਂ

ਵਿਚ ਆਧਾਰ ਨੈਰੇਟਿਵ ਵਜੋਂ ਪੇਸ਼ ਕੀਤਾ ਹੈ। ਉਹਨੂੰ ਸ਼ਬਦਾਂ ਦਾ ਜਾਦੂਗਰ ਕਿਹਾ ਜਾਂਦਾ ਹੈ। ਉਸ ਕੋਲ ਆਪਣੀ ਮਾਤ ਭਾਸ਼ਾ ਦੀ ਪ੍ਰਗਟਾ ਸਮਰੱਥਾ ਦਾ ਡੂੰਘਾ ਗਿਆਨ ਹੈ। ਉਹ ਸ਼ਬਦਾਂ ਦੇ ਕੋਲਾਜ ਰਾਹੀਂ ਮਨੁੱਖੀ ਪੀੜ ਨੂੰ ਚਿਤਰਦਾ ਹੈ। ਉਹ ਖ਼ੁਦ ਇਕ ਸ਼ਰਨਾਰਥੀ ਵਜੋਂ ਵਿਚਰਦਾ ਮਹਿਸੂਸ ਕਰਦਾ ਹੈ ਕਿ ਬਸਤੀਵਾਦੀ ਸਾਮਰਾਜੀ ਕਿਹੋ ਜਿਹੀ ਮਾਨਸਿਕਤਾ ਦੇ ਧਾਰਨੀ ਹਨ ਜਿਨ੍ਹਾਂ ਨੇ ਸਦੀਆਂ ਤੋਂ ਅਫ਼ਰੀਕਾ ਤੇ ਤੀਜੀ ਦੁਨੀਆ ਦੇ ਦੇਸ਼ਾਂ ਨੂੰ ਰੱਜ ਕੇ ਲੁੱਟਿਆ ਤੇ ਕੁੱਟਿਆ ਹੈ। ਬਸਤੀਵਾਦ ਦੇ ਘਿਣੌਨੇ ਚਿਹਰੇ ਨੂੰ ਬੇਨਕਾਬ ਕਰਨ ਲਈ ਉਹਨੇ ਸਭਿਆਚਾਰਕ ਮੁੱਲਾਂ ਨੂੰ ਕੇਂਦਰ ਵਿਚ ਰੱਖਿਆ, ਇਹੀ ਉਹ ਮੁੱਲ ਹਨ ਜਿਨ੍ਹਾਂ 'ਤੇ ਮਨੁੱਖਤਾ ਦੇ ਭਵਿਖ ਦੀ ਆਸ ਟਿੱਕੀ ਨਜ਼ਰ ਆਉਂਦੀ ਹੈ। ਤਨਜ਼ਾਨੀਆ ਦੇ ਨਿੱਕੇ ਜਿਹੇ ਟਾਪੂ ਜੰਜੀਬਾਰ ਵਿਚ 1948 ਵਿਚ ਉਹਦਾ ਜਨਮ ਹੋਇਆ। ਕੈਂਟ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਲੈ ਕੇ ਉਹਨੇ ਲੰਡਨ ਤੱਕ ਦਾ ਸਫ਼ਰ

ਤਹਿ ਕੀਤਾ। ਉਹਦੇ ਜਨਮ ਦਾ ਉਹ ਸਮਾਂ ਸੀ ਜਦੋਂ ਤੀਸਰੀ ਦੁਨੀਆ ਦੇ ਦੇਸ਼ ਬਸਤੀਵਾਦੀ ਗ਼ੁਲਾਮੀ ਦੇ ਜੂ਼ਲੇ ਤੋਂ ਮੁਕਤ ਹੋ ਰਹੇ ਸਨ, ਜਿਨ੍ਹਾਂ ਵਿਚ ਭਾਰਤ ਵੀ ਸ਼ਾਮਲ ਸੀ। ਜਿਹੜੇ ਅਜੇ ਅਜ਼ਾਦ ਨਹੀਂ ਸਨ ਹੋਏ ਉਹ ਅਜ਼ਾਦੀ ਲਈ ਸੰਘਰਸ਼ ਕਰ ਰਹੇ ਸਨ। ਅਫ਼ਰੀਕਾ ਦੇ ਬਹੁਤ ਸਾਰੇ ਮੁਲਕ ਇਸ ਵਿਚ ਆਉਂਦੇ ਹਨ। ਬਸਤੀਵਾਦੀਆਂ ਦੀ ਲੁੱਟ ਬਾਰੇ ਡੈਸਮਨ ਟੂੱਟੂ ਦਾ ਕਥਨ ਬੜਾ ਮਾਨੀਖੇਜ ਹੈ ਕਿ- ਜਦੋਂ ਮਿਸ਼ਨਰੀਆਂ ਅਫ਼ਰੀਕਾ ਆਈਆਂ ਤਾਂ ਉਨ੍ਹਾਂ ਕੋਲ ਬਾਈਬਲ ਸੀ ਤੇ ਸਾਡੇ ਕੋਲ ਜ਼ਮੀਨਾਂ। ਉਨ੍ਹਾਂ ਨੇ ਸਾਨੂੰ ਪ੍ਰਾਰਥਨਾ ਕਰਨ ਲਈ ਕਿਹਾ ਤੇ ਅਸਾਂ ਅੱਖਾਂ ਮੀਟ ਲਈਆਂ। ਜਦੋਂ ਸਾਡੀਆਂ ਅੱਖਾਂ ਖੁੱਲ੍ਹੀਆਂ ਤਾਂ ਸਾਡੇ ਹੱਥਾਂ ਵਿਚ ਬਾਈਬਲ ਸੀ ਤੇ ਉਨ੍ਹਾਂ ਕੋਲ ਸਾਡੀਆਂ ਜ਼ਮੀਨਾਂ।' ਸੰਘਰਸ਼ੀ ਸੋਚ ਨੂੰ ਪਰਨਾਏ ਗੁਰਨਾਹ ਨੇ ਇੱਕੀ ਵਰ੍ਹਿਆਂ ਦੀ ਉਮਰ ਵਿਚ ਲਿਖਣਾ ਸ਼ੁਰੂ ਕਰ ਦਿੱਤਾ ਸੀ ਪਰ ਇਹ ਕਦੇ ਨਹੀਂ ਸੀ ਸੋਚਿਆ ਕਿ ਉਹ ਵੱਡਾ ਲੇਖਕ

ਬਣੇਗਾ। ਉਹਨੂੰ ਸਭ ਤੋਂ ਵੱਧ ਪ੍ਰਸਿੱਧੀ 1993 ਵਿਚ ਲਿਖੇ ਨਾਵਲ ਪੈਰਾਡਾਈਜ਼ ਲਈ ਮਿਲੀ। ਇਹ ਉਸ ਦੇ ਹੱਡੀਂ ਹੰਢਾਏ ਤਜਰਬੇ ਦਾ ਪ੍ਰਗਟਾਵਾ ਹੈ, ਜਿਸ ਵਿਚ ਉਹਨੇ ਸ਼ਰਨਾਰਥੀਆਂ ਦੇ ਦੁੱਖਾਂ ਦਰਦਾਂ ਨੂੰ ਤਨਜ਼ਾਨੀਆ ਵਿਚ ਵੱਡੇ ਹੋ ਰਹੇ ਇਕ ਮੁੰਡੇ ਦੀ ਕਹਾਣੀ ਰਾਹੀਂ ਪੇਸ਼ ਕੀਤਾ ਹੈ। ਉਹਦੀਆਂ ਰਚਨਾਵਾਂ ਵਿਚ ਸੁਖ ਦੁਖ ਦੇ ਪੈਰਾਡਾਇਮਾਂ ਰਾਹੀਂ ਇਕੱਲੇਪਣ ਤੇ ਉਦਾਸੀਨਤਾ ਦੇ ਨੈਰੇਟਿਵ ਸਿਰਜੇ ਮਿਲਦੇ ਹਨ। ਏਸੇ ਕਰਕੇ ਉਹਨੂੰ ਕਿਸੇ ਵੀ ਹੋਰ ਲੇਖਕ ਦੇ ਪ੍ਰਸੰਗ ਵਿਚ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ। ਆਧੁਨਿਕ ਜ਼ਿੰਦਗੀ ਦੀਆਂ ਪਰਤਾਂ ਨੂੰ ਉਹਨੇ ਅੰਤਹੀਨ ਦੁੱਖਾਂ ਦੀ ਲੜੀ ਵਿਚ ਰੱਖ ਕੇ ਮਨੁੱਖ ਨੂੰ ਸੰਘਰਸ਼ ਲਈ ਲੜਦੇ ਰਹਿਣ ਦੀ ਪ੍ਰੇਰਨਾ ਦਿੱਤੀ ਹੈ। ਨੋਬਲ ਇਨਾਮ ਤੋਂ ਬਾਅਦ ਦੁਨੀਆ ਉਹਦੀਆਂ ਰਚਨਾਵਾਂ ਨੂੰ ਨਵੇਂ ਜਾਵੀਏ ਤੋਂ ਦੇਖੇਗੀ ਅਜਿਹਾ ਮੇਰਾ ਵਿਸ਼ਵਾਸ ਹੈ। ਹਾਲੇ ਤਾਂ ਇਸ ਗੱਲ ਦੀ ਤਸੱਲੀ ਹੈ ਕਿ ਨੋਬਲ ਇਨਾਮਾਂ ਨੂੰ ਜਿਵੇਂ ਕਟਹਿਰੇ

ਵਿਚ ਖੜ੍ਹਾ ਕੀਤਾ ਜਾ ਰਿਹਾ ਸੀ, ਇਸ ਵਾਰ ਉਚਿਤ ਚੋਣ ਨੇ ਊਜਾਂ ਦੇ ਦਾਗ਼ ਧੋ ਦਿੱਤੇ ਹਨ ਤੇ ਅੱਗੇ ਵੀ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਹਾਸ਼ੀਆਗਤ ਰਚਨਾਵਾਂ ਨੂੰ ਅੱਗੋਂ ਵੀ ਵਿਚਾਰਿਆ ਜਾਂਦਾ ਰਹੇਗਾ।

ਪੋਸਟ ਸਕਰਿਪਟ

ਪੰਜਾਬ ਦੀ ਵੰਡ ਵੇਲੇ ਵੀ ਸ਼ਰਨਾਰਥੀਆਂ ਨੇ ਜੋ ਦੁੱਖ ਭੋਗੇ ਉਨ੍ਹਾਂ ਦੇ ਦਿਲ-ਕੰਬਾਊ ਵਰਣਨ ਅੱਜ ਵੀ ਮਨੁੱਖੀ ਮਨ ਨੂੰ ਝੰਜੋੜ ਦੇਂਦੇ ਹਨ ਪਰ ਸਾਡੇ ਲੇਖਕ ਇਸ ਤ੍ਰਾਸਦੀ ’ਤੇ ਕੋਈ ਅਜਿਹੀ ਰਚਨਾ ਨਹੀਂ ਸਿਰਜ ਸਕੇ ਜੋ ਨੋਬਲ ਇਨਾਮ ਦੇ ਦਰ ਜਾ ਪੁੱਜਦੀ। ਸਿਰਫ਼ ਚਮਨ ਨਾਹਲ ਦੇ ਨਾਵਲ ਅਜ਼ਾਦੀ ਵਿਚ ਹੀ ਸ਼ਰਨਾਰਥੀਆਂ ਦੇ ਦਿਲ ਕੰਬਾਊ ਹਾਲਤਾਂ ਦਾ ਵਰਣਨ ਮਿਲਦਾ ਹੈ, ਇਸ ਨੂੰ ਵੀ ਲੋਕਾਂ ਨੇ ਬਹੁਤੀ ਹੱਲਾਸ਼ੇਰੀ ਨਹੀਂ ਦਿੱਤੀ।

67

ਬੁੱਧ ਦੀ ਖੋਜ

ਅੱਜ ਬੁੱਧ ਪੁੰਨਿਆ ਹੈ। ਇਸ ਦਿਨ ਬੁੱਧ ਦਾ ਜਨਮ ਹੋਇਆ, ਇਸ ਦਿਨ ਬੁੱਧ ਦੀ ਮੌਤ ਹੋਈ, ਇਸ ਦਿਨ ਬੁੱਧ ਨੂੰ ਨਿਰਵਾਣ ਪ੍ਰਾਪਤ ਹੋਇਆ। ਇਸ ਲਿਹਾਜ਼ ਨਾਲ ਅੱਜ ਦਾ ਦਿਨ ਬੜਾ ਪਵਿੱਤਰ ਹੈ। ਅੱਜ ਦੇ ਦਿਨ ਦੁਨੀਆ 'ਤੇ ਇਕ ਨਵੇਂ ਸ਼ਬਦ ਦਾ ਜਨਮ ਹੋਇਆ- ਨਿਰਵਾਣ। ਮੈਂ ਅੱਜ ਸੋਚ ਰਿਹਾ ਸਾਂ ਕਿ ਸ਼ਬਦ ਦੀ ਹਰ ਮਨੁੱਖ ਨੂੰ ਕਿੰਨੀ ਲੋੜ ਹੁੰਦੀ ਹੈ। ਸ਼ਬਦ ਤੋਂ ਬਿਨਾ ਜ਼ਿੰਦਗੀ ਅਧੂਰੀ ਹੈ। ਸ਼ਬਦ ਸਾਡੇ ਲਈ ਜਨਮ ਤੇ ਮੌਤ ਹੀ ਨਹੀਂ ਸਗੋਂ ਇਹ ਲੋਕ ਤੋਂ ਪਾਰਲੋਕ ਦੀ ਯਾਤਰਾ ਵੀ ਹੈ। ਅਸੀਂ ਹਰ ਰੋਜ਼ ਸ਼ਬਦਾਂ ਵਿਚ ਹੀ ਦੁੱਖ ਸਹਿੰਦੇ, ਸੁੱਖ ਭੋਗਦੇ ਤੇ ਮਨ ਆਈਆਂ ਕਰਦੇ ਹਾਂ। ਬੁੱਧ ਨੇ ਸ਼ਬਦ ਦੀ ਆਤਮਾ ਨੂੰ ਸਮਝ ਲਿਆ ਸੀ। ਏਸੇ ਕਰਕੇ ਉਹ ਬੁੱਧ ਅਰਥਾਤ

ਸ਼ਬਦ ਤੋਂ ਪਾਰ ਚਲਾ ਗਿਆ ਸੀ। ਸ਼ਬਦ ਤੋਂ ਪਾਰ ਜਾਣਾ ਡਾਢਾ ਔਖਾ ਹੈ। ਇਹ ਇਸ਼ਕ ਦੇ ਖੰਡੇ ਦੀ ਧਾਰ 'ਤੇ ਤੁਰਨ ਬਰਾਬਰ ਹੈ। ਮੈਨੂੰ ਇਸਾਬੱਲ ਅਲੈਂਦੇ ਦੀ ਕਹਾਣੀ "ਦੋ ਸ਼ਬਦ" ਯਾਦ ਆ ਰਹੀ ਹੈ। ਸਾਰੇ ਉਹਨੂੰ ਬੇਲਿਸਾ ਕਰੇਪੁਸਕੁਲਾਰੀਓ ਦੇ ਨਾਂ ਨਾਲ ਜਾਣਦੇ ਸਨ, ਹਾਲਾਂਕਿ ਇਹ ਨਾਂ ਨਾ ਤਾਂ ਉਸ ਨੂੰ ਬਪਤਿਸਮੇ ਵਿਚ ਮਿਲਿਆ ਸੀ ਤੇ ਨਾ ਹੀ ਉਹਦੀ ਮਾਂ ਨੇ ਉਹਦਾ ਇਹ ਨਾਂ ਰੱਖਿਆ ਸੀ, ਸਗੋਂ ਉਹਨੇ ਖ਼ੁਦ ਕਾਫ਼ੀ ਖੋਜ-ਬੀਨ ਤੋਂ ਬਾਅਦ ਧੁੱਪ-ਛਾਂ ਤੇ ਸੋਹਣੀ ਸੁਨੱਖੀ ਵਰਗੇ ਕਾਵਿਕ ਖਨਕ ਵਾਲੇ ਸ਼ਬਦਾਂ ਨੂੰ ਲੱਭ ਕੇ ਆਪਣੇ ਇਸ ਨਾਂ ਦਾ ਲਿਬਾਸ ਓੜ ਲਿਆ ਸੀ। ਜ਼ਿੰਦਗੀ ਚਲਾਉਣ ਲਈ ਉਹ ਸ਼ਬਦ ਵੇਚਦੀ ਸੀ। ਪਹਾੜਾਂ ਦੀਆਂ ਠੰਢੀਆਂ, ਬਰਫ਼ੀਲੀਆਂ ਉਚਾਈਆਂ ਤੋਂ ਲੈ ਕੇ, ਸੁਲਗਦੇ ਸਮੁੰਦਰੀ ਤੱਟਾਂ ਤੱਕ ਉਹ ਪੂਰੇ ਮੁਲਕ ਵਿਚ ਘੁੰਮਦੀ। ਮੇਲਿਆਂ, ਮੌਸਮੀ ਬਜ਼ਾਰਾਂ ਤੇ ਹੋਰ ਸਾਂਝੀਆਂ ਥਾਵਾਂ ਉੱਤੇ ਉਹ ਡੇਰਾ ਜਮਾ ਕੇ ਬਹਿ ਜਾਂਦੀ, ਜਿੱਥੇ ਧੁੱਪ

ਅਤੇ ਮੀਂਹ ਤੋਂ ਬਚਣ ਲਈ ਚਾਰ ਡੰਡਿਆਂ 'ਤੇ ਕੋਈ ਪਾਟੀ ਪੁਰਾਣੀ ਤਰਪਾਲ ਜਾਂ ਛਿੱਜਿਆ ਕੱਪੜਾ ਪਾਇਆ ਹੁੰਦਾ। ਉਨ੍ਹਾਂ ਛੱਪਰਾਂ ਹੇਠਾਂ ਉਹ ਆਸਣ ਲਾ ਲੈਂਦੀ ਤੇ ਆਪਣੇ ਗਾਹਕਾਂ ਨੂੰ ਸਲਾਹ ਮਸ਼ਵਰੇ ਦੇਂਦੀ ਨੂੰ, ਓਥੇ ਦੇਖਿਆ ਜਾ ਸਕਦਾ ਸੀ। ਆਪਣਾ ਮਾਲ ਵੇਚਣ ਲਈ ਨਾ ਤਾਂ ਉਹਨੂੰ ਡੱਗੀ ਲਾਉਣੀ ਪੈਂਦੀ ਸੀ ਤੇ ਨਾ ਫੇਰੀ, ਕਿਉਂਕਿ ਵਤਨ ਦਾ ਕੋਨਾ ਕੋਨਾ ਛਾਣ ਚੁੱਕਣ ਤੋਂ ਬਾਅਦ ਹੁਣ ਹਰ ਇਲਾਕੇ ਦੇ ਲੋਕ ਉਹਨੂੰ ਪਛਾਣਨ ਲੱਗ ਪਏ ਸਨ। ਉਨ੍ਹਾਂ ਵਿਚੋਂ ਕਈ ਤਾਂ ਸਾਲ ਭਰ ਅਗਲੇ ਸਾਲ ਆਉਣ ਦੀ ਉਡੀਕ ਕਰਦੇ ਤਾਂ ਜੋ ਉਹਦੇ ਕੋਲੋਂ ਸ਼ਬਦ ਖ਼ਰੀਦ ਸਕਣ। ਅਖੀਰ ਉਹ ਕੱਛ ਵਿਚ ਆਪਣੀ ਗਠੜੀ ਦਬਾਈ ਜਦੋਂ ਕਿਸੇ ਪਿੰਡ ਵਿਚ ਪ੍ਰਗਟ ਹੁੰਦੀ ਤਾਂ ਲੋਕ ਚੁੱਪ ਚਾਪ ਉਹਦੇ ਟਿਕਾਣੇ ਅੱਗੇ ਕਤਾਰ ਬੰਨ੍ਹੀ ਵਾਰੀ ਦੀ ਉਡੀਕ ਕਰਦੇ। ਉਹਦੀਆਂ ਕੀਮਤਾਂ ਵਾਜਬ ਹੁੰਦੀਆਂ ਸਨ। ਪੰਜ ਸੈਂਟਾਵੋ ਵਿਚ ਉਹ ਆਪਣੀ ਯਾਦਦਾਸ਼ਤ ਵਿਚੋਂ ਪੰਕਤੀਆਂ ਘੜ

ਘੜ ਕੇ ਵੇਚਦੀ, ਸੱਤਾਂ ਵਿਚ ਸੁਪਨਿਆਂ ਦਾ ਪੱਧਰ ਸੁਧਾਰਦੀ, ਨੌਆਂ ਵਿਚ ਪ੍ਰੇਮ ਪੱਤਰ ਲਿਖ ਕੇ ਦੇ ਦੇਂਦੀ ਤੇ ਬਾਰਾਂ ਸੈਂਟਾਵਾਂ ਵਿਚ ਤੁਸੀਂ ਆਪਣੇ ਜਾਨੀ ਦੁਸ਼ਮਣਾਂ ਲਈ ਚੋਂਦੀਆਂ ਚੋਂਦੀਆਂ ਗਾਲ੍ਹਾਂ ਉਹਦੇ ਕੋਲੋਂ ਖ਼ਰੀਦ ਸਕਦੇ ਸੌ। ਇਸ ਤੋਂ ਇਲਾਵਾ ਉਹਦੇ ਕੋਲ ਕਹਾਣੀਆਂ ਵੀ ਹੁੰਦੀਆਂ ਜਿਨ੍ਹਾਂ ਨੂੰ ਉਹ ਲੋੜਵੰਦਾਂ ਨੂੰ ਵੇਚਦੀ। ਘੜੀਆਂ ਹੋਈਆਂ ਨਹੀਂ ਬਿਲਕੁਲ ਸੱਚੀਆਂ ਤੇ ਲੰਮੀਆਂ ਕਹਾਣੀਆਂ, ਜਿਨ੍ਹਾਂ ਦਾ ਇਕ ਵੀ ਸ਼ਬਦ ਭੁੱਲਿਆਂ ਬਗੈਰ ਉਹ ਇਕੋ ਵਾਰੀ ਵਿਚ ਸਾਰੀ ਕਹਾਣੀ ਸੁਣਾ ਦੇਂਦੀ। ਇਸ ਤਰ੍ਹਾਂ ਉਹਦੇ ਰਾਹੀਂ ਇਕ ਸ਼ਹਿਰ ਦੀ ਖ਼ਬਰ ਦੂਸਰੇ ਪਿੰਡ ਜਾ ਪਹੁੰਚਦੀ। ਉਹਨੂੰ ਵੱਖਰੇ ਪੈਸੇ ਦੇ ਕੇ ਲੋਕ ਆਪਣੇ ਵੱਲੋਂ ਇਕ ਅੱਧ ਪੰਕਤੀ ਹੋਰ ਜੁੜਵਾ ਲੈਂਦੇ, ਜਿਵੇਂ ਕਿਸੇ ਦੇ ਘਰ ਮੁੰਡਾ ਹੋਇਆ ਹੁੰਦਾ, ਕਿਸੇ ਦੇ ਘਰ ਕੋਈ ਮੌਤ ਹੋਈ ਹੁੰਦੀ, ਕਿਸੇ ਦੀ ਬੇਟੀ ਦਾ ਵਿਆਹ ਤੈਅ ਹੋ ਗਿਆ ਹੁੰਦਾ ਜਾਂ ਇਸ ਵਾਰੀ ਸਾਰੀ ਫ਼ਸਲ ਤਬਾਹ ਹੋ ਗਈ ਹੁੰਦੀ ਆਦਿ।

ਉਹ ਜਿੱਥੇ ਵੀ ਜਾਂਦੀ, ਉਹਨੂੰ ਸੁਣਨ ਲਈ ਓਥੇ ਵੱਡੀ ਭੀੜ ਉਹਦੇ ਆਲ਼ੇ ਦੁਆਲੇ ਇਕੱਠੀ ਹੋ ਜਾਂਦੀ। ਇਸ ਤਰ੍ਹਾਂ ਲੋਕਾਂ ਨੂੰ ਪਤਾ ਲੱਗ ਜਾਂਦਾ ਕਿ ਦੂਸਰੇ ਲੋਕ ਕੀ ਕੁਝ ਕਰ ਰਹੇ ਹਨ, ਦੂਰ ਦੁਰਾਡੇ ਦੇ ਰਿਸ਼ਤੇਦਾਰਾਂ ਦਾ ਹਾਲ ਚਾਲ ਕੀ ਹੈ ਤੇ ਗ੍ਰਹਿ ਯੁੱਧ ਵਿਚ ਕਿਥੇ ਕੀ ਹੋ ਰਿਹਾ ਹੈ। ਜਿਹੜਾ ਵੀ ਉਹਦੇ ਕੋਲੋਂ ਪੰਜਾਹ ਸੈਂਟਾਵੋ ਦਾ ਸਮਾਨ ਖ਼ਰੀਦਦਾ, ਉਹਨੂੰ ਉਹ ਉਦਾਸੀ ਤੇ ਮਾਯੂਸੀ ਵਿਚੋਂ ਬੱਚ ਨਿਕਲਣ ਲਈ ਇਕ ਖ਼ੁਫ਼ੀਆ ਸ਼ਬਦ ਤੋਹਫੇ ਵਜੋਂ ਮੁਫ਼ਤ ਦੇਂਦੀ। ਜ਼ਾਹਰ ਹੈ ਕਿ ਉਹ ਹਰ ਇਕ ਨੂੰ ਇਹ ਸ਼ਬਦ ਇਕੋ ਜਿਹਾ ਨਹੀਂ ਸੀ ਦੇ ਸਕਦੀ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਇਸ ਨੂੰ ਸਮੂਹਿਕ ਧੋਖਾ ਮੰਨਿਆ ਜਾਂਦਾ। ਹਰ ਇਕ ਨੂੰ ਆਪਣਾ ਨਿੱਜੀ ਸ਼ਬਦ ਇਸ ਵਿਸ਼ਵਾਸ ਨਾਲ ਪ੍ਰਾਪਤ ਹੁੰਦਾ ਸੀ ਕਿ ਦੋਹਾਂ ਜਹਾਨਾਂ ਵਿਚ ਕੋਈ ਵੀ ਦੂਸਰਾ ਵਿਅਕਤੀ ਉਸ ਦਾ ਖਾਸ ਤਰੀਕੇ ਨਾਲ਼ ਇਸਤੇਮਾਲ ਜਾਂ ਉਹਦੀ ਦੁਰਵਰਤੋਂ ਕਰਨ ਦਾ ਹੀਆ ਨਹੀਂ ਸੀ ਕਰ ਸਕਦਾ। ਇਕ

ਦਿਨ ਬੇਲਿਸਾ ਕਰੇਪੁਸਕੁਲਾਰੀਓ ਨੂੰ ਇਸ ਗੱਲ ਦਾ ਇਲਮ ਹੋਇਆ ਕਿ ਦੁਨੀਆ ਵਿਚ ਸ਼ਬਦ ਬਿਨਾ ਕਿਸੇ ਮਾਲਕ ਦੇ ਅਜ਼ਾਦ ਘੁੰਮਦੇ ਫਿਰਦੇ ਹਨ ਤੇ ਥੋੜ੍ਹੀ ਜਿਹੀ ਅਕਲ ਰੱਖਣ ਵਾਲਾ ਕੋਈ ਵੀ ਵਿਅਕਤੀ ਉਨ੍ਹਾਂ ਨੂੰ ਆਪਣੀ ਮਰਜ਼ੀ ਅਨੁਸਾਰ ਸਾਧ ਕੇ ਉਨ੍ਹਾਂ ਦੀ ਤਜਾਰਤ ਕਰ ਸਕਦਾ ਹੈ।”

ਪੋਸਟ ਸਕਰਿਪਟ

ਇਹ ਹੈ ਸ਼ਬਦ ਦਾ ਭੇਦ ਤੇ ਇਹੀ ਹੈ ਸ਼ਬਦ ਦੀ ਮਾਇਆ ਜਿਸ ਆਸਰੇ ਮਨੁੱਖ ਨੇ ਲੱਖਾਂ ਵਰ੍ਹਿਆਂ ਦਾ ਸਫ਼ਰ ਤੈਅ ਕੀਤਾ ਹੈ ਤੇ ਇਸ ਕਾਇਨਾਤ ਦਾ ਸਿਕਦਾਰ ਬਣਿਆ ਹੈ। ਬੁੱਧ ਦੇ ਜਨਮ, ਮੌਤ ਤੇ ਨਿਰਵਾਣ ਮੌਕੇ ਸ਼ਬਦ ਨੂੰ ਲੱਭਣ ਤੁਰਨਾ ਬੁੱਧ ਨੂੰ ਖੋਜਣ ਬਰਾਬਰ ਹੈ। ਸਾਨੂੰ ਆਪਣੇ ਅੰਦਰੋਂ ਸ਼ਬਦ ਨੂੰ ਲੱਭਣਾ ਚਾਹੀਦਾ, ਓਸੇ ਸ਼ਬਦ ’ਤੇ ਸਕਾਰ ਬੁੱਧ ਬੈਠਾ ਨਜ਼ਰ ਆਏਗਾ।

68

ਇਨਕਲਾਬੀ ਯੋਧੇ ਦਾ ਚਲਾਣਾ

ਕੋਰੋਨਾ ਮਹਾਮਾਰੀ ਦੇ ਇਸ ਦੌਰ ਵਿਚ ਦੁਨੀਆ ਜਿਸ ਮੋੜ ’ਤੇ ਖੜੀ ਹੈ, ਓਥੋਂ ਅੱਗੇ ਜਾਣ ਲਈ ਉਸ ਨੂੰ ਇਕ ਇਨਕਲਾਬ ਦੀ ਲੋੜ ਹੈ। ਪਰ ਇਹਦੇ ਰਾਹ ਵਿਚ ਅਨੇਕਾਂ ਰੁਕਾਵਟਾਂ ਵੀ ਹਨ। ਭੂਤ ਕਾਲ ਵਿਚ ਆਏ ਇਨਕਲਾਬਾਂ ਨੇ ਦੁਨੀਆ ਨੂੰ ਬਦਲਿਆ ਹੈ। ਅੱਜ ਇਤਿਹਾਸ ਨੂੰ ਇਕ ਮੁਕੰਮਲ ਅਤੇ ਪਾਏਦਾਰ ਇਨਕਲਾਬ ਦੀ ਲੋੜ ਹੈ ਜੋ ਮਨੁੱਖ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਦੇ ਨਾਲ ਨਾਲ ਇਸ ਧਰਤੀ ’ਤੇ ਮਨੁੱਖ ਦੀ ਸਿਕਦਾਰੀ ਨੂੰ ਵੀ ਕਾਇਮ ਰੱਖ ਸਕੇ। ਜਲਦੀ ਹੀ ਉਹ ਵੇਲਾ ਆਉਣ ਵਾਲਾ ਹੈ ਜਦੋਂ ਸਰਮਾਏਦਾਰੀ ਆਪਣੇ ਭਾਰ ਨਾਲ ਡਿੱਗੇਗੀ ਤੇ ਲੋਕ ਤਾਕਤਾਂ ਧਰਤੀ, ਵਾਤਾਵਰਣ ਤੇ ਮਨੁੱਖ ਦੀ ਹੋਂਦ ਨੂੰ ਬਚਾਉਣ ਲਈ ਅੱਗੇ

ਆ ਜਾਣਗੀਆਂ। ਅਜਿਹਾ ਸਭ ਕੁਝ ਤੇ ਹੋਰ ਬਹੁਤ ਸਾਰਾ ਚਿੰਤਨੀ ਲੇਖਾ ਜੋਖਾ ਉੱਘੇ ਲੇਖਕ ਤੇ ਇਤਿਹਾਸਕਾਰ ਸ਼੍ਰੀ ਲਾਲ ਬਹਾਦਰ ਵਰਮਾ ਨੇ ਆਪਣੀ ਪ੍ਰਸਿੱਧ ਕਿਤਾਬ 'ਅਧੂਰੀ ਕ੍ਰਾਂਤੀਆਂ ਦਾ ਇਤਿਹਾਸ ਬੋਧ' ਵਿਚ ਕੀਤਾ ਹੈ। ਲਾਲ ਬਹਾਦਰ ਵਰਮਾ ਦਾ ਜਨਮ 10 ਜਨਵਰੀ, 1938 ਨੂੰ ਹੋਇਆ। ਬਹੁਤਾ ਸਮਾਂ ਉਨ੍ਹਾਂ ਨੇ ਇਲਾਹਾਬਾਦ ਯੂਨੀਵਰਸਿਟੀ ਵਿਚ ਗੁਜ਼ਾਰਿਆ ਤੇ ਓਥੋਂ ਹੀ ਬਤੌਰ ਪ੍ਰੋਫੈਸਰ ਸੇਵਾ ਮੁਕਤ ਹੋਏ। ਕੁਝ ਦਿਨ ਪਹਿਲਾਂ ਕੋਰੋਨਾ ਉਨ੍ਹਾਂ ਨੂੰ ਨਿਗਲ ਗਿਆ। ਅਸੀਂ ਬੜੇ ਖ਼ਤਰਨਾਕ ਸਮਿਆਂ ਦੇ ਗਵਾਹ ਹਾਂ ਜਦੋਂ ਮਹਾਮਾਰੀ ਦੁਨੀਆ ਦੀ ਇਕ ਤੋਂ ਬਾਅਦ ਇਕ ਬੌਧਿਕ ਵਿਰਾਸਤ ਨੂੰ ਨਿਗਲ਼ਦੀ ਜਾ ਰਹੀ ਹੈ ਤੇ ਅਸੀਂ ਬੇਬਸੀ ਦੇ ਆਲਮ ਵਿਚ ਹੱਥ ਮਲਦੇ ਰਹਿ ਜਾਂਦੇ ਹਾਂ। ਵਰਮਾ ਜੀ ਨਾਲ ਕਦੇ ਕਤਾਈਂ ਭਾਵੇਂ ਥੋੜ੍ਹੀ ਗੱਲਬਾਤ ਹੁੰਦੀ ਸੀ ਪਰ ਉਨ੍ਹਾਂ ਕੋਲ ਹਮੇਸ਼ਾ ਵੱਡੇ ਸੁਪਨੇ ਹੁੰਦੇ। ਉਹ ਲਗਾਤਾਰ ਕੰਮ ਵਿਚ ਜੁਟੇ ਰਹਿੰਦੇ। ਜੇ ਮੌਲਿਕ ਕੰਮ

ਨਹੀਂ ਕਰ ਰਹੇ ਤਾਂ ਅਨੁਵਾਦ ਕਰ ਰਹੇ ਹੁੰਦੇ। ਉਨ੍ਹਾਂ ਕੋਲ ਕਹਿਣ ਲਈ ਬੜਾ ਕੁਝ ਹੁੰਦਾ। ਇਤਿਹਾਸ, ਸਾਹਿਤ, ਰਾਜਨੀਤੀ ਵਿਚ ਉਨ੍ਹਾਂ ਦੀ ਵਿਸ਼ੇਸ਼ ਦਿਲਚਸਪੀ ਸੀ। ਅਨੁਵਾਦ ਦੇ ਖੇਤਰ ਵਿਚ ਉਨ੍ਹਾਂ ਨੇ ਵਿਕਟਰ ਹਿਊਗੋ ਦੇ ਨਾਵਲ ਵਿਪਦਾ ਕੇ ਮਾਰੇ, ਹਾਰਵਰਡ ਫਾਸਟ ਦੇ ਚਾਰ ਨਾਵਲ ਐਪਰਲ ਮਾਰਨਿੰਗ, ਸਿਟੀਜ਼ਨ ਟਾਮ ਪੈਨ, ਅਪਰਾਜਿਤ ਅਤੇ ਅਮੈਰੀਕਨ, ਜੈਕ ਲੰਦਨ ਦੇ ਆਇਰਨ ਹੀਲ, ਤੋਂ ਇਲਾਵਾ ਆਰਥਰ ਮਾਰਵਿਕ ਦੀ ਨੇਚਰ ਆਫ਼ ਹਿਸਟਰੀ, ਕਰਿਸ ਹਰਮਨ ਦੀ ਪੀਪਲਜ਼ ਹਿਸਟਰੀ ਆਫ਼ ਦ ਵਰਲਡ, ਤੇ ਐਰਿਕ ਹਾਬਸਬਾਮ ਦੀ ਦ ਏਜ ਆਫ਼ ਰੈਵੋਲਿਊਸ਼ਨ, ਜਾਨ ਹਲਾਵੇ ਦੀ ਚੀਖ਼, ਕ੍ਰਾਂਤੀਆਂ ਤੋ ਹੋਂਗੀ ਹੀ ਦੇ ਅਨੁਵਾਦ ਕੀਤੇ। ਪਹਿਲਾਂ ਹਿੰਦੀ ਪੱਤ੍ਰਿਕਾ ‘ਭੰਗਿਮਾ’ ਤੇ ਫਿਰ ‘ਇਤਿਹਾਸ ਬੋਧ’ ਦਾ ਸੰਪਾਦਨ। ਮੌਲਿਕ ਨਾਵਲਾਂ ਵਿਚ ਚਰਚਿਤ ਉੱਤਰ ਪੂਰਬ, ਮਈ ਅਠਸਠ ਪੈਰਿਸ, ਜ਼ਿੰਦਗੀ ਨੇ ਏਕ ਦਿਨ ਕਹਾ ਸ਼ਾਮਲ ਹਨ। ਸਵੈ

ਜੀਵਨੀ ਜੀਵਨ ਪ੍ਰਵਾਹ ਮੇਂ ਬਹਿਤੇ ਹੂਏ। ਇਸ ਕ੍ਰਾਂਤੀਕਾਰੀ ਯੋਧੇ ਨੂੰ ਸ਼ਰਧਾਂਜਲੀ। ਉਨ੍ਹਾਂ ਦੀਆਂ ਲਿਖਤਾਂ ਸਦਾ ਅਵਾਮ ਦੀ ਅਗਵਾਈ ਕਰਦੀਆਂ ਰਹਿਣਗੀਆਂ।

69

ਦੁਨੀਆ ਦੇ ਕਿਸਾਨੀ ਸੰਕਟ ਦੀ ਨਿਸ਼ਾਨਦੇਹੀ

ਹਿੰਦੁਸਤਾਨ ਵਿਚ ਕਿਸਾਨੀ ਵੱਡੇ ਸੰਕਟ ਵਿਚ ਘਿਰੀ ਹੋਈ ਹੈ। ਕੇਂਦਰ ਵੱਲੋਂ ਬਣਾਏ ਖੇਤੀ ਕਾਨੂੰਨ, ਜਿਨ੍ਹਾਂ ਨੂੰ ਕਾਲੇ ਕਨੂੰਨਾਂ ਵਜੋਂ ਆਮ ਕਿਸਾਨੀ ਜਾਣਦੀ ਹੈ, ਦਰਅਸਲ ਉਹ ਮੂਲ ਰੂਪ ਵਿਚ ਤਜਾਰਤੀ ਕਾਨੂੰਨ ਹਨ। ਅਜਿਹੇ ਕਾਨੂੰਨ ਦੁਨੀਆ ਦੇ ਹੋਰ ਵੀ ਕਈਆਂ ਹਿੱਸਿਆਂ ਵਿਚ ਬਣੇ ਹਨ ਤੇ ਓਥੇ ਕਾਰਪੋਰੇਟ ਘਰਾਣਿਆਂ ਨੇ ਯਕਮੁਸ਼ਤ ਜ਼ਮੀਨਾਂ 'ਤੇ ਕਬਜ਼ੇ ਕਰਕੇ ਲੋਕਾਂ ਨੂੰ ਹੀ ਨਹੀਂ ਸਗੋਂ ਪੂਰੇ ਦੇ ਪੂਰੇ ਦੇਸ਼ਾਂ ਨੂੰ ਕੰਗਾਲ ਕਰ ਦਿੱਤਾ ਹੈ। ਮੱਧ ਅਮਰੀਕਾ ਦੀ ਇਸ ਬਾਰੇ ਮਿਸਾਲ ਲਈ ਜਾ ਸਕਦੀ ਹੈ। ਉਨ੍ਹਾਂ ਦੇਸ਼ਾਂ ਦੇ ਸ਼ਾਸਕਾਂ, ਲੋਕਤੰਤਰੀ ਲੀਡਰਾਂ ਅਤੇ ਡਿਕਟੇਟਰਾਂ ਨੇ ਬਰਾਮਦਾਂ ਵਧਾਉਣ ਲਈ ਓਥੋਂ ਦੀ ਖੇਤੀ ਨੂੰ ਵਿਆਪਕ ਰੂਪ ਵਿਚ ਕੌਫ਼ੀ ਅਤੇ ਕੇਲੇ ਦੀ

ਖੇਤੀ ਵੱਲ ਮੋੜਾ ਦਿੱਤਾ ਭਾਵ ਫ਼ਸਲੀ ਵਿਭਿੰਨਤਾ ਵਾਲੀ ਨੀਤੀ ਅਤੇ ਬਜ਼ਾਰ ਨਾਲ ਸਮਤੋਲ ਰੱਖਣ ਵਾਲੀ ਯੋਜਨਾਬੰਦੀ ਅਮਲ ਵਿਚ ਲਿਆਂਦੀ। ਪਹਿਲਾਂ ਕੀਤੀ ਜਾ ਰਹੀ ਗੰਨੇ ਦੀ ਕਾਸ਼ਤ ਵਾਂਗ ਕੌਫ਼ੀ ਤੇ ਕੇਲੇ ਦੀ ਖੇਤੀ ਤੇ ਇਹਦੀ ਵਪਾਰਕ ਮੰਡੀ ਰਾਹੀਂ ਬਰਾਮਦ ਕਰਨ ਤੇ ਇਸ ਤੋਂ ਵੱਡਾ ਮੁਨਾਫ਼ਾ ਉਗਰਾਹੁਣ ਦਾ ਇਸ ਨੂੰ ਜ਼ਰੀਆ ਬਣਾਇਆ। ਇਸ ਦੀ ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਖੇਤੀ ਦੇ ਇਸ ਕਾਰੋਬਾਰੀ ਬਜ਼ਾਰ ਦੀ ਬਦੌਲਤ ਛੋਟੇ ਛੋਟੇ ਭੌਂ ਮਾਲਕਾਂ ਅਥਵਾ ਨਿਮਨ ਕਿਸਾਨੀ ਦੀਆਂ ਜ਼ਮੀਨਾਂ ਹਥਿਆ ਕੇ ਉਨ੍ਹਾਂ ਦੀ ਮਾਲਕੀ ਕਾਰਪੋਰੇਟਾਂ ਦੇ ਉਨ੍ਹਾਂ ਕੌਮਾਂਤਰੀ ਗਰੋਹਾਂ ਦੇ ਹੱਥ ਫੜਾ ਦਿੱਤੀ, ਜਿਨ੍ਹਾਂ ਦੀ ਰਾਜਕਰਤਿਆਂ ਅਤੇ ਡਿਕਟੇਟਰਾਂ ਨਾਲ ਸਾਂਝ ਭਿਆਲੀ ਤੇ ਵਪਾਰਕ ਦੋਸਤੀ ਸੀ। ਸਿੱਟੇ ਵਜੋਂ ਖੇਤਾਂ ਦੇ ਮਾਲਕ-ਕਿਸਾਨਾਂ ਦੀ ਹੈਸੀਅਤ ਮੁਜ਼ਾਰਿਆਂ ਵਾਲੀ ਹੋ ਗਈ ਤੇ ਨਾਲ ਹੀ ਸ਼ੁਰੂ ਹੋ ਗਿਆ ਉਨ੍ਹਾਂ ਦਾ ਸ਼ੋਸ਼ਣ। ਉਨ੍ਹਾਂ ਉੱਤੇ ਜ਼ੁਲਮ ਕਰਨ ਤੇ

ਦਮਨ ਦੇ ਨਵੇਂ ਨਵੇਂ ਤਰੀਕਿਆਂ ਨਾਲ ਅਜਿਹੇ ਕਾਨੂੰਨ ਘੜੇ ਗਏ ਤਾਂ ਜੋ ਉਹ ਸਦਾ ਲਈ ਇਸ ਆਰਥਕ ਗ਼ੁਲਾਮੀ ਦੀਆਂ ਜੰਜ਼ੀਰਾਂ ਵਿਚ ਜਕੜੇ ਰਹਿਣ। ਇਸ ਦੀ ਸਭ ਤੋਂ ਵੱਡੀ ਮਿਸਾਲ ਹੈ ਮੱਧ ਅਮਰੀਕਾ ਵਿਚ ਕੇਲੇ ਦੀ ਕਾਸ਼ਤ ਦਾ ਵਪਾਰ, ਜਿਸ ਦੀ ਸਮੁੱਚੀ ਜ਼ਿੰਮੇਵਾਰੀ ਅਮਰੀਕਾ ਦੀ ਬੋਸਟਨ ਵਿਚਲੀ ਕਾਰਪੋਰੇਟ ਯੂਨਾਈਟਿਡ ਫਰੂਟ ਕੰਪਨੀ ਨੂੰ ਸੌਂਪ ਦਿੱਤੀ ਗਈ। ਸਮੇਂ ਦੇ ਫੇਰ ਨਾਲ ਇਸ ਕੰਪਨੀ ਦਾ ਕੱਦ (ਸਾਡੇ ਆਪਣੇ ਦੇਸ਼ ਵਿਚ ਸਰਕਾਰ ਦੀਆਂ ਚਹੇਤੀਆਂ ਕੰਪਨੀਆਂ ਅੰਬਾਨੀਆਂ ਤੇ ਅਡਾਨੀਆਂ ਵਾਂਗ) ਓਥੋਂ ਦੇ ਰਾਜਕਰਤਿਆਂ ਨਾਲੋਂ ਵੀ ਵੱਡਾ ਹੋ ਗਿਆ ਤੇ ਉਹ ਦੇਸ਼ ਕਰਜ਼ੇ, ਬਦਹਾਲੀ ਅਤੇ ਨਿਮਾਣਿਆਂ, ਨਿਤਾਣਿਆਂ 'ਤੇ ਅਤਿਆਚਾਰ ਕਰਨ ਵਾਲਾ ਬਣ ਗਿਆ। ਓਧਰ ਇਕੱਲੀ ਯੂਨਾਈਟਿਡ ਫਰੂਟ ਕੰਪਨੀ ਕੇਲੇ ਦੇ ਸਮੁੱਚੇ ਵਪਾਰ ਦੇ ਨਾਲ ਨਾਲ ਉਸ ਦੇਸ਼ ਵਿਚਲੀ 35 ਲੱਖ ਏਕੜ ਜ਼ਮੀਨ ਦੀ ਮਾਲਕ ਬਣ ਗਈ।

ਪੂੰਜੀ ਦਾ ਏਡਾ ਵੱਡਾ ਏਕਾਧਿਕਾਰ ਸ਼ਾਇਦ ਹੀ ਕਿਤੇ ਹੋਰ ਵੇਖਣ ਨੂੰ ਮਿਲੇ। ਇਹ ਕਾਰਪੋਰੇਟੀ ਕੰਪਨੀ ਆਪਣੀ ਆਰਥਕ ਤਾਕਤ ਨਾਲ ਸਰਕਾਰ ਦੀਆਂ ਆਰਥਕ ਨੀਤੀਆਂ ਨੂੰ ਇਸ ਹੱਦ ਤਕ ਪ੍ਰਭਾਵਿਤ ਕਰਨ ਲੱਗੀ ਕਿ ਇਨ੍ਹਾਂ ਦੇਸ਼ਾਂ ਨੂੰ ਅਕਸਰ 'ਕੇਲਾ ਜਨਤੰਤਰ' ਜਾਂ 'ਬਨਾਨਾ ਰਿਪਬਲਿਕ' ਕਿਹਾ ਜਾਣ ਲੱਗਾ। ਕੌਫ਼ੀ ਅਤੇ ਹੋਰ ਪ੍ਰਕਿਰਤਿਕ ਸੋਮਿਆਂ ਦੀ ਕਹਾਣੀ ਇਸ ਤੋਂ ਵੱਖਰੀ ਨਹੀਂ। ਜਰਮਨ ਗਲੋਬਲ ਇੰਸਟੀਚਿਊਟ ਅਨੁਸਾਰ ਮੱਧ ਅਮਰੀਕਾ ਵਿਚ ਦੋ ਸੌ ਵਰ੍ਹਿਆਂ ਦੀ ਸਮਾਜਕ ਅਸਥਿਰਤਾ, ਹਿੰਸਕ ਸੰਘਰਸ਼ਾਂ ਅਤੇ ਰਾਜਨੀਤਕ ਕ੍ਰਾਂਤੀਆਂ ਤੋਂ ਬਾਅਦ ਵੀ ਵਿਆਪਕ ਸਮਾਜਕ ਤਬਦੀਲੀ ਨਹੀਂ ਆਈ। ਗ਼ਰੀਬੀ, ਸਮਾਜਕ ਅਨਿਆਂ ਅਤੇ ਹਿੰਸਾ ਦਾ ਓਥੇ ਬੋਲਬਾਲਾ ਹੈ। ਨਿਕਾਰਾਗੂਆ ਅੱਜ ਛੋਟੇ ਜਿਹੇ ਮੁਲਕ ਹੈਤੀ ਤੋਂ ਬਾਅਦ ਦੁਨੀਆ ਦਾ ਸਭ ਤੋਂ ਗ਼ਰੀਬ ਦੇਸ਼ ਹੈ ਅਤੇ ਨਾਲ ਹੀ ਗੁਆਟੇਮਾਲਾ, ਐੱਲ ਸਲਵਾਡੋਰ ਵੀ ਇਨ੍ਹਾਂ ਤੋਂ ਬਹੁਤੇ ਪਿਛੇ

ਨਹੀਂ। ਅੱਜ ਹਿੰਦੁਸਤਾਨ ਦੀ ਕਿਸਾਨੀ ਵੀ ਅਜਿਹੇ ਹੀ ਤੌਖਲਿਆਂ ਤੇ ਭਵਿੱਖ ਦੀ ਤਬਾਹੀ ਤੋਂ ਡਰੀ ਲੰਮਾ ਤੇ ਫ਼ੈਸਲਾਕੁਨ ਸੰਘਰਸ਼ ਕਰ ਰਹੀ ਹੈ। ਉਸ ਨੂੰ ਇਸ ਸੰਘਰਸ਼ ਲਈ ਦੁਨੀਆ ਭਰ ਵਿਚਲੇ ਅਜਿਹੇ ਵਰਤਾਰਿਆਂ ਪ੍ਰਤੀ ਜਾਗਰੂਕ ਹੋਣਾ ਪਏਗਾ ਤੇ ਉਨ੍ਹਾਂ ਦੇ ਸੰਘਰਸ਼ਾਂ ਤੋਂ ਸੇਧ ਲੈ ਕੇ ਵਿਓਂਤਬੰਦੀ ਕਰਨੀ ਪਏਗੀ ਤਾਂ ਜੋ ਯਕੀਨੀ ਜਿੱਤ ਦੇ ਨਾਲ ਨਾਲ ਭਵਿੱਖ ਸੁਰੱਖਿਅਤ ਕੀਤਾ ਜਾ ਸਕੇ। ਇਸ ਬਾਰੇ ਪ੍ਰਸਿੱਧ ਕਵੀ ਪਾਬਲੋ ਨਰੂਦਾ ਦੀ ਲੰਮੀ ਕਵਿਤਾ ਵਿਚੋਂ ਕੁਝ ਪੰਕਤੀਆਂ ਦਾ ਪਾਠ ਕੀਤਾ ਜਾ ਸਕਦਾ ਹੈ :

ਪੋਸਟ ਸਕਰਿਪਟ

ਕਾਟੋ ਜਨਰਲ/ਪਾਬਲੋ ਨਰੂਦਾ

ਜਦੋਂ ਬਿਗਲ ਵੱਜਿਆ

ਤੇ ਧਰਤੀ ਮੁਕੰਮਲ ਹੋ ਗਈ

ਤਾਂ (ਜੇਹੋਵਾਹ)ਪ੍ਰਭੂ ਨੇ ਇਸ ਨੂੰ ਦੇ ਦਿੱਤਾ

ਅੰਨਾਕੌਂਡਾ ਦੇ ਨਾਲ ਨਾਲ, ਕੋਕਾ ਕੋਲਾ ਕੰਪਨੀ ,

ਫੋਰਡ ਕਾਰਪੋਰੇਸ਼ਨ ਤੇ ਦੂਸਰੇ ਕਾਰਪੋਰੇਟਾਂ ਨੂੰ

ਤੇ ਯੂਨਾਈਟਿਡ ਫਰੂਟ ਕੰਪਨੀ ਲਈ ਰੱਖ ਛੱਡਿਆ

ਜ਼ਮੀਨ ਦਾ ਸਭ ਤੋਂ ਕੀਮਤੀ ਮਾਂਸਲ ਤੇ ਲਜੀਜ਼

ਅਮਰੀਕਾ ਦੀ ਕਮਰ ਦਾ ਹੇਠਲਾ ਹਿੱਸਾ

ਉਹਨੂੰ ਬਪਤਿਸਮੇ ਵਿਚ ਨਾਂ ਦਿੱਤਾ-

ਬਨਾਨਾ ਰਿਪਬਲਿਕ

ਪਰਚਮਾਂ ਨਾਲ ਮਹਾਨ ਅਜ਼ਾਦੀ ਲਿਆਉਣ ਵਾਲੇ

ਬੇਚੈਨ ਨਾਇਕਾਂ

ਤੇ ਧਰਤੀ ਦੀ ਕੁੱਖ ਵਿਚ ਸੁੱਤੇ

ਮੋਇਆਂ ਦੀਆਂ ਕਬਰਾਂ ‘ਤੇ

ਖੇਡਿਆ ਗਿਆ ਭਿਆਨਕ ਓਪੇਰਾ

ਤਾਨਾਸ਼ਾਹਾਂ ਦੀਆਂ ਭਿਣਭਿਣਾਉਂਦੀਆਂ

ਖ਼ੂਨ ਪੀਣੀਆਂ ਮੱਖੀਆਂ ਸਾਹਮਣੇ

ਫਰੂਟ ਕੰਪਨੀ ਦੇ ਜਹਾਜ਼

ਲੱਦ ਲੱਦ ਲਿਜਾਂਦੇ ਰਹੇ

ਡੁੱਬਦੇ ਦੇਸ਼ ਦੀ

ਸਾਰੀ ਕੌਫ਼ੀ, ਸਾਰੇ ਫਲ਼...

ਤੇ ਆਪਣੇ ਪਿਛੇ ਛੱਡ ਜਾਂਦੇ ਰਹੇ

ਕੂੜੇ ਕਰਕਟ ਦੇ ਢੇਰਾਂ ਵਿਚ ਸੁੱਟੇ ਹੋਏ

ਕੁਝ ਗਲੇ ਸੜੇ, ਅੱਧਖਾਧੇ, ਮਰੇ ਹੋਏ ਬਚੇ ਟੁਕੜੇ...

70

ਚਲਾਕ ਲੂੰਬੜੀ ਤੇ ਕਾਂ

ਕੋਰੋਨਾ ਯੁੱਗ ਵਿਚ ਲੋਕ ਚੂਹਿਆਂ ਵਾਂਗ ਮਰ ਰਹੇ ਹਨ। ਹਰ ਕਿਸੇ ਦਾ ਸਾਹ ਘੁੱਟ ਰਿਹਾ, ਹਸਪਤਾਲਾਂ ਵਿਚ ਆਕਸੀਜਨ ਖ਼ਤਮ ਹੈ, ਬੈੱਡ ਖ਼ਤਮ ਹਨ, ਵੈਂਟੀਲੇਟਰ ਸਾਹ-ਸਤਹੀਣ ਹਨ। ਬਜ਼ਾਰਾਂ ਵਿਚ ਦਵਾਈਆਂ ਦੀ ਕਾਲਾ-ਬਜ਼ਾਰੀ ਹੋ ਰਹੀ ਹੈ। ਲੋਕ ਮਾਨਸਿਕ ਤੌਰ ’ਤੇ ਟੁੱਟੇ ਨਾ ਜਿਉਂਦਿਆਂ ਵਿਚ ਹਨ ਨਾ ਮਰਿਆਂ ਵਿਚ। ਦਰਿਆਵਾਂ ਵਿਚ ਰੁੜ੍ਹਦੀਆਂ ਲਾਸ਼ਾਂ ’ਤੇ ਰਾਜਨੀਤੀ ਹੋ ਰਹੀ ਹੈ। ਹਰ ਕੋਈ ਇਹੀ ਚਾਹੁੰਦਾ ਕਿ ਲਾਸ਼ਾਂ ਦਾ ਸਿਆਪਾ ਉਹਦੇ ਗੱਲ ਨਾ ਪਵੇ। ਵੋਟਾਂ ਦੀ ਰੁੱਤ ਹੈ ਕੌਣ ਲਾਸ਼ਾਂ ਦੀ ਗਿਣਤੀ ਮਿਣਤੀ ਵਿਚ ਪਵੇ। ਚੰਗਾ ਹੈ ਇਨ੍ਹਾਂ ਨੂੰ ਅੱਗੇ ਤੋਂ ਅੱਗੇ ਤੋਰੀ ਜਾਵੋ। ਆਪੇ ਕਿਸੇ ਤਣ-ਪੱਤਣ ਜਾ ਲੱਗਣਗੀਆਂ। ਇਨ੍ਹਾਂ ਨੇ ਕਿਹੜਾ ਹੁਣ ਬੋਲ ਕੇ

ਦੱਸਣਾ ਕਿ ਇਹ ਕਿਥੋਂ ਆਈਆਂ ਹਨ ਤੇ ਕਿਨ੍ਹਾਂ ਨੇ ਇਨ੍ਹਾਂ ਨੂੰ ਜਲ ਸਮਾਧੀ, ਨਹੀਂ ਨਹੀਂ ਜਲ ਦੇ ਸਪੁਰਦ ਕੀਤਾ ਹੈ। ਰਾਤੋ ਰਾਤ ਇਨ੍ਹਾਂ ਨੇ ਤਰ ਕੇ ਅਗਲੇ ਪੱਤਣ ਜਾ ਲੱਗਣਾ। ਡਰਦਿਆਂ ਕਿਸੇ ਨਹੀਂ ਵੇਖਣਾ ਕਿ ਕੀਹਦਾ ਖ਼ਤਨਾ ਹੋਇਐ ਤੇ ਕੀਹਦੇ ਹੱਥ 'ਤੇ ਓਮ ਲਿਖਿਐ। ਗੰਗਾ ਮਈਆ ਸਭ ਦੇ ਪਰਦੇ ਢੱਕਣ ਵਾਲੀ ਦੈਵੀ ਮਾਂ। ਜਾਨਵਰ ਵੀ ਇਹੋ ਜਿਹੀਆਂ ਲਾਸ਼ਾਂ ਦੇਖ ਕੇ ਰੋਣ ਲੱਗਦੇ ਨੇ, ਪਰ ਉਨ੍ਹਾਂ ਦੀ ਅਵਾਜ਼ ਕੌਣ ਸੁਣਦਾ। ਲੋਕ ਤਾਂ ਉਨ੍ਹਾਂ ਦੇ ਰੋਣ ਨੂੰ ਉਂਜ ਹੀ ਨਹਿਸ਼ ਕਹਿਕੇ ਡਾਂਗਾਂ ਫੜ, ਉਨ੍ਹਾਂ ਦੁਆਲੇ ਹੋ ਜਾਂਦੇ ਨੇ। ਇਕ ਲੂੰਬੜੀ ਵੀ ਅਜਿਹੇ ਘਾਟ ਦਾ ਨਜ਼ਾਰਾ ਦੇਖ ਘਬਰਾ ਗਈ। ਉਹਦਾ ਮਨ ਤਾਂ ਕੀਤਾ ਕਿ ਜੰਗਲ ਵਿਚ ਜਾ ਕਿ ਲੁਕ ਜਾਵੇ ਪਰ ਜੰਗਲ ਬਚੇ ਹੀ ਕਿਥੇ ਹਨ। ਲੂੰਬੜੀ ਨੂੰ ਵੀ ਏਧਰ ਓਧਰ ਸਿਰ ਲੁਕਾ ਕੇ ਦਿਨ ਕੱਟਣੇ ਪੈ ਰਹੇ ਹਨ। ਕਾਂ ਹੁਣ ਸਿਆਣੇ ਹੋ ਗਏ ਨੇ। ਉਹ ਲੂੰਬੜੀ ਨੂੰ ਵੇਖ ਕੇ ਪੱਤਰਾ ਵਾਚ ਜਾਂਦੇ ਨੇ। ਇਕ ਦਿਨ ਤਾਂ ਇਕ

ਬੁੱਢੇ ਕਾਂ ਨੇ ਉਹਨੂੰ ਦੇਖਦਿਆਂ ਉੱਚੀ ਸਾਰੀ ਕਹਿ ਦਿੱਤਾ- ਆ ਗਈਂ ਏਂ ਫੱਫੇ ਕੁੱਟਣੀਏ, ਤੇਰੇ ਨਾਲ ਵੀ ਇਕ ਦਿਨ ਪਨੀਰ ਦਾ ਹਿਸਾਬ ਕਰਾਂਗਾ, ਫਿਰ ਤੈਨੂੰ ਭੱਜਣ ਦੀ ਥਾਂ ਨਹੀਂ ਲੱਭਣੀ। ਲੂੰਬੜੀ ਉੱਚੀ ਉੱਚੀ ਹੱਸਦੀ ਕਹਿਣ ਲੱਗੀ- ਰਿਹਾ ਨਾ ਮੂਰਖ ਦਾ ਮੂਰਖ। ਅੱਜ ਕੱਲ੍ਹ ਤਾਂ ਦੇਸ਼ ਵੇਚ ਵੱਟ ਕੇ ਖਾ ਜਾਂਦੇ ਨੇ ਤੇ ਤੂੰ ਸਦੀਆਂ ਪੁਰਾਣੇ ਪਨੀਰ ਦੇ ਟੁਕੜੇ ਦਾ ਪਿੱਟ ਸਿਆਪਾ ਪਾਈ ਫਿਰਦੈਂ। ਅੱਜ ਕੱਲ੍ਹ ਤਾਂ ਵੋਟਰਾਂ ਵਿਚਾਰਿਆਂ ਨੂੰ ਪਤਾ ਨਹੀਂ ਲੱਗਦਾ ਤੇ ਉਹ ਮੋਹਰਾਂ ਲਾਉਣ ਵੇਲੇ ਜਾਂ ਬਟਨ ਨੱਪਣ ਵੇਲੇ ਪਿਛਲੇ ਹਿਸਾਬ ਕਿਤਾਬ ਭੁੱਲ ਭੁਲਾ ਕੇ ਸਿਰਫ਼ ਰੰਗ, ਜਾਤੀ ਤੇ ਧਰਮ ਹੀ ਵੇਖਦੇ ਨੇ, ਤੇ ਤੂੰ ਕਿਹੜਾ ਵੋਟਰਾਂ ਨਾਲੋਂ ਘੱਟ ਐਂ। ਚੱਲ ਛੱਡ ਪਨੀਰ ਦੇ ਟੁਕੜੇ ਨੂੰ ਇਹ ਦਸ ਕਿ ਗੀਤ ਕਦੋਂ ਸੁਣਾਉਣਾ ਈ।' ਕਾਂ ਨੇ ਨਫ਼ਰਤ ਨਾਲ ਉਹਦੇ ਵੱਲ ਦੇਖਿਆ ਤੇ ਬਿਨਾ ਉੱਤਰ ਦਿੱਤਿਆਂ ਉੱਡ ਕੇ ਦੂਰ ਇਕ ਛੱਤ 'ਤੇ ਜਾ ਬੈਠਾ। ਗਰਮੀ ਵਿੱਚ ਉਹਨੂੰ ਪਿਆਸ ਵੀ ਬੜੀ ਲੱਗੀ ਸੀ ਪਰ

ਉਹਨੂੰ ਪਤਾ ਸੀ ਕਿ ਅੱਜ ਕੱਲ੍ਹ ਲੋਕ ਛੱਤਾਂ 'ਤੇ ਪਾਣੀ ਦੇ ਕਟੋਰੇ ਨਹੀਂ ਰੱਖਦੇ। ਭੁੱਖ ਤਾਂ ਉਹਨੂੰ ਸਵੇਰ ਦੀ ਲੱਗੀ ਹੋਈ ਸੀ ਪਰ ਹਰ ਪਾਸੇ ਲਾਸ਼ਾਂ ਦੇਖ ਦੇਖ ਕੇ ਉਹਦਾ ਮਨ ਖੱਟਾ ਹੋਇਆ ਪਿਆ ਸੀ। ਅਚਾਨਕ ਉਹਦੀ ਨਜ਼ਰ ਇਕ ਕੁੱਤੇ ਤੇ ਪਈ, ਜਿਸ ਦੇ ਮੂੰਹ ਵਿਚ ਵੱਡਾ ਸਾਰਾ ਪਨੀਰ ਦਾ ਟੁਕੜਾ ਸੀ। ਕਾਂ ਦੇ ਮੂੰਹ ਵਿਚ ਪਾਣੀ ਆ ਗਿਆ ਤੇ ਭੁੱਖ ਹੋਰ ਚਮਕ ਪਈ। ਪਰ ਖ਼ੂੰਖ਼ਾਰ ਕੁੱਤੇ ਕੋਲੋਂ ਪਨੀਰ ਖੋਹਣਾ ਜਾਨ ਗੁਆਉਣ ਬਰਾਬਰ ਸੀ। ਉਹਦੀ ਨਜ਼ਰ ਇਕ ਸੂਰ ਤੇ ਪਈ ਜੋ ਗਲੀ ਸੜੀ ਲਾਸ਼ ਨੂੰ ਸੁੰਘ ਕੇ ਫੁੰਕਾਰੇ ਮਾਰ ਰਿਹਾ ਸੀ। ਕਾਂ ਉਹਦੀ ਪਿੱਠ 'ਤੇ ਬਹਿ ਕੇ ਕਾਂ ਕਾਂ ਕਰਨ ਲੱਗਾ। ਕਾਂ ਦਾ ਰੌਲਾ ਸੁਣ ਕੇ ਕੁੱਤਾ ਵੀ ਲਾਸ਼ ਵੱਲ ਭੱਜਿਆ ਤੇ ਰਾਹ ਵਿਚ ਪਨੀਰ ਦਾ ਇਕ ਟੁਕੜਾ ਲੱਥ ਕੇ ਉਹਦੇ ਮੂੰਹ ਵਿਚੋਂ ਡਿੱਗ ਪਿਆ। ਕਾਂ ਨੇ ਫੁਰਤੀ ਨਾਲ ਮੌਕਾ ਸੰਭਾਲਿਆ ਤੇ ਟੁਕੜਾ ਬੋਚ ਕੇ ਰੁੱਖ 'ਤੇ ਜਾ ਬੈਠਾ। ਓਧਰ ਲੂੰਬੜੀ ਵੀ ਤਾੜ ਵਿਚ ਸੀ। ਉਹ ਮਚਲੀ ਜਿਹੀ ਬਣ ਕੇ ਰੁੱਖ

ਹੇਠਾਂ ਇੰਜ ਬੈਠੀ ਸੀ ਜਿਵੇਂ ਸਮਾਧੀ ਵਿਚ ਲੀਨ ਹੋਵੇ। ਕਾਂ ਨੂੰ ਪਿਆਸ ਵੀ ਬਹੁਤ ਲੱਗੀ ਹੋਈ ਸੀ ਪਰ ਚੁੰਝ ਵਿਚ ਫੜਿਆ ਪਨੀਰ ਦਾ ਟੁਕੜਾ ਪਿਆਸ ਬੁਝਾਏ ਬਿਨਾ ਨਿਗਲਣਾ ਔਖਾ ਲੱਗ ਰਿਹਾ ਸੀ। ਦੋਚਿੱਤੀ ਵਿਚ ਫਸੇ ਕਾਂ ਨੂੰ ਦੇਖ ਕੇ ਲੂੰਬੜੀ ਨੇ ਪੱਤਾ ਖੇਡਿਆ। ਕਾਂ ਨੂੰ ਕਹਿਣ ਲੱਗੀ ਜੇ ਪਿਆਸ ਨਾਲ ਹਲਕ ਸੁੱਕਿਆ ਤਾਂ ਟੁਕੜਾ ਮੇਰੇ ਕੋਲ ਰੱਖ ਜਾ। ਸਹੁੰ ਢਾਂਡੀ ਦੀ ਮੈਂ ਨਹੀਂ ਖਾਂਦੀ। ਪਾਣੀ ਪੀ ਕੇ ਮੇਰੇ ਕੋਲੋਂ ਲੈ ਜਾਈਂ। ਵੈਸੇ ਵੀ ਅੱਜ ਮੇਰਾ ਵਰਤ ਐ। ਸੂਰਜ ਦੇ ਖੜੇ ਖੜੇ ਮੈਂ ਕੋਈ ਵੀ ਅੰਨ ਜਲ ਗ੍ਰਹਿਣ ਨਹੀਂ ਕਰਨਾ। ਕਾਂ ਨੂੰ ਉਹਦਾ ਯਕੀਨ ਆ ਗਿਆ ਕਿ ਹੁਣ ਤਾਂ ਸਮਾਂ ਬਦਲ ਗਿਐ। ਲੂੰਬੜੀ ਵਾਲੀ ਕਹਾਣੀ ਤਾਂ ਈਸਪ ਦੇ ਜ਼ਮਾਨੇ ਦੀ ਹੈ। ਹੁਣ ਤਾਂ ਈਸਪ ਵੀ ਇਸ ਨੂੰ ਭੁੱਲ ਭੁੱਲਾ ਗਿਆ ਹੋਵੇਗਾ। ਉਹਨੇ ਪਨੀਰ ਦਾ ਟੁਕੜਾ ਲੂੰਬੜੀ ਕੋਲ ਰੱਖ ਦਿੱਤਾ। ਉਹਨੇ ਅੱਗੋਂ ਅੱਖ ਪੁੱਟ ਕੇ ਵੀ ਪਨੀਰ ਵੱਲ ਨਾ ਦੇਖਿਆ। ਕਾਂ ਦੇ ਜਾਣ ਦੀ ਦੇਰ ਸੀ ਕਿ ਲੂੰਬੜੀ

ਨੇ ਅੰਗੜਾਈ ਲਈ ਤੇ ਨਿਗ੍ਹਾ ਭਰ ਕੇ ਪਨੀਰ ਵੱਲ ਵੇਖਿਆ। ਸੋਚਣ ਲੱਗੀ ਕਿ ਜੇ ਬੇਈਮਾਨੀ ਕੀਤੀ ਤਾਂ ਸਦਾ ਲਈ ਕਾਂ ਦਾ ਵਿਸ਼ਵਾਸ ਉੱਠ ਜਾਏਗਾ ਤੇ ਉਹਦੀਆਂ ਭਵਿੱਖੀ ਨਸਲਾਂ ਉਹਨੂੰ ਕਾਲੀ ਭੇਡ ਕਹਿਣਗੀਆਂ। ਇਸ ਲਈ ਕੋਈ ਹੋਰ ਤਰਕੀਬ ਸੋਚਣੀ ਪਏਗੀ। ਉਹਨੇ ਪਨੀਰ ਦਾ ਟੁਕੜਾ ਚੁੱਕਿਆ ਤੇ ਨਦੀ ਕੰਢੇ ਆ ਗਈ, ਜਿੱਥੇ ਕਾਂ ਬੈਠਾ ਪਿਆਸ ਬੁਝਾ ਰਿਹਾ ਸੀ। ਉਹਨੇ ਪਨੀਰ ਦਾ ਟੁਕੜਾ ਆਪਣੀ ਲੱਤ ਹੇਠ ਦਬਾ ਲਿਆ ਤੇ ਕਹਿਣ ਲੱਗੀ- ਵੇ ਭਰਾਵਾ ਫ਼ਿਕਰ ਨਾ ਕਰ ਮੈਂ ਤਾਂ ਤੇਰੀ ਅਮਾਨਤ ਲੈ ਕੇ ਖ਼ੁਦ ਤੇਰੇ ਕੋਲ ਪਹੁੰਚ ਗਈ ਹਾਂ। ਤੂੰ ਤਾਂ ਚੰਗਾ ਹੀ ਬਹੁਤ ਏਂ। ਚੱਲ ਹੁਣ ਕੋਈ ਗੀਤ ਸੁਣਾ ਦੇ। ਫਿਰ ਅਰਾਮ ਨਾਲ ਬਹਿ ਕੇ ਪਨੀਰ ਖਾ ਲਈਂ। ਕਾਂ ਫਿਰ ਲੂੰਬੜੀ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਵਿਚ ਆ ਕੇ ਗਾਣਾ ਸੁਣਾਉਣ ਲੱਗਾ। ਲੂੰਬੜੀ ਦਾ ਧਿਆਨ ਲੱਤ ਹੇਠ ਦਬਾਏ ਪਨੀਰ ਦੇ ਟੁਕੜੇ ਵੱਲ ਸੀ। ਜਿਉਂ ਹੀ ਕਾਂ ਨੇ ਗੀਤ ਖ਼ਤਮ ਕੀਤਾ ਤਾਂ ਲੂੰਬੜੀ

ਕਹਿਣ ਲੱਗੀ- ਕਾਂਵਾਂ ਵੇ ਕਾਂਵਾਂ ਤੇਰੀ ਸੋਨੇ ਚੁੰਝ ਮੜਾਵਾਂ। ਮੇਰਾ ਕਰਦੇ ਚਿੱਤ ਰਾਜ਼ੀ। ਪਾ ਦੇ ਕੋਈ ਬੋਲੀ ਚੱਕਵੀਂ, ਮੈਂ ਜੰਗਲ ਬੇਲੇ ਭੁੱਲ ਜਾਵਾਂ।' ਕਾਂ ਨੇ ਚੰਗੀ ਫ਼ੂਕ ਛੱਕ ਲਈ ਤੇ ਖੰਭ ਹਿਲਾ ਹਿਲਾ ਕੇ ਬੋਲੀਆਂ ਪਾਉਣ ਲੱਗਾ। ਅਚਾਨਕ ਉਹ ਚੱਕਰ ਕੱਟਦਾ ਲੂੰਬੜੀ ਦੀ ਲੱਤ ਨਾਲ ਵੱਜਾ। ਅਜੇ ਵੀ ਉਹਨੂੰ ਲੂੰਬੜੀ ਭਲੀ ਲੱਗ ਰਹੀ ਸੀ। ਪਰ ਲੂੰਬੜੀ ਨੇ ਚਪੱਟਾ ਮਾਰਿਆ। ਇਸ ਤੋਂ ਪਹਿਲਾਂ ਕਿ ਕਾਂ ਸੰਭਲਦਾ ਜਾਂ ਕੁਝ ਕਹਿੰਦਾ, ਉਹਦੀ ਧੌਣ ਸਣੇ ਪਨੀਰ ਦੇ ਲੂੰਬੜੀ ਦੇ ਮੂੰਹ ਵਿਚ ਘੁੱਟੀ ਹੋਈ ਸੀ। ਲਗਾਤਾਰ ਉਹਦਾ ਸਾਹ ਘੁੱਟ ਰਿਹਾ ਸੀ। ਆਕਸੀਜਨ ਖ਼ਤਮ ਹੋ ਰਹੀ ਸੀ ਤੇ ਉਹ ਕਿਸੇ ਵੇਲੇ ਵੀ ਦਮ ਤੋੜ ਸਕਦਾ ਸੀ।

ਪੋਸਟ ਸਕਰਿਪਟ

ਜ਼ਰੂਰੀ ਨਹੀਂ ਕਿ ਤੰਤਰ ਲੂੰਬੜੀ ਹੋਵੇ, ਉਂਜ ਹੋ ਵੀ

ਸਕਦਾ ਹੈ। ਜ਼ਰੂਰੀ ਨਹੀਂ ਕਿ ਮਰਨ ਵਾਲਾ ਕਾਂ ਲੋਕਾਂ ਵਿਚੋਂ ਹੀ ਹੋਵੇ, ਉਂਜ ਹੋ ਵੀ ਸਕਦਾ ਹੈ। ਅਨਿਸਚਿਤ ਸਮਿਆਂ ਵਿਚ ਕੁਝ ਵੀ ਮੁਮਕਿਨ ਹੈ।

ਨੋਟ : ਏਸੇ ਕਰਕੇ ਪ੍ਰਸ਼ਨ ਨਹੀਂ ਪੁੱਛੇ ਜਾ ਰਹੇ ਕਿਉਂਕਿ ਬਿਨਾ ਪੜ੍ਹਿਆਂ, ਬਿਨਾ ਪੇਪਰ ਦਿੱਤਿਆਂ ਅਗਲੀ ਕਲਾਸ ਵਿਚ ਦਾਖਲਾ ਦੇਣ ਦੀ ਵਿਵਸਥਾ ਕਰ ਦਿੱਤੀ ਗਈ ਹੈ। ਇਸ ਲਈ ਚਿੰਤਾ ਕਰਨ ਦੀ ਕੋਈ ਗੱਲ ਨਹੀਂ। ਕੋਰੋਨਾ ਸਭ ਦੇ ਭਲੇ ਲਈ ਸਿਰਜਿਆ ਗਿਆ ਅਵਤਾਰ ਹੈ। ਜੈ ਹਿੰਦ !

71

ਲੋਕ ਸਭਿਆਚਾਰ ਦਾ ਪੁਰਾਤਨ ਇਤਿਹਾਸ

ਬਰਨੇਲ ਦਿਆਜ਼ ਕਾਸਿਤਲੋ ਨੇ 1576 ਵਿਚ ਸਪੇਨੀਆਂ ਦੇ ਦ੍ਰਿਸ਼ਟੀਕੋਣ ਤੋਂ ਮੈਕਸੀਕੋ ਤੇ ਅਜਟੇਕ ਦੀ ਜਿੱਤ ਦਾ ਇਤਿਹਾਸ ਲਿਖਿਆ ਸੀ, ਪਰ ਇਸ ਤੋਂ ਵੀ ਮਹੱਤਵਪੂਰਨ ਹੈ ਅਜਟੇਕ ਸਾਮਰਾਜ ਦੇ ਨਹੂਆ ਸਮੁਦਾਏ ਦੀ ਮੂਲ ਭਾਸ਼ਾ ਨਹੁਆਤਲ ਵਿਚ ਲਿਖਿਆ ਅਤੇ ਬਾਅਦ ਵਿਚ ਸਪੈਨਿਸ਼ ਤੇ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਇਤਿਹਾਸ ਜਿਸ ਵਿਚ ਨਹੂਆ ਸਮੁਦਾਏ ਦੇ ਸਭਿਆਚਾਰ ਅਤੇ ਅਜਟੇਕ ਸਾਮਰਾਜ ਦੀ ਤਬਾਹੀ ਦਾ ਇਤਿਹਾਸ ਸੁਰੱਖਿਅਤ ਹੈ। ‘ਫਲੋਰੇਨਟਾਇਨ ਕੋਡੈਕਸ’ ਜਾਂ ‘ਜਨਰਲ ਹਿਸਟਰੀ ਆਫ਼ ਦ ਨਿਊ ਸਪੇਨ’ ਦਾ ਲੇਖਕ ਬੇਰਨਾਦਿਨੋ ਦ ਸਹਾਗੁਣ ਇਕ ਪਾਦਰੀ ਸੀ ਜੋ 1529 ਵਿਚ ਕੈਥੋਲਿਕ ਧਰਮ

ਪ੍ਰਚਾਰ ਲਈ ਯੂਰਪ ਤੋਂ ਨਿਊ ਸਪੇਨ ਅਥਵਾ ਮੈਕਸੀਕੋ ਆਇਆ ਸੀ। ਇਸ ਤੋਂ ਕੁਝ ਸਮਾਂ ਪਹਿਲਾਂ 1521 ਵਿਚ ਸਪੇਨੀਆਂ ਨੇ ਅਜਟੇਕ ਸਾਮਰਾਜ ਨੂੰ ਫ਼ਤਹਿ ਕੀਤਾ ਸੀ। ਸਹਾਗੁਣ ਨੇ ਓਥੇ ਪਹੁੰਚਣ ਤੋਂ ਬਾਅਦ ਜਦੋਂ ਸਪੇਨੀ ਪ੍ਰਬੰਧਾਂ ਹਠ ਤਬਾਹ ਕੀਤੇ ਜਾ ਰਹੇ ਅਜਟੇਕ ਸਭਿਆਚਾਰ ਨੂੰ ਨੇੜਿਉਂ ਦੇਖਿਆ ਤਾਂ ਉਹਨੇ ਸਭ ਤੋਂ ਪਹਿਲਾਂ ਨਹੁਆਤਲ ਭਾਸ਼ਾ ਸਿੱਖੀ ਤੇ ਫਿਰ 61 ਵਰ੍ਹਿਆਂ ਤੱਕ ਆਪਣੀ ਸਮੁੱਚੀ ਜ਼ਿੰਦਗੀ ਨਹੁਆ ਸਭਿਆਚਾਰ ਨੂੰ ਸਮਝਣ ਤੇ ਉਹਦੇ ਇਤਿਹਾਸ ਨੂੰ ਲਿਪੀਬੱਧ ਕਰਨ 'ਤੇ ਲਾ ਦਿੱਤੀ। ਕਿਸੇ ਵਿਸ਼ੇਸ਼ ਸਭਿਆਚਾਰ ਨੂੰ ਸਾਂਭਣ ਲਈ ਪੂਰੀ ਜ਼ਿੰਦਗੀ ਲਾ ਦੇਣ ਦੀ ਅਜਿਹੀ ਮਿਸਾਲ ਘੱਟ ਹੀ ਮਿਲਦੀ ਹੈ। ਬਾਰਾਂ ਭਾਗਾਂ ਵਿਚ 2400 ਸਫ਼ਿਆਂ ਤੇ 2400 ਚਿੱਤਰਾਂ ਨਾਲ ਸਜਾਇਆ ਇਹ ਦੁਨੀਆ ਦਾ ਪਹਿਲਾ ਅਜਿਹਾ ਇਤਿਹਾਸ ਹੈ ਜਿਸ ਵਿਚ ਅਨੇਕਾਂ ਨਹੁਆਤਲ ਭਾਸ਼ੀ ਪੁਰਸ਼ਾਂ, ਔਰਤਾਂ, ਸਹਾਗੁਣ ਦੇ ਵਿਦਿਆਰਥੀਆਂ ਅਤੇ ਲੋਕ

ਚਿੱਤਰਕਾਰਾਂ ਨੇ ਪੰਜਾਹ ਵਰ੍ਹਿਆਂ ਦੀ ਅਣਥੱਕ ਮਿਹਨਤ ਨਾਲ ਇਸ ਨੂੰ ਨੇਪਰੇ ਚਾੜ੍ਹਿਆ। 1590 ਵਿਚ ਸਹਾਗੁਣ ਦੀ ਮੌਤ ਉਪਰੰਤ ਇਹਦੀ ਹੱਥ-ਲਿਖਤ ਵਰ੍ਹਿਆਂ ਤੱਕ ਫਲੋਰੈਂਸ, ਇਟਲੀ ਦੀ ਲਾਰੇਸ਼ਿਅਨ ਲਾਇਬ੍ਰੇਰੀ ਵਿਚ ਪਈ ਰਹੀ। ਏਸੇ ਤੋਂ ਇਸ ਨੂੰ ਫਲੋਰਿਨਟਾਇਨ ਕੋਡੈਕਸ ਨਾਂ ਦਿੱਤਾ ਗਿਆ। ਕਈ ਵਰ੍ਹਿਆਂ ਬਾਅਦ ਇਹਦਾ ਅਨੁਵਾਦ ਪਹਿਲਾਂ ਸਪੈਨਿਸ਼ ਵਿਚ ਕੀਤਾ ਗਿਆ, ਫਿਰ ਚਾਰਲਸ ਡਿਬੇਲ ਤੇ ਆਰਥਰ ਐਂਡਰਸਨ ਨੇ ਤੀਹ ਵਰ੍ਹਿਆਂ ਦੀ ਸਖ਼ਤ ਮਿਹਨਤ ਤੋਂ ਬਾਅਦ ਇਹਦਾ ਅੰਗਰੇਜ਼ੀ ਵਿਚ ਅਨੁਵਾਦ ਮੁਕੰਮਲ ਕੀਤਾ। ਇਹ ਟੈਕਨਾਲੋਜੀ ਦਾ ਕਮਾਲ ਹੈ ਕਿ ਅੱਜ ਇਹ ਨੈੱਟ 'ਤੇ ਮੌਜੂਦ ਹੈ। ਪੱਛਮੀ ਸਭਿਅਤਾ ਦੇ ਘੇਰੇ ਤੋਂ ਬਾਹਰ ਲੋਕ ਸਾਹਿਤ, ਸਭਿਆਚਾਰ, ਤੇ ਇਤਿਹਾਸ ਦਾ ਏਨਾ ਵੱਡਾ ਦਸਤਾਵੇਜ਼ ਸ਼ਾਇਦ ਹੀ ਕੋਈ ਹੋਰ ਹੋਵੇ। 1430 ਤੋਂ ਬਾਅਦ ਅਜਟੇਕ ਸਾਮਰਾਜ ਤਿੰਨ ਸੰਘੀ ਢਾਂਚਿਆਂ ਦਾ ਸੰਗਠਨ ਬਣ ਚੁੱਕਿਆ ਸੀ।

ਇਹਦੇ ਦੱਖਣ ਵੱਲ ਤਲਾਕਸਕਾਲਾ ਵਰਗਾ ਵਿਰੋਧੀ ਸਾਮਰਾਜ ਵੀ ਸੀ, ਜਿਸ ਨਾਲ ਅਜਟੇਕਾਂ ਦਾ ਲਗਾਤਾਰ ਸੰਘਰਸ਼ ਚਲਦਾ ਰਹਿੰਦਾ ਸੀ। ਉਨ੍ਹਾਂ ਦੇ ਸਾਮਰਾਜ ਵਿਚ ਨਹੁਆਤਲ ਸਭ ਤੋਂ ਵਿਕਸਤ ਭਾਸ਼ਾ ਸੀ ਜਿਸ ਵਿਚ 365 ਦਿਨਾਂ ਦਾ ਇਕ ਵਰ੍ਹਾ ਮੰਨਿਆ ਜਾਂਦਾ ਸੀ। ਮੱਕੀ ਓਥੋਂ ਦੀ ਮੁੱਖ ਫ਼ਸਲ ਸੀ। ਨਦੀਆਂ ਦੀ ਰੇਤ ਵਿਚੋਂ ਸੋਨਾ ਨਿਕਲਦਾ ਸੀ। ਅਜਟੇਕ ਧਾਰਮਿਕ ਲੋਕ ਸਨ, ਜੋ ਮੂਰਤੀ ਪੂਜਕ ਸਨ। ਆਪਣੇ ਦੇਵਤਿਆਂ ਲਈ ਮਿਸਰੀਆਂ ਵਾਂਗ ਪਿਰਾਮਿਡ ਬਣਾਉਂਦੇ ਸਨ। ਉਨ੍ਹਾਂ ਦੇ ਦੇਵੀ ਦੇਵਤਿਆਂ ਦੀ ਗਿਣਤੀ ਸੈਂਕੜਿਆਂ ਵਿਚ ਸੀ,ਜਿਨ੍ਹਾਂ ਵਿਚ ਸਭ ਤੋਂ ਵੱਡਾ ਸੀ ਔਖੇ ਜਿਹੇ ਨਾਂ ਵਾਲਾ ਯੁੱਧ ਦੇਵਤਾ- ਹੁਈਤਜ਼ੀਲੋਪੋਤਵਲੀ, ਜਿਸ ਦੇ ਮੰਦਰਾਂ ਵਿਚ ਅਕਸਰ ਯੁੱਧ-ਬੰਦੀਆਂ ਦੀ ਨਰ-ਬਲੀ ਦਿੱਤੀ ਜਾਂਦੀ ਸੀ। ਇਸ ਸਾਮਰਾਜ ਵਿਚ ਹੀਰੇ ਜਵਾਹਰਾਂ ਤੇ ਸੋਨੇ ਚਾਂਦੀ ਦੇ ਅਥਾਹ ਭੰਡਾਰ ਸਨ। ਪਰ ਅਜਟੇਕ ਨਿਵਾਸੀਆਂ ਲਈ ਇਹ ਐਸ਼ ਜਾਂ ਦੌਲਤ ਦਾ ਸਮਾਨ

ਨਹੀਂ ਸਨ। ਉਹ ਇਸ ਤੋਂ ਗਹਿਣੇ, ਨੱਕਾਸ਼ੀ ਪੱਟੀਆਂ ਤੇ ਮੰਦਰਾਂ ਲਈ ਭਾਂਤ ਸੁਭਾਂਤੀਆਂ ਮੂਰਤੀਆਂ ਘੜਦੇ। ਉਨ੍ਹਾਂ ਲਈ ਸੋਨੇ ਚਾਂਦੀ ਤੋਂ ਵੀ ਕੀਮਤੀ ਸਨ ਹਮਿੰਗਬਰਡਸ ਅਤੇ ਕਵੇਟਜੇਲ ਪੰਖੀਆਂ ਦੇ ਰੰਗ ਬਿਰੰਗੇ ਪੰਖ। ਇਨ੍ਹਾਂ ਪੰਖਾਂ ਨੂੰ ਉਹ ਆਪਣੇ ਕਲਾਤਮਕ ਵਸਤਰਾਂ ਤੇ ਸਿਰਾਂ 'ਤੇ ਮੁਕਟ ਸਜਾਉਣ ਲਈ ਵਰਤਦੇ ਸਨ। ਉਨ੍ਹਾਂ ਨੂੰ ਪੱਥਰ, ਰਤਨ ਤੇ ਸੂਤੀ ਪੁਸ਼ਾਕਾਂ ਭਾਉਂਦੀਆਂ ਸਨ। ਉਨ੍ਹਾਂ ਦਾ ਰਾਜਾ ਦਿਨ ਵਿਚ ਚਾਰ ਪੁਸ਼ਾਕਾਂ ਬਦਲਦਾ ਸੀ।ਵਪਾਰ ਵਿਚ ਸਿੱਕਿਆਂ ਦੀ ਥਾਂ ਕੋਕੋ ਦੇ ਬੀਜਾਂ ਵਿਚ ਲੈਣ ਦੇਣ ਹੁੰਦਾ ਸੀ। ਸਪਸ਼ਟ ਹੈ ਕਿ ਸਪੇਨੀਆਂ ਦੀ ਆਮਦ ਨਾਲ ਇਹ ਸਾਰੀਆਂ ਪਰਿਭਾਸ਼ਾਵਾਂ ਬਦਲ ਗਈਆਂ। ਅਜਟੇਕ ਸਮਰਾਟਾਂ ਨੇ ਸਪੇਨੀਆਂ ਨੂੰ ਖ਼ੁਸ਼ ਕਰਨ ਲਈ ਸੋਨੇ ਚਾਂਦੀ ਦੇ ਭਰਪੂਰ ਤੋਹਫੇ ਦਿੱਤੇ ਪਰ ਸਪੇਨੀਆਂ ਦੀ ਵਹਿਸ਼ੀ ਲਾਲਸਾ ਦਾ ਕੋਈ ਅੰਤ ਨਹੀਂ ਸੀ।

72

ਐਨੀ ਫਰੈਂਕ ਦੀ ਡਾਇਰੀ ਦਾ ਇਕ ਪੰਨਾ ਤੇ ਮਹਾਮਾਰੀ

ਐਨੀ ਫਰੈਂਕ ਗਰੇਟਾ ਥੁਨਬਰਗ ਵਾਂਗ ਇਤਿਹਾਸ ਦੀ ਕਰੂਰਤਾ ’ਤੇ ਸੁਆਲ ਖੜੇ ਕਰਦੀ ਹੈ। ਉਹ ਹਿਟਲਰ ਦੇ ਨਾਜ਼ੀ ਦੌਰ ਵਿਚ ਪੈਦਾ ਹੋਈ। ਉਹਨੇ ਆਪਣੇ ਸਮੇਂ ਨੂੰ ਕਸੀਸ ਵਟਦਿਆਂ ਦੇਖਿਆ। ਜ਼ੁਲਮ ਦੀ ਇੰਤਹਾ ਦੇਖੀ। ਯਹੂਦੀ ਹੋਣ ਕਰਕੇ ਉਨ੍ਹਾਂ ਸਮਿਆਂ ਵਿਚ ਯਹੂਦੀਆਂ ਦੀਆਂ ਜ਼ਿੰਦਗੀਆਂ ਹਿਟਲਰ ਦੀ ਤਾਨਾਸ਼ਾਹੀ ਮੁੱਠੀ ਵਿਚ ਸਨ। ਉਹ ਜਦ ਚਾਹੇ ਮੁੱਠੀ ਭੀਚ ਕੇ ਕਿਸੇ ਦੀ ਵੀ ਜਾਨ ਕੱਢ ਸਕਦਾ ਸੀ। ਇਹੋ ਜਿਹੇ ਸਮਿਆਂ ਵਿਚ ਸੁਆਲ ਖੜੇ ਕਰਨੇ ਵੀ ਵੱਡੀ ਜੁਰਅਤ ਵਾਲਾ ਕੰਮ ਮੰਨਿਆ ਜਾਂਦਾ ਸੀ। ਅੱਜ ਦਾ ਦੌਰ ਫਿਰ ਨਾਜ਼ੀ ਮਨਸੂਬਿਆਂ ਨੂੰ ਜਿਉਂਦਿਆਂ ਕਰਨ ਦੇ ਰੌ ਵਿਚ ਹੈ। ਅੱਜ ਵੇਲਾ ਸੁਆਲ ਖੜ੍ਹੇ ਕਰਨ ਦਾ ਹੈ। ਹਰ ਪਾਸੇ ਸਿਵੇ ਬਲ਼ ਰਹੇ

ਹਨ। ਸਾਹ ਖੁਣੋਂ ਲੋਕਾਂ ਦਾ ਮਰਨਾ ਦੁਖਦਾਈ ਹੈ। ਵੋਟਾਂ ਦੀ ਰਾਜਨੀਤੀ ਨੇ ਜਿਹੜੀ ਬਿਸਾਤ ਵਿਛਾਈ ਸੀ ਉਹਦੇ ਸਭ ਪਿਆਦੇ, ਰਾਜੇ, ਵਜ਼ੀਰ, ਨਾਇਕ ਮਰ ਰਹੇ ਹਨ। ਇਕ ਪਾਸੇ ਮਾਨਵਤਾ ਡੁੱਲ੍ਹ ਡੁੱਲ੍ਹ ਪੈ ਰਹੀ ਹੈ ਦੂਜੇ ਪਾਸੇ ਦਵਾਈਆਂ ਦੀ ਲੁੱਟ ਵਾਲੇ ਕਾਲੇ ਧੰਦਿਆਂ ਤੇ ਮਨੁੱਖਤਾ ਤੋਂ ਡਿੱਗੀਆਂ ਹੋਈਆਂ ਨੀਚ ਹਰਕਤਾਂ ਵਿਚ ਮਸਰੂਫ਼ ਹਨ। ਸਰਬੱਤ ਦੇ ਭਲੇ ਦੀ ਆਸ ਕੀਤੀ ਜਾ ਸਕਦੀ ਹੈ। ਆਓ ਐਨੀ ਫਰੈਂਕ ਦੀ ਡਾਇਰੀ ਦੇ ਇਕ ਪੰਨੇ ਦਾ ਪਾਠ ਕਰੀਏ ਜੋ ਔਖੇ ਸਮਿਆਂ ਵਿਚ ਇਤਿਹਾਸ ਅੱਗੇ ਸੁਆਲ ਵੀ ਖੜ੍ਹੇ ਕਰਦਾ ਹੈ ਤੇ ਹੌਸਲਾ ਵੀ ਦੇਂਦਾ ਹੈ: ਮੇਰੇ ਵਰਗੀ ਲਈ ਡਾਇਰੀ ਲਿਖਣੀ ਇਕ ਨਿਵੇਕਲਾ ਅਨੁਭਵ ਹੈ। ਅਜਿਹਾ ਇਸ ਲਈ ਨਹੀਂ ਕਿ ਮੈਂ ਇਸ ਤਰ੍ਹਾਂ ਦਾ ਕੁਝ ਪਹਿਲਾਂ ਕਦੇ ਲਿਖਿਆ ਨਹੀਂ, ਸਗੋਂ ਇਸ ਲਈ ਕਿ ਸਕੂਲ ਜਾਣ ਵਾਲੀ ਇਕ ਤੇਰਾਂ ਵਰ੍ਹਿਆਂ ਦੀ ਕੁੜੀ ਦੀ ਲਿਖੀ ਡਾਇਰੀਕਿਸ ਦਾ ਧਿਆਨ ਖਿੱਚੇਗੀ। ਇਨ੍ਹਾਂ ਉਦਾਸ ਦਿਨਾਂ ਵਿਚ

ਮੈਨੂੰ ਇਕ ਕਹਾਵਤ ਯਾਦ ਆਉਂਦੀ ਰਹੀ ਕਿ- ਕਾ਼ਗਜ਼ ਕੋਲ ਮਨੁੱਖ ਨਾਲੋਂ ਕਿਤੇ ਵੱਧ ਸਹਿਜ ਤੇ ਹੌਸਲਾ ਹੁੰਦਾ ਹੈ। ਹੁਣ ਮੈਂ ਤੁਹਾਨੂੰ ਦੱਸਦੀ ਹਾਂ ਕਿ ਮੈਂ ਇਹ ਡਾਇਰੀ ਲਿਖਣ ਦਾ ਮਨ ਕਿਉਂ ਬਣਾਇਆ। ਦਰਅਸਲ ਇਸ ਦੁਨੀਆ ਵਿਚ ਮੇਰਾ ਕੋਈ ਸੰਗੀ ਸਾਥੀ ਨਹੀਂ ਹੈ। ਸ਼ਾਇਦ ਹੀ ਕੋਈ ਇਸ ’ਤੇ ਯਕੀਨ ਕਰੇ ਕਿ ਇਕ ਤੇਰਾਂ ਵਰ੍ਹਿਆਂ ਦੀ ਕੁੜੀ ਇਸ ਦੁਨੀਆ ਵਿਚ ਇਕੱਲੀ ਕਿਉਂ ਹੈ? ਹਾਲਾਂਕਿ ਮੈਂ ਇਕੱਲੀ ਨਹੀਂ ਹਾਂ। ਮੇਰੇ ਪਰਿਵਾਰ ਵਿਚ ਮੈਨੂੰ ਪਿਆਰ ਕਰਨ ਵਾਲੇ ਮੇਰੇ ਮੰਮੀ ਪਾਪਾ ਹਨ, ਸੋਲ੍ਹਾਂ ਵਰ੍ਹਿਆਂ ਦੀ ਵੱਡੀ ਦੀਦੀ ਹੈ, ਇਸ ਤੋਂ ਇਲਾਵਾ ਤੀਹ ਜਣੇ ਹੋਰ ਹਨ ਜਿਨ੍ਹਾਂ ਨੂੰ ਮੈਂ ਆਪਣੇ ਦੋਸਤ ਕਹਿ ਸਕਦੀ ਹਾਂ। ਪਰ ਹਕੀਕਤ ਇਹ ਹੈ ਕਿ ਇਕ ਸੱਚੇ ਦੋਸਤ ਨੂੰ ਛੱਡ ਕੇ ਮੇਰੇ ਕੋਲ ਸਭ ਕੁਝ ਹੈ। ਅਜਿਹੇ ਵਿਚ ਮੈਂ ਆਪਣੇ ਮਨ ਦੀ ਗੱਲ ਕਿਸੇ ਹੋਰ ਨਾਲ ਸਾਂਝੀ ਨਹੀਂ ਕਰ ਸਕਦੀ। ਮੇਰੀ ਗੱਲ ’ਤੇ ਕੋਈ ਯਕੀਨ ਨਹੀਂ ਕਰੇਗਾ ਇਸ ਲਈ ਮੈਨੂੰ ਇਹ

ਸਾਰਾ ਕੁਝ ਲਿਖਣਾ ਪੈ ਰਿਹਾ ਹੈ। ਮੇਰੇ ਪਾਪਾ ਵਰਗੇ ਪਾਪਾ ਸ਼ਾਇਦ ਹੀ ਦੁਨੀਆ ਵਿਚ ਕਿਸੇ ਦੇ ਹੋਣ। ਪਹਿਲੇ ਅਸੀਂ ਸਾਰੇ ਫਰੈਂਕਫਰਟ ਵਿਚ ਰਹਿੰਦੇ ਸਾਂ। ਅਸੀਂ ਕਿਉਂਕਿ ਯਹੂਦੀ ਸਾਂ,ਇਸ ਲਈ ਜਦੋਂ ਮੈਂ ਅਜੇ ਚਹੁੰ ਵਰ੍ਹਿਆਂ ਦੀ ਸਾਂ ਤਾਂ 1933 ਵਿਚ ਪਾਪਾ ਮਾਂ ਨੂੰ ਲੈ ਕੇ ਹਾਲੈਂਡ ਚਲੇ ਗਏ। ਸਾਨੂੰ ਦੋਹਾਂ ਭੈਣਾਂ ਨੂੰ ਪਹਿਲਾਂ ਦਾਦੀ ਕੋਲ ਭੇਜ ਦਿੱਤਾ ਗਿਆ, ਫਿਰ ਅਸੀਂ ਵੀ ਮਾਂ ਪਿਓ ਕੋਲ ਚਲੀਆਂ ਗਈਆਂ। ਯਹੂਦੀ ਹੋਣ ਕਰਕੇ ਸਾਡੀ ਜ਼ਿੰਦਗੀ ਮੁਸ਼ਕਲਾਂ ਨਾਲ ਭਰੀ ਪਈ ਸੀ। ਜਰਮਨੀ ਵਿਚ ਸਾਡੇ ਰਿਸ਼ਤੇਦਾਰਾਂ ਨੂੰ ਹਿਟਲਰ ਦੇ ਯਹੂਦੀ ਵਿਰੋਧੀ ਕਾਨੂੰਨਾਂ ਦਾ ਖ਼ਮਿਆਜ਼ਾ ਭੁਗਤਣਾ ਪਿਆ। ਨਤੀਜੇ ਵਜੋਂ 1938 ਵਿਚ ਮੇਰੇ ਦੋਵੇਂ ਮਾਮੇ ਟੱਬਰਾਂ ਸਮੇਤ ਉੱਤਰੀ ਅਮਰੀਕਾ ਵਿਚ ਪਲਾਇਨ ਕਰ ਗਏ ਤੇ 73 ਵਰ੍ਹਿਆਂ ਦੀ ਬਜ਼ੁਰਗ ਨਾਨੀ ਰਹਿਣ ਲਈ ਸਾਡੇ ਕੋਲ ਆ ਗਈ। ਪਰ ਮਈ 1940 ਤੋਂ ਬਾਅਦ ਸਾਡੀਆਂ ਖ਼ੁਸ਼ੀਆਂ ਨੂੰ ਗ੍ਰਹਿਣ ਲੱਗ ਗਿਆ। ਪਹਿਲਾਂ ਹਾਲੈਂਡ ਦੂਜੀ

ਸੰਸਾਰ ਜੰਗ ਵਿਚ ਉਲਝਿਆ ਫੇਰ ਓਥੇ ਜਰਮਨ ਆ ਗਏ। ਉਸ ਤੋਂ ਬਾਅਦ ਹਾਲੈਂਡ ਵਿਚ ਵੀ ਯਹੂਦੀਆਂ ਦੀ ਅਜ਼ਾਦੀ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ। ਸਾਨੂੰ ਆਪਣੀ ਪਛਾਣ ਦੱਸਣ ਲਈ ਆਪਣੇ ਕੱਪੜਿਆਂ 'ਤੇ ਪੀਲਾ ਸਿਤਾਰਾ ਲਾਉਣਾ ਪੈਂਦਾ ਸੀ। ਅਸੀਂ ਯਹੂਦੀ ਸਿਰਫ਼ ਸਾਈਕਲਾਂ ਉੱਤੇ ਹੀ ਕਿਤੇ ਜਾ ਆ ਸਕਦੇ ਸਾਂ। ਆਪਣੀ ਕਾਰ ਹੋਣ ਦੇ ਬਾਵਜੂਦ ਸਾਨੂੰ ਕਾਰ ਸੜਕ ਤੇ ਲਿਆਉਣ ਦੀ ਮਨਾਹੀ ਸੀ। ਸਾਨੂੰ ਸ਼ਾਮ ਨੂੰ 3:00 ਵਜੇ ਤੋਂ 5:00 ਵਜੇ ਤੱਕ ਆਪਣੇ ਕੰਮ ਕਾਰ ਸਮੇਟ ਕੇ ਘਰ ਚਲੇ ਜਾਣ ਦੀ ਹਿਦਾਇਤ ਸੀ ਤੇ ਸਖ਼ਤੀ ਨਾਲ ਇਹਦੀ ਪਾਲਣਾ ਕੀਤੀ ਜਾਂਦੀ ਸੀ। ਸਾਨੂੰ ਰਾਤ 8:00 ਵਜੇ ਤੋਂ ਲੈ ਕੇ ਸਵੇਰੇ 6:00 ਵਜੇ ਤੱਕ ਘਰੋਂ ਨਿਕਲਣ ਦੀ ਮਨਾਹੀ ਸੀ। ਏਸੇ ਦੌਰਾਨ ਕੁਝ ਅਜਿਹਾ ਵਾਪਰ ਗਿਆ ਕਿ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਵੱਡੀ ਗੱਲ ਇਹ ਹੈ ਕਿ ਇਸ ਦੇ ਬਾਵਜੂਦ ਮੈਂ ਅਜੇ ਤੱਕ ਜਿਉਂਦੀ ਹਾਂ। ਪਾਪਾ ਕਿਹਾ ਕਰਦੇ ਸਨ ਕਿ ਅਸੀਂ ਕਦ ਤੱਕ

ਜਿਉਂਦੇ ਹਾਂ ਇਸ ਦੀ ਕੋਈ ਗਰੰਟੀ ਨਹੀਂ। ਐਤਵਾਰ ਦੁਪਹਿਰ ਵੇਲੇ ਦੀਦੀ ਨੇ ਦੱਸਿਆ ਕਿ ਪਾਪਾ ਕੋਲ ਨਾਜ਼ੀ ਦਫ਼ਤਰੋਂ ਕਾਲ ਆਈ ਹੈ, ਜਿਸ ਦਾ ਮਤਲਬ ਸੀ ਕਿ ਸਾਡੇ ਵਿਚੋਂ ਕਿਸੇ ਨੂੰ ਕਾਂਸੈਨਟ੍ਰੇਸ਼ਨ ਕੈਂਪ ਵਿਚ ਜਾਣਾ ਪਏਗਾ। ਮੈਂ ਆਪਣੇ ਪਾਪਾ ਨੂੰ ਓਥੇ ਕਿਵੇਂ ਜਾਣ ਦੇ ਸਕਦੀ ਹਾਂ। ਇਸ ਖ਼ਬਰ ਤੋਂ ਬਾਅਦ ਹੀ ਮੇਰੀ ਮਾਂ ਪਾਪਾ ਦੇ ਦੋਸਤ ਵੈਨ ਦੇ ਘਰ ਗਈ ਸੀ ਤਾਂ ਕਿ ਲੁਕਣ ਦੀ ਕੋਈ ਥਾਂ ਲੱਭੀ ਜਾ ਸਕੇ। ਬਾਅਦ ਵਿਚ ਦੀਦੀ ਨੇ ਦੱਸਿਆ ਕਿ ਪਾਪਾ ਕੋਲ ਆਈ ਕਾਲ ਦੀਦੀ ਲਈ ਸੀ। ਇਹ ਸੁਣ ਕੇ ਡਰ ਨਾਲ ਮੇਰੀ ਚੀਕ ਨਿਕਲ ਗਈ। ਸੋਲ੍ਹਾਂ ਵਰ੍ਹਿਆਂ ਦੀ ਕੁੜੀ ਨੂੰ ਅਜਿਹੇ ਯਾਤਨਾ ਕੈਂਪ ਵਿਚ ਭੇਜਣ ਦੀ ਗੱਲ ਆਪਣੇ ਆਪ ਵਿਚ ਡਰਾਉਣੀ ਸੀ। ਪਰ ਮੰਮੀ ਨੇ ਦ੍ਰਿੜ੍ਹ ਹੌਸਲੇ ਅਤੇ ਗੜ੍ਹਕ ਨਾਲ ਕਿਹਾ ਕਿ ਓਥੇ ਕੋਈ ਨਹੀਂ ਜਾਏਗਾ। ਇਹਦਾ ਮਤਲਬ ਸੀ ਕਿ ਅਸੀਂ ਕਿਸੇ ਥਾਂ ਜਾ ਕੇ ਲੁਕ ਜਾਵਾਂਗੇ। ਪਰ ਕਿਥੇ?ਕੀ ਸ਼ਹਿਰ ਵਿਚ ਸਾਡੇ ਲੁਕਣ ਲਈ ਕੋਈ ਥਾਂ

ਸੁਰੱਖਿਅਤ ਹੈ? ਕੀ ਇਸ ਦੇਸ਼ ਵਿਚ ਕੋਈ ਅਜਿਹੀ ਥਾਂ ਹੈ ਜਿੱਥੇ ਜਾ ਕੇ ਅਸੀਂ ਲੁਕ ਸਕੀਏ ਤੇ ਬੱਚ ਜਾਈਏ ਤੇ ਨਾਜ਼ੀਆਂ ਨੂੰ ਇਸ ਦਾ ਪਤਾ ਨਾ ਲੱਗੇ। ਪਰ ਮੇਰੇ ਮਨ ਵਿਚ ਅਨੇਕਾਂ ਸੁਆਲ ਸਨ ਜਿਨ੍ਹਾਂ ਦੇ ਮੇਰੇ ਕੋਲ ਕੋਈ ਉੱਤਰ ਨਹੀਂ ਸਨ।

ਪੋਸਟ ਸਕਰਿਪਟ

ਓਦੋਂ ਮਨੁੱਖ ਨਾਜ਼ੀਆਂ ਦੀਆਂ ਗੋਲੀਆਂ ਨਾਲ ਮਰਨ ਲਈ ਮਜਬੂਰ ਸੀ ਅੱਜ ਸਾਮਰਾਜੀ ਵਾਇਰਸਾਂ ਤੇ ਕੋਝੀਆਂ ਨੀਤੀਆਂ ਨਾਲ ਫੁੱਟਪਾਥਾਂ, ਸੜਕਾਂ, ਹਸਪਤਾਲਾਂ ਦੇ ਬੰਦ ਗੇਟਾਂ ਅੱਗੇ ਮਰਨ ਲਈ ਮਜਬੂਰ ਹੈ। ਇਤਿਹਾਸ ਸਿਰਜਿਆ ਜਾ ਰਿਹਾ ਹੈ। ਪ੍ਰਸ਼ਨ ਓਵੇਂ ਦੇ ਓਵੇਂ ਹਨ। ਕੀ ਕੋਈ ਜੁਆਬ ਦੇ ਸਕਦਾ ਹੈ ਕਿ ਅੱਜ ਦਾ ਮਨੁੱਖ ਭੱਜ ਕੇ ਕਿਹੜੀ ਸ਼ਰਨਗਾਹ ਵਿਚ ਜਾਵੇ ਜਿੱਥੇ ਉਹ ਸੁਰੱਖਿਅਤ ਤੇ ਮਨੁੱਖ ਬਣ ਕੇ ਜਿਊਂ ਸਕੇ?

73

ਟੁੱਟ ਗਿਆ ਭਾਰਤੀ ਭਾਸ਼ਾਵਾਂ ਦਾ ਪੁਲ

ਕੋਰੋਨਾ ਮਹਾਮਾਰੀ ਨੇ ਜਿਹੜੀ ਤਬਾਹੀ ਲਿਆਂਦੀ ਹੈ ਉਸ ਨੇ ਕਈ ਮਹਾਪੁਰਸ਼ਾਂ ਨੂੰ ਅੱਖ ਦੇ ਫੋਰ ਵਿਚ ਸਾਡੇ ਕੋਲੋਂ ਖੋਹ ਲਿਆ ਹੈ। ਅਜਿਹਾ ਹੀ ਇਕ ਸੱਜਣ ਪੁਰਖ ਅਰਵਿੰਦ ਕੁਮਾਰ ਸੀ ਜਿਸ ਨੇ ਸੋਮਵਾਰ ਦੀ ਰਾਤ ਨੂੰ ਆਖ਼ਰੀ ਸਾਹ ਲਿਆ। ਉਹ ਸ਼ਬਦ ਦੀ ਜੂਨ ਵਿਚ ਆਇਆ ਵਿਦਵਾਨ ਸੀ ਜਿਸ ਨੇ ਤਮਾਮ ਜ਼ਿੰਦਗੀ ਸ਼ਬਦ ਦੀ ਖੋਜ ਦੇ ਲੇਖੇ ਲਾ ਦਿੱਤੀ। ਉਨ੍ਹਾਂ ਦੇ ਕੀਤੇ ਖੋਜ ਕਾਰਜਾਂ ਨੂੰ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਕਿਵੇਂ ਇਕੱਲਿਆਂ ਹੀ ਵੱਡੇ ਸੁਪਨੇ ਲਏ ਤੇ ਫਿਰ ਉਨ੍ਹਾਂ ਦੀ ਪੂਰਤੀ ਇੰਜ ਕੀਤੀ ਜਿਵੇਂ ਕੁਦਰਤ ਨੇ ਉਨ੍ਹਾਂ ਨੂੰ ਇਹ ਵਿਸ਼ੇਸ਼ ਕਾਰਜ ਸੌਂਪਿਆ ਹੋਵੇ। ਅਰਵਿੰਦ ਕੁਮਾਰ ਦਾ ਜਨਮ 30 ਜਨਵਰੀ, 1930 ਨੂੰ ਮੇਰਠ (ਉਤਰ ਪ੍ਰਦੇਸ਼) ਵਿਚ ਹੋਇਆ।

ਉਨ੍ਹਾਂ ਦਾ ਘਰਾਣਾ ਚੰਗਾ ਖਾਂਦਾ ਪੀਂਦਾ ਤੇ ਸਮਾਜ ਵਿਚ ਮੰਨਿਆ ਪ੍ਰਮੰਨਿਆ ਸੀ। ਉਨ੍ਹਾਂ ਨੇ ਮੁਢਲੀ ਸਿੱਖਿਆ ਮੇਰਠ ਵਿਚ ਹੀ ਲਈ। ਬਾਅਦ ਵਿਚ ਉਨ੍ਹਾਂ ਦਾ ਪਰਿਵਾਰ ਦਿੱਲੀ ਆ ਗਿਆ। ਲੰਮੇ ਸਮੇਂ ਤੱਕ ਉਹ ਗਾਜ਼ੀਆਬਾਦ ਦੇ ਚੰਦਰ ਨਗਰ ਵਿਚ ਰਹੇ। ਉਨ੍ਹਾਂ ਦਾ ਖ਼ਾਨਦਾਨ ਲਾਲਾ ਵਾਲਾ ਵੱਜਦਾ ਸੀ। ਇਸ ਖ਼ਾਨਦਾਨ ਦੀਆਂ ਤਿੰਨ ਸ਼ਾਖਾਵਾਂ ਹਨ- ਕਾਨੂੰਨਗੋ,ਪੱਥਰ ਵਾਲੇ ਤੇ ਕੋਰਟ ਵਾਲੇ। ਅੰਮ੍ਰਿਤਸਰ ਵਿਚ ਮਸ਼ਹੂਰ ਗਲੀ ਲਾਲਾ ਵਾਲੀ ਤੇ ਉਹਦੇ ਵਿਚਲੀ ਪੱਥਰ ਮਾਰਕੀਟ ਏਸੇ ਖ਼ਾਨਦਾਨ ਨਾਲ ਸੰਬੰਧਿਤ ਹਨ। 26 ਦਸੰਬਰ, 1973 ਦਾ ਉਹ ਦਿਨ ਭਾਸ਼ਾਵਾਂ ਦੀ ਖੋਜ ਵਿਚ ਮਹੱਤਵਪੂਰਨ ਹੈ ਜਦੋਂ ਮਾਧੁਰੀ ਫ਼ਿਲਮੀ ਰਸਾਲੇ ਦੇ ਸੰਪਾਦਕ ਅਰਵਿੰਦ ਕੁਮਾਰ ਦੇਰ ਰਾਤ ਇਕ ਫ਼ਿਲਮੀ ਪਾਰਟੀ ਤੋਂ ਘਰ ਵਾਪਸ ਆਏ। ਪਰ ਅੱਖਾਂ ਵਿਚੋਂ ਨੀਂਦ ਗ਼ਾਇਬ ਸੀ। ਮਨ ਵਿਚ ਉੱਥਲ ਪੁੱਥਲ ਹੋ ਰਹੀ ਸੀ। ਫ਼ਿਲਮੀ ਪਾਰਟੀਆਂ ਵਿਚ ਜਾਣਾ ਆਉਣਾ, ਰਾਤ ਦੇਰ ਤਕ

ਜਾਗਣਾ ਉਨ੍ਹਾਂ ਦੀ ਰੁਟੀਨ ਸੀ। ਮਨ ਵਿਚ ਫੁਰਨਾ ਫੁਰਿਆ ਕਿ ਇਸ ਸਭ ਦਾ ਕੀ ਫ਼ਾਇਦਾ ਹੈ? ਇਹ ਕੰਮ ਮੈਂ ਕਿਉਂ ਕਰਦਾ ਹਾਂ? ਕਿਸ ਲਈ ਕਰਦਾ ਹਾਂ? ਕੀ ਮੈਂ ਅਜਿਹੇ ਕੰਮਾਂ ਲਈ ਜੰਮਿਆ ਹਾਂ? ਉਨ੍ਹਾਂ ਦੇ ਮਨ ਵਿਚ ਇਕ ਪੁਰਾਣਾ ਸੁਪਨਾ ਮੁੜ ਜਾਗ ਪਿਆ। ਉਹ ਸੀ ਹਿੰਦੀ ਵਿਚ ਥੀਸਾਰਸ ਤਿਆਰ ਕਰਨਾ। ਉਨ੍ਹਾਂ ਸੋਚਿਆ ਸੀ ਕਿ ਕੋਈ ਤਾਂ ਕਦੇ ਨਾ ਕਦੇ ਅਜਿਹਾ ਮਹੱਤਵਪੂਰਨ ਕੰਮ ਕਿਸੇ ਨਾ ਕਿਸੇ ਦਿਨ ਕਰੇਗਾ। ਪਰ ਇਸ ਮੈਦਾਨ ਵਿਚ ਕੋਈ ਨਹੀਂ ਨਿੱਤਰਿਆ। ਤਦੇ ਮਨ ਵਿਚ ਗੂੰਜ ਉੱਠੀ ਕਿ ਮੈਂ ਹੀ ਇਸ ਥੀਸਾਰਸ ਨੂੰ ਬਣਾਉਣ ਲਈ ਪੈਦਾ ਹੋਇਆ ਹਾਂ। ਸੁਪਨਾ ਮੇਰਾ ਹੈ ਦੂਸਰਾ ਕੋਈ ਇਸ ਨੂੰ ਕਿਵੇਂ ਪੂਰਾ ਕਰ ਸਕਦਾ ਹੈ। ਸਫ਼ਰ ਮੇਰਾ ਹੈ ਮੈਂ ਹੀ ਮੰਜ਼ਲ ਤੱਕ ਪਹੁੰਚਣਾ ਹੈ। ਅਰਵਿੰਦ ਕੁਮਾਰ ਨੇ 1976 ਵਿਚ ਥੀਸਾਰਸ ਦਾ ਕੰਮ ਅਰੰਭਿਆ ਤੇ ਕੋਈ ਵੀਹਾਂ ਵਰ੍ਹਿਆਂ ਬਾਅਦ ਸਮਾਂਤਰ ਕੋਸ਼ ਤਿਆਰ ਕੀਤਾ ਜੋ ਭਾਰਤੀ ਭਾਸ਼ਾਵਾਂ ਲਈ ਵਡਮੁੱਲੀ

ਸੁਗਾਤ ਹੈ। ਉਨ੍ਹਾਂ ਸ਼ਬਦਾਂ ਦੀ ਦੁਨੀਆ ਵਿਚ 15 ਵਰ੍ਹਿਆਂ ਦੀ ਉਮਰੇ ਪੈਰ ਧਰਿਆ। ਸ਼ਬਦਵੇਧ ਵਿਚ ਉਨ੍ਹਾਂ ਦੇ ਕੰਮਾਂ ਦਾ ਸੱਤਰ ਵਰ੍ਹਿਆਂ ਦਾ ਲੇਖਾ ਜੋਖਾ ਹੈ। ਉਹ ਲਿਖਦੇ ਹਨ ਕਿ- ਮੇਰੀ ਜ਼ਿੰਦਗੀ ਨਿੱਜੀ ਰੂਪ ਵਿਚ ਮੇਰਾ ਕੁਝ ਵੀ ਨਹੀਂ ਜੇ ਕੁਝ ਹੈ ਤਾਂ ਉਹ ਸਿਰਫ਼ ਮੇਰਾ ਕੰਮ ਹੈ। ਮੇਰੀ ਨਿੱਜੀ ਜ਼ਿੰਦਗੀ ਸਿੱਧੀ ਸਾਦੀ, ਸਪਸ਼ਟ ਤੇ ਨੀਰਸ ਹੈ। ਉਨ੍ਹਾਂ ਦੇ ਕੀਤੇ ਕੰਮ ਦੀ ਝਲਕ ਉਮਰ ਦੇ 66ਵੇਂ ਵਰ੍ਹੇ ਵਿਚ ਮਿਲੀ ਜਦੋਂ ਉਨ੍ਹਾਂ ਦੀ ਪਹਿਲੀ ਕਿਤਾਬ ਛਪੀ। ਇਹ ਥੀਸਾਰਸ ਸੀ ਇਸ ਨਾਲ ਉਨ੍ਹਾਂ ਨੂੰ ਪ੍ਰਸਿੱਧੀ ਮਿਲੀ ਤੇ ਕੋਸ਼ਕਾਰੀ ਦੇ ਖੇਤਰ ਵਿਚ ‘ਅਰਵਿੰਦ ਲਿੰਗੁਇਸਟਿਕ’ ਦੇ ਨਾਂ ਨਾਲ ਉਨ੍ਹਾਂ ਨੂੰ ਇਕ ਖਾਸ ਰੁਤਬਾ ਪ੍ਰਾਪਤ ਹੋਇਆ। ਪੱਤਰਕਾਰੀ ਦੇ ਖੇਤਰ ਵਿਚ ਉਹ ਮਾਧੁਰੀ, ਸਰਵੋਤਮ (ਰੀਡਰ ਡਾਈਜੈਸਟ ਦਾ ਹਿੰਦੀ ਸੰਸਕਰਨ), ਦੇ ਸੰਪਾਦਕ ਤੇ ਕੈਰੇਵਾਨ ਦੇ ਸਹਾਇਕ ਸੰਪਾਦਕ ਰਹੇ। ਸਥਾਨਕ ਭਾਸ਼ਾਵਾਂ ਤੇ ਸ਼ਬਦਾਂ ਦੀ ਖੋਜ ਵਿਚ ਉਨ੍ਹਾਂ ਦੀ ਖਾਸ

ਦਿਲਚਸਪੀ ਸੀ। ਫ਼ਿਲਮੀ ਦੁਨੀਆ ਦੇ ਅਨੇਕਾਂ ਟੋਟਕੇ ਤੇ ਕਿੱਸਿਆਂ ਦਾ ਉਨ੍ਹਾਂ ਕੋਲ ਭੰਡਾਰ ਸੀ। ਇਕ ਇੰਟਰਵਿਊ ਵਿਚ ਉਨ੍ਹਾਂ ਕਿਹਾ ਸੀ ਕਿ- ਮੇਰੀ ਜ਼ਿੰਦਗੀ ਦਾ ਕੋਈ ਸਪਸ਼ਟ ਥੀਮ ਨਹੀਂ ਸਿਵਾਏ ਸ਼ਬਦਾਂ ਦੀ ਖੋਜ ਦੇ। ਇਸ ਲਈ ਉਨ੍ਹਾਂ ਨੇ ਇੰਟਰਨੈੱਟ 'ਤੇ ਆਪਣੀ ਇਕ ਵੱਖਰੀ ਦੁਨੀਆ ਵਸਾਈ_arvind-dlexicon.com ਉਨ੍ਹਾਂ ਨੇ ਲਿਖਿਆ ਹੈ ਕਿ ਮੇਰੇ ਸੁਪਨੇ ਬਹੁਤ ਵੱਡੇ ਹਨ। ਯੋਜਨਾਵਾਂ ਵੀ ਵੱਡੀਆਂ ਹਨ ਤੇ ਆਸਾਂ ਉਸ ਤੋਂ ਵੀ ਵੱਡੀਆਂ। ਇਸ ਲਈ ਅਰਵਿੰਦ ਲੈਕਿਸਕਨ ਤੋਂ ਜਿੰਨਾ ਵੀ ਪੈਸਾ ਆਏਗਾ ਉਸ ਦਾ ਵੱਡਾ ਹਿੱਸਾ ਸਾਡੇ ਡਾਟੇ ਵਿਚ ਨਵੀਂਆਂ ਭਾਸ਼ਾਵਾਂ ਜੋੜਨ ਤੇ ਖ਼ਰਚ ਕੀਤਾ ਜਾਵੇਗਾ। ਸਾਡਾ ਸੁਪਨਾ ਹੈ ਕਿ ਦੁਨੀਆ ਦੀਆਂ ਭਾਸ਼ਾਵਾਂ ਦਾ ਇਕ ਸ਼ਬਦ ਬੈਂਕ ਹੋਵੇ ਤੇ ਇਸ ਨਾਲ ਮਰ ਰਹੀਆਂ ਭਾਸ਼ਾਵਾਂ ਦੇ ਸ਼ਬਦ ਭੰਡਾਰ ਨੂੰ ਸਾਂਭਣ ਦਾ ਮੌਕਾ ਮਿਲੇਗਾ। ਸਾਨੂੰ ਦੁਨੀਆ ਦੀਆਂ ਭਾਸ਼ਾਵਾਂ ਤੱਕ ਪਹੁੰਚ ਬਣਾਉਣ ਲਈ ਭਾਰਤੀ ਦ੍ਰਿਸ਼ਟੀ ਤੋਂ ਆਪਣੇ

ਪੁਲ਼ ਬਣਾਉਣੇ ਪੈਣਗੇ।’ਤੇ ਉਨ੍ਹਾਂ ਨੇ ਇਹ ਪੁਲ਼ ਉਸਾਰੇ ਹਿੰਦੀ-ਅੰਗਰੇਜ਼ੀ ਤੇ ਅੰਗਰੇਜ਼ੀ-ਹਿੰਦੀ ਥੀਸਾਰਸ ਤਿਆਰ ਕੀਤੇ ਜੋ ਵੱਡੇ ਅਕਾਰ ਵਿਚ ਪੈਂਗੁਵਿਨ ਪ੍ਰਕਾਸ਼ਨ ਨੇ ਛਾਪੇ ਹਨ। ਲਗਦਾ ਸੀ ਕਿ ਉਹ ਬਿਮਾਰੀ ’ਤੇ ਜਲਦੀ ਫ਼ਤਹਿ ਪਾ ਲੈਣਗੇ ਪਰ ਕੁਦਰਤ ਨੂੰ ਸ਼ਾਇਦ ਕੁਝ ਹੋਰ ਮਨਜ਼ੂਰ ਸੀ। ਉਨ੍ਹਾਂ ਦੇ ਕੀਤੇ ਖੋਜ ਕਾਰਜ ਅੱਜ ਭਾਰਤੀ ਭਾਸ਼ਾਵਾਂ ਲਈ ਇਕ ਜਿਉਂਦੀ ਜਾਗਦੀ ਆਸ ਹਨ। ਅੱਜ ਇੱਕੀਵੀਂ ਸਦੀ ਨੂੰ ਭਾਰਤੀ ਭਾਸ਼ਾਵਾਂ ਦੀ ਸਦੀ ਕਿਹਾ ਜਾ ਰਿਹਾ ਹੈ। ਆਸ ਹੈ ਭਾਰਤੀ ਭਾਸ਼ਾਵਾਂ ਉਨ੍ਹਾਂ ਦੀ ਕੀਤੀ ਖੋਜ ਤੋਂ ਮਦਦ ਲੈ ਕੇ ਆਪਣੀਆਂ ਭਾਸ਼ਾਵਾਂ ਦੇ ਵਿਕਾਸ ਵਿਚ ਯੋਗਦਾਨ ਪਾਉਣਗੀਆਂ। ਉਨ੍ਹਾਂ ਦੇ ਅਚਾਨਕ ਵਿਛੋੜੇ ’ਤੇ ਅਸੀਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ। ਆਮੀਨ!

74

ਭਾਰਤੀ ਭਾਸ਼ਾਵਾਂ ਦਾ ਸ਼ਬਦ ਯੋਧਾ : ਸ਼ੰਖ ਘੋਸ਼

ਕੋਵਿਡ ਮਹਾਮਾਰੀ ਨੇ ਅੱਜ ਭਾਰਤੀ ਭਾਸ਼ਾਵਾਂ ਦੇ ਇਕ ਸਿਰਕੱਢ ਯੋਧੇ ਕਵੀ ਤੇ ਉੱਘੇ ਲੇਖਕ ਨੂੰ ਆਪਣੇ ਅੰਦਰ ਸਮੇਟ ਲਿਆ। ਸ਼ੰਖ ਘੋਸ਼ ਨੂੰ ਮਹਾਕਵੀ ਗੁਰੂਦੇਵ ਟੈਗੋਰ ਦੀ ਪਰੰਪਰਾ ਦਾ ਵਾਰਸ ਮੰਨਿਆ ਜਾਂਦਾ ਸੀ। ਆਪਣੇ ਬਾਰੇ ਲਿਖਦਿਆਂ ਉਹ ਕਹਿੰਦੇ ਹਨ ਕਿ- ਮੇਰਾ ਜਨਮ ਚੰਦਪੁਰ ਵਿਚ ਹੋਇਆ ਜੋ ਢਾਕੇ (ਬੰਗਲਾਦੇਸ਼) ਦੇ ਨੇੜੇ ਹੈ। ਚੰਦਪੁਰ ਵਿਚ ਹੀ ਮੇਰੇ ਨਾਨਕੇ ਸਨ। ਮੇਰਾ ਜੱਦੀ ਘਰ ਬਰਿਸਾਲ ਜ਼ਿਲ੍ਹੇ ਦੇ ਮਰਾਰੀਪਾੜਾ ਵਿਚ ਸੀ। ਪਰ ਮੈਂ ਪਾਬਨਾ ਜ਼ਿਲ੍ਹੇ ਦੇ ਪਾਕਸ਼ੀ ਵਿਚ ਪਲਿਆ ਪੜ੍ਹਿਆ ਤੇ ਵੱਡਾ ਹੋਇਆ ਕਿਉਂਕਿ ਮੇਰੇ ਪਿਤਾ ਏਥੇ ਸਕੂਲ ਦੇ ਹੈੱਡਮਾਸਟਰ ਸਨ। ਅਸੀਂ ਅੱਠ ਭੈਣ ਭਰਾ ਸਾਂ ਤੇ ਮੈਂ ਆਪਣੇ ਮਾਪਿਆਂ ਦੀ ਚੌਥੀ ਸੰਤਾਨ ਸਾਂ। ਬਚਪਨ

ਵਿਚ ਮੈਂ ਹਮੇਸ਼ਾ ਦੁਰਗਾ ਪੂਜਾ ਮੌਕੇ ਪਿੰਡ ਜਾਣ ਦੀ ਉਡੀਕ ਕਰਦਾ ਸਾਂ। ਸਾਡੇ ਪਿੰਡ ਹਰ ਵਰ੍ਹੇ ਦੁਰਗਾ ਪੂਜਾ ਹੁੰਦੀ ਸੀ। ਪਰ ਮੇਰੇ ਮਾਤਾ ਪਿਤਾ ਧਾਰਮਿਕ ਰੂੜ੍ਹੀਆਂ ਵਿਚ ਵਿਸ਼ਵਾਸ ਨਹੀਂ ਸਨ ਰੱਖਦੇ। ਮੈਂ ਧਰਮ ਨਿਰਪੱਖ ਮਾਹੌਲ ਵਿਚ ਪਲਿਆ ਤੇ ਵੱਡਾ ਹੋਇਆ। ਹਾਲਾਂਕਿ ਆਸ ਪਾਸ ਦੇ ਮਾਹੌਲ ਵਿਚ ਰੂੜ੍ਹੀਆਂ ਦੀ ਭਰਮਾਰ ਸੀ। ਜਿਵੇਂ ਸਕੂਲ ਦੇ ਬ੍ਰਾਹਮਣ ਵਿਦਿਆਰਥੀ ਗ਼ੈਰ-ਬ੍ਰਾਹਮਣ ਅਧਿਆਪਕਾਂ ਦੇ ਪੈਰੀਂ ਹੱਥ ਨਹੀਂ ਸਨ ਲਾਉਂਦੇ। ਪਾਕਸ਼ੀ ਵਿਚ ਇਕ ਰੇਲਵੇ ਕਾਲੋਨੀ ਸੀ ਤੇ ਉਹਦੇ ਬਿਲਕੁਲ ਸਾਹਮਣੇ ਪਦਮਾ ਨਦੀ ਵਹਿੰਦੀ ਸੀ। ਓਥੇ ਪੇਂਡੂ ਮਾਹੌਲ ਸੀ,ਤੇ ਸ਼ਹਿਰੀ ਸੁਖ ਸੁਵਿਧਾਵਾਂ ਨਹੀਂ ਸਨ। ਦਿਲਚਸਪ ਗੱਲ ਇਹ ਹੈ ਕਿ ਨੌਂ ਵਰ੍ਹਿਆਂ ਤੱਕ ਪਿਤਾ ਜੀ ਨੇ ਮੈਨੂੰ ਸਕੂਲ ਦਾਖਲ ਨਹੀਂ ਕਰਾਇਆ। ਹਾਲਾਂਕਿ ਮੇਰੀ ਉਮਰ ਦੇ ਸਾਰੇ ਬੱਚੇ ਸਕੂਲ ਜਾਂਦੇ ਸਨ, ਪਰ ਮੈਂ ਘਰੇ ਹੀ ਰਹਿੰਦਾ। ਮੈਨੂੰ ਨਹੀਂ ਪਤਾ ਕਿ ਪਿਤਾ ਜੀ ਨੇ ਮੈਨੂੰ ਸਕੂਲ ਦਾਖਲ

ਕਿਉਂ ਨਹੀਂ ਕਰਵਾਇਆ। ਉਹ ਗੁਰੂਦੇਵ ਰਵੀਂਦਰਨਾਥ ਹੋਰਾਂ ਤੋਂ ਬੜੇ ਪ੍ਰਭਾਵਿਤ ਸਨ, ਸ਼ਾਇਦ ਏਸੇ ਲਈ ਸਕੂਲ ਦੀ ਚਾਰਦੀਵਾਰੀ ਵਿਚ ਦਿੱਤੀ ਜਾਣ ਵਾਲੀ ਸਿੱਖਿਆ 'ਤੇ ਬਹੁਤਾ ਯਕੀਨ ਨਹੀਂ ਸਨ ਕਰਦੇ। ਉਨ੍ਹਾਂ ਨੇ ਘਰ ਵਿਚ ਹੀ ਮੇਰੀ ਪੜ੍ਹਾਈ ਦਾ ਪ੍ਰਬੰਧ ਕੀਤਾ ਹੋਇਆ ਸੀ। ਇਸ ਦਾ ਉਲਟਾ ਮੈਨੂੰ ਫ਼ਾਇਦਾ ਹੀ ਹੋਇਆ ਕਿਉਂਕਿ ਬਚਪਨ ਵਿਚ ਪੜ੍ਹਾਈ ਦੇ ਨਾਲ ਨਾਲ ਮੈਂ ਅਜ਼ਾਦੀ ਦਾ ਖ਼ੂਬ ਫ਼ਾਇਦਾ ਉਠਾਇਆ,ਜੋ ਬਾਅਦ ਵਿਚ ਮੇਰੀ ਜ਼ਿੰਦਗੀ ਵਿਚ ਬੜਾ ਕੰਮ ਆਇਆ। ਹਾਲਾਂਕਿ ਉਹਦਾ ਨੁਕਸਾਨ ਵੀ ਹੋਇਆ ਕਿ ਮੈਂ ਛੋਟੀ ਉਮਰੇ ਆਪਣੇ ਆਪ ਨੂੰ ਅਨੁਸ਼ਾਸਨਬੱਧ ਨਹੀਂ ਕਰ ਸਕਿਆ ਜੋ ਸਿਰਫ਼ ਸਕੂਲ ਜਾਣ ਨਾਲ ਹੀ ਸੰਭਵ ਹੁੰਦਾ ਹੈ। ਪਰ ਸਕੂਲ ਜਾਣ ਤੋਂ ਪਹਿਲਾਂ ਹੀ ਰਵੀਂਦਰਨਾਥ ਦਾ ਪ੍ਰਭਾਵ ਮੇਰੀ ਜ਼ਿੰਦਗੀ ਤੇ ਸੋਚ 'ਤੇ ਪੈ ਚੁੱਕਾ ਸੀ। ਮਈ 1941 ਵਿਚ, ਤਦੋਂ ਰਵੀਂਦਰਨਾਥ ਅੱਸੀ ਵਰ੍ਹਿਆਂ ਦੇ ਹੋ ਗਏ ਸਨ, ਪਾਕਸ਼ੀ ਦੇ ਸਕੂਲ

ਵਿਚ ਉਨ੍ਹਾਂ ਦਾ ਜਨਮ ਦਿਨ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਸੀ। ਸਕੂਲ ਦੇ ਵਿਦਿਆਰਥੀ ਰਵੀਂਦਰਨਾਥ ਦੇ ਨਾਟਕ 'ਮੁਕਤ ਧਾਰਾ' ਵਿਚ ਅਭਿਨੈ ਕਰ ਰਹੇ ਸਨ, ਜਦੋਂ ਕਿ ਮੇਰੇ ਪਿਤਾ ਜੀ ਉਸ ਦੇ ਨਿਰਦੇਸ਼ਕ ਸਨ। ਓਦੋਂ ਅਜੇ ਮੈਂ ਸਕੂਲ ਵਿਚ ਭਰਤੀ ਨਹੀਂ ਸੀ ਹੋਇਆ, ਪਰ ਨਾਟਕ ਦੀ ਰਿਹਰਸਲ ਦੇਖਣ ਹਰ ਰੋਜ਼ ਜਾਂਦਾ ਸਾਂ। ਮੈਨੂੰ ਓਦੋਂ ਅਜੇ ਸਮਝ ਨਹੀਂ ਸੀ ਇਸ ਲਈ ਮੇਰੇ ਪੱਲੇ ਕੁਝ ਨਾ ਪੈਂਦਾ। ਇਕ ਦਿਨ ਮੈਂ ਉਸ ਨਾਟਕ ਨੂੰ ਪੜ੍ਹਨ ਦਾ ਫ਼ੈਸਲਾ ਕੀਤਾ। ਇਕ ਦੁਪਹਿਰ ਮੈਂ ਪੂਰਾ ਨਾਟਕ ਪੜ੍ਹ ਕੇ ਹਟਿਆ ਤੇ ਮੈਂ ਤੁਹਾਨੂੰ ਯਕੀਨ ਦਿਵਾ ਸਕਦਾ ਹਾਂ ਕਿ ਉਸ ਛੋਟੀ ਜਿਹੀ ਉਮਰ ਵਿਚ ਉਹਦਾ ਪਾਠ ਕਰਨ ਤੋਂ ਬਾਅਦ ਮੈਨੂੰ ਕਿੰਨੀ ਖ਼ੁਸ਼ੀ ਮਿਲੀ ਮੈਂ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦਾ। ਉਸ ਦਿਨ ਤੋਂ ਹੀ ਮੈਂ ਰਵੀਂਦਰਨਾਥ ਦਾ ਭਗਤ ਬਣ ਗਿਆ ਸਾਂ। ਰਵੀਂਦਰਨਾਥ ਦੀ ਮੌਤ ਤੋਂ ਬਾਅਦ ਉਹਨਾਂ ਬਾਰੇ ਕਈ ਕੁਝ ਛਪਿਆ, ਜੋ ਮੈਂ ਪੜ੍ਹਿਆ।

ਉਨ੍ਹਾਂ ਵਿਚੋਂ ਦੋ ਰਚਨਾਵਾਂ ਬੜੀਆਂ ਮਹੱਤਵਪੂਰਨ ਸਨ। ਪਹਿਲੀ ਪ੍ਰਮਥਨਾਥ ਬਿਸ਼ੀ ਦੁਆਰਾ ਲਿਖੇ ਸੰਸਮਰਣ ਸਨ-ਰਵੀਂਦਰਨਾਥ ਓ ਸ਼ਾਂਤੀ ਨਿਕੇਤਨ (ਰਵੀਂਦਰਨਾਥ ਤੇ ਸ਼ਾਂਤੀ ਨਿਕੇਤਨ), ਜਿਨ੍ਹਾਂ ਵਿਚ ਲੇਖਕ ਨੇ ਸ਼ਾਂਤੀ ਨਿਕੇਤਨ ਵਿਚ ਬਤੌਰ ਵਿਦਿਆਰਥੀ ਜੋ ਅਨੁਭਵ ਕੀਤਾ ਸੀ ਉਸ ਬਾਰੇ ਸੀ। ਦੂਸਰੀ ਮੈਤ੍ਰੇਈ ਦੇਵੀ ਦੇ ਸੰਸਮਰਣ ਸਨ- 'ਮੋਨਪੁਰੇ ਰਵੀਂਦਰਨਾਥ (ਮੋਨਪੁਰ ਵਿਚ ਰਵੀਂਦਰਨਾਥ) ਇਨ੍ਹਾਂ ਦੋਵਾਂ ਸੰਸਮਰਣਾਂ ਰਾਹੀਂ ਮੈਂ ਰਵੀਂਦਰਨਾਥ ਨੂੰ ਬਿਹਤਰ ਤਰੀਕੇ ਨਾਲ ਸਮਝ ਸਕਿਆ। ਕਵਿਤਾ ਲਿਖਣ ਬਾਰੇ ਵੀ ਮੇਰੀ ਇਕ ਦਿਲਚਸਪ ਕਹਾਣੀ ਹੈ। ਮੈਂ ਓਦੋਂ ਬਾਰਾਂ ਤੇਰਾਂ ਵਰ੍ਹਿਆਂ ਦਾ ਹੋਵਾਂਗਾ। ਮਾਂ ਸਾਨੂੰ ਦੋਹਾਂ ਭਰਾਵਾਂ ਨੂੰ ਇਕ ਰਾਤ ਰੋਟੀ ਖੁਆਉਂਦਿਆਂ ਮਹਾਂਪੁਰਸ਼ਾਂ ਅਤੇ 19ਵੀਂ ਸਦੀ ਦੇ ਮਸ਼ਹੂਰ ਬੰਗਾਲੀਆਂ ਦੀਆਂ ਕਹਾਣੀਆਂ ਸੁਣਾਉਂਦੀ ਗਿਲਾ ਕਰ ਰਹੀ ਸੀ ਕਿ ਅਸੀਂ ਬਿਨਾ ਮਤਲਬ ਆਪਣਾ ਸਾਰਾ ਦਿਨ ਬਰਬਾਦ ਕਰ ਦੇਂਦੇ

ਹਾਂ ਤੇ ਕੁਝ ਨਹੀਂ ਕਰਦੇ। ਮੈਨੂੰ ਮਾਂ ਦੀ ਗੱਲ ਇਕ ਚੁਨੌਤੀ ਵਰਗੀ ਲੱਗੀ। ਅਗਲੇ ਦਿਨ ਮੈਂ ਬਜ਼ਾਰ ਵਿਚੋਂ ਇਕ ਕਾਪੀ ਖ਼ਰੀਦ ਲਿਆਇਆ ਤੇ ਉਸ ਵਿਚ ਕਵਿਤਾਵਾਂ ਲਿਖਣ ਲੱਗਾ। ਹਾਲਾਂਕਿ ਉਹ ਕਵਿਤਾਵਾਂ ਕੱਚੀਆਂ ਤੇ ਬਚਗਾਨੀਆਂ ਸਨ, ਪਰ ਉਹ ਮੇਰੇ ਲਿਖਣ ਦੀ ਸ਼ੁਰੂਆਤ ਸਨ। ਅੱਜ ਇਸ ਮੁਕਾਮ ਉੱਤੇ ਪਹੁੰਚ ਕੇ ਵੀ ਉਹ ਪਲ ਸੁਨਹਿਰੀ ਯਾਦਾਂ ਵਾਂਗ ਹਨ।

ਅਸੀਂ ਭਾਰਤ ਦੇ ਇਸ ਮਹਾਨ ਸਪੂਤ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ। ਪੇਸ਼ ਹਨ ਕਵੀ ਦੀਆਂ ਕੁਝ ਕਵਿਤਾਵਾਂ :

1. ਧਰਮ

ਸੁੱਤਾ ਪਿਆ ਹਾਂ ਸ਼ਮਸ਼ਾਨ ਵਿਚ
ਉਨ੍ਹਾਂ ਨੂੰ ਕਹੋ
ਚਿਤਾ ਨੂੰ ਸਜਾਉਂਦੇ ਸਮੇਂ

ਏਨਾ ਰੌਲਾ ਰੱਪਾ ਚੰਗਾ ਨਹੀਂ

ਸਿਰ ਤੋਂ ਉਪਰ ਤੇ ਪੈਰਾਂ ਤੋਂ ਥੱਲੇ

ਹੱਥਾਂ ਦੇ ਕੋਲ

ਸਾਰੇ ਤੁਹਾਡੇ ਹੀ ਬੰਦੇ ਨੇ

ਉਨ੍ਹਾਂ ਨੂੰ ਕਹੋ

ਕਹੋ ਉਨ੍ਹਾਂ ਨੂੰ ਮੇਰੇ ਸੀਨੇ ਕੋਲ ਖੜ੍ਹਾ ਹੈ ਜੋ ਸੁੰਨ

ਖੋਲ੍ਹਣ ਆਪਣੇ ਬੰਨ੍ਹੇ ਹੋਏ ਵਾਲ

ਜਲ ਉੱਠਣ ਮੁਕਟਾਂ ਭਰੇ ਤਾਰੇ

ਤੇ ਜਿਨ੍ਹਾਂ ਦਾ ਮੈਂ ਨਾਂ ਨਹੀਂ ਜਾਣਦਾ

ਉਸ ਮੁੰਡਮਾਲਾ ਤੋਂ

ਝੜ ਝੜ ਕੇ ਡਿੱਗਣ

ਠੰਢੇ ਮੂੰਹ ਵਿਚ ਮੇਰੇ ਠੰਢੇ ਸੀਨੇ 'ਤੇ,

2.ਘਰ

ਬੜੇ ਦਿਨਾਂ ਤੋਂ ਮੈਂ ਇਕ ਘਰ ਲੱਭ ਰਿਹਾ ਹਾਂ

ਮਨ ਹੀ ਮਨ ਵਿਚ

ਪਤਾ ਨਹੀਂ ਕਦੋਂ ਡੁੱਬ ਜਾਵਾਂ

ਰੌਸ਼ਨੀਆਂ ਦੇ ਤਰਲ ਜਲ ਵਿਚ

ਕੀ ਘਰ ਲੱਭਿਆ ਤੁਹਾਨੂੰ

ਘਰ ਮਿਲਿਆਂ ਬਹੁਤ ਦਿਨ ਹੋਏ

ਮਨ ਹੀ ਮਨ ਵਿਚ

ਘਰ ਚਾਹੁੰਦਾ ਹਾਂ ਬਾਹਰ ਦੁਨੀਆ ਵਿਚ।

3. ਤੂੰ ਅਤੇ ਤੂੰ ਨਹੀਂ ਹੈਂ

ਤੁਸੀਂ ਕਹੋ ਤਾਂ ਮਾਨਵਤਾ

ਮੈਂ ਕਹਾਂ ਤਾਂ ਪਾਪ

ਬੰਦ ਕਰ ਦਿੱਤਾ ਹੈ ਦੇਸ਼ ਤੁਸਾਂ ਨੇ

ਸਾਰੇ ਉਹਦੇ ਦੁਆਰ

ਤੁਸੀਂ ਕਹੋ ਤਾਂ ਹਿਟਲਰੀ ਵੀ

ਪਿਆਰ ਨਾਲ ਭਰਪੂਰ

ਮੈਂ ਕਹਾਂ ਤਾਂ ਹਾਥੀ ਦੇ ਦੰਦ

ਤੁਸੀਂ ਕਹੋ ਤਾਂ ਦਸਤੂਰ

ਤੁਸੀਂ ਕਹੋ ਤਾਂ ਰਾਹ ਜ਼ਿੰਦਗੀ ਦਾ

ਮੈਂ ਕਹਾਂ ਤਾਂ ਬਹਾਨੇ

ਸਾਰੇ ਮੇਰੇ 'ਤੇ ਕਿਉਂ ਚੜ੍ਹ ਆਏ

ਚੰਗੇ ਸਨ ਖਾਂਦੇ ਪੀਂਦੇ ਸੌਂਦੇ

ਭਾਵੇਂ ਹੋਵੇ ਇਹ ਜ਼ਿੰਦਗੀ ਸੁੱਕੀ

ਬੰਦੀ ਜਾਂ ਅਜ਼ਾਦ

ਮੈਂ ਕਹਾਂ ਤਾਂ ਭੇਜ ਸਿਪਾਹੀ

ਘੁੱਟ ਦੇਣਗੇ ਗਲ਼ਾ

4. ਸਨਿਮਰ ਬੇਨਤੀ

ਮੈਂ ਤਾਂ ਆਪਣੀ ਸਹੁੰ ਦਾ

ਅੱਖਰ ਅੱਖਰ ਕੀਤਾ ਪੂਰਾ

ਨਰਕ ਬਣਾ ਦਿੱਤਾ ਤੁਸਾਂ

ਵਿਰੋਧੀਆਂ ਦਾ ਜੀਵਨ

ਮੇਰੇ ਆਪਣੇ ਲੋਕ ਛਾਤੀ 'ਤੇ ਦਲ਼ਨਗੇ ਮੂੰਗ

ਜਦ ਕਿ ਹੋਰ ਸਾਰੇ ਰਹਿਣਗੇ ਚੁੱਪਚਾਪ

ਰਾਜ ਸੱਤਾ ਵਜਰ ਵਾਂਗ ਹੈ ਕਠਨ

ਤੇ ਹੈ ਸੁਭਾਵਕ

ਗੋਲੀ ਚਲਾਉਣ ਲਈ ਸਾਰੀ ਰਾਤ

ਤੇ ਸਾਰਾ ਦਿਨ ਖੁੱਲ੍ਹਾ ਹੈ

ਵਜਰ ਵਰਗੇ ਕਠਨ ਰਾਜ ਵਿਚ ਸ਼ਾਂਤੀ ਦਾ

ਬੱਸ ਇਹੀ ਇਕ ਤਰੀਕਾ ਹੈ

ਮਰਦਾ ਹੈ ਜੋ ਮਰੇ ਜਾਂ

ਸੋਗ ’ਚ ਬੀਤੇ ਜ਼ਿੰਦਗਾਨੀ

ਵਿਜੇਤਾ ਹੈ ਉਹ ਨਰਕ ਬਣਾ ਕੇ

ਸਭ ਦੀ ਜ਼ਿੰਦਗਾਨੀ

5. ਮੂੰਹ ਨਾਲ ਕੱਜਿਆ ਜਾਂਦਾ ਹੈ ਵਿਗਿਆਪਨ

ਤੁਹਾਡੇ ਲਈ ਹੀ ਖੜ੍ਹਾ ਇਕੱਲਾ

ਮੈਂ ਚੁੱਪਚਾਪ ਗਲੀ ਦੇ ਕੋਨੇ ਵਿਚ

ਸੋਚਿਆ ਦਿਖਾਵਾਂ ਚਿਹਰਾ ਆਪਣਾ

ਮੂੰਹ ਢਕਿਆ ਜਾਂਦਾ ਵਿਗਿਆਪਨ 'ਚ

ਸੋਚਿਆ ਇਕ ਦੋ ਸਹਿਜ ਗੱਲਾਂ

ਕਰਾਂਗਾ ਅੱਖਾਂ ਦੇ ਕੋਨਿਆਂ ਤੋਂ

ਚਕਾਚੌਂਧ ਵਿਚ ਝੁਲਸ ਉੱਠਿਆ ਉਹ

ਵਿਗਿਆਪਨ ਤੋਂ, ਰੰਗਾਂ ਦੀ ਬਹਾਰ ਤੋਂ

ਕੌਣ ਕਿਸੇ ਨੂੰ ਕਿਵੇਂ ਸਮਝਦਾ

ਇਹ ਸਮਝਣਾ ਔਖਾ ਬੜਾ

ਹਾਏ ਓਏ ਮੇਰਾ ਬੜਬੋਲਾਪਨ

ਹਾਏ ਓਏ ਮੇਰੀ ਜਨਮ ਭੂਮੀ।

75

ਕੁੰਭਕਰਨ ਦੀ ਨੀਂਦ

ਦਸਹਿਰੇ ਦੇ ਪੁਰਬ ’ਤੇ ਰਾਵਣ ਨੂੰ ਅੱਗ ਲਾਉਣ ਤੋਂ ਬਾਅਦ ਅਸਾਂ ਕੁੰਭਕਰਨ ਨੂੰ ਵੀ ਅੱਗ ਲਾਉਣ ਦੀ ਸੋਚੀ। ਪਹਿਲਾਂ ਤਾਂ ਉਹ ਉਬਾਸੀਆਂ ਲੈਂਦਾ, ਉਣੀਂਦੀਆਂ ਅੱਖਾਂ ਨਾਲ ਮਸਾਂ ਜਾਗਿਆ। ਵੱਡਾ ਸਾਰਾ ਮੂੰਹ ਖੋਲ੍ਹ ਕੇ ਉਹਨੇ ਅੰਗੜਾਈ ਲੈਂਦਿਆਂ ਲੰਮੀ ਉਬਾਸੀ ਲਈ। ਉਹਨੇ ਆਪਣੇ ਖੁੱਲ੍ਹੇ ਮੂੰਹ ਅੱਗੇ ਚੁਟਕੀ ਵਜਾਉਂਦਿਆਂ ਪੁੱਛਿਆ- ਭਾਈ ਜੀ ਇਹ ਕੀ ਤਮਾਸ਼ਾ ਕਰ ਰਹੇ ਓ?’ ‘ਅਸੀਂ ਤੈਨੂੰ ਜਲਾਉਣ ਲਈ ਏਥੇ ‘ਕੱਠੇ ਹੋਏ ਆਂ’।ਸਾਡੇ ਵਿਚੋਂ ਇਕ ਨੇ ਰੋਹਬਦਾਰ ਆਵਾਜ਼ ਵਿਚ ਕਿਹਾ। ਇਹ ਅਸਲ ਵਿਚ ਸਾਡੇ ਇਲਾਕੇ ਦਾ ਲੀਡਰ ਸੀ ਤੇ ਅੱਜ ਦੇ ਦਸਹਿਰਾ ਪੁਰਬ ਦਾ ਮੁੱਖ ਮਹਿਮਾਨ ਵੀ ਸੀ। ਏਸੇ ਕਰਕੇ ਉਹਦੇ ਬੋਲਾਂ ਵਿਚ ਧੌਂਸ

ਵੀ ਸੀ।

‘ਪਰ ਮੇਰਾ ਦੋਸ਼ ਤਾਂ ਦੱਸੋ ਕੀ ਐ? ਮੈਂ ਕਿਹੜੀ ਤੁਹਾਡੀ ਕਿਲ੍ਹੇ ਬੱਝੀ ਮਹਿੰ ਖੋਲ੍ਹ ਲਿਆਂਦੀ ਐ।’

‘ਤੂੰ ਰਾਵਣ ਦਾ ਭਾਈ ਏਂ ਕੀ ਇਹ ਕਾਫ਼ੀ ਨਹੀਂ। ਚੋਰ ਦਾ ਭਰਾ ਚੋਰ’।

‘ਇੰਜ ਤਾਂ ਭਿਭੀਖਣ ਵੀ ਰਾਵਣ ਦਾ ਭਾਈ ਐ। ਤੁਹਾਡਾ ਕੀ ਉਹ ਮਾਸੀ ਦਾ ਪੁੱਤ ਲਗਦੈ?’

‘ਬਹੁਤਾ ਬੋਲ ਨਾ ਉਹ ਸਿਆਣੈ। ਉਹਨੇ ਰਾਵਣ ਨੂੰ ਉਹਦੇ ਪਾਪ ਕਰਮ ਲਈ ਉਹਦੀ ਚੰਗੀ ਲਾਹ ਪਾਹ ਕੀਤੀ ਐ। ਉਹਨੂੰ ਮਾੜਾ ਮੋਟਾ ਉਪਦੇਸ਼ ਦੇ ਕੇ ਵੀ ਉਹਨੂੰ ਲਾਹਨਤ ਪਾਈ ਐ। ਤੇ ਤੂੰ...।’

‘ਨਾ ਕੀ ਤੂੰ। ਮੈਂ ਕੀ ਸੀਤਾ ਚੁੱਕਣ ਰਾਵਣ ਦੇ ਨਾਲ ਗਿਆ ਸੀ ਜਾਂ ਕਿਰਾਏ ਤੇ ਬੱਘੀ ਲਿਆ ਕੇ ਦਿੱਤੀ ਸੀ।’

‘ਤੂੰ ਤਾਂ ਘੁਰਾੜੇ ਮਾਰਦਾ ਰਹਿਣੈ। ਜਾਗਦਾ ਤਾਂ ਤੂੰ ਸਾਲ ਵਿਚ

ਇਕ ਵਾਰ ਐਂ। ਉਹ ਵੀ ਮਸਾਂ ਤੇਰੀ ਜਾਗ ਖੁੱਲ੍ਹਦੀ ਐ।'

'ਜੇ ਮੈਂ ਸੌਂਦਾ, ਘੁਰਾੜੇ ਮਾਰਦਾਂ ਤਾਂ ਤੁਹਾਡੀ ਕਿਹੜੀ ਬੀਨ ਵੱਜਣੋਂ ਹੱਟ ਜਾਂਦੀ ਐ। ਮੇਰੀ ਮਰਜ਼ੀ ਐ ਮੈਂ ਜਿੰਨੀ ਦੇਰ ਚਾਹਾਂ ਸੌਂਵਾਂ ਜਿੰਨੀ ਦੇਰ ਜੀਅ ਕਰੇ ਘੁਰਾੜੇ ਮਾਰਾਂ ਤੁਹਾਨੂੰ ਕੀ ਤਕਲੀਫ਼ ਐ।'

'ਤੇਰੇ ਵੱਜਦੇ ਘੁਰਾੜਿਆਂ ਵਿਚੋਂ ਸਾਨੂੰ ਤੇਰੀ ਮੂਕ ਸਹਿਮਤੀ ਦੀ ਅਵਾਜ਼ ਸੁਣਦੀ ਐ ਤੇ ਇਸ ਨੂੰ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ।'

'ਪਰ ਇਹ ਤਾਂ ਘੋਰ ਅਨਿਆਂ ਐ। ਇਕ ਦਾ ਦੋਸ਼ ਦੂਜੇ ਸਿਰ ਮੜ੍ਹ ਦਿਓ। ਰਾਵਣ ਦਾ ਭਰਾ ਹੋਣਾ ਕੀ ਗੁਨਾਹ ਐ?'

'ਬਹੁਤੀ ਬੜ ਬੜ ਨਾ ਕਰ। ਨਿਆਂ ਕਰਨਾ ਸਾਨੂੰ ਚੰਗੀ ਤਰ੍ਹਾਂ ਆਉਂਦੈ। ਰਾਵਣ ਵੱਲ ਵੇਖ ਕੇ ਬਹੁਤੇ ਦੰਦ ਨਾ ਕੱਢ ਤੇ ਜਲ਼ਨ ਲਈ ਤਿਆਰ ਹੋ ਜਾ। ਬੇਵਕੂਫ਼ਾਂ ਵਾਂਗ ਸਾਨੂੰ ਉੱਲੂ ਨਾ ਸਮਝ।'

‘ਬੇਵਕੂਫ਼ ਮੈਂ ਨਹੀਂ ਤੁਸੀਂ ਸਾਰੇ ਹੋ। ਇਕੋ ਥੈਲੀ ਦੇ ਚੱਟੇ ਵੱਟੇ। ਤੁਹਾਨੂੰ ਤਾਂ ਭੋਰਾ ਵੀ ਅਕਲ ਨਹੀਂ। ਤੁਸੀਂ ਸਿਰਫ਼ ਜਲਾਉਣਾ, ਤੀਲ੍ਹੀਆਂ ਲਾਉਣੀਆਂ, ਪਟਾਕੇ ਚਲਾਉਣੇ, ਭੰਗੜੇ ਪਾਉਣੇ ਤੇ ਮਠਿਆਈਆਂ ਵੰਡਣੀਆਂ ਜਾਣਦੇ ਓ। ਮੈਂ ਤਾਂ ਫਿਰ ਵੀ ਸਾਲ ਵਿਚ ਇਕ ਵਾਰ ਜਾਗ ਜਾਂਦਾਂ ਤੁਸੀਂ ਤਾਂ ਪੰਜਾਂ ਵਰ੍ਹਿਆਂ ਬਾਅਦ ਵੀ ਨਹੀਂ ਜਾਗਦੇ ਤੇ ਗ਼ੁਲਾਮਾਂ ਵਾਂਗ ਅੱਗਾਂ ਲਾਈ ਜਾਂਦੇ ਓ ਕੁਝ ਤੇ ਸ਼ਰਮ ਕਰ ਲੌ...’

ਪੋਸਟ ਸਕਰਿਪਟ

ਨੈਤਿਕ ਸਿੱਖਿਆ : ਕਾਸ਼ ਅਸੀਂ ਪੰਜਾਂ ਵਰ੍ਹਿਆਂ ਬਾਅਦ ਵੀ ਇਕ ਵਾਰ ਜਾਗ ਜਾਂਦੇ ਤਾਂ ਭਾਰਤ ਨਸਲਾਂ, ਜਾਤਾਂ, ਕੌਮਾਂ, ਰੰਗਾਂ, ਧਰਮਾਂ, ਭਾਸ਼ਾਵਾਂ, ਉੱਚਿਆਂ, ਨੀਵਿਆਂ, ਦਲਿਤਾਂ, ਸਵਰਨਾਂ, ਅਮੀਰਾਂ, ਗ਼ਰੀਬਾਂ ਵਿਚ ਖੱਖੜੀਆਂ ਹੋਣ ਦੀ ਬਜਾਏ ਹਿੰਦੁਸਤਾਨ ਹੁੰਦਾ ਸਭ

ਦਾ ਪਿਆਰਾ, ਸਾਰੇ ਜਹਾਂ ਤੋਂ ਅੱਛਾ।

ਗੁਜਰਾਤੀ ਬੀਜ = ਪੰਜਾਬੀ ਫ਼ਸਲ

ਰੂਪਾਂਤਰੀ ਕਾਮਾ : ਪਰਮਜੀਤ ਢੀਂਗਰਾ

76

ਨਕਲਚੀ ਫੇਰੀਵਾਲਾ

ਅੱਤ ਦੀ ਗਰਮੀ ਪੈ ਰਹੀ ਸੀ ਉੱਪਰੋਂ ਕੋਰੋਨਾ ਕਾਲ, ਸਾਰੇ ਕੰਮ ਧੰਦੇ ਬੰਦ ਹੋ ਚੁੱਕੇ ਸਨ। ਪਰ ਢਿੱਡ ਰੋਟੀ ਮੰਗ ਰਿਹਾ ਸੀ। ਟੋਪੀ ਫਰੋਸ਼ ਨੇ ਧੋਤੀ ਬੰਨ੍ਹੀ, ਬੁਣੈਨ ਪਾਈ, ਸਿਰ ਤੇ ਟੋਪੀਆਂ ਵਾਲਾ ਬਕਸਾ ਰੱਖਿਆ ਤੇ ਹੋਕਾ ਦੇਂਦਾ ਤੁਰ ਪਿਆ। ਸਿਖਰ ਦੁਪਹਿਰੇ ਇਕ ਰੁੱਖ ਹੇਠਾਂ ਬਕਸਾ ਰੱਖ ਕੇ ਅਰਾਮ ਕਰਨ ਲਈ ਲੰਮਾ ਪੈ ਗਿਆ। ਉਸ ਰੁੱਖ ਉਪਰ ਕੁਝ ਬਾਂਦਰ ਅੰਦਰੇ ਅੰਦਰ ਗੁੱਟਬੰਦੀ ਕਰਕੇ ਇਕ ਦੂਜੇ ਦੀਆਂ ਟੰਗਾਂ ਖਿੱਚਣ ਦੀ ਮਜ਼ੇਦਾਰ ਖੇਡ ਵਿਚ ਰੁੱਝੇ ਹੋਏ ਸਨ। ਏਨੇ ਵਿਚ ਇਕ ਗੁੰਡੇ ਕਿਸਮ ਦੇ ਬਾਂਦਰ ਦੀ ਨਜ਼ਰ ਹੇਠਾਂ ਪਏ ਟੋਪੀਆਂ ਵਾਲੇ ਬਕਸੇ ਤੇ ਪਈ। ਉਹ ਛਾਲ ਮਾਰ ਕੇ ਹੇਠਾਂ ਗਿਆ ਤੇ ਇਕ ਟੋਪੀ ਲੈ ਕੇ ਸਿਰ ਤੇ ਪਾ ਕੇ ਉਪਰ ਆ

ਗਿਆ। ਵੇਖੋ ਵੇਖੀ ਦੂਜੇ ਬਾਂਦਰ ਵੀ ਛਾਲਾਂ ਮਰ ਕੇ ਪੈਰਾਸ਼ੂਟੀ ਉਮੀਦਵਾਰਾਂ ਵਾਂਗ ਹੇਠਾਂ ਉੱਤਰੇ ਤੇ ਟੋਪੀਆਂ ਪਾ ਕੇ ਇਕ ਦੂਸਰੇ ਨੂੰ ਵਿਰੋਧੀ ਉਮੀਦਵਾਰਾਂ ਵਾਂਗ ਦੰਦ ਚਿੜਾ ਚਿੜਾ ਕੇ ਖਿੜਖਿਲੀਆਂ ਪਾਉਣ ਲੱਗੇ। ਇਕ ਗੁੱਟ ਦਾ ਬਾਂਦਰ ਦੂਸਰੇ ਗੁੱਟ ਦੇ ਬਾਂਦਰ ਦੀ ਟੋਪੀ ਖਿੱਚ ਕੇ ਉਹਦਾ ਲੇਬਲ ਫਾੜਨ ਲੱਗਾ। ਦੂਸਰੇ ਨੇ ਉਹਦੀ ਟੈਂ ਨਾ ਮੰਨਦਿਆਂ ਉਹਦੀ ਟੋਪੀ ਤੇ ਤਿੱਖੀਆਂ ਨਹੁੰਦਰਾਂ ਨਾਲ ਵਾਰ ਕਰ ਦਿੱਤਾ। ਦੋਹਾਂ ਗੁੱਟਾਂ ਦੇ ਬਾਂਦਰ ਇਕ ਦੂਜੇ ਵੱਲ ਵਧ ਵਧ ਕੇ ਲੇਬਲ ਫਾੜਨ ਲੱਗੇ। ਇੰਜ ਜਾਪਦਾ ਸੀ ਜਿਵੇਂ ਰੁੱਖ ਤੇ ਘੜਮੱਸ ਚੌਧਿਆਂ ਪੈ ਗਈ ਹੋਵੇ। ਬਾਂਦਰਾਂ ਦੇ ਰੌਲ਼ੇ ਰੱਪੇ ਕਰਕੇ ਸੌਦਾਗਰ ਦੀ ਨੀਂਦ ਖੁੱਲ੍ਹ ਗਈ। ਉਹਨੇ ਦੇਖਿਆ ਕਿ ਸਾਰੇ ਬਾਂਦਰ ਬਕਸੇ ਵਿਚੋਂ ਟੋਪੀਆਂ ਕੱਢ ਕੇ ਲੈ ਗਏ ਹਨ। ਅਚਾਨਕ ਉਹਨੂੰ ਬਚਪਨ ਵਿਚ ਪੜ੍ਹੀ ਈਸਪ ਦੀ ਕਹਾਣੀ ਯਾਦ ਆ ਗਈ। ਈਸਪ ਦੀ ਕਹਾਣੀ ਵਿਚ ਸੌਦਾਗਰ ਨੇ ਜਿਹੜੀ ਜੁਗਤ ਅਪਣਾਈ ਸੀ ਉਹੀ ਉਹਨੇ

ਅਜ਼ਮਾਉਣ ਦੀ ਸੋਚੀ। ਉਹਨੇ ਆਪਣੇ ਸਿਰੋਂ ਟੋਪੀ ਲਾਹ ਕੇ ਇਸ ਤਰ੍ਹਾਂ ਵਗਾਹ ਕੇ ਸੁੱਟੀ ਕਿ ਬਾਂਦਰ ਇਸ ਨੂੰ ਚੰਗੀ ਤਰ੍ਹਾਂ ਵੇਖ ਲੈਣ। ਉਹਨੂੰ ਪੂਰਾ ਵਿਸ਼ਵਾਸ ਸੀ ਕਿ ਬਾਂਦਰਾਂ ਨੇ ਵੀ ਬਚਪਨ ਵਿਚ ਕਦੇ ਨਾ ਕਦੇ ਇਹ ਕਹਾਣੀ ਜ਼ਰੂਰ ਪੜ੍ਹੀ ਜਾਂ ਸੁਣੀ ਹੋਵੇਗੀ। ਉਹ ਉਹਨੂੰ ਟੋਪੀ ਸੁੱਟਦਿਆਂ ਵੇਖ ਕੇ ਉਹਦੀ ਰੀਸ ਕਰਨਗੇ ਤੇ ਟੋਪੀਆਂ ਲਾਹ ਕੇ ਹੇਠਾਂ ਸੁੱਟ ਦੇਣਗੇ। ਉਹ ਟੋਪੀਆਂ ਇਕੱਠੀਆਂ ਕਰਕੇ ਖ਼ੁਸ਼ੀ ਖ਼ੁਸ਼ੀ ਅੱਗੇ ਚੱਲ ਪਏਗਾ। ਪਰ ਜਦੋਂ ਕਿਸੇ ਵੀ ਬਾਂਦਰ ਨੇ ਟੋਪੀ ਤਾਂ ਕੀ ਸੁੱਟਣੀ ਸੀ ਉਹਦੇ ਵਲ ਵੇਖਿਆ ਤੱਕ ਵੀ ਨਾ ਤਾਂ ਉਹਨੂੰ ਬੜੀ ਹੈਰਾਨੀ ਹੋਈ ਕਿ ਕਿਹੋ ਜਿਹੇ ਬਦਤਮੀਜ਼, ਅਨਪੜ੍ਹ, ਜਾਹਲ ਬਾਂਦਰ ਹਨ ਜੋ ਇਸ਼ਾਰਾ ਵੀ ਨਹੀਂ ਸਮਝਦੇ। ਉੱਪਰੋਂ ਦੰਦ ਝਕਾ ਝਕਾ ਕੇ ਉਹਦਾ ਮਜ਼ਾਕ ਉਡਾ ਰਹੇ ਨੇ। ਉਹਨੇ ਇਕ ਸਿਆਣੇ ਜਿਹੇ ਲਗਦੇ ਬਾਂਦਰ ਨੂੰ ਕਿਹਾ- ਸਮਝਾ ਇਨ੍ਹਾਂ ਮੂਰਖਾਂ ਨੂੰ ਕਿ ਟੋਪੀਆਂ ਹੇਠਾਂ ਸੁੱਟਣ। ਕੀ ਤੁਸਾਂ ਈਸਪ ਦੀ ਨਕਲਚੀ ਬਾਂਦਰ

ਕਹਾਣੀ ਨਹੀਂ ਪੜ੍ਹੀ? ‘ਇਹ ਸੁਣ ਕੇ ਸਾਰੇ ਬਾਂਦਰ ਉੱਚੀ ਉੱਚੀ ਹੱਸਣ ਲੱਗੇ। ਇਕ ਬਦਮਾਸ਼ ਜਿਹੇ ਬਾਂਦਰ ਨੇ ਆਪਣੀ ਪਿੱਠ ਤੇ ਖੁਰਕ ਕਰਦਿਆਂ ਕਿਹਾ- ਓਏ ਮੂਰਖ ਬੰਦੇ ਦੀ ਔਲਾਦ ਤੇਰੀਆਂ ਇਹ ਟੋਪੀਆਂ ਸਾਡੇ ਕਿਸ ਕੰਮ। ਇਹ ਤੁਹਾਡੀਆਂ ਚੋਣਾਂ ਵਿਚ ਹੀ ਰੰਗ ਬਦਲਦੀਆਂ ਨੇ । ਸਾਡੀ ਦਿਲਚਸਪੀ ਤਾਂ ਸਿਰਫ਼ ਇਕ ਦੂਜੇ ਦੇ ਲੇਬਲ ਫਾੜਨ ਵਿਚ ਐ...

ਪੋਸਟ ਸਕਰਿਪਟ

(ਨੋਟ: ਸੰਸਦ ਜਾਂ ਵਿਧਾਨ ਸਭਾਵਾਂ ਵਿਚ ਹੁੰਦੇ ਹੰਗਾਮਿਆਂ, ਫਾੜੇ ਜਾਂਦੇ ਕਾਗ਼ਜ਼ਾਂ ਪੱਤਰਾਂ, ਚਲਦੀਆਂ ਕੁਰਸੀਆਂ ਜਾਂ ਧਰਨਿਆਂ ਨਾਲ ਇਸ ਕਹਾਣੀ ਦਾ ਕੋਈ ਸੰਬੰਧ ਨਹੀਂ)

77

ਭੋਲਾ ਕਾਂ

ਅੱਜ ਕਈ ਚਿਰਾਂ ਬਾਅਦ ਲੂੰਬੜੀ ਨੇ ਕਾਂ ਦੇ ਮੂੰਹ ਵਿਚ ਪੂੜੀ ਦੇਖੀ। ਪਹਿਲਾਂ ਵੀ ਇਕ ਵਾਰ ਕਾਂ ਦੇ ਮੂੰਹ ਵਿਚ ਪਨੀਰ ਦਾ ਟੁਕੜਾ ਦੇਖ ਕੇ ਲੂੰਬੜੀ ਉਹਨੂੰ ਮੂਰਖ ਬਣਾ ਚੁੱਕੀ ਸੀ। ਕਾਂ ਵੀ ਆਪਣੀ ਮੂਰਖਤਾ 'ਤੇ ਬਥੇਰਾ ਪਛਤਾ ਚੁੱਕਾ ਸੀ। ਹੁਣ ਉਹ ਲਗਦੀ ਵਾਹ ਚੁਕੰਨਾ ਸੀ ਤੇ ਲੂੰਬੜੀ ਨੂੰ ਵੀ ਇਲਮ ਹੋ ਚੁੱਕਾ ਸੀ ਕਿ ਹੁਣ ਉਹ ਧੋਖੇ ਵਿਚ ਨਹੀਂ ਆਏਗਾ। ਪਰ ਪੂੜੀ ਦੇਖ ਕੇ ਲੂੰਬੜੀ ਦੀਆਂ ਰਾਲ਼ਾਂ ਡਿੱਗ ਰਹੀਆਂ ਸਨ। ਪਹਿਲਾਂ ਵਾਲੀ ਗਾਣਾ ਸੁਣਾਉਣ ਵਾਲੀ ਜੁਗਤ ਇਸ ਵਾਰ ਫ਼ੇਲ੍ਹ ਹੋਣ ਦਾ ਖ਼ਤਰਾ ਸੀ। ਲੂੰਬੜੀ ਨੇ ਸੋਚਿਆ ਇਸ ਵਾਰ ਕੋਈ ਨਵੀਂ ਜੁਗਤ ਘੜਨੀ ਪਏਗੀ। ਜਿਸ ਦਰੱਖਤ ਉੱਤੇ ਕਾਂ ਬੈਠਾ ਸੀ ਉਹਦੇ ਹੇਠਾਂ ਲੂੰਬੜੀ ਬਹਿ ਕੇ ਜੁਗਤ ਸੋਚਣ

ਲੱਗੀ। ਇਕ ਵਾਰ ਉਹਨੇ ਏਧਰ ਓਧਰ ਦੇਖਿਆ ਫਿਰ ਨਜ਼ਰ ਘੁੰਮਾ ਕੇ ਉਪਰ ਬੈਠੇ ਕਾਂ ਵੱਲ ਵੇਖਿਆ। ਅਚਾਨਕ ਪਹਿਲਾਂ ਵਾਂਗ ਉਹਦੇ ਦਿਮਾਗ਼ ਵਿਚ ਬਿਜਲੀ ਚਮਕੀ। ਉਹਨੇ ਆਪਣੀ ਰਿਸਟਵਾਚ ਕੱਢੀ ਤੇ ਚਾਬੀ ਘੁਮਾਉਣ ਲੱਗਾ। ਚਾਬੀ ਘੁੰਮਾਦਿਆਂ ਉਹਨੇ ਕਾਂ ਨੂੰ ਪੁੱਛਿਆ-ਕਾਂ ਭਰਾ ਜੀ ਇਸ ਵੇਲੇ ਕਿੰਨੇ ਵਜੇ ਹੋਣਗੇ? "ਬਾਰਾਂ" ਕਾਂ ਕੋਲੋਂ ਚੁੱਪ ਨਾ ਰਿਹਾ ਗਿਆ ਤੇ ਪੂੜੀ ਉਹਦੇ ਮੂੰਹ ਵਿਚੋਂ ਥੱਲੇ ਡਿੱਗ ਪਈ। ਪਹਿਲਾਂ ਵਾਂਗ ਹੀ ਲੂੰਬੜੀ ਨੇ ਪੂੜੀ ਨੂੰ ਝਪਟਾ ਮਾਰਿਆ ਤੇ ਜੰਗਲ ਵਿਚ ਗ਼ਾਇਬ ਹੋ ਗਈ।

ਇਸ ਕਹਾਣੀ ਵਿਚ ਆਏ ਔਖੇ ਸ਼ਬਦਾਂ ਦੇ ਅਰਥ- ਕਾਂ-ਪਰਜਾ, ਪੂੜੀ-ਵੋਟਾਂ, ਲੂੰਬੜੀ-ਨੇਤਾ, ਜੰਗਲ-ਰਾਜਧਾਨੀ, ਵਾਤਾਵਰਣ-ਲੋਕਤੰਤਰ

ਛਾਣਬੀਣ

ਇਸ ਵਾਰ ਕੁਦਰਤ ਬੜੀ ਕਹਿਰਵਾਨ ਹੋਈ। ਬਾਰਸ਼ਾਂ ਦੇ ਮੌਸਮ ਵਿਚ ਮੀਂਹ ਖੰਭ ਲਾ ਕੇ ਉੱਡ ਗਏ। ਪਿੰਡਾਂ ਵਿਚ ਲੋਕ ਕਈ ਤਰ੍ਹਾਂ ਦੀਆਂ ਮੰਨਤਾਂ ਮੰਨਦੇ, ਜੱਗ ਕਰਦੇ, ਮਿੱਠੇ ਚੌਲ ਵੰਡ ਕੇ ਇੰਦਰ ਦੇਵਤੇ ਨੂੰ ਰਿਝਾਉਣ ਦੀਆਂ ਕੋਸ਼ਿਸ਼ਾਂ ਕਰਦੇ ਪਰ ਲੱਗਦਾ ਸੀ ਜਿਵੇਂ ਇੰਦਰ ਵਿਦੇਸ਼ੀ ਟੂਰ ਤੇ ਚਲਾ ਗਿਆ ਹੋਵੇ ਤੇ ਜਾਂਦਾ ਹੋਇਆ ਮੀਹਾਂ ਦਾ ਚਾਰਜ ਕਿਸੇ ਨੂੰ ਦੇਣ ਦੀ ਬਜਾਏ ਬੱਦਲਾਂ ਨੂੰ ਤਾਲੇ ਮਾਰ ਕੇ ਚਾਬੀਆਂ ਵੀ ਨਾਲ ਲੈ ਗਿਆ ਹੋਵੇ। ਚਾਰੇ ਪਾਸੇ ਹਾਹਾਕਾਰ ਮਚੀ ਹੋਈ ਸੀ। ਵਿਰੋਧੀ ਧਿਰਾਂ ਸਰਕਾਰ ਨੂੰ ਰਗੜੇ ਲਾ ਲਾ ਕੇ ਰਾਜਨੀਤੀ ਕਰ ਰਹੀਆਂ ਸਨ। ਅਖੀਰ ਮੁੱਖਮੰਤਰੀ ਨੇ ਖੇਤੀ ਮੰਤਰੀ ਦੀ ਡਿਊਟੀ ਲਾਈ ਕਿ ਜਾ ਕੇ ਲੋਕਾਂ ਨੂੰ ਹੌਸਲਾ ਦੇਵੇ ਕਿ ਅਸੀਂ ਜਲਦੀ ਮੀਹਾਂ ਦਾ ਪ੍ਰਬੰਧ ਕਰ ਰਹੇ ਆਂ। ਜੇ ਲੋੜ ਪਈ ਤਾਂ ਅਸੀਂ ਵਿਦੇਸ਼ਾਂ ਤੋਂ ਵੱਧ ਤੋਂ ਵੱਧ ਮੀਂਹ ਖ਼ਰੀਦਾਂਗੇ ਤੇ ਕਿਸੇ ਖੇਤ ਨੂੰ ਸੁੱਕਾ ਨਹੀਂ

ਰਹਿਣ ਦਿਆਂਗੇ। ਖੇਤੀ ਮੰਤਰੀ ਮੁੱਖ ਮੰਤਰੀ ਵਾਲੇ ਉੱਡਣ ਖਟੋਲੇ ਵਿਚ ਬਹਿ ਕੇ ਇਕ ਪਿੰਡ ਜਾ ਉੱਤਰਿਆ। ਪਿੰਡ ਦੇ ਸਰਪੰਚ ਨੇ ਜੀ ਆਇਆਂ ਕਹਿੰਦਿਆਂ ਟਹਿਲ ਸੇਵਾ ਕੀਤੀ ਤੇ ਫਿਰ ਇਕ ਵੱਡਾ ਕਾਫ਼ਲਾ ਨਾਅਰੇ ਮਾਰਦਾ ਔੜ ਮਾਰੇ ਖੇਤਾਂ ਵੱਲ ਚੱਲ ਪਿਆ। ਖੇਤਾਂ ਵੱਲ ਵੇਖਦਿਆਂ ਹੀ ਮੰਤਰੀ ਅੱਗ ਬਬੂਲਾ ਹੋ ਗਿਆ। ਇਕ ਉੱਚੀ ਥਾਂ ਤੇ ਖਲੋ ਕੇ ਲੋਕਾਂ ਨੂੰ ਬੁਰਾ ਭਲਾ ਕਹਿਣ ਲੱਗਾ ਕਿ ਤੁਹਾਨੂੰ ਤਾਂ ਐਵੇਂ ਰੋਣ ਦੀ ਆਦਤ ਐ। ਤੁਸੀਂ ਵਿਰੋਧੀਆਂ ਦੇ ਆਖੇ ਲੱਗ ਕੇ ਸਰਕਾਰ ਮਗਰ ਡੰਡੇ ਲੈ ਕੇ ਪੈ ਜਾਂਦੇ ਓ। ਕਿਥੇ ਔੜ ਲੱਗੀ ਐ ਚਾਰੇ ਪਾਸੇ ਤਾਂ ਹਰਿਆਵਲ ਨਜ਼ਰ ਆ ਰਹੀ ਐ। ਇਹ ਤਾਂ ਚੰਗਾ ਹੋਇਆ ਕਿ ਮੈਂ ਆਪ ਛਾਣਬੀਣ ਕਰਨ ਲਈ ਪਹੁੰਚ ਗਿਆ ਨਹੀਂ ਤਾਂ ਪਤਾ ਨਹੀਂ ਅਪੋਜੀਸ਼ਨ ਵਾਲਿਆਂ ਕੇਡਾ ਤੂਫ਼ਾਨ ਲਿਆ ਦੇਣਾ ਸੀ। ਅਚਾਨਕ ਖੇਤੀ ਮੰਤਰੀ ਦਾ ਸਕੱਤਰ ਨੇੜੇ ਹੋ ਕੇ ਉਹਦੇ ਕੰਨ ਵਿਚ ਕਹਿਣ ਲੱਗਾ- ਸਾਹਿਬ ਤੁਸਾਂ ਤਾਂ ਬੜੀ ਗੜਬੜ ਕਰ ਦਿੱਤੀ।

“ਕਿਉਂ ਕੀ ਹੋਇਆ?”

“ਸਾਹਿਬ ਤੁਸਾਂ ਤਾਂ ਹਰੇ ਰੰਗ ਦੀ ਗਾਗਲ ਲਾਈ ਹੋਈ ਐ। ਚਾਰੇ ਪਾਸੇ ਤਾਂ ਸੋਕਾ ਪਿਆ ਹੋਇਐ...

ਵਿਨੋਦ ਭੱਟ (ਗੁਜਰਾਤੀ ਵਿਅੰਗ)

ਅਨੁ. ਤੇ ਸੰਪਾ. ਪਰਮਜੀਤ ਢੀਂਗਰਾ

78

ਗਾਂਧੀ ਜਯੰਤੀ ਦੇ ਮੌਕੇ ’ਤੇ

ਮੇਰੇ ਇਕ ਦੋਸਤ ਨੇ ਮੈਨੂੰ ਤਰਲ ਮਿਕਸਚਰ ਦੀ ਸ਼ੀਸ਼ੀ ਦਿੰਦਿਆਂ ਕਿਹਾ ਕਿ ਇਹ ਬੜਾ ਚਮਤਕਾਰੀ ਮਿਕਸਚਰ ਐ। ਕਿਸੇ ਵੀ ਜੜ੍ਹ ਵਸਤੂ ਤੇ ਇਹਦੀਆਂ ਕੁਝ ਕੁ ਬੂੰਦਾਂ ਪਾਉਣ ਨਾਲ ਉਸ ਵਿਚ ਚੇਤਨਾ ਆ ਜਾਏਗੀ। ਕਿਸੇ ਮੂਰਤੀ ਦੇ ਸੱਜੇ ਕੰਨ ਵਿਚ ਸਿਰਫ਼ ਤਿੰਨ ਬੂੰਦਾਂ ਪਾਉਣ ਨਾਲ ਉਸ ਵਿਚ ਪ੍ਰਾਣ ਆ ਜਾਣਗੇ। ਇੰਜ ਵੀ ਕਦੇ ਹੁੰਦੈ? ਮੈਂ ਸੋਚੀਂ ਪੈ ਗਿਆ। ਮਨ ਦੇ ਨਾ ਮੰਨਦਿਆਂ ਵੀ ਮੈਂ ਉਸ ਕੋਲੋਂ ਸ਼ੀਸ਼ੀ ਲੈ ਕੇ ਜੇਬ ਵਿਚ ਪਾ ਲਈ। ਕਿਸ ਤੇ ਇਸ ਦੀ ਵਰਤੋਂ ਕੀਤੀ ਜਾਵੇ? ਮੈਂ ਸੋਚੀਂ ਪੈ ਗਿਆ। ਅਹਿਮਦਾਬਾਦ ਦੀ ਆਸ਼ਰਮ ਰੋਡ ਉੱਤੇ ਇੰਕਮਟੈਕਸ ਟਰੈਫ਼ਿਕ ਸਰਕਲ ਕੋਲ ਲੱਗੇ ਮਹਾਤਮਾ ਗਾਂਧੀ ਦੇ ਬੁੱਤ ਉੱਤੇ ਕਿਉਂ ਨਾ ਇਸ ਨੂੰ ਅਜ਼ਮਾਇਆ ਜਾਵੇ, ਮੇਰੇ

ਮਨ ਵਿਚ ਖ਼ਿਆਲ ਆਇਆ। ਉਂਜ ਵੀ ਲੋਕ ਇਸ ਆਦਮਕੱਦ ਮੂਰਤੀ ਉੱਤੇ ਦੁੱਧ ਦਾ ਇਸ਼ਨਾਨ, ਕਦੇ ਖ਼ੂਨ ਤਿਲਕ ਲਾ ਕੇ ਇਸ ਦੀ ਅਜ਼ਮਾਇਸ਼ ਕਰ ਚੁੱਕੇ ਨੇ। ਇਕ ਹੋਰ ਸਹੀ। ਮੈਂ ਮਹਾਤਮਾ ਜੀ ਦੇ ਸੱਜੇ ਕੰਨ ਵਿਚ ਡਰਾਪਰ ਨਾਲ ਮਿਕਸਚਰ ਦੀਆਂ ਤਿੰਨ ਬੂੰਦਾਂ ਪਾਈਆਂ। ਚਮਤਕਾਰੀ ਮਿਕਸਚਰ ਨੇ ਤੁਰੰਤ ਰੰਗ ਵਿਖਾਇਆ। ਗਾਂਧੀ ਜੀ ਦੇ ਬੁੱਤ ਵਿਚ ਜਾਨ ਪੈ ਗਈ। ਵਰ੍ਹਿਆਂ ਤੋਂ ਇਕੋ ਪੁਜ਼ੀਸ਼ਨ ਵਿਚ ਖੜੇ ਰਹਿਣ ਕਰਕੇ ਉਨ੍ਹਾਂ ਦਾ ਜਿਸਮ ਆਕੜ ਗਿਆ ਸੀ। ਉਨ੍ਹਾਂ ਨੇ ਅੰਗੜਾਈ ਲਈ। ਅਜਿਹਾ ਕਰਦਿਆਂ ਉਨ੍ਹਾਂ ਦੀ ਲਾਠੀ ਹੇਠਾਂ ਡਿੱਗ ਪਈ ਮੈਂ ਲਾਠੀ ਚੁੱਕੀ ਤੇ ਸਤਿਕਾਰ ਨਾਲ ਉਨ੍ਹਾਂ ਨੂੰ ਫੜਾਉਂਦਿਆਂ ਕਿਹਾ ਲੌ ਬਾਪੂ ਜੀ ਲਾਠੀ। ਹੁਣ ਲਾਠੀ ਕੀ ਕਰਨੀ ਐ। ਲਾਠੀ ਨਹੀਂ ਮੈਨੂੰ ਬੰਦੂਕ ਲਿਆ ਕੇ ਦੇਹ। ਬਾਪੂ ਜੀ ਉੱਚੀ ਆਵਾਜ਼ ਵਿਚ ਬੋਲੇ।

ਮਾਰੋ, ਵੱਢੋ, ਕਤਲ ਕਰ ਦਿਓ

ਮੈਂ ਗਾਂਧੀ ਰੋਡ ਉੱਤੇ ਦੌੜ ਰਿਹਾ ਸਾਂ। ਸਾਹਮਣਿਓਂ ਇਕ ਜਲੂਸ ਮਾਰੋ, ਵੱਢੋ ਨਾਅਰੇ ਲਾਉਂਦਾ ਆ ਰਿਹਾ ਸੀ। ਪਿੱਛਿਓਂ ਵੀ ਇਕ ਜਲੂਸ ਆ ਰਿਹਾ ਸੀ। ਮੇਰਾ ਸਾਹ ਫ਼ੁਲ ਗਿਆ। ਘਬਰਾਹਟ ਵਿਚ ਮੈਂ ਸਾਹਮਣਿਓਂ ਆ ਰਹੇ ਇਕ ਬਜ਼ੁਰਗ ਨਾਲ ਟਕਰਾ ਗਿਆ। ਬਜ਼ੁਰਗ ਡਿੱਗਦੇ ਡਿੱਗਦੇ ਮਸਾਂ ਬਚਿਆ ਮੈਂ ਉਸ ਨੂੰ ਫੜ ਲਿਆ। ਦੌੜ ਕਿਉਂ ਰਿਹਾਂ ਏਂ? ਬਜ਼ੁਰਗ ਨੇ ਹੱਸਦਿਆਂ ਮੈਨੂੰ ਪੁੱਛਿਆ। ਮੈਨੂੰ ਲੱਗਿਆ ਇਹ ਬਜ਼ੁਰਗ ਅਹਿਮਦਾਬਾਦ ਤੋਂ ਵਾਕਫ਼ ਨਹੀਂ ਸ਼ਾਇਦ। ਬਜ਼ੁਰਗੋ ਤੁਸੀਂ ਵੀ ਦੌੜੋ। ਇੱਥੇ ਕੌਮੀ ਤੂਫ਼ਾਨ ਝੁੱਲਿਆ ਹੋਇਐ। ਪੁਲਿਸ ਨੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ ਹੈ। ਦੌੜੋ ਨਹੀਂ ਤਾਂ ਗੋਲੀ ਵੱਜ ਜਾਏਗੀ। ਏਨਾ ਕਹਿ ਕੇ ਦੌੜਨ ਲਈ ਮੈਂ ਫਿਰ ਪਿੱਠ ਘੁੰਮਾਈ। ਮੇਰੀ ਕਮੀਜ਼ ਫੜਦਿਆਂ ਬਜ਼ੁਰਗ ਨੇ ਕਿਹਾ ਹੁਣ ਮੈਨੂੰ ਕੋਈ ਗੋਲੀ ਨਹੀਂ ਮਾਰ ਸਕਦਾ। ਇਕ ਵਾਰ ਮਾਰ ਦਿੱਤੀ ਸੋ ਮਾਰ

ਦਿੱਤੀ ਹੁਣ ਮੈਂ ਬੁਲੇਟ ਪਰੂਫ਼ ਹੋ ਗਿਆ ਹਾਂ। ਮੈਂ ਬਜ਼ੁਰਗਾਂ ਵਲ ਦੇਖਿਆ ਤੇ ਦੇਖਦਾ ਹੀ ਰਹਿ ਗਿਆ। ਬਾਪੂ ਗਾਂਧੀ ਤੁਸੀਂ? ਬੱਸ ਹੌਲੀ ਬੋਲ। ਕਹਿਕੇ ਬਾਪੂ ਨੇ ਮੇਰੇ ਮੂੰਹ ਉੱਤੇ ਹੱਥ ਰੱਖ ਦਿੱਤਾ। ਏਨੇ ਵਿਚ ਓਥੋਂ ਮਿਲਟਰੀ ਦੀ ਇਕ ਜੀਪ ਲੰਘੀ। ਬਾਪੂ ਨੇ ਹੌਲੀ ਜਿਹੀ ਮੈਨੂੰ ਪੁੱਛਿਆ ਆਪਾਂ ਜਿਸ ਸੜਕ ਉੱਤੇ ਖੜੇ ਆਂ ਉਹਦਾ ਨਾਂ ਕੀ ਐ? ਬਾਪੂ ਜੀ ਆਪਾਂ ਗਾਂਧੀ ਮਾਰਗ ਉੱਤੇ ਖੜ੍ਹੇ ਆਂ। ਦੂਜੇ ਪਾਸਿਉਂ ਇਕ ਹੋਰ ਜਲੂਸ ਮਾਰੋ ਵੱਢੋ ਦੇ ਨਾਅਰੇ ਲਾਉਂਦਾ ਲੰਘ ਗਿਆ। ਬਾਪੂ ਜੀ ਨੇ ਜਲੂਸ ਵੱਲ ਉਂਗਲ ਕਰਦਿਆਂ ਕਿਹਾ ਕੀ ਇਹ ਲੋਕ ਗਾਂਧੀ ਮਾਰਗ ਉੱਤੇ ਜਾ ਰਹੇ ਨੇ?

ਵਿਨੋਦ ਭੱਟ (ਗੁਜਰਾਤੀ ਵਿਅੰਗ)

ਅਨ. ਪਰਮਜੀਤ ਢੀਂਗਰਾ

79

ਚੌਲਾਂ ਦੇ ਗੀਤਾਂ ਦੀ ਧਰਤੀ

ਭਾਰਤ ਦੇ ਗੁਆਂਢ ਇਕ ਛੋਟਾ ਜਿਹਾ ਮੁਲਕ ਬਰਮਾ ਹੈ। ਅੱਜ ਕੱਲ੍ਹ ਇਸ ਨੂੰ ਮਿਆਂਮਾਰ ਕਿਹਾ ਜਾਂਦਾ ਹੈ। ਇਸ ਨੂੰ ਚੌਲਾਂ ਦੀ ਧਰਤ ਵੀ ਕਿਹਾ ਜਾਂਦਾ ਹੈ। ਇਸ ਦਾ ਜਿਹੜਾ ਇਲਾਕਾ ਚੀਨ ਨਾਲ ਲੱਗਦਾ ਹੈ ਉਹ ਸ਼ਾਨ ਪ੍ਰਦੇਸ਼ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸ਼ਾਨ ਦਾ ਚੀਨੀ ਨਾਂ ਮੌ ਹੈ। ਪੰਜਾਬ ਦੇ ਪ੍ਰਭਾਕਰਾਂ ਦੇ ਇਕ ਹੋਣਹਾਰ ਮੁੰਡੇ ਚੰਦ ਪ੍ਰਕਾਸ਼ ਦਾ ਜਨਮ ਬਰਮਾ ਅਥਵਾ ਅੱਜ ਦੇ ਮਿਆਂਮਾਰ ਦੇ ਸ਼ਾਨ ਪ੍ਰਦੇਸ਼ ਵਿਚ 25 ਫਰਵਰੀ, 1934 ਨੂੰ ਹੋਇਆ। ਉਹਦੇ ਨਾਨਕੇ ਦਾਦਕੇ ਦੋਵੇਂ ਸਿਆਲਕੋਟੀਏ ਸਨ ਜਿਨ੍ਹਾਂ ਬਾਰੇ ਮਸ਼ਹੂਰ ਹੈ ਕਿ- ਤੇਰੇ ਮੁਖੜੇ ਤੇ ਕਾਲਾ ਕਾਲਾ ਤਿੱਲ ਵੇ ਮੁੰਡਿਆ ਸਿਆਲਕੋਟੀਆ। ਪਰ ਉਹ ਤਾਂ ਚੰਦ ਵੀ ਸੀ ਤੇ ਪ੍ਰਕਾਸ਼ ਵੀ। ਜਦੋਂ ਉਹ ਮਾਂ ਦੀ ਕੁੱਖ

ਵਿਚ ਸਾਹ ਲੈ ਰਿਹਾ ਸੀ ਤਾਂ ਪੰਜਾਬੀ ਰੀਤ ਅਨੁਸਾਰ ਉਹਦੀ ਮਾਂ ਪਹਿਲਾ ਜਣੇਪਾ ਕੱਟਣ ਲਈ ਪੇਕੇ ਘਰ ਆ ਗਈ। ਉਹਦੇ ਦਾਦਾ ਜੀ ਸਟੇਸ਼ਨ ਮਾਸਟਰ ਸਨ ਤੇ ਪਿਤਾ ਵੀ। ਪਰ ਨਾਨਾ ਜੀ ਨੇ ਅੰਗਰੇਜ਼ੀ ਕਾਲ ਵਿਚ ਬਰਮਾ ਵਿਚ ਵਿਛਾਈ ਜਾ ਰਹੀ ਰੇਲਵੇ ਲਾਈਨ ਵਿਛਾਉਣ ਦਾ ਠੇਕਾ ਲੈ ਲਿਆ ਤੇ ਉਹ ਬਰਮਾ ਜਾ ਕੇ ਵੱਸ ਗਏ। ਉਨ੍ਹਾਂ ਦੀ ਮਾਤਾ ਪੇਕੇ ਘਰ ਬਰਮਾ ਚਲੀ ਗਈ ਜਿੱਥੇ ਚੰਦ ਪ੍ਰਕਾਸ਼ ਦਾ ਜਨਮ ਹੋਇਆ। ਉਹਦਾ ਕਥਨ ਹੈ ਕਿ- ਮਾਂ ਜਣੇਪਾ ਕੱਟ ਕੇ ਉਹਨੂੰ ਝੋਲੀ ਵਿਚ ਪਾ ਕੇ ਸਿਆਲਕੋਟ ਮੁੜ ਆਈ ਪਰ ਬਰਮਾ ਦੀ ਮਿੱਟੀ ਵਿਚ ਹੀ ਕੋਈ ਜਾਦੂ ਸੀ,ਉਹਨੇ ਮਾਂ ਪੁੱਤ ਦੋਹਾਂ ਨੂੰ ਵਾਪਸ ਖਿੱਚ ਲਿਆਂਦਾ। ਪਰ ਇਸ ਵਾਰ ਮਾਂ ਦੀਆਂ ਅੱਖਾਂ ਵਿਚ ਅੱਥਰੂ ਸਨ, ਉਹਦੇ ਪੈਰਾਂ ਨਾਲੋਂ ਜਨਮ ਭੂਮੀ ਸਿਆਲਕੋਟ ਦੀ ਮਿੱਟੀ ਨਾਤਾ ਤੋੜ ਰਹੀ ਸੀ। ਉਹਦੇ ਪਿਤਾ ਅਚਾਨਕ ਚੱਲ ਵਸੇ ਸਨ ਤੇ ਮਾਂ ਕੋਲ ਪੇਕਿਆਂ ਦੀ ਛਾਵੇਂ ਬਹਿਣ ਤੋਂ ਸਿਵਾ ਕੋਈ ਚਾਰਾ

ਨਹੀਂ ਸੀ। ਮਾਂ ਨੇ ਤਿੰਨਾਂ ਵਰ੍ਹਿਆਂ ਦੇ ਬਾਲ ਨੂੰ ਉਂਗਲੀ ਲਾਈ ਤੇ ਬਾਬਲ ਦੇ ਵਿਹੜੇ ਆ ਗਈ। ਇੰਜ ਉਹ ਓਥੇ ਹੀ ਪੜ੍ਹਿਆ ਲਿਖਿਆ ਤੇ ਫਿਰ ਪ੍ਰਿੰਸੀਪਲ ਬਣਿਆ। ਓਥੇ ਹੀ ਪੰਜਾਬੀ ਕੁੜੀ ਵੇਦ ਕੁਮਾਰੀ ਨਾਲ ਉਹਦਾ ਵਿਆਹ ਹੋਇਆ ਹਾਲਾਂਕਿ ਪ੍ਰਕਾਸ਼ ਹੋਰੀਂ ਉੱਤਰੀ ਸ਼ਾਨ ਦੇ ਨਿਵਾਸੀ ਸਨ ਜਦਕਿ ਵੇਦ ਕਮਾਰੀ ਦੇ ਮਾਪੇ ਦੱਖਣੀ ਸ਼ਾਨ ਵਿਚ ਵੱਸੇ ਹੋਏ ਸਨ। ਉਹਨੇ ਦੱਸਿਆ ਕਿ- ਬਰਮਾ ਵਿਚ ਔਰਤਾਂ ਹੀ ਬਹੁਤੇ ਕੰਮ ਕਰਦੀਆਂ ਹਨ। ਦੁਕਾਨਾਂ, ਦਫ਼ਤਰਾਂ, ਹੋਟਲਾਂ, ਰੈਸਟੋਰੈਂਟਾਂ, ਕੈਫਿਆਂ ਤੇ ਖੇਤਾਂ ਵਿਚ ਉਹੀ ਕੰਮ ਕਰਦੀਆਂ ਹਨ। ਜਦੋਂ ਵਿਆਹ ਤੋਂ ਬਾਅਦ ਅਸੀਂ ਮੀਆਂ ਬੀਵੀ ਇਕ ਹੋਟਲ ਵਿਚ ਰੋਟੀ ਖਾਣ ਗਏ ਤਾਂ ਬਰਮੀ ਕੁੜੀਆਂ ਦੇਖ ਕੇ ਹੈਰਾਨ ਹੋਈਆਂ ਕਿ ਡੇਢ੍ਹ ਹਜ਼ਾਰ ਮੀਲ ਤੇ ਜਾ ਕੇ ਵਿਆਹ ਕਰਾਉਣ ਦੀ ਕੀ ਤੁਕ ਸੀ। ਕੀ ਇੱਥੇ ਬਰਮੀ ਕੁੜੀਆਂ ਦਾ ਘਾਟਾ ਹੈ। ਜੇ ਇੱਥੇ ਵਿਆਹ ਕਰਦਾ ਤਾਂ ਪੈਸਾ ਵੀ ਬਚਦਾ ਪਰ ਸੰਜੋਗਾਂ ਨੂੰ ਕੌਣ ਮੋੜੇ।

ਉਹਦਾ ਨਾਂ ਚੰਦ ਸੀ ਤੇ ਭਾਰਤੀ ਪਰੰਪਰਾ ਅਨੁਸਾਰ ਸਹੁਰਿਆਂ ਨੇ ਉਹਦੀ ਵਹੁਟੀ ਦਾ ਨਾਂ ਰੱਖਿਆ ਕਿਰਨ, ਚੰਦ ਦੀ ਸੋਹਣੀ ਰੇਸ਼ਮੀ ਕਿਰਨ। ਓਥੇ ਉਨ੍ਹਾਂ ਦੇ ਸੱਤ ਬੱਚੇ ਹੋਏ। ਸਾਰਿਆਂ ਦੇ ਉਨ੍ਹਾਂ ਪੰਜਾਬੀ ਨਾਂ ਰੱਖੇ। ਘਰ ਵਿਚ ਪੰਜਾਬੀ ਮਾਹੌਲ ਕਾਇਮ ਰੱਖਿਆ। ਪੰਜਾਬੀ ਰੋਟੀ ਟੁੱਕ ਵੀ ਘਰ ਵਿਚ ਬਣਦਾ ਪਰ ਨਾਲ ਬਰਮੀ ਖਾਣੇ, ਸਲਾਦ, ਸਾਗ, ਸਬਜ਼ੀਆਂ ਵੀ ਪੱਕਦੀਆਂ। ਮਾਸ, ਮੱਛੀ ਵੀ ਬਣਦੀ। ਉਹਨੇ ਦੱਸਿਆ ਕਿ ਬਰਮਾ ਵਿਚ ਵਿਆਹ ਦੇ ਤੌਰ ਤਰੀਕੇ ਸਾਡੇ ਨਾਲੋਂ ਬਿਲਕੁਲ ਵੱਖਰੇ ਹਨ। ਜਵਾਨ ਬੱਚਿਆਂ ਨੂੰ ਮਿਲਣ ਗਿਲਣ ਤੇ ਇਕ ਦੂਜੇ ਨੂੰ ਜਾਣਨ ਸਮਝਣ ਦੀ ਪੂਰੀ ਖੁੱਲ੍ਹ ਹੁੰਦੀ ਹੈ। ਜਦੋਂ ਦੋ ਜਣੇ ਵਿਆਹ ਦਾ ਫ਼ੈਸਲਾ ਕਰਦੇ ਹਨ ਤਾਂ ਉਹ ਦੋਵੇਂ ਆਪਣੇ ਘਰਾਂ ਤੋਂ ਭੱਜ ਜਾਂਦੇ ਹਨ। ਦੋਹਾਂ ਦੇ ਘਰ ਦੇ ਉਨ੍ਹਾਂ ਨੂੰ ਲੱਭਦੇ ਹਨ। ਫੇਰ ਮੁੰਡੇ ਦਾ ਬਾਪ ਕੁੜੀ ਦੇ ਬਾਪ ਨੂੰ ਪੇਸ਼ਕਸ਼ ਕਰਦਾ ਹੈ ਕਿ ਮੈਂ ਏਨਾ ਸੋਨਾ ਤੇ ਕੱਪੜੇ ਵ਼ਗੈਰਾ ਦਿਆਂਗਾ ਤੁਸੀਂ ਆਪਣੀ ਕੁੜੀ ਮੇਰੇ ਮੁੰਡੇ ਨੂੰ ਦੇ

ਦਿਓ। ਓਥੇ ਸਾਰਾ ਖਰਚਾ ਮੁੰਡੇ ਵਾਲੇ ਦੇਂਦੇ ਹਨ। ਮੁੰਡਾ ਵਿਆਹ ਤੋਂ ਬਾਅਦ ਰਹਿਣ ਲਈ ਕੁੜੀ ਦੇ ਘਰ ਚਲਾ ਜਾਂਦਾ ਹੈ। ਪਰ ਭਾਰਤੀ ਵਿਆਹ ਪਰੰਪਰਾ ਅਨੁਸਾਰ ਹੀ ਕੀਤੇ ਜਾਂਦੇ ਹਨ। ਚੰਦ ਪ੍ਰਕਾਸ਼ ਦੀ ਜ਼ਿੰਦਗੀ ਵਿਚ ਇਕ ਅਨੋਖੀ ਘਟਨਾ ਵਾਪਰੀ। ਸ਼ੁਰੂ ਵਿਚ ਉਹਨੇ ਪ੍ਰੇਮ ਚੰਦ ਦੀ ਕਹਾਣੀ 'ਕਾਤਲ' ਦਾ ਬਰਮੀ ਵਿਚ ਅਨੁਵਾਦ ਕੀਤਾ। ਉਸ ਸਮੇਂ ਬਰਮਾ 'ਤੇ ਜਪਾਨੀਆਂ ਦਾ ਕਬਜ਼ਾ ਸੀ। ਇਸ ਲਈ ਸਾਰੇ ਸਕੂਲਾਂ ਵਿਚ ਜਾਪਾਨੀ ਭਾਸ਼ਾ ਸਿਖਾਈ ਜਾਂਦੀ ਸੀ। 1943 ਵਿਚ ਉਹਦੇ ਕਸਬੇ ਚੌਮੇ ਤੋਂ ਚਾਲੀ ਮੀਲ ਦੂਰ ਸੁਭਾਸ਼ ਚੰਦਰ ਬੋਸ ਹੋਰਾਂ ਦੀ ਰਾਣੀ ਝਾਂਸੀ ਰੈਜੀਮੈਂਟ ਆ ਕੇ ਠਹਿਰੀ ਹੋਈ ਸੀ। ਇਕ ਦਿਨ ਸੁਭਾਸ਼ ਚੰਦਰ ਬੋਸ ਉਹਦੇ ਸਕੂਲ ਦਾ ਮੁਆਇਨਾ ਕਰਨ ਆ ਗਏ ਉਹਨੂੰ ਭਾਰਤੀ ਹੋਣ ਕਰਕੇ ਪੁੱਛਣ ਲੱਗੇ ਕਿ ਤੂੰ ਇੱਥੇ ਕੀ ਕੁਝ ਪੜ੍ਹਦਾ ਲਿਖਦਾ ਏਂ? ਤਾਂ ਉਹਨੇ ਦੱਸਿਆ ਕਿ ਜਾਪਾਨੀ ਪੜ੍ਹਦਾ ਹਾਂ। ਪੁੱਛਣ ਲੱਗੇ ਕਿ ਤੈਨੂੰ ਹਿੰਦੀ ਆਉਂਦੀ ਐ?

ਉਹਨੇ ਦੱਸਿਆ ਕਿ ਨਹੀਂ। ਕਹਿਣ ਲੱਗੇ ਇੱਥੋਂ ਬਸਤਾ ਚੁੱਕ ਤੇ ਘਰੇ ਵਗ ਜਾ ਪਹਿਲਾਂ ਜਾ ਕਿ ਹਿੰਦੀ ਪੜ੍ਹ। ਪਹਿਲਾਂ ਆਪਣੀ ਜ਼ਬਾਨ ਸਿੱਖਣੀ ਚਾਹੀਦੀ ਏ, ਫੇਰ ਦੂਜੀਆਂ ਜ਼ਬਾਨਾਂ। ਇਹ ਗੱਲ ਜਦੋਂ ਉਹਨੇ ਘਰ ਆ ਕੇ ਨਾਨਾ ਜੀ ਨੂੰ ਦਸੀ ਤੇ ਨਾਲ ਹੀ ਉਹ ਕਾਪੀ ਦਿਖਾਈ ਜਿਸ 'ਤੇ ਸੁਭਾਸ਼ ਚੰਦਰ ਬੋਸ ਹੋਰਾਂ ਲਿਖਿਆ ਸੀ ਕਿ ਪਹਿਲਾਂ ਬੱਚੇ ਨੂੰ ਹਿੰਦੀ ਪੜ੍ਹਾਓ। ਪੜ੍ਹ ਕੇ ਨਾਨਾ ਜੀ ਦੀਆਂ ਅੱਖਾਂ ਵਿਚ ਪਾਣੀ ਸਿੰਮ ਆਇਆ ਤੇ ਉਨ੍ਹਾਂ ਸਾਰੇ ਭਾਰਤੀ ਬੱਚਿਆਂ ਨੂੰ ਇਕੱਠਾ ਕੀਤਾ ਤੇ ਖ਼ੁਦ ਹਿੰਦੀ ਪੜ੍ਹਾਉਣ ਲੱਗੇ। ਉਨ੍ਹਾਂ ਦਿਨਾਂ ਵਿਚ ਬਰਮਾ ਦਾ ਵਾਤਾਵਰਣ ਬਦਲਣ ਲੱਗਾ। 1945 ਵਿਚ ਜਨਵਰੀ ਦੇ ਮਹੀਨੇ ਜਦੋਂ ਸੁਭਾਸ਼ ਚੰਦਰ ਹੋਰਾਂ ਦੀਆਂ ਫ਼ੌਜਾਂ ਇੰਫ਼ਾਲ ਵੱਲੋਂ ਭਾਰਤ ਵਿਚ ਦਾਖਲ ਹੋਈਆਂ ਤਾਂ ਉਨ੍ਹਾਂ ਨੇ ਸਭ ਤੋਂ ਪਹਿਲੀ ਗੱਲ ਇਹ ਕੀਤੀ ਕਿ ਕਈ ਟਨ ਭਾਰਤੀ ਮਿੱਟੀ ਲੈ ਕੇ ਉਹਦੀਆਂ ਛੋਟੀਆਂ ਛੋਟੀਆਂ ਪੋਟਲੀਆਂ ਬਣਾ ਕੇ ਬਰਮਾ ਵਿਚ ਵੱਸਦੇ

ਭਾਰਤੀਆਂ ਨੂੰ ਵੰਡੀਆਂ ਤਾਂ ਜੋ ਲੋਕ ਦੇਸ਼ ਦੀ ਆਜ਼ਾਦੀ ਲਈ ਤਨੋਂ ਮਨੋਂ ਤਿਆਰ ਹੋ ਸਕਣ। ਸਾਰੇ ਭਾਰਤੀ ਸਵੇਰੇ ਉੱਠ ਕੇ ਵਤਨ ਦੀ ਮਿੱਟੀ ਦਾ ਤਿਲਕ ਲਾਉਂਦੇ। ਓਥੇ ਇਕ ਬੱਦਰੀ ਨਾਥ ਹਲਵਾਈ ਹੁੰਦਾ ਸੀ ਜੋ ਆਜ਼ਾਦੀ ਦੇ ਤਰਾਨੇ ਲਿਖ ਕੇ ਗਾਉਂਦਾ ਹੁੰਦਾ ਸੀ ਤੇ ਨਾਲ ਸਾਨੂੰ ਬੱਚਿਆਂ ਨੂੰ ਵੀ ਗੀਤ ਗਾਉਣੇ ਸਿਖਾਉਂਦਾ : ਧਰੋ ਧੀਰਜ ਅਬ ਮੇਰੇ ਭਾਈ, ਵਿਜਯ ਅਬ ਹੋਣੇ ਵਾਲੀ ਹੈ। ਤਿਰੰਗੇ ਝੰਡੇ ਕੇ ਭੀਤਰ ਅਬ ਚਰਖਾ ਚਲਣੇ ਵਾਲਾ ਹੈ। ਪ੍ਰਕਾਸ਼ ਦੀ ਛਾਤੀ ਵਿਚ ਦੇਸ਼ ਪਿਆਰ ਦਾ ਇਹ ਜਜ਼ਬਾ ਓਦੋਂ ਦਾ ਮਘਿਆ ਹੋਇਆ ਹੈ, ਏਸੇ ਲਈ ਓਥੇ ਇਕੱਤੀ ਵਰ੍ਹੇ ਬਿਤਾਉਣ ਦੇ ਬਾਵਜੂਦ ਓਹਨੇ ਬਰਮਾ ਦੀ ਸ਼ਹਿਰੀਅਤ ਨਹੀਂ ਲਈ। ਜਦੋਂ 1964 ਵਿਚ ਫ਼ੌਜੀ ਹਕੂਮਤ ਨੇ ਕਾਨੂੰਨ ਬਣਾ ਦਿੱਤਾ ਕਿ ਜਿਸ ਕੋਲ ਬਰਮਾ ਦੀ ਸ਼ਹਿਰੀਅਤ ਨਹੀਂ ਉਹ ਓਥੇ ਕਿਸੇ ਮਹਿਕਮੇ ਵਿਚ ਸਰਕਾਰੀ ਨੌਕਰੀ ਨਹੀਂ ਕਰ ਸਕਦਾ ਤਾਂ ਉਹਨੂੰ ਆਪਣਾ ਘਰ ਘਾਟ ਛੱਡ ਕੇ

ਹਿੰਦੁਸਤਾਨ ਪਰਤਣਾ ਪਿਆ। ਉਸ ਵੇਲੇ ਉਹਦੇ ਪਰਿਵਾਰ ਵਿਚ ਗਿਆਰਾਂ ਜੀਅ ਸਨ। ਉਨ੍ਹਾਂ ਨੂੰ ਖ਼ਰਚੇ ਲਈ 175 ਰੁਪਏ ਦਿੱਤੇ ਗਏ ਤੇ ਉਹੀ ਪੱਲੇ ਬੰਨ੍ਹ ਉਹ ਮਾਤ ਭੂਮੀ ਦੇ ਪਿਆਰ ਵਿਚ ਗੁੱਧੇ ਆਪਣੇ ਵਤਨ ਪਰਤ ਆਏ। ਇਹ ਉਹੀ ਬਰਮੀ ਜਨਰਲ ਨੇਵੇ ਸੀ ਜਿਸ ਨੇ ਉਹਦੇ ਬਰਮੀ ਅਨੁਵਾਦਾਂ ਲਈ ਉਹਨੂੰ ਨੈਸ਼ਨਲ ਐਵਾਰਡ ਦਿੱਤਾ ਸੀ ਪਰ ਫ਼ੌਜੀ ਹਕੂਮਤ ਬਣਦਿਆਂ ਸਾਰਾ ਕੁਝ ਬਦਲ ਗਿਆ ਸੀ। ਮਈ 1965 ਵਿਚ ਉਹ ਤੇ ਉਹਦੀ ਪਤਨੀ ਫ਼ੈਕਟਰੀਆਂ ਵਿਚ ਮਜ਼ਦੂਰੀ ਕਰਨ ਲੱਗੇ ਪਰ ਗੁਜ਼ਾਰਾ ਔਖਾ ਸੀ। ਬਾਅਦ ਵਿਚ ਉਹਦੇ ਫ਼ੈਕਟਰੀ ਮਾਲਕ ਨੇ ਉਹਦੀਆਂ ਡਿੱਗਰੀਆਂ ਵੇਖ ਕੇ ਉਹਨੂੰ ਅਕਾਊਂਟੈਂਟ ਰੱਖ ਲਿਆ। ਇਕ ਦਿਨ ਬਾ਼ਗ਼ ਵਿਚ ਉਹ ਸੈਰ ਕਰ ਰਹੇ ਸਾਂ। ਉਹਨਾਂ ਕੋਲ ਇੱਕ ਬੰਦਾ ਆਇਆ ਤੇ ਪੁੱਛਣ ਲੱਗਾ ਕਿ ਤੁਸੀਂ ਕਿਸ ਭਾਸ਼ਾ ਵਿਚ ਗੱਲਾਂ ਕਰ ਰਹੇ ਹੋ। ਜਦੋਂ ਉਨ੍ਹਾਂ ਦੱਸਿਆ ਕਿ ਬਰਮੀ ਵਿਚ ਤਾਂ ਉਹ ਬੰਦਾ ਅਗਲੇ ਦਿਨ ਉਨ੍ਹਾਂ

ਨੂੰ ਓਥੇ ਹੀ ਮਿਲਣ ਲਈ ਕਹਿ ਕੇ ਚਲਾ ਗਿਆ, ਪਰ ਗੱਲ ਉਨ੍ਹਾਂ ਦੀ ਸਮਝ ਵਿਚ ਨਾ ਆਈ। ਅਗਲੇ ਦਿਨ ਉਹ ਉਨ੍ਹਾਂ ਨੂੰ ਓਥੇ ਹੀ ਮਿਲਿਆ ਤੇ ਸਿਧਾ ਇੰਦਰਾ ਗਾਂਧੀ ਕੋਲ ਲੈ ਗਿਆ ਜੋ ਓਦੋਂ ਪ੍ਰਸਾਰਨ ਮੰਤਰੀ ਸੀ ਤੇ ਪ੍ਰਕਾਸ਼ ਨੂੰ ਉਹਨੇ ਰੇਡੀਓ ਦੇ ਬਰਮੀ ਮਹਿਕਮੇ ਵਿਚ ਨੌਕਰੀ ਦੇ ਦਿੱਤੀ।ਉਹਦੀ ਪਤਨੀ ਦੀ ਸਕੂਲ ਖੋਲ੍ਹਣ ਵਿਚ ਆਰਥਕ ਮਦਦ ਕੀਤੀ ਤੇ ਦਿੱਲੀ ਵਿਚ ਆਕਸਫੋਰਡ ਨਾਂ ਦਾ ਉਨ੍ਹਾਂ ਦਾ ਸਕੂਲ ਅੱਜ ਵੀ ਚੱਲ ਰਿਹਾ ਹੈ। ਇੱਥੇ ਆ ਕੇ ਉਹਨੇ ਬਰਮੀ ਜ਼ਬਾਨ ਦੀਆਂ ਕਿਤਾਬਾਂ ਹਿੰਦੀ ਵਿਚ ਤੇ ਹਿੰਦੀ ਦੀਆਂ ਬਰਮੀ ਵਿਚ ਅਨੁਵਾਦਨ ਨੂੰ ਆਪਣਾ ਜਨੂਨ ਬਣਾ ਲਿਆ। ਭਾਰਤ ਵਿਚ ਪੁਸਤਕ ਮੇਲੇ ਵਿਚ ਉਹਨੇ ਇਕ ਵਾਰ ਸਟਾਲ ਲੈ ਲਿਆ ਫੇਰ ਵੀ ਹਸਰਤ ਰਹੀ ਕਿ ਕਿਤਾਬਾਂ ਘੱਟ ਵਿਕੀਆਂ। ਬਰਮਾ ਵਿਚ ਕਿਤਾਬਾਂ ਦੀ ਬੜੀ ਖ਼ਰੀਦ ਹੁੰਦੀ ਐ। ਚੰਗੇ ਲੇਖਕ ਦੀ ਕਿਤਾਬ ਪਹਿਲੀ ਵਾਰ ਪੰਜਾਹ ਹਜ਼ਾਰ ਕਾਪੀ ਛਪਦੀ ਹੈ ਤੇ ਘੱਟੋ ਘੱਟ ਚਾਰ

ਪੰਜ ਐਡੀਸ਼ਨਾਂ ਛਪਦੀਆਂ ਹਨ। ਬਰਮਾ ਦੀ ਖਾਸ ਗੱਲ ਇਹ ਹੈ ਕਿ ਜੇ ਮਾਂ ਕੋਈ ਕਿਤਾਬ ਖ਼ਰੀਦਦੀ ਹੈ ਤੇ ਜੇ ਬੱਚੇ ਵੀ ਉਸ ਨੂੰ ਪੜ੍ਹਨਾ ਚਾਹੁਣ ਤਾਂ ਉਹ ਵੀ ਆਪਣੀ ਆਪਣੀ ਵੱਖਰੀ ਕਿਤਾਬ ਖ਼ਰੀਦਦੇ ਹਨ। ਇਸ ਲਈ ਇਕ ਘਰ ਵਿਚ ਇਕੋ ਕਿਤਾਬ ਦੀਆਂ ਕਈ ਕਾਪੀਆਂ ਮਿਲ ਜਾਣਗੀਆਂ। ਕਿਤਾਬਾਂ ਲਈ ਹਰ ਇਕ ਦਾ ਆਪਣਾ ਆਪਣਾ ਵੱਖਰਾ ਕੋਨਾ ਹੁੰਦਾ ਹੈ। ਕਿਤਾਬਾਂ ਬਾਰੇ ਇਹੋ ਜਿਹੀ ਸੋਚ ਤੇ ਸਿਫ਼ਤ ਕਾਸ਼ ਸਾਡੇ ਲੋਕਾਂ ਵਿਚ ਵੀ ਆ ਜਾਵੇ ਤਾਂ ਸਾਡੀਆਂ ਕਈ ਬਿਮਾਰੀਆਂ ਦੂਰ ਹੋ ਜਾਣ। ਪ੍ਰਕਾਸ਼ ਅਕਸਰ ਇਕ ਬਰਮੀ ਲੋਕ ਗੀਤ ਗੁਣਗੁਣਾਉਂਦਾ ਰਹਿੰਦਾ ਹੈ - ਸੋਨੇ ਦਾ ਚੰਦਾ ਤੇ ਚੰਦੇ ਦੇ ਵਿਹੜੇ ਖ਼ਰਗੋਸ਼ ਬੈਠਾ ਮੁੰਜ ਵੀ ਕੁੱਟਦਾ ਤੇ ਚੌਲ ਵੀ ਛੜਦਾ ਕਹਿੰਦਾ ਵੇ! ਧਰਤੀ ਦੇ ਬੱਚਿਓ ਇਹ ਚੌਲਾਂ ਦਾ ਗੀਤ ਸੁਣੋ... ਤੇ ਆਪ ਵੀ ਪ੍ਰਕਾਸ਼ ਸਰੂਰ ਵਿਚ ਆ ਕੇ ਕਹਿਣ ਲੱਗ ਜਾਂਦਾ ਸੱਚਮੁੱਚ ਬਰਮਾ ਦੀ ਮਿੱਟੀ ਵਿਚੋਂ ਚੌਲਾਂ ਦੇ ਗੀਤ ਉੱਗਦੇ ਨੇ....

80

ਫਾਰਨਹੀਟ - 451

ਕੋਰੋਨਾ ਨੇ ਗਲੋਬਲੀ ਜ਼ਿੰਦਗੀ ਨੂੰ ਹਿਲਾ ਕੇ ਰੱਖ ਦਿੱਤਾ ਹੈ। ਹਰ ਵਿਅਕਤੀ ਆਪਣੇ ਆਪ ਤੋਂ ਭੈਅ ਖਾਣ ਲੱਗ ਪਿਐ। ਉਹਨੂੰ ਸਮਝ ਨਹੀਂ ਆ ਰਹੀ ਕਿ ਉਹ ਇਸ ਵਰਤਾਰੇ ਨੂੰ ਕਿਸ ਰੂਪ ਵਿਚ ਕਿਵੇਂ ਸਮਝੇ ਤਾਂ ਕਿ ਉਹ ਮਾਨਸਿਕ ਦਬਾਅ ਤੋਂ ਮੁਕਤ ਹੋ ਸਕੇ। ਇਸ ਕਾਲ ਵਿਚ ਜਿੰਨੀਆਂ ਮਿੱਥਾਂ ਘੜੀਆਂ ਗਈਆਂ ਹਨ ਉਹ ਡਰਾਉਣੀਆਂ ਹਨ ਤੇ ਮਨੁੱਖਤਾ ਦੇ ਭਵਿਖ 'ਤੇ ਸਵਾਲੀਆ ਚਿੰਨ੍ਹ ਲਾਉਂਦੀਆਂ ਹਨ। ਵਿਸ਼ਵ ਵਿਚ ਪਹਿਲਾਂ ਵੀ ਅਜਿਹੇ ਵਰਤਾਰੇ ਵਾਪਰੇ ਹਨ, ਪਰ ਇਸ ਵਾਰ ਇਤਿਹਾਸ ਵਿਚੋਂ ਡਰਾਉਣੀਆਂ ਹਕੀਕਤਾਂ ਕੱਢ ਕੇ ਉਨ੍ਹਾਂ ਨੂੰ ਮਨੁੱਖੀ ਹੋਣੀ ਨਾਲ ਜੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਗਿਆਨ ਦੀਆਂ ਪਰੰਪਰਾਵਾਂ ਤੋਂ ਸੇਧ ਲੈਣ ਦੀ

ਬਜਾਏ ਉਸ ਨੂੰ ਅਧੂਰਾ ਕਰਨ ਦੇ ਜਤਨ ਹੋ ਰਹੇ ਹਨ। ਰਾਜਨੀਤਕ ਤੌਰ ਤੇ ਫਾਸ਼ੀਵਾਦ ਨੂੰ ਨਵੇਂ ਅਰਥ ਦੇ ਕੇ ਇਸ ਨੂੰ ਜਾਇਜ਼ ਠਹਿਰਾ ਕੇ ਲੋਕਤੰਤਰ ਦੇ ਨਾਂ ਹੇਠ ਇਕ ਨਵਾਂ ਤੰਤਰ ਸਿਰਜਿਆ ਜਾ ਰਿਹਾ ਹੈ। ਇਸ ਮਹਾਮਾਰੀ ਦੇ ਦੌਰ ਵਿਚ ਲੋਕ ਸ਼ਕਤੀ ਨੂੰ ਖੁੰਢਾ ਕਰਕੇ ਵਿਰੋਧ ਤੇ ਪ੍ਰਤੀਰੋਧ ਨੂੰ ਦਬਾ ਕੇ ਸਾਮਰਾਜੀ ਤਾਕਤਾਂ ਦੀ ਚੜ੍ਹਤ ਨੂੰ ਲੋਕ ਮੁਕਤੀ ਦੇ ਭਵਿੱਖੀ ਪ੍ਰੋਗਰਾਮ ਦੇ ਵਿਕਾਸ ਮਾਡਲ ਦੇ ਰੂਪ ਵਿਚ ਪ੍ਰਚਾਰਿਆ ਜਾ ਰਿਹਾ ਹੈ। ਇਸ ਨਾਲ ਤਾਪਮਾਨ ਵਧਾ ਕੇ ਉਸ ਡਿਗਰੀ ਤੱਕ ਲਿਜਾਇਆ ਜਾ ਰਿਹਾ ਹੈ ਜਿੱਥੇ ਵਿਰੋਧ ਪੂਰੀ ਤਰ੍ਹਾਂ ਭਸਮ ਹੋ ਜਾਵੇ। ਇਸ ਪ੍ਰਸੰਗ ਵਿਚ ਰੇਅ ਬਰੈੱਡਬਰੀ ਦਾ 1953 ਵਿਚ ਰਚਿਆ ਨਾਵਲ ਫਾਰਨਹੀਟ- 451 ਵਾਚਣ ਦਾ ਮੌਕਾ ਮਿਲਿਆ। 1966 ਵਿਚ ਏਸੇ ਨਾਂ ਹੇਠ ਫਰਾਂਸੀਸੀ ਫ਼ਿਲਮ ਸਾਜ਼ ਫ ਰਾਂ ਸੂ ਆ ਤ ਰੂ ਫੋ ਨੇ ਯਾ ਦ ਗਾ ਰੀ ਫ਼ਿ ਲ ਮ ਬ ਣਾ ਈ। ਫਾਰਨਹੀਟ-451 ਸੰਕੇਤਕ ਤਾਪਮਾਨ ਹੈ ਜਿਸ ਤੱਕ ਪਹੁੰਚਦਿਆਂ

ਕਿਤਾਬਾਂ ਦਾ ਕਾ਼ਗਜ਼ ਜ਼ਲ਼ਨ ਲੱਗਦਾ ਹੈ। ਫਾਰਨਹੀਟ-451 ਦੇ ਸੰਕੇਤਕ ਤਾਪਮਾਨ ਤੱਕ ਪਹੁੰਚਦਿਆਂ ਕਾ਼ਗਜ਼ ਉਪਰ ਛਪੇ ਅੱਖਰਾਂ ਦੀ ਹੋਂਦ ਦੁਨੀਆ ਵਿਚ ਬਚੀ ਰਹਿਣ ਦੀ ਕੋਈ ਸੰਭਾਵਨਾ ਨਹੀਂ ਬਚਦੀ। ਬਰੈੱਡਬਰੀ ਦੀ ਕਹਾਣੀ ਵਿਚ ਭਵਿਖ ਦੇ ਕਿਸੇ ਭਿਆਨਕ ਸਮੇਂ ਦੀ ਤਸਵੀਰ ਨਜ਼ਰ ਆ ਰਹੀ ਹੈ ਜਿੱਥੇ ਕਿਤਾਬਾਂ ਪੜ੍ਹਨਾ ਤਾਂ ਦੂਰ ਉਨ੍ਹਾਂ ਨੂੰ ਰੱਖਣਾ ਵੀ ਜੁਰਮ ਸਮਝਿਆ ਜਾਵੇਗਾ। ਜਿਨ੍ਹਾਂ ਘਰਾਂ ਵਿਚ ਕਿਤਾਬਾਂ ਹੋਣਗੀਆਂ ਜਾਂ ਜਿੱਥੇ ਉਨ੍ਹਾਂ ਨੂੰ ਲੁਕਾ ਕੇ ਰੱਖੇ ਜਾਣ ਦੀ ਸੰਭਾਵਨਾ ਹੋਵੇਗੀ ਉਨ੍ਹਾਂ ਘਰਾਂ ਨੂੰ ਤੇ ਕਦੇ ਕਦੇ ਉਨ੍ਹਾਂ ਨੂੰ ਰੱਖਣ ਵਾਲਿਆਂ ਨੂੰ ਵੀ ਜਿਉਂਦੇ ਜੀ ਰਾਖ ਕਰ ਦਿੱਤਾ ਜਾਵੇਗਾ। ਘਰਾਂ ਵਿਚ ਵਿਚਾਰ ਤੋਂ ਪਰਹੇਜ਼ ਕਰਨ ਲਈ ਕਾਲੇ ਕਾਨੂੰਨ ਬਣਾਏ ਜਾਣਗੇ। ਸੋਚਣ ਨੂੰ ਕੁ਼ਫਰ ਸਮਝਿਆ ਜਾਵੇਗਾ ਤੇ ਲੋਕਾਂ ਲਈ ਦੀਵਾਰਾਂ ਦੇ ਸਾਈਜ਼ ਦੀਆਂ ਸਕਰੀਨਾਂ ਹੋਣਗੀਆਂ ਜਿਨ੍ਹਾਂ ਰਾਹੀਂ ਲੋਕ ਫ਼ਾਲਤੂ ਸਮੇਂ ਵਿਚ ਬੈਠੇ ਘਸੀਆਂ ਬਹਿਸਾਂ ਦਾ ਲੁਤਫ਼ ਲੈਣਗੇ।

ਸੱਚ ਨੂੰ ਉਨ੍ਹਾਂ ਦੀਆਂ ਅੱਖਾਂ ਤੋਂ ਦੂਰ ਕਰ ਦਿੱਤਾ ਜਾਵੇਗਾ। ਬਰੈੱਡਬਰੀ ਦੀ ਇਸ ਕਹਾਣੀ ਦਾ ਨਾਇਕ ਆਪਣੇ ਸਮੇਂ ਦਾ ਪ੍ਰਤੀਬੱਧ ਫਾਇਰਮੈਨ ਹੈ ਜੋ ਪਿਛਲੇ ਦਸਾਂ ਵਰ੍ਹਿਆਂ ਤੋਂ ਕਿਤਾਬਾਂ ਜਲਾ ਰਿਹਾ ਹੈ ਜਿਸ ਨੂੰ ਕਿਤਾਬਾਂ ਦੇ ਢੇਰਾਂ ਵਿਚੋਂ ਉੱਠਦੀਆਂ ਲਾਟਾਂ ਵੇਖ ਕੇ ਮਜ਼ਾ ਆਉਂਦਾ ਹੈ। ਇਸ ਮਜ਼ੇ ਵਿਚ ਪਹਿਲੀ ਵਾਰ ਓਦੋਂ ਖ਼ਲਲ ਪੈਂਦਾ ਹੈ ਜਦੋਂ ਉਹਦੀ ਮੁਲਾਕਾਤ ਗੁਆਂਢ ਵਿਚ ਰਹਿਣ ਵਾਲੀ ਸਤਾਰਾਂ ਵਰ੍ਹਿਆਂ ਦੀ ਇਕ ਅਜਿਹੀ ਕੁੜੀ ਨਾਲ ਹੁੰਦੀ ਹੈ ਜੋ ਉਹਨੂੰ ਇਕ ਅਜਿਹੇ ਗੁਜ਼ਰੇ ਸਮੇਂ ਬਾਰੇ ਦੱਸਦੀ ਹੈ ਜਦੋਂ ਕਿਤਾਬਾਂ ਨਾਲ ਦੇਖੇ ਜਾਣ ਤੇ ਲੋਕਾਂ ਨੂੰ ਅਜਿਹਾ ਡਰ ਮਹਿਸੂਸ ਨਹੀਂ ਸੀ ਹੁੰਦਾ। ਫਿਰ ਇਕ ਬੁੱਢਾ ਪ੍ਰੋਫੈਸਰ ਉਸ ਫਾਇਰਮੈਨ ਨੂੰ ਸਮਝਾਉਂਦਾ ਹੈ ਕਿ ਇੱਕ ਦਿਨ ਅਜਿਹਾ ਵੀ ਆਏਗਾ ਜਦੋਂ ਵੱਡੀਆਂ ਟੀਵੀ ਸਕਰੀਨਾਂ ਅਤੇ ਰੇਡੀਓ ਤੇ ਬੋਲੇ ਜਾ ਰਹੇ ਝੂਠਾਂ ਦਾ ਤਲਿੱਸਮ ਟੁੱਟ ਜਾਏਗਾ। ਲੋਕਾਂ ਨੂੰ ਫਿਰ ਸੋਚਣ, ਸਮਝਣ ਤੇ ਬੋਲਣ ਦੀ ਅਜ਼ਾਦੀ

ਨਸੀਬ ਹੋਵੇਗੀ। ਫਾਇਰਮੈਨ ਇਸ ਨਾਲ ਜੋਸ਼ ਵਿਚ ਆ ਕੇ ਆਪਣੇ ਤੰਤਰ ਦੇ ਖ਼ਿਲਾਫ਼ ਡਟ ਜਾਂਦਾ ਹੈ। ਉਹ ਜੰਗਲ ਬੇਲਿਆਂ ਵਿਚ ਭਟਕ ਰਹੇ ਕਿਤਾਬਾਂ ਦੇ ਮਤਵਾਲਿਆਂ ਦੇ ਇਕ ਜਥੇ ਨੂੰ ਜਾ ਮਿਲਦਾ ਹੈ।। ਜਿਹੜੇ ਇਕ ਵੱਡੀ ਜਥੇਬੰਦੀ ਨਾਲ ਜੁੜੇ ਹੋਏ ਹਨ। ਉਸ ਜਥੇਬੰਦੀ ਦਾ ਹਰ ਮੈਂਬਰ ਕਿਤਾਬਾਂ ਨੂੰ ਬਚਾਈ ਰੱਖਣ ਦੀ ਜ਼ਿਦ ਵਿਚ ਘੱਟੋ ਘੱਟ ਇਕ ਮਹਾਨ ਕਿਤਾਬ ਨੂੰ ਜ਼ਬਾਨੀ ਯਾਦ ਕਰਨ ਦਾ ਪ੍ਰਣ ਲੈਂਦਾ ਹੈ। ਫਾਇਰਮੈਨ ਦੇ ਹਿੱਸੇ 'ਬੁੱਕ ਆਫ਼ ਆਕਲੇਸਿਟੇਜ' ਆਉਂਦੀ ਹੈ। ਉਹ ਇਕ ਪ੍ਰਤੀਬੱਧ ਸਿਪਾਹੀ ਵਾਂਗ ਉਸ ਕਿਤਾਬ ਦਾ ਇਕ ਇਕ ਅੱਖਰ ਆਪਣੇ ਅੰਦਰ ਜਿਉਂਦਾ ਰੱਖਣ ਲਈ ਜਨੂਨ ਦੀ ਹੱਦ ਤਕ ਉਸ ਵਿਚ ਡੁੱਬਦਾ ਚਲਾ ਜਾਂਦਾ ਹੈ... ਛੇ ਦਹਾਕਿਆਂ ਤੋਂ ਵੀ ਵਧੇਰੇ ਪਹਿਲਾਂ ਬਰੈੱਡਬਰੀ ਨੇ ਇਕ ਪ੍ਰਸਿੱਧ ਲਾਇਬਰੇਰੀ ਦੇ ਤਹਿਖ਼ਾਨੇ ਵਿਚ ਬਹਿ ਕੇ ਇਸ ਕਿਤਾਬ ਦੀ ਰਚਨਾ ਕੀਤੀ। ਇਸ ਬਾਰੇ ਉਹ ਲਿਖਦਾ ਹੈ-1941 ਤੋਂ ਲੈ ਕੇ ਉਸ

ਸਮੇਂ ਤੱਕ ਮੈਂ ਟਾਈਪਿੰਗ ਦਾ ਆਪਣਾ ਸਾਰਾ ਕੰਮ ਘਰ ਦੇ ਗਰਾਜ ਜਾਂ ਫਿਰ ਉਹਦੇ ਪਿਛਵਾੜੇ ਬਹਿ ਕੇ ਕਰਦਾ ਸਾਂ ਜਿੱਥੇ ਮੇਰੀ ਪਤਨੀ ਮਾਰਗਯੂਰਿਟ ਤੇ ਬੱਚੇ ਰਹਿੰਦੇ ਸਨ। ਮੇਰੇ ਬੱਚੇ ਗਰਾਜ ਦੀ ਪਿਛਲੀ ਖਿੜਕੀ ਕੋਲ ਆ ਕੇ ਉਹਦੇ ਸ਼ੀਸ਼ੇ ਤੇ ਠੋਲ੍ਹੇ ਮਾਰਦੇ ਜਾਂ ਗਾਣੇ ਗਾਉਂਦੇ। ਮੈਨੂੰ ਆਪਣੀ ਕਹਾਣੀ ਜਾਂ ਬੱਚਿਆਂ ਵਿਚੋਂ ਕਿਸੇ ਇਕ ਨੂੰ ਚੁਣਨਾ ਪੈਂਦਾ ਸੀ ਤੇ ਗੱਲ ਬੱਚਿਆਂ ਦੇ ਹੱਕ ਵਿਚ ਜਾਂਦੀ ਤੇ ਮੈਂ ਉਨ੍ਹਾਂ ਨਾਲ ਖੇਡਣ ਨੂੰ ਤਰਜੀਹ ਦੇਂਦਾ। ਪਰ ਇਸ ਨਾਲ ਮੇਰੀ ਆਮਦਨੀ ਬੰਦ ਹੋ ਜਾਣ ਦਾ ਡਰ ਬਣਿਆ ਰਹਿੰਦਾ। ਮੇਰੇ ਲਈ ਲਿਖਣ ਪੜ੍ਹਨ ਵਾਸਤੇ ਕੋਈ ਥਾਂ ਲੱਭਣੀ ਜ਼ਰੂਰੀ ਹੋ ਗਈ। ਮੇਰੇ ਏਨੀ ਹੈਸੀਅਤ ਵੀ ਨਹੀਂ ਸੀ ਕਿ ਮੈਂ ਆਪਣਾ ਕੋਈ ਵੱਖਰਾ ਦਫ਼ਤਰ ਬਣਾ ਸਕਾਂ। ਅਖੀਰ ਜਿਹੜੀ ਥਾਂ ਮੈਨੂੰ ਲੱਭੀ ਉਹ ਸੀ ਕੈਲੇਫੋਰਨੀਆ ਯੂਨੀਵਰਸਿਟੀ ਦੀ ਲਾਇਬਰੇਰੀ ਦੀ ਬੇਸਮੈਂਟ ਵਿਚ ਬਣਿਆ ਟਾਈਪਿੰਗ ਵਾਲਾ ਕਮਰਾ ਜਿੱਥੇ ਇਕ ਕਤਾਰ ਵਿਚ ਲੱਗੇ

ਰਮਿੰਗਟਨ ਦੇ ਪੁਰਾਣੇ ਟਾਈਪ-ਰਾਈਟਰ ਪਏ ਸਨ ਤੇ ਅੰਡਰਵੁਡ ਟਾਈਪ-ਰਾਈਟਰ ਅੱਧੇ ਘੰਟੇ ਲਈ ਇਕ ਚਵਾਨੀ ਕਿਰਾਏ ਤੇ ਮਿਲਦੇ ਸਨ। ਮੈਂ ਆਪਣਾ ਸਿੱਕਾ ਸਲਾਟ ਵਿਚ ਪਾਉਂਦਾ ਮੀਟਰ ਦੀ ਦੌੜਦੀ ਸੂਈ ਤੇ ਨਿਗਾਹ ਮਾਰਦਾ ਤੇ ਫਿਰ ਪਾਗਲਾਂ ਵਾਂਗ ਅੱਧਾ ਘੰਟਾ ਪੂਰਾ ਹੋਣ ਤੋਂ ਪਹਿਲਾਂ ਆਪਣਾ ਤਹਿਸ਼ੁਦਾ ਟਾਈਪਿੰਗ ਦਾ ਕੰਮ ਪੂਰਾ ਕਰਨ ਵਿਚ ਜੁੱਟ ਜਾਂਦਾ। ਇਸ ਤਰ੍ਹਾਂ ਆਪਣੇ ਆਪ ਤੇ ਮੈਂ ਦੁੱਗਣਾ ਦਬਾਅ ਮਹਿਸੂਸ ਕਰਦਾ। ਇਕ ਪਾਸੇ ਬੱਚਿਆਂ ਨੇ ਮੈਨੂੰ ਘਰੋਂ ਖਦੇੜ ਦਿੱਤਾ ਦੂਜੇ ਪਾਸੇ ਟਾਈਪ-ਰਾਈਟਰ ਦਾ ਮੀਟਰ ਮੈਨੂੰ ਪਾਗਲਾਂ ਵਾਂਗ ਹੱਥ ਚਲਾਉਣ ਲਈ ਮਜਬੂਰ ਕਰਦਾ। ਟਾਈਮ ਇਜ਼ ਮਨੀ ਮੁਹਾਵਰੇ ਦਾ ਅਰਥ ਮੈਨੂੰ ਇਸ ਸਥਿਤੀ ਵਿਚ ਪਤਾ ਲੱਗਿਆ। ਇਸ ਦਬਾਅ ਹੇਠ ਆਪਣੇ ਨਾਵਲ ਦਾ ਪਹਿਲਾ ਡਰਾਫ਼ਟ ਮੈਂ ਨੌਂ ਦਿਨਾਂ ਵਿਚ ਪੂਰਾ ਕਰ ਲਿਆ। ਸਲਾਟ ਮਸ਼ੀਨ ਵਿਚ ਸਿੱਕਾ ਪਾਉਣ ਅਤੇ ਟਾਈਪ-ਰਾਈਟਰ ਦੇ ਜਾਮ ਹੋ ਜਾਣ

ਵੇਲੇ ਜੋ ਸਮਾਂ ਮਿਲਦਾ ਓਦੋਂ ਮੈਂ ਉਪਰ ਲਾਇਬਰੇਰੀ ਦੇ ਗਲਿਆਰਿਆਂ ਵਿਚ ਟਹਿਲਦਾ ਰਹਿੰਦਾ। ਇਸ਼ਕ ਦੇ ਜਨੂਨੀ ਵਾਂਗ ਸ਼ੈਲਫਾਂ ਵਿਚ ਪਈਆਂ ਕਿਤਾਬਾਂ ਨੂੰ ਉਂਗਲਾਂ ਨਾਲ ਛੋਹ ਕੇ ਉਨ੍ਹਾਂ ਦਾ ਨਿੱਘ ਮਹਿਸੂਸ ਕਰਦਾ। ਕਦੇ ਕਦੇ ਕਿਸੇ ਮੋਟੀ ਕਿਤਾਬ ਨੂੰ ਕੱਢ ਕੇ ਉਹਦੇ ਪੰਨੇ ਫੋਲਦਾ, ਉਸ ਦੇ ਅਹਿਸਾਸ ਵਿਚ ਆਪਣੇ ਆਪ ਨੂੰ ਡੁੱਬਿਆ ਮਹਿਸੂਸ ਕਰਦਾ, ਜੋ ਕਿਸੇ ਵੀ ਚੰਗੀ ਲਾਇਬਰੇਰੀ ਦੀ ਹਵਾ ਵਿਚ ਘੁਲਿਆ ਹੁੰਦੈ। ਕੀ ਕਿਤਾਬਾਂ ਜਲਾਏ ਜਾਣ ਦੇ ਖ਼ੌਫ਼ਨਾਕ ਭਵਿਖ 'ਤੇ ਆਧਾਰਿਤ ਇਸ ਨਾਵਲ ਨੂੰ ਲਿਖਣ ਲਈ ਇਸ ਤੋਂ ਵਧੇਰੇ ਚੰਗੀ ਥਾਂ ਕੋਈ ਹੋਰ ਹੋ ਸਕਦੀ ਸੀ? ਦੁਨੀਆ ਵਿਚ ਸਰਕਾਰਾਂ ਹਮੇਸ਼ਾ ਲੇਖਕਾਂ ਤੋਂ ਬਾਅਦ ਕਿਤਾਬਾਂ ਤੋਂ ਡਰਦੀਆਂ ਹਨ। ਜ਼ਿਕਰ ਮਿਲਦਾ ਹੈ ਕਿ ਈਸਾ ਪੂਰਬ 47ਵੇਂ ਵਰ੍ਹੇ ਵਿਚ ਜਦੋਂ ਜੂਲੀਅਸ ਸੀਜ਼ਰ ਨੇ ਅਲੈਗਜੈਂਡਰੀਆ 'ਤੇ ਹਮਲਾ ਕੀਤਾ ਤਾਂ ਓਥੇ ਅਲੈਗਜੈਂਡਰੀਆ ਨਾਂ ਦੀ ਪ੍ਰਸਿੱਧ ਲਾਇਬਰੇਰੀ ਦੀਆਂ ਪੰਜ ਲੱਖ

ਕਿਤਾਬਾਂ ਜਲਾ ਕੇ ਰਾਖ ਕਰ ਦਿੱਤੀਆਂ। ਏਸੇ ਤਰ੍ਹਾਂ ਈਸਾ ਪੂਰਬ 213 ਵਿਚ ਚੀਨ ਦੇ ਉਸ ਵੇਲੇ ਦੇ ਬਾਦਸ਼ਾਹ ਚਿਨ ਤਾਇਨ ਸ਼ਿਹੂਆਂਗਤੀ ਨੇ ਫ਼ਰਮਾਨ ਜਾਰੀ ਕੀਤਾ ਕਿ ਬਾਂਸ 'ਤੇ ਲਿਖੇ ਸਾਰੇ ਖਰੜੇ ਨਸ਼ਟ ਕਰ ਦਿੱਤੇ ਜਾਣ। ਓਦੋਂ ਤੋਂ ਲੈ ਕੇ ਅੱਜ ਤੱਕ ਕਿਤਾਬਾਂ ਦੀ ਹੋਲੀ ਬਾਲੀ ਜਾਂਦੀ ਰਹੀ ਹੈ। ਬਰੈਡਬਰੀ ਨੇ ਲੁਕਾਈ ਦੇ ਭਵਿੱਖੀ ਵਾਰਸਾਂ ਨੂੰ ਖ਼ਬਰਦਾਰ ਕੀਤਾ ਹੈ ਪਰ ਜਿਵੇਂ ਜਿਵੇਂ ਇਸ ਧਰਤ 'ਤੇ ਮਨੁੱਖੀ ਲਾਲਸਾ, ਅਸਹਿਣਸ਼ੀਲਤਾ, ਸਵਾਰਥ, ਨਸਲੀ ਵਿਤਕਰੇ, ਊਚ ਨੀਚ, ਜਾਤੀ ਭੇਦ, ਭਾਸ਼ਾਵਾਂ ਦੇ ਤਫ਼ਰਕੇ ਵੱਧ ਰਹੇ ਹਨ ਓਵੇਂ ਓਵੇਂ ਕਿਤਾਬਾਂ ਤੇ ਮਨੁੱਖੀ ਗਿਆਨ ਪਰੰਪਰਾਵਾਂ ਦੀ ਲੋੜ ਵਧਦੀ ਜਾ ਰਹੀ ਹੈ। ਅੱਜ ਦੇ ਮਹਾਮਾਰੀ ਦੇ ਦੌਰ ਵਿਚਲੀਆਂ ਘੋਰ ਨਿਰਾਸ਼ਾਵਾਂ ਤੇ ਜ਼ਿੰਦਗੀ ਪ੍ਰਤੀ ਬੇਯਕੀਨੀ ਵਿਚੋਂ ਮਨੁੱਖ ਨੂੰ ਚੰਗੀਆਂ ਗਿਆਨ ਭਿੱਜੀਆਂ ਕਿਤਾਬਾਂ ਹੀ ਬਚਾ ਸਕਦੀਆਂ ਹਨ। ਲੋੜ ਇਸ ਗੱਲ ਦੀ ਹੈ ਕਿ ਅਸੀਂ ਇਨ੍ਹਾਂ ਦੇ ਲੜ ਲੱਗੀਏ ਫਿਰ ਜ਼ਿੰਦਗੀ ਚਮਕੀਲੇ

ਸਿਤਾਰੇ ਵਾਂਗ ਜਗਮਗਾ ਉੱਠੇਗੀ। ਸੂਰਜ ਸਦਾ ਮਨੁੱਖ ਦੇ ਮਸਤਕ ’ਚ ਰੌਸ਼ਨ ਰਹੇਗਾ ਤੇ ਜ਼ਿੰਦਗੀ ਦੀ ਇਸ ਤੋਂ ਵੱਡੀ ਸਫਲਤਾ ਦੀ ਕਾਮਨਾ ਸ਼ਾਇਦ ਕੀਤੀ ਵੀ ਨਹੀਂ ਜਾ ਸਕਦੀ। ਰੱਬ ਰਾਖਾ!

81

ਬਾਵਾ ਬਲਵੰਤ ਦੀ ਕਵਿਤਾ ਟ੍ਰਾਟਸਕੀ ਪੜ੍ਹਦਿਆਂ

ਬਾਵਾ ਬਲਵੰਤ ਪੰਜਾਬੀ ਦਾ ਅਜਿਹਾ ਸ਼ਾਇਰ ਹੈ, ਜਿਸ ਨੂੰ ਪੰਜਾਬੀ ਜਗਤ ਨੇ ਬਹੁਤਾ ਗੌਲ਼ਿਆ ਨਹੀਂ। ਬਾਵਾ ਜੀ ਦੀ ਸ਼ਤਾਬਦੀ ਮੌਕੇ ਵੀ ਪੰਜਾਬੀਆਂ ਨੂੰ ਜਾਗ ਨਹੀਂ ਆਈ ਤੇ ਨਾ ਹੀ ਉਨ੍ਹਾਂ ਨੇ ਕੋਈ ਉਤਸ਼ਾਹ ਦਿਖਾਇਆ। ਬਾਵਾ ਜੀ ਆਪਣੇ ਸਮੇਂ ਦੇ ਬੜੇ ਜਾਗਰੂਕ ਸ਼ਾਇਰ ਸਨ। ਦੁਨੀਆ 'ਤੇ ਕੀ ਵਾਪਰ ਰਿਹਾ, ਇਸ ਬਾਰੇ ਉਨ੍ਹਾਂ ਦੀ ਸਮਝ ਤੇ ਸੂਝ ਬੜੀ ਤਰਕਸ਼ੀਲ ਤੇ ਅਜ਼ਾਦ ਵਿਚਾਰਾਂ ਦੇ ਪ੍ਰਗਟਾ ਵਾਲੀ ਸੀ। ਇਸ ਦੀ ਸਪਸ਼ਟ ਉਦਾਹਰਨ ਉਨ੍ਹਾਂ ਦੀ ਕਵਿਤਾ 'ਟ੍ਰਾਟਸਕੀ' ਵੇਖੀ ਜਾ ਸਕਦੀ ਹੈ। ਟ੍ਰਾਟਸਕੀ ਦਾ ਜਨਮ 1877 ਤੇ ਮੌਤ 1940 ਵਿਚ ਹੋਈ। ਬਾਵਾ ਜੀ ਉਸ ਨੂੰ ਆਪਣੇ ਸਮੇਂ ਲੈਨਿਨ ਦਾ ਸੱਜਾ ਹੱਥ ਤੇ ਰੂਸ ਦਾ ਜੁਗ ਪਲਟਾਊ ਲੀਡਰ ਮੰਨਦੇ

ਹਨ। ਇਹ ਲਾਲ ਫ਼ੌਜ ਦਾ ਕਮਾਂਡਰ ਸੀ। ਸਿਧਾਂਤ ਨਾਲੋਂ ਅਮਲ ਵਿਚ ਯਕੀਨ ਰੱਖਦਾ ਸੀ। ਆਪਣੇ ਵਿਚਾਰਾਂ ਦੇ ਵਿਰੋਧ ਕਰਕੇ ਉਹ ਸਟਾਲਿਨ ਦੀਆਂ ਅੱਖਾਂ ਵਿਚ ਰੜਕਦਾ ਸੀ। ਇਸ ਦੇ ਇਕ ਪੁੱਤ ਨੂੰ ਰੂਸ ਵਿਚ ਤੇ ਦੂਜੇ ਨੂੰ ਫਰਾਂਸ ਵਿਚ ਮੌਤ ਦੇ ਘਾਟ ਉਤਾਰਿਆ ਗਿਆ। ਇਸ ਦੀ ਹੋਣਹਾਰ ਧੀ ਬੜੇ ਸੂਖਮ ਅਹਿਸਾਸਾਂ ਵਾਲੀ ਸੀ ਤੇ ਉਹ ਪਰਿਵਾਰ ਦੀ ਅਜਿਹੀ ਦਰਦਨਾਕ ਸਥਿਤੀ ਨਾ ਸਹਿ ਸਕੀ ਤੇ ਖ਼ੁਦਕੁਸ਼ੀ ਕਰ ਗਈ। ਇਸ ਦੇ ਬਾਵਜੂਦ ਟ੍ਰਾਟਸਕੀ ਦੁਨੀਆ ਦੀ ਬਿਹਤਰੀ ਦਾ ਸੰਗਰਾਮ ਇਕੱਲਾ ਤੇ ਨਿਹੱਥਾ ਲੜਦਾ ਅਖੀਰ ਮੈਕਸੀਕੋ ਵਿਚ ਹੋਏ ਹਮਲੇ ਵਿਚ ਅਲਵਿਦਾ ਕਹਿ ਗਿਆ। ਸਾਰੀ ਦੁਨੀਆ ਜਾਣਦੀ ਹੈ ਕਿ ਉਸ ਦੀ ਮੌਤ ਦਾ ਜ਼ਿੰਮੇਵਾਰ ਕੌਣ ਹੈ। 21 ਅਗਸਤ, 1940 ਨੂੰ ਸੰਧਿਆ ਤ੍ਰਿਕਾਲ ਵੇਲੇ ਲਤਾੜਿਆਂ, ਦੱਬਿਆਂ, ਕੁਚਲਿਆਂ ਦੀ ਮੁਕਤੀ ਚਾਹੁਣ ਵਾਲਾ ਇਹ ਯੋਧਾ, ਸੰਗਰਾਮੀ ਤੇ ਜੁਗ ਪਲਟਾਊ ਸੋਚ ਵਾਲਾ ਜਿਊੜਾ ਫਤ੍ਹੇ ਬੁਲਾ ਗਿਆ। ਡਾਕਟਰਾਂ

ਨੇ ਉਹਦੀ ਰਿਪੋਰਟ ਵਿਚ ਲਿਖਿਆ- ਉਸ ਦਾ ਦਿਮਾ਼ਗ ਅਸਧਾਰਨ ਤੌਰ ਉੱਤੇ ਵੱਡਾ ਸੀ, ਵਜ਼ਨ ਦੋ ਪੌਂਡ ਤੇਰਾਂ ਔਂਸ। ਦਿਲ ਆਮ ਨਾਲੋਂ ਵੱਡਾ। ਰੂਸ ਦੀ ਸਰਕਾਰੀ ਅਖ਼ਬਾਰ 'ਪ੍ਰਾਵਦਾ' ਨੇ ਉਹਦੀ ਫੌਤਗੀ ਤੇ ਨਿੱਕੀ ਜਿਹੀ ਖ਼ਬਰ ਛਾਪੀ- ਉਹਦੇ ਸਿਰ-ਫਿਰੇ ਚੇਲੇ ਵੱਲੋਂ ਟ੍ਰਾਟਸਕੀ ਦਾ ਕਤਲ। ਇਸ ਤੋਂ ਸਪਸ਼ਟ ਹੈ ਕਿ ਹਾਕਮ ਜਮਾਤਾਂ ਵਿਰੋਧੀ ਵਿਚਾਰਾਂ ਨੂੰ ਹੀ ਨਹੀਂ ਸਗੋਂ ਵਿਰੋਧੀਆਂ ਨੂੰ ਵੀ ਕੁਚਲ ਦਿੰਦੀਆਂ ਹਨ, ਪਰ ਜਿਨ੍ਹਾਂ ਨੇ ਪੂਰੀ ਹਯਾਤੀ ਲੋਕਾਂ ਲੇਖੇ ਲਾਈ ਹੁੰਦੀ ਹੈ ਉਹ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਹਮੇਸ਼ਾ ਹਮੇਸ਼ਾ ਲਈ ਜਿਉਂਦੇ ਰਹਿੰਦੇ ਨੇ। ਇਨਕਲਾਬੀ ਸਰੋਕਾਰਾਂ ਬਾਰੇ ਟ੍ਰਾਟਸਕੀ ਬੜਾ ਸਪਸ਼ਟ ਸੀ। ਉਹ ਹਰ ਵਰਤਾਰੇ ਨੂੰ ਬੜੀ ਬਰੀਕੀ ਨਾਲ ਘੋਖ ਕੇ ਆਪਣੀ ਰਾਏ ਦੇਂਦਾ ਸੀ। ਸਟਾਲਿਨ ਨੇ ਜਦੋਂ 1939 ਵਿਚ ਜਰਮਨ-ਰੂਸ ਸੰਧੀ ਕਰ ਲਈ ਤਾਂ ਇਸ ਬਾਰੇ ਪਹਿਲਾਂ ਹੀ ਉਹਨੇ ਲਿਖ ਦਿੱਤਾ ਸੀ ਕਿ ਇਸ ਤੋਂ ਬਿਨਾ ਸਟਾਲਿਨ ਲਈ ਹੋਰ

ਕੋਈ ਰਾਹ ਨਹੀਂ ਬਚੇਗਾ। ਲਾਲ ਫ਼ੌਜ ਦੇ ਮਾਰੇ ਜਾਣ ਤੋਂ ਬਾਅਦ ਹੋਰ ਬਚੇਗਾ ਵੀ ਕੀ। ਇਨਕਲਾਬਾਂ ਦੀ ਨਿਰਖ਼ ਪਰਖ ਕਰਦਿਆਂ ਉਹ ਲਿਖਦਾ ਹੈ- ਫਰਾਂਸੀਸੀ ਇਨਕਲਾਬ ਦੇ ਯੋਧਿਆਂ ਨੇ ਸਮਾਨਤਾ, ਆਜ਼ਾਦੀ ਅਤੇ ਖ਼ੁਸ਼ਹਾਲੀ ਦਾ ਨਾਅਰਾ ਗੁੰਜਾਇਆ, ਪਰ ਹੋਇਆ ਕੀ? ਇਨਕਲਾਬ ਆ ਗਿਆ, ਪਿੱਛੋਂ ਉਦਯੋਗੀਕਰਨ ਨਾਲ ਪੂੰਜੀਵਾਦ ਆ ਗਿਆ। ਏਵੇਂ ਅਸਾਂ ਰੂਸੀਆਂ ਨੇ ਕੀਤਾ। ਸਮਾਜਵਾਦ ਦਾ ਨਾਅਰਾ ਲਾ ਦਿੱਤਾ। ਮੇਰੀ ਸੋਚ ਸੀ ਕਿ ਇਨਕਲਾਬ ਤੋਂ ਬਾਅਦ ਹਰ ਕਿਰਤੀ ਸੱਤਾ ਵਿਚ ਭਾਈਵਾਲ ਹੋਵੇਗਾ। ਪਰ ਹੋਇਆ ਇਸ ਤੋਂ ਉਲਟ। ਅਫ਼ਸਰਸ਼ਾਹੀ ਨੇ ਸੱਤਾ ਸੰਭਾਲ ਲਈ। ਮਜ਼ਦੂਰ ਵਰਗ ਓਥੇ ਹੀ ਨਾਅਰੇ ਮਾਰਦਾ ਰਹਿ ਗਿਆ। ਇਨਕਲਾਬ ਸਮਾਜਵਾਦ ਦੇ ਬਰਾਬਰੀ, ਹੱਕ, ਨਿਆਂ, ਸੱਚ ਦੇ ਨਾਂ ’ਤੇ ਠੱਗਿਆ ਗਿਆ। ਉਹ ਅੱਗੇ ਲਿਖਦਾ ਹੈ- ਮਜ਼ਦੂਰ ਬਹਾਦਰ ਹੈ, ਲੜਨ ਮਰਨ ਦਾ ਜੇਰਾ ਰੱਖਦਾ ਹੈ, ਇਨਕਲਾਬ

ਲਿਆ ਸਕਦਾ ਹੈ ਪਰ ਉਹਦਾ ਇਹ ਦੁਖਾਂਤ ਹੈ ਕਿ ਰਾਜ ਕਰਨ ਵੇਲੇ ਉਹਨੂੰ ਪਰਾਂ ਧੱਕ ਦਿੱਤਾ ਜਾਂਦਾ ਹੈ। ਮਾਰਕਸ ਜਦੋਂ ਕਿਰਤੀਆਂ ਦੀ ਗੱਲ ਕਰਦਾ ਹੈ ਤਾਂ ਉਹਦਾ ਭਾਵ ਰਾਜ ਦੀ ਤਾਕਤ ਵੀ ਏਸੇ ਵਰਗ ਕੋਲ ਹੋਣੀ ਚਾਹੀਦੀ ਹੈ। ਪਰ ਚੁਸਤ, ਚਲਾਕ, ਅਪਰਾਧੀ ਬਿਰਤੀ ਵਾਲੇ ਲੋਕ ਸੱਤਾ 'ਤੇ ਕਾਬਜ਼ ਹੋ ਜਾਂਦੇ ਹਨ। ਕਿਰਤੀ ਵਰਗ ਫਿਰ ਦੁੱਖਾਂ ਵਿਚ ਪਿਸਣ ਲਈ ਤਿਆਰ ਹੋ ਜਾਂਦਾ ਹੈ। ਇਤਿਹਾਸ ਮਜ਼ਦੂਰ ਵਰਗ ਦੇ ਖ਼ਿਲਾਫ਼ ਹੈ ਪਰ ਮੈਂ ਮਜ਼ਦੂਰ ਵਰਗ ਦੇ ਨਾਲ ਖੜ੍ਹਾ ਹਾਂ। ਇਸ ਤਰ੍ਹਾਂ ਵਿਚਾਰਧਾਰਕ ਤੌਰ ਉੱਤੇ ਟ੍ਰਾਟਸਕੀ ਬੜਾ ਸਪਸ਼ਟ ਤੇ ਸਮਕਾਲੀ ਵਰਤਾਰਿਆਂ ਤੋਂ ਭਲੀਭਾਂਤ ਸੁਚੇਤ ਹੈ। ਇਸੇ ਕਰਕੇ ਬਾਵਾ ਜੀ ਨੇ ਆਪਣੀ ਕਵਿਤਾ ਵਿਚ ਉਹਦੀ ਸਿਫ਼ਤ ਸਲਾਹ ਹੀ ਨਹੀਂ ਕੀਤੀ ਸਗੋਂ ਉਹਨੂੰ ਇਨਕਲਾਬ ਦੇ ਪਰਿਆਇ ਵਜੋਂ ਪੇਸ਼ ਕੀਤਾ ਹੈ। ਬਾਵਾ ਜੀ ਇਹ ਵੀ ਗਿਲਾ ਕਰਦੇ ਹਨ ਕਿ ਦੁਨੀਆ ਨੇ ਉਹਨੂੰ ਨਾ ਸਮਝ ਕੇ ਵੱਡੀ ਗ਼ਲਤੀ ਕੀਤੀ ਹੈ ਤੇ ਏਸੇ ਦਾ

ਖ਼ਮਿਆਜ਼ਾ ਭੁਗਤਦੀ ਕਿਰਤੀ ਜਮਾਤ ਸਰਮਾਏਦਾਰੀ ਹੱਥੋਂ ਅੱਜ ਤੱਕ ਲੁੱਟੀ ਜਾ ਰਹੀ ਹੈ। ਬਾਵਾ ਜੀ ਬੜੇ ਜੋਸ਼ੀਲੇ ਬਿੰਬਾਂ, ਖੜਕਵੀਂ ਭਾਸ਼ਾ, ਲਹੂ ਰੰਗੇ ਮੈਟਾਫ਼ਰਾਂ ਤੇ ਦੁਨੀਆ ਦੇ ਮੁਕਤੀਦਾਤੇ ਵਜੋਂ ਉਹਦਾ ਚਿਤਰਨ ਕਰਦੇ ਹਨ। ਉਹਦੇ ਸਾਹਮਣੇ ਦੁਨੀਆ ਦੇ ਵੱਡੇ ਵੱਡੇ ਯੋਧੇ ਮਹਾਂਬੀਰ, ਰੁਸਤਮ, ਸਿਕੰਦਰ, ਨਪੋਲੀਅਨ ਹੇਚ ਨੇ। ਉਹਦੇ ਖ਼ਿਆਲਾਂ, ਸੁਪਨਿਆਂ ਨੂੰ ਕੋਈ ਨਹੀਂ ਮਿਟਾ ਸਕਦਾ ਕਿਉਂਕਿ ਉਹਦੇ ਖ਼ਿਆਲਾਂ ਦੀ ਬਿਜਲੀ ਸਦਾ ਦਿਲਾਂ ਵਿਚ ਰਹੇਗੀ, ਜੋ ਦੁਨੀਆ ਨੂੰ ਸੰਘਰਸ਼ ਦਾ ਪੈਗ਼ਾਮ ਦੇਂਦੀ ਰਹੇਗੀ। ਉਹਦੇ 'ਤੇ ਟੁੱਟੇ ਮੁਸੀਬਤਾਂ ਦੇ ਪਹਾੜ ਵੀ ਉਹਨੂੰ ਡੁਲਾ ਨਾ ਸਕੇ ਤੇ ਇਕ ਬੇਦਾਰ, ਖੁਦਾਰ, ਬੇਧੜਕ ਆਸ਼ਾਵਾਦੀ ਪੂਰਨ ਆਜ਼ਾਦੀ ਦੇ ਦੀਵਾਨੇ ਦੀ ਤੜਪ ਨੇ ਜ਼ਾਲਮਾਂ ਦੀ ਨੀਂਦ ਹਰਾਮ ਕੀਤੀ ਰੱਖੀ ਤੇ ਉਹ ਉਹਦੀ ਮੌਤ ਲਈ ਪਰਛਾਵੇਂ ਵਾਂਗ ਉਹਦਾ ਪਿੱਛਾ ਕਰਦੇ ਉਹਦੇ ਜਿਸਮ ਨੂੰ ਤਾਂ ਕੋਹ ਗਏ ਪਰ ਉਹਦੀ ਸੋਚ ਅਜੇ ਵੀ ਜਿਉਂਦੀ ਹੈ ਤੇ ਸਦਾ

ਜਿਉਂਦੀ ਰਹੇਗੀ। ਉਹਦੀ ਤ੍ਰਾਸਦੀ ਬਾਰੇ ਬਾਵਾ ਜੀ ਲਿਖਦੇ ਹਨ ਕਿ- ਤੇਰੇ 'ਤੇ ਕਈ ਵਾਰ ਅੱਗਾਂ ਵਰ੍ਹੀਆਂ, ਤੇਰੀ ਜੀਭ ਨੂੰ ਹਜ਼ਾਰਾਂ ਤਾਲੇ ਲਾਏ ਗਏ, ਤੇਰੀ ਕਲਮ 'ਤੇ ਛੁਰੀਆਂ ਤੇ ਕਟਾਰਾਂ ਚਲੀਆਂ ਪਰ ਤੂੰ ਤੇ ਤੇਰੇ ਸਾਬਤ ਕਦਮ ਅਡੋਲ ਰਹੇ। ਅਸਲ ਵਿਚ ਤਾਂ ਇਹ ਜ਼ਾਲਮ ਹਵਸ ਦਾ ਤਕਾਜ਼ਾ ਤੇ ਇਨਸਾਨੀਅਤ ਦਾ ਜਨਾਜ਼ਾ ਹੀ ਨਿਕਲਿਆ ਹੈ ਜਿਸ ਨੇ ਤੇਰੀ ਸੋਚ ਨੂੰ ਠੁਕਰਾ ਦਿੱਤਾ। ਪਰ ਤੇਰੀ ਰੂਹ ਮਾਨਵ ਦੀ ਸਜੀਵ ਰੂਹ ਹੈ, ਤੇਰੀ ਕਦਰ ਜ਼ਿੰਦਗੀ ਦੇ ਲਹੂ ਨੂੰ ਹੈ ਤੇ ਉਹ ਦਿਨ ਦੂਰ ਨਹੀਂ ਜਦੋਂ ਤੇਰੀ ਸੋਚ ਦੇ ਪਹਿਰੇਦਾਰ ਜਾਗਣਗੇ। ਮੌਤ ਦਾ ਪਿਆਲਾ ਪੀ ਕੇ ਵੀ ਤੂੰ ਜਿਉਂਦਾ ਤੇ ਇਨਕਲਾਬ ਦੇ ਸੀਨੇ ਵਿਚ ਧੜਕ ਰਿਹੈਂ। ਬਾਵਾ ਜੀ ਲਿਖਦੇ ਹਨ ਤੂੰ ਸਭ ਨੂੰ ਉਠਾਇਆ, ਜਗਾਇਆ, ਜੇ ਦੁਨੀਆ ਨਹੀਂ ਜਾਗੀ ਤਾਂ ਇਹ ਤੇਰਾ ਦੋਸ਼ ਨਹੀਂ ਤੂੰ ਤਾਂ ਆਦਿ ਜੁਗਾਦੀ ਬਾ਼ਗੀ ਸੈਂ, ਨਾਬਰ ਸੈਂ ਤੇਰੇ ਤਾਂ ਪੈਰਾਂ ਦੇ ਚਿੰਨ੍ਹ ਵੀ ਬਾ਼ਗੀ ਨੇ... ਦੁਨੀਆ ਨੂੰ ਹੱਕ, ਨਿਆਂ, ਬਰਾਬਰੀ ਤੇ ਆਜ਼ਾਦ

ਹੈਸੀਅਤ ਲਈ ਉਹਦੇ ਬਾਕ਼ੀ ਚਿੰਨ੍ਹਾਂ ’ਤੇ ਤੁਰਨ ਦੀ ਲੋੜ ਹੈ।

82

ਜਨਾਬ ਰਾਹਤ ਇੰਦੌਰੀ ਸਾਹਿਬ ਨੂੰ ਆਖ਼ਰੀ ਸਲਾਮ !

ਅੱਜ ਅਸੀਂ ਇਕ ਅਜਿਹੇ ਦੌਰ ਵਿਚ ਪਹੁੰਚ ਗਏ ਹਾਂ ਜਿੱਥੇ ਆਪਣੀ ਹਿਫ਼ਾਜ਼ਤ ਲਈ ਆਲ਼ੇ ਦੁਆਲੇ ਖਿੱਲਰੀਆਂ ਚੀਜ਼ਾਂ ਵਿਚੋਂ ਕਿਸੇ ਨੂੰ ਵੀ ਹਥਿਆਰ ਬਣਾਉਣਾ ਪੈ ਸਕਦਾ ਹੈ। ਜਦੋਂ ਕੋਈ ਸਾਡੀ ਖ਼ੂਬਸੂਰਤੀ ਨੂੰ ਝਰੀਟਣ ਸਾਡੇ ਸਾਹਮਣੇ ਆ ਜਾਏਗਾ ਤਾਂ ਅਸੀਂ ਸ਼ੀਸ਼ੇ ਨੂੰ ਵੀ ਤੋੜ ਕੇ ਖ਼ੰਜਰ ਬਣਾ ਲਵਾਂਗੇ, ਨਾ ਕੇ ਖੜੇ ਖੜੇ ਸ਼ੀਸ਼ਾ ਵੇਖੀ ਜਾਵਾਂਗੇ; ਜੇ ਸਿਰਫ਼ ਰਾਤ ਜਾਗਣ ਨਾਲ ਹੀ ਚੋਰੀ ਦਾ ਖ਼ਤਰਾ ਟਲ਼ ਸਕਦਾ ਹੋਵੇ ਤਾਂ ਦਿਨ ਵੇਲੇ ਵੀ ਸੁੱਤਾ ਜਾ ਸਕਦਾ ਹੈ; ਜੇ ਮਸ਼ਾਲ ਜਗਾਉਣ ਨਾਲ ਆਦਮਖ਼ੋਰ ਭੱਜ ਸਕਦੇ ਹੋਣ ਤਾਂ ਸੈਂਕੜੇ ਮਸ਼ਾਲਾਂ ਬਾਲੀਆਂ ਜਾ ਸਕਦੀਆਂ ਹਨ। ਰਾਹਤ ਸਾਹਿਬ ਨੇ ਵੀ ਜੇ ਜਮਹੂਰੀਅਤ ਦੇ ਇਸ ਦੌਰ ਵਿਚ ਆਮ ਆਦਮੀ ਦੇ ਹੱਕ ਵਿਚ

ਗ਼ਜ਼ਲ ਵਰਗੀ ਨਾਜ਼ੁਕ ਵਿਧਾ ਨੂੰ ਚੀਕ ਵਿਚ ਬਦਲ ਦਿੱਤਾ ਹੈ ਤਾਂ ਉਨ੍ਹਾਂ ਨੇ ਉਹੀ ਕੰਮ ਕੀਤਾ ਹੈ ਜੋ ਹਰ ਪੀੜ੍ਹੀ ਆਪਣੀ ਪਛਾਣ ਨੂੰ ਜਿਉਂਦਾ ਰੱਖਣ ਲਈ ਕਰਦੀ ਹੈ। ਵਕਤ ਨੇ ਸਿੱਧ ਕਰ ਦਿੱਤਾ ਹੈ ਕਿ ਉਹ ਸਾਡੀ ਪੀੜ੍ਹੀ ਨੂੰ ਨਵਾਂ ਰਾਹ ਦਿਖਾਉਣ ਵਾਲੇ ਰਾਹ ਦਸੇਰੇ ਸ਼ਾਇਰ ਹਨ। ਉਨ੍ਹਾਂ ਨੇ ਸਾਨੂੰ ਖਰਾ ਖਰਾ ਕਹਿਣਾ ਸਿਖਾਇਆ। ਉਨ੍ਹਾਂ ਨੇ ਸ਼ਾਇਰੀ ਦੀ ਮਸ਼ਾਲ ਬਲਦੀ ਰੱਖਣ ਲਈ ਉਸ ਵਿਚ ਆਪਣਾ ਲਹੂ ਚੋਇਆ... ਜਿਸ ਨੂੰ ਜੋਸ਼, ਸਾਹਿਰ, ਫ਼ੈਜ਼, ਫ਼ਰਾਜ਼ ਤੇ ਹਬੀਬ ਜਾਲਬ ਨੇ ਬਾਲਿਆ ਸੀ। ਸਾਨੂੰ ਮਾਣ ਹੈ ਕਿ ਰਾਹਤ ਸਾਹਿਬ ਦੀ ਸੱਚ ਬਿਆਨੀ ਨੇ ਸ਼ਾਇਰਾਂ ਦੀ ਲਾਜ ਰੱਖੀ। ਸਾਨੂੰ ਪਿਆਰ ਸਿਖਾਉਣ ਵਾਲੇ ਸ਼ਾਇਰਾਂ ਦੀ ਵੀ ਲੋੜ ਹੈ ਤੇ ਹਮੇਸ਼ਾ ਰਹੇਗੀ, ਪਰ ਸਾਨੂੰ ਇਸ ਸਿਆਸੀ ਦੌਰ ਵਿਚ ਜਿਉਂਦੇ ਰਹਿਣ ਲਈ ਚੀਕ ਦੀ ਵੀ ਲੋੜ ਹੈ। ਉਨ੍ਹਾਂ ਨੇ ਸਾਨੂੰ ਦਮਦਾਰੀ ਨਾਲ ਪਿਆਰ ਕਰਨਾ ਸਿਖਾਇਆ ਤੇ ਨਾਲ ਹੀ ਸਿਆਸਤ ਨਾਲ ਲੋਹਾ ਲੈਣ ਦੀ

ਜਾਚ ਵੀ ਸਿਖਾਈ। ਜਿਹੜੇ ਲੋਕ ਸ਼ਾਇਰਾਂ ਨੂੰ ਸਿਆਸਤ ਤੋਂ ਦੂਰ ਰਹਿਣ ਦੀ ਸਲਾਹ ਦੇਂਦੇ ਹਨ ਦਰ ਅਸਲ ਉਹ ਆਪਣੀ ਇਕ ਸਿਆਸਤ ਕਰ ਰਹੇ ਹੁੰਦੇ ਹਨ। ਕਿਤਾਬੀ ਸ਼ਾਇਰ ਤੇ ਕਿਤਾਬੀ ਸ਼ਾਇਰੀ ਦੀ ਜਿੰਨੀ ਉਮਰ ਹੋ ਸਕਦੀ ਹੈ ਉਸ ਤੋਂ ਕਿਤੇ ਜ਼ਿਆਦਾ ਉਮਰ ਰਾਹਤ ਸਾਹਿਬ ਨੇ ਮੁਸ਼ਾਇਰਿਆਂ ਵਿਚ ਗੁਜ਼ਾਰੀ ਹੈ। ਅੱਧੀ ਸਦੀ ਤੱਕ ਦਿਲਾਂ ਦੀ ਧੜਕਣ ਬਣ ਕੇ ਜੀਣਾ ਕਬਰ ਦੀ ਸੈਂਕੜੇ ਵਰ੍ਹਿਆਂ ਦੀ ਜ਼ਿੰਦਗੀ ਤੋਂ ਬਿਹਤਰ ਹੈ। ਅੱਜ ਉਹ ਸਾਡੇ ਵਿਚ ਨਹੀਂ ਰਹੇ ਪਰ ਉਨ੍ਹਾਂ ਦੀ ਜ਼ਿੰਦਾ-ਦਿਲੀ, ਸਿਆਸਤ ਨੂੰ ਵੰਗਾਰ ਤੇ ਸੱਚ ਦੀ ਆਵਾਜ਼ ਸਦਾ ਜਿਉਂਦੀ ਰਹੇਗੀ। ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਦੀ ਆਵਾਜ਼ ਦੀ ਕਦਰਦਾਨੀ ਕਰਦੀਆਂ ਹਿੰਦੁਸਤਾਨ ਦੀ ਤਹਿਜ਼ੀਬ ਨੂੰ ਜਿਉਂਦਾ ਰੱਖਣਗੀਆਂ। ਇਸ ਆਸ ਨਾਲ ਅਸੀਂ ਉਨ੍ਹਾਂ ਨੂੰ ਚੰਦ ਸ਼ਬਦਾਂ ਰਾਹੀਂ ਯਾਦ ਕਰਕੇ ਖਰਾਜੇ ਅਕੀਦਤ ਪੇਸ਼ ਕਰ ਰਹੇ ਹਾਂ। ਆਮੀਨ!

ਪੋਸਟ ਸਕਰਿਪਟ

ਮੇਰੇ ਅਪਨੇ ਮੁਝੇ ਮਿੱਟੀ ਮੇਂ ਮਿਲਾਨੇ ਆਏ

ਅਬ ਕਹੀਂ ਜਾ ਕੇ ਮੇਰੇ ਹੋਸ਼ ਠਿਕਾਨੇ ਆਏ।

ਤੂਨੇ ਬਾਲੋਂ ਮੇਂ ਸਜਾ ਰੱਖਾ ਥਾ ਕਾਗਜ਼ ਕਾ ਗੁਲਾਬ

ਮੇਂ ਯਹ ਸਮਝਾ ਕਿ ਬਹਾਰੋਂ ਕੇ ਜ਼ਮਾਨੇ ਆਏ।

ਚਾਂਦ ਨੇ ਰਾਤ ਕੀ ਦਹਿਲੀਜ਼ ਕੋ ਬਖਸ਼ੇ ਹੈਂ ਚਿਰਾਗ

ਮੇਰੇ ਹਿੱਸੇ ਮੇਂ ਭੀ ਅਸ਼ਕੋਂ ਕੇ ਖ਼ਜ਼ਾਨੇ ਆਏ।

ਰਾਹਤ ਇੰਦੌਰੀ

83

ਸਬਕ/ਆਂਦਰੇ ਜੀਦ

ਸੰਨ 1895 ਵਿਚ ਅਲਜੀਰੀਆ ਤੋਂ ਵਾਪਸ ਪਰਤਦਿਆਂ ਹੋਟਲ ਵਿਚ ਨਾਂਵਾਂ ਵਾਲੀ ਸੂਚੀ ਦੇ ਬੋਰਡ 'ਤੇ ਅਚਾਨਕ ਮੇਰੀ ਨਜ਼ਰ ਪਈ ਤਾਂ ਆਪਣੇ ਨਾਂ ਦੇ ਨਾਲ ਹੀ ਆਸਕਰ ਵਾਈਲਡ ਦਾ ਨਾਂ ਦੇਖ ਕੇ ਮੈਂ ਤ੍ਰਭਕਿਆ। ਵਾਈਲਡ ਤਦ ਤੱਕ ਅੰਤਾਂ ਦੀ ਜਲਾਲਤ ਤੇ ਜੇਲ੍ਹ ਦੀ ਕੈਦ ਭੁਗਤ ਚੁੱਕਾ ਸੀ। ਉਸ ਨੂੰ ਮਿਲਣ ਦੀ ਆਸ ਵਿਚ ਮੈਂ ਇਕ ਦਿਨ ਹੋਰ ਰੁਕਣ ਦਾ ਮਨ ਬਣਾ ਲਿਆ। ਜਦ ਮੈਂ ਉਸ ਨੂੰ ਮਿਲਿਆ ਤਾਂ ਉਹ ਮੈਨੂੰ ਬੜਾ ਦਿਲਚਸਪ ਬੰਦਾ ਲੱਗਿਆ। ਮੈਨੂੰ ਵਾਪਸ ਜਾਣਾ ਭੁੱਲ ਗਿਆ ਤੇ ਸਾਡੀ ਹਰ ਰੋਜ਼ ਮੁਲਾਕਾਤ ਹੋਣ ਲੱਗੀ। ਅਸੀਂ ਕਈ ਕਈ ਘੰਟੇ ਸਾਹਿਤ 'ਤੇ ਚਰਚਾ ਕਰਦੇ।ਸਾਡੀ ਇਹ ਸਾਹਿਤ ਚਿੰਤਨ ਯਾਤਰਾ ਅਮੁੱਕ ਸੀ। ਇੰਜ ਲਗਦਾ ਜਿਵੇਂ

ਅਸੀਂ ਸ਼ਬਦਾਂ ਦੇ ਸ਼ਹੁ ਸਾਗਰ ਵਿਚ ਤਰਦੇ ਕੋਈ ਨਵੀਂ ਦੁਨੀਆ ਲੱਭ ਰਹੇ ਹੋਈਏ। ਇਕ ਦਿਨ ਗੱਲਾਂ ਦੌਰਾਨ ਵਾਈਲਡ ਕਹਿਣ ਲੱਗਾ- ਰੂਸੀ ਲੇਖਕਾਂ ਦਾ ਜੁਆਬ ਨਹੀਂ। ਉਨ੍ਹਾਂ ਦੀਆਂ ਰਚਨਾਵਾਂ ਮਹਾਨ ਹਨ, ਕਿਉਂਕਿ ਉਹ ਮਨੁੱਖੀ ਹਮਦਰਦੀ ਨਾਲ ਲਬਰੇਜ਼ ਹਨ। ਸ਼ਾਇਦ ਤੈਨੂੰ ਪਤਾ ਹੋਵੇ ਕਿ ਫਲਾਬੇਅਰ ਦਾ ਨਾਵਲ 'ਮਾਦਾਮ ਬਵੇਰੀ' ਮੈਨੂੰ ਬਹੁਤ ਪਸੰਦ ਹੈ,ਪਰ ਉਸ ਵਿਚ ਹਮਦਰਦੀ ਦੀ ਵੱਡੀ ਘਾਟ ਹੈ। ਏਸੇ ਕਰਕੇ 'ਮਾਦਾਮ ਬਵੇਰੀ' ਪੜ੍ਹਨਾ ਮੁਸ਼ਕਲ ਤੇ ਔਖਾ ਹੈ। ਕਿਸੇ ਕਿਤਾਬ ਨੂੰ ਪੜ੍ਹਨ ਯੋਗ ਤੇ ਅਮਰ ਬਣਾਉਣ ਵਾਲੀ ਚੀਜ਼ ਹੈ- ਉਸ ਵਿਚ ਪ੍ਰਗਟਾਈ ਗਈ ਲੇਖਕ ਦੀ ਹਮਦਰਦੀ। ਜੇਲ੍ਹ ਦੇ ਸ਼ੁਰੂ ਦੇ ਮਹੀਨੇ ਮੈਂ ਏਨਾ ਦੁਖੀ ਹੋ ਗਿਆ ਕਿ ਮੈਂ ਖ਼ੁਦਕੁਸ਼ੀ ਕਰਨ ਬਾਰੇ ਸੋਚਣ ਲੱਗਾ। ਪਰ ਜਦੋਂ ਮੈਂ ਦੂਜੇ ਕੈਦੀਆਂ ਨੂੰ ਡੂੰਘੀ ਨਜ਼ਰ ਨਾਲ ਦੇਖਿਆ ਤਾਂ ਉਨ੍ਹਾਂ ਨੂੰ ਮੈਂ ਆਪਣੇ ਵਾਂਗ ਦੁਖੀ ਮਹਿਸੂਸ ਕੀਤਾ। ਤਦੋਂ ਉਨ੍ਹਾਂ ਲਈ ਮੇਰੇ ਮਨ ਵਿਚ

ਹਮਦਰਦੀ ਜਾਗੀ ਤੇ ਉਸ ਹਮਦਰਦੀ ਸਦਕਾ ਮੇਰੇ ਮਨ ਵਿਚੋਂ ਖ਼ੁਦਕੁਸ਼ੀ ਦਾ ਖ਼ਿਆਲ ਅਲੋਪ ਹੋ ਗਿਆ। ਮੇਰੀ ਮਾਨਸਿਕਤਾ ਤਰਲ ਹੋ ਗਈ। ਮੈਨੂੰ ਆਪਣਾ ਦੁੱਖ ਛੋਟਾ ਲੱਗਣ ਲੱਗ ਪਿਆ।'ਅਖੀਰ, ਇਕ ਦਿਨ ਮੈਂ ਓਥੋਂ ਜਾਣ ਲਈ ਤਿਆਰ ਹੋਇਆ। ਵਾਈਲਡ ਮੈਨੂੰ ਛੱਡਣ ਲਈ ਘੋੜਾ-ਗੱਡੀ ਵਿਚ ਮੇਰੇ ਨਾਲ ਕੁਝ ਦੂਰ ਤੱਕ ਆਇਆ। ਰਾਹ ਵਿਚ ਉਸ ਨੇ ਮੇਰੀ ਇਕ ਕਿਤਾਬ 'ਦ ਫਰੂਟਸ ਆਫ਼ ਦ ਅਰਥ' ਦੀ ਚਰਚਾ ਕਰਦਿਆਂ ਉਸ ਦੀ ਪ੍ਰਸੰਸਾ ਕੀਤੀ। ਫਿਰ ਮੈਨੂੰ ਇੰਜ ਲੱਗਿਆ ਜਿਵੇਂ ਉਹ ਕੁਝ ਕਹਿਣ ਤੋਂ ਝਿਜਕ ਰਿਹਾ ਹੋਵੇ। ਅਖੀਰ, ਘੋੜਾ-ਗੱਡੀ ਵਿਚੋਂ ਉਤਰ ਕੇ ਮੈਨੂੰ ਵਿਦਾ ਕਰਨ ਵੇਲੇ ਕਹਿਣ ਲੱਗਾ- ਬੇਸ਼ੱਕ ਤੇਰੀ ਇਹ ਕਿਤਾਬ ਬਹੁਤ ਵਧੀਐ, ਬਹੁਤ ਵਧੀਆ, ਪਰ ਵਾਅਦਾ ਕਰ ਕਿ ਅੱਗੇ ਤੋਂ ਤੂੰ ਕੋਈ ਵੀ ਕਿਤਾਬ 'ਮੈਂ' ਵਿਚ ਨਹੀਂ ਲਿਖੇਂਗਾ। ...ਕਲਾ ਵਿਚ 'ਮੈਂ' ਅਥਵਾ 'ਹੌਮੈ' ਲਈ ਕੋਈ ਥਾਂ ਨਹੀਂ...।' ਆਂਦਰੇ ਜੀਦ ਦਾ ਇਕ ਹੋਰ

ਕਥਨ ਬੜਾ ਪ੍ਰਸਿੱਧ ਹੈ ਕਿ- ਜੇ ਕੋਈ ਤੁਹਾਡੀ ਪ੍ਰਸੰਸਾ ਕਰਦਾ ਹੈ ਤਾਂ ਇਕ ਕੰਨ ਨਾਲ ਸੁਣੋ, ਜੇ ਕੋਈ ਤੁਹਾਡੀ ਆਲੋਚਨਾ ਕਰਦਾ ਹੈ ਤਾਂ ਦੋਹਾਂ ਕੰਨਾਂ ਨਾਲ ਸੁਣੋ।’

84

ਆਓ ਅਸਮਾਨ ਨੂੰ ਉੱਚਾ ਚੁੱਕੀਏ...

ਆਸਟ੍ਰੇਲੀਆ ਦੇ ਆਦਿ ਵਾਸੀਆਂ ਵਿਚ ਇਕ ਕਥਾ ਪ੍ਰਚਲਿਤ ਹੈ। ਗੱਲ ਪ੍ਰਾਚੀਨ ਵੇਲਿਆਂ ਦੀ ਹੈ, ਮਨੁੱਖ ਅਜੇ ਕੁਦਰਤ ਦੀ ਮਾਇਆ ਨੂੰ ਸਮਝਣ ਦੇ ਸਮਰੱਥ ਨਹੀਂ ਸੀ ਹੋਇਆ। ਗਿਆਨ ਦੀ ਅਣਹੋਂਦ ਕਾਰਨ ਉਹ ਅਜੇ ਹਨੇਰੇ ਵਿਚ ਭਟਕ ਰਿਹਾ ਸੀ। ਕਿਹਾ ਜਾਂਦਾ ਹੈ ਓਦੋਂ ਅਜੇ ਅਸਮਾਨ ਬਹੁਤ ਨੀਵਾਂ ਸੀ, ਏਨਾ ਕਿ ਧਰਤੀ ਤੇ ਇਨਸਾਨ ਸਿਰ ਉੱਚਾ ਕਰਕੇ ਨਹੀਂ ਸਨ ਤੁਰ ਸਕਦੇ। ਓਦੋਂ ਧਰਤੀ ਤੇ ਹਨੇਰੇ ਦਾ ਸੰਘਣਾ ਉਛਾੜ ਸੀ। ਲੋਕਾਂ ਨੂੰ ਢਿੱਡ ਭਰਨ ਲਈ ਕੰਦ ਮੂਲ ਤੇ ਜੜੀ ਬੂਟੀਆਂ ਲੱਭਣ ਲਈ ਇਕ ਦੂਜੇ ਦੇ ਹੱਥ ਫੜਕੇ ਟੋਹ ਟੋਹ ਕੇ ਰੀਂਗਣ ਵਾਂਗ ਚੱਲਣਾ ਪੈਂਦਾ ਸੀ। ਉਨ੍ਹਾਂ ਦੀ ਬੁੱਧੀ ਇਕ ਬੰਦ ਡੱਬੇ ਵਾਂਗ ਸੀ, ਜਿਸ ਨੂੰ ਖੋਲ੍ਹਣ ਦਾ ਅਜੇ ਸਮਾਂ ਨਹੀਂ ਸੀ

ਆਇਆ। ਮਨੁੱਖ ਦੀ ਅਜਿਹੀ ਤਰਸਯੋਗ ਹਾਲਤ ਦੇਖ ਕੇ ਪੰਛੀਆਂ ਨੂੰ ਖ਼ਿਆਲ ਆਇਆ, ਜੇ ਕਿਸੇ ਤਰ੍ਹਾਂ ਅਸਮਾਨ ਨੂੰ ਧੱਕ ਕੇ ਕੁਝ ਉੱਚਾ ਕਰ ਦਿੱਤਾ ਜਾਵੇ ਤਾਂ, ਸਮੱਸਿਆ ਹੱਲ ਹੋ ਸਕਦੀ ਹੈ, ਇਸ ਤਰ੍ਹਾਂ ਕਰਨ ਨਾਲ ਇਨਸਾਨ ਸਿਰ ਉੱਚਾ ਕਰਕੇ ਧਰਤੀ ਉੱਤੇ ਚੱਲ ਸਕਣਗੇ। ਕਹਿੰਦੇ ਹਨ ਕਿ ਪੰਛੀਆਂ ਨੂੰ ਤਿਨਕੇ ਇਕੱਠੇ ਕਰਨ ਦੀ ਸੂਝ ਸੀ। ਉਨ੍ਹਾਂ ਨੇ ਸਾਰੀ ਧਰਤੀ ਦੇ ਤੀਲ੍ਹੇ ਤਿਨਕੇ ਇਕੱਠੇ ਕਰਕੇ, ਪੂਰੇ ਜ਼ੋਰ ਨਾਲ ਅਸਮਾਨ ਨੂੰ ਉਤਾਂਹ ਚੁੱਕਣਾ ਸ਼ੁਰੂ ਕਰ ਦਿੱਤਾ। ਸੱਚਮੁੱਚ ਅਸਮਾਨ ਉਤਾਂਹ ਚੁੱਕਿਆ ਗਿਆ ਤੇ ਲੋਕ, ਜੋ ਗੋਡਿਆਂ ਪਰਨੇ ਰੀਂਗ ਰੀਂਗ ਕੇ ਤੁਰਦੇ ਸਨ, ਹੁਣ ਸਿਰ ਉੱਚਾ ਕਰਕੇ ਖਲੋ ਗਏ। ਹੁਣ ਅਸਮਾਨ ਓਹਲੇ ਲੁਕਿਆ ਸੂਰਜ ਨਿੱਘੀ ਧੁੱਪ ਲੈ ਕੇ ਪ੍ਰਗਟ ਹੋਇਆ ਤੇ ਚਾਰੇ ਪਾਸੇ ਹਨੇਰਾ ਅਲੋਪ ਹੋ ਗਿਆ। ਚਾਨਣ ਵਿਚ ਨ੍ਹਾਤੀ ਧਰਤੀ ਉੱਤੇ ਬਨਸਪਤੀਮੌਲਣ ਲੱਗੀ। ਦਰਿਆ, ਨਦੀਆਂ, ਝਰਨੇ ਉੱਛਲ ਉੱਛਲ ਕੇ ਵਹਿਣ ਲੱਗ ਪਏ।

ਅੱਜ ਕੋਰੋਨਾ ਦੌਰ ਵਿਚ ਬਹੁਤੇ ਮਨੁੱਖਾਂ ਲਈ ਅਸਮਾਨ ਫਿਰ ਨੀਵਾਂ ਹੋ ਗਿਐ, ਕਿਉਂਕਿ ਮਨੁੱਖ ਨੇ ਆਪਣੀ ਸਾਰੀ ਤਾਕਤ ਦੀ ਦੁਰਵਰਤੋਂ ਕਰਕੇ ਕੁਦਰਤ ਦਾ ਚਾਨਣ ਖੋਹ ਲਿਐ ਤੇ ਕੁਦਰਤ ਕਦੇ ਹਨੇਰੀ ਨਹੀਂ ਰਹਿ ਸਕਦੀ। ਉਸ ਨੇ ਤਾਂ ਮਨੁੱਖ ਨੂੰ ਉਦੋਂ ਵੀ ਜੁਗਨੂੰਆਂ ਵਰਗੀਆਂ ਛੋਟੀਆਂ ਛੋਟੀਆਂ ਲਾਲਟੈਨਾਂ ਦੇ ਦਿੱਤੀਆਂ ਸਨ, ਜਦੋਂ ਮਨੁੱਖ ਨੇ ਅਜੇ ਚਾਨਣ ਈਜਾਦ ਨਹੀਂ ਸੀ ਕੀਤਾ। ਕਿੰਨਾ ਸਮਾਂ ਮਨੁੱਖ ਇਨ੍ਹਾਂ ਨਿੱਕੀਆਂ ਨਿੱਕੀਆਂ ਲਾਲਟੈਨਾਂ ਦੇ ਚਾਨਣ ਵਿਚ ਗਿਆਨ ਦੇ ਪਾਠ ਸਿੱਖਦਾ ਰਿਹੈ, ਹੁਣ ਉਨ੍ਹਾਂ ਨੂੰ ਭੁੱਲ ਗਿਐ। ਸੰਕਟ ਆਇਆ ਤਾਂ ਚਲਾ ਜਾਏਗਾ। ਪੰਛੀਆਂ ਕੋਲੋਂ ਸਿੱਖ ਕੇ ਆਪਣੀ ਅਸਲੀ ਤਾਕਤ ਨਾਲ ਅਸਮਾਨ ਉੱਚਾ ਚੁੱਕਣ ਦੀ ਲੋੜ ਹੈ। ਅਸਮਾਨ ਤਾਂ ਅਜੇ ਵੀ ਸੁਨਹਿਰੀ ਕਣਾਂ ਦੀ ਬਰਸਾਤ ਕਰਨ ਲਈ ਤਿਆਰ ਹੈ। ਆਮੀਨ!

ਪੋਸਟ ਸਕਰਿਪਟ

ਸਿਰਾਂ ’ਤੇ ਬੰਨ੍ਹ ਲਈਆਂ ਜੇ ਆਸਾਂ ਉਮੀਦਾਂ ਤਾਂ ਹੌਸਲਾ ਰਖ
ਜੇ ਬਾਹਾਂ ਬਣਾ ਲਈਆਂ ਚੱਪੂ ਤਾਂ ਪਾਣੀਆਂ ’ਤੇ ਯਕੀਨ ਰੱਖ

ਲੰਘ ਹੀ ਜਾਵੇਂਗਾ ਇਕ ਦਿਨ ਤਪਦਾ ਅਗਨ ਮਾਰੂਥਲ
ਜ਼ਿੰਦਗੀ ਦੇ ਪਰਾਂ ਨਾਲ ਹਰ ਦਮ ਪਰਵਾਜ਼ ਬੰਨ੍ਹ ਕੇ ਰੱਖ

ਬੜੀਆਂ ਮਾਸੂਮ ਨੇ ਮਹਾਮਾਰੀ ਦੀਆਂ ਜ਼ਾਲਮ ਹਵਾਵਾਂ
ਇਨ੍ਹਾਂ ਤੋਂ ਬਚਣ ਲਈ ਦਿਲ, ਦਿਮਾਗ਼, ਅੱਖਾਂ ਤਰ ਰੱਖ

ਉਜੜੇ ਦਰਾਂ ’ਤੇ ਵੀ ਆਏਗਾ ਕੋਈ ਬਾਲਣ ਪੰਜਵਾਂ ਚਿਰਾਗ
ਭੁੱਲ ਕੇ ਹਨੇਰਿਆਂ ਨੂੰ, ਜੁਗਨੂੰਆਂ ਨੂੰ ਤਲੀ ’ਤੇ ਜਗਾਈ ਰੱਖ

ਪਰਮਜੀਤ ਢੀਂਗਰਾ

85

ਕਰਮ ਵਿਚ ਵਿਸ਼ਵਾਸ

ਸ਼ੇਖ਼ ਸਾਅਦੀ ਬੜਾ ਸਿਆਣਾ, ਦਾਨਾ ਬੀਨਾ ਤੇ ਆਪਣੇ ਸਮਿਆਂ ਦਾ ਇਲਮਦਾਨ ਸੀ। ਉਹਦੇ ਕੋਲ ਮਨ ਦੀਆਂ ਅੱਖਾਂ ਸਨ, ਜੋ ਪਰਦੇ ਓਹਲੇ ਲੁਕੇ ਸੱਚ ਨੂੰ ਦੇਖ ਸਕਦੀਆਂ ਸਨ। ਮਸਤਕ ਨੂੰ ਪੜ੍ਹ ਸਕਦੀਆਂ ਸਨ। ਸੋਚਾਂ ਵਿਚ ਖੌਰੂ ਪਾਉਂਦੇ ਜਵਾਰ ਭਾਟੇ ਨੂੰ ਠੱਲ੍ਹ ਦਾਣੇ ਸਨ। ਉਹਦੇ ਕੋਲ ਮਨੁੱਖਤਾ ਲਈ ਉਤਸ਼ਾਹ ਭਰਿਆ ਸੁਨਹਿਰੀ ਦਿਲ ਸੀ। ਉਹ ਲਿਖਦਾ ਹੈ- ਭਾਵੇਂ ਭਾਗਾਂ ਵਿਚ ਲਿਖੇ ਦਾਣੇ ਪਾਣੀ ਨਾਲੋਂ ਵੱਧ ਨਹੀਂ ਖਾ ਸਕਦੇ। ਫੇਰ ਵੀ ਉਨ੍ਹਾਂ ਨੂੰ ਢੂੰਡਣ ਲਈ ਘੋਲ ਨਹੀਂ ਕਰਨੀ ਚਾਹੀਦੀ। ਗੋਤਾ ਮਾਰਨ ਵਾਲਾ ਜੇ ਮਗਰਮੱਛ ਦੇ ਹਲਕ ਤੋਂ ਡਰੇ ਉਹਦੇ ਹੱਥ ਅਮੁੱਲੇ ਮੋਤੀ ਨਹੀਂ ਆ ਸਕਦੇ। ਚੱਕੀ ਦਾ ਹੇਠਲਾ ਪੁੜ ਹਰਕਤ ਨਹੀਂ ਕਰਦਾ ਪਰ ਸਾਰਾ

ਬੋਝ ਉਹੀ ਚੁੱਕਦੈ। ਤੇਜ ਦਹਾੜਦਾ ਸ਼ੇਰ ਘੁਰਨੇ ਦੀ ਤਹਿ ਵਿਚ ਬਹਿ ਕੇ ਕੀ ਖਾਵੇਗਾ। ਸੁਸਤ ਬਾਜ ਨੂੰ ਕਿਹੜੀ ਖ਼ੁਰਾਕ ਮਿਲ ਸਕਦੀ ਹੈ। ਜੇਕਰ ਤੂੰ ਆਪਣੇ ਘਰ ਵਿਚ ਹੀ ਸ਼ਿਕਾਰ ਲੱਭੇਂਗਾ ਤੇਰੇ ਹੱਥ ਪੈਰ ਮੱਕੜੀ ਵਰਗੇ ਹੋ ਜਾਣਗੇ।

ਪੋਸਟ ਸਕਰਿਪਟ

ਸ਼ੇਖ ਸਾਅਦੀ ਸੱਚਮੁੱਚ ਕਰਮ ਵਿਚ ਵਿਸ਼ਵਾਸ ਰੱਖਦਾ ਸੀ। ਮਨੁੱਖ ਪਤਾ ਨਹੀਂ ਕਿਉਂ ਨਿਤਾਣਾ, ਹੀਣਾ, ਆਲਸੀ ਤੇ ਦਲਿਦਰੀ ਬਣ ਕੇ ਜਿਊਣਾ ਚਾਹੁੰਦਾ ਹੈ। ਸੂਰਜ ਰੋਜ਼ ਉਹਨੂੰ ਝੰਜੋੜਦਾ ਹੈ, ਚੰਨ-ਤਾਰੇ ਬਾਤਾਂ ਪਾਉਂਦੇ, ਲੋਰੀਆਂ ਦੇ ਕੇ ਸੁਆਂਦੇ ਨੇ ਪਰ ਉਹ ਸਵੇਰੇ ਉੱਠ ਕੇ ਊਸ਼ਾ ਦਾ ਸੁਆਗਤ ਕਰਨ ਤੋਂ ਝਿਜਕਦਾ ਹੈ। ਹਵਾਵਾਂ 'ਤੇ ਉਡਣ ਤੋਂ ਡਰਦਾ ਹੈ। ਇਹ ਤਾਂ ਫਿਰ ਪਸ਼ੂਪੁਣਾ ਹੈ, ਮਨੁੱਖ ਪਸ਼ੂ ਨਹੀਂ, ਉਹਨੂੰ ਪਸ਼ੂਪੁਣਾ ਤਿਆਗਣਾ ਚਾਹੀਦਾ ਹੈ।

ਬਾਤਾਂ ਦਿਲ ਦਿਮਾਗ਼ ਦੀਆਂ

ਮਾਇਆ ਦੀ ਮਾਂ ਫ਼ਿਕਰਾਂ ਵਿਚ ਡੁੱਬੀ, ਡਾਕਟਰ ਦੇ ਤਰਲੇ ਲੈ ਰਹੀ ਸੀ- 'ਮਿਹਰਬਾਨੀ ਕਰਕੇ, ਬੱਚੀ ਦੇ ਇਨ੍ਹਾਂ ਰਿਬਨਾਂ ਦਾ ਧਿਆਨ ਰੱਖਣਾ, ਇਹ ਲਹੂ ਨਾਲ ਨਾ ਲਿੱਬੜ ਜਾਣ।' ਤੇ ਹੁਣ ਓਹੀ ਮਾਇਆ ਦੀ ਲੋਥ ਮੇਜ਼ ਤੇ ਖ਼ਾਮੋਸ਼ ਪਈ ਹੈ, ਉਹ ਉਹਦੀ ਮਾਂ ਨੂੰ ਕੀ ਜੁਆਬ ਦੇਵੇਗਾ, ਜਿਸ ਨੇ ਵਾਸਤਾ ਪਾਉਂਦਿਆਂ ਕਿਹਾ ਸੀ- 'ਪ੍ਰੋਫੈਸਰ, ਪਿਆਰੇ ਪ੍ਰੋਫੈਸਰ, ਮਿਹਰਬਾਨੀ ਕਰਕੇ ਮੇਰੀ ਬੱਚੀ ਨੂੰ ਬਚਾ ਲੌ, ਸਾਡੀ ਮਾਇਆਚਕਾ ਨੂੰ ਬਚਾ ਲੌ। ਸਾਨੂੰ ਸਿਰਫ਼ ਤੁਹਾਡੇ ਤੇ ਭਰੋਸਾ ਹੈ, ਤੁਹਾਡੇ ਹੱਥਾਂ ਦੀ ਛੋਹ ਉੱਤੇ। ਮੈਂ ਤੁਹਾਨੂੰ ਰੱਬ ਦਾ ਵਾਸਤਾ ਪਾਉਂਦੀ ਹਾਂ।' ਮਿਹਰਬਾਨੀ।ਓਏ ਮੇਰਿਆ ਰੱਬਾ! ਮੈਂ ਇਹ ਸਭ ਕੁਝ ਕਿਵੇਂ ਬਰਦਾਸ਼ਤ ਕਰਾਂ, ਇਸ ਮਨੁੱਖੀ ਪੀੜ ਨੂੰ ਕਿਵੇਂ

ਸਹਾਰਾਂ? ਕੀ ਕਸੂਰ ਮੇਰਾ ਹੈ? ਵਿਗਿਆਨ ਸਰਬ-ਸ਼ਕਤੀਮਾਨ ਨਹੀਂ। ਇਹ ਭਾਗਾਂ ਦੀ ਗੱਲ ਹੈ।ਤੁਹਾਨੂੰ ਸਬਰ ਕਰਨਾ ਚਾਹੀਦਾ ਹੈ। ਸਬਰ ਕਰੋ? ਪਰ ਕਿਵੇਂ? ਕੱਲ੍ਹ ਮੈਨੂੰ ਏਨੀ ਕਾਹਲ ਨਹੀਂ ਸੀ ਕਰਨੀ ਚਾਹੀਦੀ। ਮਸ਼ੀਨ ਥੋੜ੍ਹਾ ਚਿਰ ਹੋਰ ਕੰਮ ਕਰ ਸਕਦੀ ਸੀ। ਮਹਾ ਧਮਣੀ ਨੂੰ ਜ਼ੋਰ ਨਾਲ ਦੱਬਣਾ ਚਾਹੀਦਾ ਸੀ, ਖ਼ੂਨ ਚੂਸਣ ਵਾਲੇ ਯੰਤਰ ਨਾਲ ਜ਼ਖ਼ਮ ਵਾਲੀ ਥਾਂ ਤੋਂ ਸਾਰਾ ਲਹੂ ਹਟਾ ਦੇਣਾ ਚਾਹੀਦਾ ਸੀ। ਭਰੋਸੇ ਦੇ ਬਾਵਜੂਦ ਬੰਦੇ ਨੂੰ ਜਾਂਚ ਪੜਤਾਲ ਦੀ ਗੁੰਜਾਇਸ਼ ਰੱਖਣੀ ਚਾਹੀਦੀ ਹੈ। ਪਰ ਦੂਜੇ ਪਾਸੇ ਦਿਲ ਨੂੰ ਕੰਮ ਕਰਨ ਤੋਂ ਰੋਕਿਆਂ ਚਾਲੀ ਮਿੰਟ ਵੀ ਤਾਂ ਹੋ ਚੁੱਕੇ ਸਨ। ਮਸ਼ੀਨ ਲਹੂ ਦੇ ਰਕਤ ਕਣਾਂ ਨੂੰ ਤਬਾਹ ਵੀ ਤਾਂ ਕਰਦੀ ਹੈ। ਹਰ ਮਿੰਟ ਨਸਾਂ ਵਿਚ ਲਹੂ-ਗੇੜ ਦਾ ਜ਼ਹਿਰੀਲਾ ਫੋਗ ਇਕੱਠਾ ਹੁੰਦਾ ਰਹਿੰਦਾ ਹੈ। ਫੇਰ ਦਿਲ ਨੂੰ ਇਕ ਅਸੰਭਵ ਕਾਰਜ ਕਰਨਾ ਪੈਂਦਾ ਹੈ- ਇਸ ਵਿਹੁਲੇ ਫੋਗ ਨੂੰ ਸਾਫ਼ ਕਰਨ ਦਾ। ਕਈ ਵਾਰ ਇਸ ਦੇ ਫਲਸਰੂਪ ਮੌਤ ਵੀ ਹੋ ਜਾਂਦੀ

ਹੈ। ਫੇਰ ਉਹੀ ਪੀਲਾ ਭੂਕ ਨਿੱਕਾ ਜਿਹਾ ਚਿਹਰਾ ਚਾਦਰ ਤੋਂ ਬਾਹਰ ਹੈ। ਬੱਚੀ ਨੂੰ ਹੋਸ਼ ਨਹੀਂ ਆਏਗੀ...। ਦਿਲ ਦੀ ਧੜਕਣ ਸ਼ੁਰੂ ਨਹੀਂ ਹੋਵੇਗੀ...। ਉਹਦੇ ਮਾਤਾ ਪਿਤਾ ਕਲੀਨਿਕ ਦੇ ਬਾਹਰ ਏਧਰ ਓਧਰ ਚੱਕਰ ਕੱਟ ਰਹੇ ਹੋਣਗੇ...। ਅਚਾਨਕ ਮੈਂ ਰੋਣ ਚੀਕਣ ਦੀਆਂ ਅਵਾਜ਼ਾਂ ਸੁਣਦਾ ਹਾਂ। ਕੀ ਹੋਇਆ ਹੈ?ਮੈਂ ਖਿੜਕੀ ਵਿਚੋਂ ਝਾਕਦਾ ਹਾਂ। ਮੁਰਦਾਖਾਨੇ ਕੋਲ ਇਕ ਕਾਰ ਵਿਚ ਤਾਬੂਤ ਪਿਆ ਹੈ ਤੇ ਉਸ ਉੱਤੇ ਫੁੱਲ ਟਿੱਕੇ ਹੋਏ ਹਨ। ਇਕ ਔਰਤ ਤਾਬੂਤ ਉੱਤੇ ਝੁਕੀ ਹੋਈ ਹੈ। ਮਾਂ! ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਜਾਂਦਾ ਹੈ। ਆਲ਼ੇ ਦੁਆਲੇ ਦੀ ਹਰ ਚੀਜ਼ ਜਿਵੇਂ ਮਰ ਜਾਂਦੀ ਹੈ। ਜਾਪਦਾ ਹੈ ਰੁੱਖਾਂ ਨੇ ਵੀ ਨੀਵੀਂ ਪਾ ਲਈ ਹੈ। ਮੇਰੇ ਅੰਦਰੋਂ ਕੜਾਕ ਕਰਕੇ ਜਿਵੇਂ ਕੁਝ ਟੁੱਟਦਾ ਹੈ। ਢੱਠੇ ਖੂਹ ਵਿਚ ਪਵੇ ਇਹ ਡਾਕਟਰੀ, ਨਾਲ ਹੀ ਇਹ ਹੀਮੋਲਾਈਸਿਸ। ਮੈਥੋਂ ਨਹੀਂ ਬਰਦਾਸ਼ਤ ਹੋ ਸਕਦਾ ਹੁਣ ਇਹ ਸਭ ਕੁਝ। ਮੈਨੂੰ ਇੱਥੋਂ ਚਲੇ ਜਾਣਾ ਚਾਹੀਦਾ ਹੈ। ਦੌੜ ਜਾਣਾ ਚਾਹੀਦਾ

ਹੈ। ਸਭ ਖਿੜਕੀਆਂ ਬੰਦ ਕਰ ਲੈਣੀਆਂ ਚਾਹੀਦੀਆਂ ਹਨ। ਲੋਪ ਹੋ ਜਾਣਾ ਚਾਹੀਦਾ ਹੈ। ਹੋਂਦ ਮਿਟਾ ਲੈਣੀ ਚਾਹੀਦੀ ਹੈ। ਉੱਡ ਪੁੱਡ ਜਾਣਾ ਚਾਹੀਦਾ ਹੈ। ਮੇਰੇ ਸਾਹਮਣੇ ਦੋ ਹੀ ਰਸਤੇ ਹਨ। ਪਹਿਲਾ ਜ਼ਖ਼ਮ ਨੂੰ ਟਾਂਕੇ ਲਾ ਦਿਆਂ ਅਤੇ ਆਪ੍ਰੇਸ਼ਨ ਛੱਡ ਦਿਆਂ। ਪਿਛੇ ਹਟਣਾ ਅਜੇ ਵੀ ਸੰਭਵ ਹੈ। ਲਿਖਿਆ ਜਾ ਸਕਦਾ ਹੈ ਕਿ ਇਹ ਕੇਸ ਆਪ੍ਰੇਸ਼ਨ ਦੇ ਯੋਗ ਨਹੀਂ ਸੀ। ਪਰ ਮਾਇਆ ਦੇ ਦਿਲ ਦਾ ਛੇਕ? ਉਸ ਤੋਂ ਤਾਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਕ ਤਸਵੀਰ ਅੱਖਾਂ ਅੱਗੇ ਆਉਂਦੀ ਹੈ: ਬਾਹਰੋਂ ਮਾਂ ਭੱਜੀ ਭੱਜੀ ਮੇਰੇ ਕੋਲ ਆਉਂਦੀ ਹੈ।‘ਸਭ ਠੀਕ ਠਾਕ ਹੈ?’ਮਾਇਆ ਦੀ ਜਿੰਦਗਾਨੀ ਪਰਤੇਗੀ? ਅਫ਼ਸੋਸ ਨਹੀਂ। ਉਹ ਮਰ ਜਾਏਗੀ, ਬਹੁਤ ਛੇਤੀ ਮਰ ਜਾਏਗੀ। ਸਗੋਂ ਇਹ ਖ਼ਤਰਨਾਕ ਹੋਣਾ ਸੀ ਜੇ ਉਹ ਮੇਜ਼ ਤੇ ਪ੍ਰਾਣ ਤਿਆਗਦੀ। ਆਪ੍ਰੇਸ਼ਨ ਤੋਂ ਪਹਿਲਾਂ ਮੈਨੂੰ ਹਾਲਤ ਦਾ ਠੀਕ ਠੀਕ ਪਤਾ ਨਹੀਂ ਸੀ। ਇਕ ਵਕਫ਼ਾ, ਇਕ ਝਾਤ! ਦੂਸਰਾ ਰਸਤਾ ਇਹ

ਹੈ ਕਿ ਆਪਣੀ ਡਾਕਟਰੀ ਸੂਝ ਤੇ ਸਿਆਣਪ ਨਾਲ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ। ਜੋ ਕੁਝ ਸਰੀਰ ਵਿਗਿਆਨ ਬਾਰੇ ਪੜ੍ਹਿਆ ਉਹਦੀ ਪਰੀਖਿਆ ਲਈ ਜਾਵੇ। ਮੈਂ ਕੰਮ ਕਰੀ ਜਾਂਦਾ ਹਾਂ। ਸਭ ਕੁਝ ਬਹੁਤ ਹੌਲੀ ਹੌਲੀ ਹੋ ਰਿਹਾ ਹੈ। ਲਹੂ ਨਾੜੀਆਂ ਨੂੰ ਜੋੜਕਾਂ ਨਾਲੋਂ ਵੱਖ ਕਰਨ ਲਈ ਅੰਤਾਂ ਦੀ ਪ੍ਰਾਬੀਨਤਾ ਲੋੜੀਂਦੀ ਹੈ। ਹੋ ਰਹੀ ਪ੍ਰਗਤੀ ਨੂੰ ਮਿਲੀਮੀਟਰਾਂ ਦੇ ਹਿੱਸਿਆਂ ਨਾਲ ਮਾਪਿਆ ਜਾਂਦਾ ਹੈ। ਮੇਰੇ ਹੱਥ ਆਪਣੇ ਆਪ ਕੰਮ ਕਰੀ ਜਾ ਰਹੇ ਹਨ। ਦਿਮਾਗ਼ ਵਿਚ ਕਦੇ ਕਦੇ ਅਤੇ ਰੁਕ ਰੁਕ ਕੇ ਕੋਈ ਖ਼ਿਆਲ ਸਿਰ ਚੁੱਕਦਾ ਹੈ। ਜੇ ਅਸੀਂ ਦਿਲ-ਫੇਫੜਾ ਮਸ਼ੀਨ ਦੀ ਵਰਤੋਂ ਕਰੀਏ ਤਾਂ,ਕਿਸ ਤਰ੍ਹਾਂ ਰਹੇ? ਬਦਕਿਸਮਤੀ ਨਾਲ ਮਸ਼ੀਨ ਨੂੰ ਚਾਲੂ ਕਰਨ ਵਿਚ ਦੋ ਘੰਟੇ ਲੱਗ ਗਏ। ਇਸ ਤੋਂ ਇਲਾਵਾ ਸਾਡੇ ਕੋਲ ਹੋਰ ਖ਼ੂਨ ਵੀ ਨਹੀਂ ਸੀ। ਆਪ੍ਰੇਸ਼ਨ ਸਹੀ ਤਰੀਕੇ ਨਾਲ ਚੱਲ ਰਿਹਾ ਸੀ। ਪਰ ਅਚਾਨਕ ਲਹੂ ਦਾ ਦਬਾਅ ਘਟਣ ਲੱਗਾ। ਦਿਲ ਦੀ ਧੜਕਣ

ਕਮਜ਼ੋਰ ਹੋਣ ਲੱਗੀ। ਮੈਂ ਛੇਕ ਆਪਣੀ ਉਂਗਲੀ ਨਾਲ ਬੰਦ ਕਰਾਂਗਾ। ਚੂੰਡੀਆਂ ਹਟਾ ਦਿਓ, ਸਾਰੀਆਂ ਇਕੋ ਵੇਲੇ। ਮਹਾ ਧਮਣੀ ਵਿਚ ਲਹੂ ਦਾ ਦਬਾਅ ਘੱਟ ਹੈ, ਪਰ ਲਹੂ ਅਜੇ ਵੀ ਕਿਸੇ ਥਾਂ ਤੋਂ ਰਿਸ ਰਿਹਾ ਹੈ। ਦਿਲ ਬੰਦ ਹੋ ਜਾਂਦਾ ਹੈ। ਆਡਰੇਨਾਇਲ। ਮਾਲਿਸ਼। ਨਵਾਂ ਲਹੂ ਦੇਣਾ। ਇਹ ਸਭ ਕੁਝ ਬੁਰੀ ਤਰ੍ਹਾਂ ਸਹਿਜੇ ਸਹਿਜੇ ਹੋ ਰਿਹਾ ਹੈ। ਦਿਲ ਕਦੇ ਕਦੇ ਮੱਠਾ ਜਿਹਾ ਸੁੰਗੜਦਾ ਖੁੱਲ੍ਹਦਾ ਹੈ। ਜਿਵੇਂ ਇਹ ਹੌਲੀ ਹੌਲੀ ਸੌਂ ਰਿਹਾ ਹੋਵੇ। ਪਰ ਮੈਨੂੰ ਕੁਝ ਕਰਨਾ ਚਾਹੀਦਾ! ਜ਼ਰੂਰ ਹੀ! ਪ੍ਰੋਫੈਸਰ, ਪੁਤਲੀਆਂ ਨੂੰ ਪੱਥਰ ਹੋਇਆਂ ਦਸ ਮਿੰਟ ਹੋ ਗਏ ਹਨ। ਇਨ੍ਹਾਂ ਸ਼ਬਦਾਂ ਦੇ ਅਰਥ ਹੌਲੀ ਹੌਲੀ ਮੇਰੇ ਦਿਮਾਗ਼ ਵਿਚ ਲਹਿੰਦੇ ਹਨ। ਸੋ ਮਾਮਲਾ ਸਾਫ਼ ਹੈ। ਮੌਤ। ਇਸ ਹਕੀਕਤ ਨੂੰ ਪ੍ਰਵਾਨ ਕਰਨਾ ਪਏਗਾ। ਦਿਲ ਕਦੇ ਕਦੇ ਮਾੜੀ ਮੋਟੀ ਹਰਕਤ ਕਰਦਾ ਹੈ, ਪਰ ਇਹਦਾ ਕੋਈ ਫ਼ਾਇਦਾ ਨਹੀਂ। ਮੈਂ ਬਹਿ ਜਾਂਦਾ ਹਾਂ। ਮੇਰੀ ਖੋਪੜੀ ਖ਼ਾਲੀ ਹੈ। ਮੇਰੇ ਹੱਥ ਸੁੰਨ ਹਨ। ਮੇਰੇ ਪੈਰ

ਟੱਸ ਟੱਸ ਕਰ ਰਹੇ ਹਨ। ਸਭ ਕੁਝ ਹੋ ਚੁੱਕਾ ਹੈ। ਕਰਨ ਵਾਲਾ ਕੁਝ ਵੀ ਬਾਕੀ ਨਹੀਂ। ਮਾਇਆ ਦੀ ਮਾਂ ਤੇ ਉਹਦੇ ਪਿਤਾ ਬਾਹਰ ਖੜ੍ਹੇ ਹਨ। ਉਨ੍ਹਾਂ ਭਾਂਪ ਲਿਆ ਹੋਵੇਗਾ ਕਿ ਅੰਦਰ ਸਭ ਕੁਝ ਠੀਕ ਠਾਕ ਨਹੀਂ ਚੱਲ ਰਿਹਾ। ਪੰਜ ਘੰਟੇ ਹੋ ਗਏ ਹਨ, ਜਦੋਂ ਅਸੀਂ ਮਾਇਆ ਨੂੰ ਆਪ੍ਰੇਸ਼ਨ ਲਈ ਅੰਦਰ ਲਿਆਂਦਾ ਸੀ। ਪਰ ਉਨ੍ਹਾਂ ਨੂੰ ਅਜੇ ਵੀ ਆਸ ਹੈ। ਮਾਪੇ ਆਸ ਦਾ ਲੜ ਕਦੇ ਨਹੀਂ ਛੱਡਦੇ। ਇਸ ਵੇਲੇ ਤੱਕ ਕੋਈ ਬਹੁਤੀ ਆਸ ਨਹੀਂ ਸੀ ਰਹਿ ਗਈ। ਤਾਂ ਵੀ ਆਸ ਦੀ ਇਕ ਪਤਲੀ ਜਿਹੀ ਤੰਦ ਹੈ, ਜਿਸ ਨੇ ਉਨ੍ਹਾਂ ਨੂੰ ਆਪਣੇ ਇਕੋ ਇਕ ਬੱਚੇ ਦੀ ਮੌਤ ਨੂੰ ਨਾ ਸਵੀਕਾਰ ਕਰਨ ਦੀ ਸੰਭਾਵਨਾ ਨਾਲ ਜੋੜਿਆ ਹੋਇਆ ਹੈ। ਪਰ ਤਾਂ ਵੀ ਹੈ ਤਾਂ ਇਹ ਆਸ ਹੀ। ਹੁਣ ਕਿਸੇ ਨੂੰ ਬਾਹਰ ਜਾਣਾ ਚਾਹੀਦਾ ਤੇ ਆਸ ਦੀ ਇਹ ਝੂਠੀ ਤੰਦ ਤੋੜ ਦੇਣੀ ਚਾਹੀਦੀ ਹੈ। ਸਭ ਕੁਝ ਹੋ ਚੁੱਕਾ ਹੈ। ਜ਼ਖ਼ਮ ਕੱਜ ਦਿੱਤਾ ਗਿਆ ਹੈ, ਲਹੂ ਪੂੰਝ ਦਿੱਤਾ ਗਿਆ ਹੈ। ਮਾਇਆ ਨੂੰ ਇਕ ਚਾਦਰ ਨਾਲ ਢੱਕ

ਦਿੱਤਾ ਗਿਆ ਹੈ। ਨਹੀਂ, ਮਾਇਆ ਨੂੰ ਨਹੀਂ, ਉਸ ਦੀ ਲਾਸ਼ ਨੂੰ। ਮੈਂ ਇਹ ਲਫ਼ਜ਼ ਉੱਚੀ ਨਹੀਂ ਬੋਲ ਸਕਦਾ।'ਉੱਠ, ਮਾਇਆਚਕਾ, ਮੇਰੀ ਲਾਡੋ ਉੱਠ! ਉੱਠ ਮੇਰੀ ਬੱਚੜੀ!' ਮੈਂ ਇਨ੍ਹਾਂ ਸ਼ਬਦਾਂ ਦੀ ਉਡੀਕ ਕਰ ਰਿਹਾ ਹਾਂ: 'ਕੀ ਹਾਲ ਕੀਤਾ ਏ ਤੇਰਾ ਇਹਨਾਂ ਨੇ!' ਪਰ ਉਹ ਇਹ ਸ਼ਬਦ ਨਹੀਂ ਬੋਲਦੀ। ਉਹ ਕਿਸੇ ਨੂੰ ਦੋਸ਼ ਨਹੀਂ ਦੇਂਦੀ- ਹਾਲੇ ਨਹੀਂ। ਹਾਲੇ ਉਸ ਨੂੰ ਅਹਿਸਾਸ ਨਹੀਂ, ਹਾਲੇ ਉਹ ਇਹ ਸਮਝਣਾ ਨਹੀਂ ਚਾਹੁੰਦੀ ਕਿ ਉਸ ਦੀ ਧੀ, ਉਸ ਦੀ ਲਾਡਲੀ ਮਾਇਆਚਕਾ, ਇਸ ਦੁਨੀਆ ਵਿਚ ਨਹੀਂ ਰਹੀ, ਕਿ ਉਹ ਇਕ ਪਲੋ ਪਲ ਤ੍ਰੁੱਕ ਰਹੀ ਲਾਸ਼ ਨਾਲ ਗੱਲਾਂ ਕਰ ਰਹੀ ਹੈ। ਹੁਣ ਕਮਰਾ ਲਗਪਗ ਖ਼ਾਲੀ ਹੈ। ਇਹ ਦ੍ਰਿਸ਼ ਵੇਖ ਸਕਣਾ ਬੜਾ ਕਸ਼ਟਦਾਇਕ ਹੈ। ਨਰਸਾਂ ਰੋ ਰਹੀਆਂ ਹਨ।

ਪੋਸਟ ਸਕਰਿਪਟ

ਅੱਜ ਦੇ ਕੋਰੋਨਾ ਦੌਰ ਵਿਚ ਅਜਿਹੇ ਡਾਕਟਰਾਂ ਦੀ ਯਾਦ ਆਉਂਦੀ ਹੈ- ਅਮੋਸੋਵ ਵਰਗਿਆਂ ਦੀ, ਜਿਨ੍ਹਾਂ ਨੇ ਮਨੁੱਖਤਾ ਦੀ ਖ਼ਾਤਰ ਬਹੁਤ ਕੁਝ ਗਵਾਇਆ, ਪਰ ਸੇਵਾ, ਖੋਜ ਤੇ ਮਨੁੱਖੀ ਜਾਨਾਂ ਬਚਾਉਣ ਲਈ ਘਾਲਨਾਵਾਂ ਘਾਲੀਆਂ, ਸਿਰੜ ਤੇ ਦ੍ਰਿੜ੍ਹਤਾ ਦਾ ਪੱਲਾ ਨਹੀਂ ਛੱਡਿਆ। ਘੋਰ ਉਦਾਸੀਆਂ ਤੇ ਥਿੜਕਦੇ ਪਲਾਂ ਵਿਚ ਵੀ ਜ਼ਿੰਦਗੀ ਦੀ ਆਸ ਦਾ ਦਾਮਨ ਘੁੱਟ ਕੇ ਫੜੀ ਰੱਖਿਆ। ਅੱਜ ਉਨ੍ਹਾਂ ਡਾਕਟਰਾਂ, ਨਰਸਾਂ ਤੇ ਸਿਹਤ ਕਾਮਿਆਂ ਦੀ ਸੇਵਾ ਸੰਭਾਲ ਨੂੰ ਸਲਾਮ ਜਿਨ੍ਹਾਂ ਨੇ ਆਪਣੀਆਂ ਜਿੰਦੜੀਆਂ ਮਨੁੱਖਤਾ ਨੂੰ ਬਚਾਉਣ ਖ਼ਾਤਰ ਲਾ ਦਿੱਤੀਆਂ। ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਜਿਹੜੇ ਜ਼ਿੰਦਗੀਆਂ ਬਚਾਉਂਦੇ ਜ਼ਿੰਦਗੀ ਹੱਥੋਂ ਹਾਰ ਗਏ। ਜ਼ਿੰਦਗੀ ਜ਼ਿੰਦਾਬਾਦ।

87

ਬਾ ਮੁਲਾਹਜ਼ਾ ਹੋਸ਼ਿਆਰ

ਅਵਤਾਰ ਨੇ ਆਪਣਾ ਚਿਹਰਾ ਮੋਹਰਾ ਤੇ ਸਰੀਰ ਸ਼ੀਸ਼ੇ ਵਿਚ ਵੇਖਿਆ। ਸਿਰਫ਼ ਚਿਹਰਾ ਮੋਹਰਾ ਤੇ ਸਰੀਰ ਹੀ ਕਿ ਆਪਣਾ ਅੰਦਰਲਾ ਕਿ ਆਪਣਾ ਆਪਾ ਵੀ? ਆਮ ਲੋਕ ਸ਼ੀਸ਼ੇ ਵਿਚੋਂ ਸਿਰਫ਼ ਆਪਣਾ ਸਰੀਰ ਹੀ ਤੱਕਦੇ ਹਨ, ਆਮ ਵੀ ਤੇ ਖਾਸ ਵੀ। ਪਰ ਆਮ ਤੇ ਖਾਸ ਦੋਹਾਂ ਤਰ੍ਹਾਂ ਦੇ ਲੋਕਾਂ ਨੂੰ ਕਦੇ ਕਦੇ ਸ਼ੀਸ਼ੇ ਵਿਚੋਂ ਢਾਂਚਿਆਂ ਤੋਂ ਵੱਧ ਵੀ ਕੁਝ ਦਿਸ ਪੈਂਦਾ ਹੈ। ਉਹ ਇੰਜੀਨੀਅਰਿੰਗ ਦੀ ਪੜ੍ਹਾਈ ਕਰਕੇ ਸਿੱਧਾ ਅਮਰੀਕਾ ਆ ਟਪਕਿਆ ਸੀ। ਉਹਨੂੰ ਬਰਫ਼ ਨਾਲ ਇਸ਼ਕ ਸੀ ਤੇ ਇਕ ਮੋਰੀਆ ਨਾਲ। ਜੇ ਨਿਊਯਾਰਕ ਵਿਚ ਸਾਰਾ ਸਾਲ ਬਰਫ਼ ਪੈਂਦੀ ਰਹੇ ਤਾਂ ਕਮਾਲ ਹੋਜੇ। ਆਹਾ ਬਰਫ਼ ਨੂੰ ਪੜੁਛਣਾ, ਬਰਫ਼ ਨੂੰ ਚੁੰਮਣਾ। ਬਰਫ਼ ਵਿਚ ਖੇਡਣਾ,

ਵਿਲਦਣਾ, ਆਹਾ ਬਰਫ਼ ਦੇ ਘਰ ਬਣਾਉਣੇ, ਬਰਫ਼ ਦੇ ਖਿਡੌਣੇ, ਮਰਦ, ਤੀਵੀਆਂ, ਪੰਛੀ, ਪਹਾੜ, ਦੱਰੇ, ਸੜਕਾਂ ਤੇ ਪਹੇ ਬਣਾਉਣੇ। ਅਵਤਾਰ ਨਿਊਯਾਰਕ ਦਾ ਦੀਵਾਨਾ ਸੀ। ਨਿਊਯਾਰਕ ਵਿਚ ਅਜਿਹਾ ਕੀ ਸੀ, ਜਿਸ ਨੇ ਉਹਨੂੰ ਕੀਲ ਲਿਆ? ਅਸਲ ਵਿਚ ਨਿਊਯਾਰਕ ਵਿਚ ਮਨੁੱਖ ਗੁਰੂ ਹੈ। ਏਥੇ ਜਭ ਕੁਝ ਸੰਭਵ ਹੈ। ਮਨੁੱਖ ਦੀ ਦੁਨੀਆ ਤਾਂ ਅਸੰਭਵਤਾ ਦੀ ਗਠੜੀ ਹੈ। ਨਿਊਯਾਰਕ ਦੀ ਹੋਂਦ, ਇਹਦੀ ਅਜੋਕੀ ਸੰਭਵਤਾ ਤੇ ਭਵਿੱਖ ਦੀ ਸੰਭਾਵਨਾ ਏਥੇ ਮਨੁੱਖ ਨੂੰ ਰੱਬ ਬਣਾਂਦੀ ਹੈ। ਇਹਦੀ ਇਹੋ ਅਸਧਾਰਨਤਾ, ਇਹਦੀ ਰੱਬਤਾ ਹੈ। ਉਹਦੀ ਪਿਆਰੀ ਮੋਰੀਆ ਦਾ ਜਹਾਜ਼ ਕੈਨੇਡੀ ਏਅਰਪੋਰਟ ਤੇ ਉੱਤਰਨ ਵਾਲਾ ਸੀ, ਜਦੋਂ ਪਤਾ ਲੱਗਾ ਕਿ ਫਲਾਈਟ ਦੋ ਘੰਟੇ ਲੇਟ ਹੈ। ਅਵਤਾਰ ਦਾ ਮੂੰਹ ਮਨਹਟਨ ਵਾਲੇ ਪਾਸੇ ਸੀ, ਉਹਦਾ ਪਿਆਰਾ ਮਨਹਟਨ। ਉਂਜ ਉਹਨੂੰ ਇਹਦੀਆਂ ਨਿੱਤ ਦਿਨ ਦੀਆਂ ਡਕੈਤੀਆਂ ਤੇ ਕਤਲਾਂ ਨੇ ਵੀ ਬੜਾ ਡਰਾਇਆ

ਸੀ। ਬਰਫ਼ ਕਰਕੇ ਸਾਰਾ ਏਅਰਪੋਰਟ ਜਾਮ ਹੋ ਗਿਆ ਸੀ, ਕਦੋਂ ਖੁੱਲ੍ਹੇਗਾ ਕਿਸੇ ਨੂੰ ਨਹੀਂ ਸੀ ਪਤਾ। ਖਾਣ ਪੀਣ ਦੀਆਂ ਚੀਜ਼ਾਂ ਦੀ ਥੁੜ੍ਹ ਹੋ ਗਈ ਸੀ। ਹਰ ਬਚੀ ਚੀਜ਼ ਕੀਮਤੀ ਹੋ ਗਈ ਸੀ ਤੇ ਪਾਣੀ ਵਰਗੀ ਕੀਮਤੀ ਸ਼ੈ ਵੀ ਬਲੈਕ ਵਿਚ ਮਿਲ ਰਹੀ ਸੀ। ਸਮਾਂ ਬੀਤ ਨਹੀਂ ਸੀ ਰਿਹਾ ਤੇ ਲੰਮੀ ਹੋ ਰਹੀ ਉਡੀਕ ਤੇ ਖ਼ਤਮ ਹੋ ਰਹੇ ਪੈਸਿਆਂ ਕਰਕੇ ਜਿਸਮ ਵਿਕ ਰਹੇ ਸਨ, ਬਦਫੈਲ੍ਹੀਆਂ ਹੋ ਰਹੀਆਂ ਸਨ। ਸਭਿਅਕ ਸਮਾਜ ਜੰਗਲ ਦੇ ਪਸ਼ੂ ਵਾੜੇ ਵੱਲ ਧੱਕਿਆ ਗਿਆ ਸੀ। ਬਰਫ਼ ਫਿਰ ਪੈਣੀ ਸ਼ੁਰੂ ਹੋ ਗਈ ਸੀ। ਕੈਨੇਡੀ ਹਵਾਈ ਅੱਡੇ ਦੀ ਕੁੜਿੱਕੀ ਵਿਚ ਫਾਥੇ ਪੰਦਰਾਂ ਹਜ਼ਾਰ ਜਿਊੜੇ ਬੜੇ ਮਾਯੂਸ ਹੋ ਗਏ। ਕਈ ਆਸਵੰਦ ਵੀ ਸਨ ਕਿ ਸ਼ਾਇਦ ਜਲਦੀ ਮੁਸੀਬਤ ਟੱਲ ਜਾਏ। ਕਈਆਂ ਦਾ ਖ਼ਿਆਲ ਸੀ ਕਿ ਚਾਰ ਵਜੇ ਹੈਲੀਕਾਪਟਰ ਖਾਣਾ ਪੀਣਾ ਲਿਆਉਣਗੇ, ਪਰ ਚਾਰ ਵੀ ਕਦੋਂ ਦੇ ਵੱਜ ਚੁੱਕੇ ਸਨ, ਕੁਝ ਨਹੀਂ ਸੀ ਆਇਆ। ਅਦਭੁਤ ਤੇ ਅਸਚਰਜ ਹੈ ਇਹ

ਦੁਨੀਆ। ਇਸ ਮਾਹੌਲ ਵਿਚ ਜਿਹੜੀ ਪਹਿਲੀ ਮੌਤ ਪੈਨ ਐਮ ਦੇ ਟਰਮੀਨਲ ਅੰਦਰ ਹੋਈ,ਉਹ ਨਾ ਭੁੱਖ ਨਾ ਤ੍ਰੇਹ, ਨਾ ਬਿਮਾਰੀ, ਨਾ ਕਿਸੇ, ਖ਼ੁਸ਼ੀ ਕਰਕੇ ਹੋਈ ਸੀ, ਪਰ ਸ਼ਾਇਦ ਇਸ ਵਿਚ ਇਹ ਸਾਰੇ ਅੰਸ਼ ਸ਼ਾਮਲ ਸਨ। ਇਹ ਆਤਮ ਹੱਤਿਆ ਸੀ। ਰਾਤ ਸਾਢੇ ਨੌਂ ਵਜੇ ਇਕ ਅਮਰੀਕੀ ਨੇ ਆਪਣੀ ਖੱਬੀ ਵੀਣੀ ਦੀ ਇਕ ਨਾੜ ਕੱਟ ਕੇ ਐਲਾਨ ਕਰ ਦਿੱਤਾ ਸੀ ਕਿ ਉਹ ਭਗਵਾਨ ਯਸੂ ਮਸੀਹ ਹੈ। ਉਹਨੇ ਹੱਥ ਉਪਰ ਕਰਕੇ ਅਸੀਸ ਦਿੰਦਿਆਂ ਕਿਹਾ- ਤੁਹਾਡੇ ਵਿਚ ਵੀ ਮੇਰੇ ਵਾਂਗ ਕੁਰਬਾਨ ਹੋਣ ਦੀ ਸੱਤਾ ਪੈਦਾ ਹੋਵੇ। ਇਸ ਜਗਤ ਤਮਾਸ਼ੇ ਦਾ ਪਾਸਾ ਜਲਦੀ ਪਲਟਣ ਵਾਲਾ ਹੈ। ਦੂਜੀ ਮੰਜ਼ਲ ਤੇ ਲੰਮੀਆਂ, ਭੂਰੀਆਂ, ਦਾੜ੍ਹੀਆਂ ਤੇ ਜਟਾਵਾਂ ਵਾਲਾ ਰਾਹ ਰੋਕ ਕੇ ਹਸ਼ੀਸ਼, ਅਫ਼ੀਮ, ਮਾਰੀਯੋਨਾ, ਐੱਲ ਐੱਸ ਡੀ ਤੇ ਹੋਰ ਕਈ ਕੁਝ ਵੇਚ ਰਿਹਾ ਸੀ। ਇਸ ਨਸ਼ੇ ਨੂੰ ਉਹ ਭਗਵਾਨ ਦਾ ਪ੍ਰਸ਼ਾਦ ਕਹਿ ਕੇ ਮੁਕਤੀ ਵੱਲ ਜਾਂਦਾ ਰਾਹ ਦਸ ਰਿਹਾ ਸੀ। ਓਧਰ ਸਰਕਾਰ ਤੇ

ਹਵਾਈ ਕੰਪਨੀਆਂ ਵਿਚ ਰਾਜਨੀਤੀ ਤੇ ਦੂਸ਼ਣਬਾਜ਼ੀ ਸ਼ੁਰੂ ਹੋ ਗਈ ਸੀ। ਚਾਰੇ ਪਾਸੇ ਭੁੱਖਮਰੀ, ਗੰਦਗੀ, ਭ੍ਰਿਸ਼ਟਾਚਾਰ, ਮਾਯੂਸੀ, ਟੁੱਟ ਰਹੀ ਮਾਨਸਿਕਤਾ, ਵਹਿਸ਼ੀਪੁਣੇ ਤੇ ਲਾ ਕਾਨੂੰਨੀ ਦਾ ਰਾਜ ਸੀ। ਇਸ ਮਹਾਮਾਰੀ ਨੇ ਭਿਆਨਕ ਰੂਪ ਧਾਰਨ ਕਰ ਲਿਆ ਸੀ। ਛੋਟੀਆਂ ਛੋਟੀਆਂ ਖਾਣ ਪੀਣ ਵਾਲੀਆਂ ਚੀਜ਼ਾਂ ਪਿਛੇ ਗੋਰੇ, ਨਿਛੋਹ ਜਿਸਮ ਵਿਕ ਰਹੇ ਸਨ। ਇੱਜ਼ਤ ਨਾਲੋਂ ਭੁੱਖ ਵੱਡੀ ਹੋ ਗਈ ਸੀ। ਜਿਊਂਦੇ ਰਹਿਣ ਲਈ ਹਰ ਚੀਜ਼ ਦਾਅ ਉੱਤੇ ਲੱਗੀ ਹੋਈ ਸੀ। ਕੈਨੇਡੀ ਹਵਾਈ ਅੱਡੇ ਤੇ ਇਕ ਨਵੀਂ ਬਿਮਾਰੀ ਜ਼ੋਰ ਫੜ ਰਹੀ ਸੀ। ਮਰੀਜ਼ਾਂ ਦਾ ਚਿਹਰਾ ਖੱਬੇ ਝੁਕ ਜਾਂਦਾ, ਖੱਬੇ ਪਾਸੇ ਦਾ ਜੁੱਸਾ ਲੰਗ ਮਾਰਨ ਲੱਗ ਜਾਂਦਾ ਤੇ ਦਿਮਾਗ਼ ਸੁੰਨ ਹੋ ਜਾਂਦਾ। ਕਿਹਾ ਨਹੀਂ ਜਾ ਸਕਦਾ ਕਿ ਕਿੰਨੇ ਯਾਤਰੀ ਇਸ ਵਬਾ ਨਾਲ ਲਿੱਬੜ ਕੇ ਕਿੰਨਿਆਂ ਦੇਸ਼ਾਂ ਵਿਚ ਇਹ ਬਿਮਾਰੀ ਲੈ ਗਏ। ਚਕਿਤਸਕ ਵਿਗਿਆਨ ਵਿਚ ਪਹਿਲਾਂ ਅਜਿਹੀ ਕਿਸੇ ਬਿਮਾਰੀ ਦਾ ਜ਼ਿਕਰ ਨਹੀਂ ਮਿਲਦਾ। ਦੇਖਦੇ

ਦੇਖਦੇ ਹਵਾਈ ਅੱਡੇ ਤੇ ਲੋਕ ਮਰਨ ਲੱਗੇ। ਅਗਲੀ ਸਵੇਰ ਪੈਰਿਸ, ਲੰਡਨ, ਫਰੈਂਕਫਰਟ, ਰੋਮ, ਪਰਾਗ ਤੇ ਜਿਊਰਿਕ ਵਿਚ ਬਿਮਾਰੀ ਨਾਲ ਹਾਹਾਕਾਰ ਹੋਣ ਲੱਗੀ। ਦੁਨੀਆ ਦੇ ਅਨੇਕਾਂ ਦੇਸ਼ਾਂ ਵਿਚ ਇਸ ਨਵੇਂ ਵਾਇਰਸ ਨੇ ਭੜਥੂ ਪਾ ਦਿੱਤਾ। ਸੰਕਟ ਦੀ ਇਸ ਘੜੀ ਵਿਚ ਦੁਨੀਆ ਭਰ ਦੇ ਡਾਕਟਰ, ਵਿਗਿਆਨੀ, ਕੰਪਨੀਆਂ ਸਾਰੇ ਇਸ ਬਿਮਾਰੀ ਦੇ ਇਲਾਜ ਲਈ ਦਿਨ ਰਾਤ ਇਕ ਕਰ ਰਹੇ ਸਨ। ਮਾਨਸਿਕ ਖ਼ੌਫ਼ ਵਿਚ ਘਿਰੇ ਲੋਕ ਬਿਨਾ ਬਿਮਾਰੀ ਤੋਂ ਮਰ ਰਹੇ ਸਨ। ਸਭ ਤੋਂ ਵੱਧ ਬਿਮਾਰ ਅਮਰੀਕਾ ਵਿਚ ਸਨ। ਮਾਹਿਰਾਂ ਨੇ ਇਸ ਬਿਮਾਰੀ ਨੂੰ ਹੈਮੀ ਪਾਰੀਸਿਕ ਦਾ ਨਵਾਂ ਨਾਂ ਦਿੱਤਾ। ਮਨੁੱਖ ਸੌਂਦਾ ਤਾਂ ਉਸ ਦਾ ਮੂੰਹ ਸਿਧਾ, ਜੁੱਸਾ ਸਿਧਾ ਤੇ ਦਿਮਾਗ਼ ਥਾਂ ਸਿਰ ਹੁੰਦਾ। ਪਰ ਜਦੋਂ ਸੌਂ ਕੇ ਉਠਦਾ ਤਾਂ ਉਹਦਾ ਮੂੰਹ ਜ਼ਰਾ ਖੱਬੇ ਪਾਸੇ ਲਟਕਿਆ ਹੁੰਦਾ, ਟੁਰਦਾ ਤਾਂ ਖੱਬੇ ਪਾਸੇ ਵੱਲੋਂ ਲੰਗ ਮਾਰ ਕੇ ਤੇ ਹੌਲੀ ਹੌਲੀ ਦਿਮਾਗ਼ ਵੀ ਆਪਣੀ ਥਾਂ ਤੋਂ ਹਿੱਲ ਜਾਂਦਾ। ਇਸ ਨਵੇਂ ਵਾਇਰਸ ਦੇ

ਜਰਮ ਕਿਸੇ ਪ੍ਰਾਣੀ ਨੂੰ ਚੰਬੜਨ, ਜੰਮਣ, ਪਲਣ ਤੇ ਸ਼ਕਤੀਸ਼ਾਲੀ ਹੋਣ ਲਈ ਕਿੰਨੇ ਦਿਨ ਲਾਂਦੇ ਹਨ, ਅਜੇ ਇਹ ਕਹਿਣਾ ਮੁਸ਼ਕਲ ਸੀ। ਦੁਨੀਆ ਉੱਨਤੀ ਦੀ ਸਿਖਰ ਤੇ ਹੈ। ਏਸੇ ਉੱਨਤੀ ਵਿਚ ਹੀ ਤਾਂ ਮਨੁੱਖਤਾ ਦੇ ਪਤਨ ਦਾ ਰਾਜ਼ ਪਿਆ ਹੈ। ਇਕ ਪਾਸੇ ਪ੍ਰਗਤੀ ਹੈ, ਤਾਂ ਦੂਜੇ ਪਾਸੇ ਪ੍ਰਤਿਗਾਮਤਾ ਵੀ,ਇਕ ਹੱਥ ਵਿਕਾਸ ਹੈ ਤਾਂ ਦੂਜੇ ਹੱਥ ਪ੍ਰਤਿਵਰਤੀ ਵੀ, ਏਧਰ ਜੇ ਉਭਾਰ ਹੈ ਤਾਂ ਓਧਰ ਨਿੱਘਰਤਾ ਵੀ ਹੈ, ਉਪਰ ਜੇ ਗਗਨ ਤੇ ਗ੍ਰਹਿ ਹਨ ਤਾਂ ਥੱਲੇ ਪਤਾਲ ਵੀ ਹਨ। ਜੇ ਇਉਂ ਨਾ ਹੋਵੇ ਤਾਂ ਇਹ ਜਗਤ ਤਮਾਸ਼ਾ ਮੁੱਕੇਗਾ ਕਿਵੇਂ? ਬੜੀ ਉੱਚੀ ਸਫਲਤਾ ਪ੍ਰਾਪਤ ਕੀਤੀ ਹੈ ਮਨੁੱਖ ਜਾਤੀ ਨੇ, ਪਰ ਉਹਨੂੰ ਇਹ ਪਤਾ ਨਹੀਂ ਸੀ ਕਿ ਇੱਕ ਦਿਨ ਉਹਨੂੰ ਇਕ ਅੱਲ੍ਹੜ, ਸਾਦ ਮੁਰਾਦੀ, ਅਭੋਲ ਤੇ ਮਾਸੂਮ ਜਿਹੀ ਵਬਾ ਹੈਮੀ ਪਾਰੀਸਿਕ ਦਾ ਸਾਹਮਣਾ ਕਰਨਾ ਪਏਗਾ ਤੇ ਉਹਦੀ ਤਰੱਕੀ ਤੇ ਕਾਢਾਂ ਇਸ ਵਾਇਰਸ ਅੱਗੇ ਬੇਕਾਰ ਹੋ ਜਾਣਗੀਆਂ। ਲੌਸ ਏਂਜਲਸ ਵਿਚ ਇਕੱਠੇ ਹੋਏ

ਵਿਸ਼ੇਸ਼ੱਗਾਂ ਤੇ ਚਤੁਰਾਂ ਨੇ ਇਕ ਸਕੀਮ ਬਣਾਈ ਕਿ ਆਮ ਪੀਣ ਵਾਲੇ ਪਾਣੀ ਨੂੰ ਪੰਜ ਪੰਜ ਸੀਸੀ ਦੀਆਂ ਕੁੱਪੀਆਂ ਵਿਚ ਭਰ ਕੇ ਤੇ ਹੈਮੀ ਪਾਰੀਸਿਕ ਖੰਡਨ ਵੈਕਸੀਨ ਦੇ ਲੇਬਲ ਲਾ ਕੇ ਦੁਨੀਆ ਨੂੰ ਮੁਫ਼ਤ ਵੰਡੀਆਂ ਜਾਣ।ਤੇ ਹਰ ਬੰਦਾ ਹਰ ਪੰਦ੍ਹਰਵੇਂ ਦਿਨ ਇਕ ਵੈਕਸੀਨ ਲਵੇ ਤੇ ਪਾਰੀਸਿਕ ਤੇ ਜਿੱਤ ਪਾਏ। ਵਪਾਰ ਬੰਦ ਸੀ, ਆਵਾਜਾਈ ਬੰਦ ਸੀ। ਜਿੱਥੇ ਕੈਨੇਡੀ ਹਵਾਈ ਅੱਡੇ ਤੇ ਹਰ ਅੱਧੇ ਮਿੰਟ ਬਾਅਦ ਵਿਮਾਨ ਸਾਂ ਸਾਂ ਕਰਕੇ ਉੱਡਦੇ ਸਨ, ਹੁਣ ਓਥੇ ਟਾਂਵਾਂ ਟਾਂਵਾਂ ਵਿਮਾਨ ਰੀਂਗਦਾ ਨਜ਼ਰ ਆਉਂਦਾ। ਨਿਊਯਾਰਕ ਵਰਗਾ ਚੁਸਤ ਸ਼ਹਿਰ ਅੱਜ ਮੁਰਦਾ ਸ਼ਹਿਰ ਸੀ। ਬਾਜ਼ਾਰ ਬੰਦ ਸਨ, ਦੁਕਾਨਾਂ ਬੰਦ। ਬੈਂਕ ਤੇ ਵਪਾਰਕ ਅਦਾਰੇ ਇੱਕਾ ਦੁੱਕਾ ਖੁੱਲ੍ਹਦੇ। ਯੂਰਪ, ਰੂਸ ਤੇ ਕਈ ਹੋਰ ਮੁਲਕਾਂ ਦੀ ਹਾਲਤ ਵੀ ਇਹੋ ਜਿਹੀ ਸੀ । ਸਾਰੇ ਇਸ ਅਜਨਬੀ ਵਾਇਰਸ ਖ਼ਿਲਾਫ਼ ਜੀਣ ਮਰਨ ਦੀ ਜੰਗ ਲੜ ਰਹੇ ਸਨ। ਲੌਸ ਏਂਜਲਸ ਵਿਚ ਹੈਮੀ ਪਾਰੀਸਿਕ ਬਾਰੇ ਖੋਜ

ਕਮੇਟੀ ਨੇ ਕੱਲ੍ਹ ਰਾਤ ਇਕ ਅਜੀਬ ਐਲਾਨ ਕਰ ਦਿੱਤਾ ਕਿ ਤਪਤ ਰੇਖਾ ਤੇ ਇਸ ਰੇਖਾ ਦੇ ਉਪਰ ਥੱਲੇ ਕੁਝ ਕਿੱਲੋਮੀਟਰਾਂ ਤੱਕ ਵੱਸਦੇ ਲੋਕਾਂ ਉੱਤੇ ਇਹ ਵਾਇਰਸ ਗ਼ਲਬਾ ਨਹੀਂ ਪਾਉਂਦਾ। ਇਸ ਦੀ ਸਭ ਤੋਂ ਪਹਿਲੀ ਸੂਹ ਦਿੱਲੀ ਦੇ ਸਰਬ-ਭਾਰਤੀ ਮੈਡੀਕਲ ਇੰਸਟੀਚਿਊਟ ਨੇ ਦਿੱਤੀ।ਇਸ ਬਿਮਾਰੀ ਤੋਂ ਪੀੜਤ ਕੁਝ ਵਿਦੇਸ਼ੀਆਂ ਨੇ ਰਤਲਾਮ ਦੇ ਰੇਲਵੇ ਸਟੇਸ਼ਨ ਤੇ ਬੋੜ੍ਹ ਦੇ ਪੱਤਿਆਂ ਤੇ ਚੌਲ ਛੋਲੇ ਤੇ ਹੋਰ ਕਈ ਕੁਝ ਖਾਧਾ ਸੀ ਤੇ ਇਹ ਉਹਦਾ ਹੀ ਕਮਾਲ ਸੀ ਕਿ ਉਨ੍ਹਾਂ ਦੀ ਅੱਧੀ ਬਿਮਾਰੀ ਗਲ਼ੋਂ ਲਹਿ ਗਈ ਸੀ, ਫਿਰ ਕੀ ਸੀ ਸਰਕਾਰ ਨੇ ਬੋੜ੍ਹ ਦੇ ਦਰੱਖਤ ਆਪਣੇ ਕਬਜ਼ੇ ਵਿਚ ਕਰ ਲਏ। ਦੁਨੀਆ ਭਰ ਦੇ ਵਿਗਿਆਨੀਆਂ ਨੇ ਤਪਤ ਰੇਖਾ ਦੇ ਆਸ ਪਾਸ ਡੇਰੇ ਲਾ ਲਏ ਤੇ ਨਵੀਂ ਵੈਕਸੀਨ ਖੋਜ ਕੇ ਮਨੁੱਖਤਾ ਦੀ ਬੇੜੀ ਬੰਨ੍ਹੇ ਲਾਈ। ਇਹ ਖੋਜ ਸਾਹਮਣੇ ਆਈ ਕਿ ਬੋੜ੍ਹ ਦੇ ਦਰੱਖਤ ਕੁਦਰਤ ਨਾਲ ਹਵਾ, ਪਾਣੀ, ਧੁੱਪਾਂ, ਤੇ ਬਾਰਸ਼ਾਂ ਸਾਂਝੀਆਂ ਕਰਕੇ ਉਹਦੀ ਖ਼ੁਸ਼ੀ ਵਿਚ ਖ਼ੁਸ਼ੀ

ਮਨਾਉਂਦੇ ਹਨ, ਏਸੇ ਕਰਕੇ ਕੁਦਰਤ ਨੇ ਉਹਦੇ ਪੱਤਿਆਂ ਨੂੰ ਇਕ ਤਰਲ ਦੀ ਬਖਸ਼ਿਸ਼ ਕੀਤੀ ਹੈ, ਜੋ ਪਾਰੀਸਿਕ ਲਈ ਰਾਮ ਬਾਣ ਹੈ। ਇਸ ਵਬਾ ਦਾ ਸ਼ਿਕਾਰ ਅਵਤਾਰ ਵੀ ਹੋ ਗਿਆ। ਮੋਰੀਆ ਉਸ ਨੂੰ ਲੱਭਦੀ ਭਾਰਤ ਵੀ ਆਈ ਇਸ ਆਸ ਨਾਲ ਮੁੜ ਗਈ ਕਿ ਉਹਦਾ ਪ੍ਰੇਮੀ ਭਾਵੇਂ ਨਹੀਂ ਰਿਹਾ ਪਰ ਉਸ ਦੀ ਧਰਤੀ ਨੇ ਗ਼ਰਕ ਰਹੀ ਦੁਨੀਆ ਨੂੰ ਬਚਾ ਲਿਐ। ਅਵਤਾਰ ਸਦਾ ਉਹਦੇ ਰੋਮ ਰੋਮ ਵਿਚ ਰਹੇਗਾ।

ਪੋਸਟ ਸਕਰਿਪਟ

ਕੋਰੋਨਾ ਮਹਾਮਾਰੀ ਦੇ ਦੌਰ ਵਿਚ ਇਹ ਨਾਵਲ ਆਸ ਦਾ ਪ੍ਰਤੀਕ ਹੈ ਕਿ ਹਰ ਮਹਾਮਾਰੀ ਦਾ ਇਲਾਜ ਇਕ ਦਿਨ ਲੱਭ ਜਾਵੇਗਾ, ਪਰ ਸਭ ਤੋਂ ਵੱਡੀ ਲੋੜ ਸਾਦਗੀ ਤੇ ਕੁਦਰਤ ਦੇ ਨਾਲ ਨਾਲ ਸ਼ਾਂਤ ਵਹਿੰਦੀ ਨਦੀ ਵਾਂਗ ਵਹਿਣਾ ਜ਼ਰੂਰੀ ਹੈ। ਕੁਦਰਤ ਦੇ ਵਿਗਾੜ ਤੇ

ਕੀਤੀ ਤਰੱਕੀ ਕਦੇ ਵੀ ਟਿਕਾਊ ਨਹੀਂ ਹੁੰਦੀ।ਇਹ ਮਨੁੱਖ ਦੀਆਂ ਚੂਲਾਂ ਇਸ ਕਦਰ ਢਿੱਲੀਆਂ ਕਰ ਦੇਂਦੀ ਹੈ ਕਿ ਫਿਰ ਸਿਵਾਏ ਪਛਤਾਵੇ ਦੇ ਹੋਰ ਕੁਝ ਨਹੀਂ ਬਚਦਾ। ਜਦੋਂ ਇਹ ਨਾਵਲ ਛਪਿਆ ਤਾਂ ਇਹਦਾ ਬੜਾ ਵਿਰੋਧ ਹੋਇਆ, ਇਸ ਤੇ ਪਾਬੰਦੀ ਆਇਦ ਕਰ ਦਿੱਤੀ ਗਈ ਪਰ ਕਿਸੇ ਨੂੰ ਕੀ ਪਤਾ ਸੀ ਕਿ ਭਵਿੱਖ ਵਿਚ ਮਹਾਮਾਰੀ ਦੇ ਦੌਰ ਵਿਚ ਇਹਦੇ ਵਿਚੋਂ ਵੀ ਆਸ ਦੀ ਕਿਰਨ ਦਿਖਾਈ ਦੇਵੇਗੀ।

88

ਕੋਰੋਨਾ ਤੇ ਕਿਤਾਬਾਂ ਦੀ ਦੁਨੀਆ

ਕੋਰੋਨਾ ਦੇ ਕਹਿਰ ਨੇ ਦੁਨੀਆ ਨੂੰ ਝੰਬ ਕੇ ਰੱਖ ਦਿੱਤਾ ਹੈ। ਮਾਨਸਿਕ ਤੌਰ ਤੇ ਮਨੁੱਖ ਖੌਫ਼ਜ਼ਦਾ ਹੈ। ਘਰ ਵਿਚ ਬੈਠਿਆਂ ਵੀ ਉਹਨੂੰ ਲਗਦਾ ਹੈ ਜਿਵੇਂ ਉਹ ਮੌਤ ਦੇ ਨੇੜੇ ਬੈਠਾ ਹੋਵੇ। ਜ਼ਿੰਦਗੀ ਪ੍ਰਤੀ ਉਹਦਾ ਵਿਸ਼ਵਾਸ ਡਾਵਾਂਡੋਲ ਹੋ ਗਿਆ ਹੈ। ਅਜਿਹੇ ਸਮਿਆਂ ਵਿਚੋਂ ਮਨੁੱਖ ਨੂੰ ਬਾਹਰ ਕੱਢਣਾ ਜ਼ਰੂਰੀ ਹੈ, ਕਿਉਂਕਿ ਇਹ ਬਿਮਾਰ ਸਮਾਜ ਦੀ ਅਲਾਮਤ ਹੈ। ਬਿਮਾਰ ਸਮਾਜ ਦਾ ਕੋਈ ਭਵਿੱਖ ਨਹੀਂ ਹੁੰਦਾ। ਘਰਾਂ ਵਿਚ ਤਾੜੇ ਮਨੁੱਖ ਅਜੀਬ ਤਰ੍ਹਾਂ ਦੇ ਤਰਸ ਦੇ ਪਾਤਰ ਬਣੇ ਹੋਏ ਹਨ। ਸੋਸ਼ਲ ਮੀਡੀਏ ਤੇ ਆ ਰਹੇ ਟਿੱਕ ਟਾਕ ਇਸ ਦੇ ਗਵਾਹ ਹਨ। ਕਰੋਨੇ ਦਾ ਭੰਵਰ ਤੇ ਮਾਇਆ ਜਾਲ ਇਕ ਦਿਨ ਟੁੱਟ ਜਾਣਗੇ ਪਰ ਟੁੱਟ ਗਈ ਮਾਨਸਿਕਤਾ ਨੂੰ ਕਿਸੇ ਤਨ ਪੱਤਣ ਲਾਉਣਾ

ਮੁਸ਼ਕਿਲ ਹੋ ਜਾਏਗਾ। ਸ਼ਬਦ ਸਾਡਾ ਗੁਰੂ ਹੈ, ਉਹੀ ਸਾਨੂੰ ਪਾਰ ਲਾ ਸਕਦਾ ਹੈ, ਕਰੋਨੇ ਦੀ ਦਲਦਲ ਵਿਚ ਫਸੀ ਸਾਡੀ ਬੇੜੀ ਨੂੰ ਕੰਢੇ ਲਾ ਸਕਦਾ ਹੈ। ਮੈਂ ਕਈ ਵਾਰ ਸੋਚਦਾ ਹਾਂ ਕਿ ਕਿਤਾਬਾਂ ਦਾ ਸਾਥ ਇਹੋ ਜਿਹਾ ਸਾਥ ਹੈ, ਜਿਸ ਨੇ ਜ਼ਿੰਦਗੀ ਵਿਚ ਕਦੇ ਡੋਲਣ ਜਾਂ ਥਿੜਕਣ ਨਹੀਂ ਦਿੱਤਾ। ਅੱਤਵਾਦ ਦੇ ਕਾਲੇ ਦੌਰ ਵਿਚ ਵੀ, ਜਦੋਂ ਜ਼ਿੰਦਗੀ ਆਪਣੀ ਨਹੀਂ ਸੀ ਲੱਗਦੀ, ਉਹ ਮੌਤ ਦੀ ਪਰਛਾਈਂ ਬਣ ਕੇ ਵਿਚਰ ਰਹੀ ਸੀ, ਉਦੋਂ ਕਿਤਾਬਾਂ ਢਾਲ ਬਣ ਕੇ ਮੌਤ ਨੂੰ ਪਛਾੜਦੀਆਂ ਰਹੀਆਂ। ਡਾਇਰੀ ਦੇ ਵਰਕੇ ਫੋਲਦਿਆਂ ਕਿਤਾਬਾਂ ਬਾਰੇ ਇਕ ਪੰਨਾ ਲੱਭ ਗਿਆ ਜੋ ਤੁਹਾਡੇ ਨਾਲ ਸਾਂਝਾ ਕਰ ਰਿਹਾ ਹਾਂ। ਮੇਰੇ ਕੋਲ ਕਿਤਾਬਾਂ ਹਨ- ਜ਼ਿੰਦਗੀ ਦਾ ਸਰਮਾਇਆ। ਸਾਰੀ ਉਮਰ ਦੀ ਖੱਟੀ ਕਮਾਈ। ਜੌਰਜ ਆਰ ਆਰ ਮਾਰਟਿਨ ਲਿਖਦੈ- ਪੜ੍ਹਨ ਵਾਲਾ ਬੰਦਾ ਮਰਨ ਤੋਂ ਪਹਿਲਾਂ ਹਜ਼ਾਰਾਂ ਜੀਵਨ ਜਿਉਂ ਗਿਆ ਹੁੰਦਾ, ਜਦੋਂ ਕਿ ਜੋ ਕਦੇ ਨਹੀਂ ਪੜ੍ਹਦੇ, ਉਹ ਇਕੋ ਇਕ

ਸਿਰਫ਼ ਆਪਣਾ ਜੀਵਨ ਹੀ ਜਿਉਂਦੇ ਹਨ।' ਤੇ ਸੱਚ ਮੁਚ ਮੈਂ ਕਿੰਨੇ ਜੀਵਨ ਜਿਉਂ ਗਿਆ ਹਾਂ। ਹਰ ਰੋਜ਼ ਇਕ ਨਵਾਂ ਜੀਵਨ ਜਿਵੇਂ ਪੂਰਬ ਦੀ ਕਲੀ ਵਿਚੋਂ ਫੁੱਟਦਾ ਸੰਧੂਰੀ ਸੂਰਜ। ਜੇ ਮੇਰੇ ਕੋਲ ਕਿਤਾਬਾਂ ਨਾ ਹੁੰਦੀਆਂ ਤਾਂ ਸ਼ਾਇਦ ਮੈਂ ਕੁਝ ਵੀ ਨਾ ਹੁੰਦਾ। ਇਕ ਆਮ ਬੰਦੇ ਵਾਂਗ ਜ਼ਿੰਦਗੀ ਵਿਚ ਰੁਪਿਆਂ ਪੈਸਿਆਂ ਨੂੰ ਜ਼ਰਬਾਂ ਦੇਂਦਾ ਹਰ ਰੋਜ਼ ਇਹੀ ਸੋਚਦਾ ਕਿ ਮੈਂ ਕਿੰਨਾ ਧਨ ਜੋੜ ਲਿਆ ਹੈ, ਸੁਪਨਿਆਂ ਵਿਚ ਧਨ ਦੇ ਕਿਲ੍ਹੇ ਉਸਾਰਦਾ ਮੈਂ ਇਕ ਬਿਮਾਰ ਇਨਸਾਨ ਹੁੰਦਾ। ਅਜਿਹਾ ਧਨ ਕਿਸ ਕੰਮ ਦਾ ਜੋ ਮਨੁੱਖ ਦਾ ਸੁਖ ਚੈਨ ਖੋਹ ਲਏ। ਇਹਦੇ ਉਲਟ ਪਿਆਰੀਆਂ ਕਿਤਾਬਾਂ ਜਿਵੇਂ ਜ਼ਿੰਦਗੀ ਦੇ ਸੁਪਨਿਆਂ ਵਿਚ ਉੱਡਦੀਆਂ ਰੰਗ ਬਰੰਗੀਆਂ ਤਿਤਲੀਆਂ। ਸ਼ਬਦਾਂ ਦੇ ਜਾਦੂ, ਅਸੀਮ ਕਲਪਨਾ, ਦੁੱਖ ਦਰਦ ਤੇ ਸੰਵੇਦਨਾਵਾਂ ਜੋ ਜ਼ਿੰਦਗੀ ਦੇ ਸੰਘਰਸ਼ ਵਿਚ ਚਮਕਦੇ ਤਾਰਿਆਂ ਵਾਂਗ ਰਾਹ ਰੁਸ਼ਨਾਉਂਦੀਆਂ ਹਨ। ਚੰਗੀਆਂ ਕਿਤਾਬਾਂ ਚੰਗੇ ਅਧਿਆਪਕਾਂ

ਦਾ ਸਿਰਨਾਵਾਂ ਹੁੰਦੀਆਂ ਹਨ। ਜ਼ਿੰਦਗੀ ਵਿਚ ਮਿਲੇ ਚੰਗੇ ਅਧਿਆਪਕਾਂ ਨੇ ਸਿਖਾਇਆ ਕਿ ਕਿਤਾਬਾਂ ਕਿੰਜ ਪੜ੍ਹੀਆਂ ਜਾਂਦੀਆਂ ਹਨ, ਤੇ ਕਿਤਾਬਾਂ ਨੇ ਸਿਖਾਇਆ ਜ਼ਿੰਦਗੀ ਕਿਵੇਂ ਪੜ੍ਹੀ ਜਾਂਦੀ ਹੈ। ਚੰਗੀਆਂ ਕਿਤਾਬਾਂ ਦਾ ਕਾਲ ਹੈ। ਸ਼ਬਦਾਂ ਦੀ ਤੂੜੀ ਨਾਲ ਲੱਦੇ ਗੱਡਿਆਂ ਵਾਂਗ ਨਿਰਜੀਵ ਕਿਤਾਬਾਂ ਦੇ ਢੇਰ ਹਨ,ਪਰ ਅਸਲ ਮੋਤੀ ਦਾਣਾ ਕਿਤੇ ਨਹੀਂ ਲੱਭਦਾ, ਜੋ ਜੁਗਨੂੰ ਵਾਂਗ ਹਨੇਰੇ ਵਿਚੋਂ ਰੌਸ਼ਨੀ ਵੱਲ ਲੈ ਜਾਵੇ। ਫਿਰ ਅਸਲ ਕਿਤਾਬ ਕਿਥੇ ਹੈ? ਕਾਫਕਾ ਲਿਖਦਾ ਹੈ- ਕਿਤਾਬ ਉਹ ਕੁੰਜੀ ਹੈ, ਜਿਹੜੀ ਪਾਠਕ ਦੇ ਦਿਲ ਦਾ ਜੰਦਰਾ ਖੋਲ੍ਹਦੀ ਹੈ। ਕਾਫਕਾ ਸਦਾ ਖ਼ਿਆਲਾਂ ਦੀਆਂ ਰੌਸ਼ਨ ਉਡਾਰੀਆਂ ਵਿਚ ਵਿਚਰਨ ਵਾਲਾ ਵੱਖਰੀ ਭਾਂਤ ਦਾ ਲੇਖਕ ਸੀ। ਉਹ ਖ਼ੁਦ ਕਹੀਆਂ ਗੱਲਾਂ ਨੂੰ ਸ਼ਰੇਆਮ ਕੱਚ ਦੇ ਗਿਲਾਸ ਵਾਂਗ ਭੰਨਣ ਦੀ ਜੁਰਅਤ ਰੱਖਦਾ ਸੀ ਤੇ ਕੱਚ ਦੇ ਟੁਕੜਿਆਂ ਵਿਚੋਂ ਨਵੇਂ ਖ਼ਿਆਲਾਂ ਨੂੰ ਨਵੇਂ ਆਯਾਮ ਦੇਣ ਦੇ ਸਮਰੱਥ ਸੀ। ਜ਼ਰੂਰੀ ਨਹੀਂ ਕਿ

ਹਰ ਛਪੀ ਕਿਤਾਬ ਚੰਗੀ ਹੋਵੇ। ਕਈ ਕਿਤਾਬਾਂ ਜੰਮਣ ਤੋਂ ਬਾਅਦ ਸਤਮਾਹੇਂ ਬੱਚਿਆਂ ਵਾਂਗ ਮਰ ਜਾਂਦੀਆਂ ਹਨ ਤੇ ਲੇਖਕ ਸਾਰੀ ਉਮਰ ਉਨ੍ਹਾਂ ਨੂੰ ਮੋਢੇ ਲਾਈ, ਇਸ਼ਤਿਹਾਰ ਬਣੇ ਰਹਿੰਦੇ ਹਨ। ਚੰਗੀ ਕਿਤਾਬ ਪੜ੍ਹਦਿਆਂ ਮਨ ਹੀ ਨਹੀਂ ਤਨ ਵੀ ਹਰਿਆ ਹੋ ਜਾਂਦਾ ਹੈ। ਕਲਪਨਾ ਸਾਹ ਲੈਣ ਲੱਗ ਜਾਂਦੀ ਹੈ। ਖ਼ਿਆਲਾਂ ਵਿਚ ਅਣ-ਚਿਤਵੇ ਫੁੱਲ ਖਿੜਨ ਲੱਗ ਜਾਂਦੇ ਹਨ ਤੇ ਪਤਝੜ ਵਿਚ ਡਿੱਗੇ ਪੱਤੇ ਸੁਨਹਿਰੀ ਭਾਹ ਮਾਰਨ ਲੱਗ ਜਾਂਦੇ ਹਨ। ਇਕ ਲਿਸ਼ਕਾਰਾ ਹਰ ਵੇਲੇ ਅੰਦਰ ਬਾਹਰ ਝਲਕਾਰੇ ਮਾਰਦਾ ਰਹਿੰਦਾ ਹੈ। ਮੈਨੂੰ ਸਦਾ ਅਜਿਹੀਆਂ ਕਿਤਾਬਾਂ ਦੀ ਤਲਾਸ਼ ਰਹੀ ਹੈ, ਜੋ ਮੱਥੇ ਵਿਚ ਦੀਵੇ ਜਗਾ ਦੇਣ, ਜਿਨ੍ਹਾਂ ਦਾ ਇਕ ਇਕ ਲਫ਼ਜ਼, ਇਕ ਇਕ ਸਤਰ ਰਾਗ ਪ੍ਰਭਾਤੀ ਵਾਂਗ ਸੱਜਰੀ ਸਵੇਰ ਕਰ ਦੇਵੇ। ਕਿਥੇ ਨੇ ਅਜਿਹੀਆਂ ਕਿਤਾਬਾਂ? ਕੋਹਿਨੂਰਾਂ ਨੂੰ ਲੱਭਣ ਲਈ ਪਾਰਖੂ ਚਾਹੀਦੇ ਨੇ। ਇਕ ਅਜ਼ੀਜ਼ ਨੇ ਪੁੱਛਿਆ ਕਿਹੜੀਆਂ ਕਿਤਾਬਾਂ ਚੰਗੀਆਂ ਹਨ ਜੋ ਇਕ ਉੱਭਰਦੇ

ਲੇਖਕ ਨੂੰ ਪੜ੍ਹਨੀਆਂ ਚਾਹੀਦੀਆਂ ਹਨ। ਮੈਂ ਉਸ ਨੂੰ ਕਿਹਾ-ਇਹ ਔਖਾ ਕੰਮ ਹੈ। ਹੋ ਸਕਦੈ ਜਿਹੜੀ ਕਿਤਾਬ ਮੈਨੂੰ ਚਾਨਣ ਵਰਗੀ ਲੱਗੇ, ਤੂੰ ਪੜ੍ਹੇ ਤਾਂ ਤੈਨੂੰ ਲੱਗੇ ਕਿ ਤੂੰ ਹਨੇਰੀ ਸੁਰੰਗ ਵਿਚ ਦਾਖਲ ਹੋ ਗਿਐਂ, ਜਿੱਥੋਂ ਬਾਹਰ ਜਾਣ ਦਾ ਰਸਤਾ ਨਾ ਲੱਭੇ। ਇਸ ਲਈ ਖ਼ੁਦ ਕਿਤਾਬਾਂ ਦੀ ਤਲਾਸ਼ ਕਰ, ਨਿਰਖ਼ ਪਰਖ ਕਰ। ਜਦੋਂ ਤੇਰੇ ਅੰਦਰਲੀ ਅੱਖ ਜਾਗ ਪਈ, ਦੇਖਣ ਦੀ ਸੂਝ ਆ ਗਈ, ਕਿਤਾਬਾਂ ਚੱਲ ਕੇ ਤੇਰੇ ਸੁਪਨਿਆਂ ਵਿਚ ਆਉਣਗੀਆਂ, ਤੇਰੇ ਮਨ ਮਸਤਕ ਤੇ ਦਸਤਕ ਦੇਣਗੀਆਂ। ਜੋਗੀਆਂ ਵਾਂਗ ਤੇਰੇ ਦੁਆਰੇ ਅਲੱਖ ਜਗਾਉਣਗੀਆਂ। ਤੂੰ ਉਨ੍ਹਾਂ ਨੂੰ ਭਾਵੇਂ ਭੁੱਲ ਜਾਵੇਂ, ਉਹ ਫਿਰ ਵੀ ਤੇਰੇ ਭੁੱਲੇ ਭਟਕੇ ਰਾਹਾਂ ਵਿਚ ਆ ਖਲੋਣਗੀਆਂ। ਹੇ ਦੋਸਤ! ਪਹਿਲਾਂ ਤਲਾਸ਼ ਕਰਨੀ ਸਿੱਖ, ਪਰਖ ਕਰਨੀ ਸਿੱਖ, ਫੇਰ ਕਿਤਾਬਾਂ ਨਾਲ ਰਿਸ਼ਤਾ ਜੋੜ, ਉਹ ਤੈਨੂੰ ਹਮਰਾਜ਼ ਬਣਾ ਦੱਸਣਗੀਆਂ ਜ਼ਿੰਦਗੀ ਕਿਸ ਸ਼ੈ ਦਾ ਨਾਂ ਹੈ। ਤੇਰੀ ਉਂਗਲ ਫੜ ਤੁਰਨਾ ਸਿਖਾਉਣਗੀਆਂ।

ਪਰ ਇਹ ਬਿਖੜਾ ਪੈਂਡਾ ਹੈ। ਬਿਖੜੇ ਪੈਂਡੇ ਦਾ ਪਾਂਧੀ ਬਣਨ ਲਈ ਕਈ ਕੁਝ ਤਿਆਗਣਾ ਪੈਂਦਾ ਹੈ। ਬੁੱਧ ਵਾਂਗ ਤਨ ਤੇ ਮਨ ਦੀ ਯਾਤਰਾ ਕਰਦਿਆਂ ਗਿਆਨ ਦੇ ਤਪਸ਼ ਭਰੇ ਰਾਹ ਤੇ ਤੁਰਨਾ ਪੈਂਦਾ ਹੈ। ਕਿਤਾਬਾਂ ਹਰ ਚਾਹੁਣ ਵਾਲੇ ਲਈ ਬਾਂਹਾਂ ਖਿਲਾਰੀ ਉਡੀਕ ਵਿਚ ਖੜੀਆਂ ਹੁੰਦੀਆਂ ਹਨ- ਲੋੜ ਹੈ ਤਲਾਸ਼ ਦੀ, ਭਟਕਣ ਦੀ ਮ੍ਰਿਗ ਤ੍ਰਿਸ਼ਨਾ ਵਿਚੋਂ ਪਾਣੀ ਦੇ ਕਣ ਲੱਭਣ ਦੀ, ਸੁਪਨਿਆਂ ਵਿਚ ਕਿਤਾਬਾਂ ਸੰਗ ਤੁਰਨ ਦੀ। ਜਦੋਂ ਅਜਿਹੀ ਸਥਿਤੀ ਆ ਜਾਵੇ ਕਿਤਾਬਾਂ ਖ਼ੁਦ ਤੁਹਾਨੂੰ ਲੱਭਣ ਤੁਰ ਪੈਂਦੀਆਂ ਹਨ। ਕਿਤਾਬਾਂ ਦਾ ਰਿਣ ਕਈ ਜਨਮ ਨਹੀਂ ਲਾਹਿਆ ਜਾ ਸਕਦਾ। ਕਾਫਕਾ ਲਿਖਦਾ ਹੈ- ਜਿਹੜੀਆਂ ਕਿਤਾਬਾਂ ਮੈਨੂੰ ਜਿਊਣ ਨਹੀਂ ਸਨ ਦਿੰਦੀਆਂ, ਉਹੀ ਕਿਤਾਬਾਂ ਹੁਣ ਮੈਨੂੰ ਮਰਨ ਨਹੀਂ ਦਿੰਦੀਆਂ।' ਕਿਤਾਬਾਂ ਦਾ ਸਫ਼ਰ ਅਮੁੱਕ ਹੈ। ਇਨ੍ਹਾਂ ਵਿਚੋਂ ਚੁਗੀ ਮੋਤੀਆਂ ਦੀ ਚੋਗ ਜ਼ਿੰਦਗੀ ਦਾ ਕੀਮਤੀ ਸਰਮਾਇਆ ਹੈ। ਏਸੇ ਸਰਮਾਏ ਨੂੰ ਲੋਕ ਮੌਤ ਤੋਂ ਬਾਅਦ ਯਾਦ

ਕਰਦੇ ਹਨ। ਆਮੀਨ!

89

ਪੁਸਤਕ ਮੇਲੇ ਵਿਚ ਕਿਤਾਬਾਂ

ਕੀ ਕਿਤਾਬਾਂ ਸੁੱਤੀਆਂ ਸ਼ਹਿਜ਼ਾਦੀਆਂ ਹੁੰਦੀਆਂ ਹਨ ਜਾਂ ਸ਼ਬਦਾਂ ਦੇ ਬਾਗ਼ਾਂ ਵਿਚ ਉੱਡਦੀਆਂ ਰੰਗ ਬਰੰਗੀਆਂ ਤਿੱਤਲੀਆਂ? ਕੀ ਤਿਤਲੀਆਂ ਨਾਲ ਕਾਲੇ ਭੂੰਡਾਂ ਦਾ ਹੋਣਾ ਜ਼ਰੂਰੀ ਹੈ? ਸੁਆਲ ਦਰ ਸੁਆਲ ਇਹ ਹੈ ਕਿ ਦੁਨੀਆ ਵਿਰੋਧਾਭਾਸਾਂ ਵਿਚ ਜਿਊਂਦੀ ਹੈ। ਹਰ ਚੀਜ਼ ਦੇ ਨਾਲ ਕੋਈ ਨਾ ਕੋਈ ਬਲਾ ਚੰਬੜੀ ਹੁੰਦੀ ਹੈ। ਖ਼ੈਰ! ਪੁਸਤਕ ਮੇਲਾ ਖ਼ੂਬ ਭਰਿਆ ਹੋਇਆ ਸੀ। ਸਟਾਲ ਕਿਤਾਬਾਂ ਨਾਲ ਭਰੇ ਬੜੇ ਸਜੇ ਫਬੇ ਹੋਏ ਸਨ। ਪੁਸਤਕ ਪ੍ਰੇਮੀ ਕਿਤਾਬਾਂ ਢੂੰਡ ਰਹੇ ਸਨ,ਕਿਤਾਬਾਂ ਬਾਰੇ ਗੱਲਾਂ ਕਰ ਰਹੇ ਸਨ, ਕਿਤਾਬਾਂ ਦੀਆਂ ਸਿਫ਼ਤਾਂ ਕਰ ਰਹੇ ਸਨ, ਮਾੜੀਆਂ ਕਿਤਾਬਾਂ ਨੂੰ ਨਿੰਦ ਰਹੇ ਸਨ। ਕੁਝ ਪ੍ਰਕਾਸ਼ਕਾਂ ਨੂੰ ਨਿੰਦ ਰਹੇ ਸਨ ਕੁਝ ਲੇਖਕਾਂ ਨੂੰ।ਰੌਲਾ ਪਾਉਣ ਵਾਲੇ

ਰੌਲਾ ਪਾਈ ਜਾ ਰਹੇ ਸਨ, ਡਫਲੀ ਵਜਾਉਣ ਵਾਲੇ ਡਫਲੀ ਦੇ ਨਾਲ ਨਾਲ ਆਪਣੇ ਰੰਗਦਾਰ ਪਿਆਦਿਆਂ ਨੂੰ ਸਜਾ ਰਹੇ ਸਨ, ਕਿਉਂਕਿ ਪਿਆਦਿਆਂ ਨੇ ਆਖ਼ਰ ਉਨ੍ਹਾਂ ਦੇ ਸੋਹਲੇ ਗਾਉਣੇ ਸਨ। ਕਈ ਲੇਖਕ ਬੜਕਨੁਮਾ ਫ਼ਤਵੇ ਜਾਰੀ ਕਰ ਰਹੇ ਸਨ, ਪਰ ਵਿਚੋਂ ਡਰ ਵੀ ਰਹੇ ਸਨ ਕਿ ਪਤਾ ਨਹੀਂ ਕੋਈ ਫ਼ਤਵਾ ਗ਼ਲਤ ਨਾ ਜਾਰੀ ਹੋ ਜਾਵੇ। ਮੇਲੇ ਵਿਚ ਕਿਤਾਬਾਂ ਦੇ ਨਾਂ ਤੇ ਰਾਜਨੀਤੀ ਕਰਨ ਵਾਲੇ ਜਾਦੂਗਰ ਵੀ ਫਿਰ ਰਹੇ ਸਨ। ਕਿਤਾਬਾਂ ਨੂੰ ਸੱਪਾਂ ਵਾਂਗ ਕੀਲ ਕੇ ਸ਼ੋਲਡਰ ਬੈਗਾਂ ਵਿਚ ਪਾਈ ਦਹਿਸ਼ਤ ਫੈਲਾ ਰਹੇ ਸਨ। ਕਵੀ ਕਵਿਤਾਵਾਂ ਸੁਣਾ ਕੇ ਦਿਲਾਂ ਤੇ ਜੰਮੀ ਉੱਲੀ ਲਾਹ ਰਹੇ ਸਨ, ਕਥਾਕਾਰ ਬਾਤਾਂ ਪਾ ਰਹੇ ਸਨ, ਟੋਟਕਿਆਂ ਵਾਲੇ ਇਨ੍ਹਾਂ ਦੇ ਸ਼ੁੱਧ ਤੇ ਤਾਜ਼ਾ ਹੋਣ ਦੀ ਦੁਹਾਈ ਦੇ ਰਹੇ ਸਨ। ਪਾਠਕ ਵਾੜ ਵਿਚ ਫਸੇ ਬਿੱਲੇ ਵਾਂਗ ਝਾਕਦਾ ਬਾਹਰ ਜਾਣ ਦਾ ਰਸਤਾ ਲੱਭ ਰਿਹਾ ਸੀ। ਮੇਲਾ ਫਿਰ ਵੀਭਰਿਆ ਭਰਿਆ ਸੀ। ਕਿਤਾਬਾਂ ਤਿਤਲੀਆਂ ਜ਼ਰੂਰ

ਸਨ, ਪਰ ਉੱਡ ਕੇ ਮਨਮਰਜ਼ੀ ਨਾਲ ਕਿਸੇ ਵੀ ਫੁੱਲ ਕੋਲ ਨਹੀਂ ਸਨ ਜਾ ਸਕਦੀਆਂ, ਕਿਉਂਕਿ ਮੇਲੇ ਵਿਚ ਫੁੱਲਾਂ ਦੀ ਸ਼ਨਾਖ਼ਤ ਕਰਨੀ ਕਠਨ ਹੀ ਨਹੀਂ ਸਗੋਂ ਵਰਜਿਤ ਵੀ ਸੀ। ਕਾਲੇ ਬਾਗ਼ ਤਾਂ ਕਦੋਂ ਦੇ ਉੱਜੜ ਚੁੱਕੇ ਨੇ, ਏਸੇ ਕਰਕੇ ਤਿੱਤਲੀਆਂ ਅੱਜ ਕੱਲ੍ਹ ਮਹਿੰਦੀ ਨਹੀਂ ਲਾਉਂਦੀਆਂ। ਮੈਂ ਹੈਰਾਨ ਹਾਂ ਕਿ ਲੋਕ ਏਨੀਆਂ ਕਿਤਾਬਾਂ ਤਿੱਤਲੀਆਂ ਵਾਂਗ ਤਲੀਆਂ ਤੇ ਰੱਖ ਕੇ ਕਿਵੇਂ ਲੈ ਗਏ। ਹਰਨਾਮ ਦੀਆਂ ਸਾੜ੍ਹੀਆਂ ਵਾਂਗ ਤਿੱਤਲੀਆਂ ਦਿਆਂ ਪਰਾਂ ਤੇ ਕੌਣ ਕਵਿਤਾਵਾਂ ਲਿਖੇਗਾ? ਕਿਥੇ ਗੁੰਮ ਗਈਆਂ ਇਨਕਲਾਬ ਲਿਆਉਣ ਵਾਲੀਆਂ ਕਿਤਾਬਾਂ? ਕੋਰੋਨਾ ਜੁਗ ਵਿਚ ਕਿਤਾਬ ਦੀ ਪਰਿਭਾਸ਼ਾ ਬਦਲ ਰਹੀ ਹੈ, ਪੁਸਤਕ ਮੇਲੇ ਉੱਜੜ ਗਏ ਨੇ। ਹਨੇਰੇ ਕੋਨੇ ਵਿਚ ਪਈ ਕਿਤਾਬ ਸੁਲਗ ਰਹੀ ਹੈ। ਅੱਖਰ ਬਲ ਰਹੇ ਨੇ। ਪੂਰਨ ਦੀ ਉਡੀਕ ਹੈ ਜੋ ਆ ਕਿ ਸ਼ਬਦਾਂ ਦੀ ਧੂਣੀ ਬਾਲੇਗਾ। ਉੱਠੋ ਇਨਸਾਨੋਂ ਕੋਰੋਨਾ ਘੜੀ ਨੂੰ ਪੁੱਠਾ ਗੇੜਾ ਦੇਈਏ। ਸਾਡੀ ਸ਼ਬਦ ਪਰੰਪਰਾ ਬੜੀ

ਅਮੀਰ ਹੈ।ਆਓ ਉਸ ਨੂੰ ਯਾਦ ਕਰੀਏ। ਪੁਸਤਕ ਮੇਲੇ ਉੱਜੜਨੇ ਨਹੀਂ ਚਾਹੀਦੇ।

ਪੋਸਟ ਸਕਰਿਪਟ:

ਅਸੀਂ ਗਾਉਂਦੇ ਸਾਂ- ਮੈਨੂੰ ਰਾਤ ਵੱਲੋਂ ਦਿਨ ਵੱਲ ਲੈ ਜਾ

ਹਨੇਰੇ ਚੋਂ ਚਾਨਣ ਵੱਲ ਲੈ ਜਾ

ਚੰਨ ਤੋਂ ਸੂਰਜ ਵੱਲ ਲੈ ਜਾ

ਅਗਿਆਨ ਤੋਂ ਗਿਆਨ ਵੱਲ ਲੈ ਜਾ

ਅਸੀਂ ਮਿੱਟੀ ਦੇ ਜਾਏ

ਸਾਨੂੰ ਅਕਾਸ਼ਾਂ ਵੱਲ ਲੈ ਜਾ

ਆ ਮੁੜ ਆ ਪੂਰਨਾ

ਤੇਰੇ ਬਿਨ ਸੱਖਣੇ

ਉਡੀਕ ’ਚ ਔਧ ਵਿਹਾ ਗਏ ਹਾਂ

ਮੁੜ ਆ ਪੂਰਨਾ...

90

ਕੋਰੋਨਾ ਬਹਾਨੇ ਪ੍ਰਸਿੱਧ ਲੇਖਕਾਂ ਦੇ ਕਿੱਸੇ

ਲੇਖਕ ਹੋਣਾ ਵੱਡੇ ਮਾਣ ਵਾਲੀ ਗੱਲ ਹੈ। ਪਰ ਲੇਖਕ ਵੀ ਇਕ ਇਨਸਾਨ ਹੁੰਦਾ ਹੈ, ਉਹਨੂੰ ਲੇਖਕ ਬਣਨ ਲਈ ਬੜੇ ਸੰਘਰਸ਼ ਕਰਨੇ ਪੈਂਦੇ ਹਨ, ਜ਼ਾਲਮ ਸਰਕਾਰਾਂ ਨਾਲ ਟੱਕਰ ਲੈਣੀ ਪੈਂਦੀ ਹੈ, ਫ਼ਕੀਰਾਂ ਵਾਂਗ ਫ਼ਾਕੇ ਕੱਟਣੇ ਤੇ ਭੁੱਖਾਂ ਹੰਢਾਉਣੀਆਂ ਪੈਂਦੀਆਂ ਹਨ। ਰਚਨਾ ਵਿਚ ਲਿਸ਼ਕ ਪੈਦਾ ਕਰਨ ਲਈ ਸ਼ਬਦ-ਤਪੱਸਿਆ ਕਰਨੀ ਪੈਂਦੀ ਹੈ, ਤਾਂ ਜਾ ਕੇ ਸ਼ਬਦ ਸੱਚ, ਹੱਕ ਤੇ ਨਿਆਂ ਦੇ ਪਹਿਰੇਦਾਰ ਬਣਦੇ ਹਨ। ਅਲਬਰਤੋ ਮੋਰਾਵੀਆ ਲਿਖਦਾ ਹੈ- ਮੈਂ 40ਵਿਆਂ ਵਿਚ ਫੈਂਸੀ ਡਰੈੱਸ ਕਿਤਾਬ ਲਿਖੀ। ਇਹ ਦੂਜੀ ਸੰਸਾਰ ਜੰਗ ਦਾ ਦੌਰ ਸੀ, ਇਟਲੀ ਵਿਚ ਤਾਨਾਸ਼ਾਹੀ ਦਾ ਦੌਰ ਸੀ। ਸੈਂਸਰਸ਼ਿਪ ਹੋਣ ਕਰਕੇ ਹਰ ਕਿਤਾਬ ਸਭਿਆਚਾਰਕ ਮੰਤਰਾਲੇ ਨੂੰ ਭੇਜ ਕੇ ਛਪਾਉਣ

ਲਈ ਮਨਜ਼ੂਰੀ ਲੈਣੀ ਪੈਂਦੀ ਸੀ। ਖਰੜੇ ਪੜ੍ਹਨ ਲਈ ਆਮ ਤੌਰ ਤੇ ਸਾਧਾਰਨ ਜਿਹੇ ਅਧਿਆਪਕਾਂ ਨੂੰ ਦਿੱਤੇ ਜਾਂਦੇ ਸਨ, ਜੋ ਆਪਣੀ ਲਿਆਕਤ ਦੱਸਣ ਲਈ ਉਨ੍ਹਾਂ ਦੇ ਉਲਟ ਰਾਏ ਦੇਂਦੇ ਸਨ। ਮੇਰੀ ਕਿਤਾਬ ਦਾ ਖਰੜਾ ਪਤਾ ਨਹੀਂ ਕਿਸ ਨੇ ਪੜ੍ਹਿਆ ਆਪਣੀ ਰਾਏ ਦੇਣ ਦੀ ਥਾਂ ਉਹਨੇ ਉਹਨੂੰ ਸਕੱਤਰ ਦੇ ਸਹਾਇਕ ਕੋਲ ਭੇਜ ਦਿੱਤਾ। ਸਹਾਇਕ ਨੇ ਅੱਗੋਂ ਸਕੱਤਰ ਕੋਲ, ਸਕੱਤਰ ਨੇ ਮੰਤਰੀ ਕੋਲ ਤੇ ਮੰਤਰੀ ਨੇ ਸਿੱਧਾ ਇਟਲੀ ਦੇ ਤਾਨਾਸ਼ਾਹ, ਮੋਸਲਿਨੀ ਕੋਲ ਭੇਜ ਦਿੱਤਾ। ਉਸ ਨੇ ਪ੍ਰਕਾਸ਼ਿਤ ਕਰਨ ਦੀ ਆਗਿਆ ਦੇ ਦਿੱਤੀ। ਅਜੇ ਇਕ ਮਹੀਨਾ ਵੀ ਨਹੀਂ ਸੀ ਬੀਤਿਆ ਕਿ ਉਹਦਾ ਪ੍ਰਕਾਸ਼ਨ ਰੋਕ ਦਿੱਤਾ, ਸੰਸਾਰ ਜੰਗ ਤੋਂ ਬਾਅਦ ਹੀ ਇਹ ਕਿਤਾਬ ਛਪ ਸਕੀ। ਸੈਂਸਰਸ਼ਿਪ ਬੜੀ ਖ਼ਤਰਨਾਕ ਚੀਜ਼ ਹੈ। ਇਹ ਇਕ ਅਜਿਹਾ ਬੂਟਾ ਹੈ, ਜੋ ਜੜ੍ਹਾਂ ਫੜਨ ਪਿੱਛੋਂ ਪੁੱਟਿਆ ਨਹੀਂ ਜਾ ਸਕਦਾ। ਮੇਰੀ ਕਿਤਾਬ 'ਆਗਸਤੀਨੋ' ਨਾਲ ਵੀ ਇਹੀ ਵਾਪਰਿਆ। ਸੈਂਸਰ

ਵਾਲਿਆਂ ਵੱਲੋਂ ਕੋਈ ਜੁਆਬ ਨਾ ਆਉਣ ਕਰਕੇ ਮੈਂ ਇਕ ਦਿਨ ਉਨ੍ਹਾਂ ਦੇ ਦਫ਼ਤਰ ਚਲਾ ਗਿਆ, ਓਥੇ ਮੈਨੂੰ ਕੁਝ ਲੋਕ ਜਾਣਦੇ ਸਨ। ਉਨ੍ਹਾਂ ਮੈਨੂੰ ਫਾਈਲ ਦਿਖਾਈ, ਜਿਸ ਵਿਚ ਬ੍ਰਾਜ਼ੀਲ (ਲੈਟਿਨ ਅਮਰੀਕਾ) ਦੇ ਸਭਿਆਚਾਰਕ ਮੰਤਰਾਲੇ ਵੱਲੋਂ ਆਇਆ ਇਕ ਖ਼ਤ ਲੱਗਿਆ ਹੋਇਆ ਸੀ, ਜਿਸ ਵਿਚ ਲਿਖਿਆ ਹੋਇਆ ਸੀ ਕਿ ਇਹ ਬੰਦਾ ਸਰਕਾਰ ਲਈ ਖ਼ਤਰਨਾਕ ਹੈ। ਇਸ ਖ਼ਤ ਕਰਕੇ ਕਿਤਾਬ ਦੇ ਪ੍ਰਕਾਸ਼ਨ ਤੇ ਪਾਬੰਦੀ ਲਾ ਦਿੱਤੀ ਗਈ। ਮੇਰੀ ਇਕ ਹੋਰ ਕਿਤਾਬ ‘ਕਿਸਮਤ ਦਾ ਚੱਕਰ’ ਨਾਲ ਵੀ ਇਹੀ ਹੋਣੀ ਵਾਪਰੀ। ਜਦੋਂ ਉਹਦੇ ਖਰੜੇ ਬਾਰੇ ਮੈਂ ਪਤਾ ਕੀਤਾ ਤਾਂ ਮੈਨੂੰ ਦੱਸਿਆ ਗਿਆ ਕਿ ਖਰੜੇ ਦੇ ਵੱਖ ਵੱਖ ਹਿੱਸੇ ਕਰਮਚਾਰੀਆਂ ਦੀਆਂ ਫਾਈਲਾਂ ਵਿਚ ਪਏ ਹਨ ਜੋ ਉਨ੍ਹਾਂ ਨੂੰ ਰਾਏ ਦੇਣ ਲਈ ਭੇਜੇ ਗਏ ਹਨ। ਸੱਚ ਮੁਚ ਸੈਂਸਰਸ਼ਿਪ ਬੜੀ ਖ਼ਤਰਨਾਕ ਚੀਜ਼ ਹੈ, ਇਹ ਤੁਹਾਡੀ ਕਿਤਾਬ ਨੂੰ ਖ਼ਤਰਨਾਕ ਦਸ ਕੇ ਕਿਤਾਬ ਤੇ ਲੇਖਕ ਦੋਵਾਂ ਨੂੰ ਅਪਰਾਧੀ

ਐਲਾਨ ਸਕਦੀ ਹੈ। ਦੂਜਾ ਕਿੱਸਾ ਇਹਦੇ ਉਲਟ ਹੈ। ਨਾਰਵੇ ਦੇ ਪ੍ਰਸਿੱਧ ਨਾਵਲਕਾਰ ਨੁਟ ਹੈਮਸਨ ਨੂੰ ਉਹਦੇ ਪਹਿਲੇ ਨਾਵਲ 'ਭੁੱਖ' ਨੇ ਪ੍ਰਸਿੱਧੀ ਦੇ ਸਿਖਰ ਤੇ ਪਹੁੰਚਾ ਦਿੱਤਾ। ਪਰ ਦੂਜੀ ਸੰਸਾਰ ਜੰਗ ਵਿਚ ਉਹ ਹਿਟਲਰ ਤੇ ਨਾਜ਼ੀ ਜਰਮਨੀ ਦਾ ਕੱਟੜ ਸਮਰਥਕ ਬਣ ਕੇ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾਉਣ ਲੱਗਾ ਤੇ ਆਪਣੇ ਹੀ ਦੇਸ਼ ਦਾ ਦੁਸ਼ਮਣ ਬਣਾ ਗਿਆ। ਲੋਕ ਹੈਰਾਨ ਹੋ ਗਏ ਕਿ ਭੁੱਖ ਵਰਗਾ ਨਾਵਲ ਲਿਖਣ ਵਾਲਾ ਨਾਜ਼ੀਆਂ ਦਾ ਝੰਡਾ ਬਰਦਾਰ ਕਿਵੇਂ ਬਣ ਸਕਦਾ ਹੈ? ਲੋਕ ਉਹਨੂੰ ਨਫ਼ਰਤ ਕਰਨ ਲੱਗੇ। ਇਕ ਦਿਨ ਉਨ੍ਹਾਂ ਨੇ ਘਰਾਂ ਵਿਚੋਂ ਭੁੱਖ ਦੀਆਂ ਕਾਪੀਆਂ ਇਕੱਠੀਆਂ ਕਰਕੇ ਇਕ ਚੌਰਾਹੇ ਵਿਚ ਉਨ੍ਹਾਂ ਦੀ ਹੋਲੀ ਬਾਲ ਦਿੱਤੀ। ਲੋਕ ਰੋਹ ਕਿਸੇ ਵੀ ਲੇਖਕ ਨੂੰ ਭੁੰਜੇ ਪਟਕਾ ਸਕਦਾ ਹੈ। ਹੈਮਿੰਗਵੇ ਨੂੰ ਕੌਣ ਨਹੀਂ ਜਾਣਦਾ। ਉਹਨੇ ਭੁੱਖਾ ਰਹਿ ਕੇ,ਫ਼ਾਕੇ ਕੱਟ ਕੇ ਬੜੀ ਮਿਹਨਤ ਮੁਸ਼ੱਕਤ ਕੀਤੀ। 'ਬੁੱਢਾ ਤੇ ਸਮੁੰਦਰ' ਉਹਦਾ ਅਖੀਰਲਾ ਨਾਵਲ ਸੀ, ਜਿਸ ਨੂੰ ਨੋਬਲ

ਪੁਰਸਕਾਰ ਮਿਲਿਆ। ਪੁਰਸਕਾਰ ਮਿਲਣ ਤੇ ਉਹਨੂੰ ਹੈਰਾਨੀ ਵੀ ਹੋਈ ਸੀ ਕਿ ਇਹ ਚਮਤਕਾਰ ਕਿਵੇਂ ਹੋ ਗਿਆ। ਇਹ ਪੁੱਛਣ ਤੇ ਕਿ ਉਹਨੇ ਇਹ ਨਾਵਲ ਕਿਵੇਂ ਲਿਖਿਐ ਤਾਂ ਉਹਨੇ ਦੱਸਿਆ- ਇਕ ਸਵੇਰ ਮੈਂ ਆਪਣੀ ਬੇੜੀ ਵਿਚ ਬੈਠਾ ਮੱਛੀਆਂ ਦੇ ਸ਼ਿਕਾਰ ਲਈ ਸਮੁੰਦਰ ਵਿਚ ਜਾਣ ਦੀ ਤਿਆਰੀ ਕਰ ਰਿਹਾ ਸਾਂ ਕਿ ਇਕ ਬੁੱਢੇ ਮਾਹੀਗੀਰ ਨਾਲ ਮੇਰੀ ਮੁਲਾਕਾਤ ਹੋਈ। ਗੱਲਾਂ ਦੌਰਾਨ ਉਹਨੇ ਮੈਨੂੰ ਆਪਣੀ ਜ਼ਿੰਦਗੀ ਦੇ ਅਨੁਭਵ ਦੀ ਇੱਕ ਕਹਾਣੀ ਸੁਣਾਈ। ਪਰ ਜੋ ਕਹਾਣੀ ਮੈਂ ਨਾਵਲ ਵਿਚ ਲਿਖੀ ਉਹ ਉਸ ਕਹਾਣੀ ਨਾਲੋਂ ਬੜੀ ਵੱਖਰੀ ਹੈ। ਇਹ ਉਸ ਬੁੱਢੇ ਦੀ ਕਹਾਣੀ ਤੇ ਆਧਾਰਿਤ ਮੇਰੀ ਆਪਣੀ ਕਹਾਣੀ ਹੈ। ਕੋਈ ਵੀ ਚੰਗਾ ਪੱਤਰਕਾਰ ਕਿਸੇ ਘਟਨਾ ਜਾਂ ਅਨੁਭਵ ਨੂੰ ਆਪਣੇ ਤਰੀਕੇ ਨਾਲ ਪੇਸ਼ ਕਰਦਾ ਹੈ। ਮੈਂ ਇਕ ਤਰ੍ਹਾਂ ਨਾਲ ਪੱਤਰਕਾਰ ਹੀ ਹਾਂ। ਮੈਂ ਹੀ ਕਿਉਂ, ਪਿਕਾਸੋ ਤੇ ਗੋਯਾ ਵਰਗੇ ਮਹਾਨ ਪੇਂਟਰ ਵੀ ਬੁਨਿਆਦੀ ਤੌਰ ਉੱਤੇ ਪੱਤਰਕਾਰ ਹੀ

ਸਨ। ਫ਼ਰਕ ਸਿਰਫ਼ ਏਨਾ ਹੈ ਕਿ ਉਹ ਬੁਰਸ਼ ਤੇ ਰੰਗਾਂ ਦੀ ਵਰਤੋਂ ਕਰਦੇ ਸਨ, ਮੈਂ ਪੈਨਸਿਲ ਜਾਂ ਟਾਈਪ ਰਾਈਟਰ ਦੀ ਕਰਦਾ ਹਾਂ। ਹਾਂ, ਤੇ ਉਸ ਕਹਾਣੀ ਨੂੰ ਲਿਖਦਿਆਂ ਮੈਨੂੰ ਬਹੁਤ ਮੁਸ਼ਕਲ ਪੇਸ਼ ਆਈ। ਲਿਖਣ ਪਿੱਛੋਂ ਮੈਂ ਉਸ ਨੂੰ ਘੱਟੋ ਘੱਟ ਦੋ ਸੌ ਵਾਰ ਸੋਧਿਆ ਤੇ ਪੜ੍ਹਿਆ। ਇਹ ਚਾਰ ਸੌ ਸਫ਼ਿਆਂ ਤੇ ਫੈਲੀ ਕਹਾਣੀ ਸੀ, ਪਰ ਸੰਪਾਦਕ ਨੇ ਇਹਨੂੰ ਛਿੱਲ ਤਰਾਸ਼ ਕੇ ਸੌ ਸਫ਼ਿਆਂ ਤੱਕ ਲੈ ਆਂਦਾ, ਇਹੀ ਇਹਦੀ ਸਿਫ਼ਤ ਹੈ ਕਿ ਜੇ ਸੰਪਾਦਕ ਇਸ ਨੂੰ ਨਾ ਛਿੱਲਦਾ ਤਰਾਸ਼ਦਾ ਤਾਂ ਸ਼ਾਇਦ ਮਨੁੱਖ ਦੇ ਇਸ ਅਸੀਮ ਸੰਘਰਸ਼ ਦੀ ਗਾਥਾ ਨੂੰ ਕਦੇ ਨੋਬਲ ਇਨਾਮ ਨਾ ਮਿਲਦਾ। ਫਾਊਂਟੇਨ ਹੈੱਡ ਦੀ ਪ੍ਰਸਿੱਧ ਲੇਖਕਾ ਆਈਨ ਰੈਂਡ ਨੇ ਜਦੋਂ ਪਹਿਲਾ ਨਾਵਲ ‘ਵੀ ਦਿ ਲਿਵਿੰਗ’ ਲਿਖਿਆ ਤਾਂ ਇਸ ਨੂੰ ਸੋਵੀਅਤ ਰੂਸ ਦੇ ਖ਼ਿਲਾਫ਼ ਸਮਝਿਆ ਗਿਆ ਜਦ ਕਿ ਲੇਖਕਾ ਦਾ ਕਥਨ ਸੀ ਕਿ ਉਸ ਨੇ ਇਹ ਤਾਨਾਸ਼ਾਹੀ ਖ਼ਿਲਾਫ਼ ਲਿਖਿਆ ਹੈ, ਉਹ ਭਾਵੇਂ ਕਿਸੇ ਵੀ ਮੁਲਕ

ਵਿਚ ਹੋਵੇ, ਕਿਸੇ ਵੀ ਕਿਸਮ ਦੀ ਹੋਵੇ, ਕਿਸੇ ਵੀ ਦੌਰ ਦੀ ਹੋਵੇ। ਦੂਜੀ ਸੰਸਾਰ ਜੰਗ ਦੇ ਦਿਨੀਂ ਇਟਲੀ ਦੀ ਹਕੂਮਤ ਨੇ 'ਵੀ ਦਿ ਲਿਵਿੰਗ' ਤੇ ਫ਼ਿਲਮ ਬਣਾ ਕੇ ਰੂਸ ਦੇ ਖ਼ਿਲਾਫ਼ ਲੋਕਾਂ ਵਿਚ ਜੋਸ਼ ਭਰਨ ਦੀ ਵਿਉਂਤ ਬਣਾਈ। ਮੰਨੇ ਪ੍ਰਮੰਨੇ ਐਕਟਰਾਂ ਨੂੰ ਲੈ ਕੇ ਕੁਝ ਮਹੀਨਿਆਂ ਵਿਚਫ਼ਿਲਮ ਤਿਆਰ ਕਰਵਾ ਕੇ ਦੇਸ਼ ਦੇ ਸਾਰੇ ਸਿਨੇਮਾ ਘਰਾਂ ਵਿਚ ਇਹਦਾ ਪ੍ਰਦਰਸ਼ਨ ਕੀਤਾ। ਕੁਝ ਚਿਰ ਪਿੱਛੋਂ ਇਹ ਵੇਖ ਕੇ ਹਕੂਮਤ ਹੈਰਾਨ ਰਹਿ ਗਈ ਕਿ ਇਤਾਲਵੀ ਲੋਕ ਉਹਦੇ ਖ਼ਿਲਾਫ਼ ਹੀ ਆਵਾਜ਼ ਬੁਲੰਦ ਕਰਨ ਲਗ ਪਏ ਨੇ। ਵਧਦੇ ਖ਼ਤਰੇ ਨੂੰ ਵੇਖਦਿਆਂ ਸਰਕਾਰ ਨੇ ਸਾਰੇ ਸਿਨੇਮਾ ਘਰਾਂ ਵਿਚੋਂ ਫ਼ਿਲਮ ਹਟਾ ਕੇ ਭਵਿੱਖ ਵਿਚ ਵੀ ਇਹਦੇ ਪ੍ਰਦਰਸ਼ਨ ਤੇ ਰੋਕ ਲਾ ਦਿੱਤੀ। ਪ੍ਰਸਿੱਧ ਲੇਖਕ ਐਰਿਕ ਹੌਫਰ ਲਿਖਦਾ ਹੈ ਕਿ ਬਚਪਨ ਵਿਚ ਮੈਂ ਜਦ ਕਦੇ ਰੋਂਦਾ ਸਾਂ ਤਾਂ ਮੇਰੇ ਮਾਪੇ ਮੈਨੂੰ ਇਕ ਮੇਜ਼ ਤੇ ਲੰਮਾ ਪਾ ਕੇ ਉਹਨੂੰ ਧੱਕ ਕੇ ਇਕ ਅਲਮਾਰੀ ਨਾਲ ਲਾ ਦੇਂਦੇ ਸਨ, ਜਿਸ ਦੇ ਪੱਲਿਆਂ

ਵਿਚ ਸ਼ੀਸ਼ੇ ਲੱਗੇ ਹੋਏ ਸਨ। ਅਲਮਾਰੀ ਕਿਤਾਬਾਂ ਨਾਲ ਭਰੀ ਹੁੰਦੀ ਸੀ। ਮੇਰੇ ਪਿਤਾ ਨਾਸਤਿਕ ਤੇ ਨਗਰ ਦੇ ਬੁੱਧੀਜੀਵੀ ਸਨ। ਉਨ੍ਹਾਂ ਕੋਲ ਬਹੁਤ ਸਾਰੀਆਂ ਚੰਗੀਆਂ ਕਿਤਾਬਾਂ ਸਨ, ਜੋ ਇਕ ਜਰਮਨ ਬੁੱਧੀਜੀਵੀ ਕੋਲ ਹੋਣੀਆਂ ਚਾਹੀਦੀਆਂ ਹਨ। ਇਨ੍ਹਾਂ ਵਿਚ ਵਿਸ਼ਵ ਕੋਸ਼, ਸ਼ਬਦ ਕੋਸ਼, ਫ਼ਲਸਫ਼ੇ ਤੇ ਹੋਰ ਕਈ ਪ੍ਰਕਾਰ ਦੀਆਂ ਕਿਤਾਬਾਂ ਸ਼ਾਮਲ ਸਨ। ਉਹ ਮੈਨੂੰ ਅਕਸਰ ਕਿਹਾ ਕਰਦੇ ਸਨ ਕਿ ਇਸ ਅਲਮਾਰੀ ਵਿਚ ਬੜੀ ਕੀਮਤੀ ਦੌਲਤ ਪਈ ਹੈ। ਮੈਂ ਘੰਟਿਆਂ ਬੱਧੀ ਉਨ੍ਹਾਂ ਕਿਤਾਬਾਂ ਨਾਲ ਖੇਡਦਾ, ਉਨ੍ਹਾਂ ਨੂੰ ਸਲੀਕੇ ਨਾਲ ਸਜਾਉਂਦਾ, ਅਕਾਰ ਜਾਂ ਰੰਗਾਂ ਦੇ ਹਿਸਾਬ ਨਾਲ ਸਿਲਸਿਲੇਵਾਰ ਚਿਣਦਾ। ਤੁਹਾਨੂੰ ਕੀ ਪਤਾ ਮੈਂ ਇਨ੍ਹਾਂ ਦੀ ਬਦੌਲਤ ਪੰਜਾਂ ਵਰ੍ਹਿਆਂ ਦੀ ਉਮਰ ਵਿਚ ਜਰਮਨ ਤੇ ਅੰਗਰੇਜ਼ੀ ਪੜ੍ਹਨੀ ਸਿੱਖ ਗਿਆ। ਪੰਜਾਂ ਵਰ੍ਹਿਆਂ ਦੀ ਉਮਰ ਮੇਰੀ ਨਜ਼ਰ ਵਿਚ ਬੜੀ ਅਹਿਮ ਹੈ।ਮੇਰਾ ਯਕੀਨ ਹੈ ਕਿ ਅਸਲ ਵਿਚ ਸਿਆਣੇ ਬਣਨ ਲਈ ਮਨੁੱਖ ਨੂੰ ਪੰਜ ਸਾਲ ਦੀ ਉਮਰ

ਵੱਲ ਪਰਤਣਾ ਚਾਹੀਦੈ- ਚੀਜ਼ਾਂ ਨੂੰ ਵੇਖਣ, ਸਮਝਣ, ਤੇ ਸਿੱਖਣ ਦੀ ਯੋਗਤਾ ਮੁੜ ਹਾਸਲ ਕਰਨ ਲਈ। ਮੈਂ ਹਮੇਸ਼ਾ ਮਹਿਸੂਸ ਕਰਦਾ ਰਿਹਾ ਹਾਂ ਕਿ ਪੰਜਾਂ ਵਰ੍ਹਿਆਂ ਦੀ ਉਮਰ ਵਿਚ ਮੈਂ ਬੜਾ ਸਿਆਣਾ, ਪ੍ਰਤਿਭਾਵਾਨ ਤੇ ਸੋਚਵਾਨ ਸਾਂ। ਓਦੋਂ ਤੋਂ ਲੈ ਕੇ ਅੱਜ ਤੱਕ ਮੇਰੀ ਅਧੋਗਤੀ ਹੁੰਦੀ ਆਈ ਹੈ।

ਪੋਸਟ ਸਕਰਿਪਟ

ਯਾਂ ਪਾਲ ਸਾਰਤਰ ਦੁਨੀਆ ਦਾ ਮਹਾਨ ਚਿੰਤਕ ਹੋਇਆ ਹੈ। ਜਦੋਂ ਉਹਨੂੰ ਨੋਬਲ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਤਾਂ ਉਹਨੇ ਇਹ ਕਹਿ ਕੇ ਠੁਕਰਾ ਦਿੱਤਾ ਕਿ ਮੈਂ ਇਸ ਨੂੰ ਆਲੂਆਂ ਦੇ ਬੋਰੇ ਤੋਂ ਵੱਧ ਨਹੀਂ ਸਮਝਦਾ। ਪੰਜਾਂ ਵਰ੍ਹਿਆਂ ਦੀ ਉਮਰੇ ਇਕ ਦਿਨ ਉਹਦੇ ਹੱਥ ਗੁਸਤਾਵ ਫਲਾਬਰਟ ਦਾ ਨਾਵਲ, ਮਾਦਾਮ ਬਾਵੇਰੀ, ਜੋ ਉਨ੍ਹਾਂ ਸਮਿਆਂ ਵਿਚ ਬੈਨ ਕਰ ਦਿੱਤਾ ਗਿਆ ਸੀ, ਵੇਖ ਕੇ, ਉਹਦੀ ਮਾਂ ਨੇ

ਪੁੱਛਿਆ ਕਿ ਤੂੰ ਇਹਨੂੰ ਪੜ੍ਹੇਂਗਾ? ਤਾਂ ਸਾਰਤਰ ਨੇ ਜੁਆਬ ਦਿੱਤਾ,

ਮਾਂ ਮੈਂ ਇਹਨੂੰ ਸਿਰਫ਼ ਪੜ੍ਹਾਂਗਾ ਹੀ ਨਹੀਂ ਜੀਵਾਂਗਾ ਵੀ।

91

ਕੋਰੋਨਾ ਵਾਇਰਸ ਤੇ ਪਿਆਸਾ ਕਾਂ

ਕੋਰੋਨਾ ਮਹਾਮਾਰੀ ਦੇ ਇਸ ਜੁਗ ਵਿਚ ਬੰਦਾ ਪਿਸ ਰਿਹਾ ਹੈ। ਉਹਦਾ ਪਿਸਣਾ ਤਾਂ ਵਿਸ਼ਵੀਕਰਨ ਦੀ ਅੰਨ੍ਹੀ ਦੌੜ ਵਿਚ ਪਹਿਲਾਂ ਹੀ ਸ਼ੁਰੂ ਹੋ ਚੁਕੈ, ਪਰ ਇਹਦਾ ਤੀਖਣ ਅਹਿਸਾਸ ਉਹਨੂੰ ਹੁਣ ਹੋ ਰਿਹੈ। ਉਹ ਨਵੀਂਆਂ ਪਰਿਭਾਸ਼ਾਵਾਂ ਘੜਨ ਦੇ ਸਮਰੱਥ ਨਹੀਂ, ਪਹਿਲਾਂ ਵਾਲੀਆਂ ਪਰਿਭਾਸ਼ਾਵਾਂ ਉਹਦੇ ਕੋਲੋਂ ਖੋਹ ਲਈਆਂ ਗਈਆਂ ਹਨ। ਜਿਹੜੀ ਨੈਤਿਕਤਾ ਦਾ ਪਾਠ ਉਹਨੂੰ ਬਚਪਨ ਵਿਚ ਪੜ੍ਹਾਇਆ ਗਿਆ ਸੀ, ਉਹ ਨਵੀਂ ਮੁਦਰਾ ਵਿਚ ਬਦਲ ਕੇ ਬਜ਼ਾਰ ਦੀ ਵਸਤ ਬਣ ਗਿਆ ਹੈ। ਨਵੀਂ ਨੈਤਿਕਤਾ ਦਾ ਪੇਟੈਂਟ ਹੋ ਗਿਐ। ਉਹਨੂੰ ਇਸ ਨੂੰ ਵਰਤਣ ਤੇ ਇਹਦੇ ਬਾਰੇ ਸੁਆਲ ਕਰਨ ਦੀ ਸਖ਼ਤ ਮਨਾਹੀ ਹੈ। ਪੂੰਜੀ ਦੀਆਂ ਸ਼ਰਤਾਂ ਦਾ ਉਹਨੂੰ ਗ਼ੁਲਾਮ ਬਣਾ ਦਿੱਤਾ

ਗਿਆ ਹੈ। ਕੋਰੋਨਾ ਦੀ ਇਸ ਰੁੱਤੇ ਬੰਦਾ ਕੀ ਕਰੇ ਇਹ ਕਿਸੇ ਨੀਤੀ ਘਾੜੇ ਦੇ ਏਜੰਡੇ ਵਿਚ ਸ਼ਾਮਲ ਨਹੀਂ। ਆਓ ਪਹਿਲਾਂ ਪਿਆਸੇ ਕਾਂ ਦਾ ਪਾਠ ਕਰੀਏ ਸ਼ਾਇਦ ਕੋਈ ਰਾਹ ਲੱਭ ਜਾਏ।

ਪਿਆਸਾ ਕਾਂ - ਇਕ

ਗਰਮੀ ਦਾ ਮੌਸਮ ਸੀ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਕਾਂ ਦੀ ਅੱਖ ਨਿਕਲਦੀ ਹੈ। ਪਿਆਸਾ ਕਾਲਾ ਕਾਂ ਪਾਣੀ ਦੀ ਭਾਲ ਵਿਚ ਏਧਰ ਓਧਰ ਉੱਡ ਰਿਹਾ ਸੀ। ਉਸ ਜ਼ਮਾਨੇ ’ਚ ਰੁੱਖ ਅਜੇ ਬਚੇ ਹੋਏ ਸਨ। ਉਹਨੇ ਇਕ ਰੁੱਖ ਤੇ ਬਹਿ ਕੇ ਕੁਝ ਸਾਹ ਲਏ, ਪਰ ਪਿਆਸ ਹਾਲੋਂ ਬੇਹਾਲ ਕਰ ਰਹੀ ਸੀ। ਉਹਦੀ ਨਜ਼ਰ ਪੱਤਿਆਂ ਵਿਚੋਂ ਛਣਦੀ, ਇਕ ਛੱਤ ਤੇ ਗਈ, ਜਿੱਥੇ ਮਿੱਟੀ ਦਾ ਇਕ ਕੁੱਜਾ ਪਿਆ ਸੀ। ਜ਼ਾਹਰ ਹੈ ਕਿ ਕੁੱਜੇ ਵਿਚ ਪਾਣੀ ਹੋਵੇਗਾ। ਹੋ ਸਕਦੈ ਕੁੱਜਾ ਭਰਿਆ ਹੋਵੇ ਤੇ ਹੋ ਸਕਦੈ ਸੂਰਜ ਆਪਣੇ ਹਿੱਸੇ ਦਾ ਪਾਣੀ

ਪਹਿਲਾਂ ਹੀ ਪੀ ਗਿਆ ਹੋਵੇ। ਕਾਂ ਸਿਆਣਾ ਸੀ। ਉਹਨੇ ਦੇਖਿਆ ਕੁੱਜੇ ਵਿਚ ਪਾਣੀ ਥੋੜ੍ਹਾ ਹੈ, ਚੁੰਝ ਡੁੱਬਣੀ ਨਹੀਂ। ਉਹਨੇ ਕੁਝ ਰੋੜ੍ਹੇ ਇਕੱਠੇ ਕੀਤੇ, ਕੁੱਜੇ ਵਿੱਚ ਪਾਏ , ਪਾਣੀ ਉਪਰ ਆ ਗਿਆ। ਉਹਨੇ ਪਿਆਸ ਬੁਝਾਈ ਤੇ ਸ਼ਾਂਤ ਚਿੱਤ ਹੋ ਕੇ ਉੱਡ ਗਿਆ। ਸੁਆਲ ਕਰਨ ਦੀ ਕੋਈ ਗੁੰਜਾਇਸ਼ ਨਹੀਂ ਸੀ ਕਿ ਰੋੜ੍ਹੇ ਕਾਂ ਤੋਂ ਵੀ ਵੱਧ ਪਿਆਸੇ ਸਨ ਤੇ ਸੂਰਜ ਦੇ ਤਪੇ ਜਿਉਂ ਜਿਉਂ ਪਾਣੀ ਵਿੱਚ ਡਿੱਗਦੇ ਨਾਲ ਨਾਲ ਪਾਣੀ ਡਕਾਰੀ ਗਏ ਸਨ। ਕਾਂ ਤੋਂ ਪਹਿਲਾਂ ਸਾਰਾ ਕੁੱਜਾ ਉਨ੍ਹਾਂ ਖ਼ਤਮ ਕਰ ਦਿੱਤਾ ਸੀ। ਪਰ ਈਸਪ ਦਾ ਮਾਟੋ ਸੀ ਜਿੱਥੇ ਚਾਹ ਓਥੇ ਰਾਹ। ਕਈ ਪੀੜ੍ਹੀਆਂ ਇਸ ਨੈਤਿਕਤਾ ਦਾ ਪਾਠ ਪੜ੍ਹਦੀਆਂ ਜਵਾਨ ਹੋਈਆਂ ਫਿਰ ਅਧਖੜ ਤੇ ਬਿਰਧ ਹੋ ਕੇ ਦੁਨੀਆ ਨੂੰ ਅਲਵਿਦਾ ਕਹਿ ਗਈਆਂ। ਨਾ ਕਿਸੇ ਨੇ ਸੁਆਲ ਕੀਤਾ ਨਾ ਸੋਚਿਆ।

ਪਿਆਸਾ ਕਾਂ - ਦੋ

ਅਗਲੇ ਜੁਗ ਵਿਚ ਵੀ ਕਾਂ ਪਿਆਸਾ ਹੀ ਰਿਹਾ। ਗਰਮੀ ਅੱਗੇ ਨਾਲੋਂ ਵੀ ਵੱਧ ਗਈ। ਗੈਸਾਂ ਵਧੇਰੇ ਮਾਤਰਾ ਵਿਚ ਪੁਲਾੜ ਵਿਚ ਜਮ੍ਹਾਂ ਹੋਣ ਲੱਗੀਆਂ। ਇਨ੍ਹਾਂ ਨੂੰ ਘਟਾਉਣ ਲਈ ਵਿਸ਼ਵ ਵਾਤਾਵਰਣ ਸੰਮੇਲਨ ਹੋਏ ਪਰ ਵੱਡੇ ਵੱਡੇ ਲੰਬੜਦਾਰ ਮੁਕਰਗੇ ਅਖੇ ਅਸਾਂ ਆਪਣੇ ਕਾਰੋਬਾਰ, ਕਾਰਖ਼ਾਨੇ ਥੋੜ੍ਹਾ ਬੰਦ ਕਰ ਦੇਣੇ ਨੇ। ਵਿਚਾਰੀ ਗਰੇਟਾ ਬਾਲੜੀ ਰੋ ਰੋ ਚੀਕਦੀ, ਕੂਕਦੀ ਲਾਹਨਤਾਂ ਪਾਉਂਦੀ ਰਹੀ, ਪਰ ਦੁਨੀਆ ਦੇ ਕੰਨ ਕਿਥੇ ਸੁਣਦੇ ਨੇ?

ਉਹ ਕਹਿ ਰਹੇ ਸਨ ਕਿ ਕਾਂ ਦਾ ਕੋਈ ਮਸਲਾ ਨਹੀਂ, ਜੇ ਉਹਨੂੰ ਪਿਆਸ ਲੱਗਦੀ ਹੈ,ਪਾਣੀ ਥੋੜ੍ਹਾ ਹੈ ਤਾਂ ਉਹ ਕੋਈ ਕਾਢ ਕੱਢ ਲਵੇ। ਖ਼ੈਰ ਕਾਂ ਬੜਾ ਪਿਆਸਾ ਸੀ। ਉਹਨੇ ਏਧਰ ਓਧਰ ਕਈ ਚੱਕਰ ਲਾਏ। ਹੁਣ ਕਿਤੇ ਵੀ ਰੁੱਖ ਨਜ਼ਰ ਨਹੀਂ ਸੀ ਆ ਰਿਹਾ। ਵਿਕਾਸ ਦੇ ਨਾਂ ਉੱਤੇ ਰੁੱਖਾਂ ਦੀ ਬਲੀ ਦੇ ਦਿੱਤੀ ਗਈ ਸੀ।

ਚਾਰੇ ਪਾਸੇ ਕੁੱਤਬਮਿਨਾਰੀ ਟਾਵਰ ਸਨ ਜਿਨ੍ਹਾਂ ਵਿਚੋਂ ਨਿਕਲਦੇ ਸਿਗਨਲਾਂ ਨੇ ਪੰਛੀਆਂ ਦੀਆਂ ਪ੍ਰਜਾਤੀਆਂ ਨੂੰ ਖ਼ਤਮ ਹੋਣ ਕੰਢੇ ਪਹੁੰਚਾ ਦਿੱਤਾ ਸੀ। ਇਕ ਕਾਂ ਨੇ ਇਕ ਵਾਰ ਟਾਵਰ ਤੇ ਬੈਠਣ ਦੀ ਗ਼ਲਤੀ ਕਰ ਲਈ ਸੀ। ਉਹ ਲੂਸ ਕੇ ਓਥੇ ਹੀ ਲਟਕਿਆ ਰਹਿ ਗਿਆ। ਦੂਜੇ ਕਾਂਵਾਂ ਨੇ ਬੜਾ ਰੌਲਾ ਪਾਇਆ ਪਰ ਕਿਸੇ ਨਾ ਸੁਣਿਆ। ਕਾਂਵਾਂ ਰੌਲ਼ੀ ਦਾ ਕੀ ਮੁੱਲ ਹੁੰਦੈ, ਤੁਸੀਂ ਸਾਰੇ ਜਾਣਦੇ ਹੋ। ਸਗੋਂ ਉਨ੍ਹਾਂ ਮੁਹਾਵਰਾ ਘੜ ਲਿਆ ਅਖੇ ਇਕ ਮਰਿਆ ਕਾਂ ਟੰਗ ਦਿਓ ਬਾਕੀ ਸਾਰੇ ਆਪੇ ਭੱਜ ਜਾਣਗੇ। ਭੱਜਣਾ ਤਾਂ ਕੀ ਉਨ੍ਹਾਂ ਦੀ ਤਾਂ ਪ੍ਰਜਾਤੀ ਖ਼ਤਰੇ ਵਿਚ ਪੈ ਗਈ ਸੀ, ਪਰ ਕਿਸੇ ਨੂੰ ਕੀ ਪਰਵਾਹ। ਉਨ੍ਹਾਂ ਨੂੰ ਤਾਂ ਸਰਾਧਾਂ ਵਿਚ ਇਨ੍ਹਾਂ ਦੀ ਲੋੜ ਹੁੰਦੀ ਏ ਜਦੋਂ ਪਿੱਤਰ ਰਜਾਉਣੇ ਹੁੰਦੇ ਨੇ। ਹੁਣ ਬਨੇਰਿਆਂ ਤੇ ਕਾਂ ਨਹੀਂ ਜੇਬਾਂ ਵਿੱਚ ਮੋਬਾਇਲ ਬੋਲਦੇ ਨੇ। ਕੋਰੋਨਾ ਰੁੱਤੇ ਤਾਂ ਘਰ ਵਿਚ ਪ੍ਰਾਹੁਣੇ ਦੇ ਆਉਣ ਤੇ ਬਨੇਰੇ ਤੇ ਕਾਂ ਦੇ ਬੋਲਣ ਦੀ ਮਨਾਹੀ ਹੈ। ਕਾਂ ਸਿਆਣਾ

ਸੀ। ਉਹਨੇ ਕਾਢ ਕੱਢ ਲਈ। ਉਹ ਕਿਤਿਓਂ ਸੋਡਾ ਪੀਣ ਵਾਲੀ ਨਲਕੀ ਲੱਭ ਲਿਆਇਆ, ਰੋੜ੍ਹੇ ਪਾਉਣ ਦਾ ਉਹਨੇ ਰਿਸਕ ਨਹੀਂ ਲਿਆ ਕਿਉਂਕਿ ਉਹਨੇ ਦੇਖ ਲਿਆ ਸੀ ਕਿ ਇਸ ਵਾਰ ਪਾਣੀ ਪਹਿਲਾਂ ਨਾਲੋਂ ਕਾਫ਼ੀ ਘੱਟ ਹੈ।ਉਹਨੇ ਪਿਆਸ ਬੁਝਾਈ ਤੇ ਉੱਡ ਗਿਆ। ਹੁਣ ਸਿਰਫ਼ ਵਿਕਾਸ ਦਾ ਮਾਟੋ ਸੀ ਤੇ ਇਹਦੇ ਲਈ ਕਿਸੇ ਨੂੰ ਵੀ ਤਬਾਹ ਕਰਨ, ਉਜਾੜਨ, ਮਲੀਆ ਮੇਟ ਕਰਨ ਦੀ ਖੁੱਲ੍ਹੀ ਛੁੱਟੀ ਸੀ। ਵਿਕਾਸ ਦੇ ਨਾਅਰੇ ਹੇਠ ਦੇਖਦੇ ਦੇਖਦੇ ਜੰਗਲ, ਜਲ, ਜ਼ਮੀਨਾਂ ਖ਼ਤਮ ਹੋ ਗਏ, ਨਦੀਆਂ, ਝੀਲਾਂ, ਦਰਿਆ, ਨਾਲੇ ਸੁੱਕ ਗਏ ਵੱਡੇ ਵੱਡੇ ਗਲੇਸ਼ੀਅਰ ਪਿਘਲਣ ਲੱਗੇ, ਭੂਚਾਲ, ਸੁਨਾਮੀਆਂ, ਹੜ੍ਹਾਂ, ਮੀਹਾਂ, ਤੂਫ਼ਾਨਾਂ ਦੀ ਲੜੀ ਬੱਝ ਗਈ। ਖੇਤਾਂ ਚੋਂ ਦਾਣੇ ਮੁੱਕ ਗਏ, ਰੁੱਖਾਂ ਦੇ ਡਾਹਣਾਂ ਤੇ ਖੁਦਕੁਸ਼ੀਆਂ ਉੱਗ ਆਈਆਂ, ਹਵਾ ਗੰਧਲੀ ਹੋ ਗਈ, ਸੜਕਾਂ ਤੇ ਬਿਨਾ ਟੋਲ ਚੱਲਣ ਦੀ ਮਨਾਹੀ ਹੋ ਗਈ ਤੇ ਪਾਣੀ ਬੋਤਲ ਬੰਦ ਹੋ ਗਿਆ। ਬੇਰੁਜ਼ਗਾਰਾਂ ਦੀ ਭੀੜ

ਸੜਕਾਂ ਤੇ ਡਾਂਗਾਂ ਖਾਂਦੀ ਉਮਰੋਂ ਅੱਗੇ ਲੰਘ ਗਈ। ਕੱਚਿਆਂ, ਪੱਕਿਆਂ ਦੀ ਫ਼ੌਜ ਪੱਕੇ ਹੋ ਕੇ ਵਿਆਹ ਕਰਵਾਉਣ ਦੀ ਉਡੀਕ ਵਿਚ ਛੜਿਆਂ ਦੀ ਜੂਨ ਪੈ ਗਈ।

ਪਿਆਸਾ ਕਾਂ - ਤਿੰਨ

ਜੁਗ ਬਦਲ ਗਿਆ, ਸਦੀ ਬਦਲ ਗਈ, ਪਰ ਪਿਆਸ ਨਾ ਬਦਲੀ। ਗਰਮੀ ਹੋਰ ਵੱਧ ਗਈ। ਗੈਸਾਂ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਤੇ ਪਹੁੰਚ ਗਿਆ। ਸੁਪਰ ਪਾਵਰਾਂ ਇਕ ਦੂਜੇ ਨੂੰ ਦੋਸ਼ ਦੇਣ ਲੱਗੀਆਂ। ਪੂੰਜੀ ਪਤੀ ਪੂੰਜੀ ਦੀ ਦੌੜ ਵਿਚ ਸੁਪਰ ਪਾਵਰਾਂ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲਣ ਲੱਗੇ। ਵਿਸ਼ਵ ਇਕ ਗਲੋਬਲੀ ਪਿੰਡ ਬਣ ਗਿਆ। ਹੁਣ ਸਮੁੱਚੇ ਸੰਸਾਰ ਦੀ ਹਰ ਚੀਜ਼ ਸਾਧਨ, ਦੌਲਤ, ਮਾਲ-ਮਤਾ, ਆਕਾਸ਼, ਪਾਤਾਲ, ਮਨੁੱਖ, ਪੰਛੀ, ਜੀਵ ਜੰਤੂ ਸਭ ਗਲੋਬਲੀ ਹੋ ਗਏ। ਕੁਦਰਤ ਨੂੰ ਗਲੋਬਲੀ ਕਰਨ ਦੀ ਕੋਸ਼ਿਸ਼ ਕੀਤੀ ਪਰ

ਸੂਰਜ ਨੇ ਅੱਗ ਦੀ ਮਾਤਰਾ ਵਧਾ ਦਿੱਤੀ। ਮਨੁੱਖ ਨੇ ਵਿਕਾਸ ਦੇ ਨਾਂ ਤੇ ਏ ਸੀ, ਫ਼ਰਿਜਾਂ, ਕਾਰਾਂ, ਗੱਡੀਆਂ, ਬਿਜਲਈ ਸੌਂਦਿਆਂ, ਮੋਬਾਈਲਾਂ ਨਾਲ ਘਰ ਭਰ ਦਿੱਤੇ। ਕੁਦਰਤ ਹੋਰ ਕਹਿਰਵਾਨ ਹੋ ਗਈ। ਉਹਨੇ ਸੋਕੇ, ਭੁੱਖਮਰੀ, ਕਿਆਮਤਾਂ ਦੇ ਕਹਿਰ ਢਾਹ ਦਿੱਤੇ। ਇਸ ਤਪਦੇ ਗਲੋਬ ਵਿਚ ਮਾਰਾ ਮਾਰਾ ਫਿਰਦਾ ਪਿਆਸਾ ਕਾਂ ਕੀ ਕਰੇ? ਉਹਦੇ ਕੋਲ ਬੋਤਲ ਬੰਦ ਪਾਣੀ ਖ਼ਰੀਦਣ ਦੀ ਸਮਰੱਥਾ ਨਹੀਂ। ਭਾਵੇਂ ਉਹ ਕੂਕਨੁਸ ਨਹੀਂ ਸੀ ਪਰ ਫਿਰ ਵੀ ਉਹਨੂੰ ਉੱਡਦਿਆਂ ਲੱਗ ਰਿਹਾ ਸੀ ਜਿਵੇਂ ਉਹਦੇ ਪਰਾਂ ਨੂੰ ਅੱਗ ਲੱਗ ਗਈ ਹੋਵੇ। ਉਹਦੇ ਪਰ ਕਾਲੇ ਤੋਂ ਅੱਗ ਰੰਗੇ ਹੋ ਗਏ ਸਨ। ਚਾਰੇ ਪਾਸੇ ਉੱਡਦਿਆਂ ਉਹਨੂੰ ਵੀਰਾਨੀ ਨਜ਼ਰ ਆ ਰਹੀ ਸੀ। ਸਮੁੱਚਾ ਗਲੋਬ ਘਰਾਂ ਅੰਦਰ ਤਾਲੇਬੰਦ ਸੀ। ਕਿਸੇ ਛੱਤ ਤੇ ਕੋਈ ਕੁੱਜਾ ਵੀ ਨਜ਼ਰ ਨਹੀਂ ਸੀ ਆ ਰਿਹਾ। ਇੰਜ ਲੱਗ ਰਿਹਾ ਸੀ ਜਿਵੇਂ ਸਾਰੀ ਮਨੁੱਖਤਾ ਤੇ ਮੌਤ ਮੰਡਰਾਅ ਰਹੀ ਹੋਵੇ। ਇਕ ਅਦਿੱਖ ਪੈਰਾਸਾਈਟ ਮਨੁੱਖ ਨੂੰ

ਚੰਬੜ ਕੇ ਚੱਟਮ ਕਰ ਰਿਹਾ ਸੀ। ਮਹਾਂ ਸ਼ਕਤੀਆਂ ਅਜੇ ਵੀ ਇਕ ਦੂਜੇ ਨੂੰ ਝਕਾਨੀਆਂ ਦੇ ਰਹੀਆਂ ਸਨ। ਪਿਆਸਾ ਕਾਂ ਕੀ ਕਰੇ? ਉਹਦੇ ਲਈ ਤਾਂ ਪਿਆਸ ਮਹਾਂ ਸੰਕਟ ਬਣ ਗਈ ਸੀ। ਜੇ ਉਹ ਪਿਆਸਾ ਮਰ ਗਿਆ ਉਹਦੀ ਰੂਹ ਜੁਗਾਂ ਤੱਕ ਭਟਕਦੀ ਰਹੇਗੀ। ਉਹਨੇ ਜਿੰਨੀ ਦੂਰ ਨਜ਼ਰ ਘੁੰਮ ਸਕਦੀ ਸੀ ਘੁਮਾਈ। ਦੂਰ ਕਿਤੇ ਮਟਮੈਲੇ ਪਾਣੀ ਦੇ ਧੁੰਦਲੇ ਨਕਸ਼ ਨਜ਼ਰ ਆ ਰਹੇ ਸਨ। ਉਹਨੇ ਪੂਰਾ ਜ਼ੋਰ ਲਾ ਕੇ ਓਧਰ ਉਡਾਰੀ ਮਾਰੀ। ਸੀਵਰੇਜ ਦਾ ਗੰਦਾ ਕਾਲਾ ਪਾਣੀ ਉਹਦੀ ਕਾਇਆ ਵਰਗਾ ਸੀ। ਸੁੱਕੇ ਹਲਕ ਵਿੱਚ ਗੰਦਾ ਪਾਣੀ ਜਾਂਦਿਆਂ ਹੀ ਉਹਦਾ ਜਿਸਮ ਨੀਲਾ ਹੋਣ ਲੱਗਾ। ਪਿਆਸਾ ਕਾਂ ਪਿਆਸਾ ਮਰ ਗਿਆ। ਕਿਸੇ ਤੇ ਕੋਈ ਅਸਰ ਨਾ ਹੋਇਆ। ਹੁਣ ਵਾਰੀ ਮਨੁੱਖਾਂ ਦੇ ਮਰਨ ਦੀ ਸੀ। ਮਰ ਰਹੇ ਨੇ, ਅੰਕੜੇ ਬਣ ਰਹੇ ਨੇ, ਅੰਕੜੇ ਫੈਲ ਰਹੇ ਨੇ, ਕਾਂ ਵਾਂਗੂੰ ਮਰਨ ਵਾਲਿਆਂ ਨੂੰ ਕੋਈ ਨਹੀਂ ਪੁੱਛਦਾ। ਸਕੇ ਸੰਬੰਧੀਆਂ ਨੇ ਮਰਿਆਂ ਤੋਂ ਦੂਰੀ ਬਣਾ ਲਈ

ਹੈ।ਦੂਰੀ ਰੱਖਣੀ ਸੱਤਾ ਦਾ ਹੁਕਮ ਹੈ। ਮਹਾਂਭਾਰਤ ਅਜੇ ਚੱਲ ਰਿਹੈ, ਇਸ ਵਿਚ ਬਿਨਾ ਕਿਸੇ ਵਿਚਾਰ ਕੀਤਿਆਂ ਸਭ ਕੁਝ ਜਾਇਜ਼ ਹੈ। ਫਿਰ ਰਿਸ਼ਤੇ ਨਾਤੇ ਕੀ ਮਾਅਨੇ ਰੱਖਦੇ ਨੇ। ਯੁੱਧ ਜਾਰੀ ਹੈ। ਕ੍ਰਿਸ਼ਨ ਉਪਦੇਸ਼ ਦੇ ਰਹੇ ਨੇ, ਅਰਜਨ ਭੈਅ ਤੇ ਭਰਮ ਮੁਕਤ ਹੋ ਗਿਐ। ਥਾਲ਼ੀਆਂ ਗੂੰਜ ਰਹੀਆਂ ਨੇ, ਦੀਵੇ,ਮੋਮਬੱਤੀਆਂ ਜਗਾ ਦਿੱਤੀਆਂ ਗਈਆਂ ਨੇ, ਪਟਾਕੇ ਚੱਲ ਰਹੇ ਨੇ, ਜੈ ਘੋਸ਼ ਦੇ ਜੈਕਾਰੇ ਛੱਡਣ ਦੀ ਤਿਆਰੀ ਹੋ ਰਹੀ ਹੈ। ਜਸ਼ਨ ਦਾ ਮਾਹੌਲ ਬਣ ਰਿਹੈ। ਸਮੇਂ ਦਾ ਪਹੀਆ ਘੁੰਮ ਰਿਹੈ, ਅਰਜਨ ਦੀ ਅੱਖ ਫੜੱਕ ਰਹੀ ਹੈ। ਹਾਰ ਜਿੱਤ, ਜਿੱਤ ਹਾਰ ਦਾ ਫ਼ੈਸਲਾ ਗਲੋਬਲੀ ਤਾਕਤਾਂ ਤੇ ਛੱਡ ਦਿੱਤਾ ਗਿਐ। ਅਸੀਂ ਯੁੱਧ ਰੱਤ ਹਾਂ, ਪਿਆਸਾ ਕਾਂ ਤਾਂ ਕਦੋਂ ਦਾ ਮਰ ਚੁਕੈ।

ਨੈਤਿਕ ਸਿੱਖਿਆ

ਅਜੇ ਕੋਰੋਨਾ ਮਹਾਂਭਾਰਤ ਚੱਲ ਰਿਹੈ ਸਮਾਪਤੀ ਤੋਂ ਬਾਅਦ ਫ਼ੈਸਲਾ

ਹੋਵੇਗਾ ਕਿ ਮਨੁੱਖ ਨੇ ਇੰਜ ਮਰਨੈ ਜਾਂ ਫਿਰ...

92

ਬਜ਼ਾਰਵਾਦ ਦਾ ਕਰੂਰ ਚਿਹਰਾ

ਉਦਾਰਵਾਦੀ ਵਿਵਸਥਾ ਨੇ ਇਕ ਨਵਾਂ ਸੁਪਨ ਸੰਸਾਰ ਸਿਰਜਿਆ ਸੀ। ਉਹ ਸਭ ਨੂੰ ਬਰਾਬਰ ਕਰਨ ਦੇ ਰਾਹ ਤੇ ਤੁਰੀ ਸੀ। ਲੁਕਾਈ ਦੀਆਂ ਜੇਬਾਂ ਖ਼ਾਲੀ ਕਰਨ ਦੀ ਉਹਦੇ ਕੋਲ ਕਲਾ ਸੀ। ਉਹ ਦੁਨੀਆ ਦੇ ਸਰਮਾਏ ਨੂੰ ਹਰ ਤਰੀਕੇ ਨਾਲ ਨਿਚੋੜਨ ਦੀ ਮੁਹਾਰਤ ਰੱਖਦੀ ਹੈ। ਚਮਕੀਲੇ ਇਸ਼ਤਿਹਾਰਾਂ ਨਾਲ ਉਹ ਮਨੁੱਖ ਦੀ ਮਾਨਸਿਕਤਾ ਤੇ ਭਾਸ਼ਾ ਨੂੰ ਕੰਟਰੋਲ ਕਰਦੀ ਹੈ। ਆਪਣੇ ਮਾਲ ਨੂੰ ਵੇਚਣ ਲਈ ਉਹ ਹਰ ਰੋਜ਼ ਨਵੀਂਆਂ ਜੁਗਤਾਂ ਲੱਭਦੀ ਹੈ। ਇਹੀ ਕਾਰਨ ਹੈ ਕਿ ਬਜ਼ਾਰ ਦਾ ਨਾਗਵਲ ਵਿਸ਼ਵ ਪੱਧਰ ਤੇ ਆਪਣੀ ਚੌਧਰ ਕਾਇਮ ਕਰ ਚੁੱਕਾ ਹੈ। ਵੀਹਵੀਂ ਸਦੀ ਦੇ ਅੰਤ ਤੇ ਇੱਕੀਵੀਂ ਸਦੀ ਦੇ ਚੜ੍ਹਾ ਵੇਲੇ ਬੜਾ ਢੋਲ ਪਿੱਟਿਆ ਗਿਆ ਕਿ ਮਨੁੱਖ ਇਕ

ਨਵੀਂ ਤਹਿਜ਼ੀਬ ਵਿਚ ਦਾਖਲ ਹੋ ਰਿਹਾ ਹੈ। ਇਕ ਨਵਾਂ ਸੁਪਨ ਸੰਸਾਰ ਉਹਨੂੰ ਉਡੀਕ ਰਿਹਾ ਹੈ। ਕੋਰੋਨਾ ਨੇ ਬਜ਼ਾਰ ਤੇ ਇਹਦੇ ਲੁਭਾਉਣੇ ਸੁਪਨੇ ਨੂੰ ਚੰਗਾ ਧੋਬੀ ਪਟਕਾ ਲਾਇਆ ਹੈ। ਹੁਣ ਮਨੁੱਖ ਵਸਤਾਂ ਦੇ ਅੰਬਾਰ ਨਹੀਂ ਲੋੜੀਂਦੀਆਂ ਵਸਤਾਂ ਦੇ ਜ਼ਖੀਰੇ ਵੱਲ ਮੁੜ ਗਿਆ ਹੈ। ਕੋਰੋਨਾ ਸਥਿਤੀ ਨੇ ਜ਼ਿੰਦਗੀ ਬਾਰੇ ਡਰ, ਖ਼ੌਫ਼, ਬੇਯਕੀਨੀ, ਟੁੱਟੀ ਮਾਨਸਿਕਤਾ ਤੇ ਹੌਂਸਲਿਆਂ ਨੂੰ ਜਿਵੇਂ ਪਸਤ ਕੀਤਾ ਹੈ, ਉਸ ਨੇ ਇਕ ਨਵੀਂ ਬਹਿਸ ਨੂੰ ਜਨਮ ਦਿੱਤਾ ਹੈ ਕਿ ਉਤਰ-ਕੋਰੋਨਾ ਜੁਗ ਦੀਆਂ ਤਰਜੀਹਾਂ ਕੀ ਹੋਣਗੀਆਂ। ਇਨ੍ਹਾਂ ਨੂੰ ਮਨੁੱਖ ਤਹਿ ਕਰੇਗਾ ਕਿ ਬਜ਼ਾਰ? ਨਵਾਂ ਪੂੰਜੀਵਾਦ ਕਿਸੇ ਨਵੇਂ ਮਾਡਲ ਦੀ ਤਲਾਸ਼ ਕਰੇਗਾ ਜਾਂ ਪੁਰਾਣੇ ਮਾਡਲਾਂ ਦੀ ਭੰਨ ਤੋੜ ਕਰੇਗਾ? ਸੁਪਰ ਪਾਵਰਾਂ ਦੀ ਅੰਨ੍ਹੀ ਦੌੜ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਹੈ। ਉਨ੍ਹਾਂ ਦੇ ਸਿਹਤ ਪ੍ਰਬੰਧਾਂ ਦੀ ਜਿਵੇਂ ਪੋਲ ਖੁੱਲ੍ਹੀ ਹੈ ਉਸ ਨੇ ਸਾਬਤ ਕਰ ਦਿੱਤਾ ਹੈ ਕਿ ਮਨੁੱਖ ਦੀ ਹੋਂਦ ਲਈ ਪ੍ਰਮਾਣੂ ਬੰਬਾਂ ਸਮੇਤ ਹੋਰ

ਹਥਿਆਰਾਂ ਦੇ ਸਿਹਤ ਸਹੂਲਤਾਂ ਤੇ ਸਿਹਤਮੰਦ ਆਲਾ ਦੁਆਲਾ ਵਧੇਰੇ ਜ਼ਰੂਰੀ ਹੈ। ਵਸਤਾਂ ਦੇ ਅੰਬਾਰ ਕਦੇ ਵੀ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਦੇ ਬਦਲ ਨਹੀਂ ਹੋ ਸਕਦੇ। ਆਉਣ ਵਾਲਾ ਸਮਾਂ ਸੰਕਟਾਂ ਨਾਲ ਭਰਿਆ ਹੋਇਆ ਹੈ। ਬੁਨਿਆਦੀ ਸੁਆਲਾਂ ਵਿਚ ਟੇਢ ਆਏਗੀ। ਉਨ੍ਹਾਂ ਦੇ ਜੁਆਬ ਸੌਖਿਆਂ ਨਹੀਂ ਮਿਲਣ ਲੱਗੇ। ਇਹਦੇ ਲਈ ਸੋਚ ਨੂੰ ਬਦਲਣ ਦਾ ਮੁੱਦਾ ਬੜਾ ਪ੍ਰਮੁੱਖ ਹੈ। ਆਰਥਿਕ, ਸਮਾਜਕ, ਰਾਜਨੀਤਕ ਤੇ ਧਾਰਮਿਕ ਪੱਖੋਂ ਨਵੀਂਆਂ ਬਹਿਸਾਂ ਛਿੜਨਗੀਆਂ। ਹੋ ਸਕਦੈ ਉਤਰ-ਕੋਰੋਨਾ ਜੁਗ ਮਨੁੱਖਤਾ ਲਈ ਕੋਈ ਵੱਡੇ ਸਬੱਬਾਂ ਦਾ ਕਾਰਨ ਬਣੇ ਜਾਂ ਇਹ ਵੀ ਹੋ ਸਕਦੈ ਇਹ ਕਿਸੇ ਬਿਮਾਰ ਮਾਨਸਿਕਤਾ ਨੂੰ ਜਨਮ ਦੇਵੇ। ਇਸ ਵੇਲੇ ਵੱਡੀ ਲੋੜ ਉਨ੍ਹਾਂ ਲੋਕਾਂ ਦੀ ਬਾਂਹ ਫੜਨ ਦੀ ਹੈ ਜੋ ਭੁੱਖ ਨਾਲ ਝੰਬੇ ਕਿਸੇ ਮਸੀਹੇ ਦੀ ਉਡੀਕ ਵਿਚ ਹਨ। ਕਿਸਾਨਾਂ, ਮਜ਼ਦੂਰਾਂ, ਕਾਰੀਗਰਾਂ ਲਈ ਸਮਾਂ ਬਲਦੀਆਂ ਰਾਹਾਂ ਤੇ ਤੁਰਨ ਦਾ ਹੈ। ਸਰਕਾਰੀ

ਸਹਾਇਤਾ ਬਹੁਤ ਕੁਝ ਸਵਾਰ ਸਕਦੀ ਹੈ ਪਰ ਜੇ ਲੋੜਵੰਦਾਂ ਤੱਕ ਪਹੁੰਚੇ। ਦੁਨੀਆ ਭਰ ਦੇ ਸਿਆਣਿਆਂ ਵੱਲ ਕੁਲ ਆਲਮ ਨਜ਼ਰਾਂ ਗੱਡੀ ਦੇਖ ਰਿਹਾ ਹੈ। ਆਸ ਹੈ ਸਿਆਣੇ ਰਾਹ ਦਸੇਰੇ ਬਣਨਗੇ ਤੇ ਉਤਰ-ਕੋਰੋਨਾ ਜੁਗ ਵਿਚ ਡੁੱਬ ਰਹੀ ਮਨੁੱਖਤਾ ਦੀ ਬੇੜੀ ਨੂੰ ਕਿਸੇ ਕੰਢੇ ਲਾ ਕੇ ਦਮ ਲੈਣਗੇ।

ਪੋਸਟ ਸਕਰਿਪਟ

ਇਸ ਪਰਥਾਏ ਲਾਤੀਨੀ ਚਿੰਤਕ ਐਦੂਆਰਦੋ ਗਲੇਆਨੋ ਦੀ ਟਿੱਪਣੀ ਯਾਦ ਰੱਖਣੀ ਚਾਹੀਦੀ ਹੈ ਕਿ- ਸੱਤਾ ਦੀ ਯਾਦਦਾਸ਼ਤ ਕਮਜ਼ੋਰ ਹੁੰਦੀ ਹੈ, ਉਹ ਹਮੇਸ਼ਾ ਅਨਿਆਂ ਨੂੰ ਸੁੰਦਰ ਲਿਬਾਸ ਪੁਆਂਦੀ ਹੈ। ਸ਼ਾਸਕਾਂ ਦੇ ਅਪਰਾਧਾਂ ਨੂੰ ਮੁਆਫ਼ੀ ਯੋਗ ਬਣਾਉਣ ਲਈ ਤੇ ਉਨ੍ਹਾਂ ਦੇ ਬਚਾਓ ਲਈ ਲੰਮੇ ਚੌੜੇ ਭਾਸ਼ਣ ਦੇਂਦੀ ਹੈ। ਕਾਨੂੰਨ ਅਤੇ ਸਜਾ ਨਾਲ ਬੇਧੜਕ ਚਲਦਾ ਨਿਜ਼ਾਮ ਸਾਡੇ ਕੋਲੋਂ

ਬਹੁਤ ਕੁਝ ਭੁਲਾਉਣ ਦੀ ਮੰਗ ਕਰਦਾ ਹੈ।

93

ਖ਼ਰਗੋਸ਼ ਤੇ ਕੱਛੂਕੁੰਮਾ

ਬੈਠੇ ਬੈਠੇ ਅੱਜ ਈਸਪ ਯਾਦ ਆ ਗਿਆ। ਖ਼ਰਗੋਸ਼ ਤੇ ਕੱਛੂਕੁੰਮੇ ਦੀ ਕਹਾਣੀ ਸਾਰਿਆਂ ਨੂੰ ਯਾਦ ਹੋਵੇਗੀ। ਖ਼ਰਗੋਸ਼ ਨੇ ਕੱਛੂਕੁੰਮੇ ਨੂੰ ਮਿਹਣਾ ਮਾਰਿਆ ਕਿ ਤੇਰੀ ਚਾਲ ਬੜੀ ਢਿੱਲੀ ਹੈ ਤੂੰ ਮੇਰੇ ਜਿੰਨਾ ਨਹੀਂ ਭੱਜ ਸਕਦਾ। ਕੱਛੂਕੁੰਮਾ ਕਹਿਣ ਲੱਗਾ ਦੌੜ ਲਾ ਕੇ ਦੇਖ ਲੈ। ਅਗਲੇ ਦਿਨ ਦੌੜ ਲਾਉਣ ਲਈ ਸਮਾਂ ਤੇ ਥਾਂ ਮਿੱਥ ਲਈ ਗਈ। ਇਹ ਗੱਲ ਈਸਪ ਦੇ ਜ਼ਮਾਨੇ ਦੀ ਹੈ, ਇਸ ਲਈ ਕਿਸੇ ਨੇ ਵਿਸਲ ਮਾਰ ਕੇ ਜਾਂ ਝੰਡੀ ਦਿਖਾ ਕੇ ਉਨ੍ਹਾਂ ਨੂੰ ਰਵਾਨਾ ਨਹੀਂ ਕੀਤਾ। ਉਨ੍ਹਾਂ ਆਪ ਹੀ ਦੌੜ ਸ਼ੁਰੂ ਕਰ ਲਈ ਤੇ ਮਿਥੇ ਸਥਾਨ ਤੇ ਪਹੁੰਚ ਕੇ ਮਿਲਣ ਦਾ ਫ਼ੈਸਲਾ ਕੀਤਾ। ਖ਼ਰਗੋਸ਼ ਨੇ ਪੈਂਦਿਆਂ ਪੰਜੇ ਚੁੱਕੇ ਤੇ ਉਹ ਗਿਆ ਉਹ ਗਿਆ। ਮਿੰਟਾਂ ਵਿਚ ਅੱਖੋਂ ਓਹਲੇ ਹੋ ਕੇ ਮੰਜ਼ਲ

ਵੱਲ ਵਧਣ ਲੱਗਾ। ਕੱਛੂ ਆਪਣੀ ਚਾਲ ਚਲਣ ਲੱਗਾ ਜਿਵੇਂ ਉਹਦੇ ਵਡੇਰੇ ਚਲਦੇ ਆਏ ਸਨ। ਓਧਰ ਅੱਧ ਵਿਚ ਪਹੁੰਚ ਕੇ ਖ਼ਰਗੋਸ਼ ਨੂੰ ਫੁਰਨਾ ਫੁਰਿਆ ਕੱਛੂ ਤਾਂ ਸ਼ਾਮ ਤੋਂ ਪਹਿਲਾਂ ਨਹੀਂ ਪਹੁੰਚਦਾ, ਪਿਆਸ ਵੀ ਬੜੀ ਲੱਗੀ ਹੈ ਕਿਉਂ ਨਾ ਪਾਣੀ ਪੀ ਕੇ ਥੋੜ੍ਹਾ ਸੁਸਤਾ ਲਿਆ ਜਾਵੇ, ਯਾਰਾਂ ਤਾਂ ਮਿੰਟੋ ਮਿੰਟੀ ਜਾ ਪਹੁੰਚਣਾ। ਪਾਣੀ ਪੀ ਕੇ ਖ਼ਰਗੋਸ਼ ਸੌਂ ਗਿਆ ਤੇ ਲੱਗਾ ਘੁਰਾੜੇ ਮਾਰਨ। ਓਧਰ ਕੱਛੂ ਧੀਰਜ ਨਾਲ ਤੁਰਦਾ ਸ਼ਾਮ ਪੈਣ ਤੇ ਮੰਜ਼ਲ ਤੇ ਜਾ ਪਹੁੰਚਿਆ। ਉਹਨੇ ਏਧਰ ਓਧਰ ਨਿਗ੍ਹਾ ਦੌੜਾਈ ਪਰ ਖ਼ਰਗੋਸ਼ ਕਿਧਰੇ ਨਜ਼ਰ ਨਾ ਆਇਆ। ਖ਼ਰਗੋਸ਼ ਦੀ ਜਦੋਂ ਅੱਖ ਖੁੱਲ੍ਹੀ ਸ਼ਾਮ ਢਲ ਚੁੱਕੀ ਸੀ। ਉਹ ਛੜੱਪਾ ਮਾਰ ਕੇ ਭੱਜਿਆ ਮੰਜ਼ਲ ਤੇ ਜਾ ਪਹੁੰਚਿਆ। ਅੱਗੇ ਕੱਛੂ ਨੂੰ ਉਡੀਕ ਕਰਦਿਆਂ ਵੇਖ ਕੇ ਸਮਝ ਗਿਆ ਕਿ ਉਹ ਬਾਜ਼ੀ ਹਾਰ ਗਿਐ। ਨੈਤਿਕ ਸਿੱਖਿਆ ਦੱਸਣ ਦੀ ਲੋੜ ਨਹੀਂ ਕਿਉਂਕਿ ਜ਼ਮਾਨਾ ਬਦਲ ਗਿਆ। ਇਹ ਵੀ ਕਹਿੰਦੇ ਨੇ ਕਿ ਕੱਛੂ ਨੇ ਧਰਤੀ ਨੂੰ

ਚੁੱਕਿਆ ਹੋਇਐ। ਉਸ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਜਾਂਦਾ ਹੈ। ਜਦੋਂ ਦੇਵਤੇ ਤੇ ਦੈਂਤਾਂ ਨੇ ਰਲ ਕੇ ਖੀਰ ਸਮੁੰਦਰ ਰਿੜਕਣ ਦੀ ਸਲਾਹ ਬਣਾਈ ਤਾਂ ਮੰਦਰਾਚਲ ਪਰਬਤ ਦਾ ਮਧਾਣਾ ਪਾ ਕੇ, ਬਾਸ਼ਕ ਨਾਗ ਦਾ ਨੇਤਰਾ ਬਣਾਇਆ। ਓਦੋਂ ਵਿਸ਼ਨੂੰ ਨੇ ਕੱਛੂਕੁੰਮੇ ਦੇ ਰੂਪ ਵਿਚ ਅਵਤਾਰ ਧਾਰ ਕੇ ਪਰਬਤ ਦਾ ਸਾਰਾ ਭਾਰ ਆਪਣੀ ਪਿੱਠ ਤੇ ਸੰਭਾਲ ਲਿਆ। ਕਾਲਕਾ ਪੁਰਾਣ ਅਨੁਸਾਰ ਧਰਤੀ ਸ਼ੇਸ਼ਨਾਗ ਦੇ ਸਹੰਸਰ ਫਣਾਂ ਤੇ ਖੜੀ ਸੀ, ਪਰ ਉਸ ਨੇ ਧਰਤੀ ਨੂੰ ਫਣਾਂ ਤੋਂ ਲਾਹ ਕੇ ਪਰੇ ਵਗ੍ਹਾ ਮਾਰਿਆ। ਧਰਤੀ ਪਤਾਲ ਵਿਚ ਧਸਣ ਲੱਗੀ। ਓਦੋਂ ਵਿਸ਼ਨੂੰ ਨੇ ਕੁਰਮਾ ਅਵਤਾਰ ਧਾਰ ਕੇ ਧਰਤੀ ਨੂੰ ਪਤਾਲ ਵਿਚ ਜਾਣ ਤੋਂ ਰੋਕ ਲਿਆ। ਵਿਆਸ ਅਨੁਸਾਰ ਕੁਰਮੇ ਦੀ ਪਿੱਠ ਲੱਖ ਯੋਜਨ ਲੰਮੀ ਸੀ। ਅਸੀਂ ਅੱਜ ਵਿਕਾਸ ਦੇ ਦੌਰ ਵਿਚੋਂ ਲੰਘ ਰਹੇ ਹਾਂ, ਨਾਲ ਹੀ ਮਹਾਮਾਰੀ ਦਾ ਦੌਰ ਹੈ। ਜੇ ਖ਼ਰਗੋਸ਼ ਨੂੰ ਵਿਕਾਸ ਮੰਨ ਲਈਏ ਤਾਂ ਨਿਸ਼ਚੇ ਹੀ ਅਸੀਂ ਹਾਰ ਚੁੱਕੇ ਹਾਂ। ਕੱਛੂ

ਕੁਦਰਤ ਦਾ ਚਿੰਨ੍ਹ ਹੈ। ਉਸ ਦੀ ਚਾਲ ਨੂੰ ਨਾ ਅਸੀਂ ਤੋੜ ਸਕੇ ਹਾਂ ਨਾ ਸਮਝ ਸਕੇ ਹਾਂ। ਕੱਛੂ ਨੇ ਧਰਤੀ ਚੁੱਕੀ ਹੋਈ ਹੈ। ਉਹਦੀ ਪਿੱਠ ਵੀ ਬੜੀ ਵਿਸ਼ਾਲ ਹੈ, ਅਸੀਂ ਉਹਦੀ ਥਾਹ ਨਹੀਂ ਪਾ ਸਕਦੇ। ਅੱਜ ਅਸੀਂ ਟੁੱਟ ਰਹੇ ਹਾਂ, ਜ਼ਿੰਦਗੀ ਦੇ ਲਾਲੇ ਪਏ ਹੋਏ ਹਨ, ਭੁੱਖ ਮਰੀ ਵਧ ਰਹੀ ਹੈ, ਜੀਣ ਥੀਣ ਦੇ ਸਾਧਨ ਘੱਟ ਰਹੇ ਹਨ, ਚਿੰਤਨ ਖੋਖਲੇ ਲੱਗ ਰਹੇ ਹਨ, ਰੱਬ ਦੀ ਬਹੁੜੀ ਨਜ਼ਰ ਨਹੀਂ ਆਉਂਦੀ। ਸਾਡਾ ਦੁਖਾਂਤ ਇਹ ਹੈ ਕਿ ਅਸਾਂ ਖ਼ਰਗੋਸ਼ ਤੇ ਵਿਸ਼ਵਾਸ ਕਰ ਲਿਆ ਪਰ ਜਿਸ ਕੱਛੂ ਨੇ ਸਾਡਾ ਭਾਰ ਚੁੱਕਿਆ ਹੋਇਐ ਉਹਦੀ ਧਰਤੀ ਨੂੰ ਅਸੀਂ ਰਹਿਣ ਜੋਗਾ ਨਹੀਂ ਛੱਡਿਆ।

ਪੋਸਟ ਸਕਰਿਪਟ

ਇਤਿਹਾਸ, ਮਿਥਿਹਾਸ ਵਿਚ ਖ਼ਰਗੋਸ਼ ਹੁਣ ਕਿਧਰੇ ਨਜ਼ਰ ਨਹੀਂ ਆਉਂਦਾ ਪਰ ਕੱਛੂ ਕੁਰਮ ਬਣ ਕੇ ਅਵਤਾਰ ਦੀ ਉਪਾਧੀ ਹਾਸਲ

ਕਰ ਗਿਆ। ਸਾਰ ਤੱਤ ਇਹੀ ਹੈ ਕਿ ਅੰਨ੍ਹੀ ਦੌੜ ਵਿਚ ਅਸੀਂ ਹਾਰ ਜਾਵਾਂਗੇ, ਕੱਛੂ ਦੌੜ ਵਿਚ ਧਰਤੀ ਦੇ ਸਿਕਦਾਰ ਬਣੇ ਰਹਾਂਗੇ। ਕੋਰੋਨਾ ਨੇ ਖਰਗੋਸ਼ੀ ਪਹੀਏ ਨੂੰ ਇਕ ਵਾਰ ਰੋਕ ਦਿੱਤਾ ਹੈ। ਜੇ ਅਸੀਂ ਚਾਲ ਨਾ ਬਦਲੀ ਤਾਂ ਵੂਹਾਨ ਵਰਗਾ ਅੱਤ ਆਧੁਨਿਕ ਸ਼ਹਿਰ ਵੀ ਅੰਤ ਨੂੰ ਮੁਰਦਿਆਂ ਦੀ ਬਸਤੀ ਨਜ਼ਰ ਆਏਗਾ।

94

ਚੋਲ੍ਹਾ ਟਾਕੀਆਂ ਵਾਲਾ (ਡਾ. ਹਰਿਭਜਨ ਸਿੰਘ)

ਮਨੁੱਖ ਦੇ ਕੀਤਿਆਂ ਬਹੁਤ ਕੁਝ ਹੁੰਦਾ ਹੈ। ਪਰ ਬਹੁਤ ਕੁਝ ਮਨੁੱਖ ਦੇ ਕੀਤਿਆਂ ਨਹੀਂ ਹੁੰਦਾ, ਨਹੀਂ ਹੋ ਸਕਦਾ। ਮੈਨੂੰ ਬਹੁਤ ਕੁਝ ਉਨ੍ਹਾਂ ਵਸਤਾਂ-ਵਿਅਕਤੀਆਂ ਨੇ ਬਣਾਇਆ ਹੈ ਜੋ ਮੈਨੂੰ ਨਹੀਂ ਮਿਲ ਸਕੇ। ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਮਨੁੱਖ ਨੂੰ ਉਹਦੀ ਸੰਗਤ ਬਣਾਉਂਦੀ ਹੈ। ਮੈਨੂੰ ਬਹੁਤ ਕੁਝ ਮੇਰੀ ਅਸੰਗਤ ਨੇ ਬਣਾਇਆ ਹੈ। ਮੈਂ ਆਲ਼ੇ- ਦੁਆਲੇ ਦੀ ਦੁਨੀਆ ਤੋਂ ਵੱਖਰਾ ਹਾਂ। ਇਹ ਗੱਲ ਮੈਂ ਹਉਮੈਂ ਵਜੋਂ ਨਹੀਂ ਕਹਿੰਦਾ, ਆਪਣੇ ਆਪ ਨੂੰ ਪਛਾਣਨ ਦੇ ਜਤਨ ਵਜੋਂ ਕਹਿੰਦਾ ਹਾਂ। ਆਪਣੇ ਆਪ ਨੂੰ ਮੇਰਾ ਪਹਿਲਾ ਸੁਆਲ ਹੈ- ਮੇਰੇ ਨਾਲ ਵਾਪਰ ਕੀ ਗਿਆ? ਤੇ ਏਸੇ ਨਾਲ ਜੁੜਿਆ ਦੂਜਾ ਸੁਆਲ ਹੈ ਕਿ- ਮੈਂ ਆਪ ਦੁਨੀਆ ਨੂੰ ਕਿਵੇਂ ਵਾਪਰਦਾ ਹਾਂ? ਮੈਂ

ਫ਼ਾਸਲੇ ਉਪਰ ਖਲੋ ਕੇ ਦੁਨੀਆ ਦਾ ਸੁਹਜ- ਦਰਸ਼ਨ ਕੀਤਾ ਹੈ। “ਇਸ ਸ਼ਹਿਰ ਵਿਚੋਂ ਲੰਘੇ ਹਾਂ ਮੁਸਾਫ਼ਰਾਂ ਦੇ ਵਾਂਗ/ਸੋਹਣੇ ਦੂਰੋਂ ਦੂਰੋਂ ਵੇਖਦੇ ਹਾਂ ਵਾਫਰਾਂ ਦੇ ਵਾਂਗ।” ਮੈਂ ਦੁਨੀਆ ਨੂੰ ਛੋਹਿਆ ਨਹੀਂ, ਇਸ ਤੋਂ ਨਿਰਲੇਪ ਹੋ ਕੇ ਇਹਨੂੰ ਲੋਚਿਆ ਹੈ। ਇਹਨੂੰ ਸਲਾਹਿਆ ਹੈ। ਦੁਨੀਆ ਮੇਰੇ ਲਈ ਏਨੀ ਉਪਯੋਗੀ ਨਹੀਂ ਜਿੰਨੀ ਸੁੰਦਰ ਹੈ। ਵਸਤਾਂ ਮੈਨੂੰ ਕਬਜ਼ੇ ਦੇ ਰੂਪ ਵਿਚ ਨਹੀਂ ਮਿਲੀਆਂ, ਪਰ ਉਨ੍ਹਾਂ ਦੀਆਂ ਨਿਹਾਇਤ ਖ਼ੂਬਸੂਰਤ ਤਸਵੀਰਾਂ ਮੇਰੇ ਜ਼ਿਹਨ ਵਿਚ ਹਨ। ਸੁੰਦਰਤਾ ਮੇਰੇ ਲਈ ਕੋਈ ਸੰਕਲਪ ਨਹੀਂ, ਆਪਣੀ ਵਿਸ਼ੇਸ਼ ਸਥਿਤੀ ਵਿਚ ਵੇਖੇ ਸੰਸਾਰ ਦਾ ਜਿਉਂਦਾ ਜਾਗਦਾ ਅਨੁਭਵ ਹੈ। ਏਸੇ ਅਨੁਭਵ ਦਾ ਸ਼ਾਬਦਿਕ ਉਤਾਰਾ ਹੈ ਮੇਰੀ ਕਵਿਤਾ। (ਇਕ ਫੁੱਟ-ਨੋਟ ਵਿਚੋਂ)

ਪੋਸਟ ਸਕਰਿਪਟ

ਇਹੋ ਜਿਹੀ ਦ੍ਰਿਸ਼ਟੀ ਹੀ ਮਨੁੱਖ ਨੂੰ ਮਹਾਨ ਬਣਾਉਂਦੀ ਹੈ। ਮਨੁੱਖੀ ਅਨੁਭਵ ਬੜੀ ਕੀਮਤੀ ਚੀਜ਼ ਹੈ। ਅੱਜ ਕੱਲ੍ਹ ਅਸੀਂ ਜਿਸ ਦੌਰ ਵਿਚੋਂ ਲੰਘ ਰਹੇ ਹਾਂ ਇਹ ਇਤਿਹਾਸ ਦਾ ਇਕ ਅਜਿਹਾ ਮੋੜ ਹੈ ਜਦੋਂ ਅਸੀਂ ਉਤਰ-ਕੋਰੋਨਾ ਜੁਗ ਵਿਚ ਪ੍ਰਵੇਸ਼ ਕਰ ਰਹੇ ਹਾਂ। ਕਈ ਤਰ੍ਹਾਂ ਦੇ ਖ਼ਦਸ਼ੇ ਜ਼ਾਹਰ ਕੀਤੇ ਜਾ ਰਹੇ ਹਨ ਕਿ ਮਨੁੱਖ ਦੀਆਂ ਤਰਜੀਹਾਂ ਬਦਲ ਜਾਣਗੀਆਂ, ਪੂੰਜੀਵਾਦ ਦਾ ਇਕ ਨਵਾਂ ਦੌਰ ਸ਼ੁਰੂ ਹੋ ਜਾਏਗਾ, ਮਨੁੱਖ ਦੀਆਂ ਲੋੜਾਂ ਦੀਆਂ ਬੁਨਿਆਦੀ ਵਸਤਾਂ ਘੱਟ ਜਾਣਗੀਆਂ, ਨੈਤਿਕਤਾ ਦੇ ਨਵੇਂ ਮਿਆਰ ਸਾਹਮਣੇ ਆਉਣਗੇ, ਵਧਦੀ ਬੇਰੁਜ਼ਗਾਰੀ, ਭੁੱਖ ਨੰਗ ਸਾਰੇ ਹੱਦਾਂ ਬੰਨੇ ਟੱਪ ਜਾਏਗੀ। ਅਜਿਹੇ ਹਾਲਤਾਂ ਵਿਚ ਸਾਹਿਤ, ਸੁਹਜ, ਨਿਆਂ, ਕਲਾ, ਧਰਮ, ਰਾਜਨੀਤੀ, ਭਵਿੱਖ ਆਦਿ ਦੇ ਸੁਆਲਾਂ ਸਾਹਮਣੇ ਕੀ ਰਣਨੀਤੀ ਹੋਵੇਗੀ? ਕੀ ਸੱਚਮੁੱਚ ਸਭ ਕੁਝ ਬਦਲ ਜਾਏਗਾ? ਮਨੁੱਖੀ ਹੋਂਦ ਕੀ

ਰਹਿ ਜਾਏਗੀ? ਕੀ ਪਰਮਾਣੂ ਪ੍ਰੋਗਰਾਮਾਂ ਨੂੰ ਓਵੇਂ ਜਾਰੀ ਰੱਖਿਆ ਜਾਵੇਗਾ ਜਾਂ ਇਹਦਾ ਹਊਆ ਸੁਪਰ ਤਾਕਤਾਂ ਮਾੜੇ ਨੂੰ ਡਰਾਉਣ ਲਈ ਉਂਜ ਹੀ ਵਰਤਣਗੀਆਂ? ਜਾਂ ਇਹਦੀ ਵਰਤੋਂ ਮਨੁੱਖਤਾ ਦੇ ਭਲੇ ਲਈ ਕਰਨ ਵਾਸਤੇ ਕੋਈ ਅਹਿਦ ਲੈਣਗੀਆਂ? ਦੁਨੀਆ ਤੇ ਇਸ ਵੇਲੇ ਜਿਹੋ ਜਿਹੀ ਬੌਖਲਾਹਟ ਹੈ, ਹਫ਼ੜਾ ਦਫ਼ੜੀ ਮਚੀ ਹੋਈ ਹੈ, ਦੂਸ਼ਣਬਾਜ਼ੀ ਹੋ ਰਹੀ ਹੈ, ਉਹ ਨਿਰਾਸ਼ਾ ਵਿਚੋਂ ਪੈਦਾ ਹੋਈ ਹੈ। ਇਹ ਚਿੰਤਾਜਨਕ ਹੈ। ਮਨੋਰੋਗੀਆਂ ਦੀ ਗਿਣਤੀ ਵਧ ਰਹੀ ਹੈ। ਇਸ ਨਾਲ ਇਕ ਅਦਿੱਖ ਹਿੰਸਾ ਸਿਰ ਚੁੱਕ ਰਹੀ ਹੈ ਜਿਸ ਦਾ ਸ਼ਾਇਦ ਦੁਨੀਆ ਨੂੰ ਪਹਿਲਾਂ ਅਨੁਭਵ ਨਹੀਂ। ਮਨੁੱਖ ਬੜੇ ਲੰਮੇ ਸੰਘਰਸ਼ ਤੋਂ ਬਾਅਦ ਬ੍ਰਹਿਮੰਡ ਦਾ ਸੁਆਮੀ ਬਣਿਆ ਹੈ ਪਰ ਏਨਾ ਤਾਕਤਵਰ ਹੋਣ ਦੇ ਬਾਵਜੂਦ ਉਹਦੇ ਲਈ ਜਾਨ ਬਚਾਉਣ ਦਾ ਮਸਲਾ ਸਭ ਤੋਂ ਵੱਧ ਅਹਿਮੀਅਤ ਵਾਲਾ ਬਣਿਆ ਹੋਇਆ ਹੈ। ਕੋਰੋਨਾ ਨਾਲ ਜਿਵੇਂ ਮਨੁੱਖੀ ਘਾਣ ਹੋਇਆ ਹੈ ਇਸ ਨੇ ਸਮੁੱਚੇ

ਵਿਸ਼ਵ ਸਾਹਮਣੇ ਮਨੁੱਖ ਦੀ ਹਉਂ ਨੂੰ ਵੰਗਾਰਿਆ ਹੈ। ਜੇ ਹੁਣ ਵੀ ਦੁਨੀਆ ਦੇ ਆਗੂ ਝੂਠੀ ਹਉਂ ਨਾ ਤਿਆਗ ਸਕੇ ਤਾਂ ਮਨੁੱਖ ਅਜਿਹੀ ਤਬਾਹ-ਕੁੰਨ ਸਥਿਤੀ ਵਿਚ ਪਹੁੰਚ ਜਾਏਗਾ ਜਿੱਥੋਂ ਮੁੜਨਾ ਅਸੰਭਵ ਹੋਵੇਗਾ। ਦੁਨੀਆ ਭਰ ਦੇ ਦਾਨਿਸ਼ਵਰਾਂ, ਲੇਖਕਾਂ, ਬੁੱਧੀ-ਜੀਵੀਆਂ, ਚਿੰਤਕਾਂ, ਕਲਾਕਾਰਾਂ, ਵਿਗਿਆਨੀਆਂ ਨੂੰ ਸਿਰ ਜੋੜ ਕੇ ਮਨੁੱਖਤਾ ਨੂੰ ਬਚਾਉਣ ਦਾ ਜਤਨ ਕਰਨਾ ਚਾਹੀਦਾ ਹੈ। ਨਹੀਂ ਤਾਂ ਦੁਨੀਆ ਮੋਹਨਜੋਦੜੋ ਅਰਥਾਤ ਮੋਇਆਂ ਦੀ ਕਬਰ ਬਣ ਕੇ ਰਹਿ ਜਾਏਗੀ।

95

ਨਿਸਚੈ ਕਰਿ ਆਪਣੀ...

ਮਨੁੱਖ ਜਦੋਂ ਬਿਪਤਾ ਵਿਚ ਘਿਰ ਜਾਂਦਾ ਹੈ ਤਾਂ ਉਹ ਕੋਈ ਨਾ ਕੋਈ ਆਸਰਾ ਭਾਲਦਾ ਹੈ। ਸਦੀਆਂ ਪਹਿਲਾਂ ਉਹਨੇ ਰੱਬ ਦੀ ਕਾਢ ਕੱਢ ਲਈ ਤੇ ਹੌਲੀ ਹੌਲੀ ਹਰ ਇਕ ਨੇ ਆਪਣਾ ਆਪਣਾ ਰੱਬ ਬਣਾ ਲਿਆ। ਹਰ ਰੱਬ ਲਈ ਮਨੁੱਖ ਨੇ ਆਪਣੀ ਆਪਣੀ ਅਰਦਾਸ/ ਅਰਜੋਈ/ਜੋਦੜੀ ਬਣਾ ਲਈ ਤੇ ਇੰਜ ਮਨੁੱਖ ਦੇ ਦੁੱਖਾਂ ਸੁੱਖਾਂ ਦਾ ਇਕ ਅਦਿੱਖ ਗਵਾਹ ਬਣ ਗਿਆ ਜਿਸ ਨੂੰ ਮਨੁੱਖ ਜਦੋਂ ਚਾਹੇ ਅਵਾਜ਼ ਮਾਰ ਕੇ ਆਪਣੀ ਵਿਥਿਆ ਸੁਣਾ ਸਕਦਾ ਹੈ ਤੇ ਆਪਣੇ ਦੁੱਖਾਂ ਸੁੱਖਾਂ, ਮੁਸੀਬਤਾਂ ਲਈ ਉਹਨੂੰ ਜ਼ਿੰਮੇਵਾਰ ਠਹਿਰਾ ਸਕਦਾ ਹੈ, ਉਲਾਂਭੇ ਦੇ ਸਕਦਾ ਹੈ। ਇਤਿਹਾਸ ਦੇ ਹਰ ਵੱਡੇ ਮੋੜ ਤੇ ਜਦੋਂ ਮਨੁੱਖਤਾ ਰਸਾਤਲ ਵੱਲ ਜਾਣ ਲਗਦੀ ਹੈ ਤਾਂ ਕੋਈ ਗੁਰੂ, ਪੀਰ,

ਪੈਗ਼ੰਬਰ ਲੁਕਾਈ ਦੀ ਅਗਵਾਈ ਕਰਦਾ ਇਹਦੀ ਬੇੜੀ ਬੰਨ੍ਹੇ ਲਾ ਦੇਂਦਾ ਹੈ। ਅੱਜ ਕੱਲ੍ਹ ਫੈਲੀ ਮਹਾਮਾਰੀ ਵਿਚ ਰੱਬ ਦੀ ਪਰਿਭਾਸ਼ਾ ਤੇ ਕਿੰਤੂ ਪਰੰਤੂ ਕੀਤੇ ਜਾ ਰਹੇ ਹਨ। ਮਨੁੱਖ ਦੀ ਅਗਵਾਈ ਕਰਨ ਵਾਲਾ ਕੋਈ ਰਹਿਬਰ ਨਜ਼ਰ ਨਹੀਂ ਆ ਰਿਹਾ। ਅਸਲ ਵਿਚ ਮਨੁੱਖ ਪਦਾਰਥ ਦੀ ਦ੍ਵੰਦਾਤਮਿਕਤਾ ਨੂੰ ਪਛਾਣ ਨਹੀਂ ਸਕਿਆ। ਰੱਬ ਤਾਂ ਉਹਦੇ ਬਿਲਕੁਲ ਨੇੜੇ ਹੈ। ਹੁਣ ਅਗਵਾਈ ਮਨੁੱਖ ਨੇ ਖ਼ੁਦ ਕਰਨੀ ਹੈ। ਇਹਦੇ ਲਈ ਉਹਨੂੰ ਤਿਆਗ ਕਰਨਾ ਪਏਗਾ ਪਰ ਤਿਆਗ ਕਰਨ ਲਈ ਕੋਈ ਤਿਆਰ ਨਹੀਂ। ਤੁਹਮਤਾਂ ਦਾ ਬਜ਼ਾਰ ਗਰਮ ਹੈ। ਮਨੁੱਖ ਧਰਤੀ ਦਾ ਸਿਕਦਾਰ ਹੈ ਤੇ ਰਹੇਗਾ। ਲੋੜ ਸਿਰਫ਼ ਨੀਝ ਦੀ ਹੈ। ਇਕ ਵਾਰ ਇਕ ਵੇਲ ਨੇ ਗੁਲਾਬ ਦੇ ਬੂਟੇ ਨੂੰ ਪੁੱਛਿਆ- ਤੇਰੇ ਸੁਰਖ਼ ਰੰਗ, ਮਿੱਠੀ ਖ਼ੁਸ਼ਬੋ ਤੇ ਖਿੜਨ ਦਾ ਭੇਦ ਕੀ ਹੈ? ਗੁਲਾਬ ਦੇ ਬੂਟੇ ਨੇ ਉਤਰ ਦਿੱਤਾ- ਮੇਰਾ ਭੇਦ ਬੜਾ ਸਾਦਾ ਜਿਹੈ। ਮੈਂ ਬੜੇ ਸਬਰ ਤੇ ਯਕੀਨ ਨਾਲ ਆਪਣੀ ਮਿੱਟੀ ਵਿਚ ਜਿਉਂਦਾ ਹਾਂ ਤੇ ਮੇਰੇ ਮਨ

ਵਿਚ ਇਕੋ ਇਕ ਚੀਜ਼ ਹੁੰਦੀ ਹੈ- ਫੁੱਲ। ਮੈਂ ਹਰ ਵੇਲੇ ਫੁੱਲ ਨੂੰ ਚਿਤਵਦਾ ਹਾਂ, ਫੁੱਲ ਦਾ ਸੁਪਨਾ ਦੇਖਦਾ ਹਾਂ। ਉਦੋਂ ਫੁੱਲ ਮੇਰਾ ਰੱਬ ਹੁੰਦਾ ਹੈ, ਮੈਂ ਉਹਨੂੰ ਸਦਾ ਆਪਣੇ ਅੰਗ ਸੰਗ ਮਹਿਸੂਸ ਕਰਦਾ ਹਾਂ। ਬੱਸ, ਇਹੋ ਮੇਰੇ ਸ਼ੋਖ਼ ਰੰਗ, ਮਿੱਠੀ ਖ਼ੁਸ਼ਬੋ ਤੇ ਖਿੜਨ ਦਾ ਭੇਤ ਹੈ। ਅਸੀਂ ਮਨੁੱਖ ਹੋ ਕੇ ਵੀ ਆਪਣਾ ਭੇਤ ਨਹੀਂ ਲੱਭ ਸਕੇ। ਮਨ ਵਿਚ ਧਾਰਿਆ ਜਿੱਤ ਦਾ ਸੁਪਨਾ ਹੀ ਮਨੁੱਖ ਦੀ ਸ਼ਕਤੀ ਦਾ ਗਵਾਹ ਹੈ। ਨਿਸਚੈ ਕਰਿ ਆਪਣੀ ਜੀਤ ਕਰੂੰ।

96

ਹਾਸ਼ਮ ਫ਼ਤਹਿ....

ਹਰ ਲੇਖਕ ਦੀ ਜ਼ਿੰਦਗੀ ਵਿਚ ਕਦੇ ਕਦੇ ਕੋਈ ਅਜਿਹਾ ਵਕਤ ਆ ਜਾਂਦੈ ਜਦੋਂ ਉਹਨੂੰ ਬੇਚੈਨੀ ਮਹਿਸੂਸ ਹੁੰਦੀ ਹੈ, ਕੁਝ ਕਰਨ ਨੂੰ ਚਿੱਤ ਨਹੀਂ ਕਰਦਾ। ਟੀ.ਐੱਸ. ਈਲੀਅਟ ਦੀ ਜ਼ਿੰਦਗੀ ਵਿਚ ਵੀ ਅਜਿਹਾ ਵਕਤ ਆਇਆ। ਉਹਨੇ ਆਪਣੇ ਦੋਸਤ ਆਈਕਨ ਨੂੰ ਇਹਦੇ ਬਾਰੇ ਦੱਸਦਿਆਂ ਕਿਹਾ- ਕਾਫ਼ੀ ਚਿਰ ਤੋਂ ਮੈਂ ਕੁਝ ਵੀ ਨਹੀਂ ਲਿਖ ਸਕਿਆ। ਰੋਜ਼ ਸ਼ਾਮ ਨੂੰ ਦਫ਼ਤਰੋਂ ਘਰ ਜਾਣ ਵੇਲੇ ਸੋਚਦਾ ਹਾਂ ਕਿ ਅੱਜ ਕੁਝ ਨਾ ਕੁਝ ਜ਼ਰੂਰ ਲਿਖਾਂਗਾ। ਪਰ ਕਾਗ਼ਜ਼ ਤੇ ਪੈੱਨ ਪੈਨਸਿਲਾਂ ਅਣਛੋਹੀਆਂ ਹੀ ਪਈਆਂ ਰਹਿ ਜਾਂਦੀਆਂ ਨੇ। ਪਤਾ ਨਹੀਂ ਇਹਦਾ ਕਾਰਨ ਕੀ ਹੈ। ਕੀ ਤੂੰ ਵੀ ਕਦੇ ਇਹੋ ਜਿਹੀ ਖੜੋਤ ਮਹਿਸੂਸ ਕੀਤੀ ਹੈ?

ਹਾਂ- ਉਹਨੇ ਜੁਆਬ ਦਿੱਤਾ।

ਇਸ ਜੁਆਬ ਨਾਲ ਵੀ ਈਲੀਅਟ ਦੀ ਬੇਚੈਨੀ ਘੱਟ ਨਾ ਹੋਈ।

ਦੋ ਦਿਨਾਂ ਬਾਅਦ ਆਈਕਨ ਉਹਨੂੰ ਮਿਲਣ ਆਇਆ ਤੇ ਦੱਸਿਆ ਕਿ ਉਹਨੇ ਆਪਣੇ ਡਾਕਟਰ ਨਾਲ ਇਸ ਬਾਰੇ ਗੱਲ ਕੀਤੀ ਸੀ। ਮਾਨਸਿਕ ਰੋਗਾਂ ਦੇ ਉਸ ਡਾਕਟਰ ਦਾ ਕਹਿਣਾ ਹੈ ਕਿ ਈਲੀਅਟ ਨੂੰ ਡਰ ਹੈ ਕਿ ਉਹ ਸ਼ਾਇਦ ਅਜਿਹੀ ਕੋਈ ਚੀਜ਼ ਨਹੀਂ ਲਿਖ ਸਕੇਗਾ, ਜਿਸ ਵਿਚ ਰੱਬ ਦੀ ਸਿਰਜਣਾ ਵਰਗੀ ਪੂਰਨਤਾ ਹੋਵੇ। ਅਸਲ ਵਿਚ ਉਹ ਆਪਣੇ ਆਪ ਨੂੰ ਰੱਬ ਸਮਝਦਾ ਹੈ। ਇਹ ਸੁਣ ਕੇ ਈਲੀਅਟ ਚੁੱਪ ਵੱਟ ਗਿਆ। ਉਸ ਨੂੰ ਚੁੱਪ ਵੇਖ ਕੇ ਆਈਕਨ ਨੇ ਗੱਲਾਂ ਦਾ ਰੁੱਖ ਬਦਲ ਲਿਆ। ਉਦਾਸੀ, ਖਿਝ,ਬੇਚੈਨੀ ਤੇ ਸਿਰਜਣਾ ਤੋਂ ਟੁੱਟਿਆ ਈਲੀਅਟ ਕੁਝ ਸਮੇਂ ਬਾਅਦ ਸਵਿਟਜ਼ਰਲੈਂਡ ਚਲਾ ਗਿਆ। ਓਥੇ ਜਾ ਕੇ ਉਹਦੀ ਲੇਖਣੀ

ਦੇ ਜਿਵੇਂ ਖੰਭ ਨਿਕਲ ਆਏ ਹੋਣ, ਕਲਮ ਵਿਚ ਜਿਵੇਂ ਸ਼ਬਦਾਂ ਦੇ ਹੜ੍ਹ ਆ ਗਏ ਹੋਣ, ਵਿਚਾਰਾਂ ਦੇ ਕੋਟ ਉੱਸਰਨ ਲੱਗੇ। ਉਹਨੂੰ ਖ਼ੁਦ ਪਤਾ ਨਹੀਂ ਸੀ ਲਗ ਰਿਹਾ ਕਿ ਕਵਿਤਾ ਦੇ ਇਹ ਚਸ਼ਮੇ ਕਿਥੋਂ ਫੁੱਟ ਰਹੇ ਹਨ। ਕੀ ਇਹ ਥਾਂ ਬਦਲੀ ਦੀ ਕਰਾਮਾਤ ਹੈ ਕਿ ਸੁੱਤੀ ਕਲਮ ਜਾਗ ਪਈ ਸੀ ਜਾਂ ਕੁਦਰਤ ਦਾ ਕੋਈ ਕ੍ਰਿਸ਼ਮਾ ਹੈ ਜਿਸ ਨੇ ਉਹਦੇ ਅੰਦਰ ਜੰਮੀ ਬਰਫ਼ ਨੂੰ ਪਿਘਲਾ ਦਿੱਤਾ ਸੀ। ਇਸ ਸਿਰਜਣ ਯਾਤਰਾ ਵਿਚੋਂ ਸਵਿਟਜ਼ਰਲੈਂਡ ਤੋਂ ਜਦੋਂ ਈਲੀਅਟ ਵਾਪਸ ਮੁੜਿਆ ਤਾਂ ਉਹਦੇ ਕੋਲ ਉਹਦੀ ਸ਼ਾਹਕਾਰ ਰਚਨਾ ‘ਦ ਵੈਸਟ ਲੈਂਡ’ ਸੀ।

ਪੋਸਟ ਸਕਰਿਪਟ

ਅੱਜ ਦੇ ਮਹਾਮਾਰੀ ਦੇ ਦੌਰ ਵਿਚ ਬਹੁਤ ਸਾਰੇ ਲੇਖਕ, ਚਿੰਤਕ, ਕਲਾਕਾਰ ਉਦਾਸੀਆਂ ਦੀ ਜੂਨ ਹੰਢਾ ਰਹੇ ਹਨ। ਲੁਕਾਈ ਉਨ੍ਹਾਂ

ਵਲ ਵੇਖ ਰਹੀ ਹੈ। ਸੰਕਟ ਦੇ ਇਸ ਦੌਰ ਵਿਚ ਉਨ੍ਹਾਂ ਨੇ ਜਿੱਤ ਦਾ ਸੁਨੇਹਾ ਦੇਣਾ ਹੈ। ਉਦਾਸੀਆਂ ਕਦੇ ਲੰਮੀਆਂ ਨਹੀਂ ਹੁੰਦੀਆਂ ਇਨ੍ਹਾਂ ਵਿਚੋਂ ਹੀ ਭਵਿੱਖ ਦੀ ਆਸ ਨੇ ਜਾਗਣਾ ਹੈ। ਉੱਠੋ ਤੇ ਕਲਮ ਵਾਹੋ ਵੇਲਾ ਹੋ ਗਿਐ ਉਦਾਸੀਆਂ ਲਾਹੁਣ ਤੇ ਆਸਾਂ ਬੀਜਣ ਦਾ। ਇਕਬਾਲ ਨੇ ਫ਼ਰਮਾਇਆ- ਦਾਣਾ ਖ਼ਾਕ ਮੇਂ ਮਿਲ ਕਰ ਗੁਲੋ ਗੁਲਜ਼ਾਰ ਹੋਤਾ ਹੈ।

97

ਬਿਮਾਰ ਸੂਰ ਦਾ ਕਰਮ

ਕੁਝ ਦਿਨ ਹੋਏ, ਮੈਂ ਅੰਕਲ ਵਾਨਿਆ ਵੇਖਿਆ। ਮੈਂ ਕਿਸੇ ਬੁੱਢੀ ਜ਼ਨਾਨੀ ਵਾਂਗ ਰੋਇਆ। ਮੈਂ ਕਮਜ਼ੋਰ ਕਿਸਮ ਦਾ ਬੰਦਾ ਨਹੀਂ ਹਾਂ, ਪਰ ਇਸ ਨਾਟਕ ਸਦਕਾ ਮੈਂ ਭੈਭੀਤ ਤੇ ਉਲਝੀ ਹੋਈ ਮਾਨਸਿਕ ਹਾਲਤ ਵਿਚ ਘਰ ਪਰਤਿਆ। ਸਾਫ਼ ਲਫ਼ਜ਼ਾਂ ਵਿਚ ਇਹ ਦਸ ਸਕਣਾ ਮੁਸ਼ਕਲ ਹੈ ਕਿ ਇਹ ਨਾਟਕ ਮਨ ਵਿਚ ਕਿਹੋ ਜਿਹੇ ਅਹਿਸਾਸ ਪੈਦਾ ਕਰਦਾ ਹੈ। ਉਸ ਦੇ ਪਾਤਰਾਂ ਨੂੰ ਵੇਖ ਕੇ ਮੈਨੂੰ ਲਗ ਰਿਹਾ ਸੀ, ਜਿਵੇਂ ਕੋਈ ਮੈਨੂੰ ਖੁੰਢੀ ਆਰੀ ਨਾਲ ਚੀਰ ਰਿਹਾ ਹੋਵੇ। ਉਸ ਦੇ ਦੰਦੇ ਸਿੱਧੇ ਮੇਰੇ ਦਿਲ ਵਿਚ ਧਸ ਰਹੇ ਸਨ।ਮੇਰਾ ਦਿਲ ਕਰਾਹੁੰਦਾ ਰਿਹਾ। ਮੇਰੇ ਲਈ ਉਹ ਬੜੀ ਭਿਆਨਕ ਚੀਜ਼ ਸੀ। ਇਕ ਅਜਿਹਾ ਹਥੌੜਾ, ਜਿਸ ਨਾਲ ਤੁਸੀਂ ਲੋਕਾਂ ਦੇ ਖੋਖਲੇ ਦਿਮਾਗ਼ਾਂ

ਤੇ ਸੱਟ ਮਾਰਦੇ ਹੋ। ਪਰ ਲੋਕ ਹਨ ਕਿ ਉਨ੍ਹਾਂ ਦੇ ਮੋਟੇ ਦਿਮਾਗ਼ਾਂ ਤੇ ਕੋਈ ਅਸਰ ਨਹੀਂ ਹੁੰਦਾ। ਅੰਕਲ ਵਾਨਿਆ ਦੇ ਅੰਤਲੇ ਅੰਕ ਵਿਚ, ਜਦ ਚੋਖੀ ਲੰਮੀ ਚੁੱਪ ਪਿੱਛੋਂ, ਡਾਕਟਰ ਅਫ਼ਰੀਕਾ ਦੀ ਗਰਮੀ ਦਾ ਜ਼ਿਕਰ ਕਰਦਾ ਹੈ, ਤਾਂ ਮੈਂ ਤੁਹਾਡੀ ਕਲਾ ਤੇ ਅਸ਼ ਅਸ਼ ਕਰ ਉੱਠਿਆ, ਤੇ ਲੋਕਾਂ ਦੀ ਭੈੜੀ ਜ਼ਿੰਦਗੀ ਦੇ ਖ਼ਿਆਲ ਨਾਲ ਕੰਬ ਉੱਠਿਆ। ਤੁਹਾਡੀ ਇਹ ਸੱਟ ਦਿਲ ਤੇ ਕਿੰਨੇ ਜ਼ੋਰ ਨਾਲ ਪਈ ਸੀ, ਤੇ ਕਿੰਨਾ ਸਹੀ ਨਿਸ਼ਾਨਾ ਸੀ ਉਹਦਾ। ਤੁਹਾਡੇ ਵਿਚ ਅਥਾਹ ਯੋਗਤਾ ਹੈ। ਪਰ ਇਨ੍ਹਾਂ ਸੱਟਾਂ ਨਾਲ ਤੁਸੀਂ ਕੀ ਹਾਸਲ ਕਰਨਾ ਚਾਹੁੰਦੇ ਹੋ? ਕੀ ਉਹ ਮਨੁੱਖ ਨੂੰ ਮੁੜ ਜ਼ਿੰਦਗੀਆਂ ਦੇ ਸਕਣਗੀਆਂ? ਇਸ ਵਿਚ ਸ਼ੱਕ ਨਹੀਂ ਕਿ ਅਸੀਂ ਬੜੇ ਨਕਾਰੇ ਤੇ ਭੈੜੇ ਬੰਦੇ ਹਾਂ, ਅੱਕੇ ਹੋਏ, ਉਦਾਸ ਤੇ ਘਿਨਾਉਣੇ ਬੰਦੇ ਤੇ ਅਜਿਹੇ ਬੰਦਿਆਂ ਨਾਲ ਪਿਆਰ ਤੇ ਹਮਦਰਦੀ ਕਰਨ ਨਾਲ ਤੇ ਉਨ੍ਹਾਂ ਨੂੰ ਜਿਊਣਾ ਸਿਖਾਲਣ ਲਈ ਆਦਮੀ ਨੂੰ ਮਹਾਨ ਗੁਣਾਂ ਵਾਲਾ ਹੋਣਾ ਚਾਹੀਦੈ।

ਕੁਝ ਵੀ ਹੋਵੇ ਲੋਕ ਤਰਸ ਦੇ ਪਾਤਰ ਹਨ। ਤੁਹਾਡੇ ਨਾਟਕ ਨੇ ਮੈਨੂੰ ਭੈਭੀਤ ਵੀ ਕੀਤਾ ਤੇ ਉਦਾਸ ਵੀ। ਇਸ ਤਰ੍ਹਾਂ ਦਾ ਇਕ ਵਾਰ ਮੈਂ ਬਚਪਨ ਵਿਚ ਵੀ ਮਹਿਸੂਸ ਕੀਤਾ ਸੀ। ਬਾ਼ਗ਼ ਦੀ ਇਕ ਨੁੱਕਰੇ ਮੈਂ ਆਪਣੀਂ ਹੱਥੀਂ ਫੁੱਲਾਂ ਦੇ ਬੂਟੇ ਲਾਏ ਸਨ, ਤੇ ਉਹ ਬੜੀ ਸੋਹਣੀ ਤਰ੍ਹਾਂ ਖਿੜੇ ਹੋਏ ਸਨ। ਇਕ ਦਿਨ ਮੈਂ ਉਨ੍ਹਾਂ ਨੂੰ ਪਾਣੀ ਦੇਣ ਗਿਆ, ਤਾਂ ਵੇਖਿਆ ਕਿ ਬੂਟਿਆਂ ਵਾਲੀ ਕਿਆਰੀ ਪੁੱਟੀ ਹੋਈ ਸੀ, ਫੁੱਲ ਮਧੋਲ਼ੇ ਪਏ ਸਨ, ਤੇ ਉਨ੍ਹਾਂ ਉੱਤੇ ਇੱਕ ਬਿਮਾਰ ਸੂਰ ਬੈਠਾ ਹੋਇਆ ਸੀ- ਸਾਡਾ ਆਪਣਾ ਸੂਰ। ਉੱਤੋਂ ਦਿਨ ਵੀ ਵਾਹਵਾ ਨਿੱਖਰਿਆ ਹੋਇਆ ਸੀ ਤੇ ਨਾ- ਮੁਰਾਦ ਸੂਰਜ ਸੀ ਕਿ ਹਮੇਸ਼ਾ ਵਾਂਗ ਬੜੇ ਜੋਸ਼ ਤੇ ਲਾਪਰਵਾਹੀ ਨਾਲ ਉਨ੍ਹਾਂ ਤਬਾਹ ਹੋ ਚੁੱਕੇ ਬੂਟਿਆਂ ਤੇ ਚਮਕ ਰਿਹਾ ਸੀ, ਜੋ ਮੇਰੇ ਦਿਲ ਦਾ ਹਿੱਸਾ ਬਣੇ ਹੋਏ ਸਨ। (ਮੈਕਸਿਮ ਗੋਰਕੀ ਦੇ ਚੈਖ਼ੋਵ ਨੂੰ ਲਿਖੇ ਇਕ ਖ਼ਤ ਵਿਚੋਂ)

ਪੋਸਟ ਸਕਰਿਪਟ

ਕੀ ਮਹਾਮਾਰੀ ਵੀ ਬਿਮਾਰ ਸੂਰ ਤਾਂ ਨਹੀਂ ਜੋ ਸਾਡੇ ਹੱਸਦੇ ਵੱਸਦੇ ਘਰਾਂ ਤੇ ਆ ਕੇ ਬਹਿ ਗਿਆ ਹੈ, ਜਿਸ ਨੇ ਸਾਡਾ ਸਭ ਕੁਝ ਉਜਾੜ ਕੇ ਰੱਖ ਦਿੱਤਾ ਹੈ? ਆਓ ਮਿਲ ਕੇ ਇਸ ਸੂਰ ਰੂਪੀ ਮਹਾਮਾਰੀ ਦਾ ਮੁਕਾਬਲਾ ਕਰੀਏ।''

98

ਚਾਨਣ ਦਾ ਵਣਜਾਰਾ

ਮਨੁੱਖ ਹਮੇਸ਼ਾ ਚਾਨਣਾਂ ਦਾ ਵਣਜਾਰਾ ਰਿਹਾ ਹੈ। ਆਦਿ ਕਾਲ ਤੋਂ ਉਹ ਹਨੇਰਿਆਂ ਨਾਲ ਲੜਦਾ ਆਇਆ ਹੈ। ਯਹੂਦੀ ਧਰਮ ਵਿਚ ਜ਼ਿਕਰ ਆਉਂਦਾ ਹੈ- ਆਦਮ ਉਸ ਵੇਲੇ ਕਿੰਨਾ ਭੈਭੀਤ ਹੋਇਆ ਹੋਵੇਗਾ, ਜਦੋਂ ਉਹਨੇ ਪਹਿਲੀ ਵਾਰ ਸੂਰਜ ਨੂੰ ਡੁੱਬਦਿਆਂ ਤੇ ਦਿਨ ਦੇ ਚਾਨਣ ਨੂੰ ਅਲੋਪ ਹੁੰਦਿਆਂ ਵੇਖਿਆ ਹੋਵੇਗਾ। ਆਦਮ ਲਈ ਉਹ ਪਹਿਲਾ ਹਨੇਰਾ ਸੀ। ਉਦੋਂ ਤਕ ਉਹਨੇ ਨਾ ਰਾਤ ਹੁੰਦੀ ਵੇਖੀ ਸੀ ਨਾ ਦਿਨ ਨੂੰ ਚੜ੍ਹਦਿਆਂ ਵੇਖਿਆ ਸੀ। ਉਹਦੇ ਲਈ ਇਹ ਵੱਡੇ ਸੰਕਟ ਦੀ ਘੜੀ ਸੀ। ਜਦੋਂ ਉਹਨੇ ਸੂਰਜ ਚੜ੍ਹਨ ਵੇਲੇ ਸੁਨਹਿਰੀ ਤੇ ਸ਼ਾਨਾਮੱਤੇ ਸੁਹੱਪਣ ਵੇਖਿਆ ਤਾਂ ਹਨੇਰਾ ਉਹਨੂੰ ਕਿੰਨਾ ਜ਼ਿਆਦਾ ਹਨੇਰਾ ਲੱਗਿਆ ਹੋਵੇਗਾ ਤੇ ਰਾਤ ਕਿੰਨੀ ਭਿਆਨਕ ਤੇ ਲੰਮੀ

ਮਹਿਸੂਸ ਹੋਈ ਹੋਵੇਗੀ, ਜਦ ਤਕ ਉਹਨੂੰ ਇਹ ਪਤਾ ਨਹੀਂ ਲੱਗਿਆ ਹੋਵੇਗਾ ਕਿ ਅਗਲਾ ਦਿਨ ਫੇਰ ਆਵੇਗਾ ਤੇ ਸੰਸਾਰ ਵਿਚ ਇਹ ਸਿਲਸਿਲਾ ਅਟੁੱਟ ਰੂਪ ਵਿਚ ਚਲਦਾ ਰਹੇਗਾ। ਉਦੋਂ ਹੀ ਆਦਮ ਨੇ ਰਾਤ ਵੇਲੇ ਅਸਮਾਨ ਤੱਕਿਆ ਹੋਵੇਗਾ ਤੇ ਤਾਰੇ, ਆਕਾਸ਼ ਗੰਗਾ ਤੇ ਚੰਨ ਨੂੰ ਵੇਖ ਕੇ ਉਹਦੀ ਰੂਹ ਖਿੜ ਗਈ ਹੋਵੇਗੀ ਤੇ ਉਹਨੂੰ ਦਿਨ ਚੜ੍ਹਨ ਤੇ ਸੂਰਜ ਨਿਕਲਣ ਦੀ ਆਸ ਬੱਝ ਗਈ ਹੋਵੇਗੀ। ਅਖੀਰ ਆਦਮ ਨੇ ਜਾਣਿਆ ਹੋਵੇਗਾ ਕਿ ਰਾਤ ਕਦੇ ਵੀ ਪੂਰੀ ਤਰ੍ਹਾਂ ਹਨੇਰੀ ਨਹੀਂ ਹੁੰਦੀ ਤੇ ਨਾ ਹੀ ਅਨੰਤ... ਏਸੇ ਤਰ੍ਹਾਂ ਸਾਡੇ ਵਿਚੋਂ ਹਰ ਕਿਸੇ ਨੂੰ ਦੁੱਖਾਂ-ਮੁਸੀਬਤਾਂ, ਮਹਾਂਮਾਰੀਆਂ ਤੇ ਇਸ ਹਨੇਰੇ ਜ਼ਮਾਨੇ ਵਿਚ ਆਦਮ ਦੀ ਉਸ ਪਹਿਲੀ ਰਾਤ ਨੂੰ ਸਿਮਰਤੀ ਵਿਚ ਰੱਖਣਾ ਚਾਹੀਦਾ ਕਿ ਚਾਨਣ ਸਾਡੇ ਕੋਲੋਂ ਕਦੇ ਵੀ ਦੂਰ ਨਹੀਂ ਹੁੰਦਾ ਸਿਰਫ਼ ਇਸ ਨੂੰ ਵੇਖਣ ਵਾਲੀ ਅੱਖ ਖੁੱਲ੍ਹੀ ਰੱਖਣੀ ਚਾਹੀਦੀ ਹੈ। ਆਮੀਨ!

ਪੋਸਟ ਸਕਰਿਪਟ

ਰੋਜ਼ ਤਾਰੋਂ ਕੋ ਨੁਮਾਇਿਸ਼ ਮੇਂ ਖਲਲ ਪੜਤਾ ਹੈ

ਚਾਂਦ ਪਾਗਲ ਹੈ ਅੰਧੇਰੇ ਮੇਂ ਨਿਕਲ ਪੜਤਾ ਹੈ।

ਮੈਂ ਸਮੰਦਰ ਹੂੰ ਕੁਦਾਲੀ ਸੇ ਨਹੀਂ ਕਟ ਸਕਤਾ

ਕੋਈ ਫੁਵਾਰਾ ਨਹੀਂ ਹੂੰ, ਜੋ ਉਬਲ ਪੜਤਾ ਹੈ।

(ਰਾਹਤ ਇੰਦੌਰੀ)

99

ਪੰਡੋਰਾ ਦਾ ਬਕਸਾ

ਯੂਨਾਨੀ ਮਿਥਕ ਪਾਤਰ ਜਿਊਸ ਨੇ ਹੈਫੀਸਤਸ ਨੂੰ ਮਿੱਟੀ ਵਿਚੋਂ ਇਕ ਔਰਤ ਘੜਨ ਲਈ ਕਿਹਾ। ਉਹਨੇ ਸੁੰਦਰਤਾ ਦੀ ਦੇਵੀ ਐਫਰੋਡਾਇਟ ਕੋਲੋਂ ਔਰਤ ਲਈ ਹੁਸਨ ਦਾ ਵਰਦਾਨ ਮੰਗਿਆ, ਉਹਦੇ ਵਿਚ ਖਾਣ ਪਕਾਉਣ, ਬੁਣਨ ਤੇ ਔਰਤਾਂ ਦੇ ਹੋਰ ਗੁਣਾਂ ਦੇ ਸੰਚਾਰ ਲਈ ਦੇਵੀ ਐਥਿਨਾ ਨੂੰ ਬੇਨਤੀ ਕੀਤੀ। ਇੰਜ ਦੇਵਾਂ ਦੀ ਮਿਹਰ ਸਦਕਾ ਇਕ ਸੋਹਣੀ ਸੁਨੱਖੀ, ਸੁਘੜ ਸਿਆਣੀ ਔਰਤ ਤਿਆਰ ਹੋ ਗਈ। ਜਿਊਸ ਨੇ ਉਹਦਾ ਨਾਂ ਪੰਡੋਰਾ ਰੱਖਿਆ। ਉਹਨੂੰ ਰਹਿਣ ਲਈ ਪ੍ਰੋਮੀਥੀਅਸ ਦੇ ਭਰਾ ਐਪੇਮੀਥੀਅਸ ਕੋਲ ਭੇਜ ਦਿੱਤਾ। ਪ੍ਰੋਮੀਥੀਅਸ ਮਨੁੱਖਤਾ ਦੇ ਭਲੇ ਲਈ ਅੱਗ ਚੁਰਾ ਲਿਆਇਆ ਸੀ ਤੇ ਇਹਦੀ ਸਜਾ ਅੱਜ ਤੱਕ ਭੁਗਤ ਰਿਹੈ। ਪਰ

ਉਹਦਾ ਭਰਾ ਉਹਦੇ ਉਲਟ ਸੀ। ਉਹ ਦਿਲ ਦਾ ਰਾਜਾ ਸੀ। ਦਿਲ ਦੇ ਆਖੇ ਲਗ ਉਹ ਪੰਡੋਰਾ ਦੇ ਹੁਸਨ ਤੇ ਡੁੱਲ੍ਹ ਗਿਆ ਤੇ ਉਹਦੇ ਪਿਆਰ ਚ ਦੀਵਾਨਾ ਹੋ ਗਿਆ। ਉਹਨੂੰ ਆਪਣੇ ਨਾਲ ਰੱਖਣ ਲਈ ਉਹਨੂੰ ਇਨਸਾਨਾਂ ਦੀ ਬਸਤੀ ਚ ਲੈ ਆਇਆ। ਪੰਡੋਰਾ ਆਪਣੇ ਨਾਲ ਜਿਊਸ ਦਾ ਦਿੱਤਾ ਇਕ ਤੋਹਫ਼ਾ ਬਕਸੇ ਦੇ ਰੂਪ ਵਿੱਚ ਲਿਆਈ ਸੀ। ਓਲੰਪੀਅਸ ਦੇਵ ਨੇ ਉਹਨੂੰ ਤਾੜਨਾ ਕੀਤੀ ਸੀ ਕਿ ਜਦ ਤਕ ਉਹ ਨਾ ਕਹੇ ਇਹਨੂੰ ਖੋਲ੍ਹਣਾ ਨਹੀਂ। ਪਰ ਬੀਬੀ ਪੰਡੋਰਾ ਦੇਖਣ ਲਈ ਬੜੀ ਉਤਸੁਕ ਸੀ ਆਖ਼ਰ ਇਸ ਬਕਸੇ ਵਿਚ ਹੈ ਕੀ? ਜਿਉਂ ਹੀ ਉਹਨੇ ਬਕਸਾ ਖੋਲ੍ਹਿਆ ਤਾਂ ਬਿਮਾਰੀਆਂ, ਦੁਖ, ਲਾਲਚ, ਈਰਖਾ, ਘਿਰਨਾ, ਹਉਮੈਂ, ਬਿਪਤਾਵਾਂ ਤੇ ਹੋਰ ਕਈ ਬਲਾਵਾਂ ਬਾਹਰ ਆ ਗਈਆਂ ਜੋ ਮਨੁੱਖ ਲਈ ਘਾਤਕ ਸਨ। ਸਦੀਆਂ ਤੋਂ ਇਹ ਮਨੁੱਖ ਨੂੰ ਚਿੱਚੜ ਵਾਂਗ ਚੰਬੜੀਆਂ ਹੋਈਆਂ ਹਨ। ਇਨ੍ਹਾਂ ਨੇ ਸਾਰੀ ਮਨੁੱਖਤਾ ਦਾ ਸੁਖ ਚੈਨ ਖੋਹਿਆ ਹੋਇਐ।

ਪੰਡੋਰਾ ਨੇ ਇਨ੍ਹਾਂ ਤੋਂ ਘਬਰਾ ਕੇ ਜਲਦੀ ਨਾਲ ਬਕਸਾ ਬੰਦ ਕਰ ਦਿੱਤਾ ਪਰ ਓਦੋਂ ਤਕ ਬਹੁਤ ਦੇਰ ਹੋ ਚੁੱਕੀ ਸੀ। ਬਕਸੇ ਵਿਚ ਸਿਰਫ਼ ਇਕੋ ਚੀਜ਼ ਬਚੀ ਸੀ- ਆਸ,ਜਿਸ ਤੋਂ ਮਨੁੱਖ ਜਾਤੀ ਆਪਣਾ ਭਵਿੱਖ ਸਵਾਰ ਸਕਦੀ ਸੀ।

ਪੋਸਟ ਸਕਰਿਪਟ

ਅੱਜ ਕੱਲ੍ਹ ਸਾਰੀ ਦੁਨੀਆ ਸੋਚ ਰਹੀ ਹੈ ਕਿ ਕਾਸ਼ ਇਸ ਬਕਸੇ ਦਾ ਢੱਕਣ ਇਕ ਵਾਰ ਫਿਰ ਖੁੱਲ੍ਹ ਜਾਵੇ ਤੇ ਇਸ ਮਹਾਮਾਰੀ ਦੇ ਦੌਰ ਵਿਚ ਮਨੁੱਖ ਦੀ ਆਸ ਜਿਉਂਦੀ ਹੋ ਜਾਵੇ ਤੇ ਇਸ ਨਾਲ ਉਹ ਇਕ ਵਾਰ ਫਿਰ ਹੌਸਲੇ, ਸਬਰ,ਸੰਤੋਖ ਤੇ ਚੜ੍ਹਦੀ ਕਲਾ ਨਾਲ ਮਹਾਮਾਰੀ ਨੂੰ ਕੰਟਰੋਲ ਕਰਕੇ ਮਨੁੱਖਤਾ ਦਾ ਭਵਿਖ ਬਚਾ ਸਕੇ।”

100

ਹੈਲੇਨ ਕੇਲਰ

ਦੁਨੀਆ ਤੇ ਬਹਾਦਰੀ ਨਾਲ ਮੁਸ਼ਕਲਾਂ ਦਾ ਸਾਹਮਣਾ ਕਰਨ ਵਾਲਿਆਂ ਦੇ ਨਾਂ ਸਦਾ ਇਤਿਹਾਸ ਵਿਚ ਚਮਕਦੇ ਸਿਤਾਰਿਆਂ ਵਾਂਗ ਹੁੰਦੇ ਹਨ। ਪ੍ਰਸਿੱਧ ਲੇਖਕ ਮਾਰਕ ਟਵੇਨ ਨੇ ਇਕ ਵਾਰ ਕਿਹਾ ਸੀ ਕਿ ਉੱਨ੍ਹੀਵੀਂ ਸਦੀ ਦੋ ਸ਼ਖ਼ਸੀਅਤਾਂ ਕਰਕੇ ਜਾਣੀ ਜਾਵੇਗੀ,ਪਹਿਲੀ ਮਹਾਨ ਯੋਧੇ ਨਪੋਲੀਅਨ ਬੋਨਾਪਾਰਟ ਅਤੇ ਦੂਜੀ ਹੈਲੇਨ ਕੇਲਰ ਕਰਕੇ। ਹੈਲੇਨ ਦਾ ਜਨਮ 27 ਜੂਨ, 1880 ਵਿਚ ਅਲਬਾਮਾ (ਅਮਰੀਕਾ) ਵਿਚ ਹੋਇਆ। ਉਨ੍ਹੀਂ ਮਹੀਨਿਆਂ ਦੀ ਉਮਰ ਵਿਚ ਗੰਭੀਰ ਬਿਮਾਰੀ ਕਰਕੇ ਉਹ ਸੁਣਨ, ਦੇਖਣ ਤੇ ਬੋਲਣ ਤੋਂ ਵਿਰਵੀ ਹੋ ਗਈ। 03 ਮਾਰਚ, 1887 ਦਾ ਦਿਨ ਉਹਦੀ ਜ਼ਿੰਦਗੀ ਵਿਚ ਆਸ ਦੀ ਇਕ ਨਵੀਂ ਕਿਰਨ ਲੈ ਕੇ ਆਇਆ, ਜਦੋਂ ਉਹਨੂੰ

ਐਨੀ ਮੈਂਸਫੀਲਡ ਸੁਲੀਵਨ ਨਾਂ ਦੀ ਅਧਿਆਪਕਾ ਮਿਲੀ। ਸੁਲੀਵਨ ਨੇ ਉਹਦੀ ਜ਼ਿੰਦਗੀ ਨੂੰ ਇਕ ਨਵਾਂ ਮੋੜ ਦਿੱਤਾ। ਪਹਿਲੇ ਦਿਨ ਉਹਦੀ ਤਲੀ ਤੇ D-O-L-L ਲਿਖਿਆ ਤੇ ਉਹਦੇ ਹੱਥ ਵਿਚ ਉਹਦੀ ਗੁੱਡੀ ਫੜਾ ਦਿੱਤੀ। ਉਹਨੂੰ ਸ਼ਬਦ ਨੂੰ ਮਹਿਸੂਸ ਕਰਨ ਦੀ ਜਾਚ ਦਸੀ। ਇੰਜ ਹੀ ਇਕ ਦਿਨ ਪਾਣੀ ਹੇਠ ਹੱਥ ਕਰਕੇ ਦੱਸਿਆ ਕਿ ਇਹ ਕੀ ਚੀਜ਼ ਹੈ। ਇਨ੍ਹਾਂ ਨਿੱਕੇ ਨਿੱਕੇ ਸਬਕਾਂ ਨੇ ਉਹਨੂੰ ਜ਼ਿੰਦਗੀ ਦੇ ਵੱਡੇ ਮਾਰਗਾਂ ਵਲ ਤੋਰ ਦਿੱਤਾ। ਉਹਨੇ ਦੁਨੀਆ ਦੀ ਹਰ ਵਸਤ ਵਰਤਾਰੇ ਨੂੰ ਆਪਣੇ ਤਰੀਕੇ ਨਾਲ ਗ੍ਰਹਿਣ ਕੀਤਾ। ਜੋਤ ਵਿਹੂਣੀਆਂ ਅੱਖਾਂ ਲਈ ਉਹਨੇ ਆਪਣੇ ਅੰਦਰੋਂ ਚਾਨਣ ਪੈਦਾ ਕੀਤਾ। ਫੁੱਲ ਨੂੰ ਛੋਹ ਕੇ ਆਪਣੇ ਅੰਦਰ ਉਹਦੀ ਖ਼ੁਸ਼ਬੋ ਮਹਿਸੂਸ ਕੀਤੀ। ਇਕ ਵਾਰ ਉਹਨੇ ਕਿਹਾ ਸੀ- ਮੈਂ ਚਾਹੁੰਦੀ ਆਂ ਕਿ ਸਾਰੇ ਲੋਕ ਸੂਰਜ ਚੜ੍ਹਨ ਵੇਲੇ ਨੂੰ ਆਪਣਾ ਆਦਰਸ਼ ਸਮਝਣ ਤੇ ਸੂਰਜ ਡੁੱਬਣ ਵੇਲੇ ਦੀਆਂਛਾਵਾਂ ਨੂੰ ਆਪਣੇ ਪਿਛੇ ਛੱਡ ਦੇਣ। ਉਸ ਨੇ

ਆਪਣੇ ਸਰੀਰ ਤੇ ਬੇਮਿਸਾਲ ਜਿੱਤ ਹਾਸਲ ਕਰਕੇ ਛਾਵਾਂ ਨੂੰ ਪਿਛਾਂਹ ਛੱਡ ਦਿੱਤਾ। ਅੱਖਾਂ ਵਿਚ ਜੋਤ ਨਾ ਹੋਣ ਤੇ ਵੀ ਉਸ ਨੇ ਸੂਰਜ ਦਾ ਚੜ੍ਹਨਾ ਵੇਖਿਆ, ਬੋਲ਼ੀ ਹੋਣ ਤੇ ਵੀ ਉਹਨੇ ਬ੍ਰਹਿਮੰਡ ਦਾ ਸੰਗੀਤ ਸੁਣਿਆ। ਪਹਿਲੀ ਜੂਨ, 1968 ਨੂੰ ਇਹ ਮਹਾਨ ਪ੍ਰਤਿਭਾ ਸੰਸਾਰੀ ਚੋਲ਼ਾ ਤਿਆਗ ਕੇ ਹਵਾ, ਪਾਣੀ, ਅਕਾਸ਼ ਤੇ ਮਿੱਟੀ ਵਿਚ ਵਿਲੀਨ ਹੋ ਗਈ। ਉਹਨੇ ਸੰਸਾਰ ਨੂੰ ਜੋ ਉਤਸ਼ਾਹੀ ਪੈਗ਼ਾਮ ਦਿੱਤਾ ਹੈ ਉਹ ਅੱਜ ਵੀ ਹਰਿਆ ਭਰਿਆ ਹੈ। ਆਓ ਉਸ ਨੂੰ ਯਾਦ ਕਰਕੇ ਸੰਕਟਾਂ ਨਾਲ ਜੂਝ ਰਹੀ ਲੁਕਾਈ ਨੂੰ ਹੌਸਲੇ, ਸੰਘਰਸ਼ ਤੇ ਜਿੱਤ ਦਾ ਸੁਨੇਹਾ ਦੇਈਏ।

101

ਪਿਆਰ ਦੀ ਨਜ਼ਰ

ਅੱਜ ਦੁਨੀਆ ਵਿਚ ਚਾਰੇ ਪਾਸੇ ਨਫ਼ਰਤ ਦਾ ਬੋਲ ਬਾਲਾ ਹੈ। ਅਸੀਂ ਅੰਧ ਕੱਟੜਤਾ ਦੀ ਦਲਦਲ ਵਿਚ ਧਸੇ ਹੋਏ ਹਾਂ। ਸਾਡੀ ਨਜ਼ਰ ਏਨੀ ਕਮਜ਼ੋਰ ਹੋ ਗਈ ਹੈ ਕਿ ਅਸੀਂ ਸਵਾਰਥ ਤੋਂ ਅੱਗੇ ਦੇਖ ਹੀ ਨਹੀਂ ਸਕਦੇ ਹਾਲਾਂਕਿ ਕੁਦਰਤ ਨੇ ਮਨੁੱਖ ਨੂੰ 576 ਮੈਗਾਪਿਕਸਲ ਦੀ ਨਜ਼ਰ ਦਿੱਤੀ ਹੈ। ਪਿਆਰ ਕਿੱਡੀ ਵੱਡੀ ਚੀਜ਼ ਹੈ ਇਸ ਦਾ ਪਤਾ ਪ੍ਰਸਿੱਧ ਸੰਤਣੀ ਬੀਬੀ ਰਾਬੀਆ ਦੇ ਇਕ ਅਨੁਭਵ ਤੋਂ ਲਗਦਾ ਹੈ। ਰਾਬੀਆ ਇਕ ਦਿਨ ਕੋਈ ਧਰਮ ਗ੍ਰੰਥ ਪੜ੍ਹ ਰਹੀ ਸੀ। ਇਕ ਫ਼ਿਕਰੇ ਤੇ ਆ ਕਿ ਉਹ ਰੁਕ ਗਈ। ਉਹ ਫ਼ਿਕਰਾ ਸੀ- ਸ਼ੈਤਾਨ ਨਾਲ ਨਫ਼ਰਤ ਕਰੋ। ਉਹਨੇ ਉਸ ਫ਼ਿਕਰੇ ਤੇ ਲੀਕ ਫੇਰ ਦਿੱਤੀ। ਇਕ ਦਿਨ ਇਕ ਫ਼ਕੀਰ ਉਹਦੇ ਘਰ ਆਇਆ, ਤਾਂ ਉਸ ਧਰਮ

ਗ੍ਰੰਥ ਨੂੰ ਪੜ੍ਹਨ ਲਗਾ। ਫ਼ਿਕਰਾ ਕੱਟਿਆ ਵੇਖ ਕੇ ਉਹਨੂੰ ਬੜਾ ਗ਼ੁੱਸਾ ਚੜ੍ਹਿਆ ਕਿ ਇਹ ਕੁਫ਼ਰ ਕਿਸ ਨੇ ਕੀਤਾ ਹੈ। ਰਾਬੀਆ ਨੇ ਉਤਰ ਦਿੱਤਾ ਕਿ ਇਹ ਲੀਕ ਉਸ ਨੇ ਫੇਰੀ ਹੈ। ਫਿਰ ਤਾਂ ਹੋਰ ਵੀ ਵੱਡਾ ਕੁਫ਼ਰ ਹੈ ਰਾਬੀਆ ਨਾ-ਮੁਆਫ਼ੀ ਯੋਗ। ਪਰ ਸਾਈਂ ਮੈਂ ਕੀ ਕਰਾਂ, ਜਦ ਤਕ ਮੇਰੇ ਅੰਦਰ ਪਿਆਰ ਪੈਦਾ ਨਹੀਂ ਸੀ ਹੋਇਆ, ਇਹ ਫ਼ਿਕਰਾ ਮੈਨੂੰ ਵੀ ਸਹੀ ਲਗਦਾ ਸੀ। ਪਰ ਪਿਆਰ ਪੈਦਾ ਹੋਣ ਪਿੱਛੋਂ ਮੈਂ ਨਫ਼ਰਤ ਕਰਨੋਂ ਅਸਮਰਥ ਹੋ ਗਈ ਹਾਂ। ਮੇਰੇ ਅੰਦਰੋਂ ਨਫ਼ਰਤ ਉੱਕਾ ਹੀ ਮਿਟ ਗਈ ਏ। ਹੁਣ ਦੱਸੋ ਮੈਂ ਸ਼ੈਤਾਨ ਲਈ ਨਫ਼ਰਤ ਕਿਥੋਂ ਲਿਆਵਾਂ? ਮੇਰਾ ਦਿਲ ਤਾਂ ਪਿਆਰ ਨਾਲ ਉਛਾਲੇ ਮਾਰ ਰਿਹਾ ਏ। ਨਫ਼ਰਤ ਉਸ ਵਿਚ ਕਿਥੋਂ ਸਮਾਵਾਂ? ...ਨਹੀਂ, ਹੁਣ ਮੈਂ ਕਿਸੇ ਨੂੰ ਵੀ ਨਫ਼ਰਤ ਨਹੀਂ ਕਰ ਸਕਦੀ ਭਾਵੇਂ ਮੇਰੇ ਸਾਹਮਣੇ ਸ਼ੈਤਾਨ ਹੀ ਕਿਉਂ ਨਾ ਖੜ੍ਹਾ ਹੋਵੇ, ਮੈਂ ਤਾਂ ਉਹਨੂੰ ਵੀ ਪਿਆਰ ਹੀ ਕਰਾਂਗੀ। ਹੁਣ ਤਾਂ ਮੈਂ ਸ਼ਾਇਦ ਇਹ ਵੀ ਨਾ ਪਛਾਣ ਸਕਾਂ ਕਿ ਉਹ

ਸ਼ੈਤਾਨ ਏ ਜਾਂ ਦਿਓਤਾ, ਕਿਉਂਕਿ ਪਿਆਰ ਦੀ ਨਜ਼ਰ ਇਹੋ ਜਿਹਾ ਫ਼ਰਕ ਵੇਖ ਹੀ ਨਹੀਂ ਸਕਦੀ।

ਨੈਤਿਕ ਸਿੱਖਿਆ

ਪਿਆਰ ਬੜੀ ਅਨਮੋਲ ਸ਼ੈਅ ਹੈ ਤੇ ਦੁਨੀਆ ਵਿਚ ਇਹਦਾ ਕੋਈ ਬਦਲ ਨਹੀਂ।

102

‘ਉਰਦੂ ਕੀ ਆਖਰੀ ਕਿਤਾਬ’ ਵਾਲਾ ਇਬਨੇ ਇੰਸ਼ਾ

ਇਬਨੇ ਇੰਸ਼ਾ ਬੜਾ ਪ੍ਰਸਿੱਧ ਲੇਖਕ ਹੈ। ਉਹਦੇ ਕੋਲ ਬੜੀ ਬਰੀਕ ਬੁੱਧ ਤੇ ਤਿੱਖਾ ਵਿਅੰਗ ਹੈ। ਜਦੋਂ ਉਹਦੀ ਚਰਚਿਤ "ਉਰਦੂ ਕੀ ਆਖਰੀ ਕਿਤਾਬ" ਛਪੀ ਤਾਂ ਸਾਹਿਤਕ ਹਲਕਿਆਂ ਵਿਚ ਇਹਦਾ ਭਰਵਾਂ ਸੁਆਗਤ ਹੋਇਆ। ਉਹਦੀ ਕਲਾਕਾਰੀ ਉਨ੍ਹਾਂ ਟਿੱਪਣੀਆਂ ਵਿਚੋਂ ਝਲਕਦੀ ਹੈ ਜਿਹੜੀਆਂ ਉਹਨੇ ਇਸ ਕਿਤਾਬ ਵਿਚ ਕੀਤੀਆਂ ਹਨ, ਮਸਲਨ –

1. ਮੈਂ ਇਸ ਕਿਤਾਬ ਵਿਚ ਕੋਈ ਨਵੀਂ ਗੱਲ ਨਹੀਂ ਲਿਖੀ। ਉਂਝ ਤਾਂ ਅੱਜ ਕੱਲ੍ਹ ਕਿਸੇ ਵੀ ਕਿਤਾਬ ਵਿਚ ਕੋਈ ਨਵੀਂ ਗੱਲ ਲਿਖਣ ਦਾ ਰਿਵਾਜ ਨਹੀਂ।
2. ਅਜ਼ਾਦੀ ਤੋਂ ਪਹਿਲਾਂ ਹਿੰਦੂ ਬਾਣੀਏ ਅਤੇ ਸਰਮਾਏਦਾਰ

ਸਾਨੂੰ ਲੁੱਟਦੇ ਸਨ। ਸਾਡੀ ਖੁਹਾਇਸ਼ ਸੀ ਕਿ ਇਹ ਸਿਲਸਿਲਾ ਖਤਮ ਹੋਵੇ ਤੇ ਸਾਨੂੰ ਮੁਸਲਮਾਨ ਬਾਣੀਏ ਤੇ ਸੇਠ ਲੁੱਟਣ।

3. ਤੁਸੀਂ ਅਨਪੜ੍ਹ ਰਹਿ ਕੇ ਅਕਬਰ ਬਣਨਾ ਪਸੰਦ ਕਰੋਗੇ ਕਿ ਪੜ੍ਹ ਲਿਖ ਕੇ ਉਹਦਾ ਨਵਰਤਨ ਬਣਨਾ?
4. ਉਹਦੇ (ਔਰੰਗਜ਼ੇਬ) ਦੇ ਸਾਰੇ ਭਰਾ ਨਾਲਾਇਕ ਸਨ, ਜਿਵੇਂ ਕਿ ਹਰ ਬਾਦਸ਼ਾਹ ਦੇ ਹੁੰਦੇ ਹਨ। ਨਾਲਾਇਕ ਨਾ ਹੋਣ ਤਾਂ ਖੁਦ ਪਹਿਲ ਕਰਕੇ ਬਾਦਸ਼ਾਹ ਨੂੰ ਕਤਲ ਨਾ ਕਰ ਦੇਣ?
5. ਦੁੱਧ ਦੇਣ ਵਾਲੇ ਜਾਨਵਰਾਂ ਵਿਚੋਂ ਪਾਲਣ ਲਈ ਸਭ ਤੋਂ ਵਧੀਆ ਇਹੀ (ਭਾਵ ਆਦਮੀ) ਹੈ। ਉਹਨੂੰ ਪੜ੍ਹਣਾ ਆਪਣੇ ਆਪ ਨੂੰ ਸਿਆਣਾ ਬਣਾਉਣ ਦੇ ਤੁੱਲ ਹੈ।

ਪੇਸ਼ ਹੈ ਡੋਗਰੀ ਦੀ ਪ੍ਰਸਿੱਧ ਲੇਖਕਾ ਮਰਹੂਮ ਪਦਮਾ ਸਚਦੇਵ ਨਾਲ

ਉਹਦੀ ਮੁਲਾਕਾਤ ਦੇ ਅੰਸ਼ :

ਇਬਨੇ ਇੰਸ਼ਾ ਨਾਲ ਜਾਣ ਪਛਾਣ ਕਾਫੀ ਪੁਰਾਣੀ ਹੈ। ਬੀਬੀਸੀ 'ਤੇ ਮੇਰੀ ਨਜ਼ਮ ਬ੍ਰਾਡਕਾਸਟ ਹੋਈ ਸੀ- ਦੇਸ਼ ਨਿਕਾਲਾ। ਉਨ੍ਹਾਂ ਨੇ ਪਾਕਿਸਤਾਨ ਵਿਚ ਉਹ ਸੁਣੀ ਸੀ ਤੇ ਫਿਰ ਬੀਬੀਸੀ ਵਾਲੇ ਜਨਾਬ ਆਲੇ ਹਸਨ ਸਾਹਿਬ ਨੂੰ ਇਸ ਬਾਰੇ ਇਕ ਲੰਮੀ ਚਿੱਠੀ ਲਿਖੀ। ਓਦੋਂ ਤੋਂ ਹੀ ਉਨ੍ਹਾਂ ਦੇ ਖਤ ਮੈਨੂੰ ਆਉਣ ਲੱਗੇ। ਪਾਕਿਸਤਾਨੀ ਸ਼ਾਇਰਾਂ ਨਾਲ ਓਦੋਂ ਸਾਡੇ ਰਿਸ਼ਤੇ ਖਤਾਂ ਤੱਕ ਹੀ ਮਹਿਦੂਦ ਸਨ। ਮੈਂ ਤਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਇਸ ਵਾਰ ਲੰਡਨ ਵਿਚ ਇਬਨੇ ਇੰਸ਼ਾ ਨਾਲ ਮੁਲਾਕਾਤ ਹੋ ਜਾਏਗੀ। ਹਰ ਇਕ ਦੀ ਖਬਰਸਾਰ ਰੱਖਣ ਵਾਲੀ ਪਾਕਿਸਤਾਨ ਦੀ ਪਿਆਰੀ ਸ਼ਾਇਰਾ ਸ਼ਹਾਬ ਕਜਲਬਾਸ਼ ਦਾ ਇਕ ਦਿਨ ਸਵੇਰੇ ਸਵੇਰੇ ਫੋਨ ਆਇਆ, ਕਹਿਣ ਲੱਗੀ ਪਾਕਿਸਤਾਨੋਂ ਕੁਦਰਤੁੱਲਾ ਸ਼ਹਾਬ ਸਾਹਿਬ ਆਏ ਹੋਏ ਨੇ। ਉਹ ਵੀ ਤੇਰੇ ਜੰਮੂ ਸ਼ਹਿਰ ਦੇ ਨੇ ਤੇ ਤੈਨੂੰ ਮਿਲਣਾ ਚਾਹੁੰਦੇ ਨੇ ਤੇ

ਹਾਂ ਯਾਦ ਆਇਆ ਇਬਨੇ ਇੰਸ਼ਾ ਸਾਹਿਬ ਵੀ ਅੱਜ ਕੱਲ੍ਹ ਏਥੇ ਹੀ ਨੇ। ਸ਼ਹਾਬ ਸਾਹਿਬ ਤਾਂ ਖੈਰ ਮੇਰੇ ਜੰਮੂ ਦੇ ਹੀ ਸਨ ਪਰ ਇਬਨੇ ਇੰਸ਼ਾ ਸਾਹਿਬ ਨੂੰ ਮੈਂ ਜ਼ਰੂਰ ਮਿਲਣਾ ਚਾਹੁੰਦੀ ਸਾਂ।

ਦੂਸਰੇ ਦਿਨ ਸ਼ਹਾਬ ਸਾਹਿਬ ਮੈਨੂੰ ਯੂ ਟਿਊਬ ਰਾਹੀਂ ਇਬਨੇ ਸਾਹਿਬ ਨੂੰ ਮਿਲਾਉਣ ਲੈ ਗਏ, ਜਿਨ੍ਹਾਂ ਨੂੰ ਮੈਂ ਅੱਜ ਤੱਕ ਕਦੇ ਨਹੀਂ ਸਾਂ ਮਿਲੀ। ਟਿਊਬ ਵਿਚ ਬਹਿੰਦਿਆਂ ਸ਼ਹਾਬ ਸਾਹਿਬ ਜੰਮੂ ਦੀਆਂ ਗੱਲਾਂ ਕਰਨ ਲੱਗੇ। ਉਸ ਜੰਮੂ ਦੀਆਂ ਜਦੋਂ ਮੈਂ ਅਜੇ ਜੰਮੀ ਨਹੀਂ ਸਾਂ। ਉਨ੍ਹਾਂ ਦੀਆਂ ਅੱਖਾਂ ਵਿਚੋਂ ਹੀ ਮੈਂ ਸਾਰੇ ਰਸਤੇ ਉਸ ਜੰਮੂ ਨੂੰ ਦੇਖਦੀ ਰਹੀ, ਜੋ ਮੇਰੇ ਜੰਮਣ ਤੋਂ ਬਾਅਦ ਕੁਝ ਵਰ੍ਹਿਆਂ ਵਿਚ ਹੀ ਕਿੰਨਾ ਬਦਲ ਗਿਆ ਸੀ। ਉਹ ਜੰਮੂ ਜਿਥੇ ਸ਼ਹਾਬ ਸਾਹਿਬ ਨੂੰ ਕੌਮਾਂਤਰੀ ਇਨਾਮ ਮਿਲਣ ਤੇ ਪ੍ਰੋਗਰਾਮ ਹੋਏ ਸਨ। ਮਹਾਰਾਜਾ ਹਰੀ ਸਿੰਘ ਨੇ ਉਨ੍ਹਾਂ ਨੂੰ ਚਾਹ 'ਤੇ ਬੁਲਾਇਆ ਸੀ, ਜਿੱਥੇ ਉਹ ਲੜ ਝਗੜ ਕੇ ਵਾਪਸ ਆ ਗਏ ਸਨ। ਉਨ੍ਹਾਂ ਦਾ ਲਾਲ ਇੱਟਾਂ ਵਾਲਾ

ਸੋਹਣਾ ਘਰ ਅੱਜ ਵੀ ਜੰਮੂ ਦੇ ਰੈਜ਼ੀਡੈਂਸੀ ਰੋਡ 'ਤੇ ਹੈ। ਪਰ ਸ਼ਹਾਬ ਸਾਹਿਬ ਪਾਕਿਸਤਾਨ ਚਲੇ ਗਏ ਸਨ। ਉਹ ਜੰਮੂ ਵਿਚ ਆਪਣੇ ਘਰ ਦੀਆਂ ਕੰਧਾਂ ਨੂੰ ਛੋਹ ਕੇ ਕੁਝ ਢੂੰਡਣਾ ਚਾਹੁੰਦੇ ਸਨ। ਪਰ ਪਾਕਿਸਤਾਨ ਸ਼ਾਇਦ ਉਨ੍ਹਾਂ ਨੂੰ ਇਸ ਦੀ ਆਗਿਆ ਨਾ ਦੇਵੇ। ਉਸ ਪੁਰਾਣੇ ਜੰਮੂ ਤੋਂ ਉਹ ਯੂ ਟਿਊਬ ਰਾਹੀਂ ਮੈਨੂੰ ਲੈ ਕੇ ਪਾਕਿਸਤਾਨੀ ਅੰਬੈਸੀ ਆ ਗਏ।

ਅਸੀਂ ਇਬਨੇ ਸਾਹਿਬ ਦੇ ਕਮਰੇ ਵੱਲ ਚਲ ਪਏ। ਅੰਦਰ ਤਿੰਨ ਚਾਰ ਜਣੇ ਬੈਠੇ ਸਨ। ਪਤਾ ਨਹੀਂ ਉਨ੍ਹਾਂ ਵਿਚ ਇਬਨੇ ਇੰਸ਼ਾ ਕੌਣ ਸਨ? ਤਦੋਂ ਸਾਹਮਣੇ ਟੇਬਲ ਕੋਲ ਬੈਠਾ ਸੌਲੇ ਰੰਗ ਦਾ ਬੰਦਾ ਬੜੀ ਮਸੂਮੀਅਤ ਨਾਲ ਹੱਸਦਿਆਂ ਪੰਜਾਬੀ ਵਿਚ ਕਹਿਣ ਲੱਗਾ, ਕਿਉਂ ਪਦਮਾ ਜੀ ਇਥੇ ਵੀ ਹਿੰਦੋਸਤਾਨੀ ਕਿਤਾਬਾਂ ਵਿਚੋਂ ਤੁਹਾਡੇ ’ਤੇ ਹੀ ਨਜ਼ਰ ਪਈ। ਕੁਝ ਕਿਤਾਬਾਂ ਸਾਡੀਆਂ ਵੀ ਨੇ। ਉਨ੍ਹਾਂ ਦੀ ਬੇਤਕੱਲਫੀ ਦੇਖ ਕੇ ਮੈਂ ਹੈਰਾਨ ਰਹਿ ਗਈ। ਫਿਰ ਸਮਝ ਆ ਗਈ

ਕਿ ਇਹੀ ਨੇ ਸਾਡੇ ਮਹਿਬੂਬ ਸ਼ਾਇਰ ਇਬਨੇ ਜੀ। ਪਾਕਿਸਤਾਨ ਤੋਂ ਇਬਨੇ ਇੰਸ਼ਾ ਦੀ ਟੈਲੀਵਿਜ਼ਨ ਰਿਕਾਰਡਿੰਗ ਲਈ ਇਕ ਸੱਜਣ ਆਏ ਹੋਏ ਸਨ। ਇੰਸ਼ਾ ਜੀ ਕਹਿਣ ਲੱਗੇ ਡੋਗਰੀ ਵਿਚ ਉਹੀ ਨਜ਼ਮ 'ਦੇਸ ਨਿਕਾਲਾ' ਸੁਣਾ, ਜਿਹੜੀ ਮੈਂ ਬੀਬੀਸੀ ਤੋਂ ਸੁਣੀ ਸੀ, ਤਰੰਨਮ ਵਿਚ ਗਾ ਕੇ। ਲੰਘਦੀ ਹੋਈ ਕੋਈ ਕੋਈ ਮੇਮ ਠਿਠਕ ਕੇ ਰੁਕਦੀ ਫਿਰ ਚਲ ਪੈਂਦੀ। ਇੰਸ਼ਾ ਸਾਹਿਬ ਕਹਿਣ ਲੱਗੇ ਕਿ ਜਲਾਵਤਨ ਸਿਰਫ਼ ਕੁੜੀਆਂ ਹੀ ਨਹੀਂ ਹੁੰਦੀਆਂ, ਅਸੀਂ ਵੀ ਜਲਾਵਤਨ ਹੋਏ ਹਾਂ। ਉਹ ਕਹਿਣ ਲੱਗੇ ਮੈਂ ਜਲੰਧਰ ਦਾ ਹਾਂ, ਇਹ ਜੰਮੂ ਦਾ ਹੈ। ਤੁਸੀਂ ਤਾਂ ਜਲਾਵਤਨ ਹੋ ਹੀ। ਇੰਸ਼ਾ ਜੀ ਮੈਨੂੰ ਜਲੰਧਰ ਦੀਆਂ ਗੱਲਾਂ ਸੁਣਾਉਣ ਲੱਗੇ, ਲੁਧਿਆਣੇ ਦੀਆਂ ਵੀ। ਸਾਹਿਰ ਦੀਆਂ, ਰਜਿੰਦਰ ਸਿੰਘ ਬੇਦੀ ਦੀਆਂ, ਕ੍ਰਿਸ਼ਨ ਚੰਦਰ ਦੀਆਂ ਤੇ ਪਤਾ ਨਹੀਂ ਕਿਸ ਕਿਸ ਦੀਆਂ। ਪ੍ਰਕਾਸ਼ ਪੰਡਿਤ ਦੀ ਬਿਮਾਰੀ ਦਾ ਉਨ੍ਹਾਂ ਨੂੰ ਬੜਾ ਫਿਕਰ ਸੀ। ਸਾਹਿਰ ਬਿਮਾਰ ਸੀ,ਉਹਦਾ ਹਾਲ ਚਾਲ ਪੁੱਛਣ ਲੱਗੇ।

ਤੇ ਬੰਬਈ ਦੇ ਕਈ ਜਣਿਆਂ ਬਾਰੇ ਉਨਾਂ ਨੇ ਪੁਛਿਆ। ਕ੍ਰਿਸ਼ਨ ਚੰਦਰ ਦੇ ਖਤ ਉਨ੍ਹਾਂ ਨੇ ਬੜੇ ਸਾਂਭ ਕੇ ਰੱਖੇ ਹੋਏ ਸਨ। ਮੈਨੂੰ ਪੜ੍ਹ ਕੇ ਸੁਣਾਉਣ ਲੱਗੇ। ਫਿਰ ਉਦਾਸ ਹੋ ਕੇ ਕਹਿਣ ਲੱਗੇ, ਉਹਨੇ ਸੋਚਿਆ ਸੀ ਕਿ ਘੱਟੋ ਘੱਟ ਦੋ ਵਰ੍ਹੇ ਤਾਂ ਉਹਨੂੰ ਕੁਝ ਨਹੀਂ ਹੋਣ ਲੱਗਾ, ਪਰ ਮੋਹਲਤ ਮਿਲੀ ਸਿਰਫ਼ ਛਿਆਂ ਮਹੀਨਿਆਂ ਦੀ।

ਭਾਰਤ ਵਾਪਸ ਪਰਤਣ 'ਤੇ ਮੈਨੂੰ ਉਨ੍ਹਾਂ ਦੇ ਦੋ ਤਿੰਨ ਖਤ ਆਏ, ਜਿਨ੍ਹਾਂ ਵਿਚ ਉਨ੍ਹਾਂ ਨੇ ਆਪਣੀ ਬਿਮਾਰੀ ਦਾ ਜ਼ਿਕਰ ਵਧੇਰੇ ਕੀਤਾ ਹੋਇਆ ਸੀ। ਫਿਰ ਇਕ ਦਿਨ ਸੋਹਣ ਰਾਹੀ ਦਾ ਖ਼ਤ ਆਇਆ। ਅੱਠ ਨੌਂ ਦਿਨ ਬੇਹੋਸ਼ ਰਹਿਣ ਤੋਂ ਬਾਅਦ ਇੰਸ਼ਾ ਜੀ ਅੱਲ੍ਹਾ ਨੂੰ ਪਿਆਰੇ ਹੋ ਗਏ। ਮੇਰੇ ਜ਼ਿਹਨ ਵਿਚ ਉਨ੍ਹਾਂ ਦੇ ਬੋਲ ਗੂੰਜਦੇ ਰਹਿੰਦੇ ਨੇ। ਕਿੰਨੀ ਹਸਰਤ ਸੀ ਉਨ੍ਹਾਂ ਨੂੰ ਹਿੰਦੋਸਤਾਨ ਆ ਕੇ ਆਪਣੀਆਂ ਗਲੀਆਂ ਵਿਚ ਘੁੰਮਣ ਦੀ। ਹਸਰਤ ਦਿਲ ਵਿਚ ਲੈ ਕੇ ਹੀ ਉਸ ਅਲਬੇਲੇ ਸ਼ਾਇਰ ਦੀ ਰੂਹ ਆਪਣੀਆਂ ਗਲੀਆਂ ਵਿਚ

ਭਟਕਦੀ ਰਹੇਗੀ।

ਪੋਸਟ ਸਕਰਿਪਟ

ਇਹੋ ਜਿਹੇ ਮੁਹੱਬਤੀ ਇਨਸਾਨਾਂ ਦਾ ਅੱਜ ਕੱਲ੍ਹ ਕਾਲ ਹੈ ਜੋ ਹੱਦਾਂ ਸਰਹੱਦਾਂ ਤੋਂ ਪਰੇ ਹਮੇਸ਼ਾ ਇਨਸਾਨੀਅਤ ਦਾ ਹੱਥ ਘੁੱਟ ਕੇ ਫੜੀ ਰੱਖਦੇ ਹਨ। ਉਨ੍ਹਾਂ ਲਈ ਅਦਬ ਜਿਊਣ ਮਰਨ ਹੁੰਦਾ ਹੈ। ਅਦਬ ਵਿਚ ਬੇਅਦਬੀ ਉਨ੍ਹਾਂ ਦੇ ਲਹੂ ਵਿਚ ਨਹੀਂ ਹੁੰਦੀ। ਏਸੇ ਕਰਕੇ ਉਹ ਅੱਲ੍ਹਾ ਦੇ ਬਣਾਏ ਬੰਦਿਆਂ ਨੂੰ ਮੁਹੱਬਤ ਕਰਦੇ ਹਨ, ਖੁਦਾ ਦੀਆਂ ਬੇਜਾਨ ਇਮਾਰਤਾਂ ਨੂੰ ਨਹੀਂ। ਅਜਿਹੇ ਜਿਊੜੇ ਹਮੇਸ਼ਾ ਅਦਬੀ ਰੂਹਾਂ ਬਣ ਹਲੂਣਾ ਦੇਂਦੇ ਰਹਿੰਦੇ ਨੇ ਕਿ ਜਿਊਣਾ ਵੀ ਇਕ ਅਦਾ ਹੈ, ਆਓ ਜਿਊਣ ਦਾ ਵੱਲ ਸਿਖੀਏ।

103

ਕੌਮਾਂਤਰੀ ਕਿਤਾਬ ਦਿਹਾੜੇ ਦੀਆਂ ਮੁਬਾਰਕਾਂ

ਹਰਮਨ ਹੈੱਸ ਲਿਖਦਾ ਹੈ- ਸ਼ਬਦਾਂ ਤੋਂ ਬਿਨਾ ਲਿਖਤਾਂ ਤੇ ਕਿਤਾਬਾਂ ਤੋਂ ਬਿਨਾ ਕੋਈ ਮਾਨਵੀ ਇਤਿਹਾਸ ਨਾ ਹੁੰਦਾ ਤੇ ਨਾ ਹੀ ਮਨੁੱਖ ਜਾਤੀ ਦਾ ਕੋਈ ਸੰਕਲਪ। ਰਸਕਿਨ ਬਾਂਡ ਲਿਖਦਾ ਹੈ- ਚੰਗਾ ਲੇਖਕ ਬਣਨ ਲਈ ਖ਼ੂਬ ਪੜ੍ਹਨਾ ਤੇ ਕਿਤਾਬਾਂ ਨੂੰ ਪਿਆਰਨਾ ਲਾਜ਼ਮੀ ਸ਼ਰਤ ਹੈ। ਆਸਕਰ, ਵਾਈਲਡ ਲਿਖਦਾ ਹੈ- ਪੁਰਾਣੇ ਸਮਿਆਂ ਵਿਚ ਵਿਦਵਾਨ ਕਿਤਾਬਾਂ ਲਿਖਦੇ ਤੇ ਲੋਕ ਪੜ੍ਹਦੇ ਸਨ, ਪਰ ਅੱਜ ਕਿਤਾਬਾਂ ਲੋਕ ਲਿਖਦੇ ਹਨ ਪਰ ਇਨ੍ਹਾਂ ਨੂੰ ਪੜ੍ਹਦਾ ਕੋਈ ਨਹੀਂ ਫਰੈਂਜ ਕਾਫਕਾ ਲਿਖਦਾ ਹੈ- ਕਿਤਾਬ ਉਹ ਕੁੰਜੀ ਹੈ, ਜਿਹੜੀ ਪਾਠਕ ਦੇ ਦਿਲ ਦਾ ਜੰਦਰਾ ਖੋਲ੍ਹਦੀ ਹੈ। ਉਹ ਕਿਤਾਬਾਂ ਪੜ੍ਹੋ ਜਿਹੜੀਆਂ ਡੰਗ ਮਾਰਨ, ਜ਼ਖ਼ਮੀ ਕਰਨ। ਕਿਤਾਬ ਜੇ ਤੁਹਾਡੀ

ਖੋਪੜੀ ਉਪਰ ਘਸੁੰਨ ਨਹੀਂ ਮਾਰਦੀ ਫਿਰ ਉਹ ਕਾਹਦੀ ਕਿਤਾਬ ਹੋਈ। ਤੂੰ ਕਹਿਣਾ ਖ਼ੁਸ਼ੀ ਦੇਣ ਵਾਲੀਆਂ ਕਿਤਾਬਾਂ ਹੋਣ, ਓਏ ਪਾਗਲ ਬੰਦੇ ਬਹੁਤ ਖ਼ੁਸ਼ ਹੁੰਦੇ ਜੇ ਕਿਤਾਬਾਂ ਹੁੰਦੀਆਂ ਹੀ ਨਾ। ਕਿਤਾਬ ਪੜ੍ਹ ਕੇ ਲੱਗੇ ਜਿਵੇਂ ਸਾਡਾ ਸਭ ਤੋਂ ਵੱਧ ਕੋਈ ਪਿਆਰਾ ਸਦਾ ਲਈ ਵਿਯੋਗ ਦੇ ਗਿਐ। ਮਨੁੱਖਤਾ ਤੋਂ ਦੂਰ, ਇਕਾਂਤਵਾਸੀ ਨੂੰ ਬਨਵਾਸੀ ਬਣਾ ਦੇਵੇ। ਸਾਡੇ ਅੰਦਰਲਾ ਉਹ ਸਮੁੰਦਰ ਜਿਹੜਾ ਬਰਫ਼ ਬਣ ਗਿਐ, ਉਸ ਜੰਮੇ ਸਮੁੰਦਰ ਲਈ ਕਿਤਾਬ ਕੁਹਾੜੇ ਵਾਂਗ ਹੋਵੇ। ਜੋ ਕਿਤਾਬਾਂ ਮੈਨੂੰ ਜਿਊਣ ਨਹੀਂ ਸਨ ਦਿੰਦੀਆਂ, ਉਹੀ ਕਿਤਾਬਾਂ ਹੁਣ ਮੈਨੂੰ ਮਰਨ ਨਹੀਂ ਦਿੰਦੀਆਂ। ਚੰਗੀ ਕਿਤਾਬ ਸਿਆਣੇ ਅਧਿਆਪਕ ਵਾਂਗ ਹੁੰਦੀ ਹੈ। ਆਓ ਕਿਤਾਬਾਂ ਨੂੰ ਦੋਸਤ ਬਣਾਈਏ, ਇਨ੍ਹਾਂ ਤੋਂ ਚੰਗਾ ਰਿਸ਼ਤਾ ਦੁਨੀਆ ਤੇ ਹੋਰ ਕੋਈ ਨਹੀਂ, ਇਹ ਸਾਰੀ ਉਮਰ ਮਨੁੱਖ ਦਾ ਸਾਥ ਦਿੰਦੀਆਂ ਤੇ ਉਹਦੀ ਅਗਵਾਈ ਕਰਦੀਆਂ ਹਨ। ਆਮੀਨ! (ਮੇਰੇ ਕਿਤਾਬ ਘਰ ਦੇ ਗਿਆਨ ਕੋਨੇ 'ਚੋਂ)

ਪੋਸਟ ਸਕਰਿਪਟ

ਕੱਛੇ ਮਾਰ ਕਿਤਾਬ ਜੇ ਰਾਂਝਾ, ਝੰਗ ਸਿਆਲਾਂ ਨੂੰ ਤੁਰਿਆ ਹੁੰਦਾ।

ਕਹਾਣੀ ਹੀਰ ਦੀ ਹੋਣੀ ਸੀ ਹੋਰ ਕੋਈ, ਤੇ ਇਸ਼ਕ ਦਾ ਮਾਇਨਾ ਹੋਰ ਹੁੰਦਾ।

104

ਕਲਾ ਦੀ ਜ਼ਬਾਨ/ਐਦੁਆਰਦੋ ਗਲੇਨੀਓ

ਚਿਨੋਲੋਪੇ ਹਵਾਨਾ ਸ਼ਹਿਰ ਵਿਚ ਅਖ਼ਬਾਰਾਂ ਵੇਚਦਾ ਸੀ ਤੇ ਨਾਲ ਹੀ ਜੁੱਤੀਆਂ ਪਾਲਿਸ਼ ਕਰਦਾ ਸੀ ਤਾਂ ਕਿ ਜ਼ਿੰਦਗੀ ਦਾ ਨਿਰਬਾਹ ਹੁੰਦਾ ਰਹੇ। ਆਪਣੀ ਗ਼ਰੀਬੀ ਤੋਂ ਪਿੱਛਾ ਛੁਡਾਉਣ ਲਈ ਉਹ ਨਿਊਯਾਰਕ ਚਲਾ ਗਿਆ। ਓਥੇ ਕਿਸੇ ਨੇ ਉਹਨੂੰ ਇਕ ਪੁਰਾਣਾ ਕੈਮਰਾ ਦੇ ਦਿੱਤਾ। ਕੈਮਰੇ ਬਾਰੇ ਉਹ ਕੁਝ ਨਹੀਂ ਸੀ ਜਾਣਦਾ ਨਾ ਹੀ ਪਹਿਲਾਂ ਉਹਨੇ ਕਦੇ ਕੈਮਰਾ ਦੇਖਿਆ ਸੀ। ਉਹਨੂੰ ਏਨਾ ਕੁ ਸਿਖਾ ਦਿੱਤਾ ਗਿਆ ਕਿ ਇਹਨੂੰ ਚਲਾਉਣਾ ਬੜਾ ਸੌਖਾ ਹੈ: "ਬੱਸ ਏਥੋਂ ਦੇਖੋ ਤੇ ਇਹਦਾ ਬਟਨ ਦਬਾ ਦਿਓ।" ਉਹ ਕੈਮਰਾ ਲੈ ਕੇ ਸੜਕਾਂ ਕੱਛਣ ਲੱਗਾ। ਅਜੇ ਬਹੁਤੀ ਦੂਰ ਨਹੀਂ ਸੀ ਗਿਆ ਕਿ ਉਹਨੇ ਗੋਲੀਆਂ ਚਲਣ ਦੀ ਅਵਾਜ਼ ਸੁਣੀ। ਉਹ ਲੁਕਣ ਲਈ ਇਕ ਨਾਈ

ਦੀ ਦੁਕਾਨ ਵਿਚ ਵੜ ਗਿਆ ਤੇ ਕੈਮਰੇ ਨੂੰ ਏਧਰ ਓਧਰ ਘੁੰਮਾਉਂਦਾ ਬਟਨ ਨੱਪੀ ਗਿਆ। ਨਾਈ ਦੀ ਦੁਕਾਨ ਵਿਚ ਹਜਾਮਤ ਕਰਾ ਰਿਹਾ ਗੈਂਗਸਟਰ ਅਲਬਰਟ ਅਨਾਸਤਾਸੀਆ ਇਸ ਗੋਲ਼ੀਬਾਰੀ ਵਿਚ ਮਾਰਿਆ ਗਿਆ ਤੇ ਚਿਨੋਲੋਪੇ ਦੀ ਪੇਸ਼ੇਵਾਰ ਜ਼ਿੰਦਗੀ ਦੀ ਇਹ ਪਹਿਲੀ ਫੋਟੋ ਸੀ। ਉਹਦੀ ਤਾਂ ਕਿਸਮਤ ਖੁੱਲ੍ਹ ਗਈ। ਉਹਦੀ ਖਿੱਚੀ ਫੋਟੋ ਨੇ ਤਹਿਲਕਾ ਮਚਾ ਦਿੱਤਾ। ਚਿਨੋਲੋਪੇ ਖ਼ੁਦ ਮੌਤ ਦੀ ਫੋਟੋ ਖਿੱਚਣ ਵਿਚ ਕਾਮਯਾਬ ਹੋਇਆ ਸੀ। ਮੌਤ ਓਥੇ ਉਹਦੇ ਸਾਹਮਣੇ ਖੜੀ ਸੀ-ਲਾਸ਼ ਦੇ ਚਿਹਰੇ ਤੇ ਨਹੀਂ ਨਾ ਹੀ ਹਤਿਆਰੇ ਦੇ ਚਿਹਰੇ ਤੇ। ਮੌਤ ਤਾਂ ਉਸ ਨਾਈ ਦੇ ਚਿਹਰੇ ਤੇ ਉੱਕਰੀ ਗਈ ਸੀ ਜੋ ਓਥੇ ਖੜ੍ਹਾ ਇਸ ਨੂੰ ਦੇਖ ਰਿਹਾ ਸੀ।

ਪੋਸਟ ਸਕਰਿਪਟ

ਕਲਾ ਦੀ ਜ਼ਬਾਨ ਬੜੀ ਤਾਕਤਵਰ ਹੁੰਦੀ ਹੈ ਤੇ ਇਹਨੂੰ ਸਿਖਣ ਲਈ

ਬੜੀ ਸਾਧਨਾ ਤੇ ਇਕਸੁਰਤਾ ਦੀ ਲੋੜ ਹੁੰਦੀ ਹੈ। ਸਹਿਜ ਨਾਲ ਤੁਰਦੀ ਕਲਾ ਇਕਸੁਰਤਾ ਆਉਣ ਨਾਲ ਤਾਜ਼ੇ ਫੁੱਲਾਂ ਵਾਂਗ ਖਿੜ ਜਾਂਦੀ ਹੈ ਤੇ ਫਿਰ ਇਹਦਾ ਕੋਈ ਪਾਰਾਵਾਰ ਨਹੀਂ ਰਹਿੰਦਾ। ਅਜਿਹੀ ਕਲਾ ਨੂੰ ਹੀ ਸੱਚੀ ਸੁੱਚੀ ਮੰਨਿਆ ਜਾਂਦਾ ਹੈ।

105

ਕਲਾ ਦੀ ਜ਼ਿੰਮੇਵਾਰੀ/ਐਦੁਆਰਦੋ ਗਲੇਨੀਓ

ਪਾਦਰੀ ਮਿਗੇਲ ਬਰੂਨ ਨੇ ਇਕ ਦਿਨ ਮੈਨੂੰ ਦੱਸਿਆ ਕਿ ਕੁਝ ਵਰ੍ਹੇ ਪਹਿਲਾਂ ਉਹ ਪਾਰਾਗੁਆਈ ਚਾਕੋ ਦੇ ਮੂਲ ਨਿਵਾਸੀ ਇੰਡੀਅਨਾਂ ਨੂੰ ਮਿਲਣ ਗਿਆ। ਉਹ ਇਸਾਈ ਪ੍ਰਚਾਰ ਕਰਨ ਵਾਲੀ ਇਕ ਮਿਸ਼ਨਰੀ ਦਾ ਹਿੱਸਾ ਸੀ। ਮਿਸ਼ਨਰੀ ਉਨ੍ਹਾਂ ਦੇ ਮੁਖੀ ਨੂੰ ਮਿਲਣ ਗਏ, ਜੋ ਕਾਫ਼ੀ ਸਮਝਦਾਰ ਤੇ ਸਿਆਣਾ ਪੁਰਖ ਮੰਨਿਆ ਜਾਂਦਾ ਸੀ। ਉਸ ਮੋਟੇ ਚੁੱਪ-ਚੁਪੀਤੇ ਮੁਖੀ ਨੇ ਉਨ੍ਹਾਂ ਦੇ ਧਾਰਮਿਕ ਉਪਦੇਸ਼ ਨੂੰ ਇਕ ਟੱਕ ਬੜੇ ਧਿਆਨ ਨਾਲ ਸੁਣਿਆ ਜੋ ਉਨ੍ਹਾਂ ਦੀ ਆਪਣੀ ਭਾਸ਼ਾ ਵਿਚ ਪੜ੍ਹਿਆ ਜਾ ਰਿਹਾ ਸੀ। ਆਪਣੀ ਗੱਲ ਖ਼ਤਮ ਕਰਨ ਤੋਂ ਬਾਅਦ ਮਿਸ਼ਨਰੀ ਉਹਦੀ ਪ੍ਰਤੀਕਿਰਿਆ ਜਾਣਨ ਲਈ ਉਤਸੁਕ ਸਨ ਤੇ ਇੰਤਜ਼ਾਰ ਕਰ ਰਹੇ ਸਨ ਕਿ ਕਦੋਂ ਉਹ ਕੋਈ

ਸ਼ਬਦ ਮੂੰਹੋਂ ਬੋਲੇਗਾ। ਮੁਖੀ ਕੁਝ ਚਿਰ ਸੋਚਦਾ ਰਿਹਾ ਤੇ ਫਿਰ ਹੌਲੀ ਜਿਹੀ ਕਹਿਣ ਲੱਗਾ- 'ਇਹ ਖੁਰਕ ਕਰਦਾ ਹੈ, ਬਹੁਤ ਜ਼ਿਆਦਾ ਖੁਰਕ ਤੇ ਚੰਗੀ ਵੱਡੀ ਖੁਰਕ ਕਰ ਰਿਹਾ ਹੈ।'ਕੁਝ ਚਿਰ ਖ਼ਾਮੋਸ਼ ਰਹਿਣ ਤੋਂ ਬਾਅਦ ਉਹਨੇ ਫਿਰ ਕਿਹਾ- 'ਪਰ ਇਹ ਖੁਰਕ ਓਥੇ ਕਰ ਰਿਹਾ ਹੈ, ਜਿੱਥੇ ਖੁਰਕ ਹੁੰਦੀ ਹੀ ਨਹੀਂ।'

106

ਕਲਾ ਦੀ ਪਰਿਭਾਸ਼ਾ/ਐਦੂਆਰਦੋ ਗਲੇਨੀਓ

“ਪੋਰਤੀਨਾਰੀ ਏਥੇ ਨਹੀਂ ਰਹਿੰਦਾ” ਪੋਰਤੀਨਾਰੀ ਨੇ ਕਿਹਾ। ਉਹਨੇ ਪਲ ਭਰ ਲਈ ਹੀ ਆਪਣਾ ਨੱਕ ਬਾਹਰ ਕੱਢ ਕੇ ਕਿਹਾ, ਫੜਾਕ ਕਰਕੇ ਬੂਹਾ ਬੰਦ ਕੀਤਾ ਤੇ ਗ਼ਾਇਬ ਹੋ ਗਿਆ। ਇਹ ਗੱਲ ਪਿਛਲੀ ਸਦੀ ਦੇ ਤੀਜੇ ਦਹਾਕੇ ਦੀ ਹੈ ਜਦੋਂ ਬਰਾਜ਼ੀਲ ਵਿਚ ਕਮਿਊਨਿਸਟਾਂ ਦੀ ਫੜੋ ਫੜਾਈ ਹੋ ਰਹੀ ਸੀ ਤੇ ਪੋਰਤੀਨਾਰੀ ਮੌਂਤੇਵਿਦਾਓ ਵਿਚ ਜਲਾਵਤਨੀ ਭੋਗ ਰਿਹਾ ਸੀ। ਇਵਾਨ ਕਮਾਇਦ ਨੇ ਨਾ ਤਾਂ ਉਹ ਜ਼ਮਾਨਾ ਦੇਖਿਆ ਹੈ ਤੇ ਨਾ ਹੀ ਕਦੇ ਉਨ੍ਹਾਂ ਸ਼ਹਿਰਾਂ ਵਿਚ ਰਿਹਾ ਹੈ। ਪਰ ਅਰਸਾ ਗੁਜ਼ਰ ਜਾਣ ਤੋਂ ਬਾਅਦ ਵੀ ਉਹ ਵਕਤ ਦੇ ਪਰਦੇ ਵਿਚੋਂ ਬਾਹਰ ਆਇਆ ਤੇ ਮੈਨੂੰ ਉਹ ਸਭ ਕੁਝ ਦੱਸਿਆ ਜੋ ਉਹਨੇ ਓਦੋਂ ਦੇਖਿਆ ਸੀ। ਕਾਂਦਿਦੋ ਪੋਰਤੀਨਾਰੀ ਸਵੇਰ ਤੋਂ ਲੈ ਕੇ ਸ਼ਾਮ

ਤੱਕ ਤੇ ਕਦੇ ਕਦੇ ਸਾਰੀ ਸਾਰੀ ਰਾਤ ਤਸਵੀਰਾਂ ਬਣਾਉਂਦਾ ਰਹਿੰਦਾ ਸੀ। “ਪੋਰਤੀਨਾਰੀ ਏਥੇ ਨਹੀਂ ਰਹਿੰਦਾ”, ਉਹ ਇਹੀ ਕਿਹਾ ਕਰਦਾ ਸੀ। ਉਨ੍ਹਾਂ ਦਿਨਾਂ ਵਿਚ ਕਮਿਊਨਿਸਟ ਬੁੱਧੀਜੀਵੀ ਸਮਾਜਕ ਯਥਾਰਥਵਾਦ ਬਾਰੇ ਆਪਣਾ ਪੈਂਤੜਾ ਤਹਿ ਕਰਨ ਵਿਚ ਮਸਰੂਫ਼ ਸਨ ਤੇ ਉਹ ਆਪਣੇ ਇਸ ਮਕਬੂਲ ਕਾਮਰੇਡ ਦੀ ਰਾਏ ਜਾਣਨਾ ਚਾਹੁੰਦੇ ਸਨ। “ਸਾਨੂੰ ਪਤਾ ਹੈ ਕਿ ਤੁਸੀਂ ਏਥੇ ਨਹੀਂ ਰਹਿੰਦੇ”, ਉਨ੍ਹਾਂ ਨੇ ਪੋਰਤੀਨਾਰੀ ਨੂੰ ਕਿਹਾ ਤੇ ਫ਼ਰਿਆਦ ਕੀਤੀ ਕਿ, “ਬੱਸ ਇਕ ਪਲ ਦੀ ਹੀ ਤਾਂ ਗੱਲ ਹੈ।” ਤੇ ਉਨ੍ਹਾਂ ਨੇ ਆਪਣਾ ਸੁਆਲ ਪੇਸ਼ ਕੀਤਾ। “ਮੈਨੂੰ ਕੁਝ ਵੀ ਪਤਾ ਨਹੀਂ,” ਪੋਰਤੀਨਾਰੀ ਨੇ ਕਿਹਾ। ਤੇ ਫਿਰ ਹੌਲੀ ਜਿਹੀ ਕਿਹਾ– “ਮੈਨੂੰ ਤਾਂ ਬੱਸ ਏਨਾ ਹੀ ਪਤਾ ਹੈ ਕਿ ਕਲਾ ਜਾਂ ਤਾਂ ਕਲਾ ਹੈ ਜਾਂ ਗੂੰਹ ਦਾ ਢੇਰ।”

107

ਲੇਖਣ ਇਕ ਯਾਤਰਾ ਹੈ – ਗੀਤਾਂਜਲੀ ਸ਼੍ਰੀ

ਅੱਜ ਤੋਂ ਦਸ ਬਾਰਾਂ ਸਾਲ ਪਹਿਲਾਂ ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ ਵਿਚ ਕਿਤਾਬਾਂ ਦੀ ਫੋਲਾ ਫਾਲੀ ਕਰਦਿਆਂ ਇਕ ਕਿਤਾਬ ਹੱਥ ਲੱਗੀ 'ਖ਼ਾਲੀ ਜਗ੍ਹਾ'। ਇਹ ਕਿਤਾਬ ਗੀਤਾਂਜਲੀ ਸ਼੍ਰੀ ਦੀ ਸੀ। ਕੁਝ ਚਿਰ ਅਰਾਮ ਨਾਲ ਓਥੇ ਬਹਿ ਕੇ ਫੋਲਾ ਫਾਲੀ ਕੀਤੀ। ਓਦੋਂ ਤੱਕ ਗੀਤਾਂਜਲੀ ਸ਼੍ਰੀ ਦਾ ਨਾਂ ਜ਼ਰੂਰ ਸੁਣਿਆ ਸੀ ਪਰ ਉਹਦੀ ਕੋਈ ਵੀ ਕਿਤਾਬ ਪੜ੍ਹੀ ਨਹੀਂ ਸੀ।'ਖ਼ਾਲੀ ਜਗ੍ਹਾ' ਨਾਵਲ ਖ਼ਰੀਦ ਲਿਆ ਪਰ ਕਈ ਚਿਰ ਬਿਨਾ ਪੜ੍ਹਿਆਂ ਪਿਆ ਰਿਹਾ। ਇਕ ਦਿਨ ਫਿਰ ਉਸ ਨਾਵਲ ਨੇ ਖਿੱਚਿਆ, ਜਦੋਂ ਪੜ੍ਹਿਆ ਤਾਂ ਲੱਗਿਆ ਕਿ ਲੇਖਕਾ ਕੋਲ ਗੱਲ ਕਹਿਣ ਦਾ ਵੱਖਰਾ ਢੰਗ ਹੈ। ਉਹਦੀ ਸ਼ੈਲੀ ਤੇ ਭਾਸ਼ਾ ਕਮਾਲ ਦੀ ਹੈ। ਕ੍ਰਿਸ਼ਨਾ ਸੋਬਤੀ ਨੂੰ ਉਹ ਆਪਣਾ ਗੁਰੂ ਮੰਨਦੀ ਹੈ ਤੇ

ਭਾਰਤੀ ਸਾਹਿਤ ਵਿਚ ਕ੍ਰਿਸ਼ਨਾ ਸੋਬਤੀ ਦਾ ਕੋਈ ਸਾਨੀ ਨਹੀਂ। ਉਹਨੂੰ ਜਿੰਨੀ ਸਾਹਿਤ ਦੀ ਸਮਝ ਹੈ, ਪੜ੍ਹ ਕੇ ਦਿਮਾਗ਼ ਦੇ ਆਲ਼ੇ ਰੌਸ਼ਨ ਹੋ ਜਾਂਦੇ ਹਨ। ਗੀਤਾਂਜਲੀ ਦੀ ਉਹ ਪ੍ਰੇਰਨਾ ਸ੍ਰੋਤ ਹੈ। ਹੁਣ ਜਦੋਂ ਉਹਨੂੰ ਬੁਕਰ ਵਰਗਾ ਕੌਮਾਂਤਰੀ ਪੁਰਸਕਾਰ ਮਿਲਿਆ ਹੈ ਤਾਂ ਹਰ ਪਾਸੇ ਉਹਦੇ ਨਾਵਲਾਂ ਤੇ ਵਿਸ਼ੇਸ਼ ਕਰਕੇ ‘ਰੇਤ ਸਮਾਧੀ’ ਦੀ ਚਰਚਾ ਹੋ ਰਹੀ ਹੈ। ਆਪਣੀ ਸਾਹਿਤਕ ਯਾਤਰਾ ਬਾਰੇ ਉਹ ਲਿਖਦੀ ਹੈ- ਮੇਰੀ ਕਿਤਾਬ ਨੂੰ ਬੁਕਰ ਮਿਲਿਆ, ਮੈਨੂੰ ਬੇਹੱਦ ਖ਼ੁਸ਼ੀ ਹੈ ਪਰ ਮੈਨੂੰ ਇਸ ਤੋਂ ਵੀ ਵੱਧ ਖ਼ੁਸ਼ੀ ਇਸ ਗੱਲ ਦੀ ਹੈ ਕਿ ਇਹ ਹਿੰਦੀ ਦੀ ਕਿਤਾਬ ਨੂੰ ਮਿਲਿਆ ਹੈ। ਇਹ ਸਾਡੀ ਸਾਰਿਆਂ ਦੀ ਸਾਂਝੀ ਖ਼ੁਸ਼ੀ ਹੈ। ਮੇਰੀ ਪਿੱਠ-ਭੂਮੀ ਸਾਹਿਤ ਦੀ ਨਹੀਂ, ਨਾ ਹੀ ਮੈਂ ਹਿੰਦੀ ਸਾਹਿਤ ਨੂੰ ਵਿਧੀਵਤ ਰੂਪ ਵਿਚ ਪੜ੍ਹਿਆ ਜਾਂ ਇਹਦਾ ਅਧਿਐਨ ਕੀਤਾ ਹੈ। ਮੈਂ ਇਤਿਹਾਸ ਦੀ ਵਿਦਿਆਰਥਣ ਹਾਂ ਤੇ ਤੀਹ ਵਰ੍ਹਿਆਂ ਦੀ ਉਮਰ ਤੱਕ ਮੇਰਾ ਲੇਖਕ ਮੇਰੇ ਅੰਦਰ ਹੀ ਕਿਤੇ

ਗੁੰਮ ਸੀ। ਜ਼ਿੰਦਗੀ ਦੇ ਹੋਰ ਬਥੇਰੇ ਝਮੇਲੇ ਸਨ। ਜਵਾਨੀ ਦਾ ਉਤਸ਼ਾਹ, ਪੁਰਾਣੀਆਂ ਪਰੰਪਰਾਵਾਂ ਤੋਂ ਕੋਫਤ, ਕੁਝ ਨਵਾਂ ਕਰਨ ਦੀ ਇੱਛਾ ਤੇ ਨਾਲ ਹੀ ਆਪਣੇ ਭਵਿੱਖ ਦੀ ਚਿੰਤਾ ਵੀ ਸੀ। ਉਪਚਾਰਿਕ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਮੈਂ ਫ਼ੈਸਲਾ ਕਰ ਲਿਆ ਕਿ ਹੁਣ ਸਿਰਫ਼ ਲਿਖਾਂਗੀ। ਇਸ ਤੋਂ ਬਾਅਦ ਤਾਂ ਜਿਵੇਂ ਸਿਰਜਣਾ ਦਾ ਬੰਨ੍ਹ ਟੁੱਟ ਗਿਆ ਹੋਵੇ, ਖ਼ੂਬ ਲਿਖਿਆ ਤੇ ਲਗਾਤਾਰ ਲਿਖਿਆ। ਲੋਕਾਂ ਨੇ ਸਿਫ਼ਤ ਸਲਾਹ ਵੀ ਕੀਤੀ, ਆਲੋਚਕਾਂ ਨੇ ਵੀ ਨਜ਼ਰ ਭਰ ਕੇ ਦੇਖਿਆ ਤੇ ਮੇਰੀ ਸਿਰਜਣਾ ਤੇ ਭਾਸ਼ਾ ਸ਼ੈਲੀ ਬਾਰੇ ਭਰਪੂਰ ਟਿੱਪਣੀਆਂ ਕੀਤੀਆਂ। ਇਸ ਨਾਲ ਮੈਨੂੰ ਉਤਸ਼ਾਹ ਮਿਲਿਆ ਤੇ ਲੱਗਿਆ ਕਿ ਮੇਰੇ ਲਈ ਲੇਖਣੀ ਦਾ ਇਕ ਰਾਹ ਬਣ ਗਿਆ ਹੈ। ਇਸ ਨਾਲ ਸਕੂਨ ਵੀ ਮਿਲਿਆ ਤੇ ਹੋਰ ਚੰਗਾ ਤੇ ਨਵਾਂ ਲਿਖਣ ਦੀ ਪ੍ਰੇਰਨਾ ਵੀ। ਮੇਰੀ ਪੈਦਾਇਸ਼ ਉਤਰ ਪ੍ਰਦੇਸ਼ ਦੀ ਹੈ ਤੇ ਹਿੰਦੀ ਪੱਟੀ ਦੇ ਕਈ ਸ਼ਹਿਰਾਂ ਵਿਚ ਰਹਿਣ ਤੇ ਸਿੱਖਣ ਦਾ ਮੌਕਾ

ਮਿਲਿਆ। ਪਿਤਾ ਦੀ ਸਰਕਾਰੀ ਨੌਕਰੀ ਸੀ ਤੇ ਅਕਸਰ ਉਨ੍ਹਾਂ ਦੀ ਬਦਲੀ ਇਕ ਥਾਂ ਤੋਂ ਦੂਜੀ ਥਾਂ ਹੁੰਦੀ ਰਹਿੰਦੀ। ਉਨ੍ਹਾਂ ਨਾਲ ਰਹਿੰਦਿਆਂ ਹਿੰਦੀ ਨੂੰ ਨੇੜਿਓਂ ਜਾਣਿਆ, ਜੀਵਿਆ, ਸਮਝਿਆ। ਮੇਰਾ ਪਹਿਲਾ ਨਾਵਲ 'ਮਾਈ' ਮੈਂ ਬੜੇ ਸਹਿਜ ਢੰਗ ਨਾ਼ਲ ਲਿਖਿਆ। ਹੌਲੀ ਹੌਲੀ ਉਸ ਨੇ ਹਿੰਦੀ ਪਾਠਕਾਂ ਵਿਚ ਆਪਣੀ ਥਾਂ ਬਣਾਈ। ਆਲੋਚਕਾਂ ਨੇ ਵੀ ਇਸ 'ਤੇ ਗ਼ੌਰ ਕੀਤਾ। 'ਰੇਤ ਸਮਾਧੀ' ਨਾਵਲ ਨਾਲ ਮੈਂ ਇਕ ਲੰਮਾ ਵਕਤ ਗੁਜ਼ਾਰਿਆ, ਤਕਰੀਬਨ ਅੱਠ ਵਰ੍ਹੇ। ਲਿਖਣ ਤੋਂ ਪਹਿਲਾਂ ਮੈਂ ਕੋਈ ਫ਼ਾਰਮੂਲਾ ਨਹੀਂ ਬਣਾਉਂਦੀ, ਨਾ ਕੋਈ ਅਜਿਹਾ ਖ਼ਾਕਾ ਕਿ ਨਾਵਲ ਵਿਚ ਏਥੇ ਕੀ ਪਾਉਣਾ ਹੈ ਜਾਂ ਏਥੇ ਕੀ ਕਰਨਾ ਹੈ ਤੇ ਓਥੇ ਕਿਵੇਂ ਵਿਉਂਤਣਾ ਹੈ। ਨਾਵਲ ਦੀ ਸਿਰਜਣ ਪ੍ਰਕਿਰਿਆ ਅਸਲ ਵਿਚ ਇਕ ਯਾਤਰਾ ਹੁੰਦੀ ਹੈ। ਇਕ ਪਾਸੇ ਤੁਸੀਂ ਪਾਤਰਾਂ ਨੂੰ ਰਚ ਰਹੇ ਹੁੰਦੇ ਹੋ, ਉਨ੍ਹਾਂ ਨਾਲ ਖੇਡ ਰਹੇ ਹੁੰਦੇ ਹੋ, ਓਥੇ ਤੁਹਾਡੇ ਪਾਤਰ ਆਪਣਾ ਪਾਠ ਤੁਹਾਡੀ ਭਾਸ਼ਾ ਵਿਚ

ਰਚ ਰਹੇ ਹੁੰਦੇ ਨੇ, ਬਰੀਕੀਆਂ ਨਾਲ ਬੁਣਤੀ ਪਾ ਰਹੇ ਹੁੰਦੇ ਨੇ। ਲਿਖਣਾ ਸਿਰਫ਼ ਆਪਣੀ ਦ੍ਰਿਸ਼ਟੀ ਰਾਹੀਂ ਦੇਖੀ ਦੁਨੀਆ ਬਾਰੇ ਦੱਸਣਾ ਹੀ ਨਹੀਂ ਹੁੰਦਾ ਸਗੋਂ ਆਪਣੇ ਆਪ ਨੂੰ ਜਾਣਨ ਦਾ ਇਕ ਸਬੱਬ ਵੀ ਹੁੰਦਾ ਹੈ। ਜਦੋਂ ਤੁਸੀਂ ਲਿਖਣ ਬਹਿ ਜਾਂਦੇ ਹੋ, ਕਹਾਣੀ ਆਪਣੀ ਆਤਮਾ ਨੂੰ ਪਛਾਣ ਲੈਂਦੀ ਹੈ, ਆਪਣੇ ਕੇਂਦਰ ਬਿੰਦੂ 'ਤੇ ਫੋਕਸ ਹੋ ਜਾਂਦੀ ਹੈ ਤਾਂ ਤੁਹਾਡੇ ਕਿਰਦਾਰ ਹੀ ਦੱਸਣ ਲੱਗ ਜਾਂਦੇ ਹਨ ਕਿ ਤੁਸੀਂ ਕਿਧਰ ਨੂੰ ਜਾਣਾ ਹੈ– ਖੱਬੇ ਜਾਂ ਫਿਰ ਸੱਜੇ। ਮੇਰੀ ਰਚਨਾ ਆਪਣਾ ਅਰੰਭ ਖੋਜਦੀ ਹੈ। ਫਿਰ ਉਹਦੀ ਰੂਹ ਦੀ ਤਲਾਸ਼ ਵਿਚ ਨਿਕਲਦੀ ਹੈ, ਜੋ ਮੇਰੀ ਕਲਮ ਦੀ ਮਾਰਗ ਦਰਸ਼ਕ ਬਣਦੀ ਹੈ। 'ਰੇਤ ਸਮਾਧੀ' ਨੇ ਜਦੋਂ ਲੈਅ ਫੜੀ ਤਾਂ ਹਰ ਰਚਨਾ ਵਾਂਗ ਬਹੁਤ ਕੁਝ ਉਹਨੇ ਖ਼ੁਦ ਹੀ ਤਹਿ ਕੀਤਾ। ਮੈਂ ਤਾਂ ਬੱਸ ਲਿਖਦੀ ਰਹੀ। ਕੁਝ ਚੀਜ਼ਾਂ ਤਾਂ ਇਕ ਦਮ ਪ੍ਰਗਟ ਹੋ ਗਈਆਂ, ਕੁਝ ਚੀਜ਼ਾਂ ਨੇ ਬੜੀ ਮਿਹਨਤ ਕਰਵਾਈ। ਇਸ ਗੱਲ ਦੀ ਮੈਂ ਕਦੇ ਵੀ ਕਲਪਨਾ

ਨਹੀਂ ਸੀ ਕੀਤੀ ਕਿ ਇਸ ਨਾਵਲ ਨੂੰ ਦੁਨੀਆ ਦਾ ਐਨਾ ਵੱਡਾ ਪੁਰਸਕਾਰ ਮਿਲੇਗਾ। ਅਜਿਹਾ ਹੋ ਸਕਦਾ, ਸੋਚਣਾ ਵੀ ਮੇਰੇ ਲਈ ਮੁਸ਼ਕਲ ਸੀ। ਪਰ ਮੈਂ ਖ਼ੁਸ਼ ਵੀ ਹਾਂ ਤੇ ਹੈਰਾਨ ਵੀ ਤੇ ਸ਼ੁਕਰਗੁਜ਼ਾਰ ਵੀ। ਇਹ ਕਿਤਾਬ ਤੇ ਇਹਦੀ ਲੇਖਕਾ, ਸੱਚ ਜਾਣਿਓ ਦੱਖਣੀ ਏਸ਼ੀਆ ਦੀ ਅਮੀਰ ਪਰੰਪਰਾ ਨਾਲ ਜੁੜੇ ਹੋਏ ਹਨ। ਇਹ ਦੱਖਣ ਏਸ਼ੀਆ ਦੀਆਂ ਭਾਸ਼ਾਵਾਂ ਤੇ ਸਾਹਿਤ ਨਾਲ ਵੀ ਜੁੜੇ ਹੋਏ ਹਨ। ਇਹ ਨਾਵਲ ਜਦੋਂ ਹੁਣ ਦੂਸਰੀਆਂ ਭਾਸ਼ਾਵਾਂ ਦੇ ਦਰ 'ਤੇ ਜਾਏਗਾ ਤਾਂ ਨਿਸ਼ਚੇ ਹੀ ਲੋਕ ਸਾਡੀਆਂ ਭਾਸ਼ਾਵਾਂ ਤੇ ਸਾਹਿਤ ਤੋਂ ਜਾਣੂੰ ਹੋਣਗੇ। ਜੇ ਸਾਡੀਆਂ ਭਾਸ਼ਾਵਾਂ ਦਾ ਸਾਹਿਤ ਅਨੁਵਾਦ ਹੋਵੇ ਤਾਂ ਹੋਰ ਪੁਰਸਕਾਰ ਵੀ ਪ੍ਰਾਪਤ ਹੋ ਸਕਣਗੇ। ਹਿੰਦੀ ਭਾਸ਼ਾ ਨੇ ਪਿਛਲੇ ਸਮੇਂ ਵਿਚ ਵਿਕਾਸ ਕਰਕੇ ਕੌਮਾਂਤਰੀ ਬਰੂੰਹਾਂ ਟੱਪੀਆਂ ਹਨ। ਰਚਨਾਤਮਿਕਤਾ ਤੇ ਵਿਸਥਾਰ ਦੇ ਪੱਖੋਂ ਇਹ ਕਈ ਮੁਲਕਾਂ ਵਿਚ ਪਹੁੰਚੀ ਹੈ। ਇਸ ਪੁਰਸਕਾਰ ਨਾਲ ਉਹਦੀ ਕੌਮਾਂਤਰੀ ਪਛਾਣ ਨੂੰ

ਬਲ ਮਿਲਿਆ ਹੈ ਤੇ ਇਹਦੇ ਲਈ ਜੋ ਮੇਰੀ ਭੂਮਿਕਾ ਹੈ ਉਹ ਸੁਖਦਾਈ ਹੈ।'ਰੇਤ ਸਮਾਧੀ' ਪੜ੍ਹਨ ਵਾਲਿਆਂ ਨੇ ਦੱਸਿਆ ਹੈ ਕਿ ਇਸ ਵਿਚ ਮੈਂ ਭਾਸ਼ਾ ਦੀ ਜੋ ਵਰਤੋਂ ਕੀਤੀ ਹੈ ਉਹ ਕਈ ਪੱਖਾਂ ਤੋਂ ਵਿਲੱਖਣ ਹੈ, ਉਹ ਨਵੇਂ ਅਰਥ ਪ੍ਰਗਟਾਉਂਦੀ ਹੈ। ਪਿੰਡ ਜਵਾਰ ਵਿਚ ਬੋਲੀ ਜਾਣ ਵਾਲੀ ਭਾਸ਼ਾ ਦੇ ਸ਼ਬਦਾਂ ਨੂੰ ਮੈਂ ਸਹਿਜ ਸੁਭਾਅ ਹੀ ਵਰਤਿਆ ਹੈ।ਇਸ ਨਾਲ ਭਾਸ਼ਾ ਅਮੀਰ ਹੁੰਦੀ ਹੈ।

ਪੋਸਟ ਸਕਰਿਪਟ

ਗੀਤਾਂਜਲੀ ਸ਼੍ਰੀ ਦੇ ਨਾਵਲ 'ਰੇਤ ਸਮਾਧੀ' ਨੂੰ ਬੁਕਰ ਪੁਰਸਕਾਰ ਦਿਵਾਉਣ ਵਿਚ ਇਹਦੀ ਅਨੁਵਾਦਕਾ ਡੇਜ਼ੀ ਰੌਕਵੈਲ ਦਾ ਵੱਡਾ ਯੋਗਦਾਨ ਹੈ। ਮਹਾਨ ਅਮਰੀਕੀ ਪੇਂਟਰ ਨਾਰਮਨ ਰੌਕਵੈਲ ਨਾਲ ਉਹਦੀ ਨਾਤੇਦਾਰੀ ਹੈ। ਡੇਜ਼ੀ ਵੀ ਆਪਣੇ ਵਡੇਰਿਆਂ ਵਾਂਗ ਕੁਝ ਵੱਖਰਾ ਤੇ ਨਵਾਂ ਕਰਨਾ ਚਾਹੁੰਦੀ ਸੀ। ਉਹਨੇ ਹਿੰਦੀ ਦੇ ਪ੍ਰਸਿੱਧ

ਲੇਖਕ ਓਪੇਂਦਰਨਾਥ ਅਸ਼ਕ ਦੇ ਨਾਵਲ ‘ਗਿਰਤੀ ਦੀਵਾਰੇਂ’ ਔਰ ਉਨਕਾ ਜੀਵਨ ਵਿਸ਼ੇ ’ਤੇ ਪੀਐੱਚ.ਡੀ. ਕੀਤੀ। ਫਿਰ ਬਰਕਲੇ ਯੂਨੀਵਰਸਿਟੀ ਵਿਚ ਹਿੰਦੀ ਪੜ੍ਹਾਉਣ ਲੱਗੀ। ਨੌਕਰੀ ਤੋਂ ਮਨ ਉਕਤਾ ਗਿਆ ਤਾਂ ਨੌਕਰੀ ਛੱਡ ਕੇ ਪੇਂਟਿੰਗ ਕਰਨ ਲੱਗੀ। ਫਿਰ ਉਹ ਵੀ ਛੱਡ ਦਿੱਤੀ। ਪੇਂਟਿੰਗ ਕਰਦਿਆਂ ਉਹਨੇ ਆਪਣਾ ਨਵਾਂ ਨਾਂ ਰੱਖਿਆ ‘ਲਾਪਤਾ’।ਫਿਰ ਉਹਨੇ ‘ਗਿਰਤੀ ਦੀਵਾਰੇਂ’ (ਓਪੇਂਦਰਨਾਥ ਅਸ਼ਕ),‘ਤਮਸ’(ਭੀਸ਼ਮ ਸਾਹਨੀ), ਤੇ ਕਈ ਉਰਦੂ ਨਾਵਲਾਂ ਦੇ ਅੰਗਰੇਜ਼ੀ ਅਨੁਵਾਦ ਕੀਤੇ। ਊਸ਼ਾ ਪ੍ਰਿਵੰਦਾ ਦਾ ਮਸ਼ਹੂਰ ਨਾਵਲ ‘ਪਚਪਨ ਖੰਭੇ ਲਾਲ ਦੀਵਾਰੇਂ’ ਦਾ ਵੀ ਉਹਨੇ ਅੰਗਰੇਜ਼ੀ ਅਨੁਵਾਦ ਕੀਤਾ। ਗੀਤਾਂਜਲੀ ਦੇ ਨਾਵਲ ਦੇ ਅਨੁਵਾਦ ਦੇ ਸੰਬੰਧ ਵਿਚ ਉਹਦਾ ਕਥਨ ਹੈ ਕਿ- ਇਹ ਬੜਾ ਕਠਨ ਨਾਵਲ ਹੈ। ਇਸ ਦੇ ਅਨੁਵਾਦ ਸਮੇਂ ਕਈ ਤਰ੍ਹਾਂ ਦੀਆਂ ਭਾਸ਼ਾਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਕਈ ਥਾਵਾਂ ’ਤੇ ਖਾਸ

ਕਿਸਮ ਦੀ ਡਾਇਲੈਕਟ ਵਰਤੀ ਗਈ ਹੈ, ਜਿਸ ਨੂੰ ਅਨੁਵਾਦ ਵਿਚ ਢਾਲਣਾ ਮੁਸ਼ਕਲ ਹੀ ਨਹੀਂ ਅਸੰਭਵ ਵੀ ਜਾਪਦਾਹੈ। ਫਿਰ ਵੀ ਕੋਸ਼ਿਸ਼ ਕਰਕੇ ਇਸ ਅਨੁਵਾਦ ਨੂੰ ਸਿਰੇ ਚਾੜ੍ਹਿਆ।' ਇਸ ਪ੍ਰਸੰਗ ਵਿਚ ਲੇਖਿਕਾ ਤੇ ਅਨੁਵਾਦਕਾ ਦੋਵਾਂ ਨੂੰ ਮੁਬਾਰਕਾਂ ਕਿਉਂਕਿ ਦੱਖਣ ਏਸ਼ੀਆਈ ਭਾਸ਼ਾਵਾਂ ਲਈ ਕੌਮਾਂਤਰੀ ਪੱਧਰ 'ਤੇ ਸਾਡੀਆਂ ਭਾਸ਼ਾਵਾਂ ਦੀ ਪਛਾਣ ਦੇ ਦਰ ਖੁੱਲ੍ਹੇ ਹਨ। ਇਸ ਨਾਲ ਸਭਿਆਚਾਰਕ ਤੇ ਭਾਸ਼ਾਈ ਆਦਾਨ ਪ੍ਰਦਾਨ ਨੂੰ ਬਲ ਮਿਲੇਗਾ।''

108

ਜੰਗ ਵਿਚ ਮਰ ਰਹੀ ਲੁਕਾਈ ਦਾ ਦਰਦ

ਜੰਗ ਸੱਤਾ ਦੀਆਂ ਮਾੜੀਆਂ ਨੀਤੀਆਂ ਦਾ ਸਿੱਟਾ ਹੁੰਦੀ ਹੈ। ਜੰਗਬਾਜ਼ਾਂ ਲਈ ਇਹ ਖੇਡ ਹੈ, ਸਰਮਾਏਦਾਰਾਂ ਲਈ ਹਥਿਆਰ ਵੇਚ ਕੇ ਤਮਾਸ਼ਾ ਦੇਖਣ ਦਾ ਸੁਨਹਿਰੀ ਮੌਕਾ। ਪਰ ਇਸ ਵਿਚ ਸਭ ਤੋਂ ਜ਼ਿਆਦਾ ਲੁਕਾਈ ਪਿਸਦੀ ਹੈ। ਬੱਚੇ ਅਨਾਥ ਹੋ ਜਾਂਦੇ ਨੇ, ਔਰਤਾਂ ਵਿਧਵਾ ਹੋਣ ਦੇ ਨਾਲ ਨਾਲ ਜ਼ੁਲਮ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ। ਫ਼ਲਸਤੀਨ ਤੇ ਇਜ਼ਰਾਈਲ ਦੇ ਯੁੱਧ ਵਿਚ ਲੋਕ ਤਬਾਹ ਹੋ ਰਹੇ ਹਨ। ਕੋਈ ਵੀ ਹਮਾਸ ਦੀ ਤਰਫ਼ਦਾਰੀ ਨਹੀਂ ਕਰਦਾ ਪਰ ਇਜ਼ਰਾਈਲ ਦੀ ਧੌਂਸ ਤੇ ਮੈਂ ਨਾ ਮਾਨੂੰ ਦੀ ਜ਼ਿਦ ਕਰਕੇ ਹਾਲਤ ਦਿਨੋਂ ਦਿਨ ਵਿਗੜ ਰਹੇ ਹਨ। ਤਬਾਹੀ ਦੇ ਮੰਜ਼ਰ ਦੇਖ ਕੇ ਦਿਲ ਦਹਿਲ ਜਾਂਦਾ ਹੈ। ਦੁਨੀਆ ਦੇ ਮੁਲਕ ਖ਼ਾਨਿਆਂ ਵਿਚ ਵੰਡੇ

ਹੋਏ ਹਨ ਤੇ ਜੰਗਬੰਦੀ ਲਈ ਪਹਿਲਕਦਮੀ ਵਾਲੀ ਨੀਤੀ ਤੋਂ ਪਿਛੇ ਹੱਟ ਕੇ ਉਕਸਾਵੇ ਦੀ ਡਿਪਲੋਮੇਸੀ ਕਰ ਰਹੇ ਹਨ। ਅਜਿਹੇ ਭਿਆਨਕ ਸਮੇਂ ਵਿਚ ਦੁਨੀਆ ਭਰ ਦੇ ਲੇਖਕਾਂ, ਕਲਾਕਾਰਾਂ, ਬੁੱਤ ਘਾੜਿਆਂ, ਸੰਗੀਤਕਾਰਾਂ ਤੇ ਫ਼ਨਕਾਰਾਂ ਨੂੰ ਆਵਾਜ਼ ਬੁਲੰਦ ਕਰਕੇ ਲੋਕਾਂ ਦੀ ਬਾਂਹ ਫੜਨੀ ਚਾਹੀਦੀ ਸੀ। ਪਰ ਅਜਿਹਾ ਨਹੀਂ ਹੋ ਰਿਹਾ, ਨਾ ਕੋਈ ਮਲ੍ਹਮ ਲਾਉਣ ਵਾਲਾ ਬਿਆਨ ਆ ਰਿਹਾ ਹੈ। ਲੋਕ ਮਰ ਰਹੇ ਨੇ, ਬੱਚੇ ਤੜਫ ਰਹੇ ਨੇ, ਮਰੀਜ਼ ਬਿਨ ਮੌਤੋਂ ਮੌਤ ਦੀ ਉਡੀਕ ਕਰ ਰਹੇ ਨੇ। ਕੀ ਮਨੁੱਖਤਾ ਇੰਜ ਹੀ ਕਦੇ ਆਖ਼ਰੀ ਸਾਹ ਲੈ ਲਵੇਗੀ? ਇਹ ਸੋਚਣ ਵਾਲੀ ਗੱਲ ਹੈ। ਅਜਿਹੇ ਸੰਕਟ ਦੇ ਸਮੇਂ ਇਜ਼ਰਾਈਸ਼ਰ ਫ਼ੈਲੀ ਹਮਲਿਆਂ ਨਾਲ ਹੋ ਰਹੀ ਤਬਾਹੀ ਦਾ ਜ਼ਿਕਰ ਕਰਦਿਆਂ ਉੱਘੇ ਕਵੀ ਤੇ ਐਡਵਰਡ ਸੈਦ ਲਾਇਬ੍ਰੇਰੀ ਦੇ ਸੰਸਥਾਪਕ ਮੋਸਾਬ ਅਬੂ ਤੋਹਾ ਨੇ ਹੱਡ ਬੀਤੀ ਸੁਣਾਉਂਦਿਆਂ ਲਿਖਿਆ ਹੈ- ਪਿਛਲੇ ਵੀਹ ਘੰਟਿਆਂ ਤੋਂ ਬਿਜਲੀ ਬੰਦ ਹੈ ਤੇ ਇਹਦੇ

ਆਉਣ ਦੀ ਕੋਈ ਉਮੀਦ ਨਜ਼ਰ ਨਹੀਂ ਆਉਂਦੀ। ਉਸ ਰਾਤ ਜਦੋਂ ਮੈਂ ਕੁਰਸੀ 'ਤੇ ਬੈਠਾ ਹੋਇਆ ਸਾਂ ਤਦੋਂ ਕੁਝ ਕਿੱਲੋਮੀਟਰ ਦੂਰ ਹੋਏ ਬੰਬ ਧਮਾਕੇ ਦੀ ਰੌਸ਼ਨੀ ਨਾਲ ਸਾਰਾ ਕਮਰਾ ਕੰਬਦਾ ਹੋਇਆ ਭਰ ਗਿਆ। ਦੋ ਪਲਾਂ ਦੀ ਉਸ ਕੰਬਣੀ ਤੇ ਰੌਸ਼ਨੀ ਨੇ ਮੈਨੂੰ ਮਹਿਸੂਸ ਕਰਾ ਦਿੱਤਾ ਕਿ ਹਾਲਾਤ ਕਿੰਨੇ ਭਿਆਨਕ ਹਨ ਤੇ ਨਿਸ਼ਚੇ ਹੀ ਮੈਨੂੰ ਆਲ਼ੇ ਦੁਆਲੇ ਦੇ ਬਜ਼ੁਰਗਾਂ ਤੇ ਬੱਚਿਆਂ ਦੀ ਸੁਰੱਖਿਆ ਲਈ ਕੁਝ ਕਰਨਾ ਚਾਹੀਦੈ। ਮੈਨੂੰ ਨਹਾਤੇ ਨੂੰ ਅੱਜ ਪੰਜ ਦਿਨ ਹੋ ਚੁੱਕੇ ਹਨ। ਚਾਰ ਦਿਨਾਂ ਤੋਂ ਮੈਂ ਨਾਈ ਦੀ ਦੁਕਾਨ 'ਤੇ ਨਹੀਂ ਗਿਆ। ਪਰ ਆਲ਼ੇ ਦੁਆਲੇ ਦੀ ਸੁਰੱਖਿਆ ਦੇ ਵਿਚਾਰ ਨੇ ਮੈਨੂੰ ਹੌਸਲੇ ਵਿਚ ਕਰ ਦਿੱਤਾ। ਕੋਲ ਹੀ ਇਕ ਸਕੂਲ ਵਿਚ ਜਾ ਕੇ ਮੈਂ ਗੱਲਬਾਤ ਕੀਤੀ ਤਾਂ ਕਿ ਘੱਟੋ ਘੱਟ ਬਜ਼ੁਰਗਾਂ ਨੂੰ ਓਥੇ ਰੱਖਿਆ ਜਾ ਸਕੇ। ਪਰ ਓਥੇ ਤਾਇਨਾਤ ਅਫ਼ਸਰ ਨੇ ਦੱਸਿਆ ਕਿ ਸਕੂਲ ਵਿਚ ਤਾਂ ਪਹਿਲਾਂ ਹੀ ਉਹਦੀ ਕੈਪੇਸਟੀ ਨਾਲੋਂ ਤਿੰਨ ਗੁਣਾਂ ਜ਼ਿਆਦਾ ਲੋਕ ਹਨ। ਹੋਰ

ਰੱਖਣ ਲਈ ਥਾਂ ਹੀ ਨਹੀਂ, ਮਜਬੂਰੀ ਹੈ। ਮੇਰੀ ਮਾਂ ਨੇ ਫ਼ੈਸਲਾ ਕੀਤਾ ਕਿ ਹੁਣ ਦਿਨ ਵਿਚ ਤਿੰਨ ਦੀ ਥਾਂ ਦੋ ਵਾਰ ਖਾਣਾ ਬਣੇਗਾ। ਘਰ ਦੀ ਤੀਸਰੀ ਮੰਜ਼ਲ 'ਤੇ ਮੇਰੀ ਲਾਇਬ੍ਰੇਰੀ ਹੈ। ਜੇ ਮੈਂ ਸਾਲ ਵਿਚ 80 ਕਿਤਾਬਾਂ ਪੜ੍ਹਾਂ ਤਾਂ ਜਿੰਨੀਆਂ ਮੇਰੇ ਕੋਲ ਕਿਤਾਬਾਂ ਹਨ, ਉਨ੍ਹਾਂ ਨੂੰ ਪੜ੍ਹਨ ਵਿਚ 56 ਵਰ੍ਹੇ ਲੱਗ ਜਾਣਗੇ। ਪਰ ਜਿਸ ਤਰ੍ਹਾਂ ਮੇਰੇ ਆਲ਼ੇ ਦੁਆਲੇ ਲਾਸ਼ਾਂ ਡਿੱਗ ਰਹੀਆਂ ਨੇ, ਇਸ ਹਿਸਾਬ ਨਾਲ ਤਾਂ ਸ਼ਾਇਦ ਹੀ ਮੈਂ ਕੋਈ ਕਿਤਾਬ ਪੜ੍ਹ ਸਕਾਂ। ਗਾਜ਼ਾ ਪੱਟੀ 'ਤੇ ਹੋ ਰਹੇ ਹਮਲੇ ਨਾ ਸਿਰਫ਼ ਸੜਕਾਂ, ਇਮਾਰਤਾਂ ਤੇ ਸਰੀਰਾਂ ਨੂੰ ਜ਼ਖ਼ਮੀ ਕਰ ਰਹੇ ਹਨ, ਸਗੋਂ ਥੱਕੀਆਂ ਹਾਰੀਆਂ ਉਮੀਦਾਂ ਨੂੰ ਢੋ ਰਹੀਆਂ ਸਾਡੀਆਂ ਆਤਮਾਵਾਂ ਨੂੰ ਵੀ ਬੌਣਾ ਬਣਾ ਰਹੇ ਹਨ। ਹਰ ਫਟਦਾ ਬੰਬ ਆਪਸ ਵਿਚ ਹੋੜ ਲਾ ਰਿਹਾ ਹੈ ਕਿ ਕਿਹੜਾ ਵੱਧ ਨੁਕਸਾਨ ਕਰੇਗਾ। ਪਰ ਮੈਂ ਤਾਂ ਇਨਾਮ ਉਸ ਬੰਬ ਨੂੰ ਦਿਆਂਗਾ ਜੋ ਫਟਿਆ ਨਹੀਂ ਜਾਂ ਜਿਹੜਾ ਬੰਬ ਫ਼ੈਕਟਰੀ ਵਿਚ ਪਿਆ ਹੈ। ਮੈਂ ਤਾਂ ਇਸ ਗੱਲ ਤੋਂ ਵੀ

ਪਰੇਸ਼ਾਨ ਹਾਂ ਕਿ ਕਿਵੇਂ ਦੂਸਰੇ ਦੇਸ਼ ਆਪਣੇ ਨਾਗਰਿਕਾਂ ਨੂੰ ਕੱਢਣ ਲਈ ਛਟਪਟਾ ਰਹੇ ਹਨ ਤੇ ਇਜ਼ਰਾਈਲ ਦਾ ਸਮਰਥਨ ਕਰ ਰਹੇ ਹਨ, ਜਿਵੇਂ ਫ਼ਲਸਤੀਨੀਆਂ ਦੀ ਜਾਨ ਦੀ ਕੋਈ ਕੀਮਤ ਨਹੀਂ। ਕੀ ਉਹ ਨਹੀਂ ਜਾਣਦੇ ਕਿ ਅਸੀਂ ਵੀ ਉਨ੍ਹਾਂ ਵਾਂਗ ਮਾਂ ਦੇ ਪੇਟੋਂ ਜੰਮੇ ਹਾਂ, ਸਾਨੂੰ ਵੀ ਪੀੜ ਹੁੰਦੀ ਹੈ, ਚੁਟਕਲੇ ਸੁਣ ਕੇ ਅਸੀਂ ਵੀ ਹੱਸਦੇ ਹਾਂ, ਸਾਨੂੰ ਵੀ ਡਰ ਲੱਗਦਾ ਹੈ, ਸਾਡੇ ਵੀ ਹੰਝੂ ਨਿਕਲਦੇ ਹਨ। ਇਜ਼ਰਾਈਲ ਦੇ ਹਮਾਇਤੀਆਂ ਨੂੰ ਹਮਾਸ ਦੁਆਰਾ ਕੀਤੇ ਹਮਲਿਆਂ ਦੀ ਜੜ੍ਹ ਲੱਭਣੀ ਚਾਹੀਦੀ ਹੈ। ਅਸੀਂ ਕਿਥੇ ਜਾ ਸਕਦੇ ਹਾਂ, ਜਦੋਂ ਕੋਈ ਆਸ ਉਮੀਦ ਵੀ ਬਾਕੀ ਨਹੀਂ ਬਚੀ। ਇਸ ਵੇਲੇ ਅਸੀਂ ਇਕ ਕੋਠੜੀ ਵਿਚ ਬੰਦ ਹਾਂ, ਜਿੱਥੇ ਧੂੰਆਂ ਬਿਨ ਬੁਲਾਰੇ ਪ੍ਰਾਹੁਣੇ ਵਾਂਗ ਆ ਵੜਦਾ ਹੈ। ਕੱਲ੍ਹ ਰਾਤ ਇਕ ਬੰਬ ਨੇ ਸਾਡੇ ਨਾਲ ਵਾਲੀ ਇਮਾਰਤ ਨੂੰ ਢਹਿ ਢੇਰੀ ਕਰ ਦਿੱਤਾ। ਇਕ ਮਾਂ ਤੇ ਉਹਦੀ ਧੀ ਦੇ ਚੀਥੜੇ ਅਜੇ ਤੱਕ ਲਟਕੇ ਹੋਏ ਹਨ। ਹਜ਼ਾਰਾਂ ਲਾਸ਼ਾਂ ਮਲਬੇ

ਹੇਠ ਦੱਬੀਆਂ ਹੋਈਆਂ ਹਨ। ਲਗਦੈ ਫ਼ਲਸਤੀਨ ਵਿਚ ਮਾਨਵਤਾ ਮਲਬੇ ਹੇਠ ਦੱਬ ਚੁੱਕੀ ਹੈ।

ਪੋਸਟ ਸਕਰਿਪਟ

ਜਿੰਨੀ ਤਬਾਹੀ ਫ਼ਲਸਤੀਨ ਵਿਚ ਹੋਈ ਹੈ ਓਨੀ ਹੀ ਇਜ਼ਰਾਈਲ ਵਿਚ ਹੋਈ ਹੈ। ਸੱਤਾ ਵਿਚ ਬੈਠੇ ਲੋਕ ਇਕ ਦੂਜੇ ਨੂੰ ਵੰਗਾਰ ਵੰਗਾਰ ਕੇ ਦਸ ਰਹੇ ਹਨ ਕਿ ਕਿਸ ਨੇ ਕਿੰਨੀ ਮਾਰ ਮਾਰੀ ਹੈ। ਇਸ ਵਾਲੇ ਲੋੜ ਮਸਲੇ ਦੀ ਜੜ੍ਹ ਨੂੰ ਪਛਾਣਨ ਦੀ ਹੈ। ਇਜ਼ਰਾਈਲ ਨੂੰ ਇਸ ਗੱਲ ਦਾ ਇਲਮ ਹੈ ਕਿ ਉਸ ਨੇ ਫ਼ਲਸਤੀਨ ਦਾ ਇਲਾਕਾ ਦੱਬਿਆ ਹੈ ਤੇ ਜ਼ਿਆਦਤੀਆਂ ਵੀ ਕੀਤੀਆਂ ਹਨ। ਜੇ ਉਹ ਆਪਣੀ ਗ਼ਲਤੀ ਨਹੀਂ ਮੰਨਦਾ ਤਾਂ ਉਹ ਹਮਾਸ ਦੇ ਹਮਲਿਆਂ ਨੂੰ ਉਚਿਤ ਠਹਿਰਾ ਰਿਹਾ ਲੱਗੇਗਾ। ਇਸ ਤੋਂ ਪਹਿਲਾਂ ਕਿ ਦੇਰ ਹੋ ਜਾਏ, ਦੁਨੀਆ ਦੇ ਉਹ ਦੇਸ਼ ਜਿਹੜੇ ਮਨੁੱਖਤਾ ਦੀ ਹਾਮੀ ਭਰਦੇ ਹਨ, ਉਨ੍ਹਾਂ ਨੂੰ ਅੱਗੇ

ਆ ਕੇ ਕਮਾਨ ਸੰਭਾਲਣੀ ਚਾਹੀਦੀ ਹੈ।